(b) No law is being enacted for expediting the disposal of such petitions. Executive instructions have, however, been issued for the expeditious disposal thereof.

CASES OF SUICIDES

25. **Sardar Mohinder Singh Gill** : Will the Chief Minister be pleased to state—

(a) the total number of suicides which were reported to have been committed in the State during the last three years ;

(b) the circumstances under which these were committed ?

Sardar Gurnam Singh : (a) Total No. of suicides reported during the years—

1964	1965	1966
369	335	291

(b) Broadly circumstances under which these were committe are as under: —Domestic dispute, love affairs, prolonged illness, insanity, poverty, fear of arrest, un-employment and economic causes etc., etc.

[(ਕ) ਇਨ੍ਹਾਂ ਸਾਲਾਂ ਵਿੱਚ ਰਿਪੋਰਟ ਹੋਈਆਂ ਖੁਦਕਸ਼ੀਆਂ ਦੀਆਂ ਵਾਰਦਾਤਾਂ—

1964	1965	1966
369	335	291

(ਖ) ਜਿਨ੍ਹਾਂ ਹਾਲਤਾਂ ਵਿੱਚ ਇਹ ਖੁਦਕਸ਼ੀਆਂ ਹੋਈਆਂ ਉਹ ਮੋਟੇ ਤੌਰ ਤੇ ਇਹ ਹਨ: —ਘਰੇਲੂ ਝਗੜੇ, ਇਸ਼ਕ-ਮੁਆਸ਼ਕਾ, ਲੰਮੀ ਬਿਮਾਰੀ, ਦਿਮਾਗੀ ਖ਼ਰਾਬੀ, ਗਰੀਬੀ, ਗਰਿਫ਼-ਤਾਰੀ ਦਾ ਡਰ, ਬੇਰੋਜ਼ਗਾਰੀ ਅਤੇ ਇਕਤਸਾਦੀ ਵਜ੍ਹਾਂ ਵਗੈਰਾ ਵਗੈਰਾ।]

CASES OF ABDUCTION

26. **Sardar Mohinder Singh Gill** : Will the Chief Minister be pleased to state the total number of women who were reported to have been abducted in the State during the last three years i. e., 1964, 1965, and 1966 together with the number of those who were recovered?

Sardar Gurnam Singh :

Total No. of women abducted during the years			Total No. of women recovered duning the years		
1964	1965	1966	1964	1965	1966
235	206	233	211	181	189

[ਹੇਠ ਲਿਖੇ ਸਾਲਾਂ ਵਿੱਚ ਅਗਵਾ ਕੀਤੀਆਂ ਔਰਤਾਂ ਦੀ ਕੁਲ ਗਿਣਤੀ			ਹੇਠ ਲਿਖੇ ਸਾਲਾਂ ਵਿੱਚ ਵਾਪਸ ਮਿਲੀਆਂ ਔਰਤਾਂ ਦੀ ਗਿਣਤੀ		
1964	1965	1965	1964	1965	1966
235	206	233	211	181	189]

PERSONS ARRESTED IN CONNECTION WITH POLITICAL AGITATION IN THE STATE BETWEEN 1ST MARCH AND 31ST DECEMBER, 1966

27. **Sardar Mohinder Singh Gill**: Will the Chief Minister be pleased to state,—

(a) whether any political agitation was launched in the State during the period from 1st March, 1966 to 31st December, 1966; if so, the nature thereof;

(b) the number of persons arrested during the said agitations,

(c) whether any political prisoners are kept at present in the Jails of the Punjab State?

Sardar Gurnam Singh: (a) Yes. Two political agitations were launched during this period.

(i) Anti-Punjabi Suba Agitation.

(ii) Agitation for abolition of common links between the two re-organised States of Punjab and Haryana.

(b) In all, 5,609 persons were arrested, out of which 2,929 persons were arrested in anti-Punjabi Suba agitation and 2,680 persons in the agitation for abolition of common links between the two re-organised States of Punjab and Haryana.

(c) None at present.

[(ਕ) ਹਾਂ ਇਸ ਸਮੇਂ ਵਿੱਚ ਦੋ ਸਿਆਸੀ ਅੰਦੋਲਨ ਹੋਏ ।

(1) ਪੰਜਾਬੀ ਸੂਬੇ ਵਿਰੁੱਧ ਅੰਦੋਲਨ ।

(2) ਨਵੇਂ ਬਣੇ ਪੰਜਾਬ ਅਤੇ ਹਰਿਆਨੇ ਦੀਆਂ ਸਾਂਝੀਆਂ ਕੜੀਆਂ ਨੂੰ ਦੂਰ ਕਰਨ ਦਾ ਅੰਦੋਲਨ

(ਗ) ਕੁਲ ਮਿਲਾਕੇ 5609 ਆਦਮੀ ਗਰਿਫਤਾਰ ਕੀਤੇ ਗਏ ਜਿਨ੍ਹਾਂ ਵਿੱਚੋਂ 2,929 ਆਦਮੀ ਪੰਜਾਬੀ ਸੂਬੇ ਵਿਰੁੱਧ ਅੰਦਲਨ ਵਿੱਚ ਗਰਿਫਤਾਰ ਕੀਤੇ ਗਏ ਅਤੇ 2,680 ਆਦਮੀ ਨਵੇਂ ਪੰਜਾਬ ਅਤੇ ਹਰਿਆਨੇ ਦੀਆਂ ਸਾਂਝੀਆਂ ਕੜੀਆਂ ਨੂੰ ਦੂਰ ਕਰਨ ਲਈ ਗਰਿਫਤਾਰ ਕੀਤੇ ਗਏ ।

(ਗ) ਇਸ ਵੇਲੇ ਕੋਈ ਨਹੀਂ ।]

DAMAGE CAUSED TO PROPERTY IN ANTI-PUNJABI SUBA AGITATION

28. **Sardar Mohinder Singh Gill**: Will the Chief Minister be pleased to state—

(a) the total damage caused to property on account of certain arson cases committed during March/April, 1966, in the Anti-Punjabi Suba Agitation in Amritsar, Jullundur, Ludhiana and other cities in the State;

(b) whether the Government granted any compensation for the said loss ;

(c) the total damage caused to Government property during the said agitation and the steps taken by the Government to make good that loss?

Sardar Gurnam Singh : (a) The total damage caused to property (in so far as the present Punjab State is concerned) is estimated at Rs. 10,90,428·45, out of which damage caused to private property is Rs. 7,36,540.

(b) Financial assistance in the form of ex-gratia grants and loans was given to law-abiding citizens and traders whose property was burnt or damaged.

(c) The total damage caused to Government property was Rs. 3,53,888.45. This was borne by the concerned Governments Deparments.

(ੳ) (ਜਿਥੋਂ ਤਕ ਮੌਜੂਦਾ ਪੰਜਾਬ ਦਾ ਤੁਅੱਲਕ ਹੈ) ਜਾਇਦਾਦ ਦੇ ਕੁਲ ਨੁਕਸਾਨ ਦਾ ਦਾ ਅੰਦਾਜ਼ਾ 10,90,428.45 ਰੁਪਏ ਦਾ ਹੈ ਜਿਸ ਵਿਚੋਂ ਪ੍ਰਾਈਵੇਟ ਜਾਇਦਾਦ ਦਾ ਨੁਕਸਾਨ 7,36,540 ਰੁਪਏ ਦਾ ਹੈ ।

(ਅ) ਗਰਾਂਟਾਂ ਅਤੇ ਕਰਜ਼ਿਆਂ ਦੀ ਸੂਰਤ ਵਿੱਚ ਮਾਲੀ ਸਹਾਇਤਾ ਕਾਨੂੰਨ ਦੀ ਪਾਲਨਾ ਕਰਨ ਵਾਲੇ ਉਨ੍ਹਾਂ ਸ਼ਹਿਰੀਆਂ ਅਤੇ ਵਪਾਰੀਆਂ ਨੂੰ ਦਿੱਤੀ ਗਈ ਜਿਨ੍ਹਾਂ ਦੀ ਜਾਇਦਾਦ ਨੂੰ ਨੁਕਸਾਨ ਹੋਇਆ ਜਾਂ ਫੂਕੀ ਗਈ ।

(ੲ) ਸਰਕਾਰੀ ਜਾਇਦਾਦ ਨੂੰ ਕੁਲ 3,53,888.45 ਰੁਪਏ ਦਾ ਨੁਕਸਾਨ ਹੋਇਆ ਇਹ ਨੁਕਸਾਨ ਸੰਬੰਧਤ ਸਰਕਾਰੀ ਮਹਿਕਮਿਆਂ ਨੂੰ ਭੁਗਤਣਾ ਪਿਆ ।

CONSTRUCTION OF CERTAIN APPROACH ROADS IN DISTRICT FEROZEPORE

29. **Chaudhri Satya Dev** : Will the Minister for Public works and Education be pleased to State:—

(a) the amount deposited with the Government by the Abohar-Fazilka Market Committee in Ferozepore District for the construction of approach road ;

(b) the number of roads and the names of villages for which approach roads referred to above have been sanctioned by the Government ;

(c) whether any more approach roads are likely to be sanctioned in the said district ; If so, the details thereof ;

(d) the criterian kept in view by the Government for fixing the order in which the approach roads are proposed t be constructed ;

[Chaudhri Satya Dev]

(e) whether the Government have supplied bricks on any of the approach roads mentioned above during the month of February, 1967; if so, the names of such roads;

(f) whether the construction work on the approach roads, on which bricks have been supplied, is proposed to be taken in hand soon; if so, when; if not, the reasons therefor together with the reasons for which the bricks have been supplied?

Sardar Gurmit Singh: (a) The Abohar-Fazilka Market Committee have deposited about Rs. 2,50,300/- and Rs. 24,442/-, respectively, for the construction of approach/village roads.

(b) Administrative approvals for construction of roads in Abohar/Fazilka Sub-Division of district Ferozepore have been issued as per lists annexure "A" and "B" respectively.

(c) No more road is likely to be sanctioned in the Abohar/Fazilka Marketing Committee area. However, a list of all the appoach village roads so far sanctioned in the whole of the Ferozepore District during III and IV Plans and those which are likely to be sanctioned is attached at Annexure 'C'.

(d) R. C. estimates have been approved administratively with the condition that construction would be started only if and when 25% share of the beneficiaries becomes available in cash, land and earth work.

(e)& (f) No bricks were supplied for the construction of any approved road during 2/67. However bricks were supplied to II villages in Fazilka Sub-Division as per list annexure 'D' for fixing Burjies by this Department up to which the earth-work was to be done by the Villagers druing 2/67.

ABOHAR SUB-DIVISION

ANNEXURE—A.

List of Link Roads Administratively Approved.

1. Constructing Link Road from village Nihal Khera to D.H.S. Road,
2. Malout-Abohar Road to Paki.
3. Abohar-Ganga Nagar Road to Alamgarh-Dharampur.
3. Abohar-Ganga Nagar Road to Saidwala.
5. Abohar-Ganga Nagar Road to Khuian Sarwar.
6. Abohar-Ganga Nagar Road to Sappawala.
7. Abohar-Ganga Nagar Road to Daulat Pura.
8. Abohar-Ganga Nagar Road to Dewan Khera.
9. Abohar-Ganga Nagar Road to Mauzgarh Jandwalal.
10. Abohar-Gangar Nagar Road to Panniwala Mohalla.

11. Abohar-Ganga Nagar Road to Usamkhera.
12. Abohar-Malout Road to Gobind Garh.
13. Abohar-Badowala to Bassikhera.
14. Abohar-Chandan Khera.
15. Abohar-Sitogano Debwali to Kala Tibba.
16. Abohar-Sitogano Debwali to Rajindwala.
17. Abohar-Sitogano Debwali to Datorwala.
18. Abohar-Sitogano Debwali to Sardarpura.
19. Abohar-Sitogano Debwali to Rajpura Dhoban.
20. Abohar-Sitogano Debwali to Khuban.
21. Abohar-Fazilka to Dargar Khera.
22. Abohar-Fazilka to Bajindpur Kattanwala.
23. Abohar-Fazilka to Katera.
24. Abohar-Fazilka to Bhalla Khipianwala.
25. Abohar-Fazilka to Jhonbalwala.

FAZILKA SUB-DIVISION

ANNEXURE—B.

List of roads and name of Villages approach road which have been sanctioned by the Government.

1. Constg of village approach road from Ladhuka Railway Station to village Hirniwala Gaudhar.
2. Constructing of village approach road from DHS road to village Ama.
3. Constructing of village approach road from Malout-Fazilka Road to village Dabwali Kalan to Burj Hanumangarh.
4. Constructing of village approach road from Burj Hanumangarh to Koharian wala.
5. Constructing of village approach road from Koharianwala to Muradwala Dal Singh.

ANNEXURE 'C'

List of Roads Administrative approval during the year 1966-67 under the Village Road Coperative Development Scheme.

Sr. No.	Name of Roads
1.	Extension of Ladhoke approach road to Village Kirishwala.
2.	Village Nihalkhera to Delhi-Hissar-Sulemanki Road.
3.	Extension of approach road to village Kokri Kalan from R. D. 10560 to 15260.
4.	Road from Sayanwala to wan on Ferozepore-Kotkapura Road.
5.	† to Rupsna on Muktsar-Maki road.
6.	Village Qubarwala to Sarawan in Malout Abohar Road.
7.	Mile 3/6 of Malout-Muktsar Road to Malowala-Katorewala.
8.	D.H.S. road to Pholu Khera via Tapa Khera to Peon Khera to Deom Khera Kuttianwali.
9.	Malout-Debwali Road, mile 205 to villege Adhmian.
10.	Malout-Dabwali Road in village Khudian.
11,	Malout-Debwali Road to village Badal to Changhar.
12.	Malout-Fazilka Road to Alamwala.
13.	Mile 9/5 of Malout-Fazilka Road to Maniwala via Midda.
14.	Malout-Fazilka road to Bhagwanpura.

† Illegible in the reply supplied by the Govt.

[Education & Public Works Minister]

15. Shakhu to Jandwala Charhat Singh on Malout-Bhatinda Road.
16. Malout-Muktsar Road to Inskhera.
17. Mile 5/4 of Malout-Muktsar Road to Ramnagar.
18. Malout-Muktsar Road Jhorar.
19. Panniwala to Mahlant Ratta Khera on Malout-Fazilka Road.
20. Malout to Burj Sidhwan, (Burjan).
21. Danewala to Chhapenwali.
22. Malout Mandi to Shekhu.
23. Village Panniwala or and Bam.
24. Abohar-Malout Road Katyanwali.
25. Malout-Dabwali Road to Bhagu.
26. Moga-Badni Road to Village Ranka.
27. Malout-Abohar to Pakki Tibbi.
28. Abohar-Fazilka Road to Katahra (Katehre).
29. Abohar-Fazilka Road to Challukhipan wali.
30. Abohar-Fazilka Road to Bajidpur to Kattianwali).
31. Bajindpur to Jhomian wali.
32. Abohar-sito Ghana Dabwali road to Deotarwali.
33. Abohar-Sito Gana Debwali Road to Rajanwali.
34. Abohar-Sito Gana Debwali Road to Sardarpur.
35. Abchar-Sito Gana Debwali Road to Kalitibba.
36. Abohar-Sito Village Raipur to Village Dhaban (Kakrian).
37. Abohar-Usman Khera to Dharampura via Alamgarh.
38. Abohar-Usman Khera to Sayadwala.
39. Abohar-Usman Khera to village Usman Khera.
40. Maujgarh Khera to Jandwala (Abohar-Umsan) Khera road.
41. Abohar-Umsankhera to Village Pannwali Mahala.
42. Link road from Abohar-Usman Khera to Seppanwala
43. Abohar-Usman Khera Road to Khuian.
44. Abohar-Usman Khera to village Daulatpura.
45. Abohar-Usman Khera Road village Dewankhera.
46. Abohar-Malpur Road and to village Gobindgarh Kundal.
47. Abohar-Malout Road to Village Bhawal Basi to Kerakhera.
48. Abohar-Malout Road to Chanan Khsra.
49. Abohar-Fazilka Road Burjwala Maharwal.
50. Abohar-Fazilka Road to village Danger Khera.
51. Barkandi to Muktsar-Bhatinda Road.
52. Abohar-Fazilka road to Jandwala Khera.
53. Chanu to Bedo wali. (on Lambi-Gridderbaha Road).
54. Village Balwala-Annu Road.
55. Malout-Fazilka Road to village Balwali Kalan to Brij Hamdmangarh to Koheramali.
56. Brij Ramdasgarh to Koherawali.
57. Moharanwali Muradwala-Dal Singh.
58. Kirianwala-Grandri.
59. Ferozepur-Fazilka Road to village.
60. Curupar hai to village Ranjit Garh.
61. Ferozepur-Muktsar Road to village Sirwali.
62. Mile 7/6 of Tambi-Gidder Baha road to Tharjwala.
63. Panjawa to Kahanwanli.

ANNEXURE 'C'

Detail of Roads—Administrative Approval During 3rd Plan, Now Spilled over 4th Plan.

Approach And Village Roads

1. Village Sarai Maga to Muktsar-Kot Kapur Road.
2. Village Chuhar Chak to Ferozepur-Ludhiana Road with a link to Dodhike.
3. Village Feroze Shah to Ferozepur-Ludhiana Road.
4. Village Wirawala to Abohar-Suratgarh Road (upto Waryam Khera).
5. Fategarh Panjtoor to Moga-Amritsar Road.
6. Road from Panjgrain to Malka (on Moga-Kotkapura Road).
7. Village Bodhiwala to Abohar-Fazilka Road.
8. Village Raili to Ferozepur-Ferozepur Road.
9. Road from Dudhike to Deodhar.
10. Road Mile 6 of Muktsar-Kotkapur Road to (Chiranwan.)
11. Lambi Fatuhi Wala Road (remaining portion).
12. Village Kot Bhai Mananwan to Zira Kot is Khan Road.
13. Village Kharial to Zira-Dharam Kot Road.
14. Village Kot Bhai to Bhaliana on Muktsar-Bhatinda Road.
15. Village Khane Khana Zira Gate Ferozepur.
16. Link Road from Patto Hira Singh Wala to Baghapurna-Nihal Singh Wala Road.
17. Link Road from village Takhatpura to Lohara.

List of roads Likely to be sanctioned during 4th Plan

Sr. No.	Name of Road
1.	Muktsar-Kotkapura Road to village Thandewala.
2.	Muktsar-Jalalabad Road to village Bhudi (Wadhai).
3.	Muktsar-Kotkapura Road village Jhabalawali.
4.	Muktsar at House to Chak Mahan Bhadar.
5.	Muktsar to Garden Coloney.
6.	Muktsar Ferozepur road to Bhongewala.
7.	Muktsar-Bhatinda Road village Sange Dhaon.
8.	Tappa Khera to Fatehpur Mahniwala.
9.	Malout-Muktsar Road to Sotha.
10.	Mahini Khera to Rasnl Khera to Mahmood Khera to Khem Khera.
11.	Buraj Shmkot to Mahni Khera.
12.	Village Baldal to Mithre Budhgir.
13	Village Qaharwal to Prly Station Qabarwala.
14.	Village Chappian Mali to Kangan Khera.
15.	Village Marni Mustta to Bagha Purana Nathana road.
16.	Muktsar-Bhatinda Road to village Bir Sakar.
17.	Village Ghall Khurd to mile 63 L.F.B. road.
18.	Village Bazidpur to L.F.B. road (near F·S·R·)
19.	Village Kalka to Bagha Purana-Nihal Singh Wala road.
20.	Village Panjama to Fatuwala *via* Sikhwala.

ANNEXURE 'D'

List of Village Roads where the bricks have been supplied during February, 1967

1. Village Nihal Khera.
2. Village Gobindgarh Kundal.
3. Village Diwan Khera.
4. Village Khuban.
5. Village Usman Khera.
6. Village Chanan Khera.
7. Village Bahawal Bassi.
8. Village Burjmohar.
9. Village Alamgarh Dharampur.
10. Village Daulat Pura.
11. Village Khayan Sarwar.

MARKETING COMMITTE, TALWANDI BHAI, DISTRICT FEROZEPUR

30. **Sardar Mohinder Singh Gill** : Will the Minister for Revenue be pleased to state:—

(a) the time since when the Marketing Committee, Talwandi Bhai, district Ferozepore, has not been functioning;

(b) whether any election from amongst the representatives of the Commission Agents is proposed to be held to the said Commttee; if so, when ?

Major General Rajinder Singh : (a) Marketing Committee, Talwandi Bhai, has not been functioning since 18th June, 1965.

(b) The Deputy Commissioner, Ferozepur, has been asked to hold the election from amongst the representatives of the Commission Agents and the election shall be completed within three months.

COMPENSATION FOR LAND COVERED BY TALWANDI BHAI-MUDKI ROAD IN DISTRICT FEROZEPORE

31. **Sardar Mohinder Singh Gill** : Will the Minister for Public Works and Education be pleased to state:—

(a) the date when the construction of the Talwandi Bhai Mudki metalled road in district Ferozepore was completed;

(b) whether any compensation for the lands acquired for the construction of the said road is due to any land owner; if so, the amount on additional interest payable for the delay in the payment of compensation ?

Sardar Gurmit Singh : (a) The work was completed during 1959-60.

(b) Rs 75,416·77 was awarded as a land compensation in villages Talwandi Bhai, Mudki Phida, Kot Karor Kalan, Jandwala and Mudki. Against this award, a sum of Rs 69283·70 has been paid to the land owners. The remaining amount of 61,33.07 is deposited in Ferozepore/Faridkot Treasuries. This amount can be paid to the land owners as and when they will apply, after pre-audit, as it has lapsed to Government being more than three years account. The payment of interest for delayed payment of land compensation does not arise.

SUPPLY OF CANAL WATER TO VILLAGE KOT KROR KALAN, DISTRICT FEROZEPORE

32. **Sardar Mohinder Singh Gill** : Will the Minister for Public Works and Education be pleased to state:—

(a) whether it is a fact that canal water is not being supplied to village Kot Karor Kalan in district Ferozepore from the Munawan branch of the Sidhwan Canal;

(b) whether it is also a fact that an outlet from the said canal for the said village was sanctioned; if so, when;

(c) if the answer to parts (a) and (b) above be in the affirmative, the reasons why canal water is not being supplied to the said village ?

Sardar Lachhman Singh Gill : (a) No.

(b) Outlet at RD 77852-L of Munawah Minor is operating for more than ten years in this village and a temporary shoot at R D 80165-L was also sanctioned during August, 1966·

(c) Question does not arise.

REINSTATEMENT OF SARPANCH OF VILLAGE OF HARAZ, BLOCK GHALL KHURD, DISTRICT FEROZEPUR

33. **Sardar Harbans Singh Sidhu** : Will the Minister for Reveuue be pleased to state:—

(a) whether the Sarpanch of village Haraz, Block Ghall Khurd, district Ferozepur, has been reinstated; if so, the date of his reinstatement;

(b) whether the charge of the said Panchayat has been given to him; if not, the action taken against the person responsible for not giving the charge to him ?

Shri Satya Pal Dang (Development and Local Government Minister): (a) Yes, 9th December, 1966.

(b) No. Action under section 15(2) of the Punjab Gram Panchayat Act, 1952 as amended has been initiated against the defaulting Panch nd the case is with the Police.

WATER WORKS AT MANSA MANDI, DISTRICT BHATINDA

34. **Sardar Harbhajan Singh** : Will the Minister for Finance be pleased to state:—

(a) the date when the construction of water-works at Mansa Mandi in district Bhatinda was taken in hand together with the time by which it is likely to be completed;

(b) the steps, if any, being taken by the Government for its early completion;

(c) the total amount so for spent on the construction of the said water works ?

Shri Satya Pal Dang (Development and Local Government Minister): (a) The work was taken in hand on the 20th August, 1963, subject to availability of funds, it is likely to be completed in a year or so.

(b) and (c) A sum of Rs 6,92,663 has already been spent, out of which Rs 4,50,000 was advanced as loan by the State Government. Further request of the Committee for grant of loan for its completion will be considered subject to availability of funds.

ELECTRIFICATION OF VILLAGES IN CERTAIN DISTRICTS

35. **Sardar Harbhajan Singh** : Will the Minister for Public Works and Education be pleased to state the percentage of the total number of villages which have so far been electrified in district Bhatinda and districts Amritsar, Jullundur and Ludhiana, separately ?

Shri Lachhman Singh Gill : Percentage of villages electrified upto 31st March, 1966 is as under :—

1.	Bhatinda District	.. 15.5 %
2.	Amritsar District	.. 71.3 %
3.	Jullundur District	.. 34.4 %
4.	Ludhiana District	.. 42 %

NON-DISBURSEMENT OF GRANT FOR STUDENTS BELONGING TO SCHEDULED CASTES/TRIBES FOR THE YEAR 1966-67

36. **Sardar Harbhajan Singh** : Will the Minister for Public Works and Education be pleased to state whether it is a fact that the amount of grant meant for disbursement to the students belonging to the Bakward Classes/Tribes studying in schools in the State for the year 1966-67 has not so far been disbursed; if so, the reasons therefor ?

Shri Lachhman Singh Gill : The Scheduled Castes and other socially Backward Classes students are paid stipends and not grants. The stipends have since been released.

OBITUARY REFERENCE

ਮੁਖ ਮੰਤਰੀ (ਸਰਦਾਰ ਗੁਰਨਾਮ ਸਿੰਘ) : ਸਪੀਕਰ ਸਾਹਿਬ, ਇਹ ਗੱਲ ਬੜੇ ਦੁਖ ਨਾਲ ਮੈਨੂੰ ਕਹਿਣੀ ਪੈ ਰਹੀ ਹੈ ਕਿ ਸਰਦਾਰ ਬਹਾਦਰ ਬੂਟਾ ਸਿੰਘ ਸੁਰਗਬਾਸ ਹੋ ਗਏ ਹਨ । ਉਹ ਇਕ ਬੜੇ ਭਾਰੀ ਲੀਡਰ ਸਨ ਅਤੇ ਪੰਜਾਬ ਕੌਂਸਲ ਦੇ ਮੈਂਬਰ ਵੀ ਸਨ । ਤੁਹਾਨੂੰ ਤਾਂ ਸਪੀਕਰ ਸਾਹਿਬ, ਕਾਫ਼ੀ ਪਤਾ ਹੈ ਕਿ ਉਹ ਲਾਹੌਰ ਵਿਚ ਵੀ ਜਦੋਂ ਸੀ ਉਥੇ ਕਈ ਵੱਡੀਆਂ ਵੱਡੀਆਂ ਸੰਸਥਾਵਾਂ ਦੇ ਮੈਂਬਰ ਸੀ । ਉਨ੍ਹਾਂ ਦਾ ਦਿਹਾਂਤ ਹੋ ਜਾਣ ਦੇ ਨਾਲ ਪੰਜਾਬੀਆਂ ਨੂੰ ਬੜਾ ਧੱਕਾ ਲੱਗਾ ਹੈ । ਇਸ ਤਰ੍ਹਾਂ ਦੇ ਲੀਡਰ ਬਹੁਤ ਹੀ ਕਮ ਹੁੰਦੇ ਹਨ ਕਿ ਉਹ ਆਪਣੀ ਸਾਰੀ ਉਮਰ ਹੀ ਕੌਮ ਦੇ ਲਈ ਅਰਪਨ ਕਰ ਦੇਣ । ਹੁਣ ਵੀ ਜਦੋਂ ਕਿ ਉਨ੍ਹਾਂ ਦੀ ਉਮਰ ਕਾਫੀ ਵੱਡੀ ਹੋ ਗਈ ਸੀ ਉਹ ਆਪਣੇ ਆਪ ਨੂੰ ਜਨਤਾ ਦੀ ਸੇਵਾ ਲਈ ਸਭ ਤੋਂ ਅੱਗੇ ਰਖਦੇ ਸਨ । ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਵਿਛੜ ਜਾਣ ਨਾਲ ਮੁਲਕ ਨੂੰ ਅਤੇ ਕੌਮ ਨੂੰ ਬੜਾ ਭਾਰੀ ਨੁਕਸਾਨ ਹੋਇਆ ਹੈ । ਮੈਂ ਇਨ੍ਹਾਂ ਸ਼ਬਦਾਂ ਨਾਲ ਵਿਛੜੀ ਰੂਹ ਨੂੰ ਸਰਧਾਂਜਲੀ ਦਿੰਦਾ ਹਾਂ ਅਤੇ ਆਪ ਜੀ ਨੂੰ ਰੀਕੁਐਸਟ ਕਰਦਾ ਹਾਂ ਕਿ ਜਿਹੜਾ ਮਤਾ ਅਫਸੋਸ ਦਾ ਇਸ ਹਾਊਸ ਵੱਲੋਂ ਪਾਸ ਕੀਤਾ ਜਾਵੇ ਉਹ ਸੁਰਗਵਾਸੀ ਸਰਦਾਰ ਬਹਾਦਰ ਬੂਟਾ ਸਿੰਘ ਜੀ ਦੇ ਪਰਵਾਰ ਤੱਕ ਜ਼ਰੂਰ ਪਹੁੰਚਾ ਦਿੱਤਾ ਜਾਵੇ ।

3.00 P.M.

ਸਰਦਾਰ ਗਿਆਨ ਸਿੰਘ ਰਾੜੇਵਾਲਾ : ਜੋ ਅਫਸੋਸ ਦਾ ਮਤਾ ਲੀਡਰ ਆਫ ਦੀ ਹਾਊਸ ਨੇ ਪੇਸ਼ ਕੀਤਾ ਹੈ ਮੈਂ ਇਸ ਦੇ ਮੁਤਾਲਿਕ ਬੜੇ ਦੁਖੀ ਹਿਰਦੇ ਨਾਲ ਹਾਊਸ ਦੇ ਸਾਹਮਣੇ ਚੰਦ ਲਫਜ਼ ਅਰਜ਼ ਕਰਨਾ ਚਾਹੁੰਦਾ ਹਾਂ ।

ਮਰਹੂਮ ਸਰਦਾਰ ਬਹਾਦਰ ਸਰਦਾਰ ਬੂਟਾ ਸਿੰਘ ਪੰਜਾਬ ਦੀ ਪਾਰਟੀਸ਼ਨ ਤੋਂ ਪਹਿਲਾਂ ਹੀ ਇਕ ਉਘੇ ਲੀਡਰ ਰਹੇ ਹਨ, ਇਕ ਕੌਮ ਦੇ ਉਘੇ ਸੇਵਾਦਾਰ ਰਹੇ ਹਨ ਅਤੇ ਉਨ੍ਹਾਂ ਮੁਖਤਲਿਫ ਹੈਸੀਅਤ ਵਿਚ ਇਸ ਮੁਲਕ ਦੀ ਸੇਵਾ ਕੀਤੀ, ਪੰਜਾਬ ਦੀਆਂ ਰਿਆਸਤਾਂ ਵਿਚ ਸੇਵਾ ਕੀਤੀ । ਮੇਰੇ ਨਾਲ ਵੀ ਕਾਫੀ ਅਰਸਾ ਪਹਿਲਾਂ ਉਨ੍ਹਾਂ ਦਾ ਵਾਸਤਾ ਰਿਹਾ ਪਰ ਖਾਸ ਤੌਰ ਤੇ ਪੰਜਾਬ ਦੀ ਤਕਸੀਮ ਹੋਣ ਤੋਂ ਬਾਅਦ ਉਨ੍ਹਾਂ ਦੇ ਕਾਫੀ ਨਜ਼ਦੀਕ ਹੋਕੇ ਮੈਨੂੰ ਕੰਮ ਕਰਨ ਦਾ ਮੌਕਾ ਮਿਲਿਆ । ਮੈਂ ਐਸਾ ਕੋਈ ਲੀਡਰ ਨਹੀਂ ਵੇਖਿਆ, ਜਿਤਨੀ ਤਨਦੇਹੀ ਅਤੇ ਦਿਲਚਸਪੀ ਨਾਲ ਉਹ ਕੰਮ ਕਰਦੇ ਸਨ ਸ਼ਾਇਦ ਹੀ ਕੋਈ ਲੀਡਰ ਇਤਨੀ ਦਿਲਚਸਪੀ ਲੈਂਦਾ ਹੋਵੇ । ਉਨ੍ਹਾਂ ਉਜੜੇ ਹੋਏ ਲੋਕਾਂ ਦੀ ਆਬਾਦਕਾਰੀ ਵਿਚ ਜਿਤਨੀ ਸੇਵਾ ਕੀਤੀ ਉਹ ਸੁਨਹਿਰੀ ਅੱਖਰਾਂ ਦੇ ਵਿਚ ਲਿਖੀ ਜਾਣ ਵਾਲੀ ਹੈ । ਇਹ ਖੁਦ ਕਰਨਾਲ ਵਿਚ ਜਾਕੇ ਆਬਾਦ ਹੋਏ । ਉਨ੍ਹਾਂ ਨੇ ਨਾ ਸਿਰਫ ਜ਼ਿਲਾ ਕਰਨਾਲ ਦੇ ਅੰਦਰ ਹੀ ਬਲਕਿ ਸਾਰੇ ਹਰਿਆਣੇ ਵਿਚ ਜਨਤਾ ਦੀ ਸੇਵਾ ਕੀਤੀ ਅਤੇ ਬੜਾ ਕੰਮ ਕੀਤਾ । ਬਾਵਜੂਦ ਇਸ ਦੇ ਕਿ ਉਨ੍ਹਾਂ ਦੀ ਉਮਰ ਬਹੁਤ ਲੰਮੀ ਹੋ ਗਈ ਸੀ, ਬਾਵਜੂਦ ਇਸ ਦੇ ਕਿ ਉਹ ਬਹੁਤ ਕਮਜ਼ੋਰ ਹੋ ਗਏ ਸਨ, ਫੇਰ ਵੀ ਉਹ ਮੁਲਕ ਦੀ ਸੇਵਾ ਦਾ ਦਿਨ ਰਾਤ ਕੰਮ ਕਰਦੇ ਰਹਿੰਦੇ ਸਨ । ਪੰਜਾਬ ਦੀ ਬਿਹਤਰੀ ਲਈ ਬੜੀਆਂ ਬੜੀਆਂ ਤਹਿਰੀਕਾਂ ਹੋਈਆਂ, ਉਹ ਹਰ ਤਹਿਰੀਕ ਵਿਚ ਵਧ ਚੜ੍ਹ ਕੇ ਹਿਸਾ ਲੈਂਦੇ ਰਹੇ । ਉਨ੍ਹਾਂ ਦੇ ਸੁਰਗਵਾਸ ਹੋ ਜਾਣ ਤੇ ਇਕ ਬੜਾ ਭਾਰੀ ਖ਼ਿਲਾ ਪੈਦਾ ਹੋ ਗਿਆ, ਮੁਲਕ ਦੇ ਐਸੇ ਸੇਵਕ ਬੜੇ ਘਟ ਹੁੰਦੇ ਹਨ । ਮੈਂ ਪ੍ਰਾਰਥਨਾ ਕਰਦਾ ਹਾਂ ਕਿ ਪ੍ਰਮਾਤਮਾ ਉਨ੍ਹਾਂ ਦੀ ਰੂਹ ਨੂੰ ਸ਼ਾਂਤੀ ਦੇਵੇ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਜਾਣ ਤੇ ਜੋ ਜਗ੍ਹਾ ਖ਼ਾਲੀ ਹੋ ਗਈ ਹੈ ਪ੍ਰਮਾਤਮਾ ਕੋਈ ਇਨ੍ਹਾਂ ਜਿਹਾ ਦੇਸ਼ ਸੇਵਕ ਪੈਦਾ ਕਰਕੇ ਇਹ ਘਾਟਾ ਪੂਰਾ ਕਰੇ ।

ਸ੍ਰੀ ਸਪੀਕਰ : ਸਰਦਾਰ ਬਹਾਦਰ ਬੂਟਾ ਸਿੰਘ ਜੀ ਪੰਜਾਬ ਦੇ ਇਕ ਉਘੇ ਲੀਡਰ ਸਨ। ਉਨ੍ਹਾਂ ਦੇ ਸੁਰਗਵਾਸ ਹੋ ਜਾਣ ਨਾਲ ਇਸ ਸੂਬੇ ਨੂੰ ਬੜਾ ਲਾਸ ਹੋਇਆ ਹੈ। ਸਾਨੂੰ ਸਾਰਿਆਂ ਨੂੰ ਉਨ੍ਹਾਂ ਦੇ ਪਰਵਾਰ ਨਾਲ ਦਿਲੀ ਹਮਦਰਦੀ ਹੈ। ਉਹ ਮੁਲਕ ਦੀ ਸੇਵਾ ਲਈ ਹਰ ਕੰਮ ਵਿਚ ਪੂਰਾ ਪੂਰਾ ਹਿੱਸਾ ਲਿਆ ਕਰਦੇ ਸਨ। ਚੁਨਾਚਿ ਉਹ ਨਨਕਾਣਾ ਸਾਹਿਬ ਗੁਰਦਵਾਰਾ ਕਮੇਟੀ ਦੇ ਬੜੀ ਦੇਰ ਤਕ ਪ੍ਰਜ਼ੀਡੈਂਟ ਰਹੇ ਅਤੇ ਗੁਰਦਵਾਰੇ ਦੀ ਆਮਦਨੀ ਵਧਾਈ। ਇਥੇ ਹੀ ਨਹੀਂ ਉਹ ਰਾਊਂਡ ਟੇਬਲ ਕਾਨਫਰੈਂਸ ਵਿਚ ਬਾਹਰ ਵੀ ਗਏ ਅਤੇ ਉਥੇ ਜਾ ਕੇ ਵੀ ਆਪਣੀ ਆਜ਼ਾਦਾਨਾ ਰਾਏ ਪਰਗਟ ਕੀਤੀ। ਸਰਦਾਰ ਬੂਟਾ ਸਿੰਘ ਬੜੇ ਨੇਕ ਅਤੇ ਸੁਚੱਜੇ ਇਨਸਾਨ ਸਨ। ਉਨ੍ਹਾਂ ਦੇ ਮਰਨ ਨਾਲ ਸਾਡੀ ਕੌਮ ਨੂੰ ਅਤੇ ਪ੍ਰਾਂਵਿੰਸ ਨੂੰ ਖਾਸਾ ਘਾਟਾ ਪਿਆ ਹੈ। ਉਨ੍ਹਾਂ ਦੀ ਕਈ ਵਾਰ ਸੁਲਝੀ ਹੋਈ ਰਾਏ ਸਾਨੂੰ ਲੈਣੀ ਪੈਂਦੀ ਸੀ। ਮੈਂ ਉਨ੍ਹਾਂ ਨੂੰ ਬੜੀ ਦੇਰ ਤੋਂ ਜਾਣਦਾ ਸਾਂ ਅਤੇ ਮੈਨੂੰ ਕਈ ਵਾਰ ਜ਼ਾਤੀ ਮਾਮਲਿਆਂ ਵਿਚ ਉਨ੍ਹਾਂ ਕੋਲੋਂ ਲਾਈਯਰ ਦੇ ਤੌਰ ਤੇ ਸਲਾਹ ਲੈਣ ਦਾ ਇਤਫਾਕ ਹੋਇਆ। ਉਹ ਨਿਹਾਇਤ ਨੇਕ ਦਿਲੀ ਅਤੇ ਸੁਲਝੀ ਹੋਈ ਰਾਏ ਦਿਆ ਕਰਦੇ ਸਨ। ਹੁਣ ਉਹ ਕਰਨਾਲ ਜਾ ਬੈਠੇ ਸਨ। ਉਹ ਆਪਣੀ ਕੌਮ ਅਤੇ ਆਪਣੇ ਭਰਾਵਾਂ ਦੀ ਬਹੁਤ ਸੇਵਾ ਕਰਦੇ ਰਹੇ। ਉਹ ਸਿਆਸੀ ਅਤੇ ਦੂਸਰਿਆਂ ਮਾਮਲਿਆਂ ਵਿਚ ਸਲਾਹ ਦੇ ਕੇ ਆਪਣੀ ਕੌਮ ਨੂੰ ਉਚਿਆਂ ਕਰਦੇ ਸਨ। ਇਨ੍ਹਾਂ ਸ਼ਬਦਾਂ ਨਾਲ ਮੈਂ ਉਨ੍ਹਾਂ ਦੇ ਪਰੀਵਾਰ ਦੀ ਖਿਦਮਤ ਵਿਚ ਆਪਣੀ ਸ਼ਰਧਾਂਜਲੀ ਪੇਸ਼ ਕਰਦਾ ਹਾਂ ਅਤੇ ਅਰਦਾਸ ਕਰਦਾ ਹਾਂ ਕਿ ਹੇ ਮਹਾਰਾਜ ਸਰਦਾਰ ਬੂਟਾ ਸਿੰਘ ਦੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੀਂ ਅਤੇ ਪਰੀਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੀਂ।

ਮੈਂ ਆਪ ਦੀ ਸੇਵਾ ਵਿਚ ਬੇਨਤੀ ਕਰਦਾ ਹਾਂ ਕਿ ਆਪ ਦੋ ਮਿਨਟ ਲਈ ਸਾਈਲੈਂਸ ਰਖ ਕੇ ਖੜੇ ਹੋ ਜਾਉ ਅਤੇ ਉਨ੍ਹਾਂ ਲਈ ਅਰਦਾਸ ਕਰੋ। (Sardar Boota Singh was a well-known leader of Punjab. This State has suffered a loss on his passing away. We all have heart-fealt sympathy with the bereaved family. He took part in every movement for the service of the country. He was President of the Nankana Sahib Gurdwara Committee for quite a long time and took steps to increase the income of the Gurdwara. It was not only here, but he went abroad to attend the Round Table Conference. He expressed his independent views. Sardar Boota Singh was a noble and prudent man. With his passing away our nation and our State have suffered a great loss. He often gave us the benefit of his considered opinion. I know him since long and many a time sought his legal opinion in my personal affairs. He always gave a sincere and matu e advice. He had now settled at Karnal. He continued to serve his nation and his brethren. He enhanced the prestige of the nation with his mature advice in political and other matters. With these words I pay my homage to the deceased and convey my feelings to the bereaved family. I pray to the Almighty to give peace to the departed soul and fortitude to the bereaved family to bear this loss.

I would request the hon. Members to observe silence for two minutes by rising in their seats and pray for peace for the departed soul.)

(The House then stood in silence for two minutes as a mark of respect to the memory of the deceased).

Mr. Speaker : I would request the Leader of House to also make a reference to the death of Seth Sudershan who was a Member of this House.

Chief Minister : It will be done to-morrow.

ADJOURNMENT MOTION

Mr. Speaker : There is one adjournment* Motion given notice of by the hon. Member Shri Prabodh Chandra. As he knows, the Adjournment motions are not allowed during the Budget Session as ample opportunities are available for raising such matters during the General Discussion of the Budget. I, therefore, disallow it.

CALL ATTETNION NOTICES

Mr. Speaker : The House will now take up Call Attention Notices. Call Attention Notice No. 59 stands in the name of Comrade Harkishen Singh Surjeet.

(Comrade Harkishen Singh Surjeet did not have a copy of the notice).

Mr. Speaker : Then I will read it out. It is as follows.

"**Comrade Harkrishan Singh, Surieet M.L.A.** :
Comrade Dalip Singh M.L.A. :
To draw the attention of the Goverenment towards the death of a devoted revolutionary Comrade Ajit Singh Manikpuri in Civil Hospital, Jullundur on April 4, 1967, as a result of callous attitude of the specialist of the Hospital and others responsible there. This has resulted in precious loss of life and big resentment against the Hospital authorities in the district. It needs immediate enquiry and action. The Government should make a statement to set feelings of people right."

Mr. Speaker : It is admitted. The Minister concerned may make a statement.

The next Call Attention Notice (No. 61) has been received from the hon. Member Shri A. Vishwanathan.

(Shri A. Vishwanathan also did not have a copy of the notice).

Note:—*Regarding the beating of Sardar Baldev Singh, M.L.A., within the Assembly building and failure of the Government and the Speaker to give protection to the Member.

Mr. Speaker : This notice reads—

"Shri A. Vishwanathan, M.L.A., to draw the attention of the Government and invite a statement from the Minister concerned about the alleged act of sabotage by certain persons during the strike of employees of the Punjab Electricity Board which involved throwing of iron chain or chains on Electric wires carrying electricity to Ludhiana Power House."

Mr. Speaker : It is admitted. The Minister concerned may please make a statement.

Call Attention Notice (No. 62) stands in the name of Sardar Mohinder Singh Gill.

ਸਰਦਾਰ ਮਹਿੰਦਰ ਸਿੰਘ ਗਿਲ : ਮੈਂ ਪੰਜਾਬ ਸਰਕਾਰ ਦਾ ਇਕ ਅਤਿਅੰਤ ਗੰਭੀਰ ਅਤੇ ਸੰਜੀਦਾ ਸਮਸਿਆ ਵੱਲ ਧਿਆਨ ਦੁਆਉਣਾ ਚਾਹੁੰਦਾ ਹਾਂ ਕਿ ਬਹਾਦਰਪੁਰ ਗੁਰਦੁਆਰਾ, ਜ਼ਿਲਾ ਅੰਮ੍ਰਿਤਸਰ, ਵਿਖੇ ਭਾਈ ਆਨੰਦ ਸਿੰਘ ਦੀ ਅਗਨੀ ਭੇਂਟ ਹੋਕੇ ਸ਼ਹਾਦਤ ਹੋਈ ਹੈ । ਉਸ ਬਾਰੇ ਕਈ ਸ਼ੰਕੇ ਅਤੇ ਸ਼ੁਭੇ ਪਾਏ ਜਾਂਦੇ ਹਨ। ਕੀ ਇਹ ਮੌਤ ਕਿਸੇ ਘਰੇਲੂ ਦੁਖ ਕਾਰਣ ਜਾਂ ਕਿਸੇ ਸਿਆਸੀ ਮਸਲੇ ਤੇ ਹੋਈ ਹੈ। ਇਸ ਬਾਰੇ ਹਾਊਸ ਨੂੰ ਪੰਜਾਬ ਸਰਕਾਰ ਜਾਣੂ ਕਰਵਾਏ ਅਤੇ ਭਾਈ ਆਨੰਦ ਸਿੰਘ ਨੇ ਆਪਣੀ ਮੌਤ ਤੋਂ ਜੋ ਪਹਿਲਾਂ ਚਿਠੀਆਂ ਸਰਪੰਚ ਜਾਂ ਕਿਸੇ ਹੋਰ ਸਿਆਸੀ ਲੀਡਰ ਨੂੰ ਲਿਖੀਆਂ ਹਨ ਤਾਂ ਉਹ ਹਾਊਸ ਵਿਚ ਪੇਸ਼ ਕੀਤੀਆਂ ਜਾਣ ਤਾਂ ਕਿ ਪੰਜਾਬੀਆਂ ਵਿਚ ਵੱਧ ਰਹੇ ਤੌਖਲੇ ਅਤੇ ਸ਼ੰਕੇ ਦੂਰ ਹੋ ਸਕਣ ।

Mr. Speaker : This is admitted. The Minister concerned may please make a statement.

The next Call Attention Notice (No. 63) is also from Sardar Mohinder Singh Gill.

ਸਰਦਾਰ ਮਹਿੰਦਰ ਸਿੰਘ ਗਿਲ : ਮੈਂ ਪੰਜਾਬ ਸਰਕਾਰ ਦਾ ਇਕ ਗੰਭੀਰ ਅਤੇ ਸੰਜੀਦਾ ਸਮਸਿਆ ਵੱਲ ਧਿਆਨ ਦੁਆਉਣਾ ਚਾਹੁੰਦਾ ਹਾਂ ਕਿ ਰਾਜ ਵਿਚ ਅਨਾਜ ਮੰਡੀਆਂ ਵਿਚ ਧੜਾ ਧੜ ਆਉਣਾ ਸ਼ੁਰੂ ਹੋ ਗਿਆ ਹੈ। ਪਰ ਹਾਲਾਂ ਤਕ ਰਾਜ ਸਰਕਾਰ ਵੱਲੋਂ ਅਨਾਜ ਦੀਆਂ ਯੋਗ ਅਤੇ ਕਿਸਾਨ ਲਈ ਤਸਲੀਬਖਸ਼ ਕੀਮਤਾਂ ਹੀ ਮੁਕਰਰ ਨਹੀਂ ਕੀਤੀਆਂ ਗਈਆਂ। ਜਦੋਂ ਕਿ ਮੁਖ ਮੰਤਰੀ ਸਾਹਿਬ ਕਈ ਵਾਰ ਵਾਅਦੇ ਕਰ ਕਰ ਕੇ ਵੀ ਹੁਣ ਤਕ ਅਨਾਜ ਦੀਆਂ ਕੀਮਤਾਂ ਬਾਰੇ ਕੋਈ ਭਾਅ ਮੁਕਰਰ ਨਹੀਂ ਕੀਤੇ ਗਏ। ਇਸ ਬਾਰੇ ਸਰਕਾਰ ਹਾਊਸ ਨੂੰ ਜਾਣੂ ਕਰਵਾਏ ।

Mr. Speaker : This is admitted. The Minister concerned may please make a statement.

ਸਰਦਾਰ ਮਹਿੰਦਰ ਸਿੰਘ ਗਿਲ : ਸਪੀਕਰ ਸਾਹਿਬ, ਮੈਂ ਇਕ ਕੰਮ ਰੋਕੂ ਪ੍ਰਸਤਾਵ ਦਾ ਨੋਟਿਸ ਦਿਤਾ ਸੀ ਜੋ ਗੁਰਦੁਆਰੇ ਨੂੰ ਅੱਗ ਲਗਣ ਕਾਰਨ ਪੰਜ ਗੁਰੂ ਗਰੰਥ ਸਾਹਿਬ ਦੀਆਂ ਬੀੜਾਂ ਅਗਨੀ ਦੀ ਭੇਟ ਹੋ ਗਈਆਂ ਹਨ।

Shri Balramji Dass Tandon : Mr. Speaker, Sir, is it allowed?

Mr. Speaker : No.

ਸਰਦਾਰ ਮਹਿੰਦਰ ਸਿੰਘ ਗਿਲ: ਮੈਂ ਪੰਜਾਬ ਸਰਕਾਰ ਦਾ ਇਕ ਅਤਿ ਗੰਭੀਰ ਅਤੇ ਸੰਜੀਦਾ ਸਮਸਿਆ ਵਲ ਧਿਆਨ ਦੁਆ ਰਿਹਾ ਹਾਂ। ਜ਼ਿਲਾ ਫੀਰੋਜ਼ਪੁਰ, ਮੋਗਾ ਸਬ-ਡਿਵੀਜ਼ਨ ਦੇ ਇਕ ਪਿੰਡ ਲੰਡੇਆਣਾ ਨਵਾਂ, ਪੱਤੀ ਕੋਰਿਆਂ ਦੇ ਗੁਰਦੁਆਰੇ ਨੂੰ ਅਗ ਲਗਣ ਨਾਲ ਉਸ ਵਿਚ ਮੌਜੂਦ ਪੰਜ ਗੁਰੂ ਗਰੰਥ ਸਾਹਿਬ ਦੀਆਂ ਪਾਵਨ ਬੀੜਾਂ, ਵੀ ਅਗਨੀ ਭੇਂਟ ਹੋ ਗਈਆਂ ਹਨ ਤੇ ਗੁਰਦੁਆਰਾ ਵੀ ਸੜ ਕੇ ਸੁਆਹ ਹੋ ਗਿਆ ਹੈ ਜਿਸ ਨਾਲ ਪੰਜਾਬੀਆਂ ਦੇ ਹਿਰਦੇ ਤੜਪ ਰਹੇ ਹਨ। ਸਾਰੇ ਕੰਮ ਛਡਕੇ ਪੰਜਾਬ ਸਰਕਾਰ ਨੂੰ ਏਧਰ ਧਿਆਨ ਦੇਣਾ ਚਾਹੀਦਾ ਹੈ ਤੇ ਹਾਊਸ ਨੂੰ ਇਸ ਗੰਭੀਰ ਮਸਲੇ ਤੋਂ ਜਾਣੂੰ ਕਰਵਾਉਣਾ ਚਾਹੀਦਾ ਹੈ, ਅਤੇ ਦੋਸ਼ੀਆਂ ਨੂੰ ਵਧ ਤੋਂ ਵਧ ਦੰਡ ਦੇਣਾ ਚਾਹੀਦਾ ਹੈ।

ਸ੍ਰੀ ਸਪੀਕਰ : ਜਿਹੜੀਆਂ ਕਾਲ ਅਟੈਨਸ਼ਨ ਮੋਸ਼ਨਾਂ ਦਾ ਨੋਟਿਸ ਅਜ ਆਇਆ ਹੈ ਉਹ ਕਲ ਪੇਸ਼ ਹੋਣਗੀਆਂ। (The Call Attention Motions, notices of which have been received today, will be taken up to-morrow.)

Shri Prabodh Chandra: Sir, I gave notices of a number of Call Attention Motions three days back. What has happened to those notices?

Mr. Speaker: They will be taken up to-morrow.

Shri A. Wishwanathan: Sir, I also gave notices of several Call Attention Motions in April last. When will they be taken up?

Mr. Speaker: I will look into this matter.

ਚੌਧਰੀ ਬਲਬੀਰ ਸਿੰਘ : ਸਪੀਕਰ ਸਾਹਿਬ, ਇਕ ਹੋਰ ਅਫਸੋਸ ਦਾ ਮਤਾ ਸੀ। ਮੁਨਸ਼ੀ ਅਹਿਮਦਦੀਨ ਦੀ ਮੌਤ ਹੋ ਗਈ ਹੈ।......

ਸ੍ਰੀ ਸਪੀਕਰ : ਉਹ ਕਲ ਆ ਜਾਵੇਗਾ। (It will be taken up to-morrow.)

SECOND REPORT OF THE BUSINESS ADVISORY COMMITTEE

Mr. Speaker: I have to report the programme of the Punjab Vidhan Sabha for its sittings commencing from the 5th May, 1967 as contained in the Second Report of the Business Advisory Committee. The Report reads:—

"The Committee met at 3.00 P.M. on Wednesday, the 26th April, 1967. The following were present—

1. Lt. Col. Joginder Singh Mann, Speaker, *Ex officio* Chairman.
2. Dr. Baldev Parkash, Minister for Finance.
3. Shri Bashamber Nath, Deputy Minister for Finance and Planning.
4. Sardar Darbara Singh (Nurmahal).
5. Sardar Harkishan Singh Surjeet.
6. Shri Prabodh Chandra.

[Mr. Speaker]

The Committee, after some discussion, recommended—

1. That four days namely, 5th, 8th, 9th and 10th May, 1967, shall be allotted for general discussion of the Budget for the year 1967-68.
2. That six days namely, 12th, 15th, 16th, 17th, 19th and 22nd May, 1967 shall be allotted for voting of Demands for Grants.
3. That the Demands relating to the following items be discussed in the Vidhan Sabha on the days set down for the voting of Demands for Grants—

General Administration and Police (Two days)	12th and 15th May, 1967
Agricultural and Irrigation (One day)	16th May, 1967
Industries and Labour and Employment (One day)	17th May, 1967
Education (One day)	19th May, 1967
Medical and Public Health (One day)	22nd May, 1967

4. The Appropriation Bill in respect of the Budget (One day) — 23rd May, 1967"

ਅਸਾਂ ਜਿਹੜਾ 5 ਮਈ ਦਾ ਦਿਨ ਸੀ ਉਹ ਤਾਂ ਮਿਸ ਕਰ ਦਿਤਾ ਹੈ। ਇਸ ਵਾਸਤੇ ਇਹ ਜਿਹੜਾ ਪ੍ਰੋਗਰਾਮ ਹੈ ਇਹ ਇਕ ਇਕ ਦਿਨ ਅੱਗੇ ਚਲਾ ਜਾਏਗਾ। (We have not held any meeting on the 5th May, and, therefore, this programme will be shifted by one day.)

ਮੁਖ ਮੰਤਰੀ : ਇਹ ਕਿਵੇਂ ਹੋ ਸਕਦਾ ਹੈ? ਜਿਹੜਾ ਪ੍ਰੋਗਰਾਮ ਬਾਰੇ ਫ਼ੈਸਲਾ ਹੋਇਆ ਸੀ ਉਹੀ ਰਹੂ।......(ਵਿਘਨ)

ਕੁਝ ਮਾਨਯੋਗ ਮੈਂਬਰ : ਠੀਕ ਹੈ ਜੀ, ਇਕ ਇਕ ਦਿਨ ਅੱਗੇ ਕਰ ਦਿਉ।

ਮੁਖ ਮੰਤਰੀ : ਇਕ ਦਿਨ ਤਾਂ ਦੂਜੇ ਕੰਮ ਵਿਚ ਲਗਾ ਦਿਤਾ। ਬਜਟ ਦੀ ਜਨਰਲ ਡਿਸਕਸ਼ਨ ਤਿੰਨ ਦਿਨਾਂ ਵਿਚ ਕਰ ਲਉ। (ਵਿਘਨ) ਬਿਹਤਰ ਇਹ ਹੁੰਦਾ ਕਿ ਜਿਸ ਮਾਮਲੇ ਤੇ ਉਹ ਵਕਤ ਲਗਾਇਆ ਬਜਟ ਦੀ ਜਨਰਲ ਡਿਸਕਸ਼ਨ ਵਿਚ ਹੀ ਉਸ ਨੂੰ ਰੇਫ਼ਰ ਕਰ ਲੈਂਦੇ (ਵਿਘਨ) ਵੈਸੇ ਅਗਰ ਤੁਸੀਂ ਚਾਹੁੰਦੇ ਹੋ ਤਾਂ ਕਰ ਲਉ।

Minister for Finance (Dr. Baldev Parkash) : Sir, I beg to move—

That this House agrees with the recommendations contained in the Second Report of the Business Advisory Committee.

Mr. Speaker : Motion Moved—

That this House agrees with the recommendations contained in the Second Report of the Business Advisory Committee.

ਪੰਡਤ ਮੋਹਨ ਲਾਲ : ਮੈਂ ਇਸ ਮੋਸ਼ਨ ਉਤੇ ਬੋਲਣਾ ਚਾਹੁੰਦਾ ਹਾਂ।

ਇਕ ਮਾਨਯੋਗ ਮੈਂਬਰ : ਇਹ ਤਾਂ ਅਜੇ ਮੂਵ ਵੀ ਨਹੀਂ ਹੋਈ।

ਪੰਡਤ ਮੋਹਨ ਲਾਲ : ਮੂਵ ਹੋ ਚੁਕੀ ਹੈ।

ਚੀਫ ਪਾਰਲੀਮੈਂਟਰੀ ਸੈਕਟਰੀ : ਇਨ੍ਹਾਂ ਦੇ ਕੰਨ ਵਜਦੇ ਹਨ। ਇਹ ਜ਼ਿਆਦਾ ਸੁਣਦੇ ਹਨ।

ਪੰਡਤ ਮੋਹਨ ਲਾਲ: ਤੁਹਾਡੇ ਕੰਨ ਕਿਸੇ ਹੋਰ ਪਾਸੇ ਲਗੇ ਹੋਏ ਹਨ।...... (ਵਿਘਨ)

ਪੰਡਤ ਮੋਹਨ ਲਾਲ : ਮੈਂ ਇਸ ਮੋਸ਼ਨ ਉਤੇ ਬੋਲਣਾ ਚਾਹੁੰਦਾ ਹਾਂ। (ਵਿਘਨ) ਜਿਹੜਾ ਆਪ ਨੇ ਹੁਕਮ ਦਿੱਤਾ ਹੈ ਸਿਰਫ਼ ਉਸੇ ਦੇ ਬਾਰੇ ਬੋਲਣਾ ਚਾਹੁੰਦਾ ਹਾਂ ਜ਼ਿਆਦਾ ਕੁਝ ਨਹੀਂ ਕਹਿਣਾ ਕਿਉਂਕਿ ਫ਼ਾਰਮਲੀ ਉਸ ਦੀ ਅਮੈਂਡਮੈਂਟ ਹੋਣ ਦੀ ਲੋੜ ਹੈ। ਜਿਵੇਂ ਤੁਸੀਂ ਫ਼ਰਮਾਇਆ ਹੈ ਬਜਟ ਦੀ ਜਨਰਲ ਡਿਸਕਸ਼ਨ ਅਜ ਤੋਂ ਸ਼ੁਰੂ ਕਰ ਦਿਤੀ ਜਾਵੇ। ਚਾਰ ਦਿਨ ਜਨਰਲ ਡਿਸਕਸ਼ਨ ਦੇ ਹੋ ਜਾਣ ਔਰ ਬਾਕੀ ਇਕ ਇਕ ਦਿਨ ਅੱਗੇ ਡਿਮਾਂਡਜ਼ ਦੀ ਡਿਸਕਸ਼ਨ ਨੂੰ ਕਰ ਦਿਉ।

ਮੁੱਖ ਮੰਤਰੀ : ਠੀਕ ਹੈ। ਸਾਨੂੰ ਕੋਈ ਇਤਰਾਜ਼ ਨਹੀਂ। ਕਰ ਲਉ ਅਮੈਂਡਮੈਂਟ।

Mr. Speaker: Question is—

That this House agrees with the recommendations contained in the Second Report of the Business Advisory Committee as amended.

The motion was carried.

PAPERS LAID ON THE TABLE

Sardar Gurcharan Singh (Chief Parliamentary Secretary): Sir, I beg to lay on the Table of the House a statement in reply to Call Attention Motion No. 22.

Statement by Shri Satya Pal Dang, Development and Local Government, Minister, Punjab, in connection with the Call Attention Notice No. 22, dated 29th March, 1967

Government have drawn up an ambitious programme for agricultural development for the year 1967-68. It is extremely important that the Extension Agency in the field should be strengthened and streamlined to meet fully the requirements of the programme. In the same context, it is essential to review the working of the present set up at the block and village level with a view to making it more effective, keeping in view the need for efficiency as well as economy. The entire matter is as yet under the consideration of Government.

Minister for Public Work and Education (Sardar Lachhman Singh Gill) : Sir, I beg to lay on the Table :

(i) The Annual Statements of Accounts of the Punjab State Electricity Board, Patiala, for the year 1964-65 and 1965-66, together with the audit reports thereon as required under section 69(5) of the Electricity (Supply) Act, 1948 ;

(ii) The Annual Administration Report of the Punjab State Electrictiy Board, Patiala, for the year 1965-66 as required under section 75(1A) of the Electricity (Supply) Act, 1948 ; and

The Minister For Development And Local Government (Shri Satya Pal Dang) : Sir, I beg to lay on the Table:

(iii) **The Punjab Panchayat Samiti s and Zila Parishads (Leave) Rules, 1967,** as required under section 115(4) of the Punjab Panchayat Samitis and Zila **Parishads Act, 1961.**

ANNOUNCEMENT BY SECRETARY

Secretary: Sir, I beg to lay on the Table of the House a statement showing the Bills which were passed by the Punjab State Legislature during its current (Budget) Session, 1967 and which have since been assented to by the Governor.

STATEMENT

1. The Punjab Appropriation Bill, 1967.
2. The Punjab Appropriation (Vote on Account) Bill, 1967.

MOTION REGARDING NOMINATION OF THREE M. L. C.s EACH ON THE PUBLIC ACCOUNTS COMMITTEE AND ESTIMATES COMMITTEE

Minister for Finance (Dr. Baldev Parkash) : Sir, I beg to move—

That this House recommends to the Punjab Vidhan Parishad that they do agree to nominate three members from the Vidhan Parishad to associate with the Public Accounts Committee and three members to associate with the Committee on Estimates of the Vidhan Sabha for the year 1967-68 and to communicate to this House the names of the members so nominated by the Vidhan Parishad.

Mr. Speaker : Motion moved—

That this House recommends to the Punjab Vidhan Parishad that they do agree to nominate three members from the Vidhan Parishad to associate with the Public Accounts Committee and three members to associate with the Committee on Estimates of the Vidhan Sabha for the year 1967-68 and to communicate to this House the names of the members so nominated by the Vidhan Parishad.

Mr. Speaker : Question is—

That this House recommends to the Punjab Vidhan Parishad that they do agree to nominate three members from the Vidhan Parishad to associate with the Public Accounts Committee and three members to associate with the Committee on Estimates of the Vidhan Sabha for the year 1967-68 and to communicate to this House the names of the members so nominated by the Vidhan Parishad.

The Motion was carried.

ANNOUNCEMENT BY THE SPEAKER

Mr. Speaker : I had promised to give the names of the Members of the Committee of Privileges.
They are :

1. Shri Lal Chand Sabherwal
2. Comrade Bhan Singh Bhaura
3. S. Darbara Singh (Nurmahal)
4. Dr. Gurcharan Singh
5. S. Harcharan Singh Brar
6. S. Harbhajan Singh
7. Pt. Mohan Lal
8. Ch. Sunder Singh
9. S. Surjeet Singh
10. Sri A. Vishwanathan

I have appointed Shri Lal Chand Sabharwal as its Chairman.

Now we start discussion on Budget.

GENERAL DISCUSSION OF THE BUDGET FOR 1967-68

ਪੰਡਤ ਮੋਹਣ ਲਾਲ (ਬਟਾਲਾ): ਸਪੀਕਰ ਸਾਹਿਬ, ਇਸ ਬਜਟ ਦੇ ਮੁਤਅਲੱਕ ਬੋਲਦਿਆਂ ਹੋਇਆਂ ਜੇਕਰ ਕੋਈ ਨਰਮ ਤੋਂ ਨਰਮ ਲਫ਼ਜ਼ ਮੈਂ ਫ਼ਾਈਨੈਂਸ ਮਨਿਸਟਰ ਸਾਹਿਬ ਦੇ ਮੁਤਅਲੱਕ ਇਸਤੇਮਾਲ ਕਰ ਸਕਦਾ ਹਾਂ ਤਾਂ ਉਹ ਇਹ ਕਿ ਬਜਟ ਪੇਸ਼ ਕਰਨ ਦੇ ਵਿਚ ਉਨ੍ਹਾਂ ਨੇ ਇਕ ਫ਼ਾਈਨੈਂਸ ਮਨਿਸਟਰ ਦੀ ਜ਼ਿੰਮੇਂਦਾਰੀ ਦਾ ਨਾ ਤਾਂ ਇਹਸਾਸ ਕੀਤਾ ਹੈ ਔਰ ਨਾ ਹੀ ਉਸ ਜ਼ਿਮੇਂਦਾਰੀ ਦਾ ਕੋਈ ਇਜ਼ਹਾਰ ਕੀਤਾ ਹੈ। (*Deputy Speaker in the Chair*) ਮੈਂ ਇਹ ਗੱਲ ਕਹਿੰਦੇ ਹੋਏ ਸਾਰੀਆਂ ਗੱਲਾਂ ਦਾ ਮਾਰਜਨ ਔਰ ਕਨਸੈਸ਼ਨ ਫ਼ਾਈਨੈਂਸ ਮਨਿਸਟਰ ਨੂੰ ਦੇਣ ਲਈ ਤਿਆਰ ਹਾਂ ਜਿਸ ਦੇ ਉਹ ਮੁਸਤਹਕ ਹਨ। ਮੈਂ ਜਾਣਦਾ ਹਾਂ ਕਿ ਉਨ੍ਹਾਂ ਦੀ ਗੌਰਮੈਂਟ ਨਵੀਂ ਬਣੀ ਸੀ, ਉਨ੍ਹਾਂ ਨੇ ਆਪ ਵੀ ਇਹ ਮਹਿਕਮਾ ਨਵਾਂ ਸਾਂਭਿਆ ਸੀ ਔਰ ਇਲੈਕਸ਼ਨਾਂ ਤੋਂ ਫ਼ੌਰੀ ਬਾਅਦ ਉਨ੍ਹਾਂ ਦੀ ਗੌਰਮੈਂਟ ਬਣੀ ਜਿਸ ਵਿਚ ਉਨ੍ਹਾਂ ਨੇ ਇਹ ਮਹਿਕਮਾ ਸਾਂਭਿਆ। ਇਸ ਗੱਲ ਨੂੰ ਵੀ ਧਿਆਨ ਵਿਚ ਰਖਦੇ ਹੋਏ ਕਿ ਇਲੈਕਸ਼ਨਾਂ ਦੇ ਦਿਨਾਂ ਵਿਚ ਆਪੋਜ਼ੀਸ਼ਨ ਦੇ ਮੈਂਬਰ ਹੋਣ ਦੇ ਨਾਤੇ ਬਹੁਤ ਸਾਰੇ ਵਾਅਦੇ ਲੋਕਾਂ ਦੇ ਨਾਲ ਕਰ ਕੇ ਆਏ ਸਨ ਮਗਰ ਇਨ੍ਹਾਂ ਸਾਰੀਆਂ ਗੱਲਾਂ ਦੇ ਬਾਵਜੂਦ ਵੀ ਮੇਰੀ ਰਾਏ ਵਿਚ ਉਨ੍ਹਾਂ ਨੇ ਜਿਹੜੀ ਫ਼ਾਈਨੈਂਸ ਮਨਿਸਟਰ ਦੀ ਜ਼ਿੰਮੇਂਦਾਰੀ ਹੁੰਦੀ ਹੈ ਉਸ ਨੂੰ ਨਹੀਂ ਨਿਭਾਇਆ।

ਉਨ੍ਹਾਂ ਦੇ ਪਾਸ ਹੋਰ ਗੱਲ ਤਾਂ ਨਾ ਸਹੀ, ਆਪਣੇ ਡਿਪਾਰਟਮੈਂਟ ਦੀ, ਫ਼ਾਈਨੈਂਸ ਸੈਕਟਰੀ ਦੀ ਐਕਸਪਰਟ ਰਾਏ ਤਾਂ ਹੈ ਹੀ ਸੀ। ਮੈਨੂੰ ਇਹ ਕਹਿਣ ਵਿਚ ਝਿਜਕ ਨਹੀਂ ਹੈ ਕਿ ਫ਼ਾਈਨੈਂਸ ਸੈਕਟਰੀ ਇਕ ਤਜਰਬੇਕਾਰ ਅਤੇ ਸਿਆਣੇ ਹਨ ਅਤੇ ਆਪਣੀ ਰਾਏ ਆਜ਼ਾਦਾਨਾ ਤੌਰ ਤੇ ਦਿੰਦੇ ਹਨ। ਮੈਂ ਉਨ੍ਹਾਂ ਦਾ ਮੈਮੋਰੈਂਡਮ ਪੜ੍ਹਿਆ ਤਾਂ ਮੇਰੇ ਖਿਆਲ ਦੀ ਪੂਰਤੀ ਹੋਈ ਕਿ ਉਨ੍ਹਾਂ ਨੇ ਬਿਨਾ ਝਿਜਕ ਆਜ਼ਾਦਾਨਾ ਰਾਏ ਦਿਤੀ ਪਰ ਇਨ੍ਹਾਂ ਉਸ ਐਕਸਪਰਟ ਰਾਏ ਨੂੰ ਨਜ਼ਰਅੰਦਾਜ਼ ਕਰ ਦਿਤਾ। ਇਸ ਕਰਕੇ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਨੇ ਗੈਰਜ਼ਿੰਮੇਂਦਾਰੀ ਦਾ ਇਜ਼ਹਾਰ ਕੀਤਾ। ਇਸ ਤੋਂ ਪਹਿਲਾਂ ਕਿ ਮੈਂ ਕੋਈ ਹੋਰ ਗੱਲ ਕਰਾਂ ਮੈਂ ਹਾਊਸ ਦਾ ਧਿਆਨ ਉਨ੍ਹਾਂ ਦੇ ਮੈਮੋਰੈਂਡਮ ਦੇ ਪੈਰਾ 46 ਸਫ਼ਾ 18 ਵਲ, ਜੋ ਉਨ੍ਹਾਂ ਨੇ ਕਨਕਲੂਜ਼ਨ ਦੇ ਸਿਰੇ ਤੇ ਲਿਖਿਆ ਹੈ, ਦਿਵਾਉਣਾ ਚਾਹੁੰਦਾ ਹਾਂ। ਉਨ੍ਹਾਂ ਨੇ ਲਿਖਿਆ ਹੈ:

> ....To sum up the Estimates of Receipts and Expenditure for the year 1967-68 disclose a gap of Rs. 3.60 crore. This is based on the assumption that the Government of India will provide assistance of the order of Rs. 22 crore, against Rs. 14.50 crore which they have intimated subsequently for financing the annual Plan of Rs. 50 crore. In case of shortfall in this amount, the gap will become wider.

ਡਿਪਟੀ ਸਪੀਕਰ ਸਾਹਿਬ, ਇਸ ਵਿਚ ਫ਼ਾਈਨੈਂਸ ਮਨਿਸਟਰ ਸਾਹਿਬ ਨੇ ਜੋ ਗੈਪ ਹੈ ਉਹ 3.60 ਕਰੋੜ ਰੁਪਏ ਦਾ ਦਸਿਆ ਹੈ। ਇਹ ਇਕ ਕੈਮਾਫਲੇਜ ਹੈ, ਲਫਜ਼ਾਂ ਦੀ ਹੇਰਾ ਫੇਰੀ ਅਤੇ ਮੈਂ ਹੁਣੇ ਦਸਾਂਗਾ ਕਿ ਇਹ ਗੈਪ 3.60 ਕਰੋੜ ਦਾ ਨਹੀਂ 23 ਕਰੋੜ ਦਾ ਹੈ। ਹੁਣੇ ਫ਼ਿਗਰਜ਼ ਕੋਟ ਕਰਾਂਗਾ ਤਾਕਿ ਇਹ ਜੋ ਤੌਖਲਾ ਹੈ ਫਾਈਨੈਂਸ ਮਨਿਸਟਰ ਸਾਹਿਬ ਆਪਣੇ ਜਵਾਬ ਵਿਚ ਉਸ ਨੂੰ ਦੂਰ ਕਰ ਸਕਣ। ਫ਼ਿਗਰਜ਼ ਇਸ ਤਰ੍ਹਾਂ ਹਨ। 3.60 ਕਰੋੜ ਦਾ ਘਾਟਾ ਇਨ੍ਹਾਂ ਨੇ ਬਜਟ ਵਿਚ ਮੰਨਿਆ ਹੈ। ਇਸ ਤੋਂ ਅਲਾਵਾ ਆਪਣੀ ਸਪੀਚ ਦੇ 35 ਸਫ਼ੇ ਤੇ ਇਨ੍ਹਾਂ ਨੇ ਕਿਹਾ ਹੈ:

> ....With the measures of tax relief now announced, the gap will even become wider.

[ਪੰਡਤ ਮੋਹਨ ਲਾਲ]

ਅਨਾਊਂਸਮੈਂਟ ਇਨ੍ਹਾਂ ਨੇ ਕਰ ਦਿਤੀ ਅਤੇ ਉਸ ਦਾ ਹਿਸਾਬ ਕਿਤਾਬ ਸਿੱਧਾ ਹੈ । ਜੋ ਟੈਕਸ ਰੀਲੀਫ ਇਨ੍ਹਾਂ ਨੇ ਦਿਤਾ ਉਸ ਮੁਤਾਬਕ 2 ਕਰੋੜ ਦਾ tax ਇਨ੍ਹਾਂ ਨੇ ਛਡਿਆ । ਉਸ ਨੂੰ ਇਨ੍ਹਾਂ ਨੇ ਬਜਟ ਸਪੀਚ ਵਿਚ ਇਕ ਗੋਲ ਮੋਲ ਢੰਗ ਨਾਲ ਪੇਸ਼ ਕੀਤਾ, ਉਸ ਨੂੰ ਘਾਟੇ ਵਿਚ ਸ਼ਾਮਲ ਨਹੀਂ ਕੀਤਾ । ਇਹ ਦੋ ਕਰੋੜ ਦੀ ਛੋਟ ਹੈ । ਇਸ ਤੋਂ ਅਲਾਵਾ ਜਿਸ ਮੈਮੋਰੈਂਡਮ ਦਾ ਹਵਾਲਾ ਮੈਂ ਹੁਣੇ ਦਿਤਾ ਹੈ, ਉਸ ਵਿਚ ਇਨ੍ਹਾਂ ਨੇ ਹਿਸਾਬ ਕਰਕੇ ਦਸਿਆ ਹੈ ਕਿ ਇਸ ਸਾਲ ਗਵਰਨਮੈਂਟ ਆਫ ਇੰਡੀਆ ਤੋਂ ਇਨ੍ਹਾਂ ਨੂੰ 22 ਕਰੋੜ ਦੀ ਮਦਦ ਪਲੈਨ ਲਈ ਮਿਲੇਗੀ । ਮਗਰ ਉਨ੍ਹਾਂ ਨੇ ਇਨ੍ਹਾਂ ਨੂੰ ਕਿਹਾ ਕਿ ਅਸੀਂ ਤਾਂ $14\frac{1}{2}$ ਕਰੋੜ ਰੁਪਿਆ ਦੇਵਾਂਗੇ । ਸੋ $7\frac{1}{2}$ ਕਰੋੜ ਰੁਪਿਆ ਇਨ੍ਹਾਂ ਨੇ ਆਪਣੇ ਹੀ ਅੰਦਾਜ਼ੇ ਮੁਤਾਬਕ ਰਖ ਲਿਆ ਹੈ ਜਦਕਿ ਹਾਲੇ ਤਕ ਗਵਰਨਮੈਂਟ ਆਫ ਇੰਡੀਆ ਨੇ ਵਾਜ਼ੇਹ ਤੌਰ ਇਹੀ ਕਿਹਾ ਹੈ ਕਿ ਅਸੀਂ ਇਸ ਸਾਲ ਦੇ ਪਲੈਨ ਲਈ $14\frac{1}{2}$ ਕਰੋੜ ਰੁਪਿਆ ਦੇਵਾਂਗੇ । ਫਿਰ ਇਨ੍ਹਾਂ ਨੇ 22 ਕਰੋੜ ਦੀ ਰਕਮ ਕਿਉਂ ਰਖੀ ਹੈ ? ਹਾਂ ਅਸੀਂ ਸਾਰੇ, ਸਾਰਾ ਹਾਊਸ ਇਨ੍ਹਾਂ ਦੇ ਨਾਲ ਹੈ ਕਿ 50 ਕਰੋੜ ਦੀ ਪਲੈਨ ਕਰਨ ਲਈ ਗਵਰਨਮੈਂਟ ਆਫ ਇੰਡੀਆ ਤੋਂ 22 ਕਰੋੜ ਰੁਪਿਆ ਸਾਨੂੰ ਮਿਲਣਾ ਚਾਹੀਦਾ ਹੈ, ਇਸ ਦਾ ਸਾਡਾ ਹਕ ਹੈ । (ਤਾੜੀਆਂ) ਇਸ ਵਿਚ ਅਸੀਂ ਇਨ੍ਹਾਂ ਦੇ ਨਾਲ ਹਾਂ ਪਰ ਹਾਲੇ ਜਦ ਕਿ ਗਵਰਨਮੈਂਟ ਆਫ ਇੰਡੀਆ ਨੇ ਫੈਸਲਾ ਕਰਨਾ ਹੈ—ਫੈਸਲਾ ਸਾਡੇ ਹਕ ਵਿਚ ਹੋਵੇ ਬੜੀ ਚੰਗੀ ਗਲ ਹੈ—ਪਰ ਇਸ ਦਾ ਯਕੀਨ ਨਹੀਂ ਹੈ ਕਿ ਇਸ ਤਰ੍ਹਾਂ ਜ਼ਰੂਰ ਹੋਵੇਗਾ । ਸੋ ਇਸ ਵੇਲੇ ਤਾਂ ਉਹ $7\frac{1}{2}$ ਕਰੋੜ ਦਾ ਬਜਟ ਵਿਚ ਘਾਟਾ ਹੈ ਜੋ ਘਾਟੇ ਵਿਚ ਸ਼ਾਮਲ ਕਰਨਾ ਚਾਹੀਦਾ ਹੈ । ਇਸ ਤੋਂ ਅਲਾਵਾ, ਡਿਪਟੀ ਸਪੀਕਰ ਸਾਹਬ, 6 ਕਰੋੜ ਰੁਪਿਆ ਦੇਣ ਦਾ ਐਲਾਨ ਹੁਣੇ ਹੁਣੇ ਇਨ੍ਹਾਂ ਨੇ ਆਪਣੇ ਕਰਮਚਾਰੀਆਂ ਨੂੰ ਸੈਂਟਰਲ ਡੀ. ਏ. ਸਕੇਲਜ਼ ਦੇ ਕੇ ਕੀਤਾ ਹੈ। ਉਹ ਵੀ ਇਸ ਵਿਚ ਪਾਉਣਾ ਹੈ । ਫਿਰ ਆਪਣੀ ਬਜਟ ਸਪੀਚ ਵਿਚ ਇਨ੍ਹਾਂ ਨੇ ਕਿਹਾ ਹੈ ਕਿ ਬੈਟਰਮੈਂਟ ਲੈਵੀ ਬਾਰੇ ਜੋ ਕਮੇਟੀ ਦੀਆਂ ਰੇਕੁਮੈਂਡੇਸ਼ਨਜ਼ ਹਨ, ਉਨ੍ਹਾਂ ਤੇ ਅਮਲ ਕਰਨਾ ਹੈ । ਉਹ ਵੀ ਦੋ, ਸਵਾ ਦੋ ਕਰੋੜ ਰੁਪਏ ਦੀ ਛੋਟ ਦੇਣੀ ਹੈ । ਇਸ ਤੋਂ ਅਲਾਵਾ ਜੋ ਪੇ ਰਵੀਜ਼ਨ ਕਮੇਟੀ ਮੁਕੱਰਰ ਹੋਈ, ਉਸ ਅਗੇ ਬਹੁਤ ਸਾਰੀਆਂ ਡੀਮਾਂਡਜ਼ ਆਈਆਂ । ਕੁਝ ਇਨ੍ਹਾਂ ਨੇ ਮੰਨ ਲਈਆਂ ਹਨ ਅਤੇ ਕੁਝ ਮੰਨ ਲੈਣੀਆਂ ਹਨ । ਹੋਰ ਵੀ ਮੁਤਫਰੱਕ ਤਨਖਾਹਾਂ ਵਗੈਰਾ ਹਨ ਜਿਨ੍ਹਾਂ ਦੀ ਡੀਟੇਲਜ਼ ਵਿਚ ਮੈਂ ਨਹੀਂ ਜਾਣਾ ਚਾਹੁੰਦਾ । ਮੈਂ ਉਹ ਸਾਰਾ ਖਰਚ ਅੰਦਾਜ਼ਨ ਫਿਗਰ ਨੂੰ ਰਾਊਂਡ ਅਪ ਕਰਨ ਲਈ 1.90 ਕਰੋੜ ਦਾ ਲਾਇਆ ਹੈ । ਇਹ ਸਾਰੀਆਂ ਰਕਮਾਂ ਜੋੜੀਏ ਤਾਂ 23 ਕਰੋੜ ਦਾ ਘਾਟਾ ਬਣਦਾ ਹੈ ਜ ਕਿ ਬਜਟ ਵਿਚ ਦਿਖਾਇਆ ਜਾਣਾ ਚਾਹੀਦਾ ਸੀ। ਮੈਨੂੰ ਉਮੀਦ ਸੀ ਕਿ ਫਾਈਨੈਂਸ ਮਿਨਿਸਟਰ ਸਾਹਬ ਇਸ 23 ਕਰੋੜ ਦੇ ਘਾਟੇ ਨੂੰ ਆਪਣੀ ਬਜਟ ਸਪੀਚ ਵਿਚ ਦਸਣਗੇ । ਮੈਂ ਦੁਹਰਾ ਕੇ ਕਹਿੰਦਾ ਹਾਂ ਕਿ ਘਾਟਾ 3.60 ਕਰੋੜ ਦਾ ਨਹੀਂ 23 ਕਰੋੜ ਦਾ ਹੈ ਜੋ ਇਨ੍ਹਾਂ ਦੀ ਬਜਟ ਸਪੀਚ ਅਤੇ ਬਜਟ ਤੋਂ ਫਿਗਰਜ਼ ਨੂੰ ਲੈਕੇ ਬਣਦਾ ਹੈ । ਡਿਪਟੀ ਸਪੀਕਰ ਸਾਹਬ, ਇਕ ਇਤਨੀ ਛੋਟੀ ਜਿਹੀ ਸਟੇਟ ਲਈ 23 ਕਰੋੜ ਦਾ ਇਕ ਸਾਲ ਵਿਚ ਘਾਟਾ ਹੋਵੇ ਤਾਂ ਇਸ ਤੋਂ ਵਡੀ ਗੈਰਜ਼ਿੰਮੇਦਾਰੀ ਵਾਲੀ ਗੱਲ ਹੋ ਨਹੀਂ ਸਕਦੀ । ਇਸ ਤੋਂ ਵਡਾ ਧੱਕਾ ਸਟੇਟ ਦੀ ਫ਼ਾਈਨਾਨਸਿਜ਼ ਅਤੇ ਲੋਕਾਂ ਦੀ ਆਰਥਕ ਸਥਿਤੀ ਨਾਲ ਹੋ ਨਹੀਂ ਸਕਦਾ । ਅਸੀਂ ਜਾਣਦੇ ਹਾਂ ਕਿ ਕੀਮਤਾਂ ਦੇ ਬਹੁਤ ਚੜ੍ਹਾ ਕਰਕੇ ਲੋਕਾਂ ਦੀ ਆਰਥਕ ਸਥਿਤੀ ਬੜੀ ਡਾਂਵਾਡੋਲ ਹੈ ਅਤੇ ਅਜ ਡੈਫੀਸਿਟ ਫਾਈਨਾਨਸਿੰਗ ਕਿਸ ਤਰ੍ਹਾਂ ਵੀ ਫਿਟ ਇਨ ਨਹੀਂ ਕਰਦੀ । ਅਜ ਸੋਚ ਇਹ ਹੈ ਅਤੇ ਦਰੁਸਤ ਸੋਚ ਹੈ ਕਿ ਬੈਲੈਂਸਡ ਬਜਟ ਪੇਸ਼ ਕਰੋ ਵਰਨਾ ਪ੍ਰਾਈਸਿਜ਼ ਦੇ ਹੋਰ ਵਧ ਜਾਣ ਦਾ ਤੌਖਲਾ ਹੈ,

ਸਰਕਾਰ ਨੂੰ ਕੁਝ ਮਿਲਣ ਵਾਲਾ ਨਹੀਂ । ਸਮਾਲ ਸੇਵਿੰਗ ਵਿਚ ਤੁਸੀਂ ਲੋਕਾਂ ਤੋਂ ਕੀ ਹੋਰ ਕੱਢ ਸਕਦੇ ਹੋ । ਅਗੇ ਹੀ ਐਨਾ ਕੁਝ ਕਢ ਲਿਆ ਹੈ ਕਿ ਹੋਰ ਕਢਣਾ ਮੁਮਕਨ ਨਹੀਂ । ਲੋਕਾਂ ਦੀ ਪੇਇੰਗ ਕੈਪੇਸਿਟੀ ਐਨੇ ਸਾਲਾਂ ਤੋਂ ਵਰਤਦੇ ਰਹੇ ਹੋ, ਹੁਣ ਹੋਰ ਖਾਸਾ ਵਾਧਾ ਨਹੀਂ ਹੋ ਸਕਦਾ । ਮੈਂ ਇਸ ਵਿਚ ਬੀਲੀਵ ਨਹੀਂ ਕਰਦਾ ।

ਫਿਰ ਜਿਥੋਂ ਤਕ ਆਊਟ-ਸਟੈਂਡਿੰਗ ਲੋਨਜ਼ ਦਾ ਤਅਲੁਕ ਹੈ ਉਸ ਦੀ ਰੀਕਵਰੀ ਮੁਮਕਨ ਨਹੀਂ । ਡਿਪਟੀ ਸਪੀਕਰ ਸਾਹਿਬ, ਇਸ ਵਿਚ ਐਨਾ ਵਾਧਾ ਹੋ ਗਿਆ ਹੈ ਕਿ ਕੋਈ ਹਿਸਾਬ ਨਹੀਂ । ਪਿਛਲੇ 6—7 ਸਾਲ ਤੋਂ ਸਰਦਾਰ ਪਰਤਾਪ ਸਿੰਘ ਕੈਰੋਂ ਵਲੋਂ ਆਊਟ-ਸਟੈਂਡਿੰਗ ਲੋਨਜ਼ ਦੀ ਰਿਕਵਰੀ ਤੇ ਜ਼ੋਰ ਦਿਤਾ ਗਿਆ ਤੇ ਹਰ ਮਹੀਨੇ ਇਕ ਸਟੇਟਮੈਂਟ ਤਿਆਰ ਕਰਕੇ ਕੈਬਿਨਟ ਦੇ ਸਹਮਣੇ ਪੇਸ਼ ਹੁੰਦੀ ਸੀ ਅਤੇ ਡਿਸਕਸ ਹੁੰਦੀ ਸੀ । ਉਸ ਤੋਂ ਪਤਾ ਲਗਦਾ ਸੀ ਕਿ ਕਿਤਨਾ ਬਕਾਇਆ ਹੈ, ਕਿਥੇ ਢਿਲ ਹੈ ਕਿਥੇ ਵਸੂਲੀ ਹੋ ਗਈ ਹੈ । ਇਸ ਮਦ ਵਿਚ ਕਿਸੇ ਵਾਧੇ ਹੋਣ ਦੀ ਆਸ ਨਹੀਂ ਦਿਸਦੀ ਅਤੇ 23 ਕਰੋੜ ਦਾ ਘਾਟਾ ਇਨ੍ਹਾਂ ਤੋਂ ਪੂਰਾ ਨਹੀਂ ਹੋ ਸਕਦਾ ।

ਫਿਰ ਐਡਮਨਿਸਟ੍ਰੇਟਿਵ ਐਕਸਪੈਂਡੀਚਰ ਵਿਚ ਕਮੀ ਕਰਨ ਦੇ ਯਤਨ ਇਹ ਕਰਨਾ ਚਾਹੁੰਦੇ ਹਨ । ਇਨ੍ਹਾਂ ਨੇ ਦਸਿਆ ਹੈ ਕਿ ਅਸੀਂ ਕੀ ਇਕਾਨੋਮੀ ਮਈਯਰ ਲੈ ਰਹੇ ਹਾਂ । ਸਫਾ 30 ਵਿਚ ਫਿਨਾਂਸ ਮਨਿਸਟਰ ਦੀ ਸਪੀਚ ਵਿਚ ਵੀ ਜਿਕਰ ਕੀਤਾ ਗਿਆ ਹੈ ਇਨ੍ਹਾਂ ਇਕਾਨੋਮੀ ਮਈਯਰਜ਼ ਦਾ । ਪੂਰਾ ਸਫਾ ਭਰਿਆ ਪਿਆ ਹੈ । ਜੇਕਰ ਸਾਰਾ ਸਫਾ ਪੜ੍ਹ ਕੇ ਸੁਣਾਵਾਂ ਤਾਂ ਬਹੁਤ ਵਕਤ ਲਗੇਗਾ । (ਵਿਘਨ)

ਸ੍ਰੀ ਡਿਪਟੀ ਸਪੀਕਰ : ਤੁਸੀਂ ਸਫਾ ਲਿਖਾ ਦਿਉ ਮੈਂਬਰ ਸਹਿਬਾਨ ਘਰ ਜਾ ਕੇ ਪੜ੍ਹ ਲੈਣ । (ਹਾਸਾ) (The hon. Member may please note the page and the other hon. Members would study it at home.) (*Laughter*)

ਪੰਡਤ ਮੋਹਨ ਲਾਲ : ਇਹ ਸਫਾ 30 ਪੈਰਾ 20 ਵਿਚ ਲਿਖਿਆ ਹੈ ਕਿ ਕੀ ਇਕਾਨੋਮੀ ਮੇਈਅਰਜ਼ ਲਏ ਜਾ ਰਹੇ ਹਨ । ਅਤੇ ਇਥੇ ਜ਼ੋਰ ਦਿਤਾ ਹੈ ਇਸ ਗਲ ਦਾ—

> "Apart from the overall measures outlined above, I may make a special mention of two departments of Government where there are reasons to believe that staffing has taken place, more or less, for political reasons and not in the public interest. These mainly relate to the field agencies of the Department of Community Development and the Department of Public Relations. Steps will be taken to reduce the strength of these organisations to actual requirements."

ਜ਼ਰਾ ਅੰਦਾਜ਼ਾ ਲਗਾਉ ਕਿ ਕਿਸ ਤਰ੍ਹਾਂ ਦੀਆਂ ਇਹ ਢੀਗਾਂ ਮਾਰਦੇ ਹਨ ਕਿ ਅਸੀਂ ਘਾਟਾ ਪੂਰਾ ਕਰ ਲਵਾਂਗੇ । ਜਿਸ ਜਿਸ ਮਹਿਕਮੇ ਦੀ ਗੱਲ ਕਰਦੇ ਹਨ ਉਸ ਦੇ ਬਜਟ ਦਾ ਵੀ ਇਨ੍ਹਾਂ ਨੂੰ ਨਹੀਂ ਪਤਾ । ਪਬਲਿਸਿਟੀ ਡਿਪਾਰਟਮੈਂਟ ਦਾ ਕੁਲ ਬਜਟ 6.87 ਲਖ ਹੈ ਸਾਰੇ ਸਾਲ ਦਾ ।

ਸ੍ਰੀ ਡਿਪਟੀ ਸਪੀਕਰ : ਪੰਡਤ ਜੀ, ਵੇਖ ਲੈਣਾ ਕਿਤੇ ਫਿਗਰਜ਼ ਤਾਂ ਗਲਤ ਨਹੀਂ । (ਹਾਸਾ) (The hon. Member should please verify if the figures are correct.) (*Laughter*)

ਪੰਡਤ ਮੋਹਨ ਲਾਲ : ਇਹ ਜਿਹੜਾ ਮੈਮੋਰੈਂਡੰਮ ਹੈ, ਪਹਿਲੇ ਸਫੇ ਤੇ ਹੀ ਦਸਿਆ ਹੈ, item No. 33 ਸਫਾ ਨੰ: 9 ਵਿਚ ਦਿਤਾ ਹੈ ਕਿ 6.87 ਲਖ ਰੁਪਿਆ ਸਾਰੇ ਸਾਲ ਲਈ ਪਬਲਿਸਿਟੀ ਵਿਭਾਗ ਲਈ ਐਲੋਕੇਟ ਕੀਤਾ ਗਿਆ ਹੈ ।। ਇਹ ਐਲੋਕੇਸ਼ਨ 1967-68 ਲਈ ਕੀਤੀ ਗਈ ਹੈ । ਪਿਛਲੇ ਸਾਲ 7 ਲਖ ਦਾ ਖਰਚ ਸੀ ਤੇ ਹੁਣ 6.87 ਲਖ ਦਾ ਦਰਜ ਕੀਤਾ ਗਿਆ ਹੈ ।

ਕਮਿਊਨਟੀ ਡੀਵੈਲਪਮੈਂਟ ਦਾ ਜਿੱਥੋਂ ਤਕ ਸਵਾਲ ਹੈ ਇਹ ਇਕ ਇਹੋ ਜਿਹਾ ਪੈਟਰਨ ਹੈ ਜਿਸ ਦੇ ਮੁਤਾਲਿਕ ਹਰ ਕਿਸੇ ਨੂੰ ਛੇਤੀ ਛੇਤੀ ਸਮਝ ਨਹੀਂ ਪੈਂਦੀ । ਮੈਂ ਅਰਜ਼ ਕਰਾਂ ਕਿ ਇਕ ਕਾਲ ਐਟਨਸ਼ਨ ਨੋਟਿਸ ਦੇ ਸਿਲਸਲੇ ਵਿਚ ਇਕ ਸਟੇਟਮੈਂਟ ਇਸ ਹਾਊਸ ਦੇ ਵਿਚ ਦਿੱਤਾ ਗਿਆ ਹੈ । ਤੁਸੀਂ ਆਪ ਹੀ ਵੇਖ ਲਉ ਕਿ ਇਸਦੇ ਵਿਚ ਕਿਤਨੀ ਕੁ ਗੁੰਜਾਇਸ਼ ਹੈ । ਇਹ ਦੇ ਵਿਚ ਇਹ ਆਖਿਆ ਗਿਆ ਹੈ—

> It is extremely important that the Extension Agency in the field should be strengthened and streamlined to meet fully the requirements of the programme.

ਜਿਥੇ ਉਹ ਕਹਿੰਦੇ ਹਨ ਇਸ ਨੂੰ ਜ਼ਬਰਦਸਤ ਤਰੀਕੇ ਨਾਲ ਸਟਰੀਮ ਲਾਈਨ ਕਰਨਾ ਹੈ, ਉਥੇ ਹੀ ਉਹ ਇਸ ਡੀਵੈਲਪਮੈਂਟ ਦੇ ਪਲੈਨ ਵਿਚੋਂ 87,06,000 ਦਾ ਘਾਟਾ ਪੋਸਟਾਂ ਖ਼ਤਮ ਕਰਕੇ ਅਤੇ ਹੋਰ ਤਰੀਕਿਆਂ ਰਾਹੀਂ ਪੂਰਾ ਕਰਨ ਨੂੰ ਕਹਿੰਦੇ ਹਨ । ਮੈਂ ਸਮਝਦਾ ਹਾਂ ਇਹ ਤਾਂ ਇਕ ਤਰ੍ਹਾਂ ਦਾ ਮਜ਼ਾਕ ਹੈ । ਇਹ ਤਾਂ ਇਕ ਭੁਲੇਖਾ ਪਾਉਣ ਵਾਲੀ ਗੱਲ ਹੈ । ਇਕ ਤਜਵੀਜ਼ ਹੈ ਜੋ ਫਾਈਨੈਂਸ ਸੈਕਟਰੀ ਸਾਹਿਬ ਨੇ ਆਪਣੇ ਮੈਮੋਰੈਂਡਮ ਵਿਚ ਰਖ ਦਿੱਤੀ ਹੈ ਭਾਵੇਂ ਸਿਰੇ ਚੜ੍ਹਦੀ ਹੈ ਜਾਂ ਨਹੀਂ । ਅੱਗੇ ਚਲ ਕੇ ਫ਼ਾਈਨੈਂਸ ਸੈਕਟਰੀ ਸਾਹਿਬ ਲਿਖਦੇ ਹਨ ਕਿ—

> It is not the gap resulting from the reduced Central assistance alone that has to be made good, but also the gap of Rs. 3.60 crores which has been left uncovered. Besides, the emphasis should not be merely on finding funds for the next year........

ਇਹ ਬਜਟ ਚੂੰਕਿ ਮਾਰਚ ਵਿਚ ਪੇਸ਼ ਕੀਤਾ ਸੀ, ਏਸੇ ਸਾਲ ਲਈ ਫੰਡਜ਼ ਹੋਰ ਰੱਖਣੇ ਸੀ । ਇਸ ਦਾ ਮਤਲਬ ਇਹ ਹੈ ਕਿ ਇਹ ਇਸ ਸਾਲ ਵਾਸਤੇ ਹੈ—

> The emphasis should not be merely on finding funds for the next year, but also on mobilisation of receipts which will give recurring enlargement of resources to enable the State to fulfil the obligations of the Fourth Plan.

ਇਸ ਤੋਂ ਜ਼ਿਆਦਾ ਕੋਈ ਵੀ ਫਾਈਨੈਂਸ ਸੈਕਟਰੀ ਆਪਣੇ ਫ਼ਾਈਨੈਂਸ ਮਨਿਸਟਰ ਨੂੰ ਵਾਰਨਿੰਗ ਦੇ ਵੀ ਕੀ ਸਕਦਾ ਹੈ । ਏਸੇ ਸਾਲ ਇਕ ਸਪੀਚ ਵਿਚ ਉਨ੍ਹਾਂ ਨੇ ਮੈਂਬਰਾਂ ਨੂੰ ਕਿਹਾ ਕਿ ਇਹ ਕਮਿਟਮੈਂਟ ਉਨ੍ਹਾਂ ਨੇ 4 ਸਾਲ ਦੇ ਵਾਸਤੇ ਕੀਤੀ ਹੈ । ਮੇਰੀ ਇਹ ਗੱਲ ਖਬਰ ਨਹੀਂ ਉਨ੍ਹਾਂ ਦੇ ਖਿਆਲ ਵਿੱਚ ਆਉਂਦੀ ਹੈ ਜਾਂ ਨਹੀਂ ਪਰ ਮੈਂ ਇਤਨਾ ਕਹੇ ਬਗੈਰ ਰਹਿ ਨਹੀਂ ਸਕਦਾ ਕਿ ਦੇਖਣਾ ਕਿਤੇ ਪੰਜਾਬ ਦਾ ਬੇੜਾ ਨਾ ਗਰਕ ਕਰ ਦੇਣਾ ਜੇ ।

ਸ੍ਰੀ ਡਿਪਟੀ ਸਪੀਕਰ : ਪੰਡਿਤ ਜੀ, ਜੇ ਪਲੈਨ ਛਡ ਦਿੱਤੀ ਜਾਵੇ ਤਾਂ ਕੀ ਫੇਰ ਖਰਚ ਪੂਰਾ ਹੋ ਜਾਵੇਗਾ ?(ਹਾਸਾ) (Would the hon. Member please let me know whether the expenses will be fully met if the Plan is abandoned ?) (*Laughte*)

ਆਰਥਿਕ ਹਾਲਤ ਦੇ ਹੋਰ ਡਾਵਾਂਡੋਲ ਹੋਣ ਦਾ ਇਮਕਾਨ ਹੈ । ਸੋ ਮੈਂ ਅਰਜ਼ ਕਰਦਾ ਹਾਂ ਕਿ ਮੈਨੂੰ ਤਾਂ ਇਉਂ ਜਾਪਦਾ ਹੈ ਕਿ ਇਹ ਬਜਟ ਸਰਕਾਰ ਦਾ ਇਕ ਜੂਆ ਹੈ....

ਸ੍ਰੀ ਡਿਪਟੀ ਸਪੀਕਰ : ਪੰਡਤ ਜੀ, ਤੁਸੀਂ ਵਹਿਮ ਨਾ ਕਰੋ, ਤੁਸੀਂ ਜਟਾਂ ਦੀਆਂ ਛੋਟਾਂ ਨਹੀਂ ਦੇਖੀਆਂ । (ਹਾਸਾ) (The hon. Member need not bother about it. He has not seen the remissions given by the Jats) (*Laughter*)

ਪੰਡਤ ਮੋਹਨ ਲਾਲ : ਅਗਰ ਇਹ ਜੱਟਾਂ ਵਲੋਂ ਪੇਸ਼ ਹੁੰਦਾ ਤਾਂ ਮੈਂ ਕਹਿੰਦਾ ਚਲੋ ਸਾਂਘਾ ਭਰ ਅਗਾਹ ਕੀ ਤੇ ਸਾਂਘਾ ਭਰ ਪਿਛਾਂਹ ਕੀ । (ਹਾਸਾ) ਪਰ ਮੇਰੇ ਸਾਹਮਣੇ ਤਾਂ ਬਾਣੀਆਂ ਬੈਠਾ ਹੈ ਜੋ ਹਿਸਾਬ ਕਿਤਾਬ ਜਾਣਦਾ ਹੈ । (ਹਾਸਾ) ਸੋ ਮੈਨੂੰ ਤਾਂ ਇਹ ਜੁਆਰੀ ਦਾ ਪੇਸ਼ ਕੀਤਾ ਹੋਇਆ ਬਜਟ ਨਜ਼ਰ ਆਉਂਦਾ ਹੈ ਜਿਸ ਨੂੰ ਨਾ ਆਪਣੀ ਜੇਬ ਦਾ ਖਿਆਲ ਹੁੰਦਾ ਹੈ, ਨਾ ਘਰਬਾਰ ਦਾ, ਨਾ ਚੰਗੇ ਭੈੜੇ ਦਾ, ਜੋ ਬਿਨਾ ਸੋਚੇ ਸਮਝੇ ਦਾਅ ਲਗਾਈ ਜਾਂਦਾ ਹੈ ਪਈ ਦੇਖੀ ਜਾਊ ਜੋ ਹੋਊ । ਇਸੇ ਤਰ੍ਹਾਂ ਇਨ੍ਹਾਂ ਨੇ, ਇਸ ਸਰਕਾਰ ਨੇ ਆਪਣੀ ਰਾਜਨੀਤਕ ਸੱਭਾ, ਸਿਆਸੀ ਤਾਕਤ ਨੂੰ ਬਰਕਰਾਰ ਰਖਣ ਲਈ ਇਕ ਹਦ ਦਰਜੇ ਦੀ ਗੈਰਜ਼ਿੰਮੇਦਾਰੀ ਵਾਲਾ ਕੰਮ ਕੀਤਾ ਹੈ । ਇਕ ਜੁਆਰੀਏ ਦਾ ਬਜਟ ਪੇਸ਼ ਕੀਤਾ ਹੈ ।

ਇਸ ਨਾਲ ਦੇਸ਼ ਦਾ ਨੁਕਸਾਨ ਵੀ ਹੋ ਸਕਦਾ ਹੈ । ਇਹ ਜਿਹੜਾ 23 ਕਰੋੜ ਰੁਪਏ ਦਾ ਘਾਟਾ ਹੈ ਮੈਂ ਨਹੀਂ ਜਾਣਦਾ ਕਿ ਇਸ ਨੂੰ ਇਹ ਕਿਸ ਤਰ੍ਹਾਂ ਪੂਰਾ ਕਰਨ ਬਾਰੇ ਸੋਚ ਰਖਦੇ ਨੇ । ਇਸ ਗੈਪ ਨੂੰ ਪੂਰਾ ਕਰਨ ਵਾਸਤੇ, ਡਿਪਟੀ ਸਪੀਕਰ ਸਾਹਿਬ, ਫਿਨਾਂਸ ਸੈਕਟਰੀ ਨੇ ਆਪਣੇ ਮੈਮੋਰੈਂਡਮ ਵਿਚ ਕੁਝ ਸੁਝਾਉ ਦਿਤੇ ਹਨ ਉਹ ਇਸ ਤਰ੍ਹਾਂ ਦੇ ਹਨ । ਮੈਂ ਉਸੇ ਪਹਿਲੇ ਪਹਿਰੇ ਵਿਚੋਂ ਹੀ ਪੜ੍ਹਦਾ ਹਾਂ—

> "It is, therefore, necessary that, to bridge this gap, efforts should be made to mobilise additional resources and secure further assistance from the Government of India. According to previous commitments with the Planning Commission, the State Government are required to raise Rs 40 crore through additional taxation during the Fourth Plan Period. Against this target, the additional taxation imposed in the State during the year 1966-67 is estimated to yield Rs. 4.30 crore, leaving a balance of Rs. 35.70 crore to be raised in the remaining four years of the Fourth Plan period.

ਹੁਣ ਇਸ ਦੇ ਮੁਤਲਿਕ ਸਿਰਫ ਇਨ੍ਹਾਂਮੈਂ ਦਾ ਧਿਆਨ ਦਿਵਾਣਾ ਚਾਹੁੰਦਾ ਹਾਂ ਕਿ 280 ਕਰੋੜ ਦੀ ਪਲਾਨ ਵਿਚ ਇਨ੍ਹਾਂ ਨੇ ਕੀ ਅੰਕੜੇ ਦਸੇ ਹਨ । ਡਿਪਟੀ ਸਪੀਕਰ ਸਾਹਿਬ, ਬਜਟ ਸਪੀਚ ਵਿਚ ਇਨ੍ਹਾਂ ਨੇ ਕਿਹਾ ਹੈ ਕਿ 95 ਕਰੋੜ ਗੌਰਮੈਂਟ ਆਫ ਇੰਡੀਆ ਦੇਵੇਗੀ ਅਤੇ 185 ਕਰੋੜ ਅਸੀਂ ਆਪਣੇ ਕੋਲੋਂ ਪਾਵਾਂਗੇ । 185 ਕਰੋੜ ਵਿਚੋਂ 40 ਕਰੋੜ ਅਸੀਂ ਨਵੇਂ ਐਡੀਸ਼ਨਲ ਰੀਸੋਰਸਿਜ਼ ਤੋਂ ਰੇਜ਼ ਕਰਾਂਗੇ ਪਰ ਪਿਛਲੇ ਸਾਲ ਅਸੀਂ ਕੇਵਲ ਸਵਾਂ ਚਾਰ ਕਰੋੜ ਰੇਜ਼ ਕਰ ਸਕੇ ਹਾਂ । ਹਾਲੇ $35\frac{1}{2}$ ਕਰੋੜ ਹੋਰ ਰੇਜ਼ ਕਰਨਾ ਹੈ । ਇਹ ਤਾਂ ਪੁਰਾਣੀ ਗੱਲ ਹੈ ਅਜ਼ ਦੀ ਨਵੀਂ ਪੋਜ਼ੀਸ਼ਨ ਕੀ ਹੈ ? ਇਨ੍ਹਾਂ ਸਾਢੇ 35 ਕਰੋੜ ਤੋਂ ਇਲਾਵਾ 12 ਕਰੋੜ ਦਾ ਹੋਰ ਆਮਦਨ ਵਿਚ ਖਸਾਰਾ ਹੈ । ਇਸ 12 ਕਰੋੜ ਦਾ ਵੀ, ਡਿਪਟੀ ਸਪੀਕਰ ਸਾਹਿਬ, ਮੈਂ ਹਿਸਾਬ ਕਿਤਾਬ ਤੁਹਾਡੇ ਸਾਹਮਣੇ ਪੇਸ਼ ਕਰ ਸਕਦਾ ਹਾਂ । 2 ਕਰੋੜ ਤਾਂ ਇਨ੍ਹਾਂ ਟੈਕਸਾਂ ਵਿਚ ਛਡਿਆ, 6 ਕਰੋੜ ਦਾ ਨਵਾਂ ਖਰਚ ਆਪਣੇ ਜ਼ਿੰਮੇ ਲੈ ਲਿਆ ਸਰਕਾਰੀ ਮੁਲਾਜ਼ਮਾਂ ਦਾ ਡੀ. ਏ. ਵਧਾ ਕੇ । ਫਿਰ ਬੈਟਰਮੈਂਟ ਲੈਵੀ 1 ਕਰੋੜ 60 ਲਖ ਦਾ ਅਜੇ ਇਸ ਵਿਚ ਮੈਂ ਢਾਈ ਕਰੋੜ ਸ਼ਾਮਿਲ

[ਪੰਡਤ ਮੋਹਨ ਲਾਲ]

ਨਹੀਂ ਕੀਤਾ । ਇਹ ਸਾਰਾ ਸਾਢੇ 12 ਕਰੋੜ ਦਾ ਰੈਕਰਿੰਗ ਐਕਸਪੈਂਡੀਚਰ ਇਨ੍ਹਾਂ ਨੇ ਕਰਨਾ ਹੈ ਅਤੇ ਇਸ ਨੂੰ ਨਵਾਂ ਕਰੀਏਟ ਕਰ ਲਿਆ ਹੈ । ਚਾਰ ਸਾਲਾਂ ਵਿਚ ਇਨ੍ਹਾਂ ਨੇ ਇਸ ਤਰ੍ਹਾਂ 48 ਕਰੋੜ ਖਰਚ ਕਰਨਾ ਹੈ ਅਤੇ 35 ਕਰੋੜ ਮੈਂ ਪਹਿਲਾਂ ਦਸ ਆਇਆ ਹਾਂ, ਇਹ ਸਾਰਾ ਕੋਈ 85 ਕਰੋੜ ਦਾ ਇਨ੍ਹਾਂ ਨੇ ਆਪਣੇ ਰੀਸੋਰਸਿਜ਼ ਵਿਚ ਗੈਪ ਕਰੀਏਟ ਕਰ ਲਿਆ ਹੈ । ਇਸ ਗਲ ਨੂੰ ਵੇਖਦੇ ਹੋਏ ਮੈਂ ਇਸ ਬਜਟ ਨੂੰ ਜੁਆਰੀ ਦਾ ਬਜਟ ਨਾ ਆਖਾਂ ਤਾਂ ਕੀ ਆਖਾਂ? ਇਨ੍ਹਾਂ ਨੇ 280 ਕਰੋੜ ਦਾ ਪਲਾਨ ਪੂਰਾ ਕਰਨਾ ਹੈ ਪਰ ਹੱਥ ਪਲੇ ਕੁਝ ਵੀ ਨਹੀਂ । ਜੇਕਰ ਪੈਸਾ ਨਹੀਂ ਹੋਵੇਗਾ ਤਾਂ ਪੰਜਾਬ ਦਾ ਪਲਾਨ ਰੁਕ ਜਾਏਗਾ ਪੰਜਾਬ ਦੀ ਤਰੱਕੀ ਰੁਕ ਜਾਏਗੀ ਅਤੇ ਇਸ ਤਰ੍ਹਾਂ ਪੰਜਾਬ ਨੂੰ ਘਾਟਾ ਹੀ ਨਹੀਂ ਪੰਜਾਬ ਦਾ ਨੁਕਸਾਨ ਹੋਏਗਾ । ਅਸੀਂ ਇਸ ਬਾਰੇ ਪਲਾਨ ਨੂੰ ਵਧਾਣ ਲਈ ਲੜ ਲੜ ਕੇ 280 ਕਰੋੜ ਤਕ ਲਿਆਂਦਾ ਅਤੇ ਬਹੁਤ ਜ਼ੋਰ ਦੇਣ ਤੇ ਪਲਾਨਿੰਗ ਕਮਿਸ਼ਨ ਨੂੰ ਮਨਵਾਇਆ ਸੀ ਪਲਾਨਿੰਗ ਕਮਿਸ਼ਨ ਨੂੰ ਅਸੀਂ ਕਿਹਾ ਸੀ ਕਿ 300 ਕਰੋੜ ਦਾ ਪਲਾਨ ਪੰਜਾਬ ਦਾ ਹੋਣਾ ਚਾਹੀਦਾ ਹੈ ਤਾਂ ਕਿ ਪੰਜਾਬ ਦੀ ਹੋਰ ਤੇਜ਼ੀ ਨਾਲ ਤਰੱਕੀ ਹੋ ਸਕੇ ਅਤੇ ਇਸ ਦੀ ਤਰੱਕੀ ਨਾ ਰੁਕੇ ਪਰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਆਈਆਂ ਤਾਂ ਫਿਰ ਕਿਤੇ ਜਾ ਕੇ 280 ਕਰੋੜ ਦੀ ਪਲਾਨ ਪੰਜਾਬ ਲਈ ਪਾਸ ਹੋਈ । ਪਰ ਹੁਣ ਇਹ 80 ਕਰੋੜ ਦਾ ਘਾਟਾ ਪਾਣਾ ਚਾਹੁੰਦੇ ਹਨ । ਮੇਰੀ ਅਰਜ਼ ਇਹ ਹੈ ਕਿ ਇਹ ਘਾਟਾ 80 ਕਰੋੜ ਦਾ ਇਨ੍ਹਾਂ ਤੋਂ ਪੂਰਾ ਨਹੀਂ ਹੋ ਸਕਦਾ । ਇਸ ਨਾਲ ਆਰਥਕ ਨੁਕਸਾਨ ਹੋਵੇਗਾ ਅਤੇ ਪੰਜਾਬ ਦੇ ਪੈਰ ਉਖੜ ਜਾਣਗੇ । ਪੰਜਾਬ ਦੀ ਤਰੱਕੀ ਰੁਕ ਜਾਵੇਗੀ । ਇਸ ਦੀ ਜ਼ਿੰਮੇਦਾਰੀ ਇਸ ਮੌਜੂਦਾ ਸਰਕਾਰ ਦੇ ਸਿਰ ਤੇ ਆਵੇਗੀ । ਇਨ੍ਹਾਂ ਨੂੰ ਦਸਣਾ ਚਾਹੀਦਾ ਹੈ ਕਿ ਇਹ ਘਾਟਾ ਕਿਸ ਤਰ੍ਹਾਂ ਪੂਰਾ ਕਰਨਾ ਚਾਹੁੰਦੇ ਹਨ, 80 ਕਰੋੜ ਦਾ ਘਾਟਾ ਪੂਰਾ ਕਰਨ ਲਈ ਸਰਕਾਰ ਪਾਸ ਕੀ ਤਜਵੀਜ਼ਾਂ ਹਨ । ਇਨ੍ਹਾਂ ਦੇ ਫਿਨਾਂਸ ਸੈਕਟਰੀ ਨੇ ਦੋ ਤਿੰਨ ਤਜਵੀਜ਼ਾਂ ਇਨ੍ਹਾਂ ਦੇ ਸਾਹਮਣੇ ਰਖੀਆਂ ਹਨ । ਇਨ੍ਹਾਂ ਲਫਜ਼ਾਂ ਤੋਂ ਪਤਾ ਲਗਦਾ ਹੈ ਕਿ ਕਿੰਨੇ ਦੁਖੇ ਹੋਏ ਦਿਲ ਨਾਲ ਇਹ ਲਫਜ਼ ਫਿਨਾਂਸ ਸੈਕਟਰੀ ਨੇ ਦਰਜ ਕੀਤੇ ਹਨ । ਉਹ ਲਿਕਦੇ ਹਨ—

> "If, taking everything into account, Government do not favour additional taxation, the Plan could be sustained only by greater emphasis being laid on contributions from small savings, realization of outstanding arrears of loans and other Government dues and effecting recurring economics in the administrative expenditure."

ਤਿੰਨ ਰਸਤੇ ਉਨ੍ਹਾਂ ਨੇ ਦਸੇ ਹਨ ।

ਸ੍ਰੀ ਡਿਪਟੀ ਸਪੀਕਰ : ਇਸ ਵਿਚ ਪੰਡਤ ਜੀ, ਲਛਮੀ ਦੇਵੀ ਦੀ ਪੂਜਾ ਦਾ ਚੌਥਾ ਰਾਹ ਵੀ ਐਡ ਕਰ ਦਿਉ । (ਹਾਸਾ) (The hon. Member should also suggest the fourth measure of worshipping the Goddess of wealth (Lakshimi). (*Laughter*)

ਸ੍ਰੀ ਮੋਹਨ ਲਾਲ : ਅਫਸੋਸ ਤਾਂ ਇਸੇ ਗੱਲ ਦਾ ਹੈ ਕਿ ਜੱਟਾਂ ਨੇ ਲਕਸ਼ਮੀ ਦੇਵੀ ਦੀ ਪੂਜਾ ਨਹੀਂ ਕਰਨੀ, ਇਹ ਤਾਂ, ਧਨ ਉਜਾੜ ਸਕਦੇ ਨੇ ਲਿਆ ਨਹੀਂ ਸਕਦੇ । (ਹਾਸਾ) ਮੈਂ ਅਰਜ਼ ਕਰ ਰਿਹਾ ਸਾਂ ਕਿ ਮੈਂ ਇਕ ਇਕ ਆਈਟਮ ਦੇ ਮੁਤਲਕ ਕਹਿ ਸਕਦਾ ਹਾਂ । ਫਿਨਾਂਸ ਸੈਕਟਰੀ ਨੇ ਜੋ ਗੱਲ ਲਿਖੀ ਹੈ ਉਹ ਦੁਖੇ ਹੋਏ ਹਿਰਦੇ ਨਾਲ ਲਿਖੀ ਹੈ । ਬਾਕੀ ਜੋ ਮੱਦਾਂ ਨੇ ਇਨ੍ਹਾਂ ਵਿਚੋਂ

ਪੰਡਿਤ ਮੋਹਨ ਲਾਲ: ਸਾਡੇ ਛਿਆਂ ਕਾਂਗਰਸੀ ਸਜਣਾਂ ਨੂੰ ਚੁਰਾ ਕੇ ਵਜ਼ਾਰਤ ਦਾ ਵਾਅਦਾ ਕਰਕੇ ਰਿਸ਼ਵਤ ਦੇ ਕੇ ਉਧਰ ਲੈ ਗਏ ਹਨ । ਇਹ ਹੈ ਇਨ੍ਹਾਂ ਦੀ ਪਿਉਰੇਟੀ ਇਨ ਪਬਲਿਕ ਹੈਲਥ ।

ਸ਼੍ਰੀ ਡਿਪਟੀ ਸਪੀਕਰ. ਪੰਡਤ ਜੀ ਚੁਰਾ ਕੇ ਨਹੀਂ ਆਖੋ———(The hon. Member should not say *Chura ke......*)

ਪੰਡਤ ਮੋਹਨ ਲਾਲ: ਡਾਕਾ ਮਾਰ ਕੇ ਹੀ ਆਖੋ ਜੀ ਇਹ ਇਨ੍ਹਾਂ ਦੀ ਪਿਉਰੇਟੀ ਇਨ ਪਬਲਿਕ ਹੈਲਥ ਹੈ ਜਿਹੜੀ ਲੋਕਾਂ ਦੇ ਸਾਹਮਣੇ ਕਲੇਮ ਕਰਦੇ ਸਨ । ਇਸ ਦਾ ਅਜ ਸਾਰੇ ਹਿੰਦੁਸਤਾਨ ਵਿਚ ਚਰਚਾ ਹੋ ਰਿਹਾ ਹੈ। ਜੋ ਕੁਝ ਇਨ੍ਹਾਂ ਨੇ ਕੀਤਾ ਹੈ ਸਾਰੇ ਅਖਬਾਰਾਤ ਵਿਚ ਛਪਦਾ ਹੈ ..

ਸ਼੍ਰੀ ਡਿਪਟੀ ਸਪੀਕਰ: ਇਹ ਸੌਦਾ ਤਾਂ ਦਿਨ ਦੇ ਵਕਤ ਹੋਇਆ ਸੀ ਚੋਰੀ ਵਾਲੀ ਗੱਲ ਨਹੀਂ ਹੈ..This bargain was struck during the broad day light. There is nothing clandestine about it

ਪੰਡਤ ਮੋਹਨ ਲਾਲ: ਪਬਲਿਕ ਹੈਲਥ ਵਿਚ ਪਿਉਰੇਟੀ ਲਿਆਉਣ ਲਈ ਜਿਹੜੇ ਢੰਗ ਇਨ੍ਹਾਂ ਨੇ ਵਰਤੇ ਹਨ ਉਹ ਤੁਹਾਡੇ ਕੋਲੋਂ ਜਾਂ ਸਾਡੇ ਕੋਲੋਂ ਭੁਲੇ ਹੋਏ ਨਹੀਂ ਹਨ । ਜੇ ਕਰ ਮੈਂਬਰਾਂ ਨੂੰ ਇਸ ਤਰ੍ਹਾਂ ਲੈ ਜਾਣ ਨੂੰ ਹੀ ਇਹ ਪਿਉਰੇਟੀ ਇਨ ਪਬਲਿਕ ਹੈਲਥ ਸਮਝਦੇ ਹਨ ਤਾਂ ਇਹ ਇਨ੍ਹਾਂ ਨੂੰ ਹੀ ਮੁਬਾਰਕ ਹੋਵੇ ..

ਸ਼੍ਰੀ ਡਿਪਟੀ ਸਪੀਕਰ: ਪੰਡਤ ਜੀ, ਤੁਸੀਂ ਆਪਣੇ ਮੈਂਬਰਾਂ ਨੂੰ ਸਮਝਾਉ, ਇਨ੍ਹਾਂ ਤੇ ਇਤਰਾਜ਼ ਨਾ ਕਰੋ ।(The hon. member may talke care of his own pa ty men and should not blame others.)

ਪੰਡਤ ਮੋਹਨ ਲਾਲ: ਮੈਂ ਜ਼ਿਆਦਾ ਤਫਸੀਲ ਵਿਚ ਨਹੀਂ ਜਾਂਦਾ, ਇਹਸਾਡੇ ਕੁਝ ਅਜਿਹੇ ਮੈਂਬਰ ਵੀ ਲੈ ਗਏ ਜਿਨ੍ਹਾਂ ਨੂੰ ਜਨ ਸੰਘੀ ਅਤੇ ਕਮਿਊਨਿਸਟ ਭਰਾ—ਜਿਹੜੇ ਹੁਣ ਵੀ ਉਧਰ ਬੈਠੇ ਹਨ, ਸਮਗਲਰ ਕਹਿੰਦੇ ਸਨ, ਜ਼ਿਨ੍ਹਾਂ ਨੂੰ ਕੁਰਪਟ ਕਹਿੰਦੇ ਸਨ ਅਤੇ ਹੋਰ ਵੀ ਬਦਨੁਮਾ ਕਿਸਮ ਦੇ ਇਲਜ਼ਾਮਾਤ ਲਾਇਆ ਕਰਦੇ ਸਨ । ਮੈਂ ਨਹੀਂ ਸਮਝਦਾ ਕਿ ਸਰਦਾਰ ਗੁਰਨਾਮ ਸਿੰਘ ਦੇ ਪਾਸ ਕਿਹੜਾ ਜਾਦੂ ਦਾ ਡੰਡਾ ਹੈ ਜਿਸ ਦੇ ਨਾਲ ਕਿ ਜਿਹੜੇ ਮੈਂਬਰ ਜਦੋਂ ਇਧਰ ਹੁੰਦੇ ਹਨ ਤਾਂ ਉਹ ਕੁਰਪਟ ਅਤੇ ਸਮਗਲਰ ਹੁੰਦੇ ਹਨ ਪਰ ਉਧਰ ਜਾ ਕੇ ਉਹ ਫਰਿਸ਼ਤੇ ਬਣ ਜਾਂਦੇ ਹਨ (ਵਿਘਨ)

ਸ਼੍ਰੀ ਡਿਪਟੀ ਸਪੀਕਰ: ਪੰਡਤ ਜੀ, ਸੰਗਤ ਦਾ ਅਸਰ ਤਾਂ ਹੁੰਦਾ .. (ਹਾਸਾ) Pandit ji, a man is influenced by his company....) (Laughter.)

ਪੰਡਤ ਮੋਹਨ ਲਾਲ: ਜਿਹੜੇ ਤਰੀਕੇ ਇਨ੍ਹਾਂ ਨੇ ਵਰਤੇ ਹਨ ਜੇ ਕਰ ਮੈਂ ਉਨ੍ਹਾਂ ਨੂੰ ਖੋਲ੍ਹ ਕੇ ਬਿਆਨ ਕਰਾਂ ਤਾਂ ਚੰਗਾ ਨਹੀਂ ਲਗਦਾ, ਮੈਂ ਨਹੀਂ ਆਪਣੀ ਵਲੋਂ ਕਹਿਣਾ ਚਾਹੁੰਦਾ । ਮੇਰੇ ਪਾਸ ਇਕ ਚਿਠੀ ਹੈ ਉਸ ਦੀ ਨਕਲ ਸਰਦਾਰ ਆਤਮਾ ਸਿੰਘ ਨੇ ਮੈਨੂੰ ਭੇਜੀ ਹੈ ।—Copy of letter No. 1796, dated 20-3-67 addressed to Sardar Gurnam Singh, Chief Minister by Sardar Atma Singh.

[ਪੰਡਤ ਮੋਹਨ ਲਾਲ]

ਮੈਂ ਰੈਲੇਵੈਂਟ ਪਾਰਟ ਪੜ੍ਹ ਦਿੰਦਾ ਹਾਂ ਇਹ ਬਹੁਤ ਲੰਬੀ ਚਿੱਠੀ ਹੈ——

ਡਾਕਟਰ ਬਲਦੇਵ ਪ੍ਰਕਾਸ਼: ਤੁਹਾਡੇ ਵਿਚ ਰਹਿ ਕੇ ਇਹੋ ਕੁਝ ਕਰਨਾ ਸੀ ।

ਪੰਡਤ ਮੋਹਣ ਲਾਲ: ਮੈਂ ਆਪਣੀ ਕਮਜ਼ੋਰੀ ਮੰਨਦਾ ਹਾਂ ਕਿ ਜਿਹੜੇ ਲੋਕ ਸਾਡੇ ਵਿਚ ਰਹਿ ਕੇ ਡਾਕੂ ਸਨ ਜਾਂ ਚੋਰ ਸਨ ਤੁਸਾਂ ਉਨ੍ਹਾਂ ਨੂੰ ਰਾਤ ਰਾਤ ਵਿਚ ਪਿਉਰੇਟੀ ਇਨ ਪਬਲਿਕ ਲਾਈਫ ਸਿਖਾ ਦਿਤੀ ਹੈ ਅਤੇ ਨੇਕ ਬਣਾ ਦਿੱਤਾ——

ਸ੍ਰੀ ਡਿਪਟੀ ਸਪੀਕਰ: ਪੰਡਤ ਜੀ, ਇਹ ਗੱਲ ਤਾਂ ਨਹੀਂ ਹੈ ਕਿ ਉਧਰ ਸਾਰੀਆਂ ਰਿਲਿਜਅਸ ਪਾਰਟੀਜ਼ ਬੈਠੀਆਂ ਹਨ । (Pandit ji, it is not the thing that all the religious Parties are sitting on the other side.)

Pandit Mohan Lal: I have to bring to your kind notice that an enquiry was held against S. Balwant Singh, M. L. A. during the Kairon regime and the case is still pending. He was B. D. O. at Malerkotla N. E. S. Block and it is reported that he embezzled about Rs. 40,000/- out of the Block funds. The file is pending with the Punjab Govt.

Shri Balwant Singh, M. L. A. during the last 5 years has accumulated huge wealth by unfair and corrupt means. He has purchased a car worth Rs. 25000/- and two jeeps under different names.

श्री ए. विश्वानाथन: On a point of order, Sir. अगर कोई चिट्ठी किसी ने चीफ मिनिस्टर को लिखी है तो वह पेपर तो आफिशल फाईल का हिस्सा बन जाता है । मैं पूछना चाहता हूं कि क्या उस आफिशल फाईल में से कोई मैम्बर यहां पर पढ़ कर सुना सकता है ?

Mr. Deputy Speaker: It is not an original letter.

हिज़ हाईनैस नवाब मुहम्मद इफ्तिखार अली खां: On a point of order. चिट्ठी पढ़ने की जरूरत नहीं है मैं खुद ताईद करने के लिये तैयार हूं । मालेरकोटला में जो कुछ उन्हों ने किया, बेगम साहिबा उस वक्त एम. एल. ए. थीं, मुझे अच्छी तरह से मालूम है । साफ जाहर है कि उधर कमाई करने के लिये गए हैं और तो मैं कुछ कह नहीं सकता ।

Shri A. Vishvanathan: On a point of order Sir. Mr. Dy. Speaker, क्या कोई मैम्बर आफिशल रिकार्ड में से पढ़े सकता है . . . . (*Intruption*)

Mr. Deputy Speaker: Let me answer his Point of Order. If a member has got some information from some other member he can refer to it.

Pt. Mohan Lal: He is a new member, Sir.

ਸ੍ਰੀ ਲਾਲ ਚੰਦ ਸਭਰਵਾਲ: On a point of order, Sir. ਪੰਡਤ ਜੀ ਚਿੱਠੀ ਪੜ੍ਹ ਰਹੇ ਹਨ, ਕੀ ਸਾਨੂੰ ਵੀ ਦਾਸ ਕਮੀਸ਼ਨ ਦੀ ਰੀਪੋਰਟ ਪੜ੍ਹਨ ਦੀ ਇਜਾਜ਼ਤ ਹੋਵੇਗੀ ?.. .. (ਵਿਘਨ)

ਪੰਡਤ ਮੋਹਨ ਲਾਲ : ਮੈਂ ਅਰਜ਼ ਕਰਾਂ ਕਿ ਇਸ ਪਲੈਨ ਵਿੱਚ ਫਾਈਨੈਂਨਸ ਸੈਕਟਰੀ ਸਾਹਿਬ ਨੇ ਇਸ ਸਾਲ ਵਿੱਚ ਨਹੀਂ ਬਲਕਿ ਅਗਲੇ ਚਾਰ ਸਾਲ ਵਿਚ ਰੀਸੋਰਸਿਜ਼ ਰੇਜ਼ ਕਰਨ ਬਾਰੇ ਕਿਹਾ ਹੈ। ਪਰ ਮੌਜੂਦਾ ਸਰਕਾਰ ਨੇ ਉਹ ਰਾਏ ਮੰਨਣ ਦੀ ਬਜਾਏ ਪੰਜਾਬ ਦੇ ਰੀਸੋਰਸਿਜ਼ ਦੇ ਵਿਚ 10—12 ਕਰੋੜ ਰੁਪਏ ਦਾ ਘਾਟਾ ਪੈਦਾ ਕਰ ਦਿਤਾ ਹੈ। ਮੈਂ ਕਹਿ ਸਕਦਾ ਹਾਂ ਕਿ ਇਹ ਜ਼ਿੰਮੇਵਾਰੀ ਸੂਬੇ ਦੇ ਫਾਈਨੈਂਸ ਮਨਿਸਟਰ ਦੀ ਹੁੰਦੀ ਹੈ, ਇਸ ਤਰ੍ਹਾਂ ਦੇ ਅਖਰਾਜਾਤ ਦੇ ਸਟੇਟਮੈਂਟਸ ਦੀ ਜ਼ਿੰਮੇਵਾਰੀ ਵੀ ਫਾਈਨੈਂਸ ਮਨਿਸਟਰ ਸਾਹਿਬ ਦੀ ਹੀ ਹੁੰਦੀ ਹੈ। ਮੈਨੂੰ ਅਫਸੋਸ ਹੈ ਕਿ ਉਨ੍ਹਾਂ ਨੇ ਆਪਣੇ ਫਰਜ਼ ਦਾ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਨਹੀਂ ਕੀਤਾ ਜਿਸ ਜ਼ਿੰਮੇਂਵਾਰੀ ਵਿਚ ਕਿ ਉਨ੍ਹਾਂ ਨੂੰ ਖੁਦ ਅਹਿਸਾਸ ਕਰਦਿਆਂ ਨਜਿਠਣਾ ਚਾਹੀਦਾ ਸੀ।

ਏਥੇ ਟੈਕਸਾਂ ਵਿਚ ਰੀਲੀਫ ਦੇਣ ਬਾਰੇ ਵੀ ਇਕ ਗੱਲ ਕੀਤੀ ਗਈ ਹੈ, ਇਹ ਰੀਲੀਫ ਦਾ ਅਨੁਮਾਨ ਕੋਈ ਦੋ ਕਰੋੜ ਰੁਪਏ ਦਾ ਕਿਹਾ ਜਾਂਦਾ ਹੈ। ਪਹਿਲਾ ਆਈਟਮ ਇਸ ਦੇ ਵਿਚ ਲੈਂਡ ਰੈਵੇਨਿਊ ਦਾ ਹੈ। ਇਹ ਉਹ ਰਕਮ ਹੈ ਜਿਸ ਰਾਹੀਂ ਕਿ 5 ਏਕੜ ਜ਼ਮੀਨ ਦੇ ਮਾਲਕਾਂ ਨੂੰ ਮਾਲੀਏ ਦੀ ਛੋਟ ਦਿੱਤੀ ਗਈ ਹੈ। ਇਹ ਠੀਕ ਹੈ ਉਨ੍ਹਾਂ ਨੇ ਇਸ ਤਰ੍ਹਾਂ ਕਰਕੇ ਕਰੈਡਿਟ ਲਿਆ ਹੈ, ਪਰ ਇਹ ਗੱਲ ਅਮਰ ਵਾਕਿਆ ਹੈ ਕਿ ਪੁਰਾਣੀ ਸਰਕਾਰ ਵੱਲੋਂ ਵੀ ਇਕ ਇਸ ਤਰ੍ਹਾਂ ਦੀ ਤਜਵੀਜ਼ ਚਲਦੀ ਪਈ ਸੀ। ਇਸ ਦੇ ਮੁਤਾਲਿਕ 17 ਅਕਤੂਬਰ 1966 ਨੂੰ ਕਾਂਗਰਸ ਲੈਜਿਸਲੇਚਰ ਪਾਰਟੀ ਨੇ ਇਕ ਬਾਕਾਇਦਾ ਰੈਜ਼ੋਲਿਊਸ਼ਨ ਪਾਸ ਕੀਤਾ ਅਤੇ ਇਸ ਸੂਬੇ ਦੀਆਂ ਤਿੰਨਾਂ ਨਵੀਂਆਂ ਸਰਕਾਰਾਂ—ਪੰਜਾਬ, ਹਰਿਆਣਾ ਅਤੇ ਹਿਮਾਚਲ ਨੂੰ ਸਾਡੀ ਲੈਜਿਸਲੇਚਰ ਦੀ ਪਾਰਟੀ ਨੇ ਬਾਕਾਇਦਾ ਰੀਕੁਮੈਂਡ ਕਰਕੇ ਭੇਜਿਆ ਕਿ 5 ਏਕੜ ਦੇ ਲੈਂਡ ਓਨਰਜ਼ ਦਾ ਮਾਲੀਆਂ ਮੁਆਫ ਕੀਤਾ ਜਾਵੇ।

(**ਇਕ ਆਨਰੇਬਲ ਮੈਂਬਰ :** ਤੁਹਾਡੇ ਵਕਤ ਤਾਂ ਇਹ ਗੱਲ ਕਾਗਜ਼ਾਂ ਦੇ ਵਿਚ ਹੀ ਰਹੀ)

ਸਾਨੂੰ ਇਸ ਗੱਲ ਦਾ ਜੇ ਅਹਿਸਾਸ ਸੀ ਤਾਂ ਅਸੀਂ ਕੁਝ ਕਰ ਰਹੇ ਸੀ। ਮੈਂ ਇਸ ਗੱਲ ਤੋਂ ਵੀ ਮੁਨਕਿਰ ਨਹੀਂ ਕਿ ਇਹ ਚੀਜ਼ ਕਾਗਜ਼ਾਂ ਦੇ ਵਿਚ ਰਹੀ, ਮੈਂ ਮੰਨਦਾ ਹਾਂ ਪਰ ਇਹ ਦੇਰੀ ਇਸ ਲਈ ਹੋ ਰਹੀ ਸੀ ਕਿ ਅਸੀਂ ਪੂਰੀ ਜ਼ਿੰਮੇਵਾਰੀ ਦੇ ਨਾਲ ਕੰਮ ਕਰਨਾ ਚਾਹੁੰਦੇ ਸੀ। ਇਹ ਗੱਲ ਮੈਂ ਫਾਈਨੈਂਸ ਸੈਕਟਰੀ ਨੂੰ ਆਖੀ ਸੀ ਕਿ ਤੁਸੀਂ ਹਿਸਾਬ ਕਿਤਾਬ ਲਗਾਉ ਕਿ ਜੇ 5 ਏਕੜ ਵਾਲਿਆਂ ਨੂੰ ਛੋਟ ਦੇਈਏ ਤਾਂ ਕਿਤਨੀ ਰਕਮ ਬਣਦੀ ਹੈ, ਜੇ 10 ਏਕੜ ਵਾਲਿਆਂ ਨੂੰ ਛੋਟ ਦੇਈਏ ਤਾਂ ਕਿਤਨੀ ਰਕਮ ਬਣਦੀ ਹੈ। ਮੈਂ ਖੁਦ ਇਸ ਮੁਆਮਲੇ ਬਾਰੇ ਤਾਂ ਹਦਾਇਤਾਂ ਦਿਤੀਆਂ ਸੀ ਕਿਉਂਜੋ ਮੈਨੂੰ ਚੀਫ ਮਨਿਸਟਰ ਸਾਹਿਬ ਨੇ ਕੁਝ ਇਸ ਮੈਟਰ ਨੂੰ ਜਲਦੀ ਨਜਿਠਣ ਲਈ ਹਦਾਇਤਾਂ ਦਿੱਤੀਆਂ ਸਨ। ਐਨੀ ਕੋਸ਼ਿਸ਼ ਕਰਨ ਦੇ ਬਾਵਜੂਦ ਵੀ ਕੋਈ ਇਲਜ਼ਾਮ ਲਾਉਣਾ, ਇਨ੍ਹਾਂ ਵਾਸਤੇ ਮੁਨਾਸਿਬ ਨਹੀਂ ਹੈ। ਇਸ ਤਰ੍ਹਾਂ ਦੀਆਂ ਗੱਲਾਂ ਕਿ ਵੋਟਾਂ ਲੈਣ ਦੀ ਖਾਤਰ ਕੀਤਾ ਜਾਂਦਾ ਸੀ, ਮੈਂ ਇਸ ਵਿਚ ਕੋਈ ਸਦਾਕਤ ਨਹੀਂ ਸਮਝਦਾ। ਇਹ ਕਰੈਡਿਟ ਇਸ ਸਰਕਾਰ ਤੋਂ ਪਹਿਲੀ ਗਵਰਮੈਂਟ ਨੂੰ ਜਾਂਦਾ ਹੈ ਜਿਨ੍ਹਾਂ ਨੇ ਇਸ ਮੁਆਮਲੇ ਨੂੰ ਇਨੀਸ਼ੀਏਟ ਕੀਤਾ, ਹੁਣ ਸਵਾਲ ਅਗਰ ਸੀ ਤੋਂ ਫੰਡਜ਼ ਦੀ ਗੁੰਜਾਇਸ਼ ਦਾ ਸੀ।

ਡਿਪਟੀ ਸਪੀਕਰ ਸਾਹਿਬ, ਦੋ ਟੈਕਸਾਂ ਦੀ ਹੋਰ ਛੋਟ ਦਿੱਤੀ ਹੈ। ਇਕ ਹੈ Professional Taxes leviable by the Panchayat Samitis and other Local Bodies—35 Lakhs. ਦੂਸਰਾ ਹੈ to ablish professional tax levied under the Punjab Professions, Trader, calling and Employment Taxation Act.।

[ਪੰਡਤ ਮੋਹਨ ਲਾਲ]

ਤੁਸੀਂ ਡਿਪਟੀ ਸਪੀਕਰ ਸਾਹਿਬ, ਅੰਦਾਜ਼ਾ ਲਗਾਓ ਕਿ ਪੰਜਾਬ ਪਰੋਫੈਸ਼ਨਜ਼ ਟੈਕਸ ਰਾਹੀਂ 40,000,00/- ਰੁਪਏ ਦਾ ਘਾਟਾ ਪੈ ਜਾਣਾ ਹੈ ਕਿਉਂਕਿ ਇਨ੍ਹਾਂ ਐਕਟਾਂ ਰਾਹੀਂ $1\frac{1}{4}$ ਕਰੋੜ ਅਸੈਸੀਜ਼ ਹਨ ਜਿਨ੍ਹਾਂ ਵਿਚੋਂ 30,000 ਨੂੰ ਛੋਟ ਮਿਲਣੀ ਹੈ । ਮੈਨੂੰ ਇਸ ਗੱਲ ਦਾ ਕੋਈ ਇਤਰਾਜ਼ ਨਹੀਂ ਸੀ ਜੋ ਉਨ੍ਹਾਂ ਬੰਦਿਆਂ ਨੂੰ ਛੋਟ ਦਿੱਤੀ ਜਾਂਦੀ ਹੈ ਜਿਨ੍ਹਾਂ ਦੀ ਆਮਦਨ ਘਟ ਹੈ । ਪਰ ਇਸ ਰਾਹੀਂ ਤੁਸੀਂ ਉਨ੍ਹਾਂ ਨੂੰ ਵੀ ਛੋਟ ਦੇਣੀ ਹੈ ਟੈਕਸਿਜ਼ ਦੀ ਜਿਨ੍ਹਾਂ ਦੀ ਆਮਦਨ ਇਕ ਲੱਖ ਜਾਂ ਦੋ ਲੱਖ ਹੋਵੇ । ਮੈਨੂੰ ਇਸ ਗੱਲ ਦੇ ਵਿਚ ਕੋਈ ਜਸਟੀਫੀਕੇਸ਼ਨ ਦਿਖਾਈ ਨਹੀਂ ਦਿੰਦੀ । ਛੋਟੇ ਪਰੋਫੈਸ਼ਨ ਵਾਲਿਆਂ ਨੂੰ ਟੈਕਸਿਜ਼ ਦੀ ਛੋਟ ਨੂੰ ਜਿਥੇ ਮੈਂ ਐਪਰੀਸ਼ੀਏਟ ਕਰਦਾ ਹਾਂ ਉਥੇ ਉਨ੍ਹਾਂ ਨੂੰ ਛੋਟ ਦੇਣੀ ਜਿਨ੍ਹਾਂ ਦੀ ਮਾਕੂਲ ਆਮਦਨ ਹੈ ਇਹ ਇਨ੍ਹਾਂ ਦੀ ਗਲ ਮੇਰੀ ਅਕਲ ਦੇ ਵਿਚ ਨਹੀਂ ਆਉਂਦੀ ।

ਇਸੇ ਤਰ੍ਹਾਂ ਪ੍ਰਾਪਰਟੀ ਟੈਕਸ ਅਤੇ ਹਾਊਸ ਟੈਕਸ ਦੀ ਛੋਟ ਦਾ ਵੀ ਜਿਥੇ ਸਵਾਲ ਹੈ ਉਥੇ ਜੇ ਤੁਸੀਂ ਇਕੋ ਜਿਹਾ ਵਰਤਾਰਾ ਕਰੋਗੇ ਤਾਂ ਉਸ ਨਾਲ ਮੈਂ ਨਹੀਂ ਸਮਝ ਸਕਦਾ ਤੁਸੀਂ ਗਰੀਬ ਅਸੈਸੀ ਅਤੇ ਮਾਕੂਲ ਪ੍ਰਾਪਰਟੀ ਦੇ ਮਾਲਕਾਂ ਵਿਚ ਕੀ ਫਰਕ ਸਮਝਦੇ ਹੋਏ ਇਕੋ ਜਿਹਾ ਵਰਤਾਰਾ ਕਰੋਗੇ । ਤੁਹਾਨੂੰ ਅਸੈਸੀ ਤੇ ਅਸੈਸੀ ਵਿਚ ਫਰਕ ਪਾਉਣਾ ਹੀ ਪਵੇਗਾ ....

ਸ਼੍ਰੀ ਡਿਪਟੀ ਸਪੀਕਰ: ਪੰਡਿਤ ਜੀ, ਇਹ ਤਾਂ ਸਾਡੇ ਵੱਡੇ ਦਿਲਾਂ ਦੀਆਂ ਗੱਲਾਂ ਹਨ । (ਹਾਸਾ) (Pandit ji, these things show our large heartedness) (Laughter).

ਪੰਡਤ ਮੋਹਨ ਲਾਲ: ਬਾਤ ਤਾਂ ਦਰਅਸਲ ਇਹ ਹੈ ਕਿ ਇਨ੍ਹਾਂ ਨੇ ਬਜਟ ਪੁਲੀਟੀਕਲ

4-00 P.M. | ਐਂਗਲ ਤੋਂ ਬਣਾਇਆ ਹੈ ਕੋਈ ਆਰਥਿਕ ਅਤੇ ਇਕੋਨੋਮਿਕ ਸੋਚ ਰਤੀ ਭਰ ਵੀ ਨਹੀਂ ਵਰਤੀ ਗਈ । ਸਿਰਫ ਇਸੇ ਗਲ ਦਾ ਖਿਆਲ ਰਖਿਆ ਹੈ ਕਿ ਹਾਏ ਸਾਡੀਆਂ ਕੁਰਸੀਆਂ ਦੀ ਪਕੜ ਮਜ਼ਬੂਤ ਰਹੇ । ਇਸੇ ਗੱਲ ਨੂੰ ਧਿਆਨ ਵਿਚ ਰਖਿਆ ਗਿਆ ਹੈ । ਇਨ੍ਹਾਂ ਨੇ ਬਜਟ ਨੂੰ ਬਣਾਉਣ ਦੇ ਵਿਚ ਅਤੇ ਦੂਸਰਿਆਂ ਕੰਮਾਂ ਵਿਚ ਐਨੀਆਂ ਨਿਕੰਮੀਆਂ ਗੱਲਾਂ ਕੀਤੀਆਂ ਹਨ ਕਿ ਜਿਨ੍ਹਾਂ ਲਈ ਮੈਂ ਸਖਤ ਲਫਜ਼ ਨਹੀਂ ਵਰਤਣਾ ਚਾਹੁੰਦਾ । ਤੁਹਾਡਾ ਧਿਆਨ ਇਨ੍ਹਾਂ ਦੀ ਪਹਿਲੀ ਪਾਲਿਸੀ ਸਟੇਟਮੈਂਟ ਵਲ ਦਿਵਾਉਣਾ ਚਾਂਹੁੰਦਾ ਹਾਂ । ਗਵਰਨਰ ਸਾਹਿਬ ਦੇ ਐਡਰੈਸ ਵਿਚ ਸਫਾ ਤਿੰਨ ਤੇ ਦਿਤਾ ਹੋਇਆ ਹੈ—

..—The new Govt. are most anxious to set up and maintain highest standard of purity and justice in public life as well as in administration.

ਡਿਪਟੀ ਸਪੀਕਰ ਸਾਹਿਬ, ਹਾਈਐਸਟ ਸਟੈਂਡਰਡ ਆਫ ਪਿਊਰੇਟੀ ਅੰਡ ਜਸਟਿਸ ਇਨ ਪਬਲਿਕ ਹੈਲਥ ਐਜ਼ਵੈਲ ਐਜ਼ ਇਨ ਐਡਮਿਨਿਸਟਰੇਸ਼ਨ— ਐਡਮਿਨਿਸਟਰੇਸ਼ਨ ਦੇ ਮੁਤਾਲਿਕ ਤਾਂ ਫਿਰ ਵੇਖਿਆ ਜਾਵੇਗਾ ਲੇਕਿਨ ਇਹ ਪਬਲਿਕ ਹੈਲਥ ਵਿਚ ਬਹੁਤ ਪਿਊਰੇਟੀ ਲਿਆਏ ਹਨ, ਉਹ ਸਾਰੀ ਦੁਨੀਆ ਦੇ ਸਾਹਮਣੇ ਆ ਗਈ ਹੈ .. (ਵਿਘਨ)

ਸ਼੍ਰੀ ਡਿਪਟੀ ਸਪੀਕਰ: ਹੋਰ ਕਿਸੇ ਦੀ ਨਹੀਂ ਤਾਂ ਤੁਹਾਡੀ ਤਾਂ ਪਿਊਰੇਟੀ ਕਰ ਦਿਤੀ ਹੈ । (ਹਾਸਾ) (If not others, at least you have been purified.)

ਪੰਡਤ ਮੋਹਣ ਲਾਲ : ਨਾ ਸਿਰਫ ਪੜ੍ਹਣ ਦੀ ਹੀ ਇਜਾਜ਼ਤ ਹੋਵੇਗੀ ਬਲਕਿ ਉਸ ਨੂੰ ਆਪਣੇ ਘਰ ਅਲਮਾਰੀ ਵਿਚ ਸੰਭਾਲ ਕੇ ਰਖਣ ਦੀ ਵੀ ਇਜਾਜ਼ਤ ਹੋਵੇਗੀ । ਤੁਸੀਂ ਬਟਾਲੇ ਵਿਚ ਗਲੀ ਗਲੀ ਅਤੇ ਘਰ ਘਰ ਦਾਸ ਕਮੀਸ਼ਨ ਦੀ ਰੀਪੋਰਟ ਲਈ ਫਿਰਦੇ ਰਹੇ ਹੋ । ਮੈਨੂੰ ਵੋਟਰਜ਼ ਨੇ 5000 ਵੋਟਾਂ ਨਾਲ ਜਿਤਾਇਆ ਹੈ ਮੈਂ ਜੁੱਤੀ ਮਾਰ ਕੇ ਜਿਤ ਕੇ ਇਥੇ ਅਇਆ ਹਾਂ, ਐਵੇਂ ਨਹੀਂ ਆਇਆ ।

(ਵਿਘਨ)

ਸ੍ਰੀ ਲਾਲ ਚੰਦ ਸਭਰਵਾਲ : ਵੋਟਰਾਂ ਤੇ ਜੁੱਤੀ ਮਾਰ ਕੇ ਆਏ ਹੋ?

(ਵਿਘਨ)

ਪੰਡਤ ਮੋਹਨ ਲਾਲ : ਮੇਰੀ ਅਰਜ਼ ਹੈ ਕਿ ਜ਼ਿਆਦਾ ਨਹੀਂ ਪੜ੍ਹਦਾ, ਸਿਰਫ ਥੋੜਾ ਜਿਹਾ ਹੀ ਹੋਰ ਪੜ੍ਹ ਦੇਂਦਾ ਹਾਂ ।

> "He has purchased landed property in his own name and other names in various villages of Sultanpur Block and has installed Tubewells also. He has got a huge bank balance in his name."

It has further been stated in the letter that —

> "This is a clear cheating and emezzlement case."

ਇਹ ਤਿੰਨ ਚਾਰਜਿਜ਼ ਲਗਾ ਕੇ ਭੇਜੇ ਹਨ ।

ਸ੍ਰੀ ਡਿਪਟੀ ਸਪੀਕਰ : ਪੰਡਤ ਜੀ, ਕਬੀਲਦਾਰ ਆਦਮੀ ਨੂੰ ਮੁਆਫ਼ ਕਰ ਦਿਉ । ਤੁਸੀਂ ਗੱਲ ਕਰ ਦਿੱਤੀ ਹੈ । ਹੁਣ ਇਸ ਚੀਜ਼ ਵਿਚ ਐਂਟਰ ਨਾ ਕਰੋ । (Let the hon. Member excuse a family man. He has said the thing and need not enter into the matter further.)

ਇਕ ਮਾਨਯੋਗ ਮੈਂਬਰ : ਮੈਂ ਪੁਛਣਾ ਚਾਹੁਦਾ ਹਾਂ ਕਿ ਤੁਸਾਂ ਜਿਸ ਵਕਤ ਸਰਦਾਰ ਬਲਵੰਤ ਸਿੰਘ ਨੂੰ ਟਿਕਟ ਦਿੱਤੀ ਸੀ ਕੀ ਉਸ ਵੇਲੇ ਉਹ ਚੰਗਾ ਸੀ ਔਰ ਹੁਣ ਉਹ ਮਾੜਾ ਹੋ ਗਿਆ ?

ਸ੍ਰੀ ਡਿਪਟੀ ਸਪੀਕਰ : ਜੱਥੇਦਾਰ ਜੀ, ਇਸ ਤਰ੍ਹਾਂ ਦੀਆਂ ਗੱਲਾਂ ਨਾ ਕਰੋ । (The hon. Member should not say such things.)

ਪੰਡਤ ਮੋਹਨ ਲਾਲ : ਡਿਪਟੀ ਸਪੀਕਰ ਸਾਹਿਬ, ਇਸ ਚਿੱਠੀ ਦੇ ਉਤੇ ਇਨ੍ਹਾਂ ਨੇ ਇਤਰਾਜ਼ ਕਰ ਦਿੱਤਾ ਹੈ, ਲਉ ਉਨ੍ਹਾਂ ਦੀ ਸਟੇਟਮੈਂਟ ਹੀ ਸੁਣ ਲਉ ਜਿਹੜੀ ਕਿ ਕੱਲ ਹੀ ਅਖਬਾਰ ਵਿਚ ਆਈ ਹੈ । ਇਹ ਸਟੇਟਮੈਂਟ ਮੈਂ ਆਪ ਨੂੰ ਪੜ੍ਹ ਕੇ ਸੁਣਾਉਂਦਾ ਹਾਂ ਤਾਕਿ ਕਿਸੇ ਨੂੰ ਇਤਰਾਜ਼ ਨਾ ਹੋਵੇ ।

"सरदार आत्मा सिंह जनरल सैक्रेटरी शिरोमणी अकाली दल मास्टर ग्रुप ने एक बयान में इनकशाफ़ किया कि वज़ारत का लालच दे कर और कुरप्शन के मुकद्दमात चलाने की धमकी दे कर फरंट सरकार ने जिस तरह कांग्रेस के चार पांच मेम्बर तोड़े हैं इस से अकाली हलके बेहद परेशान हैं . . . . फरंट अपनी गद्दी बचाने के लिए जिस तरह कुरपट कांग्रेसियों को (विघ्न) न सिर्फ पनाह दे रहा है बल्कि उन्हें वजीरियां पेश कर रहा है इस ने तो आला सतह पर स्यासी कुरप्शन

[ਪੰਡਤ ਮੋਹਨ ਲਾਲ]

की इन्तहा करती है...... सरदार आतमा सिंह ने कहा कि सरदार सतनाम सिंह बाजवा के खिलाफ कुरप्शन और समगलिंग के अलजामात असम्बली में जन संघी और कम्युनिस्ट मैम्बर लगा चुके हैं और सरदार बलवन्त सिंह के खिलाफ मैंने ऐसे ही अलजामात लगाए हैं और सरदार लच्छमन सिंह गिल को 20 मार्च को चिट्ठी लिखी थी। अकाली दल महसूस करता है कि ऐसे मैम्बरों को शामिल करने और उन्हें वजारतों की जिम्मेवारियां सौंपने से फरंट सरकार की जड़े खोखली हो रही हैं। आप ने सन्त फतेह सिंह से भी अपील की कि वह मदाखलत करके इस सयासी कुरप्शन को रोकें।"

ਇਹ ਬਿਆਨ ਤਾਂ ਹੈ ਸਰਦਾਰ ਆਤਮਾ ਸਿੰਘ ਜੀ ਦਾ। ਇਸ ਤੋਂ ਅਲਾਵਾ ਮਾਸਟਰ ਤਾਰਾ ਸਿੰਘ ਜੀ ਦਾ ਬਿਆਨ ਵੀ ਸੁਣ ਲਉ। ਮੈਂ ਉਨ੍ਹਾਂ ਦੇ ਬਿਆਨ ਵਿਚੋਂ ਸਿਰਫ ਦੋ ਲਫਜ਼ ਹੀ ਪੜ੍ਹ ਕੇ ਸੁਣਾਉਂਦਾ ਹਾਂ।

ਸ੍ਰੀ ਡਿਪਟੀ ਸਪੀਕਰ: ਪੰਡਿਤ ਜੀ, ਤੁਹਾਡਾ ਟਾਈਮ ਕਾਫੀ ਹੋ ਗਿਆ ਹੈ। (The hon. Member has taken enough of time.)

ਪੰਡਿਤ ਮੋਹਨ ਲਾਲ: ਮੈਂ ਆਪਣੀ ਪਾਰਟੀ ਦੇ ਟਾਈਮ ਵਿਚੋਂ ਹੀ ਵਕਤ ਲੈ ਲਵਾਂਗਾ, ਤੁਸੀਂ ਐਡਜਸਟ ਕਰ ਲੈਣਾ। ਇਸ ਤੋਂ ਅਲਾਵਾ ਮੈਂ ਮਾਸਟਰ ਤਾਰਾ ਸਿੰਘ ਜੀ ਦਾ ਬਿਆਨ ਵੀ ਆਪ ਦੇ ਸਾਹਮਣੇ ਪੇਸ਼ ਕਰਦਾ ਹਾਂ। 7 ਮਈ, 1967, ਦੀ ਟਰਿਬਿਊਨ ਵਿਚ ਇਹ ਬਿਆਨ ਛਪਿਆ ਸੀ। ਉਨ੍ਹਾਂ ਬਾਰੇ ਲਿਖਿਆ ਹੈ ਕਿ:

> "He told pressmen that to buy members offering offices was the highest type of political corruption.......Any Ministry full of such undependable elements could not claim to be honest."

ਉਨ੍ਹਾਂ ਨੇ ਸਾਰੀ ਤਫਸੀਲ ਬਿਆਨ ਕੀਤੀ ਹੈ, ਤਫਸੀਲਨ ਬਿਆਨ ਦਿਤਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਸਾਰੀਆਂ ਅਖਬਾਰਾਂ ਦੇ ਹਵਾਲੇ ਨਹੀਂ ਦਿਤੇ। ਮੈਂ ਉਹ ਸਾਰੇ ਕੁਮੈਂਟਸ ਆਪ ਦੇ ਸਾਹਮਣੇ ਪੇਸ਼ ਨਹੀਂ ਕੀਤੇ ਜੋ ਸਾਰੀ ਦੁਨੀਆਂ ਦੀਆਂ ਅਖਬਾਰਾਂ ਨੇ ਕੀਤੇ ਹਨ। ਸਿਰਫ ਮਾਸਟਰ ਤਾਰਾ ਸਿੰਘ ਔਰ ਸਰਦਾਰ ਆਤਮਾ ਸਿੰਘ ਦੇ ਬਿਆਨ ਇਸ ਖਾਤਰ ਪੜੇ ਹਨ ਕਿਉਂਕਿ ਇਹ ਜਿਹੜੀ ਗੌਰਮੈਂਟ ਦੀ ਯੂਨੀਅਨ ਬਣੀ ਹੋਈ ਹੈ, ਉਸ ਯੂਨਾਈਟਿਡ ਫਰੰਟ ਦੇ ਉਹ ਵੀ ਹਿੱਸੇਦਾਰ ਹਨ। ਉਹ ਇਸ ਵਿਚ ਇਕ ਪਾਰਟੀ ਹਨ ਔਰ ਉਨ੍ਹਾਂ ਦਾ ਵੀ ਇਸ ਵਿਚ ਹਿੱਸਾ ਹੈ। ਇਸ ਖਾਤਰ ਮੈਂ ਸਿਰਫ ਉਨ੍ਹਾਂ ਦੀ ਉਪੀਨੀਅਨ ਕੋਟ ਕੀਤੀ ਹੈ ਜਿਹੜੇ ਕਿ ਇਸ ਯੂਨਾਈਟਿਡ ਫਰੰਟ ਮਨਿਸਟਰੀ ਵਿਚ ਹਿੱਸੇਦਾਰ ਪਾਰਟੀ ਹਨ। (ਵਿਘਨ)

ਚੀਫ ਮਨਿਸਟਰ ਨੇ ਆਪਣਾ ਜਵਾਬ ਦਿੰਦੀਆਂ ਕੁਝ ਗੱਲਾਂ ਆਖੀਆਂ। ਸਾਨੂੰ ਤਾਅਨੇ ਦਿਤੇ ਕਿ ਜੇ ਸੰਨ 1962 ਵਿਚ ਤੁਸੀਂ ਚੌਧਰੀ ਲਖੀ ਸਿੰਘ ਔਰ ਸਰਦਾਰ ਦਲੀਪ ਸਿੰਘ ਨੂੰ ਲੈ ਜਾ ਸਕਦੇ ਸੋ ਤਾਂ ਹੁਣ ਸੰਨ 1967 ਵਿਚ ਕੀ ਹੋ ਗਿਆ ਹੈ? ਇਸ ਦੇ ਮੁਤਅਲਕ ਮੈਂ ਉਨ੍ਹਾਂ ਕੋਲੋਂ ਸਿਰਫ ਇਕ ਸਵਾਲ ਪੁਛਦਾ ਹਾਂ, ਉਹ ਲੋਕਾਂ ਦੇ ਸਾਹਮਣੇ ਖੋਲ੍ਹ ਕੇ ਦਸਣ। ਸੰਨ 1962 ਵਿਚ ਜਦੋਂ ਚੌਧਰੀ ਲਖੀ ਸਿੰਘ ਔਰ ਸਰਦਾਰ ਦਲੀਪ ਸਿੰਘ ਸਾਡੇ ਵਾਲੇ ਪਾਸੇ ਆ ਕੇ ਬੈਠ ਗਏ ਸਨ ਤਾਂ ਉਸ ਵਕਤ ਕੀ ਇਹ ਸਹੀ ਨਹੀਂ ਕਿ ਸਰਦਾਰ ਗੁਰਨਾਮ ਸਿੰਘ ਔਰ ਸਾਰੇ ਪੰਜਾਬ ਨੇ ਇਹ ਕਿਹਾ ਸੀ ਕਿ ਇਹ ਹਾਈਐਸਟ ਕਾਈਂਡ ਆਫ ਪੁਲਿਟੀਕਲ ਕੁਰਪਸ਼ਨ ਹੈ?

ਉਸ ਵੇਲੇ ਉਨ੍ਹਾਂ ਨੇ ਸਾਡੀ ਕਾਂਗਰਸ ਪਾਰਟੀ ਨੂੰ ਬਹੁਤ ਬੁਰੇ ਬੁਰੇ ਲਫਜ਼ਾਂ ਵਿਚ ਬਦਨਾਮ ਕੀਤਾ ਸੀ। ਕਿਹਾ ਕਿ ਇਹ ਬੜੀ ਮਾੜੀ ਪਾਰਟੀ ਹੈ, ਮਾੜਾ ਕੰਮ ਕੀਤਾ ਹੈ, ਕੁਰਪਸ਼ਨ ਕੀਤਾ ਹੈ, ਇਹ ਕੀਤਾ ਹੈ, ਉਹ ਕੀਤਾ ਹੈ। ਮੈਂ ਉਨ੍ਹਾਂ ਤੋਂ ਇਕ ਸਟਰੇਟ ਕੁਅਸਚਨ ਪੁਛਦਾ ਹਾਂ। ਉਹ ਇਸ ਗੱਲ ਦਾ ਜਵਾਬ ਦੇਣ ਕਿ ਜਿਸ ਗੱਲ ਨੂੰ ਉਹ ਸੰਨ 1962 ਵਿਚ ਪੁਲਿਟੀਕਲ ਕੁਰਪਸ਼ਨ ਕਹਿੰਦੇ ਸਨ ਉਹ ਸੰਨ 1967 ਵਿਚ ਆ ਕੇ ਪਿਊਰਿਟੀ ਆਫ ਪਬਲਿਕ ਲਾਈਫ ਕਿਸ ਤਰ੍ਹਾਂ ਬਣ ਗਈ ?

ਸ੍ਰੀ ਡਿਪਟੀ ਸਪੀਕਰ: ਪੰਡਿਤ ਜੀ, ਜਿਹੜੀ ਗਰਦਿਸ਼ੇ ਅਯਾਮ ਹੁੰਦੀ ਹੈ ਉਸ ਦੇ ਨਾਲ ਗੱਲਾਂ ਬਦਲ ਜਾਂਦੀਆਂ ਹਨ। (I would like to tall the hon. Member, Pandit Mohan Lal that the things change with the change of times.)

ਪੰਡਿਤ ਮੋਹਨ ਲਾਲ: ਤੁਸੀਂ 6 ਮੈਂਬਰ ਕਾਂਗਰਸ ਪਾਰਟੀ ਵਿਚੋਂ ਲੈ ਗਏ ਔਰ ਛੇਆਂ ਨੂੰ ਹੀ ਮਨਿਸਟਰ ਬਣਾ ਦਿਤਾ, ਕੀ ਇਹੀ ਤੁਹਾਡੀ ਪਿਊਰਿਟੀ ਆਫ ਪਬਲਿਕ ਲਾਈਫ ਹੈ ?

ਸ੍ਰੀ ਡਿਪਟੀ ਸਪੀਕਰ: ਪੰਡਿਤ ਜੀ, ਤੁਹਾਨੂੰ ਤਾਂ ਖੁਸ਼ ਹੋਣਾ ਚਾਹੀਦਾ ਹੈ ਕਿ ਤੁਹਾਨੂੰ ਉਥੇ ਬੈਠੇ ਹੀ ਮਨਿਸਟਰੀਆਂ ਮਿਲੀ ਜਾਂਦੀਆਂ ਹਨ। (ਹਾਸਾ) (The hon. Member should feel happy that they get Ministerships while sitting on the opposition Benches).

ਪੰਡਿਤ ਮੋਹਨ ਲਾਲ: ਅਸੀਂ ਤਾਂ ਖੁਸ਼ ਹੀ ਹਾਂ। ਔਰ ਉਹ ਖੁਸ਼ੀ ਸਾਡੀ ਇਹ ਹੈ ਕਿ ਇਹ ਇਤਨੇ ਨਿਕੰਮੇ ਹਨ ਕਿ ਬਗੈਰ ਕਾਂਗਰਸਮੈਨ ਨੂੰ ਨਾਲ ਰਲਾਇਆਂ ਮਨਿਸਟਰੀ ਵੀ ਨਹੀਂ ਬਣਾ ਸਕਦੇ। ਹਾਂ ਤੇ ਮੈਂ ਇਸ ਗੱਲ ਨੂੰ ਦੁਹਰਾ ਕੇ ਕਹਿਣਾ ਚਾਹੁੰਦਾ ਹਾਂ ਕਿ ਸੰਨ 1962 ਵਿਚ ਸਰਦਾਰ ਗੁਰਨਾਮ ਸਿੰਘ ਜੀ ਕਹਿੰਦੇ ਸਨ ਕਿ ਕਾਂਗਰਸ ਪਾਰਟੀ ਨੇ ਆਪੋਜ਼ੀਸ਼ਨ ਵਿਚੋਂ ਦੋ ਆਦਮੀਆਂ ਨੂੰ ਲੈ ਜਾ ਕੇ ਪੁਲਿਟੀਕਲ ਕੁਰਪਸ਼ਨ ਕੀਤੀ ਹੈ ਮਗਰ ਅਜ ਜਿਹੜਾ ਉਹ 6 ਆਦਮੀਆਂ ਨੂੰ ਲੈ ਗਏ ਹਨ ਮਨਿਸਟਰੀਆਂ ਦੇ ਲਾਲਚ ਦੇ ਕੇ ਔਰ ਸੌਦੇਬਾਜ਼ੀ ਕਰਕੇ ਖਿਚ ਲਗਏ ਹਨ ਕੀ ਉਹ ਪੁਲਿਟੀਕਲ ਕੁਰਪਸ਼ਨ ਨਹੀਂ ਤਾਂ ਹੋਰ ਕੀ ਹੈ ? ਡਿਪਟੀ ਸਪੀਕਰ ਸਾਹਿਬ, ਉਦੋਂ ਔਰ ਅੱਜ ਵਿਚ ਜ਼ਮੀਨ ਆਸਮਾਨ ਦਾ ਫਰਕ ਹੈ। ਠੀਕ ਹੈ ਕਿ ਚੌਧਰੀ ਲਖੀ ਸਿੰਘ ਔਰ ਸਰਦਾਰ ਦਲੀਪ ਸਿੰਘ ਸਾਢੇ ਚਾਰ, ਪੌਣੇ ਪੰਜ ਸਾਲ ਇਧਰ ਸਾਡੇ ਨਾਲ ਬੈਠੇ ਮਗਰ ਉਨ੍ਹਾਂ ਨੂੰ ਕਾਂਗਰਸ ਪਾਰਟੀ ਦਾ ਬਕਾਇਦਾ ਮੈਂਬਰ ਵੀ ਨਹੀਂ ਬਣਾਇਆ ਗਿਆ ਸੀ। ਇਸ ਤੋਂ ਅਲਾਵਾ ਇੰਡੀਪੈਂਡੈਂਟ ਵੀ ਸਾਡੇ ਪਾਸੇ ਗਏ ਸਨ ਕੋਈ 19/20 ਦੀ ਤਾਦਾਦ ਵਿਚ ਗਏ ਸਨ। ਇਸ ਤਰ੍ਹਾਂ ਕੋਈ 21 ਆਦਮੀ ਗਏ ਸਨ--ਮਗਰ ਇਹ ਇਕ ਹਕੀਕਤ ਹੈ ਕਿ ਇੱਕੀਆਂ ਵਿਚੋਂ ਇਕ ਨੂੰ ਵੀ ਮਨਿਸਟਰੀ ਜਾਂ ਕੋਈ ਹੋਰ ਅੱਹੁਦਾ ਨਹੀਂ ਦਿਤਾ ਗਿਆ ਸੀ। ਡਿਪਟੀ ਸਪੀਕਰ ਸਾਹਿਬ, ਤੁਸੀਂ ਵੇਖੋ ਕਿ ਇਸ ਵਕਤ ਇਸ ਯੂਨਾਈਟਿਡ ਫਰੰਟ ਗੌਰਮਿੰਟ ਦੇ 16 ਮੈਂਬਰ ਹਨ, ਉਨ੍ਹਾਂ ਵਿਚੋਂ 6 ਕਾਂਗਰਸੀ, ਚਾਰ ਇੰਡੀਪੈਂਡੈਂਟ, ਇਕ ਰੀਪਬਲਿਕਨ ਪਾਰਟੀ ਦਾ, ਇਕ ਜਨ ਸੰਘੀ, ਇਕ ਕਮਿਊਨਿਸਟ, ਦੋ ਅਕਾਲੀ ਔਰ ਫਿਰ ਚੀਫ ਪਾਰਲੀਮੈਂਟਰੀ ਸੈਕਟਰੀ ਵੀ ਅਕਾਲੀ। ਜ਼ਰਾ ਇਨ੍ਹਾਂ ਦੀ ਮਨਿਸਟਰੀ ਦੀ ਬਣਤਰ ਤਾਂ ਦੇਖੋ। ਤੁਸੀਂ ਕਾਂਗਰਸ ਨਾਲ ਮੁਕਾਬਲਾ ਕਰਦੇ ਹੋ ? ਕਾਂਗਰਸ ਪਾਰਟੀ ਵੇਲੇ ਜਿਤਨੇ ਵੀ ਮਨਿਸਟਰ ਸੀ ਸਾਰੇ ਦੇ ਸਾਰੇ ਕਾਂਗਰਸੀ ਸੀ। ਅਗਰ ਦਸ ਮਨਿਸਟਰ ਸਨ ਤਾਂ ਦਸੇ ਹੀ ਕਾਂਗਰਸੀ ਸਨ ਔਰ ਅਗਰ 16 ਸਨ ਤਾਂ ਸੋਲਾਂ ਦੇ ਸੋਲਾਂ ਹੀ ਕਾਂਗਰਸ ਪਾਰਟੀ ਦੇ ਸਨ। ਕਿਸੇ ਵੀ ਗੈਰ-ਕਾਂਗਰਸੀ ਨੂੰ ਮਨਿਸਟਰ ਨਹੀਂ ਸੀ ਅਸਾਂ ਬਣਾਇਆ।

ਸ਼੍ਰੀ ਡਿਪਟੀ ਸਪੀਕਰ: ਅਸੀਂ ਵੰਡ ਕੇ ਛਕਣ ਵਿਚ ਯਕੀਨ ਰਖਦੇ ਹਾਂ। (ਹਾਸਾ) (We believe in sharing with others.)

ਪੰਡਿਤ ਮੋਹਨ ਲਾਲ: ਡਿਪਟੀ ਸਪੀਕਰ ਸਾਹਿਬ, ਮੈਂ ਆਪਣੀ ਹਾਰ ਮੰਨਦਾ ਹਾਂ। ਸੋ ਇਹ ਮੈਂ ਇਸ ਕਰਕੇ ਅਰਜ਼ ਕਰ ਰਿਹਾ ਸੀ ਕਿ ਕਾਂਗਰਸ ਪਾਰਟੀ ਨੂੰ ਉਲਾਂਭਾ ਦਿੰਦੇ ਹਨ ਕਿ ਸੰਨ 1962 ਵਿਚ ਅਸੀਂ ਇਨ੍ਹਾਂ ਦੇ ਦੋ ਬੰਦੇ ਲੈ ਗਏ ਸਾਂ ਔਰ ਇਸ ਖਾਤਰ ਇਹ ਅਜ ਸਾਡੇ ਛੇ ਲੈ ਗਏ ਹਨ। ਅਸੀਂ ਉਨ੍ਹਾਂ 4 ਆਦਮੀਆਂ ਨੂੰ ਆਪਣੀ ਪਾਰਟੀ ਦੀ ਲਿਸਟ ਤੇ ਨਹੀਂ ਲਿਆਏ। ਫਿਰ 21-22 ਉਹ ਸਾਰੇ ਦੇ ਸਾਰੇ ਮੈਂਬਰ ਹੀ ਰਹੇ, ਸਾਡੀ ਲਿਸਟ ਤੇ ਨਹੀਂ ਆਏ। ਮਗਰ ਇਹ ਅਜ ਉਨ੍ਹਾਂ ਨੂੰ ਉਧਰ ਲੈਂਦੇ ਹਨ ਤਾਂ ਰਾਤੋ ਰਾਤ ਉਨ੍ਹਾਂ ਨੂੰ ਮਨਿਸਟਰੀ ਵਿਚ ਲੈ ਲੈਂਦੇ ਹਨ। 6 ਸਾਡੇ ਮੈਂਬਰ ਲਏ, 6 ਹੀ ਵਜ਼ੀਰ ਬਣਾ ਦਿਤੇ, 4 ਇੰਡੀਪੈਂਡੇਂਟਸ ਲਏ, 4 ਹੀ ਮਨਿਸਟਰ ਬਣਾ ਦਿਤੇ....

ਸ਼੍ਰੀ ਡਿਪਟੀ ਸਪੀਕਰ ਤੁਹਾਨੂੰ ਪਤਾ ਨਹੀਂ, ਸਾਡਾ ਪਰੋਗਰਾਮ ਇਨਕਲਾਬੀ ਹੈ। (ਹਾਸਾ) (The hon. Member does not know that our programme is revolutionary. (*Laughter.*)

ਪੰਡਿਤ ਮੋਹਨ ਲਾਲ ਠੀਕ ਹੈ ਜੀ। ਇਹ ਸਾਨੂੰ ਉਲਾਂਭੇ ਦਿੰਦੇ ਹਨ, ਤਾਅਨੇ ਦਿੰਦੇ ਹਨ। ਕਹਿੰਦੇ ਹਨ ਭਜਨ ਲਾਲ ਨੂੰ ਲੈ ਜਾਕੇ ਅਸੀਂ ਪਹਿਲ ਕੀਤੀ ਸੀ। ਜ਼ਰਾ ਮੁਕਾਬਲਾ ਕਰੋ। ਭਜਨ ਲਾਲ ਸਾਡਾ ਉਹ ਪੁਰਾਣਾ ਤੇ ਪੱਕਾ ਕਾਂਗਰਸੀ ਮੈਂਬਰ ਹੈ ਜੋ ਪਿਛਲੇ ਅਕਤੂਬਰ ਨਵੰਬਰ ਵਿਚ ਪਰਦੇਸ਼ ਕਾਂਗਰਸ ਦਾ ਮੈਂਬਰ ਸੀ। (ਵਿਘਨ) ਠੀਕ ਹੈ, ਉਸ ਨੂੰ ਇਨਸਾਫ ਨਾ ਮਿਲਿਆ, ਟਿਕਟ ਨਾ ਮਿਲਿਆ, ਇੰਡੀਪੈਂਡੇਂਟ ਖੜ੍ਹਾ ਹੋਇਆ। ਉਹ ਸਾਡੇ ਨਾਲ ਰੁਸੇ ਹੋਏ ਸਨ ਵਰਨਾ ਉਹ ਜਮਾਂਦਰੂ ਅਤੇ ਪੁਰਾਣੇ ਕਾਂਗਰਸੀ ਹਨ, ਸਾਰੀ ਉਮਰ ਕਾਂਗਰਸ ਵਿਚ ਰਹੇ ਹਨ, ਪੱਕੇ ਕਾਂਗਰਸੀ ਹਨ, ਚੰਗੇ ਕਾਂਗਰਸੀ ਹਨ....(ਵਿਘਨ) ਰੁਸੇ ਹੋਏ ਸਨ। ਇਸੇ ਕਰਕੇ ਐਜ਼ ਇੰਡੀਪੈਂਡੇਂਟ ਆਏ। ਮੁੜ ਸਾਡੇ ਵਿਚ ਸ਼ਾਮਿਲ ਹੋ ਗਏ ਤਾਂ ਸਰਦਾਰ ਗੁਰਨਾਮ ਸਿੰਘ ਉਲਾਂਭਾ ਕਾਹਦਾ ਦਿੰਦੇ ਹਨ? (ਵਿਘਨ) ਉਨ੍ਹਾਂ ਨੂੰ ਇਹ ਗਲ ਭੁਲ ਗਈ ਕਿ ਜੋ 6 ਆਦਮੀ ਤੁਸੀਂ ਲੈ ਗਏ ਹੋ ਉਹ ਕਾਂਗਰਸ ਦੇ ਟਿਕਟ ਤੇ ਕਾਮਯਾਬ ਹੋਏ ਉਨ੍ਹਾਂ ਵਿਚੋਂ ਕਿਸੇ ਨੇ ਕਿਸੇ ਜਨ ਸੰਘੀ ਨੂੰ ਅਤੇ ਕਿਸੇ ਨੇ ਕਿਸੇ ਅਕਾਲੀ ਜਥੇਦਾਰ ਨੂੰ ਹਰਾਇਆ। ਉਹ ਕਾਂਗਰਸ ਦੀ ਆਈਡਿਆਲੋਜੀ ਤੇ ਆਏ। ਤੁਸੀਂ ਕਿਸ ਤਰ੍ਹਾਂ ਉਨ੍ਹਾਂ ਦਾ ਮੁਕਾਬਲਾ ਭਜਨ ਲਾਲ ਨਾਲ ਕਰਦੇ ਹੋ....(ਵਿਘਨ) ਬਹਾਨੇ ਨਾ ਕਰੋ। (ਵਿਘਨ)

Mr. Deputy Speaker: No side talking please.

ਪੰਡਤ ਮੋਹਨ ਲਾਲ ਕੋਈ ਬਹਾਨਾ ਕੰਮ ਨਹੀਂ ਆ ਸਕਦਾ, ਕੋਈ ਡਿਫੈਂਸ ਮਦਦ ਨਹੀਂ ਕਰ ਸਕਦਾ। ਇਨ੍ਹਾਂ ਨੇ ਜੋ ਸਭ ਤੋਂ ਪਹਿਲੀ purity in public life ਬਾਰੇ ਡੈਕਲੇਅਰੇਸ਼ਨ ਕੀਤੀ ਸੀ ਉਸ ਬਾਰੇ ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਇਨ੍ਹਾਂ ਦੇ ਕੰਡਕਟ ਨਾਲ ਪਬਲਿਕ ਲਾਈਫ ਵਿਚ ਜਿੰਨੀ ਬੇਈਮਾਨੀ ਆਈ ਹੈ, ਉਸ ਦੀ ਮਿਸਾਲ ਨਹੀਂ ਮਿਲਦੀ, ਗਿਰਾਵਟ ਦੀ ਹੱਦ ਹੋ ਗਈ ਹੈ, ਰਿਸ਼ਵਤਾਂ ਦਿਤੀਆਂ, ਝੂਠੇ ਮੁੱਕਦਮੇ ਬਣਾਏ, ਇਨਕੁਆਇਰੀਜ਼ ਦਾ ਦਬਾਉ ਪਾਕੇ, ਗਰਜ਼ ਕਿ ਹਰ ਨਾਜਾਇਜ਼ ਹਰਬਾ ਇਸਤੇਮਾਲ ਕਰਕੇ, ਇਨ੍ਹਾਂ ਨੇ ਸਾਡੇ ਮੈਂਬਰ ਤੋੜੇ ਹਨ। ਇਤਨੀ ਗੰਦੀ ਮਿਸਾਲ ਹਿਸਟਰੀ ਵਿਚ ਹੋਰ ਕਿਤੇ ਨਹੀਂ ਮਿਲੇਗੀ। (ਵਿਘਨ)

ਸ਼੍ਰੀ ਡਿਪਟੀ ਸਪੀਕਰ: ਜਥੇਦਾਰਾਂ ਦੀ ਇਨਵੀਟੇਸ਼ਨ ਵੀ ਸੁਣ ਲਉ । ਕਹਿੰਦੇ ਹਨ ਆਪ ਵੀ ਆ ਜਾਉ । (The hon. Member may attend to the invitation by Jathedar. He is extending you an invitation.)

ਪੰਡਤ ਮੋਹਣ ਲਾਲ ਮੈਂ ਅਰਜ਼ ਕਰਦਾ ਹਾਂ ਕਿ ਇਹ ਸੰਜੀਦਗੀ ਨਾਲ ਸੋਚਣ ਕਿ ਇਨ੍ਹਾਂ ਗਿਰੀਆਂ ਹੋਈਆਂ ਕਾਰਵਾਈਆਂ ਦਾ ਪੰਜਾਬ ਦੇ ਲੋਕਾਂ ਤੇ ਕਿੰਨਾ ਬੁਰਾ ਅਸਰ ਪੈਂਦਾ ਹੈ । ਹੁਣ ਹਾਲਤ ਇਹ ਹੈ ਕਿ ਇਨ੍ਹਾਂ ਦੇ ਬਿਆਨਾਂ ਤੇ ਕਿਸੇ ਨੂੰ ਭਰੋਸਾ ਨਹੀਂ ਰਿਹਾ । ਇਨ੍ਹਾਂ ਦੀ ਇਨਟੈਗਰਿਟੀ ਤੇ ਭਰੋਸਾ ਨਹੀਂ ਰਿਹਾ । ਹਰ ਕੋਈ ਸਮਝ ਗਿਆ ਹੈ ਕਿ ਕੁਰਸੀਆਂ ਨੂੰ ਚੰਬੜੇ ਰਹਿਣ ਲਈ ਹਰ ਕਿਸਮ ਦੀਆਂ ਕੁਰਪਟ ਪਰੈਕਟਿਸਿਜ਼ ਕਰਨ ਵਾਲੀ ਇਹ ਸਰਕਾਰ ਹੈ । ਪੰਜਾਬ ਵਿਚ ਲਾਅ ਐਂਡ ਆਰਡਰ ਦੀ ਹਾਲਤ ਇਹ ਹੈ ਕਿ ਲੋਕਾਂ ਨੂੰ ਵਿਸ਼ਵਾਸ ਨਹੀਂ ਰਿਹਾ ਕਿ ਪੰਜਾਬ ਵਿਚ ਕੋਈ ਹਕੂਮਤ ਵੀ ਹੈ । ਗੁੰਡਾਗਰਦੀ ਅਤੇ ਲਾਅ-ਲੈਸਨੈਸ ਇਤਨੀ ਵਧੀ ਹੋਈ ਹੈ ਕਿ ਕਿਸੇ ਵੀ ਧੀ ਭੈਣ ਦੀ ਇਜ਼ਤ ਦਿਨ ਦਿਹਾੜੇ ਲੁੱਟੀ ਜਾ ਰਹੀ ਹੈ, ਕੋਈ ਪੁਛਣ ਵਾਲਾ ਨਹੀਂ । ਅਜ ਜਿਸ ਤਰ੍ਹਾਂ ਡਾਕੇ ਪੈ ਰਹੇ ਹਨ, ਜਿਸ ਤਰ੍ਹਾਂ ਖੁਦ ਪੁਲਿਸ ਮੁਜਰਮਾਂ ਨਾਲ ਮਿਲਕੇ ਜੁਰਮ ਕਰ ਰਹੀ ਹੈ ਇਸ ਦੀ ਮਿਸਾਲ ਨਹੀਂ ਮਿਲਦੀ । ਕਾਨੂੰਨ ਦੇ ਮੁਹਾਫ਼ਜ਼ ਖੁਦ ਕਾਨੂੰਨ ਦੀ ਮਿੱਟੀ ਪਲੀਤ ਕਰ ਰਹੇ ਹਨ । (ਵਿਘਨ) ਇਹ ਹਸਦੇ ਨੇ । ਮੇਰੇ ਪਾਸ ਇਸ ਵੇਲੇ ਸਮਾਂ ਨਹੀਂ ਹੈ ਨਹੀਂ ਤਾਂ ਮੈਂ ਜਨ ਸੰਘ ਪਾਰਟੀ ਵਲੋਂ ਪਾਸ ਕੀਤੇ ਹੋਏ ਰੈਜ਼ੋਲਿਊਸ਼ਨ ਪੜ੍ਹਕੇ ਸੁਣਾਉਂਦਾ ਜਿਨ੍ਹਾਂ ਵਿਚ ਲਾਅ-ਲੈਸਨੈਸ ਤੇ ਤਸ਼ਵੀਸ਼ ਜ਼ਾਹਰ ਕੀਤੀ ਗਈ ਹੈ । ਗੁੰਡਾਗਰਦੀ ਵਧ ਗਈ ਹੈ । ਮੈਂ ਪੁਲਿਸਮੈਨ ਦੇ ਇੰਸਟਾਂਸਿਜ਼ ਪੇਸ਼ ਕਰਦਾ ਕਿ ਕਿਸ ਤਰ੍ਹਾਂ ਉਹ ਖੁਦ ਜੁਰਮ ਕਰਨ ਵਿਚ ਕਿਵੇਂ ਦਲੇਰ ਹੋ ਗਏ ਹਨ । ਉਹ ਕਹਿੰਦੇ ਹਨ ਸਾਨੂੰ ਕੋਈ ਕੀ ਕਹਿ ਸਕਦਾ ਹੈ । ਗੁੰਡੇ ਕਹਿੰਦੇ ਹਨ ਹਕੂਮਤ ਸਾਡੀ ਹੈ । ਇਸ ਤੋਂ ਤੁਸੀਂ ਅੰਦਾਜ਼ਾ ਲਗਾ ਲਉ ਕਿ ਕਿਸ ਦਾ ਰਾਜ ਹੈ । (ਆਪੋਜ਼ੀਸ਼ਨ ਵਲੋਂ ਤਾੜੀਆਂ) ਮੁਜਰਮ ਕਹਿੰਦੇ ਹਨ ਸਾਡੀ ਹਕੂਮਤ ਹੈ । ਇਸ ਲਈ ਅਸੀਂ ਕਹਿੰਦੇ ਹਾਂ ਕਿ ਜ਼ਰਾ ਝਾਤੀ ਮਾਰ ਕੇ ਵੇਖੋ ਉਹ ਪਿਊਰਿਟੀ ਇਨ ਲਾਈਫ਼ ਕਿਥੇ ਹੈ ।

ਨਾਅਹਿਲੀਅਤ ਦੀ ਅਗਰ ਗਲ ਕਰਾਂ ਤਾਂ ਇਨ੍ਹਾਂ ਦੀ ਗੈਰਜ਼ਿੰਮੇਦਾਰੀ ਦੀ ਕੋਈ ਹੱਦ ਨਹੀਂ ਹੈ । ਤੁਸੀਂ ਤਾਂ ਵਾਕਫ਼ ਹੋ ਕਿ ਕਿੰਨੀ ਦੇਰ ਤੋਂ ਇਲਾਨ ਹੁੰਦੇ ਪਏ ਹਨ ਕਿ ਅਜ ਕਣਕ ਦਾ ਭਾ ਕਢਾਂਗੇ, ਕਲ ਫ਼ਿਕਸ ਕਰਾਂਗੇ, ਪਰਸੋਂ ਕਰਾਂਗੇ, ਮਗਰ ਅਜ ਤਕ ਕੁਝ ਨਹੀਂ ਕੀਤਾ ਗਿਆ । ਮੇਰੇ ਪਾਸ ਇਨ੍ਹਾਂ ਦੀਆਂ ਬਹੁਤ ਸਾਰੀਆਂ ਇਸ ਤਰ੍ਹਾਂ ਦੀਆਂ ਸਟੇਟਮੈਂਟਸ ਹਨ ਪਰ ਮੈਂ ਸਿਰਫ਼ ਯਾਦਾਸ਼ਤ ਤਾਜ਼ਾ ਕਰਾਉਣ ਲਈ ਇਕ ਦੋ ਹੀ ਪੜ੍ਹ ਕੇ ਸੁਣਾਵਾਂਗਾ । 17 ਅਪਰੈਲ ਨੂੰ ਚੰਡੀਗੜ੍ਹ ਵਿਚ ਫੂਡ ਮਨਿਸਟਰ ਸਾਹਿਬ ਨੇ ਬਿਆਨ ਦਿਤਾ । ਇਹ ਟ੍ਰਿਬਿਊਨ ਵਿਚ ਛਪਿਆ ਹੈ ।

'Tribune,' dated 17th April, 1967—

He said that prices will be announced within this week.

ਇਹੀ ਨਹੀਂ, ਹੁਣ ਚੀਫ਼ ਮਨਿਸਟਰ ਸਾਹਿਬ ਦਾ ਬਿਆਨ ਪੜ੍ਹ ਲਉ । ਇਹ ਉਨ੍ਹਾਂ ਨੇ 24 ਅਪਰੈਲ ਨੂੰ ਦਿੱਤਾ ਅਤੇ ਇਹ 25 ਅਪਰੈਲ ਦੇ ਟ੍ਰਿਬਿਊਨ ਵਿਚ ਛਪਿਆ । ਇਹ ਹੈ:

The Punjab Government proposes to fix the floor and spurt price of wheat tomorrow. The Chief Minister, Sardar Gurnam Singh told newsmen here......

24 ਤਰੀਕ ਨੂੰ ਇਨ੍ਹਾਂ ਨੇ ਬਿਆਨ ਦਿਤਾ ਕਿ 25 ਤਰੀਕ ਨੂੰ ਕੀਮਤਾਂ ਮੁਕੱਰਰ ਕਰ ਦੇਣੀਆਂ ਹਨ । ਪਰ ਅਜ ਤਕ ਕੁਝ ਨਹੀਂ ਹੋਇਆ । ਜਿਥੇ ਇਹ ਹਾਲ ਹੋਵੇ ਉਥੇ ਬਿਆਨਾਂ ਦੀ

[ਪੰਡਤ ਮੋਹਨ ਲਾਲ]

ਸੈਂਕਟਿਟੀ ਕੀ ਰਹੀ। ਅਜ ਕਲ੍ਹ ਕਰਦੇ ਇਨ੍ਹਾਂ 8 ਤਰੀਕ ਕਰ ਦਿਤੀ ਹੈ, ਲੋਕਾਂ ਨੂੰ ਭਾ ਦਾ ਪਤਾ ਨਹੀਂ ਕਿ ਕੀ ਮੁਕੱਰਰ ਹੋਇਆ ਹੈ, ਕਿਉਂਕਿ ਸਰਕਾਰ ਵਲੋਂ ਮੁਕੱਰਰ ਕੀਤਾ ਹੀ ਨਹੀਂ ਗਿਆ। (ਸ਼ੇਮ, ਸ਼ੇਮ, ਦੀਆਂ ਅਵਾਜ਼ਾਂ ਆਪੋਜ਼ੀਸ਼ਨ ਵਲੋਂ) ਹਾਂ, ਅਖਬਾਰਾਂ ਵਿਚ ਰਿਪੋਰਟਾਂ ਪੜ੍ਹੀਆਂ ਹਨ ਕਿ ਇਹ ਸੀਕਰਿਟ ਇਨਸਟ੍ਰਕਸ਼ਨਜ਼ ਹਨ ਕਿ ਇਤਨਾ ਭਾ ਹੋਵੇ ਤਾਂ ਖਰੀਦ ਲਉ, ਇਤਨਾ ਹੋ ਜਾਵੇ ਤਾਂ ਖਰੀਦ ਬੰਦ ਕਰ ਦਿਉ। ਕੀ ਲੋਕਾਂ ਨੂੰ ਹਕ ਨਹੀਂ ਹੈ ਇਹ ਪੁਛਣ ਦਾ ਕਿ ਕੀ ਭਾ ਮੁਕੱਰਰ ਕੀਤਾ ਹੈ ਤਾਕਿ ਉਹ ਕੋਈ ਚਾਰਾ ਜੋਈ ਕਰ ਸਕਣ, ਆਪਣਾ ਮਨ ਦਸ ਸਕਣ? ਲੋਕਾਂ ਨੂੰ ਇਨ੍ਹਾਂ ਦੇ ਬਿਆਨਾਂ ਤੇ ਵਿਸ਼ਵਾਸ ਕਿਵੇਂ ਹੋ ਸਕਦਾ ਹੈ? ਫਿਰ ਇਹੀ ਨਹੀਂ, ਖਿਆਨ ਵੀ ਕਈ ਕਿਸਮ ਦੇ ਦਿਤੇ ਹਨ। ਕੀਮਤਾਂ ਦੇ ਮੁਤੱਲਕ ਗਿਲ ਸਾਹਿਬ ਨੇ 17 ਅਪਰੈਲ ਨੂੰ ਸਟੇਟਮੈਂਟ ਦਿਤੀ ਕਿ 80-90 ਰੁਪਏ ਕੁਵਿੰਟਲ ਕਣਕ ਲੈਕੇ 140 ਦੇ ਭਾ ਤੇ ਦੂਜੇ ਸੂਬਿਆਂ ਨੂੰ ਦੇਵਾਂਗੇ। ਹਾਲੇ ਮੈਂ ਇਸ ਤੇ ਕਮੈਂਟ ਨਹੀਂ ਕਰਦਾ। ਜਦੋਂ ਫੈਸਲਾ ਕਰਨਗੇ ਤਾਂ ਕਮੈਂਟ ਕਰਾਂਗਾ. . .

ਇਕ ਆਵਾਜ: ਇਹ ਖਬਰ 'ਮਿਲਾਪ' ਦੀ ਹੋਣੀ ਹੈ।

ਪੰਡਤ ਮੋਹਨ ਲਾਲ: ਨਹੀਂ ਜੀ, ਇਹ 'ਹਿੰਦ ਸਮਾਚਾਰ' ਦੀ ਖਬਰ ਹੈ ਜਿਸ ਦੇ ਆਪ ਬੜੇ ਮੁਦਈ ਹੋ. . . .

ਮੈਂ ਅਰਜ਼ ਕਰਦਾ ਸੀ ਕਿ ਮਨਿਸਟਰ ਸਾਹਿਬ 90 ਰੁਪਏ ਤਕ ਕਣਕ ਦਾ ਭਾ ਮੁਕਰਰ ਕਰਨ ਦਾ ਇਲਾਨ ਕਰਦੇ ਨੇ ਤੇ ਉਸੇ ਦਿਨ ਯਾਨੀ 17 ਅਪਰੈਲ ਨੂੰ ਹੀ ਅਖਬਾਰ ਵਿਚ ਇਕ ਹੋਰ ਖਬਰ ਛਪਦੀ ਹੈ।

ਸ਼੍ਰੀ ਡਿਪਟੀ ਸਪੀਕਰ: ਉਸ ਵਕਤ ਸਲਾਹ ਨਹੀਂ ਸੀ ਬਣੀ। (ਹਾਸਾ) (Nothing was settled at the time.) (*Laughter*)

ਪੰਡਤ ਮੋਹਨ ਲਾਲ: 17 ਅਪਰੈਲ ਨੂੰ ਇਕ ਹੋਰ ਖਬਰ ਛਪਦੀ ਹੈ ਕਿ 'ਪੰਜਾਬ ਮੇਂ ਗੇਂਦਮ ਕੇ ਭਾਉ ਕੰਮ ਸੇ ਕੰਮ 65 ਰੁਪਏ ਕਵਿੰਟਲ ਕਰ ਦੇਨੇ ਕਾ ਇਲਾਨ।'

ਇਸ ਤਰ੍ਹਾਂ ਇਕੋ ਦਿਨ ਵਿਚ ਸਰਕਾਰ ਵੱਲੋਂ ਦੋ ਖਬਰਾਂ ਸੈਲਫ ਕੰਟਰਾਡਿਕਟਰੀ ਛਪਦੀਆਂ ਹਨ ਕਿ ਇਕ 90 ਰੁਪਏ ਭਾ ਦੀ ਤੇ ਦੂਜੀ 65 ਰੁਪਏ ਕਵਿੰਟਲ ਦੇ ਭਾ ਦੀ।

ਸ਼੍ਰੀ ਡਿਪਟੀ ਸਪੀਕਰ: ਪੰਡਤ ਜੀ, ਇਕ ਮੀਟਿੰਗ ਸ਼ਹਿਰ ਵਿਚ ਤੇ ਇਕ ਪਿੰਡ ਵਿਚ ਹੋਈ ਹੋਣੀ ਹੈ ਜਿਥੇ ਇਲਾਨ ਕੀਤਾ ਗਿਆ। (ਹਾਸਾ) (ਹੀਅਰ) (ਹੀਅਰ) (One meeting might have been held in a city and the other in any village where these statements were given.) (*Laughter*. (*Hear, haer*) . . . .

ਪੰਡਤ ਮੋਹਨ ਲਾਲ: ਡਿਪਟੀ ਸਪੀਕਰ ਸਾਹਿਬ, ਇਸ ਤੋਂ ਬਾਅਦ ਸਾਡੇ ਫਿਨਾਂਸ ਮਨਿਸਟਰ ਦਾ ਬਿਆਨ 20 ਅਪਰੈਲ ਨੂੰ ਨਿਕਲਿਆ 'ਕਿ 'ਗੰਦਮ ਕਾ ਕੰਮ ਸੇ ਕੰਮ ਭਾਉ 65 ਸੇ 70 ਰੁਪਏ ਕੁਵਿੰਟਲ ਮੁਕੱਰਰ ਹੋਗਾ।' ਡਾਕਟਰ ਬਲਦੇਵ ਪ੍ਰਕਾਸ਼ ਕਾ ਇਲਾਨ।

ਇਹ ਸੀ 20 ਅਪਰੈਲ ਦੀ ਗੱਲ। ਹੋਰ ਵੀ ਕਈ ਬਿਆਨ ਹਨ।

ਇਕ ਹੋਰ ਬਿਆਨ ਪੜ੍ਹ ਦਿੰਦਾ ਹਾਂ, ਇਹ ਜਰਨੈਲ ਸਪੈਰੋ ਦਾ ਹੈ, 30 ਅਪਰੈਲ ਦਾ ਜਿਸ ਵਿਚ ਇਹ ਲਿਖਿਆ ਹੈ- -(*Interruptions*)

.....The Revenue Minister Mr. Rajinder Singh told newsmen here yesterday that the procurement price of wheat would not be less than Rs. 70 per quintal.

ਇਹ ਵੱਖ ਵੱਖ ਬਿਆਨ ਇਨ੍ਹਾਂ ਨੇ ਦਿੱਤੇ ਹਨ ।

ਸ਼੍ਰੀ ਡਿਪਟੀ ਸਪੀਕਰ: ਪੰਡਤ ਜੀ, ਇਨ੍ਹਾਂ ਸਾਰਿਆਂ ਦੀ ਐਵਰੇਜ ਕਢ ਲਉ । (ਹਾਸਾ) (The hon. Member should work out the average of all these statements.) (*Laughter.*)

ਪੰਡਤ ਮੋਹਨ ਲਾਲ: ਜੇਕਰ ਮੇਰੇ average ਕੱਢਣ ਨਾਲ ਲੋਕਾਂ ਦੀ ਤਸਲੀ ਹੋ ਜਾਂਦੀ ਹੋਵੇ ਤਾਂ ਮੈਨੂੰ ਕੋਈ ਇਤਰਾਜ਼ ਨਹੀਂ । ਲੇਕਿਨ ਅਜ ਗਰੋਅਰ ਨਾਲ ਇਹ ਕੀ ਇਨਸਾਫ ਕਰ ਰਹੇ ਹਨ ਕਿ ਅਜ 8 ਮਈ ਹੋ ਗਈ ਹੈ ਅਤੇ ਦੋ ਹਫਤਿਆਂ ਤੋਂ ਮੰਡੀ ਵਿਚ ਕਣਕ ਆ ਰਹੀ ਹੈ ਪਰ ਗਰੋਅਰ ਨੂੰ ਅਜੇ ਤਕ ਨਹੀਂ ਪਤਾ ਕਿ ਸਰਕਾਰ ਨੇ ਕੀ ਭਾ ਮੁਕੱਰਰ ਕੀਤਾ ਹੈ । ਕੰਜ਼ਿਊਮਰ ਨੂੰ ਨਹੀਂ ਪਤਾ ਕਿ ਕੀ ਭਾ ਹੈ । ਤੇ ਇਨ੍ਹਾਂ ਨੇ ਜੋ ਇਲਾਨ ਕੀਤੇ ਹਨ ਉਹ ਮੁਰਦਾ ਬੋਲਿਆ ਤੇ ਖਫਨ ਪਾੜਿਆ ਵਾਲੀ ਗਲ ਹੈ । ਇਨ੍ਹਾਂ ਦੇ ਬਿਆਨਾਂ ਤੇ, ਤੁਸੀਂ ਆਪ ਅੰਦਾਜ਼ਾ ਲਗਾਉ ਕੀ ਵਿਸ਼ਵਾਸ਼ ਲੋਕਾਂ ਨੂੰ ਹੋ ਸਕਦਾ ਹੈ । ਕੀ ਯਕੀਨ ਹੋ ਸਕਦਾ ਹੈ ਇਨ੍ਹਾਂ ਦੀ ਗਲ ਤੇ ? ਮੈਂ ਤਾਂ, ਡਿਪਟੀ ਸਪੀਕਰ ਸਾਹਿਬ, ਚੰਦ ਮਿਸਾਲਾਂ ਦਿੱਤੀਆਂ ਹਨ । ਇਸ ਵਾਸਤੇ ਮੈਂ ਅਰਜ਼ ਕਰਾਂਗਾ ਕਿ ਇਸ ਪੱਖ ਵਿਚ ਬਹੁਤ ਸਮਾਂ ਅਗੇ ਹੀ ਲਿਆ ਜਾ ਚੁਕਿਆ ਹੈ । ਇਸ ਤੋਂ ਜ਼ਿਆਦਾ ਹੋਰ ਸਮਾਂ ਲੈਣਾ ਮੁਨਾਸਬ ਨਹੀਂ ਹੋਵੇਗਾ । ਮੈਂ ਇਸ ਖਾਤਰ ਅਰਜ਼ ਕਰਾਂਗਾ ਕਿ ਇਸ ਗੌਰਮੈਂਟ ਨੂੰ ਜ਼ਿੰਮੇਦਾਰੀ ਦਾ ਅਹਿਸਾਸ ਕਰਨਾ ਚਾਹੀਦਾ ਹੈ । ਜੋ ਗੱਲ ਮੂੰਹ ਕਢਦੇ ਹਨ ਉਸ ਤੇ ਅਮਲ ਕਰਨ । ਇਨ੍ਹਾਂ ਬਾਰੇ ਜੋ ਅਕਸ ਲੋਕਾਂ ਤੇ ਪੈ ਰਿਹਾ ਹੈ ਉਹ ਇਹ ਹੈ ਕਿ ਕਹਿੰਦੇ ਕੁਝ ਹੋਰ ਹਨ ਅਤੇ ਕਰਦੇ ਕੁਝ ਹੋਰ ਹਨ । ਇਨ੍ਹਾਂ ਬਾਰੇ ਇਹ ਜਿਹੜਾ ਇਮਪਰੈਸ਼ਨ ਹੈ ਇਹ ਦੂਰ ਹੋਣਾ ਚਾਹੀਦਾ ਹੈ ।

ਸ਼੍ਰੀ ਡਿਪਟੀ ਸਪੀਕਰ: ਇਹ ਤਾਂ ਪੰਡਤ ਜੀ ਤੁਹਾਨੂੰ ਝਾਕਾ ਦਿੰਦੇ ਹਨ । (ਹਾਸਾ) (They are dodging the hon. Member.) (*Laughter*)

ਪੰਡਤ ਮੋਹਨ ਲਾਲ: ਜੇਕਰ ਇਹ ਗੱਲ ਹੈ ਤਾਂ ਇਨ੍ਹਾਂ ਨੂੰ ਜਿਹੜਾ ਸਰਟੀਫਿਕੇਟ ਮਿਲਿਆ ਹੈ ਮੈਂ ਉਹ ਤੁਹਾਡੇ ਪੇਸ਼ ਕਰਦਾ ਹਾਂ । ਮਾਸਟਰ ਤਾਰਾ ਸਿੰਘ ਨੇ ਇਨ੍ਹਾਂ ਨੂੰ ਇਕ ਸਰਟੀਫਿਕੇਟ ਦਿੱਤਾ ਸੀ ਕਿ ਇਹ ਨਿਰਾ ਫਰਾਡ ਹਨ । ਇਹ 19 ਅਪਰੈਲ ਦਾ ਇਕ ਮਾਸਟਰ ਤਾਰਾ ਸਿੰਘ ਕਾ ਸਰਟੀਫਿਕੇਟ।ਹੈ ਕਿ "ਫਰੰਟ ਵਜ਼ਾਰਤ ਸਰਾਸਰ ਫਰਾਡ । ਮਾਸਟਰ ਤਾਰਾ ਸਿੰਘ ਕਾ ਸਰਟੀਫਿਕੇਟ । ਅਕਾਲੀ ਲੀਡਰ ਮਾਸਟਰ ਤਾਰਾ ਸਿੰਘ ਨੇ ਆਜ ਏਕ ਪਰੈਸ ਕਾਨਫਰੰਸ ਕੋ ਖਤਾਬ ਕਰਤੇ ਹੁਏ ਕਹਾ ਕਿ ਅਬ ਤਕ ਪੰਜਾਬ ਔਰ ਪੈਪਸੂ ਮੇਂ ਜਿਤਨੀ ਭੀ ਵਜ਼ਾਰਤੇਂ ਬਨੀਂ ਹੈਂ ਉਨ ਸਭ ਕੇ ਮੁਕਾਬਲਾ ਮੇਂ ਗੁਰਨਾਮ ਸਿੰਘ ਵਜ਼ਾਰਤ ਬਦਤਰ ਹੈ । ਆਪ ਨੇ ਕਹਾ ਕਿ ਕਾਂਗਰਸ ਬੇਈਮਾਨ ਥੀ ਲੇਕਿਨ ਪੰਜਾਬ ਕੀ ਮੌਜੂਦਾ ਫਰੰਟ ਵਜ਼ਾਰਤ ਬਿਲਕੁਲ ਫਰਾਡ ਹੈ । ਆਪ ਨੇ ਕਹਾ ਕਿ ਮੁਖ ਮੰਤਰੀ ਸ਼੍ਰੀ ਗੁਰਨਾਮ ਸਿੰਘ ਕੋ ਅਕਾਲੀ ਦਲ ਕਾ ਨੁਮਾਇੰਦਾ ਕਹਿਨਾ ਅਕਾਲੀ ਦਲ ਕੀ ਤੌਹੀਨ ਹੈ । ਯੇ ਸ਼ਖਸ਼ ਕਭੀ ਅਕਾਲੀ ਦਲ ਕਾ ਚਾਰ ਆਨੇ ਕਾ ਮੈਂਬਰ ਨਹੀਂ ਰਹਾ । ਕਭੀ ਕੋਈ ਕੁਰਬਾਨੀ ਨਹੀਂ ਕੀ। ਕਭੀ ਅਕਾਲੀ ਦਲ ਕੇ ਜਲਸੇ ਮੇਂ ਸ਼ਰਕਤ ਨਹੀਂ ਕੀ।"

ਸ਼੍ਰੀ ਡਿਪਟੀ ਸਪੀਕਰ : ਮਾਸਟਰ ਤਾਰਾ ਸਿੰਘ ਦਾ ਨਾਮ ਲੈਕੇ ਸਾਨੂੰ ਗਾਲ੍ਹਾਂ ਤਾਂ ਨਾ ਕਢੋ। (ਹਾਸਾ) (The hon. Member should not call us names under the pretext of quoting Master Tara Singh's statement.) (Laughter)

ਪੰਡਤ ਮੋਹਣ ਲਾਲ: ਉਹ ਤਾਂ ਇਨ੍ਹਾਂ ਨੂੰ ਝੂਠਾ ਤੇ ਬੇਈਮਾਨ ਵੀ ਕਹਿੰਦੇ ਹਨ। ਮਾਸਟਰ ਤਾਰਾ ਸਿੰਘ ਦਾ ਹਵਾਲਾ ਮੈਂ ਇਸ ਲਈ ਦਿਤਾ ਹੈ ਕਿ ਉਹ ਇਸ ਯੂਨਾਈਟਿਡ ਫਰੰਟ ਦੇ ਇਕ ਕੰਸਟੀਚੁਐਂਟ ਹਨ। ਇਸ ਲਈ ਮੈਂ ਤਾਂ ਹੋਰ ਕੁਝ ਨਹੀਂ ਕਹਿੰਦਾ, ਸਿਰਫ ਇੰਨਾ ਆਖਾਂਗਾ ਕਿ ਜ਼ਿਮੇਦਾਰੀ ਨਾਲ ਚਲਣ ਅਤੇ ਸਟੇਟ ਨੂੰ ਤਬਾਹ ਨਾ ਕਰਨ। ਸਟੇਟ ਦੇ ਫ਼ਾਈਨਾਨਸਿਜ਼ ਨੂੰ ਜ਼ਾਬਤੇ ਵਿਚ ਰਹਿ ਕੇ ਸੰਭਾਲਣ। ਹਰ ਗਲ ਨੂੰ ਪੋਲੀਟੀਕਲ angle ਤੋਂ ਨਹੀਂ ਸੋਚਣਾ ਚਾਹੀਦਾ। ਪੋਲੀਟੀਕਲ ਇਕਤਦਾਰ ਅਤੇ ਤਾਕਤ ਕਾਇਮ ਕਰਨ ਲਈ ਸਟੇਟ ਦੇ ਰੀਸੋਰਸਿਜ਼ ਨੂੰ ਬਰਬਾਦ ਨਹੀਂ ਕਰਨਾ ਚਾਹੀਦਾ। ਪਲਾਨ ਪੂਰੀ ਕਰਨ ਵਾਸਤੇ ਫਾਈਨਾਨਸਿਜ਼ ਦੀ ਸੰਭਾਲ ਅਤੇ ਰੀਸੋਰਸਿਜ਼ ਪੈਦਾ ਕਰਨੇ ਚਾਹੀਦੇ ਹਨ। ਇਨ੍ਹਾਂ ਦੀ ਜ਼ਿੰਮੇਂਦਾਰੀ ਹੈ ਅਤੇ ਇਨ੍ਹਾਂ ਨੂੰ ਉਸ ਦਾ ਅਹਿਸਾਸ ਕਰਨਾ ਚਾਹੀਦਾ ਹੈ। ਆਪ ਦਾ ਸ਼ੁਕਰੀਆ।

PERSONAL EXPLANATIONS

PERSONAL EXPLANATION BY CHAUDHRI BHAJAN LAL

ਚੌਧਰੀ ਭਜਨ ਲਾਲ : On a point of personal explanation, Sir, ਡਿਪਟੀ ਸਪੀਕਰ ਸਾਹਿਬ, ਕੁਝ ਮੈਂਬਰ ਸਾਹਿਬਾਨ ਨੇ ਜਿਨ੍ਹਾਂ ਦੀ ਮੈਂ ਬਜ਼ੁਰਗ ਹੋਣ ਦੇ ਨਾਤੇ ਬੜੀ ਇਜ਼ਤ ਕਰਦਾ ਹਾਂ ਇਹ ਗਲ ਕਹੀ ਹੈ ਕਿ ਪਹਿਲ ਮੈਂ ਸ਼ੁਰੂ ਕੀਤੀ ਹੈ। ਮੈਂ ਇਸ ਗੱਲ ਦੀ ਤਰਦੀਦ ਕਰਦਾ ਹਾਂ। ਮੈਂ ਇਕ ਆਜ਼ਾਦ ਮੈਂਬਰ ਦੇ ਤੌਰ ਤੇ ਲੜਿਆ ਅਤੇ ਇਲੈਕਸ਼ਨਾਂ ਵਿਚ ਕਾਮਯਾਬ ਹੋ ਕੇ ਆਇਆ। ਮੇਰੇ ਪਾਸ ਕਈ ਝੰਡਾ ਲੈਕੇ ਆਏ। ਕਾਲੇ ਝੰਡੇ ਵੀ ਵਿਖਾਏ ਗਏ ਅਤੇ ਕਿਹਾ ਕਿ ਟਿਕਟ ਸਾਡਾ ਲੈ ਲਉ। ਪਰ ਮੈਂ ਨਾ ਲਿਆ ਅਤੇ ਇਕ ਆਜ਼ਾਦ ਮੈਂਬਰ ਦੇ ਤੌਰ ਤੇ ਲੜਿਆ। ਮੈਂ 19 ਤਰੀਕ ਨੂੰ ਹਲਫ ਲਿਆ ਅਤੇ ਉਸੇ ਦਿਨ ਹੀ 20 ਤਰੀਕ ਨੂੰ ਕਾਂਗਰਸ ਵਿਚ ਜਾ ਰਲਿਆ (ਵਿਘਨ) ਇਸ ਲਈ ਮੇਰੇ ਤੇ ਇਤਰਾਜ਼ ਨਹੀਂ ਕਰਨਾ ਚਾਹੀਦਾ, ਮੈਂ ਉਹ ਕੁਝ ਨਹੀਂ ਕੀਤਾ ਜੋ ਬਾਕੀ ਦੇ ਕਰਦੇ ਰਹੇ ਹਨ ਜਾਂ ਕਰਦੇ ਪਏ ਹਨ .. (ਵਿਘਨ) (ਅਪੋਜ਼ੀਸ਼ਨ ਵਲੋਂ ਪ੍ਰਸੰਸਾ)..

श्री ए. विश्वानाथन : आन ए प्वाइन्ट आफ आर्डर, सर। मैं आपकी रूलिंग इस बात के लिए चाहता हूं कि अगर किसी मेम्बर के प्वाइन्ट आफ परसन्ल एक्सप्लेनेशन रेज़ करने से इमीजीएट पहले उस के खिलाफ कोई डिसपेरेजिंग रिमार्क्स आ जाए तो उस को यह प्वाइन्ट रेज़ करने का हक्क है वरना नहीं। इस केस में श्री भजन लाल का भाशण नहीं हो सकता।

श्री उपाध्यक्ष : उनको अपना फ़िकरा पूरा करने दें तब ही पता चल सकता है कि क्या प्वाइन्ट था और कहां तक ठीक है। (विघ्न) (Let him complete his sentence and then alone it will be clear as to what his point was and how far it is correct.)

(*Interruptions*)

ਚੌਧਰੀ ਭਜਨ ਲਾਲ : ਮੈਂ ਇਹ ਅਰਜ਼ ਕਰ ਰਿਹਾ ਸਾਂ ਕਿ ਜੇਕਰ ਤੁਹਾਨੂੰ ਕੋਈ ਕਿਸੇ ਕਿਸਮ ਦਾ ਤੌਖਲਾ ਹੈ ਤਾਂ ਮੈਂ ਅਸਤੀਫ਼ਾ ਦੇਣ ਨੂੰ ਤਿਆਰ ਹਾਂ, ਤੁਸੀਂ ਵੀ ਆਉ ਅਤੇ ਅਸਤੀਫ਼ਾ ਦੇ ਦਿਉ ਤੇ ਫਿਰ ਇਲੈਕਸ਼ਨ ਲੜ ਕੇ ਵੇਖ ਲਉ (ਅਪੋਜ਼ੀਸ਼ਨ ਵਲੋਂ ਪ੍ਰਸ਼ੰਸਾ)। ਜੇਕਰ ਮੁੜ ਕੇ ਤੁਸੀਂ ਮਨਿਸਟਰੀ ਬਣਾ ਗਏ ਤਾਂ ਮੈ ਵੇਖ ਲਵਾਂਗਾ। (ਵਿਘਨ)

ਸਰਕਾਰੀ ਬੈਂਚਾਂ ਵਲੋਂ ਆਵਾਜ਼ਾਂ : ਸਾਨੂੰ ਇਹ ਚੈਲੰਜ ਮਨਜ਼ੂਰ ਹੈ।

ਸ੍ਰੀ ਡਿਪਟੀ ਸਪੀਕਰ : ਇਸ ਗਲ ਦਾ ਵੈਸੇ ਜ਼ਿਕਰ ਤਾਂ ਨਹੀਂ ਸੀ ਆਇਆ ਸ੍ਰੀ ਭਜਨ ਲਾਲ ਜੀ ਪਰ ਤੁਸੀਂ ਆਪਣੀ ਗਲ ਕਹਿ ਲਈ ਹੈ ਹੁਣ ਕਿਰਪਾ ਕਰਕੇ ਬੈਠ ਜਾਉ। (This thing was not, howe er, mentioned but the hon. Member Shri Bhajan Lal has had his say and he should now resume his seat.)

PERSONAL EXPLANATION BY EXCISE AND TAXATION MINISTER, SARDAR BALWANT SINGH

ਐਕਸਾਈਜ਼ ਐਂਡ ਟੈਕਸੇਸ਼ਨ ਮੰਤਰੀ (ਸਰਦਾਰ ਬਲਵੰਤ ਸਿੰਘ) : ਆਨ ਏ ਪੁਆਇੰਟ ਆਫ਼ ਪਰਸਨਲ ਐਕਸਪਲੇਨੇਸ਼ਨ, ਪਲੀਜ਼।

(ਇਸ ਸਮੇਂ ਅਪੋਜ਼ੀਸ਼ਨ ਵਲੋਂ ਮੇਜ਼ ਵਜਾਣੇ ਸ਼ੁਰੂ ਕਰ ਦਿਤੇ ਗਏ) ..(ਵਿਘਨ)

Mr. Deputy Speaker : Order please. Let him speak.

ਐਕਸਾਈਜ਼ ਅਤੇ ਟੈਕਸੇਸ਼ਨ ਮੰਤ੍ਰੀ : ਡਿਪਟੀ ਸਪੀਕਰ ਸਾਹਿਬ, ਮੇਰੀ ਗੈਰ ਹਾਜ਼ਰੀ ਵਿਚ ਸ੍ਰੀ ਮੋਹਣ ਲਾਲ ਜੀ ਨੇ ਜਿਨ੍ਹਾਂ ਦੀ ਮੈਂ ਇਕ ਬਜ਼ੁਰਗ ਹੋਣ ਕਾਰਨ ਬਹੁਤ ਇਜ਼ਤ ਕਰਦਾ ਹਾਂ ਉਨ੍ਹਾਂ ਨੇ ਆਪਣੀ ਤਕਰੀਰ ਦੇ ਦੌਰਾਨ ਇਕ ਚਿੱਠੀ ਦਾ ਹਵਾਲਾ ਦਿਤਾ ਹੈ ਜਿਸ ਵਿਚ ਮੇਰੇ ਖ਼ਿਲਾਫ਼ ਇਲਜ਼ਾਮ ਲਗਾਏ ਗਏ ਹਨ। ਮੈਂ ਸੱਤ ਅੱਠ ਸਾਲ ਬੀ. ਡੀ. ਓ. ਰਿਹਾ ਹਾਂ, 1959 ਵਿਚ ਲਗਾ ਹਇਆ ਸਾਂ। ਇਹ ਚਿਠੀ ਇਨ੍ਹਾਂ ਨੂੰ ਮੇਰੇ ਮੁਖਾਲਿਫ ਹਾਰੇ ਹੋਏ ਉਮੀਦਵਾਰ ਸਰਦਾਰ ਆਤਮਾ ਸਿੰਘ ਨੇ ਲਿਖੀ ਹੈ ਜਿਸ ਤਰ੍ਹਾਂ ਕਿ ਇਨ੍ਹਾਂ ਨੇ ਕਿਹਾ ਹੈ। ਇਹ ਸਰਦਾਰ ਆਤਮਾ ਸਿੰਘ ਇਲੈਕਸ਼ਨਾਂ ਵਿਚ ਮੇਰੇ ਰਾਈਵਲ ਰਹੇ ਹਨ ਅਤੇ ਮੈਂ ਇਨ੍ਹਾਂ ਨੂੰ ਦੋ ਵੇਰ ਹਰਾ ਕੇ ਆਇਆ ਹਾਂ, ਭਾਰੀ ਗਿਣਤੀ ਨਾਲ ਸ਼ਿਕਸਤ ਦਿਤੀ ਹੈ। ਇਨ੍ਹਾਂ ਨੇ ਕਿਹਾ ਹੈ ਕਿ ਮੈਂ ਜਦ ਬੀ. ਡੀ. ਓ. ਸੀ ਤਾਂ 40 ਹਜ਼ਾਰ ਰੁਪਏ ਦੀ ਐਮਬੈਜ਼ਲਮੈਂਟ ਕੀਤੀ ਸੀ। ਇਹ ਝੂਠੀਆਂ ਅਤੇ ਬੇ-ਬੁਨਿਆਦ ਗੱਲਾਂ ਹਨ। (ਵਿਘਨ, ਸ਼ੋਰ)

Mr. Deputy Speaker : Let us try to hear him. Let him speak.

ਐਕਸਾਈਜ਼ ਅਤੇ ਟੈਕਸੇਸ਼ਨ ਮੰਤ੍ਰੀ : ਇਨ੍ਹਾਂ ਨੇ ਕਿਹਾ ਹੈ ਕਿ ਮੈਂ 40 ਹਜ਼ਾਰ ਰੁਪਿਆ ਐਮਬੈਜ਼ਲ ਕੀਤਾ ਹੈ ਅਤੇ ਮੇਰੇ ਤੇ ਕੇਸ ਸੀ। ਮੈਂ ਇਸ ਲਈ ਅਰਜ਼ ਕਰਦਾ ਹਾਂ ਕਿ ਇਹ ਬਿਲਕੁਲ ਗਲਤ ਗਲ ਹੈ ਅਤੇ ਮੈਂ ਹਰ ਤਰ੍ਹਾਂ ਦੀ ਇਨਕੁਆਇਰੀ ਨੂੰ ਫ਼ੇਸ ਕਰਨ ਨੂੰ ਤਿਆਰ ਹਾਂ।

(ਵਿਘਨ)

Pandit Mohan Lal : On a point of order, Sir.

ਐਕਸਾਈਜ਼ ਅਤੇ ਟੈਕਸੇਸ਼ਨ ਮੰਤ੍ਰੀ : Sir, I am cn my personal explanation. (*Interruptions*) ਤੁਸੀਂ ਜੇ ਕਿਸੇ ਨੂੰ ਕੁਝ ਕਹਿੰਦੇ ਹੋ ਤਾਂ ਉਸ ਨੂੰ ਸੁਣਨ ਦੀ ਵੀ ਤਾਕਤ ਰਖੋ।

Mr. Deputy Speaker : Let us first hear the point of order of Pandit Mohan Lal.

ਪੰਡਤ ਮੋਹਨ ਲਾਲ : ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਇਸ ਤੋਂ ਪਹਿਲਾਂ ਕਿ ਉਹ ਮੇਰੇ ਚਾਰਜਿਜ਼ ਦਾ ਜਵਾਬ ਦੇਣ । ਮੈਂ ਇਹ ਗਲ ਕਲੀਅਰ ਕਰ ਦੇਣੀ ਚਾਹੁੰਦਾ ਹਾਂ ਕਿ ਇਹ ਚਾਰਜਿਜ਼ ਮੈਂ ਨਹੀਂ ਲਗਾਏ । ਮੈਂ ਉਹ ਚਿਠੀ ਜੋ ਇਨ੍ਹਾਂ ਦੇ ਮੁਤਾਲਿਕ ਸਰਦਾਰ ਆਤਮਾ ਸਿੰਘ ਨੇ ਚੀਫ਼ ਮਨਿਸਟਰ ਸਰਦਾਰ ਗੁਰਨਾਮ ਸਿੰਘ ਨੂੰ ਲਿਖੀ ਅਤੇ ਜਿਸ ਦੀ ਕਾਪੀ ਉਨ੍ਹਾਂ ਨੇ ਮੈਨੂੰ ਭੇਜੀ, ਮੈਂ ਉਹ ਪੜ੍ਹੀ ਹੈ ਅਤੇ ਉਨ੍ਹਾਂ ਦਾ ਹੀ ਸਟੇਟਮੈਂਟ ਜੋ ਅਖਬਾਰ ਦੇ ਵਿਚ ਆਇਆ ਹੈ ਮੈਂ ਉਹ ਕੋਟ ਕੀਤਾ ਹੈ ਆਪਣੇ ਵਲੋਂ ਮੈਂ ਕੁਝ ਨਹੀਂ ਲਾਇਆ ।

ਐਕਸਾਈਜ਼ ਅਤੇ ਟੈਕਸੇਸ਼ਨ ਮੰਤ੍ਰੀ : ਡਿਪਟੀ ਸਪੀਕਰ ਸਾਹਿਬ, ਮੈਂ ਆਪਦੇ ਰਾਹੀਂ ਪੰਡਤ ਜੀ ਨੂੰ ਕਹਾਂਗਾ ਕਿ ਯਾ ਤਾਂ ਉਹ ਇਹ ਕਹਿ ਦੇਣ ਕਿ ਇਹ ਚਿਠੀ ਫੈਬਰੀਕੇਟਿਡ ਸੀ, ਜੇ ਨਹੀਂ ਤਾਂ ਮੈਂ ਸਮਝਦਾ ਹਾਂ ਕਿ ਉਨ੍ਹਾਂ ਨੇ ਸੋਚ ਸਮਝ ਕੇ ਹੀ ਪੜ੍ਹੀ ਹੈ, ਜਿਸ ਬਾਰੇ ਮੈਂ ਆਪਣਾ ਪਰਸਨਲ ਐਕਸਪਲੇਨੇਸ਼ਨ ਦਿੰਦਾ ਹਾਂ ।

ਉਨ੍ਹਾਂ ਨੇ ਕਿਹਾ ਕਿ ਜਦੋਂ ਮੈਂ ਬੀ. ਡੀ. ਓ. ਸੀ ਮੈਂ 40,000 ਦੀ ਐਂਬੈਜ਼ਲਮੈਂਟ ਕੀਤੀ ਸੀ । ਇਹ ਇਲਜ਼ਾਮ ਉਨ੍ਹਾਂ ਦਾ ਬਿਲਕੁਲ ਗਲਤ ਹੈ । ਮੈਂ ਉਸ ਵੇਲੇ ਇਕ ਬੈਸਟ ਬੀ. ਡੀ. ਓ. ਗਿਣਿਆ ਜਾਂਦਾ ਸੀ । 1962 ਦੀਆਂ ਇਲੈਕਸ਼ਨਾਂ ਵਿਚ ਕਾਂਗਰਸ ਪਾਰਟੀ ਨੇ ਮੈਨੂੰ ਅਸਤੀਫ਼ਾ ਦੇ ਕੇ ਇਲੈਕਸ਼ਨਾਂ ਲੜਨ ਲਈ ਮਜ਼ਬੂਰ ਕੀਤਾ । ਪੰਡਤ ਜੀ ਉਸ ਵੇਲੇ ਮਨਿਸਟਰ ਹੁੰਦੇ ਸਨ ਇਹ ਚਾਰ ਵਾਰੀ ਸਰਦਾਰ ਪਰਤਾਪ ਸਿੰਘ ਕੈਰੋਂ ਨੂੰ ਨਾਲ ਲੈਕੇ ਕਾਂਗਰਸ ਟਿਕਟ ਮੈਨੂੰ ਦੇਣ ਲਈ ਆਏ, ਇਸ ਲਈ ਕਿ ਉਹ ਸਰਦਾਰ ਦਿਲਬਾਗ ਸਿੰਘ ਨੂੰ ਮੇਰੇ ਮੁਕਾਬਲੇ ਵਿਚ ਟਿਕਟ ਦੇਣਾ ਨਹੀਂ ਸੀ ਚਾਹੁੰਦੇ..(ਵਿਘਨ--ਸ਼ੋਰ--ਥੰਪਿੰਗ)

श्री उपाध्यक्ष : सब आनरेबल मैंबर्ज़ आराम से सुनें । अगर आप एक पर अल्ज़ाम लगाते हैं तो उस को भी तो हक है कि वह अपनी पोज़ीशन साफ करे । हमें उनकी बात को गौर से सुनना चाहिये । किसी भी मैंबर को जब वह एक्सप्लेनेशन दे रहे हैं दरमयान में बोलना नहीं चाहये । (All the hon. members should please listen patiently. If you level charges against an hon. Member then he, too, has a right to make his position clear. We should listen to him patiently. Nobody should interrupt when an hon. Member is speaking on personal explanation.)

ਪੰਡਤ ਮੋਹਨ ਲਾਲ : ਡਿਪਟੀ ਸਪੀਕਰ ਸਾਹਿਬ, ਮੈਂ ਉਨ੍ਹਾਂ ਨੂੰ ਤਾਂ ਨਹੀਂ ਸੀ ਕਿਹਾ । ਇਹ ਉਨ੍ਹਾਂ ਨੂੰ ਭੁਲੇਖਾ ਲਗਾ ਹੈ, ਉਨ੍ਹਾਂ ਨੂੰ ਮੇਰੇ ਤੇ ਐਵੇਂ ਸ਼ੱਕ ਹੋਇਆ ਹੈ......

(ਵਿਘਨ-ਸ਼ੋਰ)

Mr. Deputy Speaker : There should be no noise in the House. Let the hon. Member explain his position.

ਐਕਸਾਈਜ਼ ਅਤੇ ਟੈਕਸੇਸ਼ਨ ਮੰਤ੍ਰੀ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ, ਕਿ ਪੰਡਤ ਜੀ ਨੇ ਖ਼ੁਦ ਅਤੇ ਉਸ ਵੇਲੇ ਦੀ ਸਰਕਾਰ ਨੇ ਮੈਨੂੰ ਕਾਂਗਰਸ ਟਿਕਟ ਲੈਣ ਲਈ ਬਹੁਤ ਮਜਬੂਰ ਕੀਤਾ, ਪਰ ਮੈਂ ਮੰਨਦਾ ਨਹੀਂ ਸੀ । ਇਸੇ ਕਰਕੇ ਮੈਨੂੰ ਦੋ ਤਿੰਨ ਦਫ਼ਾ

ਤਬਦੀਲ ਕੀਤਾ ਗਿਆ । ਇਹ ਇਸ ਲਈ ਮੈਨੂੰ ਮਜਬੂਰ ਕਰਦੇ ਰਹੇ ਹਨ ਕਿਉਂਕਿ ਸਰਦਾਰ ਆਤਮਾ ਸਿੰਘ ਨੂੰ ਮੇਰੇ ਮੁਕਾਬਲੇ ਵਿਚ ਖੜ੍ਹਾਕੇ ਹਰਾਉਣਾ ਚਾਹੁੰਦੇ ਸੀ ਅਤੇ ਮੈਂ ਹੀ ਇਕੋ ਇਕ ਐਸਾ ਸ਼ਖਸ ਸੀ ਜੋ ਇਸ ਨੂੰ ਹਰਾ ਸਕਦਾ ਸੀ, ਹੋਰ ਇਨ੍ਹਾਂ ਦੀ ਨਜ਼ਰ ਵਿਚ ਕੋਈ ਹੈ ਹੀ ਨਹੀਂ ਸੀ । ਪੰਡਤ ਜੀ ਤਾਂ ਹੋਮ ਮਨਿਸਟਰ ਸੀ, ਜਦੋਂ ਉਨ੍ਹਾਂ ਨੂੰ ਪਤਾ ਲਗ ਗਿਆ ਕਿ ਮੈਂ 40,000 ਦੀ ਐਂਬੇਜ਼ਲਮੈਂਟ ਕੀਤੀ ਹੈ ਤਾਂ ਉਨ੍ਹਾਂ ਨੇ ਮੇਰੇ ਖ਼ਿਲਾਫ ਇਨਕੁਆਇਰੀ ਕਿਉਂ ਨਾ ਕਰਾਈ? ਅਜ ਹਾਊਸ ਵਿਚ ਆਕੇ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ । ਮੈਂ ਅਜ ਵੀ ਚੈਲੇਂਜ ਕਰਦਾ ਹਾਂ ਕਿ ਤੁਸੀਂ 40 ਹਜ਼ਾਰ ਤਾਂ ਕੀ ਚਾਰ ਪੈਸੇ ਤਾਂ ਮੇਰੇ ਜ਼ਿੰਮੇ ਸਾਬਤ ਕਰੋ ਮੈਂ ਤੁਹਾਡਾ ਦੇਣਦਾਰ ਹਾਂ ! ਤੁਸੀਂ ਜ਼ਰਾ ਮੇਰੇ ਇਲਾਕੇ ਵਿਚ ਜਾਕੇ ਤਾਂ ਪੁਛੋ ਮੇਰੇ ਮੁਤਾਲਿਕ। ਮੇਰੇ ਮੁਤਾਲਿਕ ਮੇਰਾ ਇਲਾਕਾ ਜਾਣੂ ਹੈ।

ਫੇਰ ਕਿਹਾ ਇਹ ਵੀ ਜਾਂਦਾ ਹੈ ਕਿ ਬਲਵੰਤ ਸਿੰਘ ਨੇ ਕਾਰ ਲਿਆਂਦੀ ਹੈ । ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਐਵੇਂ ਕਿਧਰੋਂ ਨਹੀਂ ਆ ਗਈ । ਮੇਰਾ ਆਪਣਾ ਫਾਰਮ ਹੈ । I am a man of means. ਮੈਂ ਉਨ੍ਹਾਂ ਵਿਚੋਂ ਨਹੀਂ ਹਾਂ ਜੋ ਕਲ ਬੋਰੀਆਂ ਵਿਛਾਉਂਦੇ ਫਿਰਦੇ ਸੀ ਅਜ ਕੋਠੀਆਂ ਪਾਕੇ ਬਹਿ ਗਏ ਹਨ । ਦਾਸ ਕਮਿਸ਼ਨ ਦਾ ਡੰਗਿਆ ਹੋਇਆ ਆਦਮੀ ਹਾਊਸ ਵਿਚ ਇਸ ਤਰ੍ਹਾਂ ਗਲਾਂ ਕਰੇ....

ਸ੍ਰੀ ਡਿਪਟੀ ਸਪੀਕਰ : ਸਰਦਾਰ ਬਲਵੰਤ ਸਿੰਘ ਜੀ, ਤੁਸੀਂ ਆਪਣਾ ਐਕਸਪਲੇਨੇਸ਼ਨ ਦਿੰਦੇ ਹੋਏ ਕਿਸੇ ਦੂਸਰੇ ਤੇ ਇਲਜ਼ਾਮ ਨਹੀਂ ਲਾ ਸਕਦੇ । (May I remind the hon. Member Sardar Balwant Singh that while speaking on personal explanation he can not level charges against any other Member.

ਚੌਧਰੀ ਦਰਸ਼ਨ ਸਿੰਘ : On a point of order, Sir. ਬੋਰੀ ਦੀ ਗਲ ਤੋਂ ਮੈਨੂੰ ਵੀ ਯਾਦ ਆ ਗਿਆ ਹੈ । ਮੇਰੀ ਇਸ ਗਲ ਨੂੰ ਇਸ ਹਾਊਸ ਦੀਆਂ ਪਰੋਸੀਡਿੰਗਜ਼ ਵੀ ਸਾਬਤ ਕਰਨਗੀਆਂ.....(ਵਿਘਨ)

ਚੀਫ ਪਾਰਲੀਮੈਂਟਰੀ ਸੈਕਟਰੀ : ਇਹ ਵੀ ਕੋਈ ਪੁਆਇੰਟ ਆਫ ਆਰਡਰ ਹੈ ?

ਚੌਧਰੀ ਦਰਸ਼ਨ ਸਿੰਘ : Yes it is a point of order. The Chair has allowed. (*Noise*)

Mr. Deputy Speaker : Let the hon. Member complete his point of order.

ਚੌਧਰੀ ਦਰਸ਼ਨ ਸਿੰਘ : ਮੇਰੀ ਅਰਜ਼ ਹੈ ਕਿ ਜਿਸ ਵੇਲੇ ਸਰਦਾਰ ਬਲਵਤ ਸਿੰਘ ਏਧਰ ਬੈਠੇ ਸੀ ਤਾਂ ਗਿਲ ਸਾਹਿਬ ਨੇ ਸਰਕਾਰੀ ਬੈਂਚਾਂ ਤੋਂ ਕਿਹਾ ਸੀ ਕਿ "ਬਲਵੰਤ" ਬੈਠਾ ਰਹਿ, ਤੇਰੀ ਵੀ ਫਾਈਲ ਇਨਕੁਆਇਰੀ ਦੀ ਮੇਰੇ ਕੋਲ ਆ ਗਈ ਹੈ, ਮੈਂ ਤੈਨੂੰ ਦੇਖ ਲਵਾਂਗਾ । ਮੈਂ ਅਰਜ਼ ਕਰਾਂ ਕਿ ਜਿਹੜੇ ਫਾਈਲਾਂ ਤੋਂ ਡਰਨ ਵਾਲੇ ਬੰਦੇ ਹਨ ਉਹ ਰਾਤੋ ਰਾਤ ਫਲੋਰ ਕਰਾਸ ਕਰ ਚੁਕੇ ਹਨ। ਮੈਨੂੰ ਨਹੀਂ ਸੀ ਪਤਾ ਕਿ ਅਜੇ ਹੋਰ ਵੀ ਹਨ ਜੋ ਰਹਿੰਦੇ ਹਨ ਪਰ....

ਸ੍ਰੀ ਡਿਪਟੀ ਸਪੀਕਰ : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ । (This is no point of order.)

ਸ੍ਰੀ ਸਾਧੂ ਰਾਮ: On a point of order, Sir. ਬਲਵੰਤ ਸਿੰਘ ਆਪਣੇ ਆਪ ਨੂੰ ਈਮਾਨਦਾਰ ਬਣਾਈ ਫਿਰਦਾ ਹੈ । ਮੈਂ ਦਸਦਾ ਹਾਂ ਕਿਸ ਤਰ੍ਹਾਂ ਦਾ ਇਹ ਈਮਾਨਦਾਰ ਹੈ । ਇਹ ਫਾਰਮ ਵੇਚਦਾ ਹੈ ਜਿਸ ਦਾ ਅਸਲ ਮੁਲ ਇਕ ਰੁਪਿਆ ਹੈ । ਮੈਂ ਇਸ ਕੋਲੋਂ 20 ਰੁਪਏ ਦੇ ਕੇ ਦੋ ਫਾਰਮ ਲਿਆਂਦੇ ਹਨ....

Mr. Deputy Speaker : Please sit down, this is no point of order,

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ : ਸਰਦਾਰ ਬਲਵੰਤ ਸਿੰਘ ਨੂੰ ਤੁਸੀਂ ਪੁਆਇੰਟ ਆਫ ਆਰਡਰ ਤੇ ਖੜਾ ਕੀਤਾ ਸੀ ਜਾਂ ਪਰਸਨਲ ਐਕਸਪਲੇਨੇਸ਼ਨ ਤੇ ? ਇਹ ਸਾਰੀ ਦੀ ਸਾਰੀ ਡਿਸਕਸ਼ਨ ਹੀ ਬਲਵੰਤ ਸਿੰਘ ਤੇ ਹੀ ਕਰਾ ਦਿਤੀ ।

Mr. Deputy Speaker : He has given his personal explanation an about points of order raised I have given my ruling that those are no points of order.

Shri Balramji Dass Tandon : Then, Sir, those should be deleted from the record of the proceedings of the House because they lower the decorum of the House,

ਸ੍ਰੀ ਡਿਪਟੀ ਸਪੀਕਰ ਮੇਰਾ ਖਿਆਲ ਹੈ ਬਹੁਤ ਸਾਰੇ ਮੈਂਬਰਜ਼ ਨੂੰ ਪਤਾ ਨਹੀਂ ਹੈ ਕਿ ਪੁਆਇੰਟ ਆਫ ਆਰਡਰ ਕਿਥੇ ਰੇਜ਼ ਕਰਨਾ ਚਾਹੀਦਾ ਹੈ । ਸਾਰੇ ਸਾਹਿਬਾਨ ਇਸ ਦੇ ਮੁਤਾਲਿਕ ਬਾਕਾਇਦਾ ਜਿਹੜੇ ਰੂਲਜ਼ ਹਨ, ਪੜ੍ਹ ਲੈਣ । ਮੈਨੂੰ ਅਫਸੋਸ ਹੈ ਕਿ ਚੌਧਰੀ ਦਰਸ਼ਨ ਸਿੰਘ ਵਰਗੇ ਪੜ੍ਹੇ ਲਿਖੇ ਮੈਂਬਰ ਵੀ ਜਦੋਂ ਗਲਤ ਪੁਆਇੰਟ ਆਫ ਆਰਡਰ ਤੇ ਉਠਣ ਕਿਤਨੀ ਬੁਰੀ ਗੱਲ ਹੈ । ਇਹ ਉਨ੍ਹਾਂ ਨੂੰ ਫਬਦਾ ਨਹੀਂ । (I think most of the hon. Members do not know where a point of order should be raised. I would suggest that all the hon Members should study the relevant rules. I am sorry to point out that it is a bad precedent when a learned Member like Chaudhri Darshan Singh rises on a wrong point of order. It does not behove him.)

ਚੌਧਰੀ ਦਰਸ਼ਨ ਸਿੰਘ : ਇਹ ਇਕ ਰੀਕਾਰਡ ਦੀ ਗੱਲ ਹੈ ਮੈਂ ਐਵੇਂ ਨਹੀਂ ਕਹਿੰਦਾ, ਤੁਸੀਂ ਆਪਣਾ ਰਿਕਾਰਡ ਵੇਖ ਲਉ, ਇਨਕੁਆਇਰੀ ਕਰਾਉ ਕਿ ਗਿਲ ਸਾਹਿਬ ਨੇ ਇਸ ਤਰ੍ਹਾਂ ਕਿਹਾ ਹੈ ਜਾਂ ਨਹੀਂ ।

ਸ੍ਰੀ ਡਿਪਟੀ ਸਪੀਕਰ : ਮੈਂ ਸਰਦਾਰ ਬਲਵੰਤ ਸਿੰਘ ਹੋਰਾਂ ਨੂੰ ਕਹਾਂਗਾ ਕਿ ਉਹ ਆਪਣਾ ਪਰਸਨਲ ਐਕਸਪਲੇਨੇਸ਼ਨ ਜਾਰੀ ਰਖਣ । (I would request the hon. Member Sardar Balwant Singh to continue his personal explanation.)

ਐਕਸਾਈਜ਼ ਅਤੇ ਟੈਕਸੇਸ਼ਨ ਮੰਤ੍ਰੀ : ਮੈਂ ਬਹੁਤਾ ਕੁਝ ਕਹਿਣਾ ਨਹੀਂ ਚਾਹੁੰਦਾ, ਇਤਨਾ ਹੀ ਕਹਾਂਗਾ ਕਿ ਜੇ ਉਨ੍ਹਾਂ ਨੂੰ ਐਨਾ ਜ਼ਿਆਦਾ ਖਿਆਲ ਹੈ ਕੌਣ ਚੰਗਾ ਹੈ ਅਤੇ ਕੌਣ ਮਾੜਾ ਉਹ ਵੀ ਰੀਜ਼ਾਈਨ ਕਰਨ ਮੈਂ ਵੀ ਆਪਣੀ ਸੀਟ ਤੋਂ ਰੀਜ਼ਾਈਨ ਕਰਕੇ ਚੋਣ ਲੜਾਂਗਾ। ਇਹ ਰੀਜ਼ਾਈਨ ਕਰਨ।

ਪੰਡਤ ਮੋਹਨ ਲਾਲ : ਇਹਨੂੰ ਕਹੋ ਕਿ ਉਹ ਆਪਣੀ ਸੀਟ ਤੋਂ ਪਹਿਲਾਂ ਰੀਜ਼ਾਈਨ ਕਰੇ।

ਸ਼੍ਰੀ ਸਾਧੂ ਰਾਮ : ਇਹ ਕਹਿੰਦਾ ਹੈ ਅਸਤੀਫਾ ਦੇਕੇ ਮੇਰੀ ਸੀਟ ਤੋਂ ਲੜੋ। ਮੈ ਅਸਤੀਫਾ ਦਿੰਦਾਂ ਹਾਂ ਇਹ ਵੀ ਅਸਤੀਫਾ ਦੇਵੇ ਅਤੇ ਮੇਰੀ ਸੀਟ ਤੇ ਆਕੇ ਲੜੇ।

ਸ਼੍ਰੀ ਡਿਪਟੀ ਸਪੀਕਰ : ਜਿਹੜੀ ਗੱਲ ਤੁਸੀਂ ਚਾਹੁੰਦੇ ਹੋ ਉਹ ਅਸੀਂ ਕਰਨ ਨਹੀਂ ਦੇਣੀ। (We are not going to allow the hon. Members to do what they want to.)

ਐਕਸਾਈਜ਼ ਅਤੇ ਟੈਕਸੇਸ਼ਨ ਮੰਤਰੀ : ਪੰਡਤ ਜੀ ਅਸਤੀਫਾ ਦੇ ਦੇਣ ਅਤੇ ਲੜ ਲੈਣ, ਜੇ ਇਹ ਗੱਲ ਉਨ੍ਹਾਂ ਨੂੰ ਮਨਜ਼ੂਰ ਹੈ, ਮੈਨੂੰ ਵੀ ਮੰਨਜ਼ੂਰ ਹੈ।

ਪੰਡਤ ਮੋਹਨ ਲਾਲ : ਇਹ ਤਾਂ ਉਨ੍ਹਾਂ ਦਾ ਇਖਲਾਕੀ ਫਰਜ਼ ਬਣਦਾ ਹੈ ਜਦੋਂ ਉਹ ਕਾਂਗਰਸੀ ਬੈਂਚਾਂ ਨੂੰ ਛੱਡ ਕੇ ਗਏ ਹਨ। ਇਨ੍ਹਾਂ ਦਾ ਕੋਈ ਹੱਕ ਨਹੀਂ ਕਿ ਉਹ ਟਿਕਟ ਕਿਤੋਂ ਲੈਣ ਅਤੇ ਸ਼ਾਮਲ ਕਿਤੇ ਜਾਕੇ ਹੋਣ।

ਐਕਸਾਈਜ਼ ਅਤੇ ਟੈਕਸੇਸ਼ਨ ਮੰਤ੍ਰੀ : ਮੈਂ ਇਹ ਪੁਛਦਾ ਹਾਂ ਜਦੋਂ 23 ਆਦਮੀ ਏਧਰੋਂ ਲੈਕੇ ਗਏ ਸੀ ਉਦੋਂ ਇਖਲਾਕੀ ਫਰਜ਼ ਕਿਥੇ ਗਿਆ ਸੀ ?

ਪੰਡਤ ਮੋਹਨ ਲਾਲ : ਉਦੋਂ ਵਜ਼ੀਰ ਨਹੀਂ ਬਣਾਏ ਸੀ। ਮੈਂਬਰ ਹੀ ਬਣਾਏ ਸੀ।

Mr. Deputy Speaker : We should not waste the time. Let the Hon'ble Member Comrade Harkishan Singh Surjit Speak.

GENERAL DISCUSSION OF THE BUDGET FOR 1967-68 (Resumption)

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ (ਬੜਾ ਪਿੰਡ) : ਮੈਂ ਇਸ ਹਾਊਸ ਦੇ ਬੜੇ ਪੁਰਾਣੇ ਮੈਂਬਰ ਪੰਡਤ ਮੋਹਨ ਲਾਲ ਦੀ ਸਪੀਚ ਜੋ ਉਨ੍ਹਾਂ ਨੇ ਬਜਟ ਤੇ ਕੀਤੀ ਹੈ ਸੁਣੀ ਹੈ। ਮੇਰਾ ਵਿਚਾਰ ਸੀ ਕਿ ਚੂੰਕਿ ਉਨ੍ਹਾਂ ਨੂੰ ਬਹੁਤ ਸਮੇਂ ਤਕ ਪੰਜਾਬ ਦੇ ਵਿੱਤ ਮੰਤਰੀ ਰਹਿਣ ਦਾ ਮੌਕਾ ਮਿਲਿਆ ਹੈ ਇਸ ਲਈ ਜਿਸ ਤਰ੍ਹਾਂ ਉਹ ਉਸ ਸਮੇਂ ਆਪੋਜ਼ੀਸ਼ਨ ਕੋਲੋਂ ਚੰਗੇ ਸੁਝਾਉ ਮੰਗਿਆ ਕਰਦੇ ਸਨ ਉਸੇ ਤਰ੍ਹਾਂ ਹੀ ਉਹ ਖੁਦ ਇਸ ਵਕਤ ਚੰਗੇ ਸੁਝਾਉ ਦੇਣਗੇ। ਪਰ ਉਨ੍ਹਾਂ ਦੀ ਤਕਰੀਰ ਵਿਚੋਂ ਕੇਵਲ ਤਿੰਨ ਗਲਾਂ ਹੀ ਨਿਕਲੀਆਂ ਹਨ। ਇਕ ਤਾਂ ਇਹ ਕਿ ਜਿਹੜਾ ਬਿਆਨ ਉਨ੍ਹਾਂ ਨੇ ਤਿੰਨ ਤਾਰੀਖ ਨੂੰ ਦਿਤਾ ਸੀ ਉਹ ਸਚਾ ਕਿਉਂ ਨਹੀਂ ਹੋ ਗਿਆ। ਦੂਸਰੀ ਇਹ ਕਿ ਸਾਰਾ ਬਜਟ ਘਾਟੇ ਦਾ ਬਜਟ ਬਣਾ ਦਿਤਾ ਗਿਆ ਹੈ ਇਸ ਕਰਕੇ ਪੰਜਾਬ ਦਾ ਰਹਿਣਾ ਕੱਖ ਨਹੀਂ। ਤੀਸਰੀ ਗਲ ਇਹ ਕਿ ਜੇਕਰ ਕੀਮਤਾਂ ਨਾ ਬੰਨ੍ਹੀਆਂ ਗਈਆਂ ਤਾਂ ਬਹੁਤ ਨੁਕਸਾਨ ਹੋਵੇਗਾ। ਇਸ ਕਰਕੇ ਉਨ੍ਹਾਂ ਨੇ ਕਿਹਾ ਕਿ ਇਧਰ ਬੈਠੇ ਹੋਏ ਮੈਂਬਰਾਂ ਦੀ ਪਾਲਿਸੀ ਠੀਕ ਨਹੀਂ ਹੈ। ਮੈਂ ਪਹਿਲੀ ਗਲ ਦੇ ਬਾਰੇ ਜ਼ਿਆਦਾ ਵਿਸਥਾਰ ਵਿਚ ਨਹੀਂ ਕਹਿਣਾ ਚਾਹੁੰਦਾ ਕਿਉਂਕਿ ਉਨ੍ਹਾਂ ਨੇ ਬਹੁਤ ਸਮਾਂ ਇਸ ਗਲ ਤੇ ਲਿਆ ਹੈ

[ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ]

ਕਿ ਉਨ੍ਹਾਂ ਦੇ ਬੰਦੇ ਅਸਾਂ ਉਧਰੋਂ ਇਧਰ ਲੈ ਆਂਦੇ ਹਨ । ਉਨ੍ਹਾਂ ਨੂੰ ਸਾਡਾ ਪਰੋਗਰਾਮ ਚੰਗਾ ਲਗਾ ਤਾਂ ਉਹ ਉਧਰੋਂ ਇਧਰ ਆ ਗਏ । ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜਾ ਆਪ ਬਿਆਨ ਤਿੰਨ ਤਾਰੀਖ ਨੂੰ ਦਿਤਾ ਸੀ ਕਿ ਇਹ ਵਜ਼ਾਰਤ ਨਹੀਂ ਰਹੇਗੀ, ਇਨ੍ਹਾਂ ਨੇ ਨਵੇਂ ਬੰਦੇ ਤਾਂ ਪੈਦਾ ਨਹੀਂ ਸੀ ਕਰਨੇ, ਇਨ੍ਹਾਂ ਦਾ ਮਤਲਬ ਇਹੋ ਸੀ ਕਿ ਇਸ ਪਾਸਿਉਂ ਬੰਦੇ ਤੋੜ ਕੇ ਉਧਰ ਲੈ ਜਾਣਗੇ ਅਤੇ ਇਸ ਲਈ ਇਹ ਵਜ਼ਾਰਤ ਨਹੀਂ ਰਹੇਗੀ। ਜੇਕਰ ਕਾਂਗਰਸ ਪਾਰਟੀ ਤਹੰਮਲ ਨਾਲ ਆਪੋਜ਼ੀਸ਼ਨ ਦਾ ਰੋਲ ਅਦਾ ਕਰਦੀ ਤਾਂ ਸ਼ਾਇਦ ਉਨ੍ਹਾਂ ਦੀ ਜ਼ਬਾਨ ਤੋਂ ਇਹ ਗੱਲ ਸ਼ੋਭਾ ਦਿੰਦੀ।

(ਵਿਘਨ)

ਪੰਡਤ ਮੋਹਨ ਲਾਲ ਜੀ ਨੇ ਕਿਹਾ ਕਿ ਫਾਈਨੈਂਸ ਸੈਕਰੇਟਰੀ ਸਾਹਿਬ ਨੇ ਬੜਾ ਅੱਛਾ ਸੁਝਾਉ ਦਿਤਾ ਸੀ ਪਰ ਵਿਤ ਮੰਤਰੀ ਨੇ ਨਹੀਂ ਮੰਨਿਆ ਅਤੇ ਵਿਤ ਮੰਤਰੀ ਨੇ ਅਜਿਹਾ ਬਜਟ ਪੇਸ਼ ਕਰ ਦਿਤਾ ਹੈ ਜਿਸ ਦਾ ਅਸਰ ਪੰਜਾਬ ਤੇ ਚੰਗਾ ਨਹੀਂ ਪਵੇਗਾ । ਇਸਦੀ ਸਪੋਰਟ ਵਿਚ ਇਨ੍ਹਾਂ ਨੇ ਇਸ ਬਜਟ ਦਾ ਕਨਕਲੂਡਿੰਗ ਪੈਰਾਗਰਾਫ ਪੜ੍ਹਿਆ ਹੈ । ਮੈਂ ਕਾਂਗਰਸ ਸਰਕਾਰ ਦੇ ਪੁਰਾਣੇ ਬਜਟਾਂ ਦੇ ਕਨਕਲੂਡਿੰਗ ਪੈਰਾਗਰਾਫ ਪੜ੍ਹ ਕੇ ਸੁਨਾਉਣਾ ਚਾਹੁੰਦਾ ਹਾਂ ਕਿ ਉਹ ਕਿਸ ਤਰ੍ਹਾਂ ਇਸ ਨਾਲੋਂ ਵਖਰੇ ਹਨ । ਉਧਰ ਬੈਠੇ ਹੋਏ ਐਕਸ ਵਿਤ ਮੰਤਰੀ ਨੇ ਇਸ ਗਲ ਦਾ ਖਿਆਲ ਨਹੀਂ ਕੀਤਾ ਕਿ ਸਰਕਾਰ ਦੇ ਕੰਮਾਂ ਦੀ ਕੰਟੀਨਿਊਟੀ ਹੈ ਅਤੇ ਫਾਈਨੈਂਸ ਸੈਕਰੇਟਰੀ ਨੇ ਜਿਹੜੀਆਂ ਸਕੀਮਾਂ ਤਿਆਰ ਕਰ ਕੇ ਰਖੀਆਂ ਹੋਈਆਂ ਸਨ ਜਿਹੜੀਆਂ ਕਿ ਅਜੇ ਛਪੀਆਂ ਨਹੀਂ ਸਨ ਨਵੀਂ ਸਰਕਾਰ ਨੇ ਉਨ੍ਹਾਂ ਵਿਚ ਹੀ ਨਵੀਂ ਪਾਲਿਸੀ ਦੇ ਮੁਤਾਬਿਕ ਕੁਛ ਜ਼ਰੂਰੀ ਸੋਧਨਾਵਾਂ ਕਰਕੇ, ਤਾਂ ਜੋ ਉਸ ਨੂੰ ਨਵੇਂ ਪਰੋਗਰਾਮ ਦੇ ਮੁਤਾਬਿਕ ਢਾਲ ਲਿਆ ਜਾਵੇ, ਉਸ ਨੂੰ ਪੇਸ਼ ਕਰ ਦਿਤਾ ਹੈ। ਚੂੰਕਿ ਸੈਂਕੜਿਆਂ ਦੀ ਤਾਦਾਦ ਵਿਚ ਕਾਗਜ਼ ਪੱਤਰ ਤਿਆਰ ਪਹਿਲੇ ਤੋਂ ਹੀ ਤਿਆਰ ਕੀਤੇ ਹੋਏ ਪਏ ਸਨ ਇਨ੍ਹਾਂ ਨੇ ਉਸੇ ਨੂੰ ਹੀ ਪੇਸ਼ ਕਰ ਦਿਤਾ ਤਾਂ ਜੋ ਪੰਜਾਬ ਨੂੰ ਹੋਰ ਕਾਗਜ਼ਾਂ ਦਾ ਘਾਟਾ ਨਾ ਉਠਾਣਾ ਪਵੇ ਅਤੇ ਫਾਈਨੈਂਸ ਸੈਕਰੇਟਰੀ ਨੇ ਜਿਹੜੀ ਓਰੀਐਂਟੇਸ਼ਨ ਦੇਣੀ ਸੀ ਅਤੇ ਰਿਆਇਤ ਦੇਣੀ ਸੀ ਉਸ ਦਾ ਜ਼ਿਕਰ ਕਰ ਦਿਤਾ । ਜਿਹੜਾ ਬਜਟ ਕਾਂਗਰਸ ਸਰਕਾਰ ਨੇ 1966-67 ਦਾ ਪੇਸ਼ ਕੀਤਾ ਸੀ ਉਸ ਦੇ ਵਿਚ ਘਾਟੇ ਦੇ ਬਾਰੇ ਫਾਈਨੈਂਸ ਸੈਕਰੇਟਰੀ ਨੇ ਇਹ ਲਿਖਿਆ ਸੀ :

> The Budget Estimates for the year 1966-67 show a closing balance of minus Rs. 525 lakhs. This has been arrived at after accounting for the maximum receipts from the tax revenues and also by effecting reductions in the departmental estimates so as to curtail the expenditure to the minimum possible extent. It would, therefore, be necessary to resist any demands from the Departments for additional expenditure during the course of the year. Simultaneously, it is imperative that the receipts as provided in the Budget, do meterialise so that the gap does not increase. The gap of Rs. 525 lakhs, as worked out at present, is still very wide and it is necessary that strenuous efforts should be made not only to bridge the gap but also to build up reserves by raising additional resources, increasing the yields of existing taxes, realising arrears of loans and other Government dues and preventing leakage of revenue in order to finance the Fourth Five Year Plan. Otherwise, if this gap is not covered during the year 1966-67, it would effect the mobilisation of resources promised for the Fourth Plan and a larger tax effort will have to be made in the remaining four years of the plan which it would hardly be possible for the State economy to bear.

(*Interruptions*)

Captain Rattan Singh : On a point of Order, Sir....

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ : ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੂੰ ਕਹਿ ਦਿਉ ਕਿ ਭਲਮਣਸਊ ਨਾਲ ਕੰਮ ਲੈਣ, ਮੈਂ ਕਿਸੇ ਨੂੰ ਇੰਟਰਪਟ ਨਹੀਂ ਕਰਦਾ।

I would not like anybody to interrupt me. (*Noise*)

Captain Rattan Singh : Sir, is it not the right of a Member to put a question when another Member is speaking?

Voices from Treasury Benches : No, no.

Captain Rattan Singh : I am going to abide by the decision of the Deputy Speaker and not.......

ਸ੍ਰੀ ਡਿਪਟੀ ਸਪੀਕਰ : ਮੈਂ ਸਮਝ ਨਹੀਂ ਸਕਿਆ, ਫਿਰ ਕਲੀਅਰ ਕਰ ਦਿਉ। (I have not been able to follow. Let the hon. Member make it clear.)

ਕੈਪਟਨ ਰਤਨ ਸਿੰਘ : ਮੈਂ ਅਰਜ਼ ਕੀਤੀ ਹੈ ਕਿ ਜੇਕਰ ਇਕ ਆਨਰੇਬਲ ਮੈਂਬਰ ਬੋਲਦਾ ਹੋਵੇ ਉਸ ਨੂੰ ਬੈਠੇ ਬੈਠੇ ਕੁਐਸਚਨ ਕਰ ਲਿਆ ਜਾਂਦਾ ਹੈ ਕਿ ਨਹੀਂ। ਦੂਸਰੀ ਗਲ ਮੈਂ ਇਹ ਪੁੱਛੀ ਹੈ ਕਿ ਕੋਈ ਆਨਰੇਬਲ ਮੈਂਬਰ ਬੋਲਦਿਆਂ ਹੋਇਆਂ ਦੂਸਰੇ ਨੂੰ ਥਰੇਟਨ ਕਰ ਸਕਦਾ ਹੈ।

ਸ੍ਰੀ ਡਿਪਟੀ ਸਪੀਕਰ : ਮੈਨੂੰ ਇਹ ਪੁਆਇੰਟ ਆਫ ਆਰਡਰ ਸਮਝ ਨਹੀਂ ਆਇਆ, ਇਕ ਵਾਰ ਫਿਰ ਕਲੀਅਰ ਕਰ ਦਿਉ। (I have not been able to follow this point of order, let the hon. member make it clear once more.)

ਕੈਪਟਨ ਰਤਨ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਪਾਰਲੀਮੈਂਟਰੀ ਪਰੈਕਟਿਸ ਵਿਚ ਇਕ ਆਨਰੇਬਲ ਮੈਂਬਰ ਬੋਲ ਰਿਹਾ ਹੋਵੇ ਤਾਂ ਦੂਸਰਾ ਆਨਰੇਬਲ ਮੈਂਬਰ ਉਸ ਨੂੰ ਕੁਐਸਚਨ ਕਰ ਸਕਦਾ ਹੈ। ਇਸ ਉਪਰ ਉਨ੍ਹਾਂ ਨੇ ਕਿਹਾ ਕਿ ਭਲਮਣਸਊ ਨਾਲ ਕੰਮ ਲਉ। ਇਨ੍ਹਾਂ ਨੇ ਮੈਨੂੰ ਥਰੇਟਨ ਕੀਤਾ ਹੈ, ਮੈਂ ਇਸ ਗਲ ਉਪਰ ਤੁਹਾਡੀ ਰੂਲਿੰਗ ਚਾਹੁੰਦਾ ਹਾਂ ਕਿ ਕੀ ਕੋਈ ਕੁਐਸਚਨ ਕਰਨਾ ਮੇਰਾ ਹੱਕ ਨਹੀਂ ਹੈ ?

ਸ੍ਰੀ ਡਿਪਟੀ ਸਪੀਕਰ: ਉਨ੍ਹਾਂ ਦੀ ਪਹਿਲੀ ਗਲ ਇਹ ਹੈ ਕਿ ਆਇਆ ਇਕ ਆਨਰੇਬਲ ਮੈਂਬਰ ਬੋਲ ਰਿਹਾ ਹੋਵੇ ਤਾਂ ਕੀ ਦੂਸਰਾ ਆਨਰੇਬਲ ਮੈਂਬਰ ਕੋਈ ਕੁਐਸਚਨ ਪੁਟ ਕਰ ਸਕਦਾ ਹੈ ਅਤੇ ਉਸ ਦੀ ਸਪੀਚ ਦੇ ਦੌਰਾਨ ਉਸ ਨੂੰ ਕੋਈ ਸੁਜੈਸ਼ਨ ਦੇ ਸਕਦਾ ਹੈ। ਜੇਕਰ ਗਾਈਡ ਕਰਨ ਦੀ ਖਾਤਰ ਕੋਈ ਅਜਿਹੀ ਗੱਲ ਕੀਤੀ ਜਾਵੇ ਤਾਂ ਕੋਈ ਮਾੜੀ ਗੱਲ ਨਹੀਂ ਹੈ। ਦੂਸਰਾ ਸਵਾਲ ਉਨ੍ਹਾਂ ਨੇ ਇਹ ਕੀਤਾ ਹੈ ਕਿ ਕੀ ਕੋਈ ਮੈਂਬਰ ਕਿਸੇ ਦੂਸਰੇ ਮੈਂਬਰ ਨੂੰ ਥਰੈਟਨ ਕਰ ਸਕਦਾ ਹੈ। ਇਸ ਵਿਚ ਥਰੇਟਨ ਕਰਨਾ ਠੀਕ ਨਹੀਂ ਹੈ ਪਰ ਇਹ ਥਰੇਟਨ ਕਰਨ ਦਾ ਤਾਂ ਸਵਾਲ ਹੀ ਨਹੀਂ ਹੈ ਉਨ੍ਹਾਂ ਨੇ ਥਰੈਟਨ ਨਹੀਂ ਕੀਤਾ ਹੈ ਉਨ੍ਹਾਂ ਨੇ ਕੇਵਲ ਇਹੋ ਹੀ ਕਿਹਾ ਹੈ ਕਿ ਡਿਸਟਰਬ ਨਾ ਕਰੋ। (The first point of the hon. Member is as to whether an hon. Member can put a question and can make any suggestion while another hon. Member is speaking. There is nothing wrong in it if it is done for the sake of guiding him. Secondly, he has asked whether any hon. Member can threaten another hon. Member. It is not proper to threaten but there is no question of threatening here as he has not threatened any one. He has only asked not to disturb him.)

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ : 1965 ਦੇ ਮੈਮੋਰੰਡਮ ਵਿਚ ਉਹ ਪੈਰਾ ਦੁਹਰਾਇਆ ਗਿਆ । ਮੈਂ ਜ਼ਿਆਦਾ ਸਮਾਂ ਨਹੀਂ ਲੈਣਾ ਚਾਹੁੰਦਾ । ਪੰਡਤ ਜੀ ਨੇ ਵਜ਼ਾਹਤ ਕਰਨ ਵਿਚ ਬਹੁਤ ਸਮਾਂ ਲਿਆ ਹੈ। ਦਰ ਅਸਲ ਸਭ ਤੋਂ ਵੱਡੀ ਗੱਲ ਕੀ ਹੋਈ ਜਿਸਦਾ ਜਵਾਬ ਪੰਡਿਤ ਜੀ ਨੇ ਨਹੀਂ ਦਿੱਤਾ ? ਮੈਂ ਇਹ ਵੀ ਆਸ ਕਰਦਾ ਸੀ ਕਿ ਪੰਡਿਤ ਜੀ ਇਹ ਵੀ ਸੁਜੈਸ਼ੰਨਜ਼ ਦੇਣਗੇ ਕਿ ਜਿਹੜਾ ਇਤਨਾ ਗੈਪ ਹੋ ਗਿਆ ਹੈ ਇਸ ਨੂੰ ਕਿਵੇਂ ਪੂਰਾ ਕਰਨਾ ਹੈ ਜਾਂ ਇਸ ਦੇ ਕਾਰਨ ਵੀ ਦਸਦੇ ਕਿ ਜਿਹੜੀਆਂ ਚੰਗੀਆਂ ਗੱਲਾਂ ਅਸਾਂ ਕੀਤੀਆਂ ਹਨ ਉਹ ਕਿਉਂ ਨਹੀਂ ਸੀ ਕਰਨੀਆਂ ਚਾਹੀਦੀਆਂ ।

5.00 p. m.

ਸ੍ਰੀ ਡਿਪਟੀ ਸਪੀਕਰ : ਇਹ ਗੱਲ ਵੀ ਨਾ ਭੁੱਲੋ ਕਿ ਪੰਡਤ ਜੀ ਵਕੀਲ ਹਨ । (The hon. Member should not forget that Pandit Mohan Lal is a lawyer.)

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਮੈਨੂੰ ਮੌਕਾ ਦਿਉ ਕਿ ਮੈਂ ਅਪਣੀ ਗੱਲ ਕਹਿ ਲਵਾਂ । ਆਪ ਦੀ ਬੜੀ ਮਿਹਰਬਾਨੀ ਹੋਵੇਗੀ ।

ਮੈਂ ਇਹ ਅਰਜ਼ ਕਰਨ ਜਾ ਰਿਹਾ ਸਾਂ ਕਿ ਪੰਡਿਤ ਜੀ ਨੇ ਕਿਹਾ ਕਿ ਬੜਾ ਮਾੜਾ ਕੀਤਾ ਜੋ 23 ਕਰੋੜ ਦਾ ਗੈਪ ਪਾ ਦਿਤਾ ਹੈ । ਉਨ੍ਹਾਂ ਨੇ ਸਾਨੂੰ ਇਹ ਵੀ ਕਿਹਾ ਕਿ ਇਹ ਗੈਪ ਤੁਹਾਡੇ ਕੋਲੋਂ ਪੂਰਾ ਨਹੀਂ ਹੋਣ ਲਗਾ ਕਿਉਂਕਿ ਤੁਹਾਡੇ ਕੋਲ ਇਸ ਮਕਸਦ ਲਈ ਰੀਸੋਰਸਿਜ਼ ਨਹੀਂ ਹਨ । ਉਨ੍ਹਾਂ ਨੇ ਕਿਨ੍ਹਾਂ ਕਿਨ੍ਹਾਂ ਗੱਲਾਂ ਤੇ ਇਤਰਾਜ਼ ਕੀਤਾ ? ਪਹਿਲੀ ਤਾਂ ਇਹ ਕਿ ਦੋ ਕਰੋੜ ਰੁਪਏ ਦੀ ਲੈਂਡ ਰੈਵੇਨੀਊ ਔਰ ਪਰੋਫੈਸ਼ਨਲ ਟੈਕਸ ਵਿਚ ਕਿਉਂ ਰਿਆਇਤ ਦੇ ਦਿਤੀ । ਡਿਪਟੀ ਸਪੀਕਰ ਸਾਹਿਬ, ਇਕ ਪਾਸੇ ਤਾਂ ਕਰੈਡਿਟ ਲੈਣ ਵਾਸਤੇ ਕਹਿੰਦੇ ਹਨ ਕਿ ਸਾਡੇ ਕਾਗਜ਼ ਤਿਆਰ ਪਏ ਹੋਏ ਸਨ, ਅਸੀਂ ਕਰਨਾ ਸੀ ਔਰ ਹੁਣ ਜਦ ਅਸਾਂ ਕਰ ਦਿਤਾ ਹੈ ਤਾਂ ਕਹਿਣ ਲਗ ਪਏ ਹਨ ਕਿ ਇਹ ਕਿਉਂ ਕਰ ਦਿਤਾ, ਘਾਟਾ ਪਾ ਦਿਤਾ । ਮੈਂ ਚਾਹੁੰਦਾ ਸਾਂ ਕਿ ਪੰਡਤ ਜੀ ਦਸਦੇ ਕਿ ਇਨ੍ਹਾਂ ਦੇ ਨਾਲ ਨਾਲ ਕਿਹੜੀਆਂ ਹੋਰ ਗੱਲਾਂ ਕਰੀਏ ਤਾਕਿ ਹੋਰ ਆਮਦਨ ਹੋ ਸਕੇ—ਬਜਟ ਅਜੇ ਪਾਸ ਹੋਣਾ ਹੈ, ਇਸ ਵਿਚ ਸੋਧਨਾਵਾਂ ਕੀਤੀਆਂ ਜਾ ਸਕਦੀਆਂ ਹਨ, ਹਾਊਸ ਉਨ੍ਹਾਂ ਉਤੇ ਵਿਚਾਰ ਕਰ ਲੈਂਦਾ ਮਗਰ ਇਸ ਪੱਖ ਤੇ ਉਨ੍ਹਾਂ ਨੇ ਅਪਣੇ ਵਿਚਾਰ ਪਰਗਟ ਨਹੀਂ ਕੀਤੇ । ਫਿਰ ਬੈਟਰਮੈਂਟ ਲੈਵੀ ਕਮੇਟੀ ਦੀ ਰੀਪੋਰਟ ਬਾਰੇ ਇਤਰਾਜ਼ ਕੀਤਾ । ਬਾਵਜੂਦ ਇਸ ਗੱਲ ਦੇ ਕਿ ਇਹ ਰੀਪੋਰਟ ਯੁਨੈਨੀਮਸਲੀ ਪਾਸ ਹੋਈ ਸੀ, ਇਨ੍ਹਾਂ ਦੀ ਗੌਰਮੈਂਟ ਨੇ ਇਸ ਨੂੰ ਦੱਬੀ ਰਖਿਆ ਔਰ ਅਗਰ ਅਸਾਂ ਇਨ੍ਹਾਂ ਦੀ ਹੀ ਰੀਪੋਰਟ ਉਤੇ ਅਮਲ ਕਰਨ ਦਾ ਖਿਆਲ ਕੀਤਾ ਹੈ ਤਾਂ ਕਹਿੰਦੇ ਹਨ ਕਿ ਅਮਲ ਨਾ ਕਰੋ ਕਿਉਂਕਿ ਇਸਦੇ ਨਾਲ ਪੰਜਾਬ ਦੇ ਖਜ਼ਾਨੇ ਤੇ ਢਾਈ ਕਰੋੜ ਰੁਪਏ ਦਾ ਘਾਟਾ ਪੈਂਦਾ ਹੈ । ਇਨ੍ਹਾਂ ਦੇ ਕਥਨ ਅਨੁਸਾਰ ਹੋਰ ਘਾਟਾ ਕਿਸ ਤਰ੍ਹਾਂ ਪੈਂਦਾ ਹੈ ? ਇਹ ਕਹਿੰਦੇ ਹਨ ਕਿ ਜਿਹੜਾ ਇਸ ਗੌਰਮੈਂਟ ਨੇ ਗੌਰਮੈਂਟ ਐਂਪਲਾਈਜ਼ ਨੂੰ ਸੈਂਟਰਲ ਡੀ. ਏ. ਦੇ ਦਿਤਾ ਹੈ ਉਸ ਨਾਲ ਘਾਟਾ ਪੈ ਗਿਆ ਹੈ । ਡਿਪਟੀ ਸਪੀਕਰ ਸਾਹਿਬ, ਇਹ ਗੌਰਮੈਂਟ ਐਂਪਲਾਈਜ਼ ਅਜ ਨਹੀਂ, ਕਈ ਸਾਲਾਂ ਤੋਂ ਤਰਲੇ ਮਾਰਦੇ ਫਿਰਦੇ ਸਨ ਕਿ ਮਹਿੰਗਾਈ ਨੇ ਸਾਡਾ ਲੱਕ ਤੋੜ ਦਿੱਤਾ ਹੈ, ਕੁਝ ਕਰੋ, ਕੁਝ ਦਿਉ ਤਾਕਿ ਟੱਬਰਾਂ ਨੂੰ ਤਾਂ ਪਾਲ ਸਕੀਏ । ਇਨ੍ਹਾਂ ਦੀ ਕਾਂਗਰਸ ਪਾਰਟੀ ਦੀ ਗੌਰਮੈਂਟ ਉਨ੍ਹਾਂ ਨੂੰ ਹਮੇਸ਼ਾ ਇਹੀ ਜਵਾਬ ਦੇਂਦੀ ਰਹੀ ਕਿ ਬੇਸ਼ਕ ਸਾਡੀ ਤੁਹਾਡੇ ਨਾਲ ਪੂਰੀ ਹਮਦਰਦੀ ਹੈ ਲੇਕਿਨ ਸਾਡੇ ਪਾਸ

ਇਤਨੇ ਰੀਸੋਰਸਿਜ਼ ਨਹੀਂ ਹਨ ਕਿ ਤੁਹਾਡੀਆਂ ਮੰਗਾਂ ਪੂਰੀਆਂ ਕਰ ਸਕੀਏ । ਹਮਦਰਦੀ ਤਾਂ ਪੂਰੀ ਸੀ ਮਗਰ ਉਨ੍ਹਾਂ ਨੂੰ ਦੇ ਕੁਝ ਨਹੀਂ ਸਕੇ । ਦੂਰ ਜਾਣ ਦੀ ਕੀ ਲੋੜ ਹੈ, ਮੈਂ ਪਿਛਲੇ ਸਾਲ ਦੀ ਹੀ ਫ਼ਾਈਨੈਂਸ ਮਨਿਸਟਰ ਸਾਹਿਬ ਦੀ ਸਪੀਚ ਨੂੰ, ਜਿਸ ਵਿਚ ਇਨ੍ਹਾਂ ਨੇ ਗੌਰਮੈਂਟ ਐਂਪਲਾਈਜ਼ ਬਾਰੇ ਬਿਆਨ ਦਿਤਾ, ਆਪ ਦੇ ਸਾਹਮਣੇ ਕੁਓਟ ਕਰਦਾ ਹਾਂ । ਉਸ ਵਿਚ ਕਿਹਾ ਗਿਆ ਸੀ ਕਿ :

........The demand of the employees for increase in Dearness Allowance is being considered taking into account various factors such as the price situation and the resources position of the State Government. In this connection, I have already stated that the rise in the price level in Punjab during the year 1965 has been camparatively less than in the rest of the country and the prices of food-grains in the State have remained more or less stable as compared to the year 1964. Even so, consistant with the availability of resources, this demand is being looked into sympathetically.

ਸੋ ਨਾਨ-ਅਵੇਲੇਬਿਲਟੀ ਆਫ਼ ਰੀਸੋਰਸਿਜ਼ ਦੇ ਥੱਲੇ ਇਹ ਗੌਰਮੈਂਟ ਐਂਪਲਾਈਜ਼ ਦੀਆਂ ਮਿਨੀਮਮ ਡਿਮਾਂਡਜ਼ ਨੂੰ ਮਨਜ਼ੂਰ ਕਰਨ ਤੋਂ ਇਨਕਾਰ ਕਰਦੇ ਰਹੇ । ਹੁਣ ਇਸ ਗੌਰਮੈਂਟ ਨੇ ਕੀ ਕੀਤਾ ਹੈ ? ਅਜ ਮਹਿੰਗਾਈ ਇਤਨੀ ਵਧ ਗਈ ਹੈ ਕਿ ਸਰਕਾਰੀ ਮੁਲਾਜ਼ਿਮ ਗੁਜ਼ਾਰਾ ਨਹੀਂ ਕਰ ਸਕਦਾ । ਇਸ ਹਾਲਤ ਨੂੰ ਵੇਖ ਕੇ ਅਸਾਂ ਇਹ ਕੀਤਾ ਹੈ ਕਿ ਅਜੇ ਤਨਖਾਹਾਂ ਤਾਂ ਹੋਰ ਵਧਾ ਨਹੀਂ ਸਕਦੇ ਉਨ੍ਹਾਂ ਦੀਆਂ ਡੀਮਾਂਡਜ਼ ਦਾ ਜਾਇਜ਼ਾ ਲੈਣ ਲਈ ਇਕ ਪੇ ਕਮੀਸ਼ਨ ਮੁਕਰਰ ਕਰ ਦਿਤਾ ਹੈ ਔਰ ਨਾਲ ਹੀ ਇਮੀਜੀਏਟ ਰਿਲੀਫ਼ ਲਈ ਇਹ ਕੀਤਾ ਹੈ ਕਿ ਉਨ੍ਹਾਂ ਨੂੰ ਸੈਂਟਰ ਦੇ ਬਰਾਬਰ ਦਾ ਡੀ. ਏ. ਦੇ ਦਿਤਾ ਹੈ । (ਸਰਕਾਰੀ ਬੈਂਚਾਂ ਵਲੋਂ ਥੰਪਿੰਗ) ਇਹ ਵੀ ਪੰਡਤ ਜੀ ਕਹਿਣ ਕਿ ਸੈਂਟਰਲ ਡੀ. ਏ. ਨਾ ਦਿਉ-ਦਰ ਅਸਲ ਆਪੋਜ਼ੀਸ਼ਨ ਵਿਚ ਬੈਠਾ ਹੋਇਆ ਹਰ ਕਾਂਗਰਸੀ ਮੈਂਬਰ ਇਹ ਕਹੇਗਾ ਕਿ ਸੈਂਟਰਲ ਡੀ. ਏ. ਨਾ ਦਿਉ ਕਿਉਂਕਿ ਇਸ ਨਾਲ ਸਰਕਾਰੀ ਖਜ਼ਾਨੇ ਵਿਚ ਘਾਟਾ ਪੈਂਦਾ ਹੈ । ਪਰ ਇਸ ਦਾ ਲਾਜੀਕਲ ਅਰਥ ਕੀ ਨਿਕਲਦਾ ਹੈ ? ਇਹੀ ਕਿ ਇਨ੍ਹਾਂ ਸਰਕਾਰੀ ਮੁਲਾਜ਼ਮਾਂ ਨੂੰ ਕਹੋ ਕਿ ਭਾਈ ਭੁੱਖੇ ਮਰੋ । (ਵਿਘਨ) ਮਤਲਬ ਇਹ ਕਿ ਇਨ੍ਹਾਂ ਵਲੋਂ ਇਹੀ ਕਿਹਾ ਗਿਆ ਹੈ ਕਿ ਦੋ ਕਰੋੜ ਦਾ ਜਿਹੜਾ ਟੈਕਸ ਰੀਲੀਫ਼ ਦਿਤਾ ਉਹ ਗਲਤ, ਢਾਈ ਕਰੋੜ ਬੇਟਰਮੈਂਟ ਲੇਵੀ ਦਾ ਰਿਲੀਫ਼ ਵੀ ਮਾੜਾ, ਛੇ ਕਰੋੜ ਜਿਹੜਾ ਗੌਰਮੈਂਟ ਐਂਪਲਾਈਜ਼ ਨੂੰ ਡੀ. ਏ. ਵਧਾ ਕੇ ਦਿਤਾ ਉਹ ਵੀ ਗਲਤ, ਢਾਈ ਕਰੋੜ ਰੁਪਏ ਦਾ ਯੂ.ਜੀ.ਸੀ. ਔਰ ਕੋਠਾਰੀ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਮੰਨ ਕੇ ਮਾਸਟਰਾਂ ਨੂੰ ਦਿਤਾ ਉਹ ਵੀ ਮਾੜਾ ਕੰਮ ਕੀਤਾ । ਆਖਿਰ ਇਹ ਵੀ ਕੋਈ ਆਰਗੂਮੈਂਟ ਹਨ ? ਇਤਨਾ ਹੀ ਨਹੀਂ, ਡਿਪਟੀ ਸਪੀਕਰ ਸਾਹਿਬ, ਚੌਥੇ ਪੰਜ ਸਾਲਾ ਪਲਾਨ ਦੇ ਪਹਿਲੇ ਸਾਲ ਲਈ ਕੇਂਦਰੀ ਸਰਕਾਰ ਨੇ ਪਹਿਲਾਂ ਕਿਹਾ ਹੋਇਆ ਸੀ ਕਿ 22 ਕਰੋੜ ਰੁਪਿਆ ਪੰਜਾਬ ਨੂੰ ਦੇਵਾਂਗੇ । ਹੁਣ ਉਸ 22 ਕਰੋੜ ਦੀ ਥਾਂ ਕਹਿ ਦਿਤਾ ਹੈ ਕਿ $14\frac{1}{2}$ ਕਰੋੜ ਹੀ ਮਿਲੇਗਾ । ਇਸ ਤਰ੍ਹਾਂ ਜਿਹੜਾ ਕੇਂਦਰੀ ਸਰਕਾਰ ਦੇ ਕਟ ਲਗਾਉਣ ਵਜੋਂ $7\frac{1}{2}$ ਕਰੋੜ ਰੁਪਿਆ ਘਟ ਮਿਲਣਾ ਹੈ ਉਸ ਨੂੰ ਵੀ ਮੇਰੇ ਸਾਹਮਣੇ ਬੈਠੇ ਹੋਏ ਵੀਰ ਕਹਿੰਦੇ ਹਨ ਅਸਾਂ ਘਾਟਾ ਪਾ ਦਿਤਾ ਹੈ । ਇਸ ਦਾ ਨਕਸ਼ਾ ਖਿਚਦਿਆਂ ਹੋਇਆਂ ਉਨ੍ਹਾਂ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਮੌਜੂਦਾ ਪੰਜਾਬ ਸਰਕਾਰ ਨੇ ਪੰਜਾਬ ਦੀ ਇਕਾਨੋਮੀ ਨੂੰ ਖੂਹ ਵਿਚ ਸੁਟ ਦਿਤਾ ਹੈ ਔਰ ਇਹ ਦੂਸ਼ਨ ਲਗਾਇਆ ਹੈ ਕਿ ਇਸ ਖੂਹ ਵਿਚੋਂ ਨਿਕਲਣ ਦਾ ਕੋਈ ਰਾਹ ਨਹੀਂ ਛਡਿਆ । ਦਰ ਅਸਲ ਗੱਲ ਇਹ ਨਹੀਂ ਹੈ । ਪੰਜਾਬ ਦੀ ਇਸ ਨਵੀਂ ਸਰਕਾਰ ਨੇ, ਯੂਨਾਈਟਿਡ ਫਰੰਟ ਦੀ ਸਰਕਾਰ ਨੇ ਇਹ ਜਿਹੜੀਆਂ ਪੋਥੀਆਂ ਲਿਖ ਲਿਖ ਕੇ ਧਰ ਗਏ ਸਨ ਉਨ੍ਹਾਂ ਵਿਚ ਸੋਧਨਾਵਾਂ ਕੀਤੀਆਂ, ਕੈਬੀਨਟ ਲੈਵਲ ਤੇ ਫੈਸਲੇ ਕਰਕੇ, ਉਨ੍ਹਾਂ ਵਿਚ ਨਵੀਆਂ ਸਜੈਸ਼ਨਜ਼ ਲਿਆ ਕੇ, ਜਿਹੜੇ

[ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ]

ਫੈਸਲੇ ਕੀਤੇ ਹਨ ਉਨ੍ਹਾਂ ਨੂੰ ਸਾਰਾ ਪੰਜਾਬ ਐਪਰੀਸ਼ੀਏਟ ਕਰ ਰਿਹਾ ਹੈ । ਪੰਜਾਬ ਹੀ ਨਹੀਂ ਬਲਕਿ ਖੁਦ ਕਾਂਗਰਸ ਪਾਰਟੀ ਦੇ ਮੈਂਬਰ ਵੀ ਐਪਰੀਸ਼ੀਏਟ ਕਰ ਰਹੇ ਹਨ । ਉਹ ਵੀ ਇਹ ਗੱਲ ਮਹਿਸੂਸ ਕਰਦੇ ਹਨ ਕਿ ਜਿਹੜੀਆਂ ਗੱਲਾਂ ਉਹ 20 ਸਾਲ ਦੀ ਹਕੂਮਤ ਵਿਚ ਨਹੀਂ ਕਰ ਸਕੇ ਉਹ ਅਸੀਂ ਆਉਂਦਿਆਂ ਹੀ ਕਰ ਦਿਤੀਆਂ ਹਨ । ਇਸ ਦੇ ਬਾਵਜੂਦ ਵੀ ਅਗਰ ਕੋਈ ਕਹੇ ਕਿ ਇਹ ਸਭ ਗਲਤ ਹੈ ਤਾਂ ਗੱਲ ਸਮਝ ਵਿਚ ਨਹੀਂ ਆਉਂਦੀ ।

ਇਹ ਵੀ ਕਿਹਾ ਗਿਆ ਹੈ ਕਿ ਡੈਫਿਸਿਟ ਬਜਟਿੰਗ ਚੰਗੀ ਗੱਲ ਨਹੀਂ । ਇਸ ਬਾਰੇ ਮੈਂ ਬਾਅਦ ਵਿਚ ਜ਼ਿਕਰ ਕਰਾਂਗਾ ਕਿ ਕਾਂਗਰਸ ਸਰਕਾਰ ਨੇ ਪਿਛਲੇ 20 ਸਾਲਾਂ ਵਿਚ ਸਾਰੀ ਇਕਾਨੋਮੀ ਕਿਥੇ ਪਹੁੰਚਾ ਦਿਤੀ ਹੈ । ਡੈਫਿਸਿਟ ਬਜਟਿੰਗ ਹੀ ਨਹੀਂ ਸਾਰੇ ਮੁਲਕ ਨੂੰ ਹੀ ਇਨ੍ਹਾਂ ਨੇ ਡੈਫਿਸਿਟ ਫ਼ਾਈਨੈਂਨਸਿੰਗ ਵਿਚ ਧਕੇਲ ਦਿਤਾ ਹੈ । ਇਸ ਵਿਚੋਂ ਨਿਕਲਣ ਲਈ ਕੋਈ ਰਾਹ ਹੀ ਨਹੀਂ ਛਡਿਆ । ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਮੌਜੂਦਾ ਨਿਜ਼ਾਮ ਵਿਚ ਸਟੇਟਸ ਦੇ ਜ਼ਰਾਏ ਔਰ ਅਧਿਕਾਰ ਬੜੇ ਮਹਿਦੂਦ ਹਨ ਔਰ ਜ਼ਿਆਦਾਤਰ ਅਧਿਕਾਰ ਦਿੱਲੀ ਵਿਚ ਹੀ ਕੇਂਦਰਿਤ ਹੋਏ ਹੋਏ ਹਨ । ਇਸ ਬਾਰੇ ਬਹੁਤ ਕੁਝ ਕਿਹਾ ਜਾ ਸਕਦਾ ਹੈ ਮਗਰ ਇਸ ਵਿਚ ਜਾਣ ਤੋਂ ਪਹਿਲਾਂ ਮੈਂ ਪੰਡਤ ਜੀ ਦੇ ਸਾਰੇ ਪੁਆਇੰਟਸ ਦਾ ਨਬੇੜਾ ਕਰ ਲੈਣਾ ਚਾਹੁੰਦਾ ਹਾਂ ।

ਡਿਪਟੀ ਸਪੀਕਰ ਸਾਹਿਬ, ਜਿਵੇਂ ਇਸ ਗੌਰਮੈਂਟ ਨੇ ਰਿਲੀਫ਼ ਦਿੱਤਾ ਹੈ ਉਥੇ ਇਹ ਗਲ ਨਹੀਂ ਕਿ ਰੀਸੋਰਸਿਜ਼-ਨਵੇਂ ਰੀਸੋਰਸਿਜ਼ ਨੂੰ ਲੱਭਣ ਦੀ ਗੱਲ ਨੂੰ ਬਿਲਕੁਲ ਹੀ ਛਡ ਦਿਤਾ ਹੋਵੇ । ਇਹ ਵੀ ਜ਼ਰੂਰੀ ਨਹੀਂ ਸੀ ਕਿ ਇਸ ਪਹਿਲੇ ਸਾਲ ਹੀ ਨਵੇਂ ਟੈਕਸ ਲਗਾ ਦਿੰਦੇ । ਟੈਕਸਾਂ ਦਾ ਭਾਰ ਤਾਂ ਇਨ੍ਹਾਂ ਨੇ ਪਿਛਲੇ 20 ਸਾਲਾਂ ਵਿਚ ਹਦ ਤਕ ਪਹੁੰਚਾ ਦਿਤਾ ਹੈ । ਕੋਈ ਸਾਲ ਖਾਲੀ ਨਹੀਂ ਸੀ ਗਿਆ ਜਿਸ ਵਿਚ ਕਿ ਇਨ੍ਹਾਂ ਨੇ ਨਵੇਂ ਟੈਕਸ ਲਗਾ ਕੇ ਜਨਤਾ ਦਾ ਕਚੂਮਰ ਨਾ ਕਢਿਆ ਹੋਵੇ । ਕੋਈ ਸਪੀਚ ਨਹੀਂ, ਕੋਈ ਮੈਮੋਰੰਡਮ ਐਸਾ ਨਹੀਂ ਜਿਸ ਵਿਚ ਕਿਸੇ ਸਾਲ ਵੀ ਇਨ੍ਹਾਂ ਨੇ ਕਿਹਾ ਹੋਵੇ ਕਿ ਹੁਣ ਟੈਕਸਾਂ ਦੀ ਪਾਸੀਬਿਲਟੀ ਐਕਸਟਿੰਕਟ ਹੋ ਚੁਕੀ ਹੈ । ਮੈਂ ਇਹ ਵੀ ਨਹੀਂ ਕਹਿੰਦਾ ਕਿ ਅਸਾਂ ਸਹੁੰ ਖਾ ਲਈ ਹੈ ਕਿ ਵਧੇਰੇ ਟੈਕਸ ਨਹੀਂ ਲਗਾਣੇ । ਟੈਕਸ ਲਗਾਉਣ ਦੀ ਨੌਬਤ ਉਸ ਵਕਤ ਆਉਂਦੀ ਹੈ ਜਦ ਆਮਦਨ ਦੇ ਦੂਜੇ ਜ਼ਰਾਏ ਖਤਮ ਹੋ ਗਏ ਹੋਣ । ਸਾਨੂੰ ਉਹ ਸਾਰੇ ਕਦਮ ਚੁਕਣੇ ਹਨ ਜਿਨ੍ਹਾਂ ਦੇ ਨਾਲ ਬਚਤਾਂ ਹੋਣ, ਪੈਸਾ ਬਗੈਰ ਟੈਕਸ ਲਗਾਏ ਸਰਕਾਰੀ ਖਜ਼ਾਨੇ ਵਿਚ ਆ ਸਕੇ । ਸਭ ਤੋਂ ਪਹਿਲਾਂ ਤਾਂ ਅਸਾਂ ਉਹ ਛੇ ਕਰੋੜ ਰੁਪਏ ਦੀ ਰਕਮ ਨੂੰ ਵਸੂਲ ਕਰਨਾ ਹੈ ਜਿਹੜੀ ਕਿ ਪਿਛਲੀ ਸਰਕਾਰ ਨੇ ਲੋਨਜ਼ ਐਂਡ ਐਡਵਾਨਸਿਜ਼ ਰਾਹੀਂ ਲੋਕਾਂ ਨੂੰ ਦਿਤੀ ਔਰ ਜਿਸ ਦੀ ਵਸੂਲੀ ਹੁਣ ਬਿਲਕੁਲ ਡਿਊ ਹੋ ਚੁਕੀ ਹੈ, ਮੈਚਿਉਰ ਹੋ ਚੁਕੀ ਹੈ । ਮੈਂ ਪੁਛਦਾ ਹਾਂ ਔਰ ਜਾਣਦਾ ਵੀ ਹਾਂ ਕਿ ਉਹ ਰਕਮ ਪਿਛਲੀ ਸਰਕਾਰ ਨੂੰ ਕਿਉਂ ਵਸੂਲ ਨਹੀਂ ਹੋ ਸਕੀ । ਕਈ ਪੁਲਿਟੀਕਲ ਮਸਲਿਹਤਾਂ ਸਨ ਜਿਨ੍ਹਾਂ ਕਰਕੇ ਸਰਕਾਰ ਉਸ ਦੀ ਵਸੂਲੀ ਨਾ ਕਰ ਸਕੀ । ਮੈਂ ਆਸ ਕਰਦਾ ਹਾਂ ਕਿ ਉਹ ਪੁਲਿਟੀਕਲ ਮਸਲਿਹਤਾਂ ਇਸ ਗੌਰਮੈਂਟ ਦੇ ਰਸਤੇ ਵਿਚ ਹਾਇਲ ਨਹੀਂ ਹੋਣਗੀਆਂ ਕਿਉਂਕਿ ਜੇ ਐਸਾ ਹੋਇਆ ਤਾਂ ਇਥੇ ਬੈਠੇ ਹੋਏ ਸਾਥੀਆਂ ਨੂੰ ਪਤਾ ਹੈ ਕਿ ਸਾਡਾ ਵੀ ਉਹੀ ਹਾਲ ਹੋਵੇਗਾ ਜੋ ਉਨ੍ਹਾਂ ਦਾ ਹੋਇਆ ਹੈ । (ਸਰਕਾਰੀ ਬੈਂਚਾਂ ਵਲੋਂ ਥੰਪਿੰਗ) ਸਟੇਟ ਦੇ ਇੰਟਰੈਸਟ ਨੂੰ ਸਾਹਮਣੇ ਰਖਦੇ ਹੋਇਆਂ ਸਾਡਾ ਪਹਿਲਾ ਫਰਜ਼ ਬਣਦਾ ਹੈ ਕਿ ਛੇਤੀ ਤੋਂ ਛੇਤੀ ਉਨ੍ਹਾਂ ਕਰਜ਼ਿਆਂ ਦੀ ਵਸੂਲੀ ਕਰੀਏ ਜਿਹੜੇ ਮੈਚਿਉਰਡ ਹੋ ਗਏ ਹਨ । ਡਿਪਟੀ ਸਪੀਕਰ ਸਾਹਿਬ, ਛੇ ਕਰੋੜ ਰੁਪਿਆ ਕੋਈ ਥੋੜਾ

ਨਹੀਂ ਹੁੰਦਾ ਔਰ ਇਸ ਦੇ ਵਿਚ ਕਿਸੇ ਕਿਸਮ ਦਾ ਪਰੈਸ਼ਰ ਜਾਂ ਰੁਕਾਵਟ ਪੈਦਾ ਨਹੀਂ ਹੋਣੀ ਚਾਹੀਦੀ । ਇਸ ਦੇ ਨਾਲ ਸਾਡਾ ਕਾਫੀ ਸਾਰਾ ਡੈਫ਼ਿਸਿਟ ਘਟ ਸਕਦਾ ਹੈ ।

(Shri Lal Chand Sabharwal, a Members of the Panel of Chairmen in the Chair.)

ਇਸ ਤੋਂ ਅਲਾਵਾ ਇਕ ਹੋਰ ਬੜਾ ਭਾਰੀ ਸੋਰਸ ਹੈ ਜਿਸ ਨੂੰ ਟੈਪ ਕਰਨ ਦੀ ਭਾਰੀ ਲੋੜ ਹੈ । ਉਹ ਹੈ ਟੈਕਸਾਂ ਦੀ ਈਵੇਜ਼ਨ ਨੂੰ ਰੋਕਣਾ । ਇਸ ਬਾਰੇ ਇਕ ਨਹੀਂ ਕਈ ਰਿਪੋਰਟਸ ਹਨ । ਟੈਕਸੇਸ਼ਨ ਉਤੇ ਸੈਂਟਰ ਦੀ ਇਕ ਕਮੀਸ਼ਨ ਬਣੀ। ਉਸ ਨੇ ਦਸਿਆ ਕਿ ਹਿੰਦੁਸਤਾਨ ਵਿਚ ਹਰ ਸਾਲ 300 ਕਰੋੜ ਰੁਪਏ ਦਾ ਟੈਕਸਾਂ ਦਾ ਈਵੇਜ਼ਨ ਹੁੰਦਾ ਹੈ । ਟੈਕਸ ਰੈਵੇਨਿਊ ਕਿਸੇ ਵੀ ਸਟੇਟ ਦਾ ਆਮਦਨੀ ਦਾ ਇਕ ਤਕੜਾ ਸੋਰਸ ਹੁੰਦਾ ਹੈ । ਅਗਰ ਇਸ ਇਵੇਜ਼ਨ ਨੂੰ ਰੋਕ ਲਿਆ ਜਾਵੇ ਤਾਂ ਕੋਈ ਵਜਾਹ ਨਹੀਂ ਕਿ ਕਿਉਂ ਨਾ ਇਸ ਨਾਲ ਵੀ ਸਾਡੇ ਸੂਬੇ ਨੂੰ 5 ਔਰ 6 ਕਰੋੜ ਰੁਪਏ ਦੀ ਵਾਧੂ ਆਮਦਨ ਹੋਵੇ । ਅਜ ਅਗਰ ਵੇਖਿਆ ਜਾਵੇ ਤਾਂ ਦੁਕਾਨਦਾਰ ਵੀ ਇੰਸਪੈਕਟਰਾਂ ਕਾਰਨ ਬਹੁਤ ਦੁਖੀ ਹਨ । ਇਕ ਦੇ ਉਤੇ ਦੂਜਾ ਔਰ ਦੂਜੇ ਉਤੇ ਤੀਜਾ ਟੈਕਸ ਲਗਾਇਆ ਹੋਇਆ ਹੈ । ਇੰਸਪੈਕਟਰਾਂ ਦਾ ਵੀ ਕੋਈ ਹਿਸਾਬ ਨਹੀਂ । ਇਕ ਇਕ ਮਕਸਦ ਲਈ ਦੋ ਦੋ ਤਿੰਨ ਤਿੰਨ ਲਾਈਸੰਸ ਬਣਵਾਏ ਹੋਏ ਹਨ। ਇਸ ਸਾਰੀ ਚੀਜ਼ ਨੂੰ ਸਿੰਪਲੀਫ਼ਾਈ ਕਰਕੇ ਔਰ ਅਮਲੇ ਨੂੰ ਘਟਾ ਕੇ ਆਮਦਨ ਵਧਾਈ ਜਾ ਸਕਦੀ ਹੈ, ਉਹ ਸਾਰੀਆਂ ਗੱਲਾਂ ਹਟਾਕੇ ਈਵੇਜ਼ਨ ਨੂੰ ਰੋਕ ਕੇ ਇਕ ਬਹੁਤ ਵਡੀ ਰਕਮ ਹਾਸਲ ਹੋ ਸਕਦੀ ਹੈ, ਟੈਕਸੇਸ਼ਨ ਦੀ ਲੀਕੇਜ ਨੂੰ ਪਲੱਗ ਕਰਕੇ ।

ਫਿਰ ਐਡਮਿਨਿਸਟਰੇਸ਼ਨ ਦੀ ਗਲ ਲਉ । ਇਥੇ ਟਾਪ ਹੈਵੀ ਐਡਮਿਨਿਸਟਰੇਸ਼ਨ ਹੈ । ਕਿਸੇ ਦਫਤਰ ਵਿਚ ਚਲੇ ਜਾਉ, ਫਾਈਲ ਹੀ ਨਹੀਂ ਮਿਲਦੀ । ਇਹ ਹਾਲਤ ਅਜ ਦੀ ਕ੍ਰੀਏਸ਼ਨ ਨਹੀਂ, ਪਹਿਲੇ ਦੀ ਹੀ ਕ੍ਰੀਏਟਿਡ ਹੈ। ਅਜ ਸਰਦਾਰ ਗੁਰਨਾਮ ਸਿੰਘ ਨੇ ਨਹੀਂ ਟਾਪ ਹੈਵੀ ਐਡਮਿਨਿਸਟਰੇਸ਼ਨ ਕਰ ਦਿਤੀ,ਇਹ ਪਿਛਲੇ ਵੀਹ ਸਾਲ ਵਿਚ ਹੋਈ ਹੈ। ਜਿਥੇ ਪਹਿਲਾਂ ਇਕ ਡਾਇਰੈਕਟਰ ਤੇ ਡਿਪਟੀ ਡਾਇਰੈਕਟਰ ਹੁੰਦਾ ਸੀ, ਇਕ ਆਈ. ਜੀ, ਤੇ ਇਕ ਡੀ. ਆਈ. ਜੀ. ਹੁੰਦਾ ਸੀ ਉਥੇ ਹੁਣ ਅਫਸਰਾਂ ਦਾ ਹਿਸਾਬ ਨਹੀਂ ਲਗਦਾ। ਡੁਪਲੀਕੇਸ਼ਨ ਬਹੁਤ ਵਧੀ ਹੋਈ ਹੈ । ਇਕ ਕੇਸ ਡਾਇਰੈਕਟ ਪਾਸ ਜਾਂਦਾ ਹੈ, ਉਸ ਦੇ ਦਫਤਰ ਵਿਚ ਹੋ ਕੇ ਸੈਕਟਰੀ ਪਾਸ ਜਾਂਦਾ ਹੈ । ਉਥੇ ਫਿਰ ਹੋਰ ਦਫਤਰ ਖੁਲ੍ਹਿਆ ਹੋਇਆ ਹੈ । ਇਹ ਪੋਸਟਾਂ ਕੰਬਾਈਨ ਕਿਉਂ ਨਹੀਂ ਹੋ ਸਕਦੀਆਂ ? ਫਿਰ ਐਕਸਪਰਟਸ ਹਨ । ਮੈਂ ਨਹੀਂ ਕਹਿੰਦਾ ਕਿ I.C.S. ਜਾਂ I.A.S. ਦੇ ਅਫਸਰ ਜ਼ਿਆਦਾ ਹਨ ਪਰ ਜਿਥੇ ਟੈਕਨੀਕਲ ਨਾਲੇਜ ਦੀ ਜ਼ਰੂਰਤ ਹੈ ਉਥੇ ਡਿਪਾਰਟਮੈਂਟ ਦਾ ਆਦਮੀ ਜ਼ਿਆਦਾ ਕੰਮ ਕਰ ਸਕਦਾ ਹੈ, ਸੈਕਟਰੀ ਨਹੀਂ ਕਰ ਸਕਦਾ । ਇਸੇ ਤਰ੍ਹਾਂ ਹੋਰ ਵੀ ਸੁਝਾਉ ਹੋ ਸਕਦੇ ਹਨ ਜਿਥੋਂ ਕਿ ਰੀਸੋਰਸਿਜ਼ ਪੈਦਾ ਹੋ ਸਕਦੇ ਹਨ, ਬਚਤ ਹੋ ਸਕਦੀ ਹੈ । ਫਿਰ ਅਗਰ ਹੋਰ ਜ਼ਰੂਰਤ ਹੋਵੇ ਤਾਂ landed ਜਾਂ industrial interests ਪਾਸੋਂ ਪੈਸਾ ਲਿਆ ਜਾਵੇ ਕਿਸੇ ਨੂੰ ਇਤਰਾਜ਼ ਨਹੀਂ ਹੋਵੇਗਾ । ਕਾਂਗਰਸ ਵੀਹ ਸਾਲ ਸੋਸ਼ਲਿਜ਼ਮ ਦੀਆਂ ਗੱਲਾਂ ਕਰਦੀ ਰਹੀ ਪਰ ਅਮਲ ਅਜਿਹੇ ਸਨ ਕਿ ਗਰੀਬ ਹੋਰ ਗਰੀਬ ਤੇ ਅਮੀਰ ਹੋਰ ਅਮੀਰ ਕਰ ਦਿਤੇ । ਇਹ ਗੱਲ ਦੋ ਮਹੀਨਿਆਂ ਦੀ ਪਾਲਿਸੀ ਕਰਕੇ ਨਹੀਂ ਹੋਈ, ਪਿਛਲੇ 20 ਸਾਲਾਂ ਵਿਚ ਹੋਈ ਹੈ ।

ਇਕ ਗਲ ਇਨ੍ਹਾਂ ਨੇ ਪ੍ਰਾਈਸ ਸਟਰਕਚਰ ਬਾਰੇ ਕੀਤੀ ਹੈ। ਠੀਕ ਹੈ ਮੈਂ ਸਹਿਮਤ ਹਾਂ ਕਿ ਕਣਕ ਦੀ ਪ੍ਰਾਈਸ ਫਿਕਸੇਸ਼ਨ ਵਿਚ ਡੀਲੇ ਨਹੀਂ ਹੋਣੀ ਚਾਹੀਦੀ, ਇਸ ਨਾਲ ਛੋਟੇ ਕਿਸਾਨਾਂ ਦਾ ਨੁਕਸਾਨ ਹੋਵੇਗਾ । । (ਆਪੋਜ਼ੀਸਨ ਵਲੋਂ ਤਾੜੀਆਂ) ਮਗਰ ਜਦ ਇਸ ਗਲ ਨੂੰ ਪੁਲਿਟੀਕਲ

[ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ]

ਮਤਲਬਾਂ ਲਈ ਇਸਤੇਮਾਲ ਕੀਤਾ ਜਾਂਦਾ ਹੈ ਕਿ ਡੀਲੇ ਸਰਕਾਰ ਕਰ ਰਹੀ ਹੈ, ਇਹ ਬਿਆਨ ਦਿੰਦੀ ਹੈ ਵਗੈਰਾ, ਤਾਂ ਮੈਂ ਇਨ੍ਹਾਂ ਤੋਂ ਪੁਛਦਾ ਹਾਂ ਕਿ ਇਨ੍ਹਾਂ ਨੇ ਕੀ ਪੋਜ਼ੇਟਿਵ ਸਜੈਸ਼ਨ ਦਿਤੀ ਹੈ। ਕਾਂਗਰਸ ਪਾਰਟੀ ਦਸੇ ਕਿ ਅਵਾਮ ਦਾ ਕੀ ਰਵੈਯਾ ਹੈ। ਇਹ ਤਾਂ ਸਿੰਗਲ ਸਟੇਟ ਜ਼ੋਨ ਨੂੰ ਕ੍ਰਿਟੀਸਾਈਜ਼ ਕਰਦੇ ਹੋਏ ਬਿਆਨ ਦੇ ਛਡਦੇ ਹਨ। ਸਰਕਾਰ ਨੇ ਇਹ ਜ਼ੋਨ ਇਸ ਲਈ ਮੰਨੇ ਕਿਉਂਕਿ ਛੋਟੇ ਕਿਸਾਨ ਤੋਂ 60 ਰੁ: ਦੇ ਭਾ ਕਣਕ ਲੈਕੇ 125 ਰੁ: ਮਣ ਵੇਚੀ ਜਾਂਦੀ ਸੀ। ਇਸ ਸਰਕਾਰ ਨੇ ਅਗਰ ਇਸ ਬੁਰਾਈ ਨੂੰ ਰੋਕਣ ਲਈ ਕੋਈ ਮੇਈਯਰਜ਼ ਲਏ ਤਾਂ ਇਨ੍ਹਾਂ ਨੇ ਮੁਖਾਲਫਤ ਸ਼ੁਰੂ ਕਰ ਦਿਤੀ। (ਵਿਘਨ) ਜਦੋਂ ਇਹ ਬਿਆਨ ਦਿੰਦੇ ਹਨ ਕਿ ਭਾ 90 ਜਾਂ 100 ਰੁ: ਤੋਂ ਘਟ ਨਹੀਂ ਹੋਣਾ ਚਾਹੀਦਾ ਤਾਂ ਕੀ ਜਿਥੇ ਇਕ ਪਾਸੇ producer ਨੂੰ ਰੈਮਨਰੇਟਿਵ ਪ੍ਰਾਈਸ ਦੇਣ ਦਾ ਖਿਆਲ ਹੈ ਉਥੇ ਦੂਜੇ ਪਾਸੇ ਕਨਜ਼ਿਊਮਰ ਦਾ ਵੀ ਖਿਆਲ ਰਖਿਆ ਜਾਂਦਾ ਹੈ ? ਇਸ ਸਰਕਾਰ ਨੇ ਖੁਦ ਸਟਾਕ ਕਰਨ ਦਾ ਫੈਸਲਾ ਇਸ ਹਾਲਤ ਨੂੰ ਪੈਦਾ ਹੋਣ ਤੋਂ ਰੋਕਣ ਲਈ ਕੀਤਾ ਹੈ ਕਿ 60 ਰੁ: ਖਰੀਦ ਕੇ ਕੋਈ 100 ਰੁ; ਵੇਚੇ। ਇਸ ਲਈ ਕੀਤਾ ਹੈ ਕਿ ਪ੍ਰੋਡਿਊਸਰ ਨੂੰ ਠੀਕ ਭਾਅ ਅਤੇ ਕਨਜ਼ਿਊਮਰ ਨੂੰ ਵਾਜਬ ਕੀਮਤ ਤੇ ਕਣਕ ਮਿਲੇ। ਪ੍ਰੋਡਿਊਸਰ ਨੂੰ ਕਾਸਟ ਆਫ ਪ੍ਰੋਡਕਸ਼ਨ ਤੋਂ ਉਪਰ ਕੁਝ ਮਿਨੀਮਮ ਪ੍ਰਾਫਿਟ ਵੀ ਮਿਲ ਸਕੇ ਤਾਕਿ ਜੋ ਉਹ ਚੀਜ਼ਾਂ ਮਹਿੰਗੇ ਭਾ ਤੇ ਲੈਂਦਾ ਹੈ, ਉਨ੍ਹਾ ਨੂੰ ਉਹ ਖਰੀਦ ਸਕੇ। ਸੋ ਸਾਡੇ ਬਿਆਨ ਕੋਟ ਕਰ ਦੇਣ ਨਾਲ ਹੀ ਕੰਮ ਨਹੀਂ ਚਲਣਾ। ਮੈਂ ਕਾਂਗਰਸੀ ਲੀਡਰਾਂ ਦੇ ਬਿਆਨ ਪੜ੍ਹੇ ਹਨ। ਜੇ ਕਿਸਾਨਾਂ ਵਿਚ ਗਏ ਤਾਂ ਕਿਹਾ ਕਿ ਸਰਕਾਰ ਨੇ ਤੁਹਾਡਾ ਬੇੜਾ ਗਰਕ ਕਰ ਦਿਤਾ ਹੈ। ਮਜ਼ਦੂਰਾਂ ਵਿਚ ਜਾਣ ਦਾ ਤਾਂ ਇਨ੍ਹਾਂ ਨੂੰ ਮੌਕਾ ਹੀ ਘਟ ਮਿਲਦਾ ਹੈ। ਹਰੀਜਨ ਭਰਾਵਾਂ ਦੀ ਸੁਣਵਾਈ ਹੀ ਘਟ ਹੁੰਦੀ ਹੈ। ਇਹ ਉਨ੍ਹਾਂ ਵਿਚ ਜਾ ਕੇ ਕਹਿਣ ਕਿ ਕਣਕ 100 ਰੁ: ਹੋਣੀ ਚਾਹੀਦੀ ਹੈ ਤਾਂ ਜਾਣੀਏ। ਇਹ ਇਕ ਸਟੇਟਮੈਂਟ ਦੇ ਦੇਣ, ਉਸ ਤੇ ਵਿਚਾਰ ਹੋ ਜਾਵੇ, ਤਾਂ ਹਰੀਜਨਾਂ ਨੂੰ ਵੀ ਪਤਾ ਲਗ ਜਾਵੇ ਕਿ ਇਹ ਕਿਸ ਦੀ ਨੁਮਾਇੰਦਗੀ ਕਰਦੇ ਹਨ। (ਵਿਘਨ) ਚੇਅਰਮੈਨ ਸਾਹਿਬ, ਮੈਂ ਕਿਸੇ ਨੂੰ ਇੰਟਰਪਟ ਕਰਨ ਦਾ ਆਦੀ ਨਹੀਂ। ਹੋਇਆ ਕਿਤੇ ਕਰ ਦਿਤਾ ਪਰ ਬਹੁਤ ਰੌਲਾ ਨਾ ਪਾਉ। ਸੋ ਪ੍ਰਾਈਸ ਦਾ ਸਵਾਲ ਅਜਿਹਾ ਹੈ ਜੋ ਸੁਝਾਉ ਰਿਕੁਆਇਰ ਕਰਦਾ ਹੈ। ਤੁਹਾਡੀ ਆਲ ਇੰਡੀਆ ਪਾਰਟੀ ਹੈ ਇਸ ਲਈ ਅਗਰ ਤੁਸੀਂ ਜ਼ਿੰਮਾਦਾਰਾਨਾ ਰਵੈਯਾ ਨਾ ਇਖਤਿਆਰ ਕੀਤਾ ਤਾਂ ਇਹ ਬੜਾ ਮਹਿੰਗਾ ਪਏਗਾ। ਪੰਜਾਬ ਦੀ ਕਾਂਗਰਸ ਅਗਰ ਇਹ ਮੰਗ ਕਰੇਗੀ ਤਾਂ ਦੂਜੀਆਂ ਸਟੇਟਸ ਦੀ ਇਨ੍ਹਾਂ ਦੀ ਪਾਰਟੀ ਅਤੇ ਸੈਂਟਰ ਦੀ ਵੀ ਇਹੀ ਮੰਗ ਕਰੇਗੀ। ਮੈਂ ਇਸ ਬਾਰੇ ਇਹੀ ਕਹਿਣਾ ਹੈ ਕਿ ਜੋ ਤਕਰੀਰ ਪੰਡਤ ਜੀ ਨੇ ਲੀਡਰ ਆਫ ਦੀ ਆਪੋਜ਼ੀਸ਼ਨ ਦੇ ਬੀਹਾਫ ਤੇ ਕੀਤੀ ਹੈ ਇਹ ਉਹ ਰਵੈਯਾ ਨਹੀਂ ਦਸਦੀ ਜਿਸ ਨੂੰ ਸਟੇਟ ਦੀ ਸਾਂਝੀ ਭਲਾਈ ਦਾ ਰਵੈਯਾ ਕਿਹਾ ਜਾ ਸਕੇ।

ਹੁਣ ਮੈਂ ਬਜਟ ਤੇ ਆਪਣੀ ਰਾਏ ਦੇਣਾ ਚਾਹੁੰਦਾ ਹਾਂ। ਇਸ ਦੀ ਸ਼ਲਾਘਾ ਕਰਦੇ ਹੋਏ ਮੈਂ ਕਹਾਂਗਾ ਕਿ ਇਸ ਸਰਕਾਰ ਨੇ ਥੋੜੇ ਜਿਹੇ ਦਿਨਾਂ ਵਿਚ ਹੀ ਉਹ ਕਦਮ ਚੁਕੇ ਹਨ ਜਿਨ੍ਹਾਂ ਨੂੰ ਕਿ ਹਾਲੇ ਤਕ ਕੋਈ ਵੀ ਵਿਰੋਧੀ ਪੁਲਿਟੀਕਲ ਪਾਰਟੀ ਕ੍ਰਿਟੀਸਾਈਜ਼ ਕਰਨ ਦੇ ਕਾਬਲ ਨਹੀਂ ਹੋਈ ਅਤੇ ਨਾ ਹੀ ਕਰ ਸਕਦੀ ਹੈ ਜਿੰਨੀ ਦੇਰ ਕਿ ਉਨ੍ਹਾਂ ਵਾਲੀਆਂ ਤਰੁਟੀਆਂ ਇਧਰ ਵੀ ਨਾ ਆ ਜਾਣ। ਜਿਸ ਦਿਨ ਇਹ ਗਲ ਹੋਈ ਉਹ ਬੜਾ ਭੈੜਾ ਦਿਨ ਹੋਵੇਗਾ। ਮੈਂ ਆਪਣੇ ਆਪੋਜ਼ੀਸ਼ਨ ਦੇ ਭਰਾਵਾਂ ਨੂੰ ਕਹਾਂਗਾ ਕਿ ਪਿਛਲੇ 20 ਸਾਲ ਉਨ੍ਹਾਂ ਨੂੰ ਹਿੰਦੁਸਤਾਨ ਦਾ ਰਾਜ ਪ੍ਰਬੰਧ

ਚਲਾਉਣ ਦਾ ਮੌਕਾ ਮਿਲਿਆ ਕਿ ਤੁਸੀਂ ਇਸ ਮੁਲਕ ਦੀ ਆਰਥਕਤਾ ਨੂੰ ਕਿਸੇ ਰਸਤੇ ਪਾਉ। 20 ਸਾਲ ਦਾ ਸਮਾਂ ਕਿਸੇ ਮੁਲਕ ਦੀ ਇਕਾਨੋਮੀ ਨੂੰ ਡਾਇਰੈਕਸ਼ਨ ਦੇਣ ਲਈ ਥੋੜ੍ਹਾ ਸਮਾਂ ਨਹੀਂ ਹੁੰਦਾ। ਹੁਣ ਸੂਬਾ ਕਿਥੇ ਹੈ ? ਉਸ ਦੇ ਅਸਰ ਤੋਂ ਅਸੀਂ ਬਚ ਨਹੀਂ ਸਕਦੇ। ਚੇਅਰਮੈਨ ਸਾਹਿਬ, ਇਹ ਕਹਿੰਦੇ ਹਨ ਕਿ ਕਿਸਾਨ ਨੂੰ ਵਰਤੋਂ ਦੀਆਂ ਚੀਜ਼ਾਂ ਮਹਿੰਗੀਆਂ ਮਿਲਦੀਆਂ ਹਨ। ਪਰ ਉਨ੍ਹਾਂ ਦੇ ਭਾਅ ਕੱਢਣ ਵਿਚ ਪੰਜਾਬ ਦਾ ਹਥ ਕਿਥੇ ਹੈ ? ਚਲੋ ਦਿੱਲੀ ਵਾਲਿਆਂ ਪਾਸ ਚਲੀਏ ਉਹ ਇੰਤਜ਼ਾਮ ਕਰਨ। ਉਹ ਇਨਡਸਟ੍ਰੀਅਲ ਪਰੋਡਿਊਸ ਦਾ ਭਾਅ ਮੁਕੱਰਰ ਕਰਦੇ ਹਨ। ਕਪੜੇ ਤੇ ਮੋਹਰਾਂ ਪੰਜਾਬ ਸਰਕਾਰ ਨਹੀਂ ਲਾਉਂਦੀ, ਉਹ ਲਾਉਂਦੇ ਹਨ। ਇੰਡਸਟ੍ਰੀਅਲ ਢਾਂਚੇ ਦੇ ਬਣਾਉਣ ਵਿਚ ਸਟੇਟ ਦੀ ਕੀ ਵੁਕਤ ਹੈ ? ਇਨ੍ਹਾਂ ਗਲਾਂ ਕਰਕੇ ਹੀ ਸਟੇਟ ਅਤੇ ਸੈਂਟਰ ਦੇ ਸਬੰਧਾਂ ਬਾਰੇ ਗਲ ਉਠੀ ਹੈ। ਸਾਡੇ ਪਾਸ ਰੀਸੋਰਸਿਜ਼ ਕੀ ਹਨ ? ਸੈਂਟਰਲ ਗਵਰਨਮੈਂਟ ਫਾਇਨੈਂਸ ਕਮਿਸ਼ਨ ਮੁਕੱਰਰ ਕਰਦੀ ਹੈ, ਉਹ ਸਟੇਟ ਵਿਚ ਆਉਂਦਾ ਹੈ। ਅਸੀਂ ਕੇਸ ਪੇਸ਼ ਕਰਦੇ ਹਾਂ। ਉਹ ਤੈ ਕਰਦੇ ਹਨ ਕਿ ਅਗਲੇ ਕੁਝ ਸਾਲਾਂ ਵਿਚ ਤੁਹਾਨੂੰ ਇਤਨਾ ਹਿੱਸਾ ਮਿਲੇਗਾ। ਕਿਸੇ ਤੇ ਉਨ੍ਹਾਂ ਦੀ ਕਿਰਪਾ ਹੋ ਜਾਂਦੀ ਹੈ ਤੇ ਕਿਸੇ ਤੇ ਕਰੋਪੀ। ਉਸੇ ਮੁਤਾਬਕ ਕੰਮ ਚਲਦਾ ਰਹਿੰਦਾ ਹੈ। ਤੁਸੀਂ ਦੇਖੋ ਭਾਖੜਾ ਪ੍ਰਾਜੈਕਟ ਹਿੰਦੁਸਤਾਨ ਵਿਚ ਆਪਣੀ ਕਿਸਮ ਦਾ ਪਹਿਲਾ ਪ੍ਰਾਜੈਕਟ ਹੈ। ਸਾਰੇ ਹਿਦੁਸਤਾਨ ਦੇ ਟੈਕਨੀਕਲ ਮਾਹਰਾਂ ਨੇ ਇਸ ਦੀ ਤਿਆਰੀ ਤੋਂ ਨੌਲੇਜ ਪ੍ਰਾਪਤ ਕੀਤਾ ਹੈ। ਉਨ੍ਹਾਂ ਨੂੰ ਫਾਇਦਾ ਹੋਇਆ ਹੈ। ਪਹਿਲਾ ਪ੍ਰਾਜੈਕਟ ਹੋਣ ਕਰਕੇ ਇਸ ਤੇ ਖਰਚ ਜ਼ਿਆਦਾ ਕਰਨਾ ਪਿਆ। ਅਸੀਂ ਬਹੁਤ ਦੇਰ ਤੋਂ ਕੋਸ਼ਿਸ਼ ਕਰ ਰਹੇ ਹਾਂ ਕਿ ਇਸ ਲਈ ਜੋ ਰਕਮ ਕਰਜ਼ ਲਈ ਹੈ ਉਸ ਤੇ ਸੂਦ ਹੀ ਘਟ ਲਗੇ, ਸੂਦ ਹੀ ਛਡ ਦਿਉ ਪਰ ਕੇਂਦਰੀ ਸਰਕਾਰ ਨੂੰ ਅਸੀਂ ਰਾਜ਼ੀ ਨਹੀਂ ਕਰ ਸਕੇ। ਅਸੀਂ ਕਿਹਾ ਕਿ ਪਹਿਲਾ ਪ੍ਰਾਜੈਕਟ ਹੋਣ ਕਰਕੇ ਸਾਰੇ ਹਿੰਦੁਸਤਾਨ ਦੇ ਇੰਜਨੀਅਰਾਂ ਨੇ ਕਾਫੀ ਸਿਖਿਆ ਹਾਸਲ ਕੀਤੀ ਹੈ। ਅਜ ਅਸੀਂ ਇਸੀ ਬਿਨਾ ਤੇ ਪ੍ਰਾਜੈਕਟ ਉਸਾਰ ਸਕਦੇ ਹਾਂ। ਚੇਅਰਮੈਨ ਸਾਹਿਬ, ਫ਼ੈਡਰਲ ਸਟਰਕਚਰ ਨੂੰ ਵੇਖ ਕੇ ਹੀ, ਆਪਣੇ ਹਦ ਬੰਨੇ ਦੀ ਰੋਸ਼ਨੀ ਵੇਖ ਕੇ ਹੀ ਆਰਥਕ ਤਰਕੀ ਕਰਨੀ ਪਏਗੀ। ਜੇਕਰ ਕੇਂਦਰ ਇਹ ਕਹੇ ਕਿ 280 ਕਰੋੜ ਦਾ ਪਲਾਨ ਹੈ, ਇਸ ਵਿਚੋਂ ਹੁਣ ਤਕ ਅਸੀਂ ਕਿੰਨੇ ਰੀਸੋਰਸਿਜ਼ ਪੈਦਾ ਕਰ ਲਏ ਹਨ ਅਤੇ ਕੇਂਦਰ ਕੀ ਸਹਾਇਤਾ ਦੇਵੇਗਾ, ਇਸ ਗਲ ਨੂੰ ਵੇਖਣਾ ਹੈ। ਅਸੀਂ ਇਹ ਵੇਖਣਾ ਹੈ ਕਿ ਕਿੰਨੀ ਸਾਡੀ ਆਰਥਕਤਾ ਬੜ੍ਹੀ ਹੈ। ਅਤੇ ਇਸ ਗਲ ਦਾ ਦਾਰੋਮਦਾਰ ਇਸ ਪੱਖ ਤੇ ਵੀ ਹੈ ਕਿ ਕੇਂਦਰੀ ਸਰਕਾਰ ਦੀ ਆਰਥਕ ਪਾਲਸੀ ਸਾਡੇ ਸਬੰਧ ਵਿਚ ਕੀ ਹੈ ਅਤੇ ਉਹ ਕੀ ਪਾਲਸੀ ਤੈ ਕਰਦੀ ਹੈ। ਇਸ ਵਿਚ ਜਸਟਿਸ ਗੁਰਨਾਮ ਸਿੰਘ ਦੀ ਸਰਕਾਰ ਨੇ ਕੁਝ ਨਹੀਂ ਕਰਨਾ, ਇਹ ਤਾਂ ਉਸ ਕੇਂਦਰੀ ਸਰਕਾਰ ਨੇ ਕਰਨਾ ਹੈ ਜਿਸ ਵਿਚ ਸਾਹਮਣੇ ਬੈਠੇ ਸਜਨਾਂ ਦੀ ਸਰਕਾਰ ਹੈ। ਚੇਅਰਮੈਨ ਸਾਹਿਬ, ਉਸ ਚੌਕਠੇ ਵਿਚ ਹੋਕੇ ਗਲਾਂ ਕਰਨੀਆਂ ਚਾਹੀਦੀਆਂ ਹਨ। ਇਥੇ ਜਿਹੜੀ ਨਾਨ-ਕਾਂਗਰਸ ਸਰਕਾਰ ਬਣੀ ਹੈ ਇਸ ਨੂੰ ਬਣਿਆਂ ਅਜੇ ਦੋ ਮਹੀਨੇ ਹੋਏ ਹਨ ਅਤੇ ਇਸ ਨੇ ਤਾਂ ਦੋ ਮਹੀਨੇ ਵਿਚ ਹੀ ਇਹ ਕੁਝ ਕਰ ਕੇ ਵਿਖਾ ਦਿਤਾ ਹੈ ਬਾਕੀ ਕੇਂਦਰੀ ਸਰਕਾਰ ਦੀ ਆਰਥਕਤਾ ਦੇ ਸਬੰਧ ਵਿਚ ਕੀ ਹਾਲਤ ਹੈ ਇਸ ਬਾਰੇ ਅਖਬਾਰਾਂ ਵਿਚ ਤੁਸੀਂ ਵੇਖਿਆ ਹੀ ਹੋਣਾ ਹੈ। ਮੈਂ ਕਿਸੇ ਕਮਿਊਨਿਸਟ ਅਖਬਾਰ ਦਾ ਹਵਾਲਾ ਨਹੀਂ ਦੇਣਾ ਚਾਹੁੰਦਾ ਅਤੇ ਗਲਤ ਨਾ ਸਮਝ ਲਿਆ ਜਾਵੇ। ਇਹ ਫ਼ਿਨਾਂਸ਼ਲ ਐਕਸਪਰੈਸ ਹੈ ਇਸ ਵਿਚ ਆਰਟੀਕਲ ਭਰੇ ਪਏ ਨੇ ਅਤੇ ਬਾਕੀ ਦੀਆਂ ਅਖਬਾਰਾਂ ਵਿਚ ਵੀ ਆਏ ਨੇ ਕਿ ਅਜ ਦੇਸ਼ ਦੀ ਆਰਥਕਤਾ ਇਕ ਡੂੰਘੇ ਕਰਾਈਸਿਜ਼ ਵਿਚ ਹੈ। ਇਸ ਬਾਰੇ ਕੇ. ਸੰਥਾਨਮ ਦੇ ਵਿਚਾਰ ਵੀ ਆਏ ਨੇ। ਇਹ ਕਿਉਂ ਹੈ, ਇਸ ਦੇ ਕੀ ਕਾਰਨ ਹਨ ? ਇਨ੍ਹਾਂਨੇ ਤਾਂ ਝਟ ਇਹ ਕਹਿ ਦਿਤਾ ਕਿ 23 ਕਰੋੜ ਦਾ ਘਾਟਾ ਸਰਕਾਰ ਕਿਥੋਂ ਪੂਰਾ ਕਰੇਗੀ ਪਰ ਮੈਂ ਸਮਝਦਾ

[ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ]

ਹਾਂ ਕਿ ਇਸ ਦੀ ਜ਼ਿੰਮੇਦਾਰੀ ਇਨ੍ਹਾਂ ਦੇ ਸਿਰ ਤੇ ਹੈ, ਇਨ੍ਹਾਂ ਨੂੰ 20 ਸਾਲ ਤਕ ਇਥੇ ਰਾਜ ਕਰਨ ਦਾ ਮੌਕਾ ਦਿਤਾ ਗਿਆ ਪਰ ਇਨ੍ਹਾਂ ਨੇ ਕਿਉਂ ਕੁਝ ਨਾ ਕੀਤਾ ਅਤੇ ਇਸ ਤਰ੍ਹਾਂ ਦਾ ਆਰਥਕ ਕਰਾਈਸਿਜ਼ ਪੈਦਾ ਕਰ ਦਿਤਾ। ਫਿਰ ਇਨ੍ਹਾਂ ਦੀਆਂ ਪਲਾਨਾਂ ਦਾ ਸਿੱਟਾ ਕੀ ਨਿਕਲਿਆ ਹੈ ? ਫੂਡ ਪ੍ਰੋਡਕਸ਼ਨ ਵਿਚ ਇਨ੍ਹਾਂ ਦਾ ਟੀਚਾ 100 ਮਿਲੀਅਨ ਟਨ ਸੀ ਪਰ ਚੌਥੀ ਪਲਾਨ ਤੇ ਆਣ ਕੇ ਇਹ 73 ਮਿਲੀਅਨ ਟਨ ਰਹਿ ਗਿਆ। ਕਪਾਹ ਦਾ ਅੰਦਾਜ਼ਾ 7.1 ਮਿਲੀਅਨ ਬੇਲਜ਼ ਸੀ ਪਰ ਇਹ 4.75 ਮਿਲੀਅਨ ਬੇਲਜ਼ ਰਹਿ ਗਿਆ ਹੈ। ਇਸੇ ਤਰ੍ਹਾਂ ਜਿਊਟ ਹੈ ਜਿਸ ਨੇ ਫਾਰਨ ਐਕਸਚੇਂਜ ਲਿਆਣਾ ਹੈ। ਇਹ ਸੀ 6.20 ਮਿਲੀਅਨ ਬੇਲਜ਼ ਅਤੇ ਇਹ ਕੇਵਲ 4.88 ਮਿਲੀਅਨ ਬੇਲਜ਼ ਰਹਿ ਗਿਆ ਹੈ। ਇਸੇ ਤਰ੍ਹਾਂ ਚਾਹ ਦੀ ਪੋਜ਼ੀਸ਼ਨ ਹੈ ਜਿਸ ਨੇ ਫਾਰਨ ਐਕਸਚੇਂਜ ਅਰਨ ਕਰਨਾ ਹੈ। ਦੂਜੇ ਪਲਾਨ ਵਿਚ 7.00 ਮਿਲੀਅਨ ਪੌਂਡ ਸੀ ਹਾਲਾਂਕਿ ਅੰਦਾਜ਼ਾ 12.7 ਮਿਲੀਅਨ ਪੌਂਡ ਦਾ ਸੀ। ਇਸੇ ਤਰ੍ਹਾਂ ਫਰਟਿਲਾਈਜ਼ਰ ਦੀ ਹਾਲਤ ਹੈ, 12 ਲੱਖ ਟਨ ਦੀ ਥਾਂ ਤੇ 3.44 ਲਖ ਟਨ ਹੈ। ਮੇਰਾ ਭਾਵ ਇਹ ਹੈ ਕਿ ਫਾਈਨਲ ਅਚੀਵਮੈਂਟ ਕੀ ਹੋਈ ਹੈ, ਤਿੰਨ ਪਲਾਨ ਮੁਕੰਮਲ ਇਨ੍ਹਾਂ ਨੇ ਕਰ ਲਈਆਂ ਹਨ ਅਤੇ ਆਪਣੇ ਟਾਰਗੈਟ ਤੋਂ ਪਿਛੇ ਅਸੀਂ ਜਾ ਰਹੇ ਹਾਂ। ਹੁਣ ਤੁਸੀਂ ਚੌਥੀ ਪਲਾਨ ਨੂੰ ਲਉ ਇਸ ਦਾ ਢਾਂਚਾ ਦੋ ਸਾਲ ਪਹਿਲਾਂ ਆਉਣਾ ਚਾਹੀਦਾ ਸੀ ਪਰ ਹੁਣ ਤਕ ਕਲੀਅਰ ਨਹੀਂ ਹੋਇਆ ਹਾਲਾਂਕਿ ਇਸ ਪਲਾਨ ਦਾ ਇਕ ਸਾਲ ਲੰਘ ਚੁਕਾ ਹੈ। ਕੀ ਇਸ ਸਾਰੇ ਨੂੰ ਜਸਟਿਸ ਗੁਰਨਾਮ ਸਿੰਘ ਨੇ ਰੋਕ ਲਿਆ ਸੀ ? (ਪ੍ਰਸ਼ੰਸਾ) ਜਾਂ ਰੁਪਿਆ ਇਸ ਦੇਣਾ ਸੀ ? ਅਸਲ ਵਿਚ ਇਸ ਤੇ ਅਸਰ ਪਿਆ ਅਮਰੀਕਾ ਦਾ, ਫਿਰ ਡੀਵੈਲੂਏਸ਼ਨ ਦਾ ਉਲਟਾ ਅਸਰ ਪਿਆ। ਇਨ੍ਹਾਂ ਦਾ ਖਿਆਲ ਸੀ ਕਿ ਇਸ ਤਰ੍ਹਾਂ ਕਰਨ ਨਾਲ ਅਸੀਂ ਫਾਰਨ ਐਕਸਚੇਂਜ ਜ਼ਿਆਦਾ ਅਰਨ ਕਰਾਂਗੇ ਪਰ ਇਹ ਗਲ ਹੋਈ ਨਹੀਂ। ਬੈਲੰਸ ਆਫ ਪੇਮੈਂਟ ਬਹੁਤ ਥਲੇ ਚਲਾ ਗਿਆ ਹੈ। ਅਸੀਂ ਇੰਨੇ ਕਰਜ਼ਾਈ ਹਾਂ ਕਿ ਪੈਸਾ ਪੱਲੇ ਨਹੀਂ ਰਿਹਾ। ਰੀਪੇਮੈਂਟ ਆਫ ਇੰਟ੍ਰੈਸਟ ਹੀ ਇੰਨਾਂ ਹੈ ਕਿ ਪੂਰਾ ਨਹੀਂ ਹੋ ਰਿਹਾ। ਅਜ ਚੌਥੀ ਪਲਾਨ ਦਾ ਇਕ ਸਾਲ ਲੰਘ ਗਿਆ ਹੈ ਪਰ ਅਜੇ ਕਾਕੇ ਦਾ ਮੂੰਹ ਅਸੀਂ ਨਹੀਂ ਧੋ ਸਕੇ। ਇੰਨਾ ਡਿਫੀਕਲਟ ਕਰਾਈਸਿਜ਼ ਹੈ। ਪੰਜਾਬ ਸਰਕਾਰ ਡੀਟਰਮਿੰਡ ਹੈ ਅਤੇ ਇਸ ਗਲ ਤੋਂ ਕਾਂਸ਼ਸ ਹੈ ਅਤੇ ਜਾਣਦੀ ਹੈ ਕਿ ਘਾਟਾ ਕਿਥੋਂ ਪੂਰਾ ਕਰਨਾ ਹੈ। ਇਨ੍ਹਾਂ ਕਿਹਾ ਹੈ ਕਿ ਸਾਢੇ ਤਿੰਨ ਕਰੋੜ ਦਾ ਘਾਟਾ ਹੈ। ਪੰਡਤ ਜੀ ਨੇ ਇਸ ਦੇ ਬਾਰੇ ਵਿਚ ਇਤਰਾਜ਼ ਕੀਤਾ ਸੀ ਕਿ ਡੈਫਿਸਿਟ ਫਿਨਾਂਸਿੰਗ ਮਾੜੀ ਗਲ ਹੈ ਅਤੇ ਇਹ ਸਰਕਾਰ ਸਾਢੇ ਤਿੰਨ ਕਰੋੜ ਦੇ ਘਾਟੇ ਨੂੰ ਪੂਰਾ ਨਹੀਂ ਕਰ ਸਕੇਗੀ। ਪਰ ਨਾਲ ਇਹ ਨਹੀਂ ਕਿਹਾ ਕਿ ਅਸੀਂ ਜੋ ਕੰਮ ਕੀਤੇ ਹਨ ਉਹ ਕੀ ਮਾੜੇ ਕੰਮ ਸਨ।

ਇਸ ਸਰਕਾਰ ਨੇ ਬੈਟਰਮੈਂਟ ਲੇਵੀ ਛਡ ਦਿਤੀ, ਕੀ ਇਹ ਮਾੜਾ ਕੰਮ ਸੀ ? ਸਰਕਾਰੀ ਮੁਲਾਜ਼ਮਾਂ ਨੂੰ ਰਿਆਇਤਾਂ ਦਿਤੀਆਂ, ਹਾਲਾ ਛਡਾਇਆ। ਕੀ ਇਹ ਮਾੜਾ ਕੰਮ ਸੀ ? ਜੇਕਰ ਤੁਸੀਂ ਨਹੀਂ ਕਰ ਸਕੇ ਤਾਂ ਇਨ੍ਹਾਂ ਕਰ ਲਿਆ, ਇਸ ਲਈ ਤੁਹਾਡੇ ਵਲੋਂ ਪਾਜ਼ੇਟਿਵ ਸਜੈਸ਼ਨਜ਼ ਆਣੀਆਂ ਚਾਹੀਦੀਆਂ ਸਨ। ਸਰਕਾਰੀ ਮੁਲਾਜ਼ਮਾਂ ਨੂੰ ਸੈਂਟਰਲ ਡੀ.ਏ. ਦੇ ਦਿਤਾ ਤਾਂ ਇਨ੍ਹਾਂ ਨੂੰ ਚਾਹੀਦਾ ਸੀ ਕਿ ਅਸਾਨੂੰ ਸੁਜੈਸ਼ਨ ਦਿੰਦੇ ਕਿ ਇਸ ਖਰਚ ਨੂੰ ਕਿਵੇਂ ਪੂਰਾ ਕੀਤਾ ਜਾ ਸਕਦਾ ਹੈ। ਅਸੀਂ ਤਾਂ ਇਸ ਬਾਰੇ ਸੋਚ ਹੀ ਲਿਆ ਹੈ ਕਿ ਇਸ ਨੂੰ ਪੂਰਾ ਕਰਨ ਦੇ ਯਤਨ ਕਰ ਲਵਾਂਗੇ। ਜੋ 6 ਕਰੋੜ ਦੇ ਲੋਨ ਹਨ ਉਨ੍ਹਾਂ ਨੂੰ ਵਸੂਲ ਕਰਾਂਗੇ। ਜੇਕਰ 6 ਨਹੀਂ ਤਾਂ 5 ਕਰੋੜ ਤਾਂ ਵਸੂਲ ਹੀ ਲਵਾਂਗੇ। ਇਹ ਜਿਹੜੇ ਤੁਸੀਂ ਕਿਸੇ ਕਾਰਨ ਕਰਕੇ ਸਟੇ ਆਰਡਰ ਦਿਤੇ ਹੋਏ ਸਨ ਇਹ ਹਟ ਜਾਣਗੇ। (ਪ੍ਰਸ਼ੰਸਾ) (ਵਿਘਨ)......

ਤੁਸੀਂ ਤਾਂ 5 ਤਰੀਕ ਤੇ ਝਾਕਾਂ ਲਾਈ ਬੈਠੇ ਸੋ ਕਿ ਪਤਾ ਨਹੀਂ ਕੀ ਕੁਝ ਹੋ ਜਾਣ ਵਾਲਾ ਹੈ ਕਿ ਇਸ ਤੋਂ ਬਾਅਦ ਕਰਜ਼ੇ ਸਾਰੇ ਹੀ ਸ਼ਾਇਦ ਮੁਕ ਜਾਣਗੇ (ਵਿਘਨ) (ਪ੍ਰਸੰਸਾ) ਪਰ ਗਲ ਬਣ ਨਾ ਸਕੀ । ਮੈਂ ਤਾਂ ਇਹ ਸਮਝਦਾ ਹਾਂ ਕਿ ਹੁਣ ਹੀ ਆਰਥਕਤਾ ਦੇ ਮਾਹਿਰਾਂ ਨੂੰ ਬਜਟ ਬਨਾਣ ਦਾ ਮੌਕਾ ਮਿਲਿਆ ਹੈ । ਤੁਸੀਂ ਤਾਂ ਅਸਾਨੂੰ ਕਹਿੰਦੇ ਹੋ ਕਿ ਅਸੀਂ ਸਾਢੇ ਤਿੰਨ ਕਰੋੜ ਦਾ ਘਾਟਾ ਕਿਉਂ ਵਿਖਾਇਆ ਹੈ ਪਰ ਤੁਸੀਂ ਕੇਂਦਰੀ ਸਰਕਾਰ ਦੇ ਪਿਛਲੇ ਬਜਟਾਂ ਦਾ ਹਾਲ ਵੇਖੋ ਕਿ ਕਿਸ ਤਰ੍ਹਾਂ 700 ਕਰੋੜ ਦੇ ਡੈਫਿਸਿਟ ਨੂੰ ਫਾਇਨਲ ਕੀਤਾ ਹੈ । ਕੀ ਤੁਸੀਂ ਚਾਹੁੰਦੇ ਸੋ ਕਿ ਟੀਚਰਾਂ ਨੂੰ ਨਾ ਦਿੰਦੇ ? ਕੀਮਤਾਂ ਕਿਤੇ ਦੀਆਂ ਕਿਤੇ ਛਾਲਾਂ ਮਾਰ ਗਈਆਂ ਹਨ, ਉਤਾਂਹ ਚੜ੍ਹ ਗਈਆਂ ਹਨ ਪਰ ਤਨਖਾਹਾਂ ਤੁਸੀਂ ਉਨੀਆਂ ਹੀ ਰਖੀਆਂ ਹੋਈਆਂ ਸਨ । (ਵਿਘਨ) ਜਰਨੈਲ ਸਾਹਿਬ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਮੈਂ ਇਸ ਗਲ ਦਾ ਆਦੀ ਨਹੀਂ ਤੇ ਨਾ ਹੀ ਸਭਾ ਬਣਾਇਆ ਹੈ । ਇਸ ਤਰ੍ਹਾਂ ਇੰਟਰਪਟ ਨਹੀਂ ਕਰਨਾ ਚਾਹੀਦਾ ।

ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਨੈਸ਼ਨਲ ਇਨਕਮ ਤਾਂ ਕਾਨਸਟੈਂਟ ਹੈ ਪਰ ਪ੍ਰਾਈਸਿਜ਼ ਵਿਚ 30% ਰਾਈਜ਼ ਹੋਈ ਹੈ । ਸਪਲਾਈ 37% ਪਰ ਇਸ ਦੇ ਨਾਲ ਕੀਮਤਾਂ 47% ਰਾਇਜ਼ ਕਰ ਗਈਆਂ, ਉਤਾਂਹ ਚਲੀਆਂ ਗਈਆਂ । ਇਹ ਸਭ ਡੈਫਿਸਿਟ ਫਿਨਾਂਸਿੰਗ ਦੇ ਕਾਰਨ ਹੈ । ਇਨ੍ਹਾਂ ਨੇ ਇਸ ਬਾਰੇ ਕੋਈ ਠੋਸ ਸੁਝਾਉ ਨਹੀਂ ਦਿਤਾ । ਅਸੀਂ ਤਾਂ ਸੋਚ ਹੀ ਰਹੇ ਹਾਂ ਕਿ ਇਸ ਨੂੰ ਕਿਸ ਤਰ੍ਹਾਂ ਹਲ ਕਰਨਾ ਹੈ ।

ਹੋਰ, ਚੇਅਰਮੈਨ ਸਾਹਿਬ, ਇਹ ਪੰਜਾਬ ਦੀ ਗਲ ਕਰਦੇ ਨੇ । ਇਨ੍ਹਾਂ ਨੂੰ ਪਤਾ ਨਹੀਂ ਕਿ ਇਹ ਪੰਜਾਬ ਦੀ ਆਰਥਕਤਾ ਕਿਥੇ ਛਡ ਕੇ ਗਏ ਨੇ । ਪੰਜਾਬ ਵਿਚ ਪਰ ਕੈਪੀਟਾ ਟੈਕਸੇਸ਼ਨ ਸਾਰੇ ਹਿੰਦੁਸਤਾਨ ਵਿਚ ਬਾਕੀ ਸਟੇਟਾ ਨਾਲੋਂ ਜ਼ਿਆਦਾ ਹੈ । ਇਹ ਕੋਈ ਇੰਡਸਟ੍ਰੀਅਲ ਸਟੇਟ ਬੰਬਈ ਜਾਂ ਕਲਕਤੇ ਵਰਗੀ ਨਹੀਂ ਫਿਰ ਵੀ ਇਥੇ ਪਰ ਕੈਪੀਟਾਂ ਟੈਕਸੇਸ਼ਨ 32 ਰੁਪਏ ਫਿਕਸ ਹੈ। ਇਸ ਵਿਚ ਬੱਚੇ ਬੁਢੇ ਸ਼ਾਮਲ ਹਨ । ਬੰਬਈ ਵਿਚ 29 ਰੁਪਏ ਤੇ ਬਾਕੀ ਆਮ ਸਟੇਟਾਂ ਵਿਚ 23 ਰੁਪਏ ਹੈ । ਪ੍ਰਾਈਸਿਜ਼ ਬਹੁਤ ਜ਼ਿਆਦਾ ਵਧ ਗਈਆਂ ਹਨ ਅਤੇ ਪੀਕ ਤੇ ਹਨ । ਇਸ ਵਿਚ ਸਰਕਾਰ ਦਾ ਕੀ ਰੋਲ ਹੋਣਾ ਚਾਹੀਦਾ ਹੈ ? ਮੈਂ ਸਰਕਾਰ ਪਾਸ ਬੇਨਤੀ ਕਰਾਂਗਾ ਕਿ ਜਦ ਚੀਫ ਮਨਿਸਟਰ ਤੇ ਫਿਨਾਂਸ ਮਨਿਸਟਰ ਦਿਲੀ ਕੇਂਦਰੀ ਸਰਕਾਰ ਤੇ ਜ਼ੋਰ ਦੇਣ ਜਾਣ ਤਾਂ ਅਪੋਜ਼ੀਸ਼ਨ ਵਾਲਿਆਂ ਨੂੰ ਨਾਲ ਲੈ ਲੈਣ ਤਾਂ ਜੋ ਇਨ੍ਹਾਂ ਨੂੰ ਕੋਈ ਭੁਲੇਖਾ ਨਾ ਰਹੇ ਅਤੇ ਉਨ੍ਹਾਂ ਤੋਂ ਮਦਦ ਲੈਣ ਵਿਚ ਇਨ੍ਹਾਂ ਨੂੰ ਨਾਲ ਰਖਣ । ਅਸੀਂ ਕੰਢੇ ਤੇ ਬੈਠੇ ਹਾਂ । ਬਹਾਦਰੀ ਵੇਲੇ ਸਾਰਿਆਂ ਤੋਂ ਅਗੇ ਅਤੇ ਦੇਸ਼ ਦੀ ਡੀਫੈਂਸ ਦੀ ਜ਼ਿੰਮੇਦਾਰੀ ਵੀ ਸਾਡੇ ਤੇ ਬਹੁਤ ਹੈ । ਇਸ ਲਈ ਇਹ ਸਾਡੀ ਮਦਦ ਕਰਨ ਸੂਦ ਘਟ ਕਰਵਾਉਣ ਤੇ ਪੈਸੇ ਜ਼ਿਆਦਾ ਦਿਵਾਉਣ ਵਿਚ । ਮੈਂ, ਚੇਅਰਮੈਨ ਸਾਹਿਬ, ਘਟੋ ਘਟ ਕਿਸੇ ਦਾ ਲਿਹਾਜ਼ ਨਾ ਕਰਦਾ ਹੋਇਆ ਕਹਿ ਸਕਦਾ ਹਾਂ ਕਿ ਇਹ ਸੂਬੇ ਦੀ ਈਕਾਨੋਮੀ ਨੂੰ ਕਿਥੇ ਛਡ ਕੇ ਗਏ ਸਨ, ਟੈਕਸੇਸ਼ਨ ਪੀਕ ਤੇ ਹੈ ਇਸ ਲਈ ਹੋਰ ਟੈਕਸ ਲੋਕਾਂ ਤੇ ਅਸੀਂ ਲਗਾ ਨਹੀਂ ਸਕਦੇ ।

ਹੁਣ ਪਰਾਈਸਿਜ਼ ਲੈ ਲਉ, ਪਰਾਈਸਿਜ਼ ਦਾ ਤੁਸੀਂ ਅੰਦਾਜ਼ਾ ਲਾਉ ਕਿ ਇਨ੍ਹਾਂ ਨੇ 60/- ਕੁਇੰਟਲ ਦੇ ਹਿਸਾਬ ਨਾਲ ਕਿਸਾਨ ਤੋਂ ਕਣਕ ਖਰੀਦੀ ਅਤੇ 125/- ਕੁਇੰਟਲ ਵੇਚੀ, ਫੇਰ ਕਹਿੰਦੇ ਹਨ ਕਿ ਅਸੀਂ ਹਰ ਗੱਲ ਦਾ ਖਿਆਲ ਰੱਖਿਆ ਹੈ । ਮੈਂ ਪੁਛਦਾ ਹਾਂ ਕੀ ਵਜਾਹ ਸੀ ਦੁਗਣੀ ਪਰਾਈਸਿਜ਼ ਤੇ ਅਨਾਜ ਵਿਕਿਆ ।

[ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ]

ਐਡਮਨਿਸਟਰੇਸ਼ਨ ਦਾ ਕੀ ਹਾਲ ਹੈ, ਮੈਂ ਇਸ ਦੇ ਸਬੰਧ ਵਿਚ ਇਕੋ ਗੱਲ ਕਰਾਂ ਕਿ 20 ਸਾਲ ਤਕ ਐਡਮਨਿਸਟਰੇਸ਼ਨ ਨੂੰ ਤੁਸੀਂ ਲਗਾਤਾਰ ਡੀਮਾਰੇਲਾਈਜ਼ ਕੀਤਾ, ਪੁਲੀਟੀਕਲ ਵਿਕਟੇਮਾਈਜ਼ੇਸ਼ਨ ਦੇ ਨਾਲ। ਅੱਜ ਉਨ੍ਹਾਂ ਦੀ ਇਹ ਹਾਲਤ ਹੈ ਅਡਮਨਿਸਟਰੇਸ਼ਨ ਦੀ ਹਰ ਮਹਿਕਮੇ ਵਿੱਚ ਕਿ ਉਹ ਹੁਣ ਸਾਲਾਂ ਤੱਕ ਠੀਕ ਨਹੀਂ ਹੋ ਸਕਦੇ। ਇਸ ਹਕੂਮਤ ਦਾ ਚੰਦ ਦਿਨਾਂ ਦਾ ਜੋ ਉਨ੍ਹਾਂ ਤੇ ਅਸਰ ਪਿਆ ਹੈ ਉਹ ਵੀ ਤੁਹਾਡੇ ਸਾਹਮਣੇ ਹੈ। ਇਹ ਕੋਈ ਲੁਕੀ ਛਿਪੀ ਗੱਲ ਨਹੀਂ, ਉਹ ਪਿਛਲੇ ਐਡਮਨਿਸਟਰੇਸ਼ਨ ਦੇ ਅਹਿਦ ਦੇ ਹੋਏ ਸ਼ਿਕਾਰ ਕਿਵੇਂ ਅੱਜ ਰੀਲੀਫ ਮਹਿਸੂਸ ਕਰਦੇ ਹਨ।

ਜਿਥੋਂ ਤਕ ਪੰਜਾਬ ਦੀ ਇਕਾਨੋਮੀ ਦਾ ਸਵਾਲ ਹੈ ਮੈਂ ਸਮਝਦਾ ਹਾਂ ਕਿ ਪੰਜਾਬ ਦੀ ਡੀਵੈਲਪਮੈਂਟ ਉਦੋਂ ਤੱਕ ਨਹੀਂ ਹੋ ਸਕਦੀ ਕਿ ਜਦੋਂ ਤਕ ਅਸੀਂ ਸਾਰੀਆਂ ਐਫਰਟਸ ਇਸ ਸੂਬੇ ਦੀ 5 ਸਾਲਾ ਪਲੈਨਜ਼ ਨੂੰ ਰੀਕਾਸਟ ਕਰਕੇ ਮੌਜੂਦਾ ਹਾਲਾਤ ਦੇ ਮੁਤਾਬਿਕ ਫੰਡਜ਼ ਦੀ ਪਰੋਵੀਜ਼ਨ ਨਾ ਕਰੀਏ। ਮੈਂ ਵਿੱਤ ਮੰਤਰੀ ਜੀ ਨੂੰ ਸੁਜੈਸਟ ਕੀਤਾ ਹੈ ਕਿ 5 ਸਾਲਾ ਪਲੈਨ ਦਾ ਖਰਚ ਉਹ ਸੋਚ ਵਿਚਾਰ ਕੇ ਕਰਨ। ਅਸੀਂ ਹਰ ਪਾਸੇ ਖਰਚ ਹੀ ਂ ਕਰਨਾ, ਅਸੀਂ ਮਹਿਜ਼ ਉਨ੍ਹਾਂ ਪਲੈਨਜ਼ ਤੇ ਖਰਚ ਕਰਨਾ ਹੈ ਜਿਨ੍ਹਾਂ ਰਾਹੀਂ ਮਾਸਿਜ਼ ਨੂੰ ਇਮੀਜੀਏਟ ਅਤੇ ਕੰਪਲੀਟ ਰੀਲੀਫ ਹੋਵੇ। ਮੈਂ ਇਸ ਸਬੰਧ ਵਿਚ ਅਜੇ ਇਹੋ ਅਰਜ਼ ਕਰਾਂਗਾ ਕਿ ਉਹ ਫਾਈਵ ਈਅਰ ਪਲੈਨ ਨੂੰ ਰੀਕਾਸਟ ਕਰਨ, ਐਸਾ ਕਰਨ ਤੋਂ ਬਗੈਰ ਪੰਜਾਬ ਦੀ ਕੋਈ ਵੀ ਡੀਵੈਲਪਮੈਂਟ ਪਲੈਨ ਬਣਾਈ ਨਹੀਂ ਜਾ ਸਕਦੀ।

ਜਿਥੋਂ ਤੱਕ ਪੰਜਾਬ ਦੀ ਇੰਡਸਟਰੀਅਲ ਗਰੋਥ ਦਾ ਸਵਾਲ ਹੈ ਇਹ ਤਦ ਹੀ ਫਲਰਿਸ਼ ਕਰ ਸਕਦੀ ਜੇ ਇਸ ਨੂੰ ਰਾ ਮੈਟੀਰੀਅਲ ਜਿਸ ਤੋਂ ਕਿ ਮਾਲ ਤਿਆਰ ਹੋਣਾ ਹੈ ਦੀ ਕਿਸੇ ਤਰ੍ਹਾਂ ਵੀ ਕਮੀ ਹੋਣ ਨਾ ਦਿਤੀ ਜਾਵੇ। ਅਸੀਂ ਇਤਨੀਆਂ ਫਾਈਵ ਈਅਰ ਪਲੈਨਜ਼ ਤਿਆਰ ਕੀਤੀਆ ਪਰ ਰਾ ਮੈਟੀਰੀਅਲ ਜਿਹੜਾ ਐਗਰੀਕਲਚਰਲ ਪਰੋਡੀਊਸ ਤੋਂ ਬੜੀ ਭਾਰੀ ਤਾਦਾਦ ਵਿਚ ਹਾਸਲ ਕਰਕੇ ਇੰਡਸਟਰੀਅਲ ਡੀਵੈਲਪਮੈਂਟ ਲਈ ਦਿਤਾ ਜਾ ਸਕਦਾ ਸੀ ਉਹ ਦੇਣ ਦਾ ਕੋਈ ਯਤਨ ਨਹੀਂ ਕੀਤਾ। ਅਸੀਂ ਕੋਈ ਪਰੋਵੀਜ਼ਨ ਇਨਾਂ ਪਲੈਨਜ਼ ਵਿਚ ਨਹੀਂ ਕੀਤੀ ਜਿਸ ਰਾਹੀਂ ਐਗਰੀਕਲਚਰਲ ਗਰੋਥ ਰਾਹੀਂ ਤਿਆਰ ਹੋਇਆ ਕਚਾ ਮਾਲ ਇੰਡਸਟਰੀਅਲ ਗਰੋਥ ਲਈ ਦਿਤਾ ਜਾ ਸਕੇ। ਇੰਡਸਟਰੀਅਲ ਗਰੋਥ ਲਈ ਸਾਨੂੰ ਪਹਿਲਾਂ ਤਾਂ ਰਾ ਮੈਟੀਰੀਅਲ ਚਾਹੀਦਾ ਹੈ, ਫੇਰ ਟੈਕਨੀਕਲ ਡੀਵੈਲਪਮੈਂਟ ਦੀਆਂ ਸਕੀਮਜ਼ ਚਾਹੀਦੀਆਂ ਹਨ ਜਿਨ੍ਹਾਂ ਰਾਹੀਂ ਬਾਇਫਰਾਤ ਰਾ ਮੈਟੀਰੀਅਲ ਹਾਸਲ ਹੋਵੇ, ਪਾਵਰ ਚਾਹੀਦੀ ਹੈ। ਸਨਅਤਕਾਰਾਂ ਨੂੰ ਕੱਚੇ ਮਾਲ ਦੀ ਖਪਤ ਵਾਸਤੇ ਛੋਟੀ ਛੋਟੀ ਇੰਡਸਟਰੀ ਦੇਣੀ ਚਾਹੀਦੀ ਹੈ। ਏਧਰ ਕੋਈ ਧਿਆਨ ਨਾ ਦੇਣ ਕਰਕੇ ਪੰਜਾਬ ਦੇ ਟੈਕਨੀਸ਼ਨ ਬਜਾਏ ਇਸ ਦੇ ਕਿ ਐਥੇ ਕੰਮ ਕਰਨ ਉਹ ਬਾਹਰ ਚਲੇ ਜਾਂਦੇ ਹਨ। ਜਿਥੇ ਇਸ ਸੂਬੇ ਦੀ ਬਿਜਲੀ ਸਪਲਾਈ ਦਾ ਸਵਾਲ ਹੈ, ਮੈਂ ਸਮਝਦਾ ਹਾਂ ਕਿ ਇਸ ਸੂਬੇ ਵਿਚ ਪਾਵਰ ਦੀ ਕਿਸੇ ਤਰ੍ਹਾਂ ਵੀ ਕੋਈ ਘਾਟ ਨਹੀਂ। ਪਰ ਇਸ ਦੀ ਸਪਲਾਈ ਲਈ ਲਗਾਇਆ ਗਿਆ ਸਟਾਫ ਇਸ ਕਾਬਲ ਨਹੀਂ ਕਿ ਉਹ ਵਕਤ ਸਿਰ ਤਿਆਰ ਬਿਜਲੀ ਦੀ ਸਹੀ ਡਿਸਟਰੀਬਿਊਸ਼ਨ ਕਰ ਸਕੇ। ਗਾਈਟ ਪਾਵਰ ਹਾਊਸ ਅਜ ਸਾਡਾ ਤਿਆਰ ਹੈ। ਸ਼ਡੂਲ ਅਨੁਸਾਰ ਇਨ੍ਹਾਂ ਨੂੰ 5 ਸਾਲ ਪਹਿਲਾਂ ਦਾ ਪਤਾ ਸੀ ਕਿ ਫਲਾਂ ਟਾਈਮ ਤਕ ਤਿਆਰ ਹੋ ਜਾਣਾ ਹੈ ਪਰ ਐਡਮਨਿਸਟਰੇਟਿੰਗ ਸਟਾਫ ਨੇ ਇਹ ਧਿਆਨ ਹੀ ਨਹੀਂ ਕੀਤਾ ਕਿ ਜੋ ਪਾਵਰ

ਤਿਆਰ ਹੋਣੀ ਹੈ ਤਾਂ ਉਸਦੀ ਸਪਲਾਈ ਵੀ ਹੋਣੀ ਹੈ । ਅਜ ਤਕ ਉਹ ਸਪਲਾਈ ਲਾਈਨ ਮੁਕੰਮਲ ਨਹੀਂ ਕਰ ਸਕੇ, ਤਾਰਾਂ ਮੌਜੂਦ ਨਹੀਂ, ਬਿਜਲੀ ਦੇ ਖੰਬੇ ਮੌਜੂਦ ਨਹੀਂ, ਹੋਰ ਮੈਟੀਰੀਅਲ ਜੋ ਸਪਲਾਈ ਲਾਈਨ ਲਈ ਚਾਹੀਦਾ ਹੈ ਉਹ ਮੌਜੂਦ ਨਹੀਂ, ਅਜੀਬ ਹਾਲਤ ਹੈ ਇਸ ਮਹਿਕਮੇ ਦੀ ।

ਫੇਰ ਅਸੀਂ ਇੰਡਸਟਰੀਅਲ ਡੀਵੈਲਪਮੈਂਟ ਦਾ ਸਵਾਲ ਇਨ੍ਹਾਂ 5 ਸਾਲਾ ਪਲੈਨਾਂ ਦੇ ਵਿਚ ਜੇ ਲੈਂਦੇ ਹਾਂ ਤਾਂ ਮਿਨੀਮਮ ਪਰੋਵੀਜ਼ਨ ਕਰਦੇ ਹਾਂ । ਇਸ ਤਰ੍ਹਾਂ ਤੁਸੀਂ ਜੇ ਵੇਖੋ ਇੰਡਸਟਰੀ ਲਈ ਜੋ ਪਹਿਲਾਂ 5 ਸਾਲਾ ਪਲੈਨ ਦੇ ਵਿਚ ਰਕਮ ਰਖੀ ਗਈ ਹੈ ਉਹ 9% ਹੈ, ਫੇਰ ਦੂਸਰੀ ਪੰਜ ਸਾਲਾ ਪਲੈਨ ਵਿਚ ਇਨ੍ਹਾਂ ਨੇ ਇਤਨਾ ਸੋਸ਼ਲਿਸਟਿਕ ਪੈਟਰਨ ਦਾ ਨਾਹਰਾ ਲਾਇਆ ਕਿ ਉਹਦਾ ਇੰਡਸਟਰੀ ਤੇ ਅਸਰ ਪਿਆ ਅਤੇ ਇਹ 3.5% ਹੀ ਰਹਿ ਗਿਆ । ਤੀਜੀ ਪੰਜ ਸਾਲਾ ਪਲੈਨ ਦੇ ਵਿਚ ਇਹ 3.5% ਤੋਂ 6% ਕਰ ਦਿਤੀ ਗਈ ਅਤੇ ਹੁਣ ਜਿਹੜੀ ਇਹ ਚੌਥੀ ਪਲੈਨ ਦੇ ਖਰਚੇ ਦੀ ਮੁਹਰ ਲਗਵਾ ਕੇ ਲਿਆਏ ਹਨ ਉਹ 6.5% ਹੈ, ਤੀਜੀ ਪਲੈਨ ਨਾਲੋਂ ਮਹਿਜ 0.5% ਵੱਧ । ਮੈਂ ਕਹਿੰਦਾ ਹਾਂ ਉਨ੍ਹਾਂ ਖਰਚਾਂ ਤੋਂ ਤੁਸੀਂ ਸੰਕੋਚ ਕਰਦੇ ਹੋ ਜਿਨਾਂ ਰਾਹੀਂ ਇਸ ਮੁਲਕ ਦੇ ਰੈਵੇਨਿਊ ਵਿਚ, ਆਮਦਨ ਵਿਚ ਅਜ਼ਾਫ਼ਾ ਹੋਣਾ ਹੈ, ਇਸ ਮੁਲਕ ਦੀ ਡੀਵੈਲਪ-ਮੈਂਟ ਹੋਣੀ ਹੈ । ਇੰਡਸਟਰੀਅਲਿਸਟ ਵੀ ਤਾਂ ਹੀ ਖੁਸ਼ ਹੋ ਸਕਦਾ ਹੈ ਜੇ ਉਸ ਨੂੰ ਪੂਰੇ ਪੂਰੇ ਫਾਇਦੇ ਹੋਣ । ਉਸ ਦੇ ਲਗੇ ਸਰਮਾਏ ਤੋਂ ਇਜ਼ਾਫਾ ਹੋਵੇ, ਨਹੀਂ ਤਾਂ ਇੰਡਸਟਰੀਅਲਿਸਟ ਖੁਸ਼ ਹੀ ਨਹੀਂ ਹੋ ਸਕਦਾ । ਮੈਂ ਸਮਝਦਾ ਹਾਂ, ਇੰਡਸਟਰੀਅਲਿਸਟ ਨੂੰ ਇਨਸੈਂਟਿਵ ਦੇਣ ਲਈ ਮੈਂ ਇਹ ਰਾਏ ਦਿਆਂਗਾ ਕਿ ਕਿਉਂ ਨਾ ਸੈਂਟਰਲ ਪ੍ਰਾਜੈਕਟਸ ਨੂੰ ਆਪਣੇ ਹਥ ਦੇ ਵਿਚ ਲੈ ਲਿਆ ਜਾਵੇ ਅਤੇ 50% ਦੇ ਸ਼ੇਅਰਜ਼ ਲਈ ਇੰਡਸਟਰੀਅਲਿਸਟ ਨੂੰ ਇਨਵਾਈਟ ਕਰਕੇ ਇਨ੍ਹਾਂ ਨੂੰ ਅਗੇ ਆਉਣ ਲਈ ਮੌਕਾ ਦਿਤਾ ਜਾਵੇ ।

ਇਕ ਮੈਂ ਹੋਰ ਅਰਜ਼ ਕਰਾਂ ਕਿ ਟੈਕਨੋ ਇਕਨਾਮਿਕ ਸਰਵੇ ਰੀਪੋਰਟ ਆਈ ਹੈ, ਉਨ੍ਹਾਂ ਨੇ ਲਿਖਿਆ ਕਿ ਇਸ ਮੁਲਕ ਦੀ ਇੰਡਸਟਰੀ ਵਿਚ ਕੋਈ ਵਾਧਾ ਨਹੀਂ ਹੋਇਆ । ਮੈਂ ਅਰਜ਼ ਕਰਾਂ ਕਿ ਜਦੋਂ ਰਾ ਮੈਟੀਰੀਅਲ ਸਾਡੇ ਕੋਲ ਹੈ, ਪਾਵਰ ਸਾਡੇ ਪਾਸ ਹੈ ਫੇਰ ਕੀ ਵਜ੍ਹਾ ਕਿ ਅਸੀਂ ਇੰਡਸਟਰੀ ਵਿਚ ਅਗੇ ਨਹੀਂ ਵਧ ਸਕੇ । ਇਸ ਦੀ ਇਕੋ ਵਜ੍ਹਾ ਜਿਹੜੀ ਮੈਂ ਸਮਝ ਸਕਿਆ ਹਾਂ ਉਹ ਕਾਂਗਰਸ ਸਰਕਾਰ ਦੀ ਹੁਣ ਤਕ ਇਕ ਗ਼ਲਤ ਨੀਤੀ ਦਾ ਨਤੀਜਾ ਹੈ । ਪਿਛਲੇ 20 ਸਾਲਾਂ ਦੇ ਵਿਚ ਕਾਂਗਰਸ ਸਰਕਾਰ ਦੀ ਜੋ ਇਕਨਾਮਿਕ ਪਾਲਿਸੀ ਰਹੀ ਹੈ, ਖਾਸ ਤੌਰ ਤੇ ਪੰਜਾਬ ਦੇ ਲਈ ਬੜੀ ਵਿਤਕਰੇ ਭਰੀ ਰਹੀ ਹੈ । ਇਹ ਜਦੋਂ ਮੌਕਾ ਪੈਂਦਾ ਹੈ ਤਾਂ ਪੰਜਾਬੀਆਂ ਨੂੰ ਇਹ ਕਹਿਕੇ ਹਲਾਸ਼ੇਰੀ ਦੇਂਦੇ ਹਨ ਕਿ ਤੁਸੀਂ ਤਾਂ ਬਹਾਦਰ ਹੋ, ਸੂਰਬੀਰ ਹੋ, ਹਿਸਟਰੀ ਵਿਚ ਤੁਹਾਡਾ ਹੀ ਨਾਉਂ ਹੈ, ਆਓ ਇਮਦਾਦ ਕਰੋ, ਪਰ ਜੇ ਪੰਜਾਬੀਆਂ ਨੂੰ ਕੁਝ ਦੇਣ ਦਾ ਸਵਾਲ ਹੋਵੇ ਤਾਂ ਦੂਸਰੇ ਸੂਬੇ ਇਨ੍ਹਾਂ ਨੂੰ ਨੇੜੇ ਨਜ਼ਰ ਆਉਂਦੇ ਹਨ ਅਤੇ ਪੰਜਾਬ ਨੂੰ ਕੁਝ ਸਮਝਿਆ ਹੀ ਨਹੀਂ ਜਾਂਦਾ । ਇਕਨਾਮਕ ਡੀਵੈਲਪਮੈਂਟ ਲਈ ਸਾਰਿਆਂ ਦੀ ਦਿਲ ਖੋਲ ਕੇ ਇਮਦਾਦ ਕੀਤੀ ਗਈ, ਪਰ ਪੰਜਾਬ ਨੂੰ ਕਿਹਾ ਕਿ ਅਸੀਂ ਤੁਹਾਡੀ ਮੰਗ ਅਨੁਸਾਰ $22\frac{1}{2}$ ਕਰੋੜ ਨਹੀਂ ਦੇ ਸਕਦੇ, ਅਸੀਂ ਮਹਿਜ਼ $14\frac{1}{2}$ ਕਰੋੜ ਹੀ ਦਿਆਂਗੇ । ਪਰ ਜਦੋਂ ਕੋਈ ਡੀਫੈਂਸ ਦੀ ਗਲ ਹੋਵੇ ਤੁਸੀਂ ਤਾਂ ਸਾਡੀ ਸੋਰਡ ਆਰਮਜ਼ ਹੋ । ਮੈਂ ਸਮਝਦਾ ਹਾਂ ਹਾਲਾਤ ਨੂੰ ਮੌਕੇ ਦੇ ਮੁਤਾਬਿਕ ਬਦਲਣ ਦੀ ਲੋੜ ਹੈ । ਐਸੇ ਮੁਆਮਲੇ ਜਿਨ੍ਹਾਂ ਨਾਲ ਇਕ ਮੁਲਕ ਦੇ ਇਕਨਾਮਿਕ ਸਟਰਕਚਰ ਤੇ ਅਸਰ ਪੈ ਰਿਹਾ ਹੈ ਉਨ੍ਹਾਂ ਨੂੰ ਬਦਲਣ ਦੀ ਲੋੜ ਹੈ, ਉਨ੍ਹਾਂ ਲਈ ਕੋਈ ਸੋਚਣ

[ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ]

ਦਾ ਵਖਰਾ ਢੰਗ ਹੋਵੇ ਅਤੇ ਉਨ੍ਹਾਂ ਨੂੰ ਨਜਿਠਣ ਲਈ ਪਰਾਇਰਟੀਜ਼ ਫਿਕਸ ਕੀਤੀਆਂ ਜਾਣ। ਪੰਜਾਬ ਦੀ ਐਗਰੀਕਲਚਰ ਦੇ ਮਸਲੇ ਦਾ ਜਿਥੋਂ ਤਕ ਸਵਾਲ ਹੈ ਮੈਂ ਅਰਜ਼ ਕਰਾਂਗਾ ਕਿ ਕਈ ਮਸਲੇ ਐਸੇ ਹਨ ਨਾਰਮਲ ਤੌਰ ਤੇ ਹੱਲ ਨਹੀਂ ਹੋਣੇ ਜਦੋਂ ਕਿ ਇਨ੍ਹਾਂ ਨੂੰ ਐਮਰਜੈਂਸੀ ਦੇ ਤੌਰ ਤੇ ਟਾਪ ਪਰਾਇਰਟੀ ਦੇ ਕੇ ਹੱਲ ਨਾ ਕੀਤਾ ਜਾਵੇ। ਇਸ ਦੇ ਨਾਲ ਹੀ ਵਾਟਰਲਾਗਿੰਗ ਦਾ ਸਵਾਲ ਹੈ, 25 ਹਜ਼ਾਰ ਬਿਜਲੀ ਦੇ ਕੁਨੈਕਸ਼ਨੇ ਜਿਹੜੇ ਟਿਊਬਵੈਲਜ਼ ਨੂੰ ਦੇਣੇ ਹਨ ਉਹ ਵੀ ਨਾਲ ਹੀ ਹੈ। ਜਦੋਂ ਤਕ ਇਸ ਤਰ੍ਹਾਂ ਨਹੀਂ ਹੋਵੇਗਾ ਪੰਜਾਬ ਦੀ ਪ੍ਰੋਡਕਸ਼ਨ ਵਿਚ ਵਾਧਾ ਨਹੀਂ ਹੋਵੇਗਾ।

ਏਥੋਂ ਬੜੀ ਦੇਰ ਤੋਂ ਕਾਂਗਰਸ ਸਰਕਾਰ ਵਲੋਂ ਇਹੋ ਕਿਹਾ ਜਾਂਦਾ ਰਿਹਾ ਹੈ ਕਿ ਐਗਰੇਰੀਅਨ ਰੀਫਾਰਮ ਕੀਤੀਆਂ ਗਈਆਂ ਹਨ ਅਤੇ ਲੈਂਡਲੈਸ ਪੈਜ਼ੈਂਟਸ ਦਾ ਮਸਲਾ ਹੱਲ ਕੀਤਾ ਗਿਆ ਹੈ। ਪਰ ਮੈਨੂੰ ਤਾਂ ਸਮਝ ਨਹੀਂ ਆਉਂਦੀ ਕਿ ਇਹ ਮਸਲਾ ਕਿਥੋਂ ਤਕ ਸਹੀ ਹੈ। ਪਤਾ ਨਹੀਂ ਇਨ੍ਹਾਂ ਨੇ ਕੀ ਚੰਗਾ ਕੀਤਾ ਹੈ, ਮੈਨੂੰ ਤਾਂ ਸਮਝ ਨਹੀਂ ਆਉਂਦੀ। ਜਿਥੇ ਤਕ ਮੈਂ ਸਮਝ ਸਕਿਆ ਹਾਂ ਬਹੁਤ ਸਾਰੇ ਟੈਨੈਂਟਸ ਐਸੇ ਹਨ ਜਿਨ੍ਹਾਂ ਨੂੰ ਅਜੇ ਤਕ ਜ਼ਮੀਨ ਅਲਾਟ ਹੀ ਨਹੀਂ ਹੋਈ, ਜੇ ਕਿਸੇ ਨੂੰ ਹੋਈ ਹੈ ਤਾਂ ਉਨ੍ਹਾਂ ਨੂੰ ਅਜੇ ਤਕ ਦਖਲ ਨਹੀਂ ਮਿਲਿਆ, ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਉਨ੍ਹਾਂ ਦੀ ਜ਼ਮੀਨ ਹੈ ਕਿਥੇ। ਮੈਨੂੰ ਇਹ ਗੱਲ ਯਕੀਨ ਨਾਲ ਕਹਿਣੀ ਪੈਂਦੀ ਹੈ ਕਿ ਜੇ ਏਸ ਆਸਪੈਕਟ ਨੂੰ ਲਿਆ ਜਾਵੇ ਕਿ ਕਾਂਗਰਸ ਰਾਜ ਵਿਚ ਪਿਛਲੇ 20 ਸਾਲਾਂ ਦੇ ਵਿਚ ਕਿਤਨੀ ਕੁ ਡੀਵੈਲਪਮੈਂਟ ਹੋਈ ਹੈ, ਇਹ ਬਿਲਕੁਲ ਨਿਲ ਦੇ ਬਰਾਬਰ ਹੈ।

ਚੇਅਰਮੈਨ ਸਾਹਿਬ, ਮੈਂ ਇਸ ਮਸਲੇ ਤੇ ਤੁਹਾਡਾ ਬਹੁਤ ਸਮਾਂ ਨਹੀਂ ਲੈਣਾ ਚਾਹੁੰਦਾ ਮੈਂ ਸਿਰਫ ਹੁਣ ਇਤਨਾ ਹੀ ਕਹਾਂਗਾ ਕਿ ਬਹੁਤ ਸਾਰੇ ਸੁਜੈਸ਼ਨਜ਼ ਆਨਰੇਬਲ ਮੈਂਬਰਜ਼ ਵਲੋਂ ਆਏ ਹਨ, ਪਰ ਕੁਝ ਸੁਜੈਸ਼ਨਜ਼ ਮੈਂ ਅਰਜ਼ ਕਰਾਂਗਾ ਜਿਹੜੇ ਬਹੁਤ ਜ਼ਰੂਰੀ ਹਨ। ਇਨ੍ਹਾਂ ਦੀ ਟਾਪ ਪਰਾਇਰਟੀ ਫਿਕਸ ਕਰਕੇ ਇਸ ਬਜਟ ਦੇ ਵਿਚ ਰੈਗੂਲਰਾਈਜ਼ ਕਰਨਾ ਚਾਹੀਦਾ ਹੈ।

ਜਿਥੋਂ ਤਕ ਇਸ ਸੂਬੇ ਦੀ ਜਨਰਲ ਐਡਮਨਿਸਟਰੇਸ਼ਨ ਦਾ ਸਵਾਲ ਹੈ ਅਸੀਂ ਐਡਮਨਿਸਟਰੇਟਿਵ ਰੀਫਾਰਮਜ਼ ਕਮੇਟੀ ਦੀ ਰਿਪੋਰਟ ਮੁਤਾਬਿਕ ਜਨਰਲ ਐਡਮਨਿਸਟਰੇਸ਼ਨ ਵਿਚ ਬਹੁਤ ਕੁਝ ਅਖਰਾਜਾਤ ਘਟ ਕਰ ਸਕਦੇ ਹਾਂ। ਇਹ ਰਿਪੋਰਟ ਸਾਡੇ ਪਾਸ ਆਈ ਪਈ ਹੈ, ਇਸ ਤੇ ਸਾਨੂੰ ਤੁਰੰਤ ਵਿਚਾਰ ਕਰਨਾ ਚਾਹੀਦਾ ਹੈ।

ਲੈਂਡਲੈਸ ਪੈਜ਼ੈਂਟਸ ਨੂੰ ਜਿਥੋਂ ਤਕ ਜ਼ਮੀਨ ਦੇਣ ਦਾ ਸਵਾਲ ਹੈ, ਸਾਨੂੰ ਪਤਾ ਹੈ ਬਹੁਤ ਸਾਰੀ ਜ਼ਮੀਨ ਐਸੀ ਹੈ ਜਿਹੜੀ ਕਿ ਵੇਸਟ ਲੈਂਡ ਹੈ ਅਤੇ ਸਾਨੂੰ ਇਸ ਮੈਟਰ ਨੂੰ ਟਾਪ ਪਰਾਇਰਟੀ ਦਿੰਦਿਆਂ ਅਸੀਂ ਵੇਸਟ ਲੈਂਡ ਨੂੰ ਅੰਡਰ ਕਲਟੀਵੇਸ਼ਨ ਲਿਆ ਕੇ ਪਰੋਡਕਸ਼ਨ ਦੇ ਵਿਚ ਵਾਧਾ ਕਰਨਾ ਚਾਹੀਦਾ ਹੈ।

ਇਕ ਗਲ ਹੋਰ ਜੋ ਮੈਂ ਅਰਜ ਕਰਾਂਗਾ ਉਹ ਇਹ ਹੈ ਕਿ ਭਾਵੇਂ ਸਟੇਟ ਦੀ ਇਨਕਮ ਅਤੇ ਐਕਸਪੈਂਡੀਚਰ ਦੀ ਬਜਟ ਦੀ ਕਾਪੀ ਛਾਪ ਦਿਤੀ ਗਈ ਹੈ ਪਰ ਫੇਰ ਵੀ ਇਸ ਤੇ ਅਜੇ

ਅਸੀਂ ਸਮਝਦੇ ਹਾਂ ਇਕਨਾਮੀਕਲ ਸਰਵੇ ਦੀ ਲੋੜ ਹੈ, ਰੀਸਰਚ ਦੀ ਲੋੜ ਹੈ। ਇਸ ਤਰ੍ਹਾਂ ਬਾਰੋ ਸਟਡੀ ਡੀਪਾਰਟਮੈਂਟ ਵਾਈਜ਼ ਕਰਕੇ ਅਸੀਂ ਕਾਫੀ ਐਕਸੈਸਿਵ ਐਕਸਪੈਂਡੀਚਰ ਵਿਚ ਬਚਤ ਕਰ ਸਕਦੇ ਹਾਂ। ਅਤੇ ਪੰਜਾਬ ਦੀ ਡੀਵੈਲਪਮੈਂਟ ਦਾ ਕਾਫੀ ਕੰਮ ਕਰਸਕਦੇ ਹਾਂ।

ਚੇਅਰ ਮੈਨ ਸਾਹਿਬ, ਇਹ ਕੁਝ ਨਿਜੀ ਤੌਰ ਤੇ ਮੈਂ ਸੁਜੈਸ਼ਨਜ਼ ਦਿਤੇ ਹਨ, ਜਿਨ੍ਹਾਂ ਦੇ ਮੁਤਾਲਿਕ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਕਾਂਗਰਸ ਪਾਰਟੀ ਵਾਲਿਆਂ ਵਲੋਂ ਇਸ ਬਜਟ ਦੇ ਸਬੰਧ ਵਿਚ ਜਿਹੜੀਆਂ ਤਕਰੀਰਾਂ ਕੀਤੀਆਂ ਗਈਆਂ ਹਨ, ਉਨ੍ਹਾਂ ਤੋਂ ਤਾਂ ਇਹੋ ਜ਼ਾਹਰ ਹੁੰਦਾ ਹੈ ਕਿ ਇਹ ਘਾਟੇ ਦਾ ਬਜਟ ਇਸ ਸੂਬੇ ਲਈ ਬੜਾ ਹੀ ਹਾਨੀਕਾਰਕ ਹੈ। ਉਨ੍ਹਾਂ ਦਾ ਇਹ ਕਹਿਣਾ ਹੈ ਕਿ 23 ਕਰੋੜ ਰੁਪਏ ਦੀਆਂ ਰਿਆਇਤਾਂ ਦੇ ਕੇ ਜਸਟਿਸ ਗੁਰਨਾਮ ਸਿੰਘ ਦੀ ਮਨਿਸਟਰੀ ਨੇ ਇਹ ਪੈਸਾ ਖੂਹ ਵਿਚ ਸੁਟਿਆ ਹੈ। ਇਸ ਚੀਜ਼ ਦਾ ਲੋਕਾਂ ਨੇ ਚੰਗਾ ਰੀਐਕਟ ਨਹੀਂ ਕਰਨਾ।

ਇਹ ਬਹੁਤ ਦੇਰ ਤੋਂ ਕਨਸੈਸ਼ਨ ਡਿਊ ਸਨ ਲੇਕਿਨ ਕਾਂਗਰਸ ਪਾਰਟੀ ਦੀ ਸਰਕਾਰ ਕਹਿੰਦੀ ਸੀ ਕਿ ਸਾਡੇ ਕੋਲ ਫੰਡਜ਼ ਨਹੀਂ ਹਨ। ਉਹ ਕੰਨਸੈਸ਼ਨ ਲੋਕਾਂ ਨੂੰ ਇਸ ਸਰਕਾਰ ਨੇ ਦੇ ਦਿਤੇ ਹਨ। ਇਸ ਤੋਂ ਇਲਾਵਾ ਵੀ ਜਿਹੜੇ ਲੋਕਾਂ ਦੇ ਗਰੀਵੈਂਸਿਜ਼ ਹਨ ਪੁਲਿਸ ਦੇ ਮਹਿਕਮੇਂ ਦੇ ਗਰੀਵੈਂਸਿਜ਼ ਹਨ, ਪਰਾਈਵੇਟ ਸਕੂਲਾਂ ਦੇ ਹਨ, ਟੀਚਰਜ਼ ਦੇ ਹਨ, ਹੋਰ ਕਈ ਮਹਿਕਮਿਆਂ ਦੇ ਗਰੀਵੈਂਸਿਜ਼ ਹਨ ਉਨ੍ਹਾਂ ਕਈਆਂ ਦੇ ਬਾਰੇ ਪਹਿਲੇ ਦੀਆਂ ਕਈ ਸਕੀਮਾਂ ਬਣੀਆਂ ਹੋਈਆਂ ਹਨ ਜੇਕਰ ਉਨ੍ਹਾਂ ਨੂੰ ਇੰਪਲੀਮੈਂਟ ਕਰਨ ਦੀ ਖਾਤਰ ਇਹ ਸਰਕਾਰ ਖਰਚ ਕਰਦੀ ਹੈ ਤਾਂ ਮੇਰੇ ਦੋਸਤ ਕਹਿੰਦੇ ਹਨ ਕਿ ਬੜਾ ਮਾੜਾ ਹੋ ਰਿਹਾ ਹੈ। ਸਕੀਮਾਂ ਉਨ੍ਹਾਂ ਦੀਆਂ ਆਪਣੀਆਂ ਹੀ ਬਣਾਈਆਂ ਹੋਈਆਂ ਹਨ ਪਰ ਜੇਕਰ ਉਨ੍ਹਾਂ ਦੇ ਬਾਰੇ ਖਰਚ ਦਾ ਜ਼ਿਕਰ ਕੀਤਾ ਜਾਂਦਾ ਹੈ ਤਾਂ ਕਹਿੰਦੇ ਹਨ ਕਿ ਪੰਜਾਬ ਡੁਬ ਰਿਹਾ ਹੈ। ਇਸ ਦੇ ਬਾਰੇ ਜਿਹੜੀਆਂ ਅਪੀਲਾਂ ਸਾਡੇ ਐਕਸ ਫਾਈਨੈਂਸ ਮਨਿਸਟਰ ਏਧਰ ਬੈਠ ਕੇ ਕਰਦੇ ਰਹੇ ਹਨ ਅਜ ਉਨ੍ਹਾਂ ਪਰ ਉਨ੍ਹਾਂ ਨੂੰ ਆਪ ਅਮਲ ਕਰਨ ਦੀ ਲੋੜ ਸੀ। ਉਹ ਕਹਿੰਦੇ ਕਿ ਇਹ ਇਹ ਖਾਮੀਆਂ ਰਹਿ ਗਈਆਂ ਹਨ। ਇਨ੍ਹਾਂ ਨੂੰ ਦੂਰ ਕਰਨ ਦੀ ਲੋੜ ਹੈ। ਅਸੀਂ ਵੀ ਇਸ ਗਲ ਵਿਚ ਉਨ੍ਹਾਂ ਦਾ ਸਾਥ ਦਿੰਦੇ। ਮੈਂ ਸਰਕਾਰ ਨੂੰ ਕਹਾਂਗਾ ਕਿ ਬਹੁਤ ਸਾਰੇ ਮਸਲੇ ਹਲ ਹੋ ਗਏ ਹਨ ਪਰ ਕਈ ਮਸਲੇ ਅਜੇ ਵੀ ਬਾਕੀ ਹਲ ਹੋਣ ਵਾਲੇ ਰਹਿੰਦੇ ਹਨ ਜਿਵੇਂ ਕਿ ਪਰਾਈਵੇਟ ਸਕੂਲਾਂ ਦੇ ਟੀਚਰਜ਼ ਦਾ ਮਸਲਾ ਹੈ, ਇਰੀਗੇਸ਼ਨ ਦਾ ਮਸਲਾ ਹੈ, ਥੋੜ੍ਹਾ ਬਹੁਤਾ ਐਸ.ਡੀ.ਓਜ਼ ਦਾ ਸਵਾਲ ਹੈ। ਜਿਹੜੇ ਮਸਲੇ ਅਜੇ ਬਾਕੀ ਰਹਿੰਦੇ ਹਨ ਉਨ੍ਹਾਂ ਨੂੰ ਵੀ ਸਾਲਵ ਕਰ ਲਿਆ ਜਾਵੇ ਤਾਂ ਜੋ ਸਰਵਿਸਜ਼ ਅਛੀ ਤਰ੍ਹਾਂ ਕੰਮ ਕਰਨ ਅਤੇ ਐਡਮਿਨਿਸਟਰੇਸ਼ਨ ਖੁਸ਼ਅਲੂਬੀ ਨਾਲ ਚਲੇ। ਜਿਥੋਂ ਤਕ ਇਰੀਗੇਸ਼ਨ ਲਈ, ਬਿਜਲੀ ਲਈ, ਇੰਜੀਨੀਅਰਿੰਗ ਲਈ ਜਾਂ ਐਜੂਕੇਸ਼ਨ ਲਈ ਅਕਸਪਰਟਸ ਦੀ ਲੋੜ ਹੈ। ਪੰਜਾਬ ਵਿਚ ਬਿਹਤਰੀਨ ਆਦਮੀ ਮੌਜੂਦ ਹਨ, ਪੰਜਾਬ ਵਿਚ ਟੈਕਨੀਕਲ ਨਾਲਿਜ ਵੀ ਘਟ ਨਹੀਂ ਹੈ, ਅੰਡਰਸਟੈਂਡਿੰਗ ਦੀ ਕੋਈ ਘਾਟ ਨਹੀਂ ਹੈ, ਕੇਵਲ ਉਸ ਨੂੰ ਬੈਸਟ ਤਰੀਕੇ ਨਾਲ ਯੂਟੀਲਾਈਜ਼ ਕਰਨ ਦੀ ਜਰੂਰਤ ਹੈ। ਲੋਕਾਂ ਨੂੰ ਕਾਂਫੀਡੈਂਸ ਵਿਚ ਲੈ ਕੇ ਸਾਨੂੰ ਅਪੀਲ ਕਰਨੀ ਚਾਹੀਦੀ ਹੈ ਕਿ ਪੰਜਾਬ ਨੂੰ ਬਿਹਤਰੀਨ ਸਟੇਟ ਬਣਾਇਆ ਜਾਵੇ। ਇਸ ਬਜਟ ਦੀ ਰੋਸ਼ਨੀ ਵਿਚ ਮੈਂ ਕੁਝ ਸੁਝਾਉ ਹਾਊਸ ਦੀ ਰਾਹੀਂ ਸਰਕਾਰ ਦੇ ਸਾਹਮਣੇ ਰਖੇ ਹਨ। ਸਾਨੂੰ ਚਾਹੀਦਾ ਹੈ ਕਿ ਹੋਰ ਰਿਆਇਤਾਂ ਦੇ ਕੇ ਲੋਕਾਂ ਨੂੰ ਤਕੜਿਆਂ ਕਰੀਏ ਅਤੇ ਕੋਸ਼ਿਸ਼ ਕਰੀਏ ਕਿ ਇਕਾਨੋਮੀ ਮਜ਼ਬੂਤ ਹੋਵੇ ਤਾਂ ਜੋ ਰੀਸੋਰਸਿਜ਼ ਬਿਲਡ ਅਪ ਹੋਣ। ਇਨ੍ਹਾਂ ਸ਼ਬਦਾਂ ਨਾਲ ਆਪ ਦਾ ਧੰਨਵਾਦ ਕਰਦਾ ਹਾਂ।

ਚੌਧਰੀ ਦਰਸ਼ਨ ਸਿੰਘ (ਆਦਮਪੁਰ) ਚੇਅਰਮੈਨ ਸਾਹਿਬ, ਮੈਂ 1967-68 ਦੇ ਬਜਟ ਤੇ ਆਪਣੇ ਵਿਚਾਰ ਰਖਣ ਲਈ ਖੜਾ ਹੋਇਆ ਹਾਂ। ਮੈਂ ਕਾਮਰੇਡ ਸੁਰਜੀਤ ਨਾਲ ਬਹੁਤ ਸਾਰੀਆਂ ਗਲਾਂ ਵਿਚ ਸਹਿਮਤ ਹਾਂ ਕਿ ਅਵਾਮੀ ਸਰਕਾਰ ਨੇ ਲੋਕਾਂ ਨੂੰ ਰੀਲੀਫ ਦਿਤਾ ਹੈ। (ਤਾਲੀਆਂ) ਮੈਂ ਇਤਫਾਕ ਕਰਦਾ ਹਾਂ ਕਿ ਰੀਲੀਫ ਦੇਣਾ ਚਾਹੀਦਾ ਸੀ। ਰੀਲੀਫ ਵੀ ਉਸ ਕਲਾਸ ਨੂੰ ਦਿਤਾ ਹੈ ਜਿਹੜੀ ਡੀਜ਼ਰਵ ਕਰਦੀ ਸੀ। (ਤਾਲੀਆਂ) ਇਕ ਗਲ ਕਾਮਰੇਡ ਨੇ ਆਪਨੀ ਤਕਰੀਰ ਕਰਦੇ ਵਕਤ ਕਹੀ। ਉਨ੍ਹਾਂ ਨੇ ਕਿਹਾ ਕਿ ਕੇਂਦਰੀ ਸਰਕਾਰ ਨੇ ਸਾਢੇ ਸਤ ਕਰੋੜ ਰੁਪਏ ਦਾ ਖਸਾਰਾ ਪੂਰਾ ਨਾ ਕਰਨ ਵਿਚ ਪੰਜਾਬ ਸਰਕਾਰ ਨਾਲ ਧਕਾ ਕੀਤਾ ਹੈ। ਚੀਫ ਮਨਿਸਟਰ ਸਾਹਿਬ ਨੂੰ ਕਾਮਰੇਡ ਸਾਹਿਬ ਨੇ ਕਿਹਾ ਸੀ ਕਿ ਦਿਲੀ ਜਾਂਦੇ ਵਕਤ ਕੁਝ ਸਜਣ ਇਧਰੋਂ ਲੈ ਜਾਣ ਅਤੇ ਮੁਰਾਰਜੀ ਡਿਸਾਈ ਨੂੰ ਮਨਾ ਲੈਣ ਤਾਂ ਜੋ ਉਹ ਸਾਢੇ ਸਤ ਕਰੋੜ ਰੁਪਏ ਦਾ ਘਾਟਾ ਪੂਰਾ ਕਰ ਦੇਣ, ਜਿਹੜੀ ਕਮੀ ਰਹਿ ਗਈ ਹੈ ਉਹ ਪੂਰੀ ਕਰ ਦੇਣ। ਅਗੇ ਵੀ ਇਸ ਪਾਸਿਉਂ ਸਾਡੇ 6 ਆਦਮੀ ਉਧਰ ਚਲੇ ਗਏ ਹਨ ਉਨ੍ਹਾਂ ਨੂੰ ਹੀ ਲੇ ਜਾਣ, ਉਨ੍ਹਾਂ ਦੀ ਗਲ ਵੀ ਡਿਸਾਈ ਸਾਹਿਬ ਮੰਨ ਲੈਣਗੇ। (ਹਾਸਾ) ਤੇ ਜੇਕਰ ਹੋਰ ਚਾਹੀਦੇ ਹਨ ਤਾਂ ਉਹ ਵੀ ਲੈ ਜਾਉ, ਕਿੰਨੇ ਹੋਰ ਚਾਹੀਦੇ ਹਨ। (ਹਾਸਾ)

ਮੁੱਖ ਮੰਤਰੀ : ਅਸੀਂ ਕਿਸੇ ਨੂੰ ਨਹੀਂ ਕਹਿੰਦੇ, ਜਿਸ ਦਾ ਜੀ ਕਰਦਾ ਹੈ ਉਹ ਆ ਜਾਂਦਾ ਹੈ।

ਚੌਧਰੀ ਦਰਸ਼ਨ ਸਿੰਘ : ਮੈਂ ਸਰਕਾਰ ਨੂੰ ਪੁਰਜ਼ੋਰ ਮੁਬਾਰਿਕਬਾਦ ਦਿੰਦਾ ਹਾਂ ਕਿਉਂਕਿ ਇਨਾਂ ਨੇ ਸਰਕਾਰੀ ਮੁਲਾਜਮਾਂ ਦਾ ਡੀ ਏ ਸੈਂਟਰ ਦੇ ਨਾਲ ਐਟ ਪਾਰ ਕਰ ਦਿਤਾ ਹੈ। (ਤਾਲੀਆਂ) ਇਹ ਬੜਾ ਇਨਕਲਾਬੀ ਸਟੈੱਪ ਸੀ, ਹੋ ਸਕਦਾ ਹੈ ਕਿ ਆਉਣ ਵਾਲੀ ਸਰਕਾਰ ਸ਼ਾਇਦ ਇਨਾ ਕੰਮ ਨਾ ਕਰ ਸਕਦੀ। ਇਨਾਂ ਨੇ ਪਰੋਫੈਸ਼ਨਲ ਟੈਕਸ ਮਾਫ ਕੀਤਾ। ਲੇਕਿਨ ਮੈਂ ਇਸ ਦੇ ਨਾਲ ਇਤਫਾਕ ਨਹੀਂ ਕਰਦਾ। ਤੁਸੀਂ ਦੋ ਹਜ਼ਾਰ ਰੁਪਏ ਤਨਖਾਹ ਲੈਣ ਵਾਲੇ ਅਫ਼ਸਰ ਦਾ ਵੀ ਪਰੋਫੈਸਨਲ ਟੈਕਸ ਮਾਫ਼ ਕਰ ਦਿਤਾ ਹੈ, ਇਹ ਠੀਕ ਨਹੀਂ। 500 ਜਾਂ 700 ਰੁਪਏ ਤਕ ਹਦ ਮੁਕਰਰ ਕਰ ਲੈਣੀ ਚਾਹੀਦੀ ਸੀ। ਮਾਲੂਮ ਹੁੰਦਾ ਹੈ ਕਿ ਸੈਕਟਰੀਜ਼ ਨੇ ਐਨ ਬਲਾਕ ਹੀ ਤੁਹਾਡੇ ਕੋਲੋਂ ਮਨਜ਼ੂਰ ਕਰਵਾ ਲਿਆ ਕਿ ਪਰੋਫੈਸ਼ਨਲ ਟੈਕਸ ਮਾਫ਼ ਹੋਣਾ ਚਾਹੀਦਾ ਹੈ, ਇਹ ਠੀਕ ਨਹੀਂ। ਸਰਕਾਰ ਨੇ 5 ਏਕੜ ਤਕ ਮਾਲੀਆ ਮਾਫ ਕੀਤਾ ਹੈ। ਪੰਜਾਬ ਦਾ ਕਿਸਾਨ, ਖਾਸ ਕਰਕੇ ਦੁਆਬੇ ਦਾ ਕਿਸਾਨ ਬੜਾ ਅਹਿਸਾਨਮੰਦ ਹੈ। 1947 ਤੋਂ ਲੈਕੇ ਕਿਸਾਨ ਉਤੇ 11-12 ਵਾਰੀ ਟੈਕਸ ਲਗਾ। ਉਹ ਟੈਕਸ ਨਹੀਂ ਦੇ ਸਕਦਾ ਸੀ। ਇਹ ਤੁਸੀਂ ਬੜਾ ਅਛਾ ਕੰਮ ਕੀਤਾ ਹੈ। ਲੇਕਿਨ 5 ਏਕੜ ਤਕ ਟੈਕਸ ਮਾਫ ਕਰਕੇ ਉਹਦੇ ਉਤੇ 30 ਰੁਪਏ ਹੋਰ ਬੋਝ ਪਾ ਦਿਤਾ ਹੈ। ਜੇਕਰ ਤੁਸੀਂ ਫਰਜ਼ ਕਰੋ ਕਿ ਇਕ ਏਕੜ ਵਿਚੋਂ 10 ਕੁਇੰਟਲ ਕਣਕ ਨਿਕਲਦੀ ਹੈ ਤਾਂ 30 ਰੁਪਏ ਕੁਇੰਟਲ ਦਾ ਭਾਅ ਕਮ ਕਰ ਦਿਤਾ ਜਾਵੇ ਤਾਂ ਸੋਚ ਲਉ ਕਿ 5 ਏਕੜ ਵਾਲੇ ਨੂੰ 15 ਸੌ ਰੁਪਏ ਨੁਕਸਾਨ ਹੁੰਦਾ ਹੈ ਲੇਕਿਨ ਇਸ ਦੇ ਮੁਕਾਬਲੇ ਤੇ ਸਰਕਾਰ ਨੇ ਜ਼ਿਆਦਾ ਤੋਂ ਜ਼ਿਆਦਾ 15 ਰੁਪਏ ਮਾਲੀਆ ਮਾਫ ਕੀਤਾ। ਮੈਂ ਉਸ ਦਾ ਕਰੈਡਿਟ ਦਿੰਦਾ ਹਾਂ ਲੇਕਿਨ 15 ਸੌ ਰੁਪਏ ਗਰੀਬ ਕਿਸਾਨ ਦਾ ਨੁਕਸਾਨ ਕਰ ਦਿਤਾ ਹੈ। ਗਰੀਬ ਕਿਸਾਨ ਜਿਸ ਨੇ ਸਾਰੇ ਹਿੰਦੁਸਤਾਨ ਨੂੰ ਅਨਾਜ ਪੈਦਾ ਕਰਕੇ ਖੁਵਾਉਣਾ ਹੈ, ਇਹ ਠੀਕ ਨਹੀਂ ਹੋਇਆ। ਇਸ ਚੀਜ਼ ਵਿਚ ਇਕ ਕੰਟਰਾਡਿਕਸ਼ਨ ਹੈ। ਪਰੋਡਿਊਸਰ ਅਤੇ ਕਨਜ਼ਿਉਮਰ ਦਾ ਆਪਸ ਵਿਚ ਕਲੈਸ਼ ਹੈ। ਇਹ ਚੀਜ਼ ਪੰਡਿਤ ਜੀ ਨੇ ਵੀ ਕਹੀ ਹੈ। 24 ਤਰੀਕ ਨੂੰ ਚੀਫ ਮਨਿਸਟਰ ਸਾਹਿਬ ਨੇ ਬਿਆਨ ਦਿਤਾ ਸੀ ਕਿ

25 ਤਰੀਕ ਨੂੰ ਕੀਮਤਾਂ ਮੁਕੱਰਰ ਕਰ ਦਿਆਂਗੇ । ਆਏ ਦਿਨ ਹਰ ਇਕ ਮਨਿਸਟਰ ਦਾ ਮੁਖਤਲਿਫ਼ ਬਿਆਨ ਆ ਜਾਂਦਾ ਹੈ । ਕੀਮਤਾਂ ਅਜੇ ਤਕ ਮੁਕੱਰਰ ਨਹੀਂ ਕੀਤੀਆਂ ਗਈਆਂ । ਤੁਸੀਂ ਭਾਵੇਂ ਖੁਫ਼ੀਆ ਹਿਦਾਇਆਤ ਨਾਲ 70—80 ਰੁਪਏ ਕੁਇੰਟਲ ਖਰੀਦ ਵੀ ਕਰ ਲਉ ਫ਼ਿਰ ਵੀ ਤੁਸੀਂ ਕਨਜ਼ਿਊਮਰ ਨੂੰ ਇਸ ਭਾਅ ਤੇ ਨਹੀਂ ਦੇ ਸਕੋਗੇ । ਕਿਉਂਕਿ ਪੰਜਾਬ ਦੇ ਵਿਚ ਵਸਣ ਵਾਲਾ ਵਪਾਰੀ, ਕੀ ਖਿਆਲ ਹੈ ਤੁਹਾਡਾ ਪੁਲਿਸ ਨਾਲ ਨਹੀਂ ਮਿਲ ਜਾਵੇਗਾ । 40 ਰੁਪਏ ਫ਼ੀ ਟਰਕ ਲੈਕੇ ਕਣਕ ਚੰਡੀਗੜ੍ਹ ਜਾਂ ਯੂਨੀਅਨ ਟੈਰੇਟਰੀ ਵਿਚ ਨਹੀਂ ਆਇਆ ਕਰੇਗੀ । ਜ਼ਰੂਰ ਆਵੇਗੀ । ਉਸ ਨੂੰ ਕੌਣ ਰੋਕੇਗਾ । ਪੁਲਿਸ ਇਤਨੀ ਕੁਰਪਟ ਹੋ ਚੁਕੀ ਹੈ, ਸਰਕਾਰੀ ਮਹਿਕਮੇ ਇਤਨੇ ਕੁਰਪਟ ਹੋ ਚੁਕੇ ਹਨ ਕਿ ਸਰਦਾਰ ਗੁਰਨਾਮ ਸਿੰਘ ਚਾਹੇ ਫਰਿਸ਼ਤਾ ਵੀ ਬਣ ਜਾਵੇ, ਸਖਤ ਤੋਂ ਸਖਤ ਸਰਕਾਰ ਵੀ ਬਣ ਜਾਵੇ ਤਾਂ ਚੰਡੀਗੜ੍ਹ ਵਿਚ ਆਉਣੋ ਕਣਕ ਨੂੰ ਨਹੀਂ ਰੋਕ ਸਕਣਗੇ ।

ਉਸ ਦਾ ਫ਼ਾਇਦਾ ਕੌਣ ਉਠਾਏਗਾ ? ਵਪਾਰੀ । ਅਜ ਜਿਹੜੇ ਮੇਰੇ ਦੋਸਤ ਰੌਲਾ ਪਾਉਂਦੇ ਹਨ ਮੈਂ ਉਨਾਂ ਤੋਂ ਪੁਛਦਾ ਹਾਂ ਔਰ ਸਰਦਾਰ ਗੁਰਨਾਮ ਸਿੰਘ ਜੀ ਤੋਂ ਪੁੱਛਦਾ ਹਾਂ ਕਿ ਕੀ ਪੰਜਾਬ ਦੀ ਕਣਕ ਨੂੰ ਦਿਲੀ ਜਾਣ ਤੋਂ ਰੋਕ ਲਉਗੇ । ਤੁਸੀਂ 70 ਰੁਪਏ ਖਰੀਦ ਕੇ ਪੰਜਾਬ ਦੇ ਹੀ ਕਨਜ਼ਿਊਮਰ ਨੂੰ 80 ਰੁਪਏ ਤਕ ਵੀ ਬੇਸ਼ਕ ਦੇ ਦਿਉ, ਪੰਜਾਬ ਦਾ ਜ਼ਿਮੀਂਦਾਰ ਸੀ ਤਕ ਨਹੀਂ ਕਰੇਗਾ, ਉਸ ਨੂੰ ਕੋਈ ਇਤਰਾਜ਼ ਨਹੀਂ ।

ਮੁਖ ਮੰਤਰੀ : ਠੀਕ ਹੈ ।

ਚੌਧਰੀ ਦਰਸ਼ਨ ਸਿੰਘ : ਪਰ ਤੁਸੀਂ ਅਗਰ ਉਸ ਨੂੰ 70 ਰੁਪਏ ਕੁਇੰਟਲ ਖਰੀਦ ਕੇ 140 ਰੁਪਏ ਕੁਇੰਟਲ ਵੇਚੋ ਤਾਂ ਜਿਸ ਕਿਸਾਨ ਨੇ ਸੱਪਾਂ ਦੀਆਂ ਸਿਰੀਆਂ ਮਿਧੀਆਂ ਹੋਈਆਂ ਹੋਣ ਉਸ ਦੇ ਦਿਲ ਵਿਚ ਵਟ ਨਹੀਂ ਪਵੇਗਾ । ਇਸ ਚੀਜ਼ ਨੂੰ ਪੰਜਾਬ ਦਾ ਜ਼ਿਮੀਂਦਾਰ ਬਰਦਾਸ਼ਤ ਨਹੀਂ ਕਰ ਸਕੇਗਾ । ਸੁਰਜੀਤ ਜੀ ਨੇ ਕਿਹਾ ਹੈ ਕਿ ਕਪੜਾ ਮਸ਼ੀਨਰੀ ਆਦਿ ਸੈਂਟਰ ਦਾ ਸਬਜੈਕਟ ਹੈ ਇਸ ਕਰਕੇ ਉਸ ਉਤੇ ਅਸੀਂ ਕੋਈ ਪਾਬੰਧੀ ਨਹੀਂ ਲਗਾ ਸਕਦੇ ਗੋ ਉਨ੍ਹਾਂ ਨੇ ਇਸ ਚੀਜ਼ ਨੂੰ ਮੰਨਿਆ ਹੈ ਕਿ ਕਨਜ਼ਿਊਮਰ ਗੁਡਜ਼ ਦੀ ਕਾਸਟ ਵਿਚ ਕਮੀ ਕਰਨੀ ਚਾਹੀਦੀ ਹੈ । ਪਰ ਕੀ ਮੈਂ ਪੁਛ ਸਕਦਾ ਹਾਂ ਕਿ ਅਗਰ ਇਹ ਗਲ ਜ਼ਰੂਰੀ ਹੈ ਕਿ ਹਿੰਦੁਸਤਾਨ ਦੇ ਦੂਜੇ ਸੂਬਿਆਂ ਨੂੰ ਸਸਤੇ ਭਾ ਉਤੇ ਅਨਾਜ ਮਿਲੇ ਤਾਂ ਨਾਲ ਹੀ ਕੀ ਇਹ ਜ਼ਰੂਰੀ ਨਹੀਂ ਕਿ ਜਿਸ ਪੰਜਾਬ ਨੇ ਬਾਕੀ ਦੇ ਸੂਬਿਆਂ ਨੂੰ ਅਨਾਜ ਸਪਲਾਈ ਕਰਨਾ ਹੈ ਉਸ ਨੂੰ ਬਾਕੀ ਚੀਜ਼ਾਂ ਵੀ ਸਸਤੇ ਭਾ ਤੇ ਮਿਲਣ । ਪਰ ਜੇ ਬੰਬਈ ਵਿਚੋਂ ਮਸ਼ੀਨਰੀ, ਅਹਿਮਦਾਬਾਦ ਵਿਚੋਂ ਕਪੜਾ ਔਰ ਗਿਦੜਬਾਹਾ ਵਿਚੋਂ ਨਸਵਾਰ ਦੇ ਬਾਹਰ ਲੈ ਜਾਣ ਵਾਸਤੇ ਪਾਬੰਦੀ ਨਹੀਂ ਤਾਂ ਇਥੋਂ ਅਨਾਜ ਬਾਰੇ ਕਿਉਂ ਪਾਬੰਦੀ ਲਗਾਈ ਜਾਵੇ । ਕਿਉਂ ਪੰਜਾਬ ਦੇ ਗਰੀਬ ਕਿਸਾਨ ਜ਼ਿਮੀਂਦਾਰ ਦੀ ਕੀਮਤ ਜਿਹੜੀ ਉਸ ਨੇ ਅਨਾਜ ਵੇਚ ਕੇ ਪ੍ਰਾਪਤ ਕਰਨੀ ਹੈ ਉਸ ਵਿਚ ਘਾਟਾ ਪਾਇਆ ਜਾਵੇ ? ਮੈਂ ਚੀਫ਼ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਆਪ ਰੀਟਾਇਰਡ ਜੱਜ ਹੋ, ਬੜੇ ਇਨਸਾਫ ਪਸੰਦ ਹੋ, ਕੀ ਕੀਤਾ ਹੈ ਤੁਸਾਂ ਅਜ ਤਕ ਅਨਾਜ ਦੀਆਂ ਕੀਮਤਾਂ ਮੁਕਰਰ ਕਰਨ ਵਾਸਤੇ ? ਪੰਜ ਮਿਨਟ ਨਹੀਂ ਲਗਦੇ ਅਨਾਜ ਦੀਆਂ ਕੀਮਤਾਂ ਮੁਕਰਰ ਕਰਨ ਲਈ । ਮਗਰ ਤੁਸਾਂ ਇਤਨੀ ਦੇਰ ਲਗਾ ਦਿਤੀ ਹੈ । ਕਿਸਾਨ ਪਰੇਸ਼ਾਨ ਹੈ ਉਸ ਨੂੰ ਨੁਕਸਾਨ ਹੋ ਰਿਹਾ ਹੈ । (ਵਿਘਨ) ਇਧਰ ਤੁਸਾਂ ਮਨਿਸਟਰਾਂ ਦੀਆਂ ਕੀਮਤਾਂ ਮੁਕਰਰ ਕਰਨ ਵਿਚ ਜ਼ਰਾ ਢਿਲ ਨਹੀਂ ਕੀਤੀ । ਸਰਦਾਰ ਬਲਵੰਤ ਸਿੰਘ ਛੋਟੇ ਜਿਹੇ ਕਦ ਦਾ ਆਦਮੀ ਹੈ, ਇਸ ਦੀ ਫ਼ੌਰਨ ਕੀਮਤ ਮੁਕਰਰ ਕਰ ਦਿਤੀ । ਉਸ ਨੂੰ ਫੁਲ ਮਨਿਸਟਰ ਬਣਾ

(ਚੌਧਰੀ ਦਰਸ਼ਨ ਸਿੰਘ)

ਦਿਤਾ ਔਰ ਉਧਰ ਸਰਦਾਰ ਜਗਤਾਰ ਸਿੰਘ । ਚੰਗਾ ਮੋਟਾ ਤਕੜਾ, ਬੰਦਾ ਉਸ ਦੀ ਕੀ ਕੀਮਤ ਲਗਾਈ ਜੇ । (ਹਾਸਾ) ਮੈਕਸੀਕਨ ਕਣਕ ਦੀ ਕੀਮਤ ਤਾਂ 65 ਰੁਪਏ ਤਕ ਵੀ ਨਹੀਂ ਔਰ ਆਪਣੀ ਦੇਸੀ ਕਣਕ ......(ਵਿਘਨ) ਕੀਮਤਾਂ ਤਾਂ ਇਕ ਘੰਟੇ ਵਿਚ ਮੁਕਰਰ ਹੋ ਜਾਂਦੀਆਂ ਹਨ.... .. ..

ਸ਼੍ਰੀ ਸਭਾਪਤੀ : ਚੌਧਰੀ ਸਾਹਿਬ, ਤੁਸੀਂ ਇਹ ਡਰਾਮਾਂ ਕਦ ਤੋਂ ਕਰਨ ਲਗ ਪਏ ਹੋ (ਹਾਸਾ) ਚੌਧਰੀ ਸਾਹਿਬ, ਤੁਹਾਨੂੰ 15 ਮਿਨਟ ਦਿਤੇ ਹਨ । ਤੁਸੀਂ ਆਪਣਾ ਟਾਈਮ ਖਰਾਬ ਨਾ ਕਰੋ । (I would like to know since when the hon Member Chaudhri Darshan Singh has started staging this drama (Laughter) He has been given 15 minutes to speak. He should not waste his time.)

ਚੌਧਰੀ ਦਰਸ਼ਨ ਸਿੰਘ : 15 ਮਿਨਟ ਨਹੀਂ ਜੀ, ਮੇਰੀ ਪਾਰਟੀ ਦਾ ਜਿਤਨਾ ਟਾਇਮ ਹੈ ਉਸੇ ਹਿਸਾਬ ਨਾਲ ਮੈਨੂੰ ਟਾਈਮ ਦਿਉ ।

(ਇਸ ਸਮੇਂ ਕੈਪਟਨ ਰਤਨ ਸਿੰਘ ਜੀ ਆਪਣੀ ਸੀਟ ਤੋਂ ਸਿਧਾ ਟਰੇਜ਼ਰੀ ਬੈਂਚਿਜ਼ ਵਲ ਦੀ ਬਾਹਰ ਜਾਣ ਲਈ ਫਲੌਰ ਕਰਾਸ ਕਰਕੇ ਗਏ)

ਚੌਧਰੀ ਬਲਬੀਰ ਸਿੰਘ ਆਨ ਏ ਪੁਆਇੰਟ ਆਫ ਆਰਡਰ, ਸਰ । ਚੇਅਰਮੈਨ ਸਾਹਿਬ, ਕੈਪਟਨ ਰਤਨ ਸਿੰਘ ਫਲੌਰ ਕਰਾਸ ਕਰ ਗਏ ਹਨ । ਉਨਾਂ ਤੋਂ ਪੁਛਿਆ ਜਾਵੇ ਕਿ .....

(ਇਸ ਸਮੇਂ ਕੈਪਟਨ ਰਤਨ ਸਿੰਘ ਵਾਪਿਸ ਆਪਣੀ ਸੀਟ ਤੇ ਆ ਗਏ ।)

ਸ਼੍ਰੀ ਸਭਾਪਤੀ : ਮੈਂ ਹਾਊਸ ਦੇ ਮੈਂਬਰ ਸਾਹਿਬਾਨ ਦੀ ਗਿਆਤ ਲਈ ਕਹਿਣਾ ਚਾਹੁੰਦਾ ਹਾਂ ਕਿ ਇਕ ਸਾਈਡ ਦੇ ਜਾਂ ਦੂਜੀ ਸਾਈਡ ਦੇ ਆਨਰੇਬਲ ਮੈਂਬਰ ਸਾਹਿਬਾਨ ਨੇ ਜਦੋਂ ਦੂਜੇ ਪਾਸੇ ਜਾਣਾ ਹੋਵੇ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਪਿਛੋਂ ਦੀ ਤਰਫੋਂ ਹੋ ਕੇ ਜਾਣ । ਇਹ ਸਹੀ ਰਸਤਾ ਨਹੀਂ ਜਿਸ ਤਰ੍ਹਾਂ ਕੈਪਟਨ ਸਾਹਿਬ ਨੇ ਕੀਤਾ ਹੈ । (I would like to say for the information of the hon. Members that when the hon Members from one side or the other have to go to the other side they should go from behind. This is not the way which the hon. Member Captain Rattan Singh has adopted.)

ਕੈਪਟਨ ਰਤਨ ਸਿੰਘ : ਤੁਸੀਂ ਅਛਾ ਕੀਤਾ ਜੋ ਇਹ ਦਸ ਦਿਤਾ । ਅਗੇ ਤੋਂ ਜਿਸ ਤਰ੍ਹਾਂ ਆਪ ਕਹੋਗੇ ਉਸੇ ਤਰ੍ਹਾਂ ਕਰਾਂਗੇ ਮਗਰ ਪਿਛਲੇ ਪੰਜ ਸਾਲਾਂ ਤੋਂ ਇਹ ਜਿਹੜਾ ਰਾਹ ਹੈ ਇਸਨੂੰ ਆਪੋਜ਼ੀਸ਼ਨ ਵਾਲਿਆਂ ਨੇ ਘਸਾ ਦਿਤਾ ਹੈ । ਇਹ ਜਦੋਂ ਆਪੋਜ਼ੀਸ਼ਨ ਵਿਚ ਸਨ ਤਾਂ ਇਸੇ ਰਸਤੇ ਜਾਇਆ ਕਰਦੇ ਸਨ ।

ਸ਼੍ਰੀ ਸਭਾਪਤੀ : ਅਸਾਂ ਚੰਗੀਆਂ ਕਨਵੈਨਸ਼ੰਜ਼ ਕਾਇਮ ਕਰਨੀਆਂ ਹਨ । ਠੀਕ ਹੈ ਕਿ ਪਹਿਲਾਂ ਕੋਈ ਗਲਤ ਫਹਿਮੀ ਹੁੰਦੀ ਰਹੀ ਹੈ ਮਗਰ ਜੇ ਹੁਣ ਉਸਨੂੰ ਠੀਕ ਕਰ

ਦਈਏ ਤਾਂ ਮਾੜੀ ਗੱਲ ਨਹੀਂ ਹੋਵੇਗੀ । (We have to establish good conventions. There might have been some misunderstanding previously but it would be better if that is moved now).

ਸ੍ਰੀ ਬਲਰਾਮਜੀ ਦਾਸ ਟੰਡਨ : ਆਨ ਏ ਪੁਆਇੰਟ ਆਫ ਆਰਡਰ, ਸਰ । ਵੈਸੇ ਕੈਪਟਨ ਸਾਹਿਬ ਨੂੰ ਇਹ ਖਿਆਲ ਹੋ ਗਿਆ ਲਗਦਾ ਹੈ ਕਿ ਕਿਧਰੇ ਚੌਧਰੀ ਦਰਸ਼ਨ ਸਿੰਘ ਹੋਰੀਂ ਇਧਰ ਆਉਣ ਲਗੇ ਹਨ ਔਰ ਇਸੇ ਲਈ ਉਹ ਜਲਦੀ ਜਲਦੀ ਇਧਰ ਆਉਣ ਵਾਸਤੇ ਉਧਰੋਂ ਚਲੇ ਆਏ । (ਹਾਸਾ)

ਸ੍ਰੀ ਸਭਾਪਤੀ : ਇਹ ਕੋਈ ਪੁਆਇਟ ਆਫ਼ ਆਰਡਰ ਨਹੀਂ ਹੈ । (This is no point of order)

ਚੌਧਰੀ ਦਰਸ਼ਨ ਸਿੰਘ : ਸੋ, ਚੇਅਰਮੈਨ ਸਾਹਿਬ, ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਪੰਜਾਬ ਵਿਚ ਕਿਸਾਨ ਦੀ ਮਜਬੂਰੀ ਹੈ ਕਿ ਉਹ ਬਾਵਜੂਦ ਇਸ ਗਲ ਦੇ ਕਿ ਸਰਕਾਰ ਨੇ ਭਾ ਮੁਕਰਰ ਨਹੀਂ ਕੀਤੇ । ਉਹ ਮੰਡੀਆਂ ਵਿਚ ਕਣਕ ਲਿਆ ਰਿਹਾ ਹੈ । ਉਸ ਦੀਆਂ ਮਜਬੂਰੀਆਂ ਹਨ, ਕੋਈ ਸ਼ੌਕ ਨਾਲ ਨਹੀਂ ਕਰ ਰਿਹਾ । ਉਸ ਨੇ ਸ਼ਾਹੂਕਾਰਾਂ ਦਾ ਉਧਾਰ ਦੇਣਾ ਹੈ, ਤਕਾਵੀਆਂ ਦੇਣੀਆਂ ਹਨ । ਇਸ ਕਰਕੇ ਮੈਂ ਚੀਫ ਮਨਿਸਟਰ ਸਾਹਿਬ ਕੋਲ ਬੇਨਤੀ ਕਰਦਾ ਹਾਂ ਕਿ ਤੁਸੀਂ ਕਾਸਟ ਆਫ ਪਰੋਡਕਸ਼ਨ ਕਢ ਲਉ । ਕਨਜ਼ਿਉਮਰਜ਼ ਦੇ ਰਿਪ੍ਰਿਜ਼ੈਂਟੇਟਿਵਜ਼ ਨੂੰ ਵੀ ਬੁਲਾ ਲਉ, ਅੰਗਰੀਕਲਚਰਿਸਟ ਦੇ ਨੁਮਾਇੰਦਿਆਂ ਨੂੰ ਵੀ ਬੁਲਾ ਲਉ ਔਰ ਕੀਮਤ ਕਢ ਲਉ ।

ਮੁਖ ਮੰਤਰੀ : ਕਢੀ ਹੋਈ ਹੈ ।

ਚੌਧਰੀ ਦਰਸ਼ਨ ਸਿੰਘ : ਫੇਰ ਤਾਂ ਦੇਰ ਨਹੀਂ ਹੋਣੀ ਚਾਹੀਦੀ । ਜੇ ਕਢੀ ਹੋਈ ਹੈ ਤਾਂ ਅਜ ਹੀ ਹਾਊਸ ਵਿਚ ਅਨਾਊਂਸ ਕਰੋ । ਪੰਜਾਬ ਦੇ ਕਿਸਾਨ ਨੂੰ ਕਿਉਂ ਨਹੀਂ ਦਸਦੇ ਕਿ ਅਸੀਂ ਇਹ ਭਾ ਮੁਕਰਰ ਕੀਤਾ ਹੈ । ਸੋ ਮੈਂ ਮੁਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਇਕ ਦੋ ਦਿਨਾਂ ਵਿਚ ਐਲਾਨ ਕਰ ਦਿਉ ਕਿ ਇਸ ਤੋਂ ਘਟ ਭਾ ਤੇ ਨਹੀਂ ਖਰੀਦਾਂਗੇ । ਔਰ ਅਗਰ ਆਪ ਨੇ ਛੇਤੀ ਕੀਮਤ ਮੁਕਰਰ ਨਾ ਕੀਤੀ ਤਾਂ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ 70 ਰੁਪਏ ਕੁਇੰਟਲ ਦੀ ਖਰੀਦੀ ਹੋਈ ਕਣਕ ਅਗੇ ਜਾ ਕੇ 150 ਰੁਪਏ ਵਿਚ ਵਿਕੇਗੀ, ਇਸ ਨੂੰ ਤੁਸੀਂ ਰੋਕ ਨਹੀਂ ਸਕੋਗੇ ਭਾਵੇਂ ਜਿਤਨੀ ਮਰਜ਼ੀ ਟਿਲ ਲਾ ਲੈਣਾ । ਜਿਹੜੇ ਬੇਈਮਾਨ ਬੰਦੇ ਹਨ, ਜਿਹੜੇ ਪੈਸੇ ਦੇ ਲਾਲਚ ਵਿਚ ਆ ਕੇ ਹਰ ਕੰਮ ਕਰ ਸਕਦੇ ਹਨ ਉਹ ਪੰਜਾਬ ਵਿਚ ਹੀ ਰਹਿੰਦੇ ਹਨ ।

ਸ੍ਰੀ ਬਲਰਾਮਜੀ ਦਾਸ ਟੰਡਨ : ਤੁਹਾਡੇ ਰਾਜ ਦੇ ਹੋਣਗੇ । ਵਿਘਨ)

ਸ੍ਰੀ ਸਭਾਪਤੀ : ਇਹ ਕੋਈ ਬੜੀ ਚੰਗੀ ਮਿਸਾਲ ਨਹੀਂ ਕਿ ਕੋਈ ਮੈਂਬਰ ਬੋਲ ਰਿਹਾ ਹੋਵੇ ਔਰ ਪੰਜ ਪੰਜ ਛੇ ਛੇ ਆਨਰੇਬਲ ਮੈਂਬਰ ਖੜੇ ਹੋਕੇ ਇੰਟਰਪਸ਼ਨ ਕਰਨੀਆਂ ਸ਼ੁਰੂ ਕਰ ਦੇਣ । ਇਹ ਨਹੀਂ ਹੋਣਾ ਚਾਹੀਦਾ । ਹਰ ਵੇਲੇ ਇਸ ਤਰ੍ਹਾਂ ਦੀ ਇੰਟਰਪਸ਼ਨ ਨਹੀਂ ਹੋਣੀ ਚਾਹੀਦੀ । It is not a healthy practice that five or six hon

[ਸ਼੍ਰੀ ਸਭਾਪਤੀ]

Members rise at a time and start making interruptions when an hon. Member is speaking. It should not happen. There should not be such interruption all the time.

ਚੌਧਰੀ ਦਰਸ਼ਨ ਸਿੰਘ : ਮੈਂ ਟੰਡਨ ਸਾਹਿਬ ਔਰ ਮੁਖ ਮੰਤਰੀ ਜੀ ਨੂੰ ਦਸਣਾ ਚਾਹੁੰਦਾ ਹਾਂ ਕਿ ਬੰਦੇ ਉਹੀ ਹਨ ਜਿਨ੍ਹਾਂ ਨੇ ਸਮਗਲਿੰਗ ਕਰਨੀ ਹੈ। ਇਸ ਵਿਚ ਲਾਲਚ ਦਾ ਐਲੀਮੈਂਟ ਹੈ। ਚੰਡੀਗੜ੍ਹ ਵਿਚੋਂ ਹੀ ਤੁਸੀਂ ਦੇਖਣਾ ਕਿ ਛੇਹਾਂ ਮਹੀਨਿਆਂ ਵਿਚ ਦਿਲੀ ਵਲ ਬੇਹਦ ਸਮਗਲਿੰਗ ਹੋਵੇਗੀ। ਇਟ ਵਿਲ ਬਿਕਮ ਏ, ਸਿਟੀ ਆਫ਼ ਸਮਗਲਰਜ਼।

ਸ਼੍ਰੀ ਬਲਰਾਮਜੀ ਦਾਸ ਟੰਡਨ : ਤੁਹਾਡੇ ਹੀ ਸਿਖਾਏ ਹੋਏ ਆਦਮੀ ਹਨ।

ਚੌਧਰੀ ਦਰਸ਼ਨ ਸਿੰਘ : ਇਧਰ ਹੋਣ ਜਾਂ ਉਧਰ ਹੋਣ ਬੰਦਿਆਂ ਨੇ ਨਹੀਂ ਬਦਲ ਜਾਣਾ। ਕੀ ਜਿਹੜੇ ਇਧਰੋਂ ਉਧਰ ਚਲੇ ਜਾਂਦੇ ਹਨ ਜਾ ਚਲੇ ਗਏ ਹਨ ਉਹ ਚਾਰ ਦਿਨਾਂ ਦੇ ਵਿਚ ਖੁਦਾ ਬਣ ਜਾਂਦੇ ਹਨ। ਉਨਾਂ ਨੇ ਕੋਈ ਫਰਿਸ਼ਤਾ ਜਾਂ ਖੁਦਾ ਨਹੀਂ ਬਣ ਜਾਣਾ। ਸਰਦਾਰ ਗੁਰਨਾਮ ਸਿੰਘ ਨੇ ਉਨ੍ਹਾਂ ਨੂੰ ਜਾਦੂ ਨਾਲ ਫਰਿਸ਼ਤਾਂ ਨਹੀਂ ਬਣਾ ਦੇਣਾ। ਉਨ੍ਹਾਂ ਦੀ ਜ਼ਹਿਨੀਅਤ ਉਹੀ ਰਹਿਣੀ ਹੈ ਭਾਵੇਂ ਕਿਸੇ ਪਾਸੇ ਚਲੇ ਜਾਣ।

ਚੌਧਰੀ ਬਲਬੀਰ ਸਿੰਘ : ਪਾਰਸ ਦੇ ਨਾਲ ਰਲ ਕੇ ਪਥਰ ਵੀ ਸੋਨਾ ਬਣ ਜਾਂਦਾ ਹੈ।

ਚੌਧਰੀ ਦਰਸ਼ਨ ਸਿੰਘ: ਇਹ ਗਲ ਗਲਤ ਹੈ। ਮਾੜਾ ਆਦਮੀ ਮਾੜਾ ਹੀ ਰਹਿੰਦਾ ਹੈ। ਸਿਰਫ਼ ਚੰਗੇ ਬੰਦੇ ਤੋਂ ਹੀ ਚੰਗਿਆਈ ਦੀ ਉਮੀਦ ਹੋ ਸਕਦੀ ਹੈ। ਸਰਦਾਰ ਗੁਰਨਾਮ ਸਿੰਘ ਜੀ ਚੰਗੀ ਤਰ੍ਹਾਂ ਨਾਲ ਜਾਣਦੇ ਹਨ ਕਿ ਕਿਹੜੇ ਬੰਦੇ ਚੰਗੇ ਹਨ ਔਰ ਕਿਹੜੇ ਮਾੜੇ।

(ਵਿਘਨ

ਇਸ ਤੋਂ ਅਲਾਵਾ ਮੈਂ ਇਹ ਵੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜੇ ਤੁਸੀਂ ਅੰਨ ਦਾ ਘਾਟਾ ਪੂਰਾ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਚਾਹੀਦਾ ਹੈ ਕਿ ਜ਼ਿਮੀਂਦਾਰ ਨੂੰ ਵਧ ਤੋਂ ਵਧ ਸਹੂਲਤਾਂ ਦਿਉ। ਉਸ ਨੂੰ ਫ਼ਰਟੀਲਾਈਜ਼ਰ ਲੈ ਕੇ ਦਿਉ। ਟਰੈਕਟਰਾਂ ਦਾ ਪ੍ਰਬੰਧ ਕਰੋ। ਉਨ੍ਹਾਂ ਦੀਆਂ ਕੀਮਤਾਂ ਤਾਂ ਦਿਨੋ ਦਿਨ ਵਧ ਰਹੀਆਂ ਹਨ ਔਰ ਦੂਜੇ ਪਾਸੇ ਤੁਸੀਂ ਅਨਾਜ ਦੀ ਕੀਮਤ ਕਹਿੰਦੇ ਹੋ ਕਿ 70 ਰੁਪਏ ਤੋਂ ਵਧ ਨਹੀਂ ਹੋਣ ਦੇਣੀ। ਮੈਨੂੰ ਸਮਝ ਨਹੀਂ ਆਉਂਦੀ ਕਿ ਇਕ ਪਾਸੇ ਤਾਂ ਕਹਿੰਦੇ ਹੋ ਕਿ ਪੰਜਾਬ ਦੇ ਕਿਸਾਨ ਦਾ ਤੁਹਾਨੂੰ ਬੜਾ ਮਾਣ ਹੈ ਔਰ ਦੂਜੇ ਪਾਸੇ ਤੁਸੀਂ ਉਸ ਨੂੰ ਡੁਬਣ ਤੋਂ ਬਚਾਉਣ ਦੇ ਆਪਣੇ ਫਰਜ਼ ਤੋਂ ਬੇਮੁਖ ਹੋਏ ਹੋਏ ਹੋ। (ਵਿਘਨ) ਹੁਣ ਤੁਸੀਂ ਕਹਿੰਦੇ ਹੋ ਕਿ ਸਾਢੇ ਛੇ ਕਰੋੜ ਰੁਪਿਆ ਤਕਾਵੀਆਂ ਦਾ ਵਸੂਲ ਕਰਨਾ ਹੈ। ਮੈਂ ਇਸ ਦੇ ਖਿਲਾਫ਼ ਨਹੀਂ ਕਿ ਵਸੂਲੀਆਂ ਨਾ ਕਰੋ। Mr. Deputy Speaker in the chair) ਮਗਰ ਵਸੂਲ ਕਰੋ ਉਨ੍ਹਾਂ ਕੋਲੋਂ ਜਿਹੜੇ ਵਡੇ ਵਡੇ ਹਨ। ਤੁਸੀਂ ਅੰਦਾਜ਼ਾ ਲਗਾਉ ਕਿ ਇਕ ਪਾਸੇ ਤੁਸੀਂ ਇੰਡਸਟਰੀ ਵਾਲਿਆਂ ਤੋਂ 3-1/2 ਫੀ ਸਦੀ ਸੂਦ ਲੈਂਦੇ ਹੋ ਔਰ ਉਸ ਗਰੀਬ ਕਿਸਾਨ ਕੋਲੋਂ 7-1/2 ਫ਼ੀ ਸਦੀ। ਕੀ ਇਹ ਕੋਈ ਇਨਸਾਫ਼ ਹੈ ? (ਵਿਘਨ) ਚਲੋ ਮੈਂ ਮੰਨਦਾ ਹਾਂ ਕਿ ਅਸੀਂ ਮਾੜੇ ਹੀ ਸਹੀ ਪਰ ਤੁਸੀਂ ਤਾਂ

ਚੰਗੇ ਬਣ ਕੇ ਦਸੋ । ਜਿਹੜੇ ਸਾਨੂੰ ਮਾੜਾ ਕਹਿੰਦੇ ਹੋ ਤੁਸੀਂ ਇਹ ਵੀ ਵੇਖੋ ਕਿ ਕਿਸ ਹੱਦ ਤਕ ਅਸੀਂ ਮਾੜੇ ਹਾਂ ਔਰ ਕਿਸ ਹਦ ਤਕ ਤੁਸੀਂ ਚੰਗੇ ਹੋ । ਮੈਂ ਇਹ ਕਹਿ ਰਿਹਾ ਸੀ ਕਿ ਇਕ ਗਰੀਬ ਕਿਸਾਨ ਨੂੰ ਸੂਦ ਲਗਦਾ ਹੈ—ਸੂਦ ਦਰ ਸੂਦ ਲਗਦਾ ਹੈ । ਇਸ ਵਿਚ ਜ਼ਿਆਦਾ ਤਰ ਤਿੰਨ ਤਿੰਨ ਚਾਰ ਚਾਰ ਏਕੜ ਵਾਲੇ ਹੀ ਪਿਸੇ ਜਾਂਦੇ ਹਨ ਵਡੇ ਵਡੇ ਨਹੀਂ ।

6.00 p.m.

ਤਿੰਨ ਤਿੰਨ ਅਤੇ ਚਾਰ ਚਾਰ ਏਕੜਾਂ ਵਾਲਿਆਂ ਨੂੰ ਤਾਂ ਤੁਸੀਂ ਅੰਦਰ ਕਰ ਦੇਣਾ ਹੈ ਅਤੇ ਵੱਡਿਆਂ ਵੱਡਿਆਂ ਨੂੰ ਪੁਛਣਾ ਨਹੀਂ । ਅਗਰ ਤੁਸੀਂ ਵਡੇ ਵਡੇ ਮਗਰ ਮਛਾਂ ਨੂੰ ਫੜ ਲਉ ਤਾਂ ਸਾਨੂੰ ਕੋਈ ਇਤਰਾਜ਼ ਨਹੀਂ ।

ਦੂਜੀ ਗੱਲ 23 ਕਰੋੜ ਦੇ ਘਾਟੇ ਦੀ ਹੈ ਜਿਸ ਦਾ ਜ਼ਿਕਰ ਪੰਡਿਤ ਜੀ ਨੇ ਕੀਤਾ । ਠੀਕ ਹੈ ਰੀਲੀਫ ਦੇਣਾ ਚੰਗੀ ਗੱਲ ਹੈ । ਪਰ ਇਹ ਘਾਟਾ ਪੂਰਾ ਹੋਣਾ ਚਾਹੀਦਾ ਹੈ । ਮੈਂ ਇਕ ਪਰੋਪੋਜ਼ਲ ਦੇਣਾ ਚਾਹੁੰਦਾ ਹਾਂ । ਇਹ ਕਹਿੰਦੇ ਹਨ ਕਿ ਕਿਸਾਨਾਂ ਪਾਸੋਂ $6\frac{1}{2}$ ਕਰੋੜ ਰੁਪਿਆ ਵਸੂਲ ਕਰ ਲਵਾਂਗੇ, ਪਰ ਕਿਸਾਨ ਬੜੇ ਗਰੀਬ ਹਨ ਤੁਸੀਂ ਚਾਰ ਕਰੋੜ ਤੋਂ ਜ਼ਿਆਦਾ ਨਹੀਂ ਵਸੂਲ ਕਰ ਸਕਦੇ (ਵਿਘਨ) ਮੈਨੂੰ ਕੀ ਕਹਿੰਦੇ ਹੋ stay order ਤਾਂ ਇਥੋਂ ਹੀ ਜਾਂਦੇ ਹਨ ਰੋਜ਼ ਦੇ । ਕਿਉਂ ਛੇੜਦੇ ਹੋ । ਦਸਾਂ ਗਵਰਨਰ ਸਾਹਿਬ ਨੇ ਜੋ ਅਡਲਟਰੇਸ਼ਨ ਦੇ ਚਲਾਣ ਕੀਤੇ ਉਹ ਜਲੰਧਰ ਦੇ ਕਿੰਨੇ ਵਾਪਸ ਹੋਏ । 17 ਵਾਪਸ ਹੋਏ । ਹਾਲੇ ਤੁਹਾਨੂੰ 15 ਦਿਨ ਨਹੀਂ ਹੋਏ ਆਇਆਂ ਨੂੰ । ਉਹ ਚੇਅਰਮੈਨ ਸਾਹਿਬ ਮੇਰੇ ਹਨ ਪੁਛ ਲਉ । ਆਖਿਰ ਬੰਦੇ ਤਾਂ ਉਹੀ ਹੁੰਦੇ ਹਨ ਕੋਈ ਫਰਿਸ਼ਤੇ ਤਾਂ ਨਹੀਂ ਬਣ ਜਾਂਦੇ, ਅਕਲ ਨਹੀਂ ਵਧ ਜਾਂਦੀ । 23 ਕਰੋੜ ਦਾ ਘਾਟਾ ਪੂਰਾ ਕਰਨਾ ਹੈ ਤਾਂ $6\frac{1}{2}$ ਰੁਪਏ ਦੀ ਸੇਲਜ਼ ਟੈਕਸ ਦੀ ਲੀਕੇਜ ਹੈ ਪਰ ਇਨ੍ਹਾਂ ਭਰਾਵਾਂ ਨੇ ਰੋਕਣ ਨਹੀਂ ਦੇਣੀ । (ਵਿਘਨ) ਤੁਸੀਂ ਹੀ ਕਹਿਣਾ ਹੈ... ...

Mr. Deputy Speaker: Please address the Chair.

ਚੌਧਰੀ ਦਰਸ਼ਨ ਸਿੰਘ : ਮੈਨੂੰ ਪਤਾ ਨਹੀਂ ਸੀ ਕਿ ਤੁਸੀਂ ਬੈਠੇ ਹੋ, ਮੈਂ ਸਮਝਿਆ ਚੇਅਰਮੈਨ ਸਾਹਿਬ ਹੀ ਬੈਠੇ ਹਨ (ਹਾਸਾ) ਮੈਂ ਅਰਜ਼ ਕਰ ਰਿਹਾ ਸੀ, ਡਿਪਟੀ ਸਪੀਕਰ ਸਾਹਿਬ, ਕਿ 23 ਕਰੋੜ ਦਾ ਘਾਟਾ ਪੂਰਾ ਕਰਨ ਲਈ ਕੀ ਕਰਨਾ ਚਾਹੀਦਾ ਹੈ । (ਵਿਘਨ) ਪੰਜਾਬ ਵਿਚ ਘਟੋ ਘਟ $6\frac{1}{2}$ ਕਰੋੜ ਸੇਲਜ਼ ਟੈਕਸ ਦਾ ਏਰੀਅਰ ਹੈ । ਸ਼ਾਪਕੀਪਰ ਤਾਂ ਟ੍ਰਸਟੀ ਹੈ, ਉਸ ਨੇ ਕਿਉਂ ਨਹੀਂ ਜਮ੍ਹਾਂ ਕਰਾਇਆ । ਸਰਦਾਰ ਗੁਰਨਾਮ ਸਿੰਘ ਐਕਸ਼ਨ ਲੈਕੇ ਦਿਖਾਏ ਪਤਾ ਲਗੇ ਤੁਸੀਂ ਕਿੰਨਿਆਂ ਦੁਕਾਨਦਾਰਾਂ ਨੂੰ ਅੰਦਰ ਕੀਤਾ ਹੈ ਜ਼ਮੀਂਦਾਰ ਵਿਚਾਰੇ ਨੂੰ ਤਾਂ ਝਟ ਅੰਦਰ ਕਰ ਦਿੰਦੇ ਹੋ । 20, 20 ਹਜ਼ਾਰ ਦਾ ਏਰੀਅਰ ਹੁੰਦਾ ਹੈ ਪਰ ਫ਼ਰਮ ਹੀ ਨਹੀਂ ਮਿਲਦੀ, ਪਤਾ ਨਹੀਂ ਕਿਤੇ ਚਲੀ ਗਈ । ਇਸ $6\frac{1}{2}$ ਕਰੋੜ ਨੂੰ ਵਸੂਲ ਕਰੋ, ਮੈਂ ਸੁਰਜੀਤ ਹੋਰਾਂ ਦੀ ਇਸ ਗਲ ਦੀ ਤਾਈਦ ਕਰਦਾ ਹਾਂ ਕਿ ਇਥੇ ਟਾਪ ਐਡਮਨਿਸਟਰੇਸ਼ਨ ਹੈ ਬਲਕਿ ਹੈਵੀਐਸਟ ਇਨ ਇੰਡੀਆ । ਹਰ ਕਾਗਜ਼ ਸੈਕਰੇਟਰੀ ਤੋਂ ਲੈ ਕੇ 13 ਹਥਾਂ ਵਿਚੋਂ ਲੰਘਦਾ ਹੈ । (ਘੰਟੀ) ਹੈਵੀ ਐਡਮਨਿਸਟਰੇਸ਼ਨ ਦੀ ਮੈਂ ਇਕ ਮਿਸਾਲ ਦਿੰਦਾ ਹਾਂ । ਰੀਆਰਗੇਨਾਈਜ਼ੇਸ਼ਨ ਵੇਲੇ ਪੰਜਾਬ ਪਾਸ 35 ਸਬ-ਡਿਵੀਜ਼ਨ ਆਏ ਜਦ ਕਿ ਹਰਿਆਣੇ ਪਾਸ 27 ਗਏ । ਉਨ੍ਹਾਂ ਨੂੰ 90 ਪੀ. ਸੀ. ਐਸ. ਅਫ਼ਸਰ ਗਏ ਅਤੇ ਸਾਨੂੰ 230 ਮਿਲੇ । ਕਿਸੇ ਦਫ਼ਤਰ ਵਿਚ ਚਲੇ ਜਾਉ 70 ਫ਼ੀ ਸਦੀ ਅਫ਼ਸਰ ਬਿਨਾ ਕੰਮ ਤੇ ਮਿਲਣਗੇ । ਚੀਫ ਸੈਕਟਰੀ ਕਦੇ ਕਿਸੇ ਨੂੰ ਕਦੇ ਕਿਸੇ ਨੂੰ

[ਚੌਧਰੀ ਦਰਸ਼ਨ ਸਿੰਘ]

ਛੁਟੀ ਤੌਰ ਦਿੰਦੇ ਹਨ । ਇਨਾਂ 230 ਵਿਚੋਂ ਜਦ ਬਹੁਤ ਸਾਰੇ ਸਰਪਲਸ ਹਨ ਤਾਂ ਨਵੇਂ ਮੁੰਡੇ ਕਿਥੇ ਆ ਸਕਣਗੇ । ਤੁਸੀਂ 10 ਸਾਲ ਤਕ ਨਵੇਂ ਪੀ.ਸੀ.ਐਸ. ਅਫਸਰ ਭਰਤੀ ਨਹੀਂ ਕਰ ਸਕੋਗੇ ।

ਸ਼੍ਰੀ ਡਿਪਟੀ ਸਪੀਕਰ : ਤੁਹਾਡਾ ਟਾਈਮ ਹੋ ਗਿਆ ਹੈ ਨਾਲੇ ਅਸੀਂ ਅਨਐਂਪਲਾਇਮੈਂਟ ਕ੍ਰੀਏਟ ਨਹੀਂ ਕਰਨੀ । (ਹਾਸਾ) (The time of the hon. Member is over. Moreover we are not going to create unemployment.)

(*Laughter*)

ਚੌਧਰੀ ਦਰਸ਼ਨ ਸਿਘ : ਮੁਖ ਮੰਤਰੀ ਜੀ ਚੀਫ ਸੈਕਰੇਟਰੀ ਤੋਂ ਪਤਾ ਕਰ ਲੈਣ । ਜਦ ਇਨ੍ਹਾਂ ਨੂੰ ਪਤਾ ਲਗਾ ਕਿ 230 ਅਫਸਰ ਮਿਲੇ ਹਨ ਤਾਂ ਦਿਲੀ ਦੌੜੇ ਗਏ ਤਾਂ ਉਥੇ ਦਸਤਖਤ ਦੇਤੇ ਜੀ. ਐਸ. ਮੁਸਾਫਿਰ ਅਤੇ ਜੀ.ਐਸ. ਕਾਹਲੋਂ ਦੇ । ਮੁਸਾਫਰ ਸਾਹਿਬ ਤਾਂ ਮੁਸਾਫਰੀ ਕਰ ਗਏ । ਪਰ ਕਾਹਲੋਂ ਸਾਹਿਬ ਤਾਂ ਇਥੇ ਹਨ, ਸਿਆਣੇ ਹਨ, ਇਨ੍ਹਾਂ ਨੇ ਕਿਉਂ ਦਸਖਤ ਕੀਤੇ । ਹੁਣ ਹਰਿਆਣੇ ਵਾਲੇ ਉਨਾਂ ਨੂੰ ਕਿਵੇਂ ਲੈਣਗੇ । ਇਸ ਲਈ ਮੈਂ ਕਹਿੰਦਾ ਹਾਂ ਕਿ ਟਾਪ ਹੈਵੀ ਹੈ ਐਡਮਨਿਸਟਰੇਸ਼ਨ ਅਤੇ ਤੁਸੀਂ 10 ਸਾਲ ਤਕ ਨਵੇਂ ਅਫਸਰ ਭਰਤੀ ਨਹੀਂ ਕਰ ਸਕੋਗੇ (ਵਿਘਨ)

Mr. Deputy Speaker : Please wind up.

ਚੌਧਰੀ ਦਰਸ਼ਨ ਸਿੰਘ : ਡਿਪਟੀ ਸਪੀਕਰ ਸਾਹਿਬ ਤੁਸੀਂ ਤਾਂ ਬੜੇ ਸਿਆਣੇ ਹੋ, ਅਵਾਮੀ ਸਰਕਾਰ ਨੂੰ ਵਾਈਂਡ ਅਪ ਕਰਦਿਆਂ ਭੀ ਸਮਾਂ ਲਗੇਗਾ । (ਹਾਸਾ) ਇਹ ਕੋਈ ਮਾਮੂਲੀ ਕੰਮ ਨਹੀਂ ਹੈ । ਮੈਨੂੰ ਸਿਰਫ 5 ਮਿਨਟ ਦਿਉ ।

ਸ਼੍ਰੀ ਡਿਪਟੀ ਸਪੀਕਰ : ਮੈਨੂੰ ਚੇਅਰਮੈਨ ਸਾਹਬ ਨੇ ਦਸਿਆ ਹੈ ਕਿ ਤੁਸੀਂ 5.41 ਤੇ ਸਪੀਚ ਸ਼ੁਰੂ ਕੀਤੀ ਸੀ । (ਵਿਘਨ) (I told was by the Chairman that the hon. Member started his speech at 5.41 p.m.)

(*Interruption*)

ਚੌਧਰੀ ਦਰਸ਼ਨ ਸਿੰਘ : ਇਨਟਰੱਪਸ਼ਨਜ ਬਹੁਤ ਹੋਈਆਂ । ਖ਼ੈਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਟਾਪ ਹੈਵੀ ਐਡਮਨਿਸਟਰੇਸ਼ਨ ਵਿਚ ਕਮੀ ਕਰਣੀ ਚਾਹੀਦੀ ਹੈ ।

ਦੂਜੀ ਗੱਲ ਮੈਂ ਇਹ ਕਹਿਣੀ ਹੈ ਕਿ ਜੋ ਇਹ ਪਿਉਰਿਟੀ ਇਨ ਪਬਲਿਕ ਲਾਈਫ ਦੀਆਂ ਗਲਾਂ ਕਰਦੇ ਹਨ ਉਹ ਪੂਰੀਆਂ ਨਹੀਂ ਹੋਣੀਆਂ । ਇਨਾਂ ਨੇ ਵਜ਼ਾਰਤ ਵਧਾ ਲਈ । ਮੇਰੇ ਸਾਥੀ ਉਧਰ ਚਲੇ ਗਏ, ਸੀਟ ਖਾਲੀ ਰਹਿ ਗਈ, ਮੈਂ ਇਕੱਲਾ ਰਹਿ ਗਿਆ । (ਵਿਘਨ) ਮੈਨੂੰ ਕੋਈ ਅਫ਼ਸੋਸ ਨਹੀਂ ਹਾਲਾਂਕਿ ਲੋਨਲੀਨੈਸ ਮੈਂ ਫ਼ੀਲ ਕਰਦਾ ਹਾਂ । ਪਰ ਸਰਦਾਰ

ਗੁਰਨਾਮ ਸਿੰਘ ਨੂੰ ਭੁਲੇਖਾ ਨਹੀਂ ਰਹਿਣਾ ਚਾਹੀਦਾ । ਅਸੀਂ ਇਥੋਂ ਹੀ ਖੜੇ ਕਰ ਲੈਣੇ ਹਨ । ਮੈਂ ਇਤਨਾ ਹੀ ਕਹਿਣਾ ਹੈ ਕਿ ਵਜ਼ਾਰਤ ਤੁਸੀਂ ਵਧਾ ਲਈ, ਮਹਿਕਮੇ ਘਟਾ ਲਏ ਬੀ.ਡੀ.ਓਜ਼. ਪਬਲਿਸਿਟੀ ਵਗੈਰਾ ਤੁਸੀਂ ਘਟਾਏ ਹਨ । ਮੁਖ ਮੰਤਰੀ ਜੀ ਨੇ ਬਿਆਨ ਦਿਤਾ ਕਿ ਵਜ਼ਾਰਤ ਦੇ ਐਕਸਟੈਂਡ ਹੋਣ ਨਾਲ ਪੰਜਾਬ ਦੀ ਜਨਤਾ ਬਹੁਤ ਖੁਸ਼ ਹੋਈ ਹੈ । ਇਹ ਮੈਂ ਮੰਨ ਸਕਦਾ ਹਾਂ ਕਿ ਜਨਤਾ ਖੁਸ਼ ਹੋਈ ਹੋਵੇਗੀ ਕਿ ਕਾਂਗਰਸ ਫਰੰਟ ਵਜ਼ਾਰਤ ਨੂੰ ਨਹੀਂ ਤੋੜ ਸਕੀ, 5 ਤਰੀਕ ਨੂੰ ਇਹ ਹੋਰ ਮਜ਼ਬੂਤ ਹੋਈ ਪਰ ਪੰਜਾਬ ਦੀ ਜਨਤਾ ਖੁਸ਼ ਕਿਸ ਹਦ ਤਕ ਹੋਈ ਹੋਵੇਗੀ । ਮੁਖ ਮੰਤਰੀ ਜੀ ਦੇ ਕਹਿਣ ਦੇ ਮੁਤਾਬਿਕ ਅਗਰ ਪੰਜਾਬ ਦੀ ਜਨਤਾ ਖੁਸ਼ ਹੋਈ ਹੁੰਦੀ ਤਾਂ ਅਜ 4 ਦਿਨ ਹੋ ਗਏ ਹਨ ਇਸ ਬਾਰੇ ਕਿਸੇ ਲੀਡਰ ਦਾ ਬਿਆਨ ਹੀ ਆਇਆ ਹੁੰਦਾ ਕਿ ਲੋਕਾਂ ਵਿਚ ਖੁਸੀ ਦੀ ਲਹਿਰ ...... (ਵਿਘਨ) ਤੁਸੀਂ ਅੰਦਾਜ਼ਾ ਲਾ ਲਉ ਕਿ ਅਜ ਤਕ ਕਿਸੇ ਨੇ ਖੁਸ਼ੀ ਜ਼ਾਹਰ ਨਹੀਂ ਕੀਤੀ । ਤੁਸੀਂ ਬੰਦਿਆਂ ਨੂੰ floor cross ਕਰਾ ਲਉ, ਵਜ਼ੀਰੀਆਂ ਦੇ ਦਿਉ ਪਰ ਬੰਦਿਆਂ ਦੇ ਜ਼ਮੀਰ ਤੇ ਦਿਮਾਗ ਨਹੀਂ ਬਦਲੇ ਜਾ ਸਕਦੇ (ਵਿਘਨ) ਗੁੱਸਾ ਨਾ ਕਰੋ, ਤੁਹਾਨੂੰ ਫਲੋਰ ਕਰਾਸ ਕਰਨਾ ਮੁਬਾਰਕ ਹੋਵੇ । (ਵਿਘਨ)

ਇਕ ਗੱਲ ਇਸ ਬਾਰੇ ਹੋਰ ਕਹਿਣੀ ਹੈ । ਸਰਦਾਰ ਗੁਰਨਾਮ ਸਿੰਘ ਜੀ ਮੇਰੀ ਗਲ ਸੁਣੋ । ਤੁਸੀਂ ਵਜ਼ਾਰਤ ਐਕਸਟੈਂਡ ਕਿਉਂ ਕੀਤੀ । ਕਿਉਂਕਿ ਸਾਡਾ ਤੁਹਾਡਾ ਝਗੜਾ ਸੀ । ਸਾਡੇ ਮੈਂਬਰ ਤੋੜ ਲਏ, ਵਜ਼ਾਰਤ ਐਕਸਟੈਂਡ ਕਰਕੇ ਇਸ ਡਰ ਤੋਂ ਕਿ ਕਿਤੇ ਅਸੀਂ ਤੁਹਾਨੂੰ ਗਦੀਆਂ ਤੋਂ ਲਾਹ ਨਾ ਦੇਈਏ । ਸੋ ਤੁਸੀਂ ਹੀ ਨਹੀਂ ਪਬਲਿਕ ਲਾਈਫ ਵਿਚ ਕੁਰੱਪਸ਼ਨ ਲਿਆਉਣ ਦੇ ਅਸੀਂ ਵੀ ਜ਼ਿੰਮੇਂਦਾਰ ਹਾਂ । ਅਗਰ ਅਸੀਂ ਡਿਕਲੇਅਰ ਨਾ ਕਰਦੇ ਤਾਂ ਤੁਸੀਂ ਐਕਸਪੈਨਸ਼ਨ ਨਾ ਕਰਦੇ ।

ਖੈਰ, ਹੁਣ ਅਸੀਂ ਸੀਜ਼ ਫਾਇਰ ਡਿਕਲੇਅਰ ਕਰਦੇ ਹਾਂ ਤੁਸੀਂ ਯਕੀਨ ਦਿਵਾਉ ਕਿ ਤੁਸੀਂ ਹੋਰ ਐਕਸਪੈਨਸ਼ਨ ਵਜ਼ਾਰਤ ਦੀ ਨਹੀਂ ਕਰੋਗੇ (ਹਾਸਾ) (ਵਿਘਨ) ਤੁਸੀਂ ਡਰਦੇ ਹੋ ਕਿ ਅਸੀਂ ਤੁਹਾਡੇ ਨਾਲ ਲੜਦੇ ਹਾਂ । ਚਲੋ ਅਸੀਂ ਸੀਜ਼ ਫਾਇਰ ਕਰਦੇ ਹਾਂ .... (ਵਿਘਨ) now please do not expand the Ministry any more.

ਇਕ ਆਵਾਜ਼ : ਅਗਰ ਐਕਸਪੈਂਡ ਨਾ ਕੀਤੀ ਵਜ਼ਾਰਤ ਤਾਂ ਇਨ੍ਹਾਂ ਨਾਲ ਕੀਤਾ ਵਾਅਦਾ ਪੂਰਾ ਕਿਵੇਂ ਹੋਵੇਗਾ? (ਵਿਘਨ) ਸਾਡਾ ਲੀਡਰ ਝੂਠਾ ਹੋ ਜਾਵੇਗਾ । ਇਸ ਨੂੰ ਲੈਣ ਦਾ ਵਾਅਦਾ ਕੀਤਾ ਹੋਇਆ ਹੈ ।

ਚੌਧਰੀ ਦਰਸ਼ਨ ਸਿੰਘ : ਵਾਅਦੇ ਬੜੇ ਕਰਦੇ ਹੋ । ਕਿਉਂ ਝਗੜਾ ਕਰਦੇ ਹੋ । ਇਹ ਅਜ ਉਧਰ ਬੈਠੇ ਹਨ ਅਤੇ ਕਹਿੰਦੇ ਹਨ ਕਿ ਲੈਣਾ ਹੈ । ਮੈਂ ਦਸਦਾ ਹਾਂ ਕਿ ਇਹ ਕਿਸ ਤਰ੍ਹਾਂ ਉਥੇ ਬੈਠੇ ਹਨ। ਸਾਨੂੰ ਕਹਿੰਦੇ ਹਨ ਪਬਲਿਕ ਦੇ ਮਾਰੇ ਹੋਏ ਹਨ । ਲੋਕਾਂ ਨੇ ਇਉਂ ਰੀਸੀਵ ਕੀਤਾ ਜਿਵੇਂ ਜੇਲ੍ਹ ਵਿਚੋਂ ਛੁਟੇ ਹੋਣ । ਇਹ ਨਾ ਸਮਝੋ ਕਿ ਪਬਲਿਕ ਦੇ ਅਸੀਂ ਮਾਰੇ ਹੋਏ ਹਾਂ । ਮੈਂ ਇਸ ਬਾਰੇ ਇਕ ਬਿਆਨ ਦਿੰਦਾ ਹਾਂ । ਇਕ ਵੈਲ ਸੂਟਿਡ ਬੰਦਾ ਸਟੇਸ਼ਨ ਤੋਂ ਨਿਕਲਿਆ ਤਾਂ ਉਸ ਪਾਸ ਅਟੈਚੀ ਸੀ । ਕੋਲੋਂ ਇਕ ਮਰਾਸੀ ਜਾ ਰਿਹਾ ਸੀ, ਉਸ ਨੇ ਸੋਚਿਆ ਇਹ ਕੋਈ ਵਡਾ ਆਦਮੀ ਹੈ ਤੇ ਅਟੈਚੀ ਫੜ ਲਿਆ ।

[ਚੌਧਰੀ ਦਰਸ਼ਨ ਸਿੰਘ]

ਮੀਲ ਕੁ ਚਲੇ ਤਾਂ ਅਟੈਚੀ ਵਾਲੇ ਨੇ ਮਰਾਸੀ ਨੂੰ ਕਿਹਾ ਕਿ ਤੂੰ ਬੜਾ ਭਦਰ ਪੁਰਸ਼ ਹੈਂ, ਤੂੰ ਮੇਰਾ ਅਟੈਚੀ ਚੁਕੀ ਲਿਆਇਆ ਹੈ। ਮੈਂ ਫਰਿਸ਼ਤਾ ਹਾਂ ਅਤੇ ਤੇਰਾ ਭਲਾ ਕਰਨਾ ਚਾਹੁੰਦਾ ਹਾਂ। ਹੁਣ ਮੈਂ ਕਿਸੇ ਦੀ ਜਾਨ ਲੈਣ ਚਲਿਆ ਹਾਂ। ਤੂ ਇਉਂ ਕਰ ਕਿ ਹਕੀਮ ਬਣ ਜਾ। ਮੈਂ ਤੈਨੂੰ ਹੀ ਵਿਜ਼ੀਬਲ ਹੋਵਾਂਗਾ ਤੇ ਜਿਸ ਮਰੀਜ਼ ਦੇ ਪੈਂਦੀ ਖੜਾ ਹੋਵਾਂ ਉਹ ਸਮਝ ਲਈਂ ਨਹੀਂ ਬਚਣਾ ਤੇ ਜਿਸਦੇ ਸਰਾਹਣੇ ਖੜਾ ਹੋਵਾਂ ਉਹ ਬਚ ਜਾਵੇਗਾ। ਮਰਾਸੀ ਹਕੀਮ ਬਣ ਗਿਆ। ਕੰਮ ਚਲ ਨਿਕਲਿਆ। ਜਿਥੇ ਉਹਨੂੰ ਫ਼ਰਿਸ਼ਤਾ ਪੈਂਦੀ ਵਲ ਨਜ਼ਰ ਆਵੇ ਉਥੇ ਹੀ ਕਹੇ 'ਚਕ ਲੈ ਜਾਓ, ਸਰਦਾਰੋ, ਇਸ ਮਰੀਜ਼ ਨੇ ਨਹੀਂ ਬਚਣਾ' ਤੇ ਜਿਥੇ ਸਰਾਹਣੇ ਫਰਿਸ਼ਤਾ ਖੜ੍ਹਾ ਹੋਵੇ ਉਥੇ ਕਹੇ ਕਿ ਮੇਰੇ ਵਰਗਾ ਹਕੀਮ ਕੋਈ ਨਹੀਂ। ਮੈਂ ਇਸ ਨੂੰ ਜ਼ਰੂਰ ਰਾਜ਼ੀ ਕਰ ਦਿਆਂਗਾ। ਇਸ ਤਰਾਂ ਮਰਾਸੀ ਬੜਾ ਵੱਡਾ ਬਣ ਗਿਆ ਅਤੇ ਇਸੇ ਨਸ਼ੇ ਵਿਚ ਫਰਿਸ਼ਤੇ ਤੋਂ ਵੀ ਟੌਹਰ ਗਿਆ। ਜਿਸ ਵੇਲੇ ਫਰਿਸ਼ਤੇ ਨੇ ਦੇਖਿਆ ਕਿ ਮਰਾਸੀ ਤਾਂ ਮੇਰੇ ਤੋਂ ਹੀ ਵਿਟਰ ਗਿਆ ਹੈ ਤਾਂ ਉਹ ਉਸ ਦੇ ਪੈਂਦੀ ਹੀ ਆ ਖੜਾ ਹੋਇਆ। ਮਰਾਸੀ ਨੇ ਲੱਤਾਂ ਸਜੇ ਪਾਸੇ ਕੀਤੀਆਂ ਤਾਂ ਫਰਿਸ਼ਤਾ ਉਧਰ ਹੋ ਗਿਆ। ਮਰਾਸੀ ਸ਼ੈਤਾਨ ਸੀ। ਉਸ ਕਿਹਾ ਕਿ ਇਸ ਮਗਰੋਂ ਨਹੀਂ ਲਹਿਣਾ, ਉਸ ਲੱਤਾਂ ਉਤਾਂਹ ਕਰ ਲਈਆਂ। ਹੁਣ ਫਰਿਸ਼ਤਾ ਉਤਾਂਹ ਕਿਦਾਂ ਜਾਵੇ। ਘਰ ਵਾਲਿਆਂ ਨੇ ਉਸ ਦੀਆਂ ਲੱਤਾਂ ਠਾਂਹ ਕਰ ਦਿਤੀਆਂ ਪਰ ਫਿਰ ਉਸ ਲੱਤਾਂ ਉਤਾਂਹ ਚੁਕ ਲਈਆਂ। ਘਰ ਵਾਲਿਆਂ ਸਮਝਿਆ ਕਿ ਸਚੀਂ ਇਹ ਪਾਗਲ ਹੋ ਗਿਆ ਹੈ। ਦੋ ਬੰਦੇ ਉਨ੍ਹਾਂ ਲਿਆਂਦੇ.......

(*Interruption*)

Mr. Deputy Speaker: No interruptions please.

ਚੌਧਰੀ ਦਰਸ਼ਨ ਸਿੰਘ: ਮੈਂ ਅਰਜ਼ ਕਰ ਰਿਹਾ ਸਾਂ ਕਿ ਘਰ ਦਿਆਂ ਨੇ ਹੀ ਪਾਗਲ ਜਾਣ ਕੇ ਉਸ ਦੀਆਂ ਲਤਾਂ ਬੰਨ੍ਹ ਲਈਆਂ। ਕਿਸੇ ਸਿਆਣੇ ਨੇ ਉਸ ਨੂੰ ਕਿਹਾ ਕਿ ਤੂੰ ਆਪ ਤਾਂ ਨਹੀਂ ਸੀ ਮਰ ਸਕਦਾ ਤੈਨੂੰ ਘਰ ਵਾਲਿਆਂ ਨੇ ਮਾਰਿਆ ਹੈ। ਬਲਦਾਂ ਦੀ ਜੋੜੀ ਜੇਕਰ ਉਧਰ ਨਾ ਜਾਂਦੀ ਤਾਂ ਅਸੀਂ ਇਸ ਸਰਕਾਰ ਦਾ ਕੀਰਤਨ ਸੋਹਲਾ ਹੀ ਪੜ੍ਹ ਦੇਣਾ ਸੀ। (ਹਾਸਾ) ਪਹਿਲੇ ਦਿਨ ਹੀ ਹਾਰ ਪੈ ਜਾਂਦੇ। ਜਾਣ ਤੋਂ ਪਹਿਲਾਂ ਰੀਜ਼ਾਈਨ ਕਰ ਦਿੰਦੇ ਤਾਂ ਅਸੀਂ ਵੀ ਰੀਜ਼ਾਈਨ ਕਰਨ ਨੂੰ ਤਿਆਰ ਸਾਂ। ਮੈਂ ਤਾਂ ਹੁਣ ਵੀ ਤਿਆਰ ਹਾਂ ਫਿਰ ਚੋਣਾਂ ਲੜਨ ਲਈ।

ਮੰਤਰੀ (ਸਰਦਾਰ ਸਤਨਾਮ ਸਿੰਘ ਬਾਜਵਾ) : ਮੈਂ ਦੁਬਾਰਾ ਇਲੈਕਸ਼ਨ ਲੜਨ ਨੂੰ ਤਿਆਰ ਹਾਂ।

ਚੌਧਰੀ ਦਰਸ਼ਨ ਸਿੰਘ : ਜੇਕਰ ਇਨ੍ਹਾਂ ਵਿਚ ਹਿੰਮਤ ਹੁੰਦੀ ਤਾਂ ਇਹ ਰੀਜ਼ਾਈਨ ਕਰ ਦਿੰਦੇ। ਇਹ ਸਾਡੀ ਬਲਦਾਂ ਦੀ ਜੋੜੀ ਚੋਰੀ ਕਰ ਕੇ ਲੈ ਗਏ ਹਨ। ਅਤੇ ਚੋਰ ਵੀ ਸਾਹਮਣੇ ਬੈਠੇ ਨੇ।

(*Interruption*)

Mr. Deputy Speaker : Please wind up.

ਚੌਧਰੀ ਦਰਸ਼ਨ ਸਿੰਘ : ਮੈਂ ਇਕ ਗੱਲ ਕਹਿਣੀ ਚਾਹੁੰਦਾ ਹਾਂ। ਮੇਰੇ ਯਾਰ ਅਤੇ ਦੋਸਤ ਨੇ, ਪਰ ਕੀ ਕਰਾਂ। ਮਜ਼ਬ ਤਬਦੀਲ ਕਰਨਾ ਕੋਈ ਵੱਡੀ ਗੱਲ ਨਹੀਂ। ਪਰ ਪਾਰਟੀ ਤਬਦੀਲ ਕਰਨਾ ਮਜ਼ਬ ਤੋਂ ਵੀ ਜ਼ਿਆਦਾ ਮਾੜਾ ਹੈ। ਕੋਈ ਵੀ ਸੂਝ ਬੂਝ ਰਖਣ ਵਾਲਾ ਇਸ ਨੂੰ ਚੰਗਾ ਨਹੀਂ ਕਹਿ ਸਕਦਾ। ਇਥੇ ਇਨ੍ਹਾਂ ਨੂੰ ਕੁਰੱਪਸ਼ਨ ਦਿਸਦੀ ਸੀ ਤੇ ਉਧਰ ਜਾ ਕੇ ਇਹ ਫ਼ਰਿਸ਼ਤੇ ਬਣ ਗਏ ਨੇ। ਮੈਂ ਨਹੀਂ ਕਹਿੰਦਾ ਬਾਹਰ ਦੇਸ਼ਾਂ ਵਿਚ ਇਕ ਇਕ ਪਾਰਟੀ ਦਾ ਮੈਂਬਰ ਹੋਣ ਤੇ ਵੀ ਪਾਰਟੀਆਂ ਤਿੰਨ ਤਿੰਨ ਸਾਲ ਚਲਦੀਆਂ ਰਹੀਆਂ। ਮੈਂ ਸਰਦਾਰ ਗੁਰਨਾਮ ਸਿੰਘ ਨੂੰ ਵਾਰਨਿੰਗ ਦਿੰਦਾ ਹਾਂ ਕਿ ਇਸ ਤਰ੍ਹਾਂ ਠੀਕ ਨਹੀਂ। ਅਜ ਦੋ ਤਿੰਨ ਕਾਂਗਰਸੀ ਰਲਾ ਕੇ ਨੋ-ਕਾਨਫੀਡੈਂਸ ਤੋਂ ਬਚਣ ਦਾ ਯਤਨ ਕਰ ਲਿਆ ਪਰ ਨਾਲ ਜਿਹੜੀ ਤਿਕੜੀ ਬਿਠਾਈ ਹੈ ਇਸ ਦਾ ਵੀ ਕੁਝ ਕਰੋ। ਅਸੀਂ ਅਜੇ ਵੀ ਹਿੰਮਤ ਨਹੀਂ ਹਾਰੀ। ਸਰਦਾਰ ਪਰਤਾਪ ਸਿੰਘ ਦੇ ਖਿਲਾਫ ਕਹਿੰਦੇ ਨੇ ਪਰ ਅਮਲ ਤਾਂ ਵੇਖੋ। ਇਨ੍ਹਾਂ ਦੀਆਂ ਫਾਈਲਾਂ ਦਾ ਵੀ ਸਾਨੂੰ ਪਤਾ ਹੈ। ਅਜ ਵੀ ਫਾਈਲਾਂ ਮੌਜੂਦ ਹਨ। ਇਸ ਤਰ੍ਹਾਂ ਦੀ ਪੋਲੀਟੀਕਲ ਕੁਰਪਸ਼ਨ ਦੀ ਮਿਸਾਲ ਕਿਤੇ ਨਹੀਂ ਮਿਲਦੀ।

ਸਰਦਾਰ ਜੰਗੀਰ ਸਿੰਘ ਫਗੂਵਾਲੀਆ (ਸੰਗਰੂਰ) : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਡਤ ਮੋਹਨ ਲਾਲ ਜੀ ਤੇ ਹੋਰ ਸਜਣ ਜੋ ਅਪੋਜ਼ੀਸ਼ਨ ਵਿਚ ਬੈਠੇ ਹਨ ਇਹ ਉਹ ਸਜਨ ਹਨ ਜੋ ਕੁਰਸੀਆਂ ਨੂੰ ਜੱਫਾ ਮਾਰਕੇ ਬੈਠੇ ਸਨ ਅਤੇ ਹੁਣ 20 ਸਾਲ ਦੇ ਕਾਲੇ ਰਾਜ ਬਾਅਦ ਅਜ ਹਾਰ ਗਏ ਹਨ ਤੇ ਉਧਰ ਜਾ ਬੈਠੇ ਹਨ ਤਾਂ ਤਲਮਲਾ ਰਹੇ ਹਨ। ਇਹ ਤਾਂ ਤਜਰਬੇਕਾਰ ਹਨ ਇਨ੍ਹਾਂ ਨੂੰ ਫਰੰਟ ਦੀ ਵਜ਼ਾਰਤ ਦੀ ਕਦਰ ਕਰਨੀ ਚਾਹੀਦੀ ਸੀ। ਫਰੰਟ ਵਜ਼ਾਰਤ ਵਿਚ ਨਿਰਪਖਤਾ ਹੈ, ਤਿਆਗ ਅਤੇ ਕੁਰਬਾਨੀ ਦੀ ਭਾਵਨਾ ਹੈ।

(ਵਿਘਨ)

ਮੈਂ, ਡਿਪਟੀ ਸਪੀਕਰ ਸਾਹਿਬ, ਬੇਨਤੀ ਕਰਦਾ ਹਾਂ ਕਿ ਇਨ੍ਹਾਂ ਕਾਂਗਰਸੀਆਂ ਦੀ ਹਕੂਮਤ ਨੇ 20 ਸਾਲ ਦੇ ਰਾਜ ਵਿਚ ਪੰਜਾਬ ਦੀਆਂ ਜੜ੍ਹਾਂ ਨੂੰ ਖੋਖਲਾ ਕਰ ਦਿਤਾ ਸੀ। ਹੁਣ ਸਾਂਝੇ ਮੋਰਚੇ ਦੀ ਹਕੂਮਤ ਹੈ ਅਤੇ ਇਹ ਇਕ ਬੜਾ ਕੰਮ ਹੈ। ਇਸ ਨੇ ਥੋੜ੍ਹੇ ਸਮੇਂ ਵਿਚ ਹੀ ਅਮਨ ਤੇ ਖੁਸ਼ਹਾਲੀ ਲਿਆ ਦਿਤੀ ਹੈ।

(ਵਿਘਨ)

Lieut. Bhag Singh : On a point of order......

(ਵਿਘਨ)

ਸਰਦਾਰ ਜੰਗੀਰ ਸਿੰਘ ਫਗੂਵਾਲੀਆ : ਮੇਰੀ ਬੇਨਤੀ ਇਹ ਹੈ ਕਿ ਸਾਂਝੇ ਮੋਰਚੇ ਨੇ ਜੋ ਕੁਝ ਕਰ ਕੇ ਵਿਖਾਇਆ ਹੈ ਇਨ੍ਹਾਂ ਨੇ 20 ਸਾਲਾਂ ਵਿਚ ਨਹੀਂ ਕੀਤਾ। (ਵਿਘਨ)

ਸ੍ਰੀ ਡਿਪਟੀ ਸਪੀਕਰ : ਜਥੇਦਾਰ ਜੀ, ਪੁਆਇੰਟ ਆਫ ਆਰਡਰ ਤਾਂ ਸੁਣ ਲਉ ਕਥਾ ਬਾਅਦ ਵਿਚ ਸ਼ੁਰੂ ਕਰ ਲੈਣਾ। (ਹਾਸਾ) (I would request the hon. Member, Jathedar ji, to let us hear the point of order. He may start his 'Katha' thereafter.)

(Laughter)

ਲੈਫ਼ਟੀਨੈਂਟ ਭਾਗ ਸਿੰਘ : ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਕੀ ਕੋਈ ਆਨਰੇਬਲ ਮੈਂਬਰ ਇਸ ਹਾਊਸ ਵਿਚ ਆਪਣੀ ਤਕਰੀਰ ਪੜ੍ਹ ਕੇ ਸੁਣਾ ਸਕਦਾ ਹੈ। ਫਗੂਵਾਲੀਆ ਸਾਹਿਬ ਲਿਖੀ ਹੋਈ ਤਕਰੀਰ ਪੜ੍ਹ ਕੇ ਸੁਣਾ ਰਹੇ ਹਨ।........

(ਵਿਘਨ)

ਸ੍ਰੀ ਡਿਪਟੀ ਸਪੀਕਰ : ਜਥੇਦਾਰ ਸਾਹਿਬ ਬੜੇ ਤਜਰਬੇਕਾਰ ਮੈਂਬਰ ਹਨ। (Interruption) ਮੈਨੂੰ ਰੂਲਿੰਗ ਤਾਂ ਦੇ ਲੈਣ ਦਿਉ। ਇਹ ਠੀਕ ਹੈ, ਸਰਦਾਰ ਭਾਗ ਸਿੰਘ ਜੀ ਕਿ ਕੋਈ ਮੈਂਬਰ ਤਕਰੀਰ ਪੜ੍ਹ ਕੇ ਨਹੀਂ ਸੁਣਾ ਸਕਦਾ। ਪਰ ਲਿਖੇ ਹੋਏ ਪੁਆਇੰਟਸ ਨੂੰ ਕਨਸਲਟ ਕਰ ਸਕਦਾ ਹੈ। (Interruption) (Jathedar Jangir Singh Phaguwalia is an old parliamentarian. (Interruption) Let me give my ruling. (Addressing Lt. Bhag Singh) It is correct that no hon. member can read out his speech but he can consult written points.)

(Interruption)

ਸਰਦਾਰ ਜੰਗੀਰ ਸਿੰਘ ਫਗੂਵਾਲੀਆ : ਮੈਂ ਪੰਡਤ ਮੋਹਨ ਲਾਲ ਵਾਂਗ ਅਖ਼ਬਾਰਾਂ ਦੇ ਕਟਿੰਗ ਰੱਦੀ ਦੀ ਟੋਕਰੀ ਵਿਚੋਂ ਟੋਲ ਕੇ ਨਹੀਂ ਲਿਆਇਆ। (ਹਾਸਾ) ਮੈਂ ਤਾਂ ਪੁਆਇੰਟਸ ਲਿਖੇ ਹੋਏ ਨੇ।

ਮੁਖ ਮੰਤਰੀ : ਡਿਪਟੀ ਸਪੀਕਰ ਸਾਹਿਬ, ਜਿਨ੍ਹਾਂ ਪਾਸ ਪੁਆਇੰਟਸ ਹੋਣਗੇ ਉਹੀ ਲਿਖਣਗੇ ਹੋਰ ਅਨਪੜ੍ਹਾਂ ਨੇ ਥੋੜ੍ਹੇ ਲਿਖਣੇ ਹਨ। (ਹਾਸਾ)

(Interruption)

ਸ੍ਰੀ ਡਿਪਟੀ ਸਪੀਕਰ ; ਜਥੇਦਾਰ ਫ਼ਗੂਵਾਲੀਆ ਸਾਹਿਬ ਵੈਟਰਨ ਲੀਡਰ ਨੇ। ਉਮਰ ਕਾਰਨ ਜ਼ਹਨ ਵਿਚ ਕਮਜ਼ੋਰੀ ਆ ਜਾਂਦੀ ਹੈ। ਇਸ ਲਈ ਯਾਦਾਸ਼ਤ ਵਾਸਤੇ ਪੁਆਇੰਟਸ ਲਿਖਣੇ ਕੋਈ ਹਰਜ ਵਾਲੀ ਗੱਲ ਨਹੀਂ। ਜਥੇਦਾਰ ਸਾਹਿਬ ਤੁਸੀਂ ਹੁਣ ਆਪਣੀ ਗੱਡੀ ਸ਼ੁਰੂ ਕਰੋ। (ਹਾਸਾ) (Jathedar Phaguwalia Sahib is a veteran leader. Old age affects memory. Therefore there is no harm in noting down the points for ready reference. The hon. member may now proceed with his speech.)

ਸਰਦਾਰ ਜੰਗੀਰ ਸਿੰਘ ਫੱਗੂਵਾਲੀਆ : ਜੇਕਰ, ਡਿਪਟੀ ਸਪੀਕਰ ਸਾਹਿਬ, ਪੰਜਾਬੀ ਵਿਚ ਬਜਟ ਹੁੰਦਾ ਤਾਂ ਮੈਂ ਹੋਰ ਵਧੇਰੇ ਕਹਿ ਸਕਦਾ ਹਾਂ, ਪਰ ਖੈਰ, ਮੈਂ ਇਹ ਅਰਜ਼ ਕਰ ਰਿਹਾ ਸੀ ਕਿ ਕਾਂਗਰਸੀ ਵਜ਼ੀਰਾਂ ਨੇ ਖੁਸ਼ਹਾਲੀ ਨੂੰ ਆਪਣੇ ਅੰਦਰ ਸਮੋ ਲਿਆ ਹੈ। ਆਪਣੇ ਮਿਤਰਾਂ ਰਿਸ਼ਤੇਦਾਰਾਂ ਨੂੰ ਹੀ ਕੇਵਲ ਫ਼ਾਇਦਾ ਪਹੁੰਚਾਇਆ ਹੈ।

(Interruption)

ਸ੍ਰੀ ਡਿਪਟੀ ਸਪੀਕਰ : ਵਿਘਨ ਨਾ ਪਾਉ। ਜਥੇਦਾਰ ਸਾਹਿਬ ਨੂੰ ਛੇਤੀ ਸੁਣ ਲਉ। (ਹਾਸਾ) (Please do not interrupt. Please listen to what thehon. member, Jathedar Sahib,is saying without wasting any time.)

ਸਰਦਾਰ ਜੰਗੀਰ ਸਿੰਘ ਫੱਗੂਵਾਲੀਆ : ਕਾਂਗਰਸੀ ਵਜ਼ੀਰਾਂ ਨੇ ਜੋ ਹਾਲ ਪੰਜਾਬ ਦਾ ਕੀਤਾ ਹੈ ਉਹ ਸਭ ਜਾਣਦੇ ਹਨ। ਇਸਤ੍ਰੀ ਦੀ ਬੇਪਤੀ ਅਤੇ ਗੁੰਡਾਪਨ ਇਨ੍ਹਾਂ ਨੇ ਲੋਕਾਂ ਨੂੰ ਸਿਖਾਇਆ ਹੈ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਕਹਾਂਗਾ ਕਿ ਇਨ੍ਹਾਂ ਦਾ ਕੋਈ ਧਰਮ ਨਹੀਂ ਰਿਹਾ ਅਤੇ ਇਨ੍ਹਾਂ ਨੇ 20 ਸਾਲ ਤਕ ਜਨਤਾ ਦਾ ਲਹੂ ਨਚੋੜਿਆ ਹੈ।

ਡਿਪਟੀ ਸਪੀਕਰ ਸਾਹਿਬ, ਅਜ ਇਹ ਕਹਿੰਦੇ ਹਨ ਕਿ ਫਰੰਟ ਵਜ਼ਾਰਤ ਨੇ ਕੀ ਕੀਤਾ ਹੈ। ਇਹ ਖੁਦ ਵੇਖਣ ਦੋ ਮਹੀਨਿਆਂ ਦੇ ਵਿਚ ਕੀ ਕੀਤਾ ਹੈ। ਇਨ੍ਹਾਂ ਦੀ ਜੇ ਹਿੰਮਤ ਹੈ ਤਾਂ ਸਾਡੇ ਮੁਕਾਬਲੇ ਵਿਚ ਆਉਣ, ਪਰ ਇਨ੍ਹਾਂ ਨੇ ਅਜ ਤਾਈਂ ਜੋ ਕਾਲੀਆਂ ਕਰਤੂਤਾਂ ਕੀਤੀਆਂ ਉਹ ਕਿਧਰ ਜਾਣਗੀਆਂ। ਇਹ ਸਾਡੇ ਮੁਕਾਬਲੇ ਵਿਚ ਖੜੇ ਹੋ ਹੀ ਨਹੀਂ ਸਕਦੇ। ਆਪਣੇ ਅਹਿਦ ਵਿਚ ਉਨ੍ਹਾਂ ਨੇ ਰਿਸ਼ਵਤ-ਖੋਰੀ, ਕੁਨਬਾ-ਪਰਵਰੀ ਅਤੇ ਪਰਮਿਟ ਕੋਟੇ ਬਾਜ਼ੀ ਤੋਂ ਸਿਵਾਏ ਹੋਰ ਕੁਝ ਕੀਤਾ ਹੀ ਨਹੀਂ, ਇਨ੍ਹਾਂ ਤੋਂ ਹੁਣ ਤਾਈਂ ਪੰਜਾਬ ਵਿਚ ਗੰਦ ਫੈਲਾਉਣ ਦੇ ਸਿਵਾਏ ਹੋਰ ਕੁਝ ਹੋਇਆ ਹੀ ਨਹੀਂ, ਇਨ੍ਹਾਂ ਨੇ ਪੰਜਾਬ ਨੂੰ ਨਰਕ ਵਿਚ ਲੈ ਜਾਣ ਦੀ ਕੋਸ਼ਿਸ਼ ਕੀਤੀ ਹੈ।

ਸ੍ਰੀ ਡਿਪਟੀ ਸਪੀਕਰ : ਜਥੇਦਾਰ ਜੀ, ਇਹ ਮੈਨੂੰ ਇਤਨਾ ਤਾਂ ਦਸੋ ਕਿ ਇਹ ਕਵਿਤਾ ਵਿਚ ਹੈ ਜਾਂ ਨਸਰ ਵਿਚ ਹੈ। (ਹਾਸਾ) (I would like to know from the hon. member whether he reads poetry or speaks prose.)

(Laughter)

ਸਰਦਾਰ ਜੰਗੀਰ ਸਿੰਘ ਫੱਗੂਵਾਲੀਆ : ਡਿਪਟੀ ਸਪੀਕਰ ਸਾਹਿਬ, ਕਰੋੜਾਂ ਰੁਪਿਆ ਇਨ੍ਹਾਂ ਕਾਂਗਰਸ ਸਰਕਾਰ ਵੇਲੇ ਆਪਣੇ ਰਿਸ਼ਤੇਦਾਰਾਂ ਨੂੰ ਦਿਤਾ ਹੈ। ਲੋਨ ਦੇਣ ਦੇ ਬਹਾਨੇ ਅੰਧਾ-ਧੁੰਦ ਵੰਡਿਆ ਹੈ ਅਤੇ ਹੁਣ ਤਕ ਉਸ ਕਰਜ਼ੇ ਦੀ ਵਸੂਲੀ ਤਕ ਨਹੀਂ ਕੀਤੀ। ਮੈਂ ਸਮਝਦਾ ਹਾਂ ਇਹ ਇਕ ਬਹੁਤ ਹੀ ਕਾਬਲੇ ਇਤਰਾਜ਼ ਗੱਲ ਹੈ, ਉਨ੍ਹਾਂ ਲੋਕਾਂ ਨੂੰ ਜਿਨ੍ਹਾਂ ਨੇ ਇਸ ਤਰ੍ਹਾਂ ਦੀ ਗੈਰ-ਜ਼ਿੰਮੇਵਾਰੀ ਤੋਂ ਕੰਮ ਲਿਆ ਹੈ ਉਨ੍ਹਾਂ ਦੀ ਇਨਕੁਆਇਰੀ ਕੀਤੀ ਜਾਵੇ ਅਤੇ ਜੇ ਸਹੀ ਗੱਲ ਹੋਵੇ ਤਾਂ ਉਨ੍ਹਾਂ ਨੂੰ ਜੇਲ੍ਹ ਵਿਚ ਠੋਸ ਦੇਣਾ ਚਾਹੀਦਾ ਹੈ ਅਤੇ ਸਰਕਾਰੀ ਰਕਮ ਉਨ੍ਹਾਂ ਦੀ ਜਾਇਦਾਦ ਕੁਰਕ ਕਰਕੇ ਵਸੂਲ ਹੋਣੀ ਚਾਹੀਦੀ ਹੈ। ਇਸ ਮੁਲਕ ਵਿਚ ਜੇ ਕਾਂਗਰਸ ਵਾਲਿਆਂ ਨੇ ਕੋਈ ਤਰੱਕੀ ਕੀਤੀ ਹੈ ਤਾਂ ਉਹ ਇਹ ਹੈ ਕਿ ਇਨ੍ਹਾਂ ਨੇ ਹੱਦ ਦਰਜੇ ਦੇ ਰਿਸ਼ਵਤਖੋਰ ਸਰਕਾਰੀ ਕਰਮਚਾਰੀਆਂ ਨੂੰ ਬਣਾਇਆ ਹੈ। ਜੇ ਕਿਸੇ ਦਾ ਕੋਈ ਕੰਮ ਕਰਦੇ ਸੀ ਤਾਂ ਉਸ ਤੋਂ ਪਹਿਲਾਂ ਰਿਸ਼ਵਤ ਲੈ ਕੇ ਪੈਸੇ ਲੈਕੇ ਕੰਮ ਕਰਦੇ ਸੀ। ਇਨ੍ਹਾਂ ਦਾ ਕੋਈ ਧਰਮ ਨਹੀਂ, ਕੋਈ ਅਸੂਲ ਨਹੀਂ, ਇਕ ਪੈਸਾ ਹੀ ਇਨ੍ਹਾਂ ਦੀ ਜਿੰਦ ਜਾਨ ਹੈ। ਪੰਜਾਬ ਦਾ ਕਰੋੜਾਂ ਰੁਪਿਆ ਇਨ੍ਹਾਂ ਨੇ ਕਾਰਖਾਨਿਆਂ ਦੇ ਨਾਉਂ ਤੇ ਆਪਣੀਆਂ ਨਿਜੀ ਲੋੜਾਂ ਲਈ ਬਰਬਾਦ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਜਿਸ ਮਹਿਕਮੇ ਦਾ ਵਜ਼ੀਰ ਬੇਈਮਾਨ ਹੋਵੇ, ਕੁਰੱਪਟ ਹੋਵੇ ਤਾਂ ਲਾਜ਼ਮੀ ਗੱਲ ਹੈ ਕਿ ਉਸ ਦੇ ਮਹਿਕਮੇ ਦੇ ਅਫਸਰ ਵੀ ਕੁਰਪਟ ਹੋ ਜਾਇਆ ਕਰਦੇ ਹਨ।

(ਵਿਘਨ)

ਸ੍ਰੀ ਡਿਪਟੀ ਸਪੀਕਰ : ਜਥੇਦਾਰ ਜੀ, ਤੁਸੀਂ ਤਾਂ ਆਪਣੇ ਵਜ਼ੀਰਾਂ ਨੂੰ ਹੀ ਕਹੀ ਜਾਂਦੇ ਹੋ। (ਹਾਸਾ) (The hon. Member is referring to the Ministers of the United Front.)

(Laughter)

ਸਰਦਾਰ ਜੰਗੀਰ ਸਿੰਘ ਫੱਗੂਵਾਲੀਆ : ਮੈਂ, ਡਿਪਟੀ ਸਪੀਕਰ ਸਾਹਿਬ, ਪਹਿਲੇ ਵਜ਼ੀਰਾਂ ਦੀ ਗੱਲ ਕਰਦਾ ਹਾਂ। ਇਨ੍ਹਾਂ ਨੇ ਏਥੋਂ ਤਕ ਬੇਈਮਾਨੀ ਕੀਤੀ ਹੈ ਕਿ ਜਿਹੜਾ ਪੈਸਾ ਵਜ਼ੀਰਾਂ ਦੀ ਗਰਾਂਟ ਲਈ ਜ਼ਰੂਰੀ ਕੰਮ ਲਈ ਰਾਖਵਾਂ ਹੁੰਦਾ ਹੈ ਉਸ ਵਿਚ ਬੇਸ਼ੁਮਾਰ ਬੇਈਮਾਨੀਆਂ ਕੀਤੀਆਂ ਹਨ। ਹਰ ਕੰਮ ਵਿਚ ਪੰਜਾਬ ਦਾ ਬੇੜਾ ਗਰਕ ਕਰ ਦਿਤਾ ਹੈ।....

(ਵਿਘਨ-ਸ਼ੋਰ)

ਸ਼੍ਰੀ ਡਿਪਟੀ ਸਪੀਕਰ : ਹਾਸੇ ਦੀ ਗੱਲ ਤਾਂ ਹਾਸੇ ਨਾਲ ਹੈ, ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਜਥੇਦਾਰ ਜੀ ਦੇ ਬੜੇ ਕੀਮਤੀ ਬਚਨ ਹਨ। ਖਾਮੋਸ਼ੀ ਨਾਲ ਸੁਣੋ। (The hon. Members should not take it in a jocular mood. I would request them to give a patient hearing to the valuable observations being made by Jathedar Sahib.)

ਸਰਦਾਰ ਜੰਗੀਰ ਸਿੰਘ ਫੱਗੂਵਾਲੀਆ : ਜਿਹੜਾ ਵੀ ਕੋਈ ਅਫ਼ਸਰ, ਮੁਲਾਜ਼ਮ ਜਾਂ ਮੈਂਬਰ ਕੁਰੱਪਟ ਹੈ, ਮੈਂ ਬੇਨਤੀ ਕਰਾਂਗਾ ਉਸ ਨੂੰ ਤੁਰੰਤ ਹਟਾਇਆ ਜਾਵੇ। ਜਿਹੜੇ ਖੁਸ਼ਾਮਦੀ ਜਾਂ ਰਿਸ਼ਵਤ ਖੋਰ ਮੁਲਾਜ਼ਮ ਹਨ, ਇਨ੍ਹਾਂ ਦੇ ਰਾਜ ਵਿਚ ਉਹ ਅਗੇ ਰਹੇ ਅਤੇ ਈਮਾਨਦਾਰਾਂ ਨੂੰ ਅਗੇ ਆਉਣ ਹੀ ਨਹੀਂ ਦਿਤਾ। ਐਸੇ ਮੁਲਾਜ਼ਮਾਂ ਨੂੰ ਕੋਈ ਸਬਕ ਮਿਲਣਾ ਚਾਹੀਦਾ ਹੈ ਤਾਂ ਜੋ ਅਗੇ ਨੂੰ ਕੋਈ ਮੰਦਾ ਕੰਮ ਕਰਨ ਵਲ ਉਕਾ ਧਿਆਨ ਹੀ ਨਾ ਦੇਣ। ਇਸ ਤਰ੍ਹਾਂ ਮੰਦੇ ਕੰਮ ਸਰਕਾਰੀ ਅਫ਼ਸਰਾਂ ਵਲੋਂ ਪਿਛਲੀ ਹਕੂਮਤ ਵੇਲੇ ਹੋਏ ਹਨ ਜਿਨ੍ਹਾਂ ਨੂੰ ਮੈਂ ਇਸ ਹਾਊਸ ਵਿਚ ਦਸ ਵੀ ਨਹੀਂ ਸਕਦਾ। ਮੌਜੂਦਾ ਸਰਕਾਰ ਨੂੰ ਮੈਂ ਇਕ ਰਾਏ ਦੇਵਾਂਗਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਤਰ੍ਹਾਂ ਪਿੰਡਾਂ ਵਿਚ ਫਿਰਕੇ ਲੋਕਾਂ ਦੇ ਦੁਖ ਦੂਰ ਕਰਨੇ ਚਾਹੀਦੇ ਹਨ। ਜਿਨ੍ਹਾਂ ਲੋਕਾਂ ਨੇ ਵੱਢੀ ਖੋਰੀ ਰਾਹੀਂ ਪੈਸਾ ਇਕੱਠਾ ਕੀਤਾ ਹੈ ਉਨ੍ਹਾਂ ਦੀ ਇਨਕੁਆਇਰੀ ਕਰਕੇ ਸਾਰਾ ਨਾਜਾਇਜ਼ ਹਾਸਲ ਕੀਤਾ ਪੈਸਾ ਵਸੂਲ ਕੀਤਾ ਜਾਵੇ।

ਏਥੇ ਪੰਡਤ ਮੋਹਣ ਲਾਲ ਨੇ ਹਾਊਸ ਵਿਚ ਤਕਰੀਰ ਕਰਦਿਆਂ ਅਖ਼ਬਾਰਾਂ ਦੀਆਂ ਕਟਿੰਗਜ਼ ਵਿਚੋਂ ਹਵਾਲੇ ਦਿਤੇ। ਮੈਂ ਪੁੱਛਦਾ ਹਾਂ ਉਹ ਕਿਸੇ ਪ੍ਰੈਸ ਦੇ ਨੁਮਾਇੰਦੇ ਹਨ ਜਾਂ ਕਿਸੇ ਅਖਬਾਰ ਦੇ ਐਡੀਟਰ ਹਨ ਜੋ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਨਾ ਕਿਸੇ ਪ੍ਰੈਸ ਦੇ ਨੁਮਾਇੰਦੇ ਹਨ, ਨਾ ਕੋਈ ਐਡੀਟਰ ਹਨ, ਉਹ ਰੱਦੀ ਖਰੀਦਣ ਵਾਲੇ ਹਨ ਜਿਥੋਂ ਕੱਟ ਕੱਟ ਐਥੇ ਲਿਆਏ ਹਨ ? (ਹਾਸਾ) ਉਨ੍ਹਾਂ ਨੂੰ ਖ਼ਿਆਲ ਹੋਣਾ ਚਾਹੀਦਾ ਹੈ ਕਿ ਜਿਹੜਾ ਕੰਮ ਇਨ੍ਹਾਂ ਦੀ ਸਰਕਾਰ ਪਿਛਲੇ 20 ਸਾਲਾਂ ਦੇ ਵਿਚ ਨਹੀਂ ਕਰ ਸਕੀ ਉਹ 20 ਦਿਨਾਂ ਵਿਚ ਕਰ ਦਿਖਾਇਆ ਹੈ ਪਰ ਇਨ੍ਹਾਂ ਨੇ ਤਾਂ ਉਸੇ ਤਰ੍ਹਾਂ "ਮੈਂ ਨਾ ਮਾਨੂੰ" ਵਾਲੀ ਗੱਲ ਹੀ ਕਰਨੀ ਹੈ। ਪਬਲਿਕ ਵਿਚ ਇਹ ਮੂੰਹ ਵਿਖਾਉਣ ਜੋਗੇ ਨਹੀਂ ਹਨ। ਇਨ੍ਹਾਂ ਨੇ ਭੈਸਾਂ ਖਰੀਦਣ ਦੇ ਬਹਾਨੇ ਸਰਕਾਰ ਤੋਂ ਕਰਜ਼ੇ ਲਏ। ਤੁਸੀਂ ਜਾਕੇ ਪੜਤਾਲ ਕਰੋ, ਨਾ ਉਥੇ ਕੋਈ ਡਾਇਰੀ ਫ਼ਾਰਮ ਹੈ, ਨਾ ਮੱਝਾਂ ਹਨ, ਇਸ ਤਰ੍ਹਾਂ ਦੇ ਇਨ੍ਹਾਂ ਕਾਂਗਰਸੀਆਂ ਦੇ ਹਾਲ ਹਨ।

ਇਕ ਮਾਨਯੋਗ ਮੈਂਬਰ : ਜਥੇਦਾਰ ਜੀ, ਤੁਸੀਂ ਮੱਝਾਂ ਕਹਿੰਦੇ ਹੋ ਇਹ ਕੱਟੇ ਵੱਢ ਵੱਢ ਖਾ ਗਏ !

(ਹਾਸਾ)

ਸਰਦਾਰ ਜੰਗੀਰ ਸਿੰਘ ਫਗੂਵਾਲੀਆ: ਪੰਡਤ ਮੋਹਨ ਲਾਲ ਅਜ ਸਾਨੂੰ ਕਹਿੰਦਾ ਹੈ ਇਸ ਤਰ੍ਹਾਂ ਕਰੋ। ਮੈਂ ਪੁੱਛਦਾ ਹਾਂ ਅਜ ਉਹ ਸਾਨੂੰ ਨਸੀਹਤਾਂ ਕਰਦੇ ਹਨ ਪਿਛਲੇ 20 ਸਾਲ ਉਹ ਕੀ ਕਰਦੇ ਰਹੇ, ਉਹ ਵੀ ਤਾਂ ਇਹ ਕੁਝ ਕਰ ਸਕਦੇ ਸੀ। ਉਨ੍ਹਾਂ ਨੇ ਕਿਸੇ ਦਾ ਕੱਖ ਨਹੀਂ ਕੀਤਾ। ਵਿਉਪਾਰ ਜ਼ਰੂਰ ਕੀਤਾ। ਪਿਛਲੇ ਸਾਲ 60 ਦੇ ਭਾਉ ਕਣਕ ਖਰੀਦੀ ਜਿਹੜੀ ਇਨ੍ਹਾਂ ਨੇ ਲੋਕਾਂ ਨੂੰ 125—130 ਰੁਪਏ ਕੁਇੰਟਲ ਦੇ ਭਾਉ ਵੇਚੀ। ਐਤਕੀਂ ਮੈਨੂੰ ਜਿਥੋਂ ਤਾਈਂ ਪਤਾ ਲਗਿਆ ਹੈ ਇਹ ਸਰਕਾਰ ਜ਼ਿਮੀਂਦਾਰ ਤੋਂ ਖਰੀਦਣ ਵਾਸਤੇ ਕਣਕ ਦਾ ਭਾਉ 80 ਰੁਪਏ ਕੁਇੰਟਲ ਮੁਕਰਰ ਕਰ ਰਹੀ ਹੈ, ਜਿਹੜਾ ਕਿ ਮੈਂ ਸਮਝਦਾ ਹਾਂ ਬਹੁਤ ਥੋੜਾ ਹੈ। ਇਹ ਸਰਕਾਰ ਨੂੰ ਜ਼ਿਮੀਂਦਾਰ ਦੀ ਮਿਹਨਤ ਦਾ ਖਿਆਲ ਕਰਨਾ ਚਾਹੀਦਾ ਹੈ। ਕਿਸਾਨ ਨੂੰ ਜਿਹੜੀ ਚੀਜ਼ ਅਗੇ ਮਿਲਦੀ ਸੀ ਉਸਦੇ ਦੁਗਣੇ ਭਾਉ ਹੋ ਗਏ ਹਨ। ਟਰੈਕਟਰ ਖੇਤੀ ਵਾਸਤੇ ਜਿਹੜਾ ਪਹਿਲਾਂ 6,000 ਦਾ ਮਿਲਦਾ ਸੀ, ਉਹ ਅੱਜ 18,000 ਦਾ ਹੋ ਗਿਆ ਹੈ, ਜਿਹੜਾ ਡੀਜ਼ਲ 5 ਰੁਪਏ ਦਾ ਮਿਲਦਾ ਹੁੰਦਾ ਸੀ ਉਸ ਦਾ ਭਾਉ ਅਜ 15 ਰੁਪਏ ਤੋਂ 22 ਰੁਪਏ ਤਕ ਹੋ ਗਿਆ ਹੈ। ਮੈਂ ਸਰਕਾਰ ਨੂੰ ਇਹੋ ਕਹਾਂਗਾ ਕਿ ਇਨ੍ਹਾਂ ਦੀ ਮਿਹਨਤ ਦੇ ਪੈਸੇ ਜ਼ਿਮੀਂਦਾਰ ਨੂੰ ਪੂਰੇ ਮਿਲਣੇ ਚਾਹੀਦੇ ਹਨ।

ਜਿਥੋਂ ਤਕ ਇਹ ਬੜੇ ਭਾਵਾਂ ਦਾ ਸਵਾਲ ਹੈ ਮੈਂ ਹਾਊਸ ਨੂੰ ਯਕੀਨ ਦਿਲਾਉਂਦਾ ਹਾਂ ਕਿ ਅਸੀਂ ਜੇ 80 ਰੁਪਏ ਮੁਕਰਰ ਕੀਤਾ ਤਾਂ ਸਾਰਾ ਸਾਲ ਏਸੇ ਭਾਉ ਦਿਆਂਗੇ ਨਹੀਂ ਤਾਂ ਗੱਦੀਆਂ ਛਡ ਦਿਆਂਗੇ। ਇਨ੍ਹਾਂ ਦੀ ਤਰ੍ਹਾਂ ਕਹਿਤ ਦੇ ਦਿਨਾਂ ਵਿਚ 125 ਰੁਪਏ, 130 ਰੁਪਏ ਅਸੀਂ ਨਹੀਂ ਵੇਚਣੀ। ਇਨ੍ਹਾਂ ਦੀਆਂ ਕੀਤੀਆਂ ਕਾਰਗੁਜ਼ਾਰੀਆਂ ਵਲ ਜੇ ਪਿਛਲੇ 20 ਸਾਲਾਂ ਤੇ ਨਿਗਾਹ ਮਾਰੀਏ ਤਾਂ ਇਹ ਮੰਨਣਾ ਪਵੇਗਾ ਕਿ ਇਨ੍ਹਾਂ ਨੇ ਪੰਜਾਬ ਨੂੰ ਉਚਾ ਨਹੀਂ ਚੁਕਿਆ ਸਗੋਂ ਏਥੇ ਵੱਢੀ, ਕੁਨਬਾ-ਪਰਵਰੀ ਅਤੇ ਕੁਰੱਪਸ਼ਨ ਦੇ ਵਿਚ ਵਾਧਾ ਹੋਇਆ ਹੈ। ਅਸੀਂ ਪਿਛਲੇ ਦੋ ਮਹੀਨਿਆਂ ਵਿਚ ਉਹ ਸਾਰਾ ਕੁਝ ਕਰਕੇ ਵਿਖਾ ਦਿਤਾ ਹੈ ਜਿਹੜਾ ਪਿਛਲੇ 20 ਸਾਲਾਂ ਵਿਚ ਇਹ ਕਾਂਗਰਸੀ ਕਰ ਨਹੀਂ ਸਕੇ। ਤੁਸੀਂ ਹਰ ਪਾਸੇ ਤੱਕੋ ਕਿਵੇਂ ਇਸ ਸੂਬੇ ਦੇ ਵਿਚ ਇਨਕਲਾਬ ਆਇਆ ਹੈ। ਅਸੀਂ ਸੈਂਟਰ ਦੇ ਪੱਧਰ ਤੇ ਮੁਲਾਜ਼ਮਾਂ ਨੂੰ ਮਹਿੰਗਾਈ ਭੱਤਾ ਦਿਤਾ ਹੈ। ਅਜ ਮੁਲਾਜ਼ਮ ਖੁਸ਼ੀ ਵਿਚ ਬਾਘੀਆਂ ਪਾਉਂਦੇ ਹਨ। ਪਿਛਲੀ ਸਰਕਾਰ ਵੇਲੇ ਇਨ੍ਹਾਂ ਨੂੰ ਬਾਰ ਬਾਰ ਆਪਣੀਆਂ ਮੰਗਾਂ ਮਨਾਉਣ ਲਈ ਐਜੀਟੇਸ਼ਨਾਂ ਕਰਨੀਆਂ ਪਈਆਂ ਪਰ ਅਜ ਇਸ ਸਰਕਾਰ ਨੇ ਆਪਣੇ ਉਨ੍ਹਾਂ ਨੂੰ ਸੈਂਟਰ ਦੇ ਪੱਧਰ ਤੇ ਲਿਆਂਦਾ ਹੈ। ਬਹੁਤ ਅੜਚਨਾ ਇਨ੍ਹਾਂ ਕਾਂਗਰਸੀਆਂ ਅਤੇ ਇਨ੍ਹਾਂ ਦੇ ਹਮਾਇਤੀਆਂ ਨੇ ਪਾਈਆਂ, ਕਦੇ ਕਿਹਾ ਫੰਡਜ਼ ਨਹੀਂ ਹਨ, ਕਦੇ ਕੋਈ ਬਹਾਨਾ ਬਣਾਇਆ, ਇਹ ਸਿਰਫ ਆਪਣੀ ਬਦਨਾਮੀ ਤੋਂ ਡਰਦੇ ਸੀ ਕਿ ਜੇ ਕਿਤੇ ਫਰੰਟ ਵਜ਼ਾਰਤ ਦਾ ਪਰੋਗਰਾਮ ਸਿਰੇ ਚੜ੍ਹ ਗਿਆ ਤਾਂ ਅਸੀਂ ਬਦਨਾਮ ਹੋ ਜਾਵਾਂਗੇ। ਪਰ ਇਸ ਹਕੂਮਤ ਨੇ ਆਪਣੇ ਟੀਚੇ ਤੇ ਪੁਜਣ ਦਾ ਪੂਰਾ ਯਤਨ ਕੀਤਾ ਹੋਇਆ ਹੈ। ਹੁਣ ਇਹ ਦਿਲੀ ਦੀ ਸਰਕਾਰ ਦੀਆਂ ਮਿੰਤਾਂ ਕਰਦੇ ਹਨ ਕਿ ਇਸ ਸੂਬੇ ਨੂੰ ਪੂਰੀ ਏਡ ਨਾ ਦਿਤੀ ਜਾਵੇ। ਪਰ ਅਸੀਂ ਉਮੀਦ ਕਰਦੇ ਹਾਂ ਕਿ ਜਦੋਂ ਅਸੀਂ ਪੂਰੀ ਈਮਾਨਦਾਰੀ ਨਾਲ ਕੰਮ ਕਰਦੇ ਹਾਂ ਅਤੇ ਮੁਲਕ ਦੀ ਉਸਾਰੀ ਲਈ ਪੈਸਾ ਮੰਗਦੇ ਹਾਂ, ਸੈਂਟਰ ਨੂੰ ਵੀ ਏਡ ਦੇਣੀ ਹੀ ਪੈਣੀ ਹੈ। ਪਰ ਜੇ ਕਾਂਗਰਸੀਆਂ ਦੇ ਕਹਿਣ ਤੇ ਇਨ੍ਹਾਂ ਨੇ ਸਾਡੇ ਰਸਤੇ ਵਿਚ ਰੁਕਾਵਟਾਂ ਪਾਈਆਂ ਅਸੀਂ ਸੈਂਟਰ ਨੂੰ ਵੀ ਯਕੀਨ ਨਾਲ ਕਹਿ ਸਕਦੇ ਹਾਂ ਕਿ ਉਹ ਐਸੇ ਹਾਲਾਤ ਵਿਚ ਚਲ ਨਹੀਂ ਸਕੇਗੀ। ਤੁਸੀਂ 20 ਸਾਲ ਰਾਜ ਕੀਤਾ ਪਰ ਜਨਤਾ ਦਾ ਭਲਾ ਕਰ ਨਾ ਸਕੇ ਅਤੇ ਰੋਂਦੇ ਰਹੇ, ਫੰਡ ਨਹੀਂ ਹਨ, ਗੁੰਜਾਇਸ਼ ਨਹੀਂ। ਅਸੀਂ ਜਿਨ੍ਹਾਂ ਦੀ ਇਮਦਾਦ ਕਰਨੀ ਸੀ ਕਿਵੇਂ

[ਸਰਦਾਰ ਜਗੀਰ ਸਿੰਘ ਫੱਗੂਵਾਲੀਆ]

ਨਾ ਕਿਵੇਂ ਗੁਜ਼ਾਇਸ਼ ਲਭ ਕੇ ਇਮਦਾਦ ਕੀਤੀ। ਇਸੇ ਤਰ੍ਹਾਂ ਛੋਟੇ ਮਾਲਕਾਂ ਨੂੰ ਜਿਨ੍ਹਾਂ ਦੀ 5 ਏਕੜ ਤੋਂ ਘਟ ਜ਼ਮੀਨ ਹੈ ਉਨ੍ਹਾਂ ਨੂੰ ਵੀ ਮਾਲੀਏ ਤੋਂ ਛੋਟ ਦਿਤੀ। ਤੁਸੀਂ ਇਸ ਮੁਆਮਲੇ ਤੇ ਪਿਛਲੇ 5 ਸਾਲ ਤੋਂ ਅਜੇ ਸਲਾਹਾਂ ਹੀ ਕਰਦੇ ਆ ਰਹੇ ਸੀ। ਹੁਣ ਭਾਵੇਂ ਕੁਝ ਕਹੀ ਜਾਵੋ ਜਨਤਾ ਤੁਹਾਨੂੰ ਪਸੰਦ ਨਹੀਂ ਕਰਦੀ। ਤੁਹਾਡੀ ਪਾਰਟੀ ਵਿਚ ਜਨਤਾ ਨੂੰ ਹੁਣ ਵਿਸ਼ਵਾਸ ਨਹੀਂ ਰਿਹਾ। ਜਿਹੜੇ ਚੰਗੇ ਆਦਮੀ ਹਨ ਉਹ ਤੁਹਾਡੀ ਪਾਰਟੀ ਵਿਚੋਂ ਉਠ ਉਠ ਪਹਿਲਾਂ ਹੀ ਆ ਰਹੇ ਹਨ। (ਵਿਘਨ)

ਸ੍ਰੀ ਡਿਪਟੀ ਸਪੀਕਰ: ਦਰ ਅਸਲ ਪੰਜਾਬ ਏਥੋਂ ਦੀਆਂ ਬਹਾਦਰੀ ਦੇ ਕਾਰਨਾਮਿਆਂ ਕਰਕੇ ਮਸ਼ਹੂਰ ਹੈ। ਜਥੇਦਾਰ ਜੀ ਨੇ ਬੜੇ ਵਿਸਥਾਰ ਦੇ ਨਾਲ ਸਾਰੇ ਮੁਆਮਲੇ ਤੇ ਰੋਸ਼ਨੀ ਪਾਈ ਹੈ। ਐਨੀ ਅਛੀ ਤਕਰੀਰ ਤੋਂ ਬਾਅਦ ਬੈਠਣਾ ਠੀਕ ਨਹੀਂ। ਬਾਕੀ ਤਕਰੀਰ ਪਰਸੋਂ ਨੂੰ ਕਰਨਗੇ। (In fact Punjab is known for its brave deeds. The hon. Member Jathedar Jangir Singh Phaguwalia has dealt with this matter at great length and I feel that after making such a nice speech he should not just stop. He should better resume his speech tomorrow.)

6—28 P. M.

(The hon. Member was still on his legs when the House adjourned.)

The House stands adjourned till 2.00 p.m. tomorrow.

(*The Sabha then adjourned till 2.00 p.m. on Tuesday, the 9th May, 1967.*)

---

239 PVS—305—10-12-67—Pb. Govt. Press, Patiala.

APPENDIX

to

Punjab Vidhan Sabha Debate Vol. 1 No. 15, dated the 8th May, 1967

REPRESENTATION FROM THE MANAGEMENT OF PHULEWALA CO-OPERATIVE LABOUR AND CONSTRUCTION SOCIETY LTD., BAGA PURANA, DISTRICT FEROZEPUR.

*75. **Comrade Munsha Singh** : Will the Minister for Public Works and Education be pleased to state :

(a) whether he received any representation from the management of the Phulewala Co-operative Labour and Construction Society Ltd., Baga Purana, district Ferozepur, in March, 1967, regarding the alleged illegal and arbitrary allotment of earth work at Mile No. 1 of the Talwandi-Zira road in the said district to some agency; if so, a copy of the representation together with the action taken thereon be laid on the Table of the House;

(b) whether the action taken on the said representation has been conveyed to the management of the society mentioned in part (a) above; if not, the reasons therefor ?

Shri Lachhman Singh Gill : (a) Yes. Copy of the representation and report of the Chief Engineer, Punjab P.W.D., B & R are laid on the Table of the House.

(b) No. The matter is under consideration of Government.

To

Hon'ble Sardar Lachhman Singh Ji Gill,
Minister for P.W.D., Punjab,
Chandigarh.

Honoured Sir,

Mr. Speaker: It has nothing to do with that.

ਕਾਮਰੇਡ ਭਾਨ ਸਿੰਘ ਭੌਰਾ ; ਮੈਂ ਫਿਰ ਕਹਿੰਦਾ ਹਾਂ ਕਿ ਇਹ ਉਹੀ ਸ਼ਿਵ ਸਿੰਘ ਹੈ ਜਿਸ ਨੇ ਜਾਲ੍ਹੀ ਵੋਟਾਂ ਬਣਵਾਈਆਂ ਸੀ । (ਵਿਘਨ)

ਸ਼੍ਰੀ ਬਲਰਾਮਜੀ ਦਾਸ ਟੰਡਨ : ਆਨ ਏ ਪੁਆਇੰਟ ਆਫ ਆਰਡਰ, ਸਰ । ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਇਹ ਆਨਰੇਬਲ ਮੈਂਬਰ ਕਿਸ ਪੁਆਇੰਟ ਤੇ ਬੋਲੇ ਹਨ ? ਕੋਈ ਪੁਆਇੰਟ ਨਹੀਂ, ਕੋਈ ਬਾਤ ਨਹੀਂ । ਕੀ ਇਹ ਕੁਐਸਚਨ ਆਵਰ ਵਿਚ ਇਸ ਤਰ੍ਹਾਂ ਬੋਲ ਸਕਦੇ ਹਨ ? ਕੀ ਕੋਈ ਮੈਂਬਰ ਇਸ ਤਰ੍ਹਾਂ ਚੇਅਰ ਨੂੰ ਡਿਕਟੇਟ ਕਰ ਸਕਦਾ ਹੈ ਔਰ ਇਸ ਤਰ੍ਹਾਂ ਓਵਰ ਆ ਕਰ ਸਕਦਾ ਹੈ ? ਮੈਂ ਆਪ ਦੀ ਰੂਲਿੰਗ ਚਾਹੁੰਦਾ ਹਾਂ ਕਿ ਅਗਰ ਕੋਈ ਆਨਰੇਬਲ ਮੈਂਬਰ ਕੋਈ ਸਵਾਲ ਪੁਛੇ ਤਾਂ ਕੀ ਉਸ ਨੂੰ ਇਸ ਤਰ੍ਹਾਂ ਡਰਾਇਆ ਔਰ ਧਮਕਾਇਆ ਜਾ ਸਕਦਾ ਹੈ ਉਸ ਉਤੇ ਇਸ ਤਰ੍ਹਾਂ ਦੀ ਰੀਫਲੈਕਸ਼ਨ ਕੀਤੀ ਜਾ ਸਕਦੀ ਹੈ ? (ਵਿਘਨ)

ਚੌਧਰੀ ਦਰਸ਼ਨ ਸਿੰਘ : ਆਨ ਏ ਪੁਆਇੰਟ ਆਫ ਆਰਡਰ, ਸਰ । ਪਰਬੋਧ ਚੰਦਰ ਜੀ ਨੇ ਪੁਆਇੰਟ ਇਹ ਰੇਜ਼ ਕੀਤਾ ਹੈ.......(ਵਿਘਨ)

Mr. Speaker: This is no Point of Order.

ਚੌਧਰੀ ਦਰਸ਼ਨ ਸਿੰਘ: ਸਪੀਕਰ ਸਾਹਿਬ, ਮੇਰੀ ਗੁਜ਼ਾਰਿਸ਼ ਇਹ ਹੈ ਕਿ ਤੁਸੀਂ ਇਸ ਤਰ੍ਹਾਂ ਦੀਆਂ ਸਪਲੀਮੈਂਟਰੀਜ਼ ਅਲਾਊ ਕਰਦੇ ਹੋ ਜੋ ਕੁਆਇਟ, ਐਬ ਸੋਲੀਊਟਲੀ ਇਰਰੇਲੇਵੈਂਟ ਹੁੰਦੀਆ ਹਨ (ਵਿਘਨ) ਵੋਟਾਂ ਸੰਨ 1965 ਵਿਚ ਨਹੀਂ ਸਨ ਬਣੀਆਂ ਬਲਕਿ ਸੰਨ 1966 ਵਿਚ ਬਣੀਆਂ ਸਨ । ਆਪ ਨੂੰ ਪਤਾ ਹੀ ਹੈ ਕਿ ਪਾਕਿਸਤਾਨ ਨਾਲ ਲੜਾਈ ਸੰਨ 1965 ਵਿਚ ਹੋਈ That officer was retained there during the period of that conflict. So where is the relevancy for this supplementary question (*Interruptions*)

ਸ਼੍ਰੀ ਪ੍ਰਬੋਧ ਚੰਦਰ: ਜਨਾਬੇ ਅਲੀ, ਚੀਫ ਮਨਿਸਟਰ ਸਾਹਿਬ ਨੇ ਦਸਿਆ ਹੈ ਕਿ ਉਸ ਮਜਿਸਟਰੇਟ ਦੇ ਬਰਖਿਲਾਫ ਚਾਰਜਿਜ਼ ਲਗੇ, ਇਨਕੁਆਇਰੀ ਹੋਈ ਔਰ ਉਹ ਚਾਰਜਿਜ਼ ਗਲਤ ਸਾਬਤ ਹੋਏ । ਕੀ ਮੈਂ ਜਾਣ ਸਕਦਾ ਹਾਂ ਕਿ ਉਨ੍ਹਾਂ ਚਾਰਜਿਜ਼ ਲਗਾਉਣ ਵਾਲਿਆਂ ਦੇ ਖਿਲਾਫ਼ ਸੈਕਸ਼ਨ 182 ਦੇ ਅੰਡਰ ਕੋਈ ਐਕਸ਼ਨ ਲਿਆ ਗਿਆ ਜਾਂ ਨਹੀਂ ਲਿਆ ਗਿਆ ?

ਮੁਖ ਮੰਤ੍ਰੀ : ਮੇਰਾ ਖਿਆਲ ਹੈ ਕਿ ਲਿਆ ਗਿਆ ਹੈ ।

Shri Prabodh Chandra: Sir, I want a categorical and definite answer.

Mr. Speaker: I think, Mr. Prabodh Chandra you must change your threatening attitude.

Shri Prabodh Chandra : Sir, I am not accustomed to such things. I know my duties. In the House we are to be categorically definite. I can assure you that the reply given by the Chief Minister is not true. No action has been taken and he says that he has 'Khayal'.

Chief Minister: Give me notice for this.

Shri Prabodh Chandra : Sir, my point has been established. He was giving an off hand reply. First he says that he thinks that action has been taken and now he says "give me notice for this." You must pull him, not me.

ਲੈਫਟੀਨੈਂਟ ਭਾਗ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਇਹ ਜੋ ਅਫਸਰ ਜਥਿਆਂ ਦੇ ਨਾਲ ਪਾਕਿਸਤਾਨ ਜਾਂਦੇ ਰਹੇ ਹਨ ਇਹ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਬਾਈ ਨੇਮ ਰੀਕੁਐਸਟ ਆਉਣ ਤੇ ਜਾਂਦੇ ਰਹੇ ਹਨ ਜਾਂ ਸਰਕਾਰ ਆਪਣੇ ਆਪ ਉਨ੍ਹਾਂ ਨੂੰ ਭੇਜਦੀ ਰਹੀ ਹੈ?

ਮੁਖ ਮੰਤ੍ਰੀ : ਇਸ ਲਈ ਨੋਟਿਸ ਦੀ ਲੋੜ ਹੈ ।

ਚੌਧਰੀ ਦਰਸ਼ਨ ਸਿੰਘ : ਪਾਰਟ "ਡੀ" ਦੇ ਜਵਾਬ ਵਿਚ ਕਿਹਾ ਹੈ that an enquiry was held. May I know (i) the name of that officer (ii) the nature of allegations against that officer.

At this stage the Chief Minister rose in his seat but without saying anything he resumed his seat.

Chaudhri Darshan Singh : What is the answer. Has the Chair heard the answer ?

Chief Minister: The Hon. member was otherwise too busy. I concluded he did not want the answer for this question.

Chaudhri Darshan Singh : Now please let me know what is the answer.

Chief Minister : His name is Shri Shiv Singh.

Chaudhri Darshan Singh; Answer to part second of my question has not been given.

Chief Minister; The nature of allegations was that the officer was charged of smuggling. ਜੋ ਡੀ. ਸੀ, ਨੇ ਸਮਗਲਿੰਗ ਇਨਕੁਆਰੀ ਕੀਤੀ ਸੀ ਅਤੇ ਕਿਹਾ ਕਿ ਬਾਰੇ ਐਲੀਗੇਸ਼ਨ ਗ਼ਲਤ ਹੈ ।

COMPENSATION FOR LOSS OF CROPS DUE TO PAKISTAN AGGRESSION

*146 **Chaudhri Darshan Singh**; Will the Chief Minister be pleased to state:-

(a) whether it is a fact that the standing crops around the Adampur Air-Field were destroyed at the time of the Pakistani Aggression if so, the estimated loss suffered by the owners of those crops,

(b) whether any compensation has so far been paid to them.

Maj. General Rajinder Singh— (a) Yes. Estimated Loss Rs. 1,72 123.67

(b) Yes. 84,956.19

ਚੌਧਰੀ ਦਰਸ਼ਨ ਸਿੰਘ: ਇਨ੍ਹਾਂ ਨੇ ਦਸਿਆ ਹੈ ਕਿ ਫਸਲਾਂ 1965 ਵਿਚ ਡੈਮੇਜ਼ ਹੋਈਆਂ ਅਤੇ ਉਨ੍ਹਾਂ ਨੂੰ ਲਗਭਗ 50% ਕੰਮਪੈਨਸੇਸ਼ਨ ਦੇ ਦਿਤਾ ਗਿਆ ਹੈ। ਬਾਕੀ ਦਾ 50% ਨਾ ਦੇਣ ਦੇ ਕੀ ਰੀਜ਼ਨਜ਼ ਹਨ? ਡੀਲੇ ਕਿਉਂ ਹੋਈ ਹੈ ?

ਮਾਲ ਮੰਤ੍ਰੀ: ਡੀਲੇ ਕਿਉਂ ਹੋਈ ਉਹ ਤਾਂ ਤੁਸੀਂ ਅਲਗ ਸਵਾਲ ਕਰੋਗੇ ਤਾਂ ਡੀਟੇਲਜ਼ ਦੇਖ ਕੇ ਦਸ ਸਕਾਂਗਾ। ਬਾਕੀ ਜੋ 50% ਬਾਰੇ ਆਪ ਨੇ ਕਿਹਾ ਹੈ, ਉਸ ਬਾਰੇ ਅਰਜ਼ ਹੈ ਕਿ ਮਨਿਸਟਰੀ ਆਫ ਡੀਫੈਂਸ ਨੇ ਐਗਰੀ ਕਰ ਲਿਆ ਹੈ ਅਤੇ ਅਸੀਂ ਸਪੀਡ ਅਪ ਕਰ ਰਹੇ ਹਾਂ ਕਿ ਪੈਸਾ ਰੀਲੀਜ਼ ਹੋਵੇ ਅਤੇ ਡਿਸਟਰੀਬਿਊਟ ਹੋਵੇ।

ਲੈਫਟੀਨੈਂਟ ਭਾਗ ਸਿੰਘ: ਕੀ ਵਜ਼ੀਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਇਹ ਸਾਰਾ ਰੁਪਿਆ ਸਟੇਟ ਗੌਰਮੈਂਟ ਨੇ ਦੇਣਾ ਹੈ ਜਾਂ ਗੌਰਮੈਂਟ ਆਫ ਇੰਡੀਆ ਨੇ ਦੇਣਾ ਹੈ ਅਸੈਸਮੈਂਟ ਹੋ ਗਈ ਹੈ ਜਾਂ ਨਹੀਂ।

ਮੰਤ੍ਰੀ: ਇਹ ਸਾਰਾ ਪੈਸਾ ਗੌਰਮੈਂਟ ਆਫ ਇੰਡੀਆ ਨੇ ਦੇਣਾ ਹੈ, ਉਨ੍ਹਾਂ ਦੀ ਸੈਂਗਸ਼ਨ ਹੈ।

ਚੌਧਰੀ ਦਰਸ਼ਨ ਸਿੰਘ: ਇਹ ਜਿਹੜੀਆਂ ਫਸਲਾਂ ਉਪਰੇਸ਼ਨਜ ਦੇ ਦੌਰਾਨ ਡੈਮੇਜ ਹੋਈਆਂ ਸਰਕਾਰ ਉਨ੍ਹਾਂ ਦਾ ਮਾਮਲਾ ਉਗਰਾਹੁਣ ਦੀ ਕੋਸ਼ਿਸ਼ ਕਰ ਰਹੀ ਹੈ ਜਦ ਕਿ ਜ਼ਿਮੀਦਾਰਾਂ ਨੂੰ ਕੰਮਪੈਨਸੇਸ਼ਨ ਨਹੀਂ ਮਿਲ ਰਹੀ ਤਾਂ ਕੀ ਇਹ ਲੈਂਡ ਰੈਵੀਨੀਊ ਬਾਰੇ ਕੰਮਪੈਨਸੇਸ਼ਨ ਦੀ ਪੇਮੈਂਟ ਹੋਣ ਤਕ ਸਟੇ ਆਰਡਰ ਜਾਰੀ ਕਰ ਦੇਣਗੇ ?

ਮੰਤਰੀ: ਇਸ ਲਈ ਨੋਟਿਸ ਦਿਉ।

COMPLAINT AGAINST THE MANAGEMINT OF M/S SURAJ TAXTILE MILLS, MALOUT MANDI, DISTRICT FEROZEPUR

*135. **Comrade Dalip Singh Tapiala**: Will the Chief Minister be pleased to state—

(a) whether Shri Krishan Kumar, President, Forward Block, Punjab and Comrade Chanan Singh, Secretary, District Kisan Sabha, Ferozepore have submitted an application to him dated 22nd March, 1967 for holding an immediate enquiry against the high handedness of the Management of M/S Suraj Textile Mills, Malout Mandi.

[Comrade Dalip Singh Tapiala]

(b) if the answer to part (a) above be in the affirmative the steps if any, so far taken for holding the enquiry,

(c) whether he is aware of the fact that the underired element organised by the Management of the said Textile Mills attended the Public meeting organised by the forward Block in Malout Mandi in the presence of the local police which did not intervene inspite of prior notice from the organisers of the meeting if so, the action if any, taken in the matter,

Sardar Gurnam Singh: (a)Yes.

(b) An enquiry into the matter was conducted by an Inspector of Police.

(c) No. None was attacked or assaulted in the public meeting organised by the forward block. As such the question of intervention of Police did not arise. However, some workers at the instance of Management of Suraj Textile Mills, raised slogans against K.K. Toofan when he was participating in the meeting. The meeting ended peacefully.

ਕਾਮਰੇਡ ਦਲੀਪ ਸਿੰਘ ਟਪਿਆਲਾ: ਕੀ ਵਜ਼ੀਰ ਸਾਹਿਬ ਦਸਣ ਗੇ ਕਿ ਕੀ ਇਕ ਮੁਕਾਮੀ ਇਨਸਪੈਕਟਰ ਨੂੰ ਹੀ ਇਨਕੁਆਇਰੀ ਤੇ ਲਾਉਣਾ ਕਿਥੋਂ ਤਕ ਯੋਗ ਸੀ ? ਮੁਕਾਮੀ ਪੁਲਿਸ ਨੇ ਹੀ ਮੁਦਾਖਲਤ ਕੀਤੀ, ਤਾਂ ਮੁਕਾਮੀ ਇਨਸਪੈਕਟਰ ਨੂੰ ਹੀ ਇਨਕੁਆਇਰੀ ਤੇ ਲਗਾਉਣਾ ਠੀਕ ਸੀ ?

ਮੁਖ ਮੰਤ੍ਰੀ: ਇਨਕੁਆਰੀ ਮੁਕਾਮੀ ਅਫਸਰਾਂ ਤੋਂ ਹੀ ਕਰਾਈ ਜਾਂਦੀ ਹੈ ਜਦ ਤਕ ਕਿ ਉਸ ਦੇ ਖਿਲਾਫ ਕੋਈ ਖਾਸ ਗਲ ਨਾ ਹੋਵੇ ।

ਕਾਮਰੇਡ ਦਲੀਪ ਸਿਘ ਟਪਿਆਲਾ: ਮੁਕਾਮੀ ਅਫ਼ਸਰ ਤੋਂ ਹੀ ਇਨਕੁਆਇਰੀ ਕਰਵਾਉਣੀ ਦਰੁਸਤ ਨਹੀਂ ਸੀ ।

NOMINATIONS TO TRANSPORT ADVISORY COMMITTEES

***92 Shri A Vishwanathan:** Will the Chief Minister be pleased to State whether any nominations were made to the Transport Advisory Committees in the State in January or February last, if so, the details thereof.

Sardar Gurnam Singh: There is only one Trasnport Advisory Committee in the State and no nomination was made on the said Committee since Ist, November, 1966. Government had, however reconstituted on 31st January, 1967 the State Transport Authority and Regional Transport Authorities Jullundur and Patiala Divisions. (ਰਾਜ ਵਿਚ ਕੇਵਲਇਕ ਟ੍ਰਾਂਸਪੋਰਟ ਸਲਾਹਕਾਰ ਕਮੇਟੀ ਹੈ ਅਤੇ 1 ਨਵੰਬਰ 1966 ਤੋਂ ਉਪਰੋਕਤ ਕਮੇਟੀ ਲਈ ਕਈ ਨਾਮਜ਼ਦਗੀ ਨਹੀਂ ਹੋਈ । ਐਪਰ ਸਰਕਾਰ ਨੇ 31 ਜਨਵਰੀ, 1967 ਨੂੰ ਰਾਜ ਟ੍ਰਾਂਸਪੋਰਟ ਅਥਾਰਿਟੀ ਅਤੇ ਜਲੰਧਰ ਤੇ ਪਟਿਆਲੇ ਦੀਆਂ ਰੀਜਨਲ ਟ੍ਰਾਂਸਪੋਰਟ ਅਥਾਰਟੀਆਂ ਨੂੰ ਨਵੇਂ ਸਿਰਿਉਂ ਅਸਥਾਪਨ ਕੀਤਾ ।)

श्री अ. विश्वानाथन : क्या यह ठीक नहीं है कि लुध्याना के सरदार भगवान सिंह को एडवाईजरी कमेटी पर नामीनेट किया गया ?

Chief Parliamentary Secretary : (Sardar Gurcharan Singh) I require notice for that

श्री अ. विश्वानाथन : मैंने पूछा था कि क्या कोई नामीनेशन हुई है आप ने कहा नहीं हुई । तो फ्रैश नोटिस की क्या जरूरत है ।

Chief Parliamentary Secretary :(Sardar Gurcharan Singh) This question does not arise.

ਚੌਧਰੀ ਦਰਸ਼ਨ ਸਿੰਘ: ਕੀ ਚੀਫ ਪਾਰਲੀਮੈਂਟਰੀ ਸੈਕਰੇਟਰੀ ਸਾਹਿਬ ਦਸਣਗੇ ਕਿ ਜੋ ਸਟੇਟ ਟਰਾਂਸਪੋਰਟ ਅਥਾਰਟੀ 31 ਜਨਵਰੀ, 1967 ਨੂੰ ਬਣਾਈ ਗਈ ਸੀ ਉਸ ਨੂੰ ਰੀਕਨਸਟੀਚਿਊਟ ਕਰਨ ਦਾ ਵਿਚਾਰ ਹੈ ?

ਚੀਫ ਪਾਰਲੀਮੈਂਟਰੀ ਸੈਕਰੇਟਰੀ : ਸਰਕਾਰ ਇਸ ਬਾਰੇ ਸੋਚ ਰਹੀ ਹੈ ।

SETTING UP COOPERATIVE SPINNING AND WEAVING MILL AT ALAWALPUR (JULLUNDUR)

*147. **Chaudhri Darshan Singh**: Will the Minister for Finance be pleased to state :—

(a) whether the Government proposes to start a Cooperative Spinning and Weaving Mill at Alawalpur (Jullundur); if so, the time by which it is likely to be started.

(b) whether any Board of Directors of the said mill has been nominated; if so, their names and addresses?

Dr. Baldev Parkash:- Government propose to assist a Cooperative Society to set up the mill. Normally it takes about four years for such a mill to be started.

(b) Yes. The names and addresses of the Directors are given below;-

1.	Shri Sadhu Ram, M.P.	Phagwara.
2.	Shri Dilbagh Singh, M.L.A.	Jullundur.
3.	Shri Brijindra Singh, BA.	Chairman, Sugar cane Cooperative Society Nawanshahr (Jullundur)
4.	Shri A.R. Vadhan.	C/o H.I.C, Engg. Industrial Area, 194 Jullundur.
5.	Shri Jagjit Singh	E.K. 232, Bhagat Singh Chowk, Jullundur City,
6.	Shri Bhagat Ram Chadha	V. & P.O. Alawalpur, district Jullundur.

[Finance Minister]

7.	S. Sohan Singh Dugal	C/o Tehsil Congress Committee, Phagwara.
8.	Shri Babu Ram	Municipal Commissioner, V. & P.O. Alawalpur (Jullundur).
9.	Shri Brahma Nand	C/o Kabir Textiles Hoshiarpur
10.	Shri Brij Lal Mahajan	C/o Janta Weavers Cooperative Industrial Society, Attari Bazar, Jullundur City.
11.	Deputy Registrar Industrial, Co-operative Societies, Ludhiana.	
12.	State Handloom Officer, Punjab, Chandigarh.	

ਚੌਧਰੀ ਦਰਸ਼ਨ ਸਿੰਘ: ਕੀ ਵਜ਼ੀਰ ਸਾਹਿਬ ਦਸਣਗੇ ਕਿ ਇਸ ਬੋਰਡ ਆਫ ਡਾਇ-ਰੈਕਟਰਜ਼ ਵਿਚ ਅਲਾਵਲਪੁਰ ਅਤੇ ਲਾਗਲੇ ਇਲਾਕੇ ਦਾ ਕੋਈ ਬੰਦਾ ਕਿਉਂ ਨਹੀਂ ਲਿਆ ਗਿਆ ਜਿਹੜੇ ਲਏ ਗਏ ਹਨ ਉਹ ਇਸ ਤਸੀਲ ਦੇ ਭੀ ਨਹੀਂ ਬਾਹਰਲੇ ਹਨ ਅਤੇ ਇਲਾਕੇ ਦੇ ਐਮ. ਐਲ. ਏ. ਨੂੰ ਵੀ ਉਸ ਵਿਚ ਸ਼ਾਮਲ ਨਹੀਂ ਕੀਤਾ ਗਿਆ । ਇਸ ਦੇ ਕੀ ਕਾਰਨ ਹਨ ?

ਮੰਤਰੀ: ਉਨ੍ਹਾਂ ਤੋਂ ਹੀ ਇਹ ਸਵਾਲ ਪੁਛਣਾ ਸੀ ਜਿਨ੍ਹਾਂ ਨੇ ਬੋਰਡ ਬਣਾਇਆ ਸੀ । ਕੁਝ ਨਾਮ ਡੀਪਾਰਟਮੈਂਟ ਨੇ ਸੁਜੈਸਟ ਕੀਤੇ ਸਨ । ਫਿਰ ਗ੍ਰੋਅਰਜ਼ ਤੇ ਡੀਲਰਜ਼ ਅਲਾਵਲਪੁਰ ਦੇ ਹੀ ਹਨ । ਉਸੇ ਵੇਲੇ ਦੇ ਮਨਿਸਟਰ ਨੇ ਨਾਂ ਦਿਤੇ ਸਨ ਜਿਨ੍ਹਾਂ ਵਿਚ ਸਰਦਾਰ ਦਿਲਬਾਗ ਸਿੰਘ ਸ੍ਰੀ ਸਾਧੂ ਰਾਮ ਐਮ. ਪੀ. ਅਤੇ ਸ੍ਰੀ ਬ੍ਰਿਜੰਦਰ ਸਿੰਘ ਹਨ । These three names were included by Shri Prem Singh 'Prem', the then Minister.

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ: ਕੀ ਵਜ਼ੀਰ ਸਾਹਿਬ ਦਸਣਗੇ ਕਿ ਡਾਇਰੈਕਟਰ ਲੈਣ ਸਮੇਂ ਕੀ ਕਰਾਟਿਰੀਆ ਐਪਲਾਈ ਕੀਤਾ ਗਿਆ ?

ਮੰਤਰੀ: ਕੁਝ ਦਫਤਰ ਨੇ ਨਾਮ ਦਿਤੇ ਸਨ ਕੁਝ ਗ੍ਰੋਅਰਜ਼ ਵਿਚੋਂ ਤੇ ਕੁਝ ਮਨਿਸਟਰ ਨੇ ਰਿਕੁਮੈਂਡ ਕੀਤੇ ਸਨ । ਇਸ ਢੰਗ ਨਾਲ ਇਸ ਵਿਚ ਮੈਂਬਰ ਰਖੇ ਗਏ ਨੇ either they are growers or are dealing in cotton.

ਚੌਧਰੀ ਦਰਸ਼ਨ ਸਿੰਘ: ਕੀ ਫਿਨਾਂਸ ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਇਸ ਵਿਚ ਇਕ ਵੀ ਗ੍ਰੋਅਰ ਨਹੀਂ ਅਤੇ ਨਾ ਹੀ ਕੋਈ ਡੀਲਰ ਹੈ ਹੋਰ ਤਾਂ ਹੋਰ ਇਲਾਕੇ ਦੇ ਐਮ. ਐਲ. ਏ. ਨੂੰ ਵੀ ਸ਼ਾਮਲ ਨਹੀਂ ਕੀਤਾ ਗਿਆ । ਕੀ ਇਨ੍ਹਾਂ ਸਾਰਿਆਂ ਦੀ ਕੋਆਪ੍ਰੇਸ਼ਨ ਤੋਂ ਬਿਨਾਂ ਤੁਸੀਂ ਐਨੀ ਵਡੀ ਮਿਲ ਚਲਾ ਲਓਗੇ ?

ਮੰਤਰੀ: ਸਪੀਕਰ ਸਾਹਿਬ ਕੁਝ ਤਾਂ ਕੋਆਪ੍ਰੇਟਿਵ ਸੋਸਾਇਟੀਆਂ ਦੇ ਚੇਅਰਮੈਨਾਂ ਵਿਚੋਂ ਲਏ ਹਨ ਜਿਨਾਂ ਦੀ ਲਿਸਟ ਦਿਤੀ ਹੈ Janta Weavers Co-operative Society ਵਿਚੋਂ ਇਕ ਤੇ Sugar Cane Co-operative Society ਵਿਚੋਂ ਇਕ ਤੇ ਫਿਰ ਪਹਿਲੇ ਮਨਿਸਟਰ ਸਾਹਿਬ ਨੇ ਤਿੰਨ ਮੈਂਬਰ ਰਖ ਦਿਤੇ ਸਨ ਆਪਣੀ ਮਰਜ਼ੀ ਨਾਲ । ਇਸ ਲਈ

ਜੋ ਕਰਾਈਟਿਰੀਆ ਮੁਕਰਰ ਹੋਵੇਗਾ ਉਸ ਵਿਚ ਜੇਕਰ ਗੌਰਮੈਂਟ ਨੇ ਕੋਈ ਗਲ ਅਜੇਹੀ ਵੇਖੀ ਤਾਂ ਡਾਇਰੈਕਟਰਾਂ ਨੂੰ ਚੇਂਜ ਵੀ ਕਰ ਸਕਦੀ ਹੈ ।

ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਕੀ ਮੰਤਰੀ ਮਹੋਦੇ ਦਸਣਗੇ ਕੀ ਵੀਵਿੰਗ ਅਤੇ ਸਿਪਿਨਿੰਗ ਦੇ ਕੰਮ ਨੂੰ ਮੁਖ ਰਖਦੇ ਹੋਏ ਇਹ ਜਿਹੜੀ ਕਾਟਨ ਸਿਪਿਨਿੰਗ ਮਿਲ ਸਥਾਪਤ ਕੀਤੀ ਜਾ ਰਹੀ ਹੈ ਉਸ ਵਿਚ ਅਜੇਹੇ ਸਦਸ ਲਏ ਜਾਣਗੇ ਜਿਨ੍ਹਾਂ ਨੂੰ ਵੀਵਿੰਗ ਤੇ ਸਪਿਨਿੰਗ ਦਾ ਅਨੁਭਵ ਹੋਵੇ ਤੇ ਜਿਨ੍ਹਾਂ ਨੂੰ ਇਸ ਕੰਮ ਵਿਚ ਇੰਟਰੈਸਟ ਹੋਵੇ ।

ਮੰਤਰੀ: ਆਜ਼ਾਦ ਸਾਹਿਬ ਦੇ ਇਸ ਸੁਝਾਉ ਤੇ ਸਰਕਾਰ ਗੌਰ ਕਰੇਗੀ ।

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ: ਜਦ ਮਿਲ ਚਲੇਗੀ ਤਾਂ ਕੀ ਸਰਕਾਰ ਵਿਚਾਰ ਕਰੇਗੀ ਕਿ ਬੋਰਡ ਆਫ ਡਾਇਰੈਕਟਰਜ਼ ਵਿਚ ਤਬਦੀਲੀ ਕੀਤੀ ਜਾਵੇ ?

ਮੰਤਰੀ: ਜ਼ਰੂਰ ਖਿਆਲ ਕਰਾਂਗੇ ।

ਚੌਧਰੀ ਦਰਸ਼ਨ ਸਿੰਘ: ਕੀ ਵਜ਼ੀਰ ਸਾਹਿਬ ਦਸਣਗੇ ਕਿ ਉਹ ਕਿਨੀ ਐਮਾਉਂਟ ਦਾ ਪ੍ਰਾਜੈਕਟ ਹੈ ।

ਮੰਤਰੀ: ਇਹ ਸਾਰਾ ਕੋਈ (1.30) ਕਰੋੜ ਦਾ ਪ੍ਰਾਜੈਕਟ ਹੈ ।

SUPPLY OF DRINKING WATER TO PEOPLE OF HILLY AND SUB-HILLY AREAS AROUND BHAKRA NANGAL

*143. **Miss Sarla Parasher:** Will the Minister for Finance be pleased to state whether there is any scheme under the consideration of the Government to make arrangement for the supply of drinking water to the people of the hilly and sub-hilly areas of the State around Bhakra-Nangal, if so, the details of the said scheme and the total estimated expenditure likely to be incurred thereon?

Dr. Baldev Parkash : Yes. A scheme for providing drinking water supply in Oustees Colony of Villages, Medi Majra, Kathera, Barari, Kanchera and Rampur at an estimated cost of Rs. 4.78 lakhs is in progress.

ਕੁਮਾਰੀ ਸਰਲਾ ਪ੍ਰਾਸ਼ਰ: ਕੀ ਵਜ਼ੀਰ ਸਾਹਿਬ ਦਸਣਗੇ ਕਿ ਪਾਣੀ ਦੀ ਸਕੀਮ ਕਦੋਂ ਤਕ ਲਾਗੂ ਹੋ ਜਾਵੇਗੀ ਅਤੇ ਇਸ ਤੇ ਕਿੰਨਾ ਖਰਚ ਆਵੇਗਾ ?

ਲੋਕ ਕਾਰਜ ਅਤੇ ਵਿਦਿਆ ਮੰਤਰੀ: (ਸਰਦਾਰ ਲਛਮਣ ਸਿੰਘ ਗਿਲ) ਇਕ ਸਕੀਮ ਉਹ ਹੈ ਜਿਸ ਤੇ 4 ਲਖ 78 ਹਜ਼ਾਰ ਦੀ ਰਕਮ ਖ਼ਰਚ ਹੋਵੇਗੀ ਤੇ ਪੂਰੀ ਸਕੀਮ ਚਾਲੂ ਹੋ ਜਾਵੇਗੀ ।

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ: ਇਹ ਸਕੀਮ ਕਦੋਂ ਤਕ ਕੰਮਪਲੀਟ ਹੋ ਜਾਵੇਗੀ ?

ਮੰਤਰੀ: work is in progress ਜਲਦੀ ਤੋਂ ਜਲਦੀ ਮੁਕੰਮਲ ਹੋ ਜਾਵੇਗੀ ।

ਕੁਮਾਰੀ ਸਰਲਾ ਪ੍ਰਾਸ਼ਰ: ਬਾਕੀ ਥਾਵਾਂ ਜਿਹੜੀਆਂ ਰਹਿੰਦੀਆਂ ਨੇ ਅਤੇ ਜਿਥੇ ਪੀਣ ਦੇ ਪਾਣੀ ਦੀ ਬਹੁਤ ਤੰਗੀ ਹੈ ਉਥੇ ਸਕੀਮ ਕਦੋਂ ਤਕ ਲਾਗੂ ਕੀਤੀ ਜਾਵੇਗੀ ?

ਮੰਤਰੀ: ਤਿੰਨ ਹੋਰ ਸਕੀਮਾਂ ਨੇ । ਇਕ ਹੈ ਵਾਟਰ ਸਪਲਾਈ ਕਹੋੜਾ ਤਲਵਾੜਾ ਅਨੰਦਪੁਰ ਸਾਹਿਬ ਤਕ ਇਸ ਤੇ 2,39,719 ਰੁਪਏ ਖਰਚ ਹੋਣੇ ਹਨ ਦੂਜੀ ਦਹੋੜਾ ਬਲਾਕ ਦੀ ਹੈ 1,09,214 ਰੁਪਏ ਦੀ ਤੇ ਤੀਜੀ ਹੈ ਰਾਏ ਪੁਰ ਪਟੀ ਬਲਾਕ ਦੀ 1 ਲਖ 67 ਹਜਾਰ ਰੁਪਏ ਦੀ । ਤਿੰਨੇ ਹੀ ਸੈਨੇਟਰੀ ਬੋਰਡ ਪਾਸ ਫਾਈਨਲ ਐਪਰੂਵਲ ਲਈ ਗਈਆਂ ਹੋਈਆਂ ਹਨ ।

ਕੁਮਾਰੀ ਸਰਲਾ ਪ੍ਰਾਸ਼ਰ: ਟਾਈਮ ਕਿੰਨਾ ਲਗੇਗਾ ਗਰਮੀ ਦਾ ਮੌਸਮ ਆਉਣ ਵਾਲਾ ਹੈ । ਕੀ ਉਸ ਤੋਂ ਪਹਿਲਾ ਹੋ ਜਾਵੇਗਾ ?

ਮੰਤਰੀ; ਛੇਤੀ ਹੀ ਕੰਮ ਸ਼ੁਰੂ ਹੋ ਜਾਵੇਗਾ ।

BAGGA DRAIN IN TEHSIL AJNALA, DISTRICT AMRITSAR

*129 **Comrade Dalip Singh Tapiala**: Will the Minister for Public Works and Education be pleased to state :-

(a) whether it is a fact that the Bagga Drain in teshil Ajnala district Amritsar, requires some more digging at certain places;

(b) whether the Government is aware of the fact that during the rainy seasons the said Drain overflows and floods the neighbouring villages and does harm to the standing crops;

(c) whether it is also a fact that during the recent rains the said drain has repeated the same process and caused damage to the crops of villages Bagga, Dalam, Bhala Pind etc.

(d) if the answer to parts (a), (b) and (c) above be in the affirmative, the steps so far taken or proposed to be taken by the Government to save the peasants from this unnatural calamity;

(e) whether Government is aware of the fact that during the last rainy season 6 minor girls of Bagga village were drowned in the drain due to lack of a bridge;

(f) whether it is a fact that the said village is still without a bridge over the drain;

(g) if the answer to parts (e) and (f) above be in the affirmative the steps taken or proposed to be taken by the Government to construct the said bridge?

Sardar Lachhman Singh Gill: (a) Yes.

(b) Yes, during high floods because this depends upon the intensity

(c) Yes.

(d) Drains have been constructed in pilot stages keeping in view the cost benefit ratio. Some spilling during heavy floods in certain years is unavoidable for the present.

(e) The information is being collected from the District authorities and will be suppliedlater on.

(f) Yes.

(g) There is no proposal for the present due to tight position of funds.

ਕਾਮਰੇਡ ਦਲੀਪ ਸਿੰਘ ਟਪਿਆਲਾ: ਕੀ ਕੋਈ ਬਾਰ ਹੈ ਕਿ ਪੁਲਾਂ ਦੀ ਕੰਸਟਰੱਕਸ਼ਨ ਨਹੀ ਹੋ ਸਕਦੀ?

ਮੰਤਰੀ: ਇਹ ਠੀਕ ਹੈ ਕਿ ਕੰਸਟਰੱਕਸ਼ਨ ਨਹੀਂ ਹੋਈ ਅਤੇ ਬਾਰ ਸੀ ਕਿ ਲੋਕ ਰਕਮ ਡਿਪਾਜ਼ਿਟ ਕਰਾਉਣ ਤਾਂ ਪੁਲ ਬਣਵਾਇਆ ਜਾਵੇ ।

ਕਾਮਰੇਡ ਦਲੀਪ ਸਿੰਘ ਟਪਿਆਲਾ: ਇਹ ਬਾਰ ਕਦ ਤਕ ਰਹੇਗਾ?

ਮੰਤਰੀ: ਇਹ ਠੀਕ ਹੈ ਕਿ ਭੈੜੀ ਗਲ ਹੈ ਕਿ ਲੋਕਾਂ ਨੂੰ ਕਿਹਾ ਜਾਵੇ ਕਿ ਰਕਮ ਜਮ੍ਹਾਂ ਕਰਾਉ ਤਾਂ ਪੁਲ ਬਣਾਇਆ ਜਾ ਸਕਦਾ ਹੈ । ਪਿਛਲੀ ਸਕੀਮ ਲਾਗੂ ਸੀ । ਪਰ ਇਹ ਸਰਕਾਰ ਚਾਹੁੰਦੀ ਹੈ ਕਿ ਇਸ ਤਰ੍ਹਾਂ ਦੀ ਕੋਈ ਬਾਰ ਨਹੀਂ ਹੋਣੀ ਚਾਹੀਦੀ । ਸਰਕਾਰ ਦਾ ਆਪਣਾ ਫਰਜ਼ ਬਣਦਾ ਹੈ ਪੁਲ ਬਣਾਵੇ । (ਪ੍ਰਸੰਸਾ)

ਕਾਮਰੇਡ ਦਲੀਪ ਸਿੰਘ ਟਪਿਆਲਾ : ਕੀ ਵਜ਼ੀਰ ਸਾਹਿਬ ਨੂੰ ਪਤਾ ਹੈ ਕਿ 6 ਲੜਕੀਆਂ ਪਿਛਲੇ ਸਾਲ, ਬਾਰਸ਼ਾਂ ਦੇ ਦਿਨਾਂ ਵਿਚ ਇਥੇ ਡੁਬ ਕੇ ਮਰ ਗਈਆਂ ਸਨ । ਕੀ ਇਹ ਦਸਣਗੇ ਕਿ ਬਾਰਸ਼ਾਂ ਤੋਂ ਪਹਿਲਾਂ ਪੁਲ ਬਣ ਜਾਵੇਗਾ?

ਮੰਤਰੀ: ਐਨੀ ਜਲਦੀ ਤਾਂ ਨਹੀਂ ਪਰ ਜਿੰਨਾ ਜਲਦੀ ਮੁਮਕਨ ਹੋ ਸਕਿਆ ਪੁਲ ਬਣਾਇਆ ਜਾਵੇਗਾ।

ਕਾਮਰੇਡ ਦਲੀਪ ਸਿੰਘ ਟਪਿਆਲਾ : ਕੀ ਕੋਈ ਟੈਂਪਰੇਰੀ ਇੰਤਜ਼ਾਮ ਕਰ ਦਿਤਾ ਜਾਵੇਗਾ?

ਮੰਤਰੀ: ਕੋਸ਼ਿਸ਼ ਕੀਤੀ ਜਾਵੇਗੀ ।

ਲੈਫਟੀਨੈਂਟ ਭਾਗ ਸਿੰਘ : ਕੀ ਵਜ਼ੀਰ ਸਾਹਿਬ ਦਸਣਗੇ ਕਿ ਡਰੇਨਾਂ ਕੰਪਲੀਟ ਹੋ ਗਈਆਂ ਹਨ ਅਤੇ ਇਨ੍ਹਾਂ ਦੇ ਕੰਪਲਸ਼ਨ ਸਰਟੀਫਿਕੇਟ ਜਾਰੀ ਕਰ ਦਿਤੇ ਗਏ ਹਨ, ਜੇਕਰ ਮਿਲ ਗਏ ਹਨ ਤਾਂ ਇਹ ਕਿਉਂ ਹੋਇਆ ?

ਮੰਤਰੀ : ਇਹ ਸਾਰਟੀਫਿਕੇਟ ਨਹੀਂ ਮਿਲੇ । ਅਸਲ ਵਿਚ ਇਨ੍ਹਾਂ ਡਰੇਨ ਦੀ ਕਨਸਟ੍ਰਕਸ਼ਨ ਡੀਫੈਕਟਿਵ ਹੋਈ ਹੈ ਕਿਤੇ ਡਿਸਚਾਰਜ ਘਟ ਹੈ ਕਿਤੇ ਵਧ ਤੇ ਕਈ ਥਾਵਾਂ ਤੇ ਡਰੇਨਾਂ ਉਛਲ ਜਾਂਦੀਆਂ ਨੇ ਅਤੇ ਆਸ ਪਾਸ ਦੇ ਇਲਾਕੇ ਦਾ ਨੁਕਸਾਨ ਕਰਦੀਆਂ ਹਨ ।

PROVIDING IRRIGATION FACILITIES IN NANGAL AREA

*130 **Miss Sarla Parashar:** Will the Minister of Public Works and Education be pleased to state.

(a) whether there is any proposal under the consideration of the Government to instal Government tubewells in the Nangal area for providing irrigation facilities there:

(b) the details of other measures proposed to be taken by the Government to provide irrigation facilities in the said area before

[Miss Sarla Parasher]

a comprehensive scheme of installing Government tubewells is finalised?

Sardar Lachhman Singh Gill: (a) No.

(b) Eleven No. Flow syphon outlets from Nangal Hydel Channel have been installed for irrigation of 5569 acres.

ਕੁਮਾਰੀ ਸਰਲਾ ਪਰਾਸ਼ਰ: ਇਸ ਇਲਾਕੇ ਵਾਸਤੇ ਕਿਨੇ ਟਿਊਬਵੈਲ ਹਨ?

ਮੰਤਰੀ: ਸਪੀਕਰ ਸਾਹਿਬ ਮੈਂ ਲੇਡੀ ਮੈਂਬਰ ਦੇ ਗਿਆਤ ਲਈ ਦਸਣਾ ਚਾਹੁੰਦਾ ਹਾਂ ਕਿ ਕੁਝ ਪ੍ਰਾਇਰਟੀਜ਼ ਫਿਕਸਡ ਹਨ ਉਸ ਅਨੁਸਾਰ ਕੰਮ ਹੁੰਦਾ ਹੈ। ਨੰਗਲ ਦੀ ਵਾਰੀ ਅਜੇ ਨਹੀਂ ਆਈ।

ਕੁਮਾਰੀ ਸਰਲਾ ਪ੍ਰਾਸ਼ਰ: ਕਦੋਂ ਤਕ ਨੰਗਲ ਉਸ ਪ੍ਰਾਇਰਟੀ ਤੇ ਆ ਜਾਵੇਗਾ?

ਮੰਤਰੀ: ਜਦੋਂ ਪਹਿਲੀਆਂ ਪ੍ਰਾਇਰਟੀਜ਼ ਖ਼ਤਮ ਹੋ ਜਾਣ ਗੀਆਂ।

ਮਿਸ ਸਰਲਾ ਪ੍ਰਾਸ਼ਰ: ਕੀ ਮੰਤਰੀ ਜੀ ਇਹ ਦਸਣਗੇ ਕਿ ਜਲਦੀ ਤੋਂ ਉਨਾਂ ਦਾ ਕੀ ਮਤਲਬ ਹੈ?

ਮੰਤਰੀ: ਤੁਸੀਂ ਤਾਂ ਮੇਰੇ ਸੁਭਾ ਨੂੰ ਜਾਣਦੇ ਹੋ ਮੈਂ ਜਲਦੀ ਦੇ ਮਾਇਨੇ ਤੁਰੰਤ ਸਮਝਦਾ ਹੈ।

REPRESENTATION AGAINST MERGING OF CERTAIN OUTLETS ON LASARA RAJBAH IN DISTRICT SANGRUR

*137. **Jathedar Hardit Singh Bhathal:** Will the Minister for Public works and Education be pleased to state:—

(a) whether it is a fact that under the remodelling scheme the outlets in groups of 2 to 3 villages on the Lasara Rajbaha (district Sangrur) have been merged causing a loss to the villagers of Lasara, Dugri, Dallanwala etc, falling on this Rajbaha;

(b) whether it is also a fact that the people of the said villages represented to the concerned authorities for the seperation of their respective outlets to avoid loss and other disputes among themselves;

(c) if the answer to parts (a) and (b) above be in the affirmative, the steps, if any, taken or proposed to be taken by the Government to remove the grievances of the villagers.

Sardar Lachhman Singh Gill:

(a) Due to the consolidation of holdings, increase in water allowance and the standing grievances of the share-holders, the Executive Engineer, Chakbandi Division, prepared fresh Chakbandi of the Lassara Distributary. Small patches of chaks of outlets combined into compact blocks to provide assured irrigation. The question of causing loss to the villagers does not arise.

(B&C) Chakbandi proceedings are legal proceedings under the Canal and Drainage Act, 1873. Representations are always invited, heard and decided in accordance with the provision of the Act. The aggrieved party can seek remedy by filling an appeal under the provisions of the Act.

ਜਥੇਦਾਰ ਹਰਦਿੱਤ ਸਿੰਘ ਭੱਠਲ; ਜਿਹੜੀ ਹੁਣ ਸਕੀਮ ਬਣਾਈ ਗਈ ਹੈ ਇਸ ਨਾਲ ਲੋਕਾਂ ਨੂੰ ਫ਼ਾਇਦੇ ਦੀ ਬਜਾਏ ਬਹੁਤ ਨੁਕਸਾਨ ਹੋਇਆ ਹੈ। ਮੈਂ ਪੁਛਣਾ ਚਾਹੁੰਦਾ ਹਾਂ ਕਿ ਇਸ ਦੀ ਬਜਾਏ ਕੀ ਪਹਿਲੀ ਸਕੀਮ ਰਹਿਣ ਦਿੱਤੀ ਜਾਵੇਗੀ?

ਮੰਤਰੀ: ਜਿਸ ਸਕੀਮ ਨਾਲ ਨੁਕਸਾਨ ਹੋਵੇਗਾ ਉਸ ਨੂੰ ਬਦਲ ਦਿੱਤਾ ਜਾਵੇਗਾ।

ਕਾਮਰੇਡ ਜੰਗੀਰ ਸਿੰਘ ਜੋਗਾ: ਜਿਨ੍ਹਾਂ ਪਿੰਡਾਂ ਦੇ ਵਿਚ ਦੋ ਦੋ ਮੋਘੇ ਇਕ ਜਗ੍ਹਾ ਇਕਠੇ ਕਰ ਦਿਤੇ ਹਨ ਕੀ ਪਾਣੀ ਪੂਰਾ ਦੇਣ ਵਾਸਤੇ ਉਨ੍ਹਾਂ ਮੋਘਿਆਂ ਨੂੰ ਵੱਡਾ ਕੀਤਾ ਜਾਵੇਗਾ?

ਮੰਤਰੀ: ਇਸ ਤਰ੍ਹਾਂ ਦੀ ਜੇ ਕੋਈ ਗੱਲ ਮੇਰੇ ਨੋਟਿਸ ਵਿਚ ਲਿਆਉਗੇ ਤਾਂ ਉਸ ਤੇ ਜ਼ਰੂਰ ਗੌਰ ਕੀਤਾ ਜਾਵੇਗਾ।

ਜਥੇਦਾਰ ਹਰਦਿੱਤ ਸਿੰਘ ਭੱਠਲ: ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਜਿਹੜੇ ਮੋਘੇ ਰੀ-ਮਾਡਲਿੰਗ ਵਿਚ ਹੁਣ ਤਬਦੀਲ ਕੀਤੇ ਗਏ ਹਨ ਅਤੇ ਜਿਸ ਦੇ ਨਾਲ ਪਾਣੀ ਦੀ ਬਹੁਤ ਘਾਟ ਹੋ ਗਈ ਹੈ ਕੀ ਇਹ ਸਰਕਾਰ ਜਿਸਤਰਾਂ ਬਰਿਟਿਸ਼ ਰਾਜ ਵੇਲੇ ਪੁਰਾਣੇ ਮੋਘੇ ਲੱਗੇ ਹੋਏ ਸੀ ਉਸੇ ਤਰ੍ਹਾਂ ਹੀ ਰਹਿਣ ਦੇਵੇਗੀ?

ਮੰਤਰੀ: ਇਸ ਸਬੰਧ ਦੇ ਵਿਚ ਇਕ ਨਵੀਂ ਸਕੀਮ ਬਣਾਈ ਜਾ ਰਹੀ ਹੈ।

ਕਾਮਰੇਡ ਦਲੀਪ ਸਿੰਘ ਟਪਿਆਲਾ: ਇਹ ਕੀ ਗੱਲ ਹੋਈ, ਨਾਲੇ ਬਣ ਰਹੇ ਹਨ ਅਤੇ ਨਾਲੇ ਅਮਲ ਹੋ ਰਿਹਾ ਹੈ?

ਮੰਤਰੀ: ਇਹ ਸਰਕਾਰ ਬਹੁਤ ਕੁਝ ਮੌਕੇ ਬੇਮੌਕੇ ਕਰ ਸਕਦੀ ਹੈ (ਹਾਸਾ)

DHANAULA AND MAHORANA FLOOD DRAINS IN DISTRICT SANGRUR

*139. **Jathedar Hardit Singh Bhathal**: Will the Minister for Public Works and Education be pleased to state:

(a) the length, breadth and depth of the Dhanaula and the Mahorana Flood drains in district Sangrur;

(b) whether the Government has any scheme under its consideration for getting the said drains dug deeper to avoid floods and damage to crops;

(c) whether the Government intends to construct bridges at crossings of villages etc. on the above-mentioned drains to facilitate the peasants residing in the villages falling on these drains; if not, the reasons therefor.

Sardar Lachhman Singh Gill:

(a) Drain	Length Approx.	Bed width at outfall point.	Depth at out fall point
(i) Dhanaula	25.1 Miles	28	4.3
(ii) Mahorana outfall	6.6 Miles	15	3.90
(iii) Mahorana drain	17.5 Miles	15.0	3.4

(b) No.

(c) Yes, but not at present due to paucity of funds,

CONSTRUCTI ON OF BRIDGES AT CROSSING OF VILLAGES IN LASARA DRAIN

***138 Jathedar Hardit Singh Bhathal:** Will the Minister for Public Works and Education be pleased to state:—

(a) whether Government is aware of the fact that there are no bridges at crossings of villages on the Lasara Drain which causes unnecessary difficulties for the villagers to carry on a ricultural work and other transport business due to lack of bridges;

(b) whether it is also a fact that the drain passing by village Longowal needs digging and it breaches often during the rainy season;

(c) if the answer to parts (a) and (b) above be in the affirmative, the steps so far taken or proposed to be taken by the Government to remove the difficulties being experienced by the villagers?

Sardar Lachhman Singh Gill:

(a) Yes .

(b) Yes, it needs widening as the drain was constructed in the Pilot stage. No breach occurred during floods of 1965 and 1966.

(c) Due to paucity of funds, no work is possible to be taken up for the present. However, V.R. bridges have been provided in the scheme, but the exact site will be decided in consultation with the Deputy Commissioner at the time of construction.

ਕਾਮਰੇਡ ਜੰਗੀਰ ਸਿੰਘ ਜੋਗਾ : ਕੀ ਵਜ਼ੀਰ ਸਾਹਿਬ ਇਹ ਦੱਸਣਗੇ ਕਿ ਇਹ ਜਿਹੜੀ ਡਰੇਨ ਹੈ ਇਹ ਹਰ ਸਾਲ ਲਾਗਲੇ ਪਿੰਡਾਂ ਦੇ ਵਿਚ ਮਾਰ ਕਰਦੀ ਹੈ । ਕੀ ਇਸਨੂੰ ਚੌੜਾ ਕਰਨ ਵਾਸਤੇ ਕੋਈ ਸਕੀਮ ਹੈ ?

ਮੰਤਰੀ : ਮੈਂ ਪਹਿਲਾਂ ਹੀ ਇਹ ਗੱਲ ਆਨਰੇਬਲ ਮੈਂਬਰ ਦੇ ਗਿਆਤ ਦੇ ਵਿਚ ਲਿਆ ਦਿੱਤੀ ਹੈ ਕਿ ਜਿਤਨੀਆਂ ਵੀ ਡਰੇਨਾਂ ਕੱਢੀਆਂ ਗਈਆਂ ਹਨ ਉਹ ਕਿਸੇ ਹਿਸਾਬ ਦੇ ਨਾਲ ਨਹੀਂ ਕੱਢੀਆਂ ਗਈਆਂ । ਅਸੀਂ ਇਨ੍ਹਾਂ ਦੀ ਪੁਜ਼ੀਸ਼ਨ ਨੂੰ ਮੁੜ ਚੈਕਅਪ ਕਰ ਰਹੇ ਹਾਂ ਜਿਥੇ ਕਿਤੇ ਵੀ ਅਸੀਂ ਕੋਈ ਐਸੀ ਨੁਕਸਾਨ ਵਾਲੀ ਗੱਲ ਵੇਖਾਂਗੇ ਉਸਨੂੰ ਦਰੁਸਤ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ ।

ਕਾਮਰੇਡ ਦਲੀਪ ਸਿੰਘ ਟਪਿਆਲਾ : ਡਰੇਨੇਜ਼ ਦੀ ਮੇਨਟੇਨੈਂਸ ਵਾਸਤੇ ਬੱਜਟ ਦੇ ਵਿਚ ਨਾ ਕੋਈ ਪ੍ਰੋਵੀਜ਼ਨ ਕੀਤੀ ਗਈ ਹੈ ਅਤੇ ਨਾ ਕੋਈ ਗੁੰਜਾਇਸ਼ ਹੀ ਕਿਸੇ ਪਾਸਿਉਂ ਨਜ਼ਰ ਆਉਂਦੀ ਹੈ । ਐਸੇ ਹਾਲਾਤ ਵਿਚ ਮੇਨਟੇਨੈਂਸ ਵਾਸਤੇ ਕੀ ਕੀਤਾ ਜਾਵੇਗਾ ?

ਮੰਤਰੀ: ਮੈਂ ਆਪਣੇ ਜਵਾਬ ਦੇ ਵਿਚ ਕਿਹਾ ਹੈ ਕਿ ਅਸੀਂ ਫੰਡਜ਼ ਕੱਢਾਂਗੇ ।

ਕਾਮਰੇਡ ਦਲੀਪ ਸਿੰਘ ਟਪਿਆਲਾ : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਪੁਰਾਣੀਆਂ ਡਰੇਨਾਂ ਜਦੋਂ ਤਾਈਂ ਮੇਨਟੇਨੈਂਸ ਲਈ ਨਾ ਲਈਆਂ ਜਾਣ ਉਹ ਮਿਟੀ ਦੇ ਨਾਲ ਭਰ ਜਾਣ-ਗੀਆਂ, ਇਥੇ ਨਵੀਆਂ ਤੇ ਖ਼ਰਚ ਲਈ ਫੰਡਜ਼ ਹਨ ਐਸੇ ਹਾਲਤ ਵਿਚ ਕਿਵੇਂ ਪਾਣੀ ਦੀ ਨਿਕਾਸੀ ਹੋ ਸਕਦੀ ਹੈ ?

ਮੰਤਰੀ : ਜਿੱਥੇ ਇਸ ਤਰ੍ਹਾਂ ਮਿੱਟੀ ਦੇ ਨਾਲ ਡਰੇਨੇਜ਼ ਭਰ ਰਹੀਆਂ ਹਨ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਸਾਫ ਕਰਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ ।

ਚੌਧਰੀ ਦਰਸ਼ਨ ਸਿੰਘ : ਆਨਰੇਬਲ ਮੈਂਬਰ ਨੇ ਵਜ਼ੀਰ ਸਾਹਿਬ ਤੋਂ ਇਹ ਪੁਛਿਆ ਸੀ ਕਿ ਆਇਆ ਡਰੇਨੇਜ਼ ਦੀ ਮੇਨਟੇਨੈਂਸ ਦੇ ਵਾਸਤੇ ਬਜਟ ਦੇ ਵਿਚ ਕੋਈ ਪ੍ਰੋਵੀਜ਼ਨ ਕੀਤੀ ਹੈ ਜਾਂ ਨਹੀਂ ?

ਮੰਤਰੀ : ਜੀ ਹਾਂ, ਕਿਸੇ ਹਦ ਤੱਕ ਕੀਤੀ ਹੈ ।

CONSTRUCTION OF JULKAN-OHJAN ROAD IN DISTRICT PATIALA.

***140. Comrade Satpal Kapur :** Will the Minister for Public Works and Education be pleased to state —

(a) whether it is a fact that the Government had approved the scheme to construct a road from village Julkan (Patiala) to Ohjan (Patiala);

(b) whether it is also a fact that the share money for the said road has been deposited by the respective Market Committee;

(c) whether it is further a fact that the Punjab Government has not yet undertaken the construction of the said road; if so, the reasons therefor and the time by which the construction thereof is likely to be started ?

Sardar Lachhman Singh Gill :

(a) No.

(b) Yes.

(c) Part I Yes.

Part II Because of inadequacy of funds.

Part III. The work will be taken in hand as and when necessary funds are made available and full share is deposited by the beneficiaries.

ਕਾਮਰੇਡ ਸੱਤ ਪਾਲ ਕਪੂਰ : ਪੰਜਾਬ ਅਤੇ ਹਰਿਆਣਾ ਬਣ ਜਾਣ ਨਾਲ ਸਾਡੇ ਇਲਾਕੇ ਦੀ ਫਸਲ ਬਾਹਰਲੀਆਂ ਮੰਡੀਆਂ ਦੇ ਵਿਚ ਨਹੀਂ ਜਾ ਸਕਦੀ, ਨਾ ਹੀ ਕਿਸੇ ਸੜਕ ਦਾ ਲਿੰਕ ਮਿਲਦਾ ਹੈ ਅਤੇ ਨਾ ਹੀ ਕੋਈ ਪੁਲ ਹੈ ਜਿਥੋਂ ਫਸਲ ਬਾਹਰ ਲੈ ਜਾਈ ਜਾ ਸਕੇ ।

ਮੰਤਰੀ : ਸਾਨੂੰ ਇਸ ਸਾਰੀ ਚੀਜ਼ ਦਾ ਅਹਿਸਾਸ ਹੈ ਪਰ ਹੁਣ ਤੱਕ ਕੋਈ ਤਵੱਜੋ ਨਹੀਂ ਦਿੱਤੀ ਗਈ ਇਸਦਾ ਵੀ ਸਾਨੂੰ ਅਫ਼ਸੋਸ ਹੈ । ਅਸੀਂ ਇਸ ਸਬੰਧ ਵਿਚ ਜਲਦੀ ਕੋਈ ਪ੍ਰਬੰਧ ਕਰਾਂਗੇ ।

CONSTRUCTION OF A CERTAIN LINK ROADS IN PATIALA DISTRICT.

*141. **Comrade Satpal Kapur.** Will the Minister for Public Works and Education be pleased to state—

(a) whether it is a fact that the Government had approved a scheme to construct a link road from village Roud to Gharam on the Patiala-Pehowa Road; if so, the year when it was approved;

(b) whether the construction of the said road has since started; if not, the reasons therefor and the time by which it is likely to be started ?

Sardar Lachhman Singh Gill:

(a) Road from village Majra on Patiala Pehowa Road to village Gharam was approved in November, 1964.

(b) No. The work could not be taken in hand due to paucity of funds.

ਕਾਮਰੇਡ ਸਤਪਾਲ ਕਪੂਰ : ਮੈਂ ਵਜ਼ੀਰ ਸਾਹਿਬ ਤੋਂ ਇਹ ਪੁਛਣਾ ਚਾਹੁੰਦਾ ਹਾਂ ਕਿ ਇਹ ਕੰਮ ਕਦੋਂ ਤੱਕ ਸ਼ੁਰੂ ਕਰ ਦਿਤਾ ਜਾਵੇਗਾ ?

ਮੰਤਰੀ : ਜਦੋਂ ਵੀ ਫੰਡਜ਼ ਮਿਲ ਜਾਣਗੇ ।

ਕਾਮਰੇਡ ਸਤਪਾਲ ਕਪੂਰ ; ਫੰਡਜ਼ ਤਾਂ ਇਸ ਲਈ ਪਿਛਲੇ ਸਾਲ ਵੀ ਪ੍ਰੋਵਾਈਡ ਕੀਤੇ ਗਏ ਸੀ ਅਤੇ ਇਸ ਵੇਰ ਵੀ ਹਨ । ਪਰ ਕੰਮ ਸ਼ੁਰੂ ਨਹੀਂ ਕੀਤਾ ਜਾ ਰਿਹਾ ।

SALARY PAID TO SWEEPER EMPLOYED IN GOVERNMENT PRIMARY SCHOOL, MAJRI, DISTRICT PATIALA.

*126. **Lieut. Bhag Singh**: Will the Minister for Public Works and Education be pleased to state—

(a) whether it is a fact that the Sweeper employed in Government Primary School, Majri (near Amloh) Sub-Tehsil Amloh, district Patiala, is paid Rs. 2/- (Rupees two only) as his monthly remuneration;

(b) the monthly remuneration fixed by the Deputy Commissioner of the said district for such a post;

(c) the reasons for deviation in the case mentioned in part (a) above, if any ?

Sardar Lachhman Singh Gill. (a) No, there is no post of Sweeper at Government Primary School, Majri;

(b) whole-time Rs. 115/-, part-time Rs. 60/-.

(c) The question does not arise.

DAMAGE TO CROPS IN DISTRICT JULLUNDUR

*145. **Chaudhri Darshan Singh**: Will the Minister for Revenue and Development be pleased to state—

(a) the total damage done to crops by the recent hailstorm, rains in the Jullundur District;

(b) the details of the relief, if any, given by the Government to the affected people ?

Major General Rajinder Singh. (a) No. damage.

(b) Question does not arise.

Chaudhri Darshan Singh: The hon. Minister has replied that no damage to crops has been done in Jullundur District, owing to hail storms. In this connection I want to know is it or is it not a fact that the Deputy Commissioner, Jullundur, remitted the land revenue of the damaged crops in Jullundur District due to hail-storms.

Minister: Not to my knowledge.

ਚੌਧਰੀ ਦਰਸ਼ਨ ਸਿੰਘ : ਕੀ ਵਜ਼ੀਰ ਸਾਹਿਬ ਪੜਤਾਲ ਕਰਕੇ ਅਤੇ ਵੇਰੀਫਾਈ ਕਰਕੇ ਜਿਨ੍ਹਾਂ ਲੋਕਾਂ ਦੀਆਂ ਫ਼ਸਲਾਂ ਹੇਲ ਸਟਾਰਮ ਨਾਲ ਤਬਾਹ ਹੋ ਗਈਆਂ ਹਨ ਉਨ੍ਹਾਂ ਨੂੰ ਰਲੀਫ਼ ਦੇਣ ਦਾ ਯਤਨ ਕਰਨਗੇ ?

ਮੰਤਰੀ : ਸਰ, ਹੇਲ ਸਟਾਰਮ ਦੇ ਵਕਤ ਸਾਰੇ ਡੀ. ਸੀਜ਼. ਨੂੰ ਤਾਰਾਂ ਭੇਜੀਆਂ ਸਨ, ਚਿੱਠੀਆਂ ਵੀ ਭੇਜੀਆਂ ਸਨ ਕਿ ਡੈਮੇਜ਼ ਵਰਕ ਆਊਟ ਕਰਕੇ ਜਲਦੀ ਤੋਂ ਜਲਦੀ ਇਤਲਾਹ ਦਿਉ। ਉਸ ਵਕਤ ਸਿਰਫ ਅੰਮ੍ਰਿਤਸਰ, ਪਟਿਆਲਾ, ਫ਼ੀਰੋਜ਼ਪੁਰ, ਗੁਰਦਾਸਪੁਰ ਅਤੇ ਬਠਿੰਡਾ ਤੋਂ

[ਮਾਲ ਅਤੇ ਵਿਕਾਸ ਮੰਤਰੀ]

ਹੀ ਖਬਰ ਆਈ ਸੀ । ਉਥੋਂ ਜਿਹੜੀ ਡੀਟੇਲਜ਼ ਆਈ ਸੀ ਉਸਦੀ ਬੇਸਿਜ਼ ਤੇ ਡੈਮੇਜ ਦੀ ਡੀਟੇਲਜ਼ ਵਰਕ ਆਊਟ ਕੀਤੀ ਗਈ । ਲੇਕਿਨ ਬਾਅਦ ਵਿਚ ਪਤਾ ਲਗਾ ਕਿ ਬਹੁਤ ਸਾਰਿਆਂ ਜ਼ਿਲਿਆਂ ਵਿਚ ਡੈਮੇਜ਼ ਹੋਇਆ ਹੈ । ਜਿਸ ਤਰ੍ਹਾਂ ਮੈਂ ਅਰਜ਼ ਕੀਤੀ ਹੈ ਮੈਨੂ ਜਲੰਧਰ ਜ਼ਿਲੇ ਦੇ ਡੈਮੇਜ ਦੇ ਬਾਰੇ ਵਿਚ ਕੋਈ ਖ਼ਬਰ ਨਹੀਂ ਆਈ । ਜੋ ਕੁਝ ਆਨਰੇਬਲ ਮੈਂਬਰ ਨੇ ਫ਼ਰਮਾਇਆ ਹੈ, ਉਹ ਕਿਥੋਂ ਤਕ ਠੀਕ ਹੈ, ਮੈਂ ਵਾਊਚ ਸੇਫ਼ ਨਹੀਂ ਕਰ ਸਕਦਾ ।

ਸਰਦਾਰ ਮਹਿੰਦਰ ਸਿੰਘ ਗਿੱਲ : ਕੀ ਵਜ਼ੀਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਫ਼ਿਰੋਜ਼ਪੁਰ ਵਿਚ ਕਿੰਨਾ ਨੁਕਸਾਨ ਹੋਇਆ ਹੈ ?

ਮੰਤਰੀ : ਫ਼ਿਰੋਜ਼ਪੁਰ ਵਿਚ 76 ਪਿੰਡਾਂ ਦਾ ਨੁਕਸਾਨ ਹੋਇਆ ਹੈ । ਇਕ ਪਰਸੈਂਟ ਤੋਂ ਲੈਕੇ 25 ਪਰਸੈਂਟ ਤਕ 3,247 ਏਕੜ ਡੈਮੇਜ ਹੋਏ ਹਨ, 25 ਪਰਸੈਂਟ ਤੋਂ ਲੈਕੇ 50 ਪਰਸੈਂਟ ਤਕ 2,731 ਏਕੜ ਡੈਮੇਜ ਹੋਏ ਹਨ ਅਤੇ 51 ਪਰਸੈਂਟ ਤੋਂ ਲੈਕੇ 100 ਪਰਸੈਂਟ ਤਕ 22912 ਏਕੜ ਡੈਮੇਜ ਹੋਏ ਹਨ ।

ਸਰਦਾਰ ਮਹਿੰਦਰ ਸਿੰਘ ਗਿੱਲ : ਕੀ ਇਨ੍ਹਾਂ ਨੂੰ ਸਰਕਾਰ ਵਲੋਂ ਕੋਈ ਸਹਾਇਤਾ ਦਿੱਤੀ ਗਈ ?

ਮੰਤਰੀ : ਇਸ ਗੱਲ ਉਪਰ ਗੌਰ ਹੋ ਰਿਹਾ ਹੈ । ਜਦ ਡੀਟੇਲਜ਼ ਆ ਜਾਣਗੀਆਂ ਤਾਂ ਉਨ੍ਹਾਂ ਨੂੰ ਸਹਾਇਤਾ ਦਿਤੀ ਜਾਵੇਗੀ ।

ਸਰਦਾਰ ਮਹਿੰਦਰ ਸਿੰਘ ਗਿੱਲ : ਲੋਕਾਂ ਦੀਆਂ ਫ਼ਸਲਾਂ ਬਿਲਕੁਲ ਤਬਾਹ ਹੋ ਗਈਆਂ ਹਨ ਉਨ੍ਹਾਂ ਨੂੰ ਕਦ ਤਕ ਮੁਆਵਜ਼ਾ ਦਿਤਾ ਜਾਵੇਗਾ ?

ਮੰਤਰੀ : ਇਹ ਮਾਮਲਾ ਜਲਦੀ ਹੀ ਕੌਂਸਿਲ ਆਫ਼ ਮਿਨਿਸਟਰਜ਼ ਦੇ ਸਾਹਮਣੇ ਪੇਸ਼ ਹੋਵੇਗਾ ਅਤੇ ਜਲਦੀ ਹੀ ਇਸ ਦੇ ਬਾਰੇ ਫੈਸਲਾ ਕੀਤਾ ਜਾਵੇਗਾ ।

ਸਰਦਾਰ ਮਹਿੰਦਰ ਸਿੰਘ ਗਿੱਲ : ਕੀ ਤੁਸੀਂ ਫ਼ੀ ਸਦੀ ਦੇ ਹਿਸਾਬ ਨਾਲ ਮੁਆਵਜ਼ਾ ਦਿਉਗੇ ਜਾਂ ਜਿਨਾ ਨੁਕਸਾਨ ਹੋਇਆ ਹੈ ਉੱਨਾ ਮੁਆਵਜ਼ਾ ਦਿਉਗੇ ?

ਮੰਤਰੀ : ਜਿਸ ਤਰ੍ਹਾਂ ਇਨਫ਼ਰਮੇਸ਼ਨ ਆਵੇਗੀ ਉਸ ਦੇ ਹਿਸਾਬ ਨਾਲ ਡੀਟੇਲਜ਼ ਵਰਕ ਆਊਟ ਕਰ ਕੇ ਜਿਹੜਾ ਯਾਰਡ ਸਟਿਕ ਪਹਿਲੇ ਬਣਿਆ ਹੋਇਆ ਹੈ ਉਸੇ ਹਿਸਾਬ ਨਾਲ ਕੰਪਨਸੇਸ਼ਨ ਦਿਤਾ ਜਾਵੇਗਾ ।

ਸਰਦਾਰ ਮਹਿੰਦਰ ਸਿੰਘ ਗਿੱਲ : ਮੈਂ ਪੁਛਿਆ ਹੈ ਕਿ ਫ਼ੀ ਸਦੀ ਦੇ ਹਿਸਾਬ ਨਾਲ ਮੁਆਵਜ਼ਾ ਦਿਉਗੇ ਜਾਂ ਜਿਨਾਂ ਲੋਕਾਂ ਦਾ ਨੁਕਸਾਨ ਹੋਇਆ ਹੈ ਉਨਾਂ ਹੀ ਮੁਆਵਜ਼ਾ ਦਿਉਗੇ ?

ਮੰਤਰੀ : ਜਿਹੜਾ ਯਾਰਡ ਸਟਿਕ ਬਣਿਆ ਹੋਇਆ ਹੈ ਉਸ ਦੇ ਹਿਸਾਬ ਨਾਲ ਦੇਵਾਂਗੇ । ਜੇਕਰ ਮੈਂਬਰ ਸਾਹਿਬ ਡੀਟੇਲਜ਼ ਜਾਣਨਾ ਚਾਹੁੰਦੇ ਹਨ ਤਾਂ ਮੇਰੇ ਕੋਲੋਂ ਬਾਅਦ ਵਿਚ ਪੁੱਛ ਲੈਣ ।

ਚੌਧਰੀ ਦਰਸ਼ਨ ਸਿੰਘ : ਸਰਕਾਰ ਨੇ ਪਹਿਲੇ ਹੀ ਸਟੈਂਡਰਡ ਲੇ ਡਾਊਨ ਕੀਤਾ ਹੋਇਆ ਹੈ । ਸਲੈਬ ਬਣਾਏ ਹੋਏ ਹਨ ਕਿ 25 ਪਰਸੈਂਟ ਤਕ ਕੋਈ ਕੰਪਨਸੇਸ਼ਨ ਨਹੀਂ ਦਿਤਾ ਜਾਵੇਗਾ, 25 ਤੋਂ ਲੈਕੇ 50 ਪਰਸੈਂਟ ਤਕ ਜਿੰਨਾਂ ਨੁਕਸਾਨ ਹੋਇਆ ਹੈ ਉਨਾਂ ਮੁਆਵਜ਼ਾ ਦਿਤਾ ਜਾਵੇਗਾ । ਇਸੇ ਤਰ੍ਹਾਂ ਹੀ 50 ਤੋਂ ਲੈਕੇ 100 ਤਕ ਵੀ ਯਾਰਡ ਸਟਿਕ ਆਲਰੇਡੀ ਫ਼ਿਕਸਡ ਹੋਈ ਹੈ, ਫਿਰ ਗਰੀਬ ਕਿਸਾਨਾਂ ਨੂੰ ਮੁਆਵਜ਼ਾ ਕਿਉਂ ਨਹੀਂ ਦਿਤਾ ਜਾ ਰਿਹਾ ?

ਮੰਤਰੀ : ਜਿਹੜੀ ਯਾਰਡ ਸਟਿਕ ਬਣੀ ਹੋਈ ਹੈ ਉਸ ਦੇ ਮੁਤਾਬਿਕ ਹੀ ਮੁਆਵਜ਼ਾ ਦਿਤਾ ਜਾਵੇਗਾ ਲੇਕਿਨ ਉਸ ਲਈ ਸੈਂਕਸ਼ਨ ਚਾਹੀਦੀ ਹੈ । ਮੈਂ ਪਹਿਲੇ ਵੀ ਅਰਜ਼ ਕੀਤੀ ਹੈ ਕਿ ਸਾਰਾ ਮਾਮਲਾ ਕੌਂਸਿਲ ਆਫ ਮਿਨਿਸਟਰਜ਼ ਦੇ ਅਗੇ ਰਖਿਆ ਜਾਵੇਗਾ ਉਸ ਉਪਰ ਗੌਰ ਹੋਵੇਗਾ ਕਿ ਕਿੰਨਾ ਰੁਪਿਆ ਦੇਣਾ ਹੈ, ਸ਼ਾਇਦ ਪਰਸੈਂਟੇਜ ਮੁਕੱਰਰ ਹੋ ਜਾਵੇ ਜਾਂ ਜੋ ਵੀ ਤਜਵੀਜ਼ ਪਾਸ ਹੋਵੇਗੀ ਉਸਦੇ ਮੁਤਾਬਕ ਹੀ ਅਮਲ ਹੋਵੇਗਾ ।

ਚੌਧਰੀ ਸੁੰਦਰ ਸਿੰਘ : ਹੇਲ ਸਟਾਰਮ ਨਾਲ ਫ਼ਸਲਾਂ ਤਬਾਹ ਹੋ ਗਈਆ ਹਨ । ਇਸ ਗੱਲ ਨੂੰ ਡੇਢ ਦੋ ਮਹੀਨੇ ਹੋ ਚੁਕੇ ਹਨ ਲੇਕਨ ਸਰਕਾਰ ਨੇ ਉਨ੍ਹਾਂ ਨੂੰ ਅਜੇ ਤਕ ਕੋਈ ਮਦਦ ਨਹੀਂ ਦਿਤੀ । ਜਸਟਿਸ ਡੀਲੇਡ ਇਜ਼ ਜਸਟਿਸ ਡੀਨਾਈਡ । ਮਦਦ ਤਾਂ ਉਹੋ ਹੀ ਹੁਦੀ ਹੈ ਜਿਹੜੀ ਵਕਤ ਤੇ ਦਿੱਤੀ ਜਾਵੇ । ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕਿੰਨੀ ਦੇਰ ਹੋਰ ਇਸ ਕੰਮ ਵਿਚ ਲਗ ਜਾਵੇਗੀ ?

ਮੰਤਰੀ : ਸਰ, ਆਪ ਅੱਛੀ ਤਰ੍ਹਾਂ ਜਾਣਦੇ ਹੋ ਕਿ ਇਸ ਕੰਪਨਸੇਸ਼ਨ ਦੇ ਕੰਮ ਵਿਚ ਬੜੀ ਦੇਰ ਲਗ ਜਾਂਦੀ ਹੈ । ਬਹੁਤ ਸਾਰੇ ਕੇਸ ਪੁਰਾਣੇ ਪਏ ਹੋਏ ਹਨ ਜਿਨ੍ਹਾਂ ਦਾ ਫੈਸਲਾ ਅਜੇ ਤਕ ਨਹੀਂ ਹੋਇਆ । ਪਟਵਾਰੀਆਂ ਦੇ ਹਿਸਾਬ ਕਿਤਾਬ ਨੂੰ ਵੇਖਣ ਦੀ ਲੋੜ ਹੁੰਦੀ ਹੈ ਕਿ ਕਿੰਨਾ ਨੁਕਸਾਨ ਹੋਇਆ ਹੈ, ਕਿਤਾਬਾਂ ਵਿਚੋਂ ਡੀਟੇਲਜ਼ ਵਰਕ ਆਊਟ ਕਰਨੀਆਂ ਪੈਂਦੀਆਂ ਹਨ । ਇਨ੍ਹਾਂ ਗੱਲਾਂ ਤੇ ਟਾਈਮ ਲਗਦਾ ਹੈ । ਇਹ ਨਹੀਂ ਹੁੰਦਾ ਕਿ ਅਜ ਗੜੇ ਪਏ ਹਨ ਤੇ ਕਲ੍ਹ ਹੀ ਉਨ੍ਹਾਂ ਦੇ ਹਥ ਤੇ ਦਵਾਨੀਆਂ ਚਵਾਨੀਆਂ ਰਖ ਦਿਉ ।

ਚੌਧਰੀ ਰਾਧਾ ਕ੍ਰਿਸ਼ਨ : ਕੀ ਵਜ਼ੀਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਜਿਥੇ ਨੁਕਸਾਨ ਹੋਇਆ ਹੈ ਉਥੇ ਮਾਲੀਆ ਮਾਫ਼ ਕਰ ਦਿਤਾ ਗਿਆ ਹੈ ?

ਮੰਤਰੀ : ਸਰ, ਮਾਲੀਏ ਦਾ ਸਵਾਲ ਅਲੱਗ ਹੈ । ਇਸ ਤੇ ਅਲੱਗ ਗੌਰ ਕੀਤਾ ਜਾਵੇਗਾ ।

COMPLAINT AGAINST THE WORKING OF COOPERATIVE CONSUMER STORE, LUDHIANA,

91. Shri A. Vishwanathan : Will the Minister for Revenue and Development be pleased to state whether the Government have received any representations against the working of Co-operative Consumers, Store, Ludhiana, if so, the action, if any, taken thereon ?

Major General Rajinder Singh : Yes. An anonymous memorandum about the unsatisfactory working of the Central Co-operative Consumers Store Ltd., Ludhiana, was received in the month of November, 1966. A report was called for from the General Manager of the Ludhiana Central Co-operative Consumers Store, Ltd., Ludhiana. The same has recently been received and is under examination. Suitable action would be taken to improve the working of the store in the light of the report.

Shri Prabodh Chandra : Sir, previously the Government laid down a policy that no action is to be taken on anonymous or pseudonymous complaints. May I know from the hon. Minister if the Government has started taking any action on such complaints ?

Minister : Sir, there is no question of changing the policy which has been laid down previously. But if any report is brought to the

[Minister for Revenue and Development]

notice of the Government some action has to be taken in the way of checking it. This is the explanation that I can give now. If the hon. member wants detailed information he should give me notice for this.

Shri Prabodh Chandra : Sir, previously the Cabinet had taken the decision that the Government will not entertain anouymous or pseudonymous complaints. Now the hon. Minister has stated that the action is being taken. I want to know whether the decision of the previous Government has been changed.

Chief Minister : It depends on the nature of the complaint.

Mr. Speaker : The Question hour is over now. If you want to continue supplementary, questions you can have these tomorrow.

Obituary References to the deaths of Seth Sudershan Ex M.L.A. and Munshi Ahmed Din

3.00 P. M. **ਮੁਖ ਮੰਤਰੀ (ਸਰਦਾਰ ਗੁਰਨਾਮ ਸਿੰਘ)**: ਸਪੀਕਰ ਸਾਹਿਬ, ਮੁਨਸ਼ੀ ਅਹਿਮਦ ਦੀਨ, ਜਿਹੜੇ ਕਿ ਬੜੇ ਭਾਰੀ ਲੀਡਰ ਸਨ ਔਰ ਆਜ਼ਾਦੀ ਦੀ ਜੰਗ ਲੜਦੇ ਰਹੇ ਹਨ, ਉਨ੍ਹਾਂ ਦੀ ਮੌਤ ਹੋ ਗਈ ਹੈ । ਜਿਸ ਵਕਤ ਮੈਂ ਲੁਧਿਆਣੇ ਪਰੈਕਟਿਸ ਸ਼ੁਰੂ ਕੀਤੀ ਸੀ ਮੈਨੂੰ ਉਨ੍ਹਾਂ ਨੂੰ ਮਿਲਣ ਦਾ ਮੌਕਾ ਹੋਇਆ । ਉਸ ਵੇਲੇ ਉਹ ਨੌਜਵਾਨ ਲੀਡਰ ਸੀ । ਘਟ ਹੀ ਮੈਂ ਐਸੇ ਅੱਛੇ ਬੋਲਣ ਵਾਲੇ ਵੇਖੇ ਹਨ ਜਿਤਨੇ ਕਿ ਮੁਨਸ਼ੀ ਅਹਿਮਦ ਦੀਨ ਸਨ ।

ਭਗਤ ਸਿੰਘ ਹੋਰਾਂ ਨੇ ਇਕ ਨੌਜਵਾਨ ਭਾਰਤ ਸਭਾ ਬਣਾਈ । ਮੁਨਸ਼ੀ ਜੀ ਉਸ ਦੇ ਵੀ ਇਕ ਬੜੇ ਚੰਗੇ ਮੈਂਬਰ ਸੀ । ਉਹ ਇਤਨੇ ਨਿਡਰ ਸਨ ਕਿ ਜਿਸ ਵਕਤ ਮਹਾਤਮਾ ਗਾਂਧੀ ਭਗਤ ਸਿੰਘ ਹੋਰਾਂ ਨੂੰ ਲਾਰਡ ਇਰਵਨ ਕੋਲੋਂ ਮੁਕਦਮੇ ਵਿਚ ਬਰੀ ਨਾ ਕਰਾ ਸਕੇ ਔਰ ਉਨ੍ਹਾਂ ਨੂੰ ਫਾਂਸੀ ਹੋਈ ਤਾਂ ਮੁਨਸ਼ੀ ਅਹਿਮਦ ਦੀਨ ਜੀ ਨੇ ਮਹਾਤਮਾ ਜੀ ਦੇ ਬਰਖਿਲਾਫ ਵੀ ਕਾਲੇ ਝੰਡਿਆਂ ਦਾ ਜਲੂਸ ਕਢਿਆ । 1934 ਵਿਚ ਉਹ ਕਾਂਗਰਸ ਸੋਸ਼ਲਿਸਟ ਪਾਰਟੀ ਦੇ ਮੈਂਬਰ ਬਣੇ ਔਰ ਉਨ੍ਹਾਂ ਨੇ ਸੋਸ਼ਲਿਸਟ ਮੂਵਮੈਂਟ ਨੂੰ ਕਾਫੀ ਤਰੱਕੀ ਦੇਣ ਦੀ ਕੋਸ਼ਿਸ਼ ਕੀਤੀ । ਉਹ ਬੜੇ ਪਾਪੂਲਰ ਸੀ । ਹਿੰਦੁਸਤਾਨ ਦਾ ਜਿਹੜਾ ਬਟਵਾਰਾ ਹੋਇਆ ਸੀ ਉਸ ਦੇ ਬਰਖਿਲਾਫ ਵੀ ਉਨ੍ਹਾਂ ਨੇ ਕਾਫੀ ਹਿੱਸਾ ਪਾਇਆ । ਜਿਸ ਵਕਤ ਹਿੰਦੁਸਤਾਨ ਦਾ ਬਟਵਾਰਾ ਪਾਕਿਸਤਾਨ ਔਰ ਹਿੰਦੁਸਤਾਨ ਵਿਚ ਹੋ ਗਿਆ ਉਸ ਵੇਲੇ ਉਹ ਲਾਹੌਰੋਂ ਆ ਕੇ ਇਥੇ ਹਿੰਦੁਸਤਾਨ ਵਿਚ ਰਹਿਣ ਲਗ ਪਏ ।

ਬੜਾ ਅਫਸੋਸ ਹੈ ਉਨ੍ਹਾਂ ਦੀ ਮੌਤ ਦਾ । ਲੇਬਰ ਮੂਵਮੈਂਟ ਵਿਚ ਵੀ ਉਨ੍ਹਾਂ ਨੇ ਬੜਾ ਹਿੱਸਾ ਪਾਇਆ । ਇਸ ਗੱਲ ਦਾ ਵੀ ਬੜਾ ਅਫਸੋਸ ਹੈ ਕਿ ਪੰਜ ਸਤ ਸਾਲ ਉਹ ਬੜੇ ਬੀਮਾਰ ਰਹੇ । ਔਰ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਮਾਲੀ ਹਾਲਤ ਵੀ ਕੋਈ ਬੜੀ ਚੰਗੀ ਨਹੀਂ ਸੀ ਇਹ ਕਿਤਨੇ ਅਫਸੋਸ ਦਾ ਮੁਕਾਮ ਹੈ ਕਿ ਜਿਹੜੇ ਪਰਵਾਨੇ ਆਜ਼ਾਦੀ ਲਈ ਇਤਨਾ ਲੜਦੇ ਰਹੇ ਉਨ੍ਹਾਂ ਨੂੰ ਇਤਨੀ ਤਕਲੀਫ ਭੀ ਰਹੇ । ਮੈਂ ਸਮਝਦਾ ਹਾਂ ਕਿ ਮੁਨਸ਼ੀ ਅਹਿਮਦ ਦੀਨ ਜੀ ਜਿਹੇ ਘਟ ਹੀ ਆਦਮੀ ਮਿਲਦੇ ਹਨ ਜਿਹੜੇ ਇਤਨੀ ਕੁਰਬਾਨੀ ਕਰਨ ਔਰ ਉਸ ਕੁਰਬਾਨੀ ਦਾ ਮੁਲ ਨਾ ਮੰਗਣ — ਬਹੁਤ ਸਾਰੇ ਆਦਮੀ ਐਸੇ ਮਿਲਦੇ ਹਨ ਜਿਹੜੇ ਕੁਰਬਾਨੀ ਕਰਕੇ ਉਸ ਦਾ ਮੁਲ ਮੰਗਦੇ ਹਨ ਮਗਰ ਮੁਨਸ਼ੀ ਅਹਿਮਦ ਦੀਨ ਆਜ਼ਾਦੀ ਲਈ ਲੜਨ ਵਾਲਾ

ਔਰ ਆਜ਼ਾਦੀ ਹਾਸਿਲ ਕਰਨ ਵਾਲਾ ਇਕ ਐਸਾ ਸ਼ਖਸ ਸੀ ਜਿਸ ਨੇ ਉਸ ਕੁਰਬਾਨੀ ਦਾ ਜੇਲ ਵਿਚ ਜਾਣ ਦਾ ਕੈਦ ਕਟੱਣ ਦਾ, ਮੁਲ ਕਦੇ ਨਹੀਂ ਮੰਗਿਆ। ਸਾਨੂੰ ਬੜਾ ਅਫਸੋਸ ਹੈ ਕਿ ਉਨ੍ਹਾਂ ਦਾ ਦੇਹਾਂਤ ਹੋ ਗਿਆ ਹੈ।

ਇਸੇ ਤਰ੍ਹਾਂ ਸੇਠ ਸੁਦਰਸ਼ਨ ਜੀ ਦੀ ਵੀ ਮੌਤ ਹੋ ਗਈ ਹੈ। ਉਹ ਸਨ 1942 ਵਿਚ ਕੁਇਟ ਇੰਡੀਆ ਮੂਵਮੈਂਟ ਵਿਚ ਕੈਦ ਹੋਏ ਸਨ। ਉਹ ਸਨ 1936 ਵਿਚ ਪੰਜਾਬ ਅਸੈਂਬਲੀ ਦੇ ਮੈਂਬਰ ਬਣੇ। ਸਰਦਾਰ ਬਲਦੇਵ ਸਿੰਘ ਜੀ ਦੇ ਨਾਲ ਉਨਾਂ ਦਾ ਕਾਫ਼ੀ ਸਹਿਯੋਗ ਰਿਹਾ। ਉਹ ਵਿਧਾਨ ਸਭਾ ਦੇ ਕੰਮ ਵਿਚ ਕਾਫ਼ੀ ਹਿੱਸਾ ਪਾਂਦੇ ਰਹੇ ਮਗਰ ਕੁਛ ਦੇਰ ਤੋਂ ਉਹ ਸਿਆਸਤ ਤੋਂ ਬਾਹਰ ਹੋ ਗਏ ਸਨ।

ਸਾਨੂੰ ਇਨ੍ਹਾਂ ਦੋਹਾਂ ਸਜਨਾਂ ਦੀ ਮੌਤ ਦਾ ਭਾਰੀ ਦੁਖ ਹੈ। ਅਸੀਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹਾਂ ਔਰ ਮੈਂ ਕਹਾਂਗਾ ਕਿ ਏਸ ਸੰਬੰਧ ਵਿਚ ਅਸੀਂ ਇਕ ਮਤਾ ਪਾਸ ਕਰੀਏ ਔਰ ਉਹ ਉਨ੍ਹਾਂ ਦੇ ਪਰਵਾਰਾਂ ਨੂੰ ਭੇਜ ਦੇਈਏ। ਇਨ੍ਹਾਂ ਸ਼ਬਦਾਂ ਦੇ ਨਾਲ ਮੈਂ ਆਪ ਦਾ ਧਨਵਾਦ ਕਰਦਾ ਹਾਂ।

ਸਰਦਾਰ ਗਿਆਨ ਸਿੰਘ ਰਾੜੇਵਾਲਾ (ਪਾਇਲ): ਸਪੀਕਰ ਸਾਹਿਬ, ਅਸੀਂ ਅੱਜ ਦੋ ਮਹਾਨ ਹਸਤੀਆਂ ਦੇ ਜੁਦਾ ਹੋ ਜਾਣ ਦੇ ਮਾਤਮ ਦੇ ਮਤੇ ਉਤੇ ਆਪਣੇ ਖਿਆਲਾਤ ਦਾ ਇਜ਼ਹਾਰ ਕਰ ਰਹੇ ਹਾਂ। ਜੈਸਾ ਕਿ ਲੀਡਰ ਆਫ਼ ਦੀ ਹਾਊਸ ਨੇ ਕਿਹਾ ਹੈ ਮੁਨਸ਼ੀ ਅਹਿਮਦ ਦੀਨ ਛੋਟੀ ਉਮਰ ਤੋਂ ਹੀ ਆਜ਼ਾਦੀ ਦੀ ਤਹਿਰੀਕ ਵਿਚ ਸ਼ਾਮਿਲ ਹੋਏ ਔਰ ਸਾਰੀ ਜ਼ਿੰਦਗੀ ਮੁਲਕ ਔਰ ਕੌਮ ਦੀ ਖਿਦਮਤ ਕਰਦੇ ਰਹੇ। ਖਾਸ ਤੌਰ ਤੇ ਕੌਮ ਪ੍ਰਸਤ ਮੁਸਲਮਾਨਾਂ ਦੇ ਅੰਦਰ ਉਹ ਇਕ ਐਸੇ ਸੱਜਨ ਹਨ ਜਿਨ੍ਹਾਂ ਨੇ ਹਿੰਦੁਸਤਾਨ ਵਿਚ ਆਜ਼ਾਦੀ ਲਈ ਜਿਹੜਾ ਵੀ ਪ੍ਰੋਗਰਾਮ ਉਲੀਕਿਆ ਉਸ ਨੂੰ ਮੁਸਤਕਿਲ ਮਿਜ਼ਾਜੀ ਦੇ ਨਾਲ ਬਿਨਾ ਖੌਫੋ ਖਤਰ ਔਰ ਬਿਲਾ ਝਿਜਕ ਨਿਭਾਉਂਦੇ ਰਹੇ। ਸਪੀਕਰ ਸਾਹਿਬ, ਉਨ੍ਹਾਂ ਵਿਚ ਇਕ ਬੜੀ ਖੂਬੀ ਜਿਸ ਨੂੰ ਮੈਂ ਸਮਝਦਾ ਹਾਂ ਕਿ ਇਕ ਬੜਾ ਉਚਾ ਵਸਫ ਸੀ ਇਹ ਸੀ ਕਿ ਉਨ੍ਹਾਂ ਨੇ ਪਸਮਾਂਦਾ ਜ਼ਾਤੀਆਂ ਲਈ, ਪਛੜੇ ਹੋਏ ਲੋਕ ਲਈ ਹਿੰਦੁਸਤਾਨ ਵਿਚ ਸੋਸ਼ਲਿਸਟ ਸਮਾਜ ਨੂੰ ਮਜ਼ਬੂਤ ਕਰਨ ਲਈ ਵਧ ਚੜ੍ਹ ਕੇ ਕੰਮ ਕੀਤਾ ਉਹ ਵਤਨ ਦੇ ਔਰ ਮੁਲਕ ਦੇ ਇਕ ਬੜੇ ਬੇਗਰਜ਼ ਖਾਦਮ ਸਨ। ਜਿਸ ਤਰਾਂ ਲੀਡਰ ਆਫ਼ ਦੀ ਹਾਊਸ ਨੇ ਕਿਹਾ ਹੈ ਮੈਂ ਜ਼ਾਤੀ ਤੌਰ ਤੇ ਭੀ ਜਾਣਦਾ ਹਾਂ ਕਿ ਜਿਥੋਂ ਤਕ ਮਾਲੀ ਹਾਲਤ ਦਾ ਸੰਬੰਧ ਹੈ ਉਹ ਕਾਫੀ ਤੰਗਦਸਤੀ ਦੀ ਹਾਲਤ ਵਿਚ ਰਹੇ ਹਨ। ਉਨ੍ਹਾਂ ਨੇ ਸੋਸ਼ਲਿਜ਼ਮ ਲਈ ਬੜਾ ਕੰਮ ਕੀਤਾ ਔਰ ਇਸ ਤਹਿਰੀਕ ਨੂੰ ਕੌਮਪ੍ਰਸਤਾਂ ਦੀ ਲਾਈਨ ਤੇ ਲਿਆਉਣ ਦੀ ਕੋਸ਼ਿਸ਼ ਜੀ ਜਾਨ ਨਾਲ ਕੀਤੀ। ਉਨ੍ਹਾਂ ਦੀ ਜ਼ਿੰਦਗੀ ਦੇ ਅੰਦਰ ਜਿਹੜੀ ਇਕ ਨਿਹਾਇਤ ਅਹਿਮ ਗੱਲ ਹੈ ਉਹ ਇਹ ਹੈ ਕਿ ਜਦੋਂ ਹਿੰਦੋਸਤਾਨ ਦੀ ਤਕਸੀਮ ਹੋਈ, ਪੰਜਾਬ ਵੀ ਦੋ ਹਿੱਸਿਆਂ ਵਿਚ ਵੰਡਿਆ ਗਿਆ ਤਾਂ ਬਾਵਜੂਦ ਇਸ ਗੱਲ ਦੇ ਕਿ ਮੌਲਾਨਾ ਦਾਊਦ ਗਜ਼ਨਵੀਂ ਔਰ ਮੌਲਾਨਾ ਇਫ਼ਤਖਾਰ-ਉਦ--ਦੀਨ ਨੇ ਉਨਾਂ ਉਤੇ ਭਾਰੀ ਪ੍ਰੈਸ਼ਰ ਪਾਇਆ ਕਿ ਪਾਕਿਸਤਾਨ ਵਿਚ ਹੀ ਰਹੋ ਮਗਰ ਬਜਾਏ ਉਥੇ ਰਹਿਣ ਦੇ ਹਿੰਦੁਸਤਾਨ ਵਿਚ ਆਬਾਦ ਰਹਿ ਕੇ ਇਸ ਮੁਲਕ ਦੀ ਬਦਸਤੂਰ ਸੇਵਾ ਕਰਦੇ ਰਹੇ। ਉਨ੍ਹਾਂ ਦੀ ਜੁਦਾਈ ਤੇ ਲਾਜ਼ਮੀ ਤੌਰ ਤੇ ਸਾਨੂੰ ਸਾਰਿਆਂ ਨੂੰ ਬੜਾ ਰੰਜ ਹੈ। ਇਸ ਰੰਜ ਦੇ ਅੰਦਰ ਅਸੀਂ ਜਿਹੜੇ ਉਨ੍ਹਾਂ ਦੇ ਪਸਮਾਂਦਗਾਨ ਹਨ ਉਨ੍ਹਾਂ ਦੇ ਨਾਲ ਅਪਣੀ ਹਮਦਰਦੀ ਦਾ ਇਜ਼ਹਾਰ ਕਰਦੇ ਹਾਂ।

ਇਸੇ ਤਰ੍ਹਾਂ ਜਿਹੜੀ ਦੂਸਰੀ ਮਹਾਨ ਹਸਤੀ ਸਾਡੇ ਕੋਲੋਂ ਵਿਛੁੱੜ ਗਈ ਹੈ ਉਹ ਹਨ ਸੇਠ

[ਸਰਦਾਰ ਗਿਆਨ ਸਿੰਘ ਰਾੜੇਵਾਲਾ :]

ਸੁਦਰਸ਼ਨ ਸਾਹਿਬ । ਉਹ 1936 ਵਿਚ ਕਾਂਗਰਸ ਐਮ. ਐਲ. ਏ. ਮੁੰਤਖਿਬ ਹੋਏ ਔਰ ਉਸ ਵਕਤ ਦੀ ਅਸੈਂਬਲੀ ਦੇ ਮੈਂਬਰ ਬਣੇ । 1942 ਵਿਚ ਉਨ੍ਹਾਂ ਨੇ ਸਤਿਆਗਰਹਿ ਵਿਚ ਹਿਸਾ ਲਿਆ ਉਹ ਅਸੈਂਬਲੀ ਦੇ ਅੰਦਰ ਸਿਰਫ ਮੈਂਬਰ ਹੀ ਨਹੀਂ ਰਹੇ ਬਲਕਿ ਉਹ ਕਾਂਗਰਸ ਪਾਰਟੀ ਦੇ ਉਸ ਵਕਤ ਚੀਫ ਵ੍ਹਿਪ ਅਤੇ ਉਸ ਤੋਂ ਬਾਦ ਚੀਫ ਪਾਰਲੀਮੈਂਟਰੀ ਸੈਕਟਰੀ ਵੀ ਰਹੇ । ਜਿੰਨੀ ਦੇਰ ਉਹ ਪਬਲਿਕ ਲਾਈਫ ਵਿਚ ਰਹੇ ਉਨ੍ਹਾਂ ਨੇ ਬਿਲਕੁਲ ਬੇਗਰਜ਼ਾਨਾ ਤੌਰ ਤੇ ਦੇਸ਼ ਅਤੇ ਸੂਬੇ ਦੀ ਖਿਦਮਤ ਕੀਤੀ ਉਨ੍ਹਾਂ ਦੀ ਵੀ ਇਸ ਬੇਵਕਤ ਜੁਦਾਈ ਤੇ ਸਾਨੂੰ ਬੜਾ ਸਦਮਾ ਅਤੇ ਰੰਜ ਹੈ ਅਤੇ ਜੋ ਰੰਜ ਉਨ੍ਹਾਂ ਦੇ ਖਾਨਦਾਨ ਦੇ ਮੈਂਬਰਾਂ ਅਤੇ ਪਸਮਾਂਦਗਾਨ ਨੂੰ ਹੈ, ਅਸੀਂ ਉਸ ਵਿਚ ਸ਼ਾਮਿਲ ਹੁੰਦੇ ਹਾਂ ਅਤੇ ਜਿਸ ਤਰ੍ਹਾਂ ਕਿ ਲੀਡਰ ਆਫ ਦੀ ਹਾਊਸ ਨੇ ਕਿਹਾ ਸੀ ਆਪ ਸਾਡੇ ਜਜ਼ਬਾਤ ਉਨ੍ਹਾਂ ਤਕ ਜ਼ਰੂਰ ਪਹੁੰਚਾ ਦਿਉ

ਸ੍ਰੀ ਸਪੀਕਰ : ਜੋ ਦੋ ਮਹਾਨ ਹਸਤੀਆਂ ਇਸ ਜਹਾਨੇ ਫਾਨੀ ਤੋਂ ਚਲੀਆਂ ਗਈਆਂ ਹਨ ਉਨ੍ਹਾਂ ਬਾਰੇ ਕੁਝ ਸ਼ਬਦ ਲੀਡਰ ਆਫ ਦੀ ਹਾਊਸ ਅਤੇ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਕਹੇ ਹਨ ਤੇ ਮੈਂ ਵੀ ਉਨ੍ਹਾਂ ਦੋਵਾਂ ਹਸਤੀਆਂ ਦਾ ਬੜੇ ਨੇੜੇ ਦਾ ਵਾਕਫ ਸੀ । ਸੇਠ ਸੁਦਰਸ਼ਨ ਹੋਰੀ ਤਾਂ ਬਹੁਤ ਦੇਰ ਤਕ 1951-52 ਤਕ ਸਾਡੇ ਨਾਲ ਮੈਂਬਰ ਰਹੇ ਅਤੇ ਚੀਫ ਵ੍ਹਿਪ ਦੇ ਤੌਰ ਤੇ ਕੰਮ ਕਰਦੇ ਰਹੇ । ਜਿਹੜਾ ਕੰਮ ਵੀ ਉਨ੍ਹਾਂ ਦੇ ਸਪੁਰਦ ਕੀਤਾ ਜਾਂਦਾ ਸੀ ਉਸ ਨੂੰ ਉਹ ਬੜੀ ਚੰਗੀ ਤਰ੍ਹਾਂ ਨਿਭਾਂਦੇ ਸੀ । ਉਹ ਇਕ ਬੜੇ ਚੰਗੇ ਸਲਾਹਕਾਰ ਸਨ । ਹਰ ਚੀਜ਼ ਵਿਚ ਵਜ਼ਾਰਤ ਨੂੰ ਬੜੀ ਚੰਗੀ ਸਲਾਹ ਦਿੰਦੇ ਹੁੰਦੇ ਸੀ ਅਤੇ ਮੈਂਬਰਾਂ ਨੂੰ ਵੀ ਜੋ ਤਕਲੀਫਾਂ ਹੁੰਦੀਆਂ ਸਨ ਉਨ੍ਹਾਂ ਨੂੰ ਕਹਿ ਕੇ ਹੀ ਅਸੀਂ ਦੂਰ ਕਰਵਾਉਂਦੇ ਹੁੰਦੇ ਸੀ । ਬਾਅਦ ਵਿਚ ਉਹ ਆਪਣੀ ਪਰਾਈਵੇਟ ਤਜਾਰਤ ਵਿਚ ਚਲੇ ਗਏ ਅਤੇ ਮੇਰਾ ਖਿਆਲ ਹੈ ਉਹ 1952 ਤੋਂ ਬਾਅਦ ਸਿਆਸਤ ਵਿਚ ਨਹੀਂ ਆਏ । ਉਨ੍ਹਾਂ ਹਮੇਸ਼ਾ ਕਾਂਗਰਸ ਵਿਚ ਕੰਮ ਕੀਤਾ ਅਤੇ ਆਪਣੇ ਆਪ ਨੂੰ ਮੁਲਕ ਲਈ ਪੇਸ਼ ਕਰਕੇ ਮੁਲਕ ਦਾ ਨਾਮ ਉਚਾ ਕੀਤਾ । ਸਾਥੋਂ ਐਸੀਆਂ ਹਸਤੀਆਂ ਵਿਛੜ ਗਈਆਂ ਹਨ ਜੋ ਅਸੀਂ ਫਿਰ ਕਦੇ ਨਹੀਂ ਦੇਖ ਸਕਦੇ ।

ਮੁਨਸ਼ੀ ਅਹਿਮਦ ਦੀਨ ਵੀ ਬੜੇ ਚੰਗੇ ਅਤੇ ਉਚ ਖਿਆਲਾਂ ਵਾਲੇ ਸਨ । ਮੈਂ ਉਨ੍ਹਾਂ ਨੂੰ ਜਿੰਨਾ ਦਿਆਨਤਦਾਰ ਪਾਇਆ ਹੈ ਉਤਨਾ ਹੋਰ ਕਿਸੇ ਲੀਡਰ ਨੂੰ ਨਹੀਂ ਦੇਖਿਆ । ਮੁਨਸ਼ੀ ਅਹਿਮਦ ਦੀਨ ਨੇ ਕਦੇ ਸ਼ਿਕਾਇਤ ਨਹੀਂ ਕੀਤੀ ਸੀ ਕਿ ਉਨ੍ਹਾਂ ਦੇ ਪਾਸ ਖਾਣ ਨੂੰ ਰੋਟੀ ਨਹੀਂ ਹੈ ਅਤੇ ਮੇਰਾ ਖਿਆਲ ਹੈ ਕਿ ਉਨ੍ਹਾਂ ਕਈ ਵੇਰੀ ਫ਼ਾਕੇ ਗੁਜ਼ਾਰੇ ਹੋਣਗੇ ਪਰ ਉਨ੍ਹਾਂ ਕਦੀ ਜ਼ਾਹਰ ਨਹੀਂ ਕੀਤਾ । ਅਜਿਹੇ ਦੇਸ਼ ਭਗਤ ਲੋਕਾਂ ਲਈ ਮੈਂ ਸਮਝਦਾ ਹਾਂ ਕਿ ਉਸ ਵੇਲੇ ਦੀ ਸਰਕਾਰ ਨੂੰ ਕੁਝ ਕਰਨਾ ਚਾਹੀਦਾ ਸੀ । ਉਹ ਆਪਣਾ ਫਰਜ਼ ਨਿਭਾ ਗਏ ਹਨ । ਹਿੰਦੁਸਤਾਨ ਦੀ ਆਜ਼ਾਦੀ ਲਈ ਉਨ੍ਹਾਂ ਨੇ ਬਹੁਤ ਕੁਝ ਕੀਤਾ ਆਪਣੀ ਜ਼ਿੰਦਗੀ ਪੇਸ਼ ਕੀਤੀ, ਜੇਲਾਂ ਵਿਚ ਰਹਿਕੇ ਦੁਖ ਸਹੇ, ਬੀਮਾਰੀ ਸਹੇੜੀ ਅਤੇ ਬਹੁਤ ਅਰਸਾ ਬੀਮਾਰ ਰਹਿਕੇ ਇਸ ਜਹਾਨ ਨੂੰ ਛਡ ਗਏ । ਜਿਸ ਤਰਾਂ ਲੀਡਰ ਆਫ ਦੀ ਹਾਊਸ ਅਤੇ ਲੀਡਰ ਆਫ ਦੀ ਆਪੋਜ਼ੀਸ਼ਨ ਨੇ ਕਿਹਾ ਹੈ ਇਹ ਰੈਜ਼ੋਲਿਊਸ਼ਨ ਉਨਾਂ ਦੇ ਵਾਰਸਾਂ ਨੂੰ ਭੇਜੇ ਜਾਣ ਤਾਕਿ ਉਨਾਂ ਨੂੰ ਪਤਾ ਲਗੇ ਕਿ ਅਸੀਂ ਉਨਾਂ ਦੇ ਗਮ ਵਿਚ ਸ਼ਰੀਕ ਹਾਂ । ਹੁਣ ਮੈਂ ਹਾਊਸ ਦੀ ਖਿਦਮਤ ਵਿਚ ਅਰਜ਼ ਕਰਦਾ ਹਾਂ ਕਿ ਅਸੀਂ ਦੋ ਮਿਨਟ ਲਈ ਖ਼ਾਮੋਸ਼ ਖੜੇ ਹੋ ਇਨਾਂ ਦੋਵਾਂ ਹਸਤੀਆਂ ਦੀਆਂ ਰੂਹਾਂ ਲਈ ਮਾਲਕ ਪਾਸ ਅਰਦਾਸ ਕਰੀਏ ਕਿ ਮਾਲਕ ਇਨ੍ਹਾਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਦੇਵੇ ।

(The Leader of the House and the Leader of the Opposition have made obituary references to the deaths of the two great personages

who have left this mortal world. I too had a close association with these two personalities. Seth Sudershan remained a legislator with us for a pretty long time uptil 1951-52 and had been working as Chief Whip of the ruling party. He did full justice to whatever work was entrusted to him. He was an advisor for excellence and always tendered sincere advice to the Ministry in every matter. Any difficulties experienced by the members were got removed through his good offices. Later on he joined his private business. I think he never entered politics after 1952. During all this period he served the Congress and raisd the prestige of our country by dedicating his life to it. We have been deprived of such high personalities whom we may never be able to meet again.

Munshi Ahmad Din was also a noble soul with high ideals. I have not seen such an honest and sincere leader. Munshi Ahmed Din never complained that he was hard up for want of bare necessities of life. I think he must have undergone starvation of many a time but he never mentioned it to any body. I feel that the Government of the day should have done some thing to provide relief to such a patriot. He has done his duty. He made an outstanding contribution to the liberation of his country. He dedicated his life for the cause of freedom; he suffered tribulations of jail life, due to which his health deteriorated and he left this world after a protracted illness. As desired by the Leader of the House and the Leader of the Opposition an extract from the proceedings of the House, Condolence resolution, be sent to the bereaved families to associate our-selves in their grief. Now I will ask the Members of the House to stand in silence for two minutes and pray to the Almighty God for the peace of the departed souls.

The House then stood in silence for two minutes

ADJOURNMENT MOTIONS

Mr. Speaker: Now there are two Adjournment Motions. One is by *Shri Mohinder Singh Gill, M.L.A.....

(*At this stage, Shri Mohinder Singh Gill rose in his seat and started reading his Adjournment Motion.*)

* I beg to ask for leave to make a motion for the adjournment of the business of the House to discuss a matter of urgent public importance, namely, a fire broke out in Gurdwara of Patti Bhorian in village Langeana Nawan, Sub-Tahsil Moga district Ferozepore in which five volumes of the sacred Guru Granth Sahib were burnt and the Gurudwara was reduced to ashes as a result of which the Punjab is feel greatly perturbed. The Punjab Government should pay immediate attention to this serious matter and take the House into confidence in this matter and the culprits should be severely punished.

Sd/- Mohinder Singh Gill, M.L.A.

Mr. Speaker: No. Please sit down. I name you. If you do not sit, then....

(Noise and interruptions)

(*Inspite of repeated orders from the Chair Shri Mohinder Singh Gill did not sit but went on reading. There was noise in the House and nothing was audible.*)

Mr. Speaker: You are obstructing the proceedings of the House. You should withdraw from the House immediately.

(*Even at this stage, Shri Mohinder Singh Gill did not obey the Chair.*)

Mr. Speaker: Shri Mohinder Singh to withdraw from the House for the remainder of the day.

ਮੈਂ ਆਪ ਨੂੰ ਕਹਿੰਦਾ ਹਾਂ ਕਿ ਤੁਸੀਂ ਹਾਊਸ ਦੀਆਂ ਪਰੋਸੀਡਿੰਗਜ਼ ਬਿਲਕੁਲ ਖਰਾਬ ਕੀਤੀਆਂ ਹਨ ਅਤੇ ਆਪ ਨੂੰ ਬਾਕੀ ਵਕਤ ਲਈ ਅਜ ਹਾਊਸ ਤੋਂ ਕਢਿਆ ਜਾਂਦਾ ਹੈ ! (The hon. Member has persistently obstructed proceedings of the House. He should withdraw from the House for the rest of the day.)

ਸਰਦਾਰ ਮਹਿੰਦਰ ਸਿੰਘ ਗਿਲ: * * * * * *

*(*Noise*)* * * (*Interruptions*) * * * *(*Noise*)

ਸ੍ਰੀ ਸਪੀਕਰ: ਜੋ ਕੁਝ ਤੁਸੀਂ ਕਿਹਾ ਹੈ ਉਹ ਰਿਕਾਰਡ ਤੇ ਨਹੀਂ ਆਵੇਗਾ । It will be expunged. (What the hon. Member has said will not form part of the record. It will be expunged.)

(*At this Stage Sardar Mohinder Singh Gill withdrew from the House*)

ਸ੍ਰੀ ਸਪੀਕਰ: ** ਦੂਜੀ ਐਡਜਰਨਮੈਂਟ ਮੋਸ਼ਨ ਕਾਮਰੇਡ ਭਾਨ ਸਿੰਘ ਭੌਰਾ ਦੀ ਹੈ । ਜਦੋਂ ਬਜਟ ਸੈਸ਼ਨ ਹੋਵੇ ਤਾਂ ਇਹ ਮੋਸ਼ਨਜ਼ ਐਲਾਊ ਨਹੀਂ ਕੀਤੀਆਂ ਜਾਂਦੀਆਂ । ਬਜਟ ਤੇ ਡਿਸਕਸ਼ਨ ਵਿਚ ਤੁਸੀਂ ਜੋ ਕੁਝ ਕਹਿਣਾ ਹੋਵੇ ਕਹਿ ਲਉ so, I disallow them both. (The second adjournment motion stands in the name of Comrade Bhan Singh Bhaura. Adjournment motions are not allowed during the Budget Session because the hon. Member has got ample opportunities for raising this matter during the general discussion of the Budget. So I disallow them both.)

ਕਾਮਰੇਡ ਭਾਨ ਸਿੰਘ ਭੌਰਾ: ਸਪੀਕਰ ਸਾਹਿਬ, ਇਹ ਮਾਮਲਾ ਬੜਾ ਸੀਰੀਅਸ ਹੈ । (ਵਿਘਨ)

---

*Expunged as ordered by the Chair.

** I want to move that the House now be adjourned immediately to discuss a matter of urgent public importance, namely, the dismantling of the memorial of martyrs of Phagwara Bomb case by the local police last night. It has caused great resentment and tension among the working class throughout the State and especially at Phagwara. This happened in spite of verbal and written assurance given by the Chief Minister in the presence of Chief Parliamentary Secretary to the deputation of Phagwara workers a few days back.

Sd/- Bhan Singh Bhaura,
M.L.A.

CALL ATTENTION NOTICES

Mr. Speaker: Now we take up Call-attention Notices. The call-attention notice No. 54 stands in the name of Sri A. Vishwa nathan.

Sri A. Vishwanathan: Sir, I beg to draw the attention of the Government through this motion towards the great hardship caused to the public of Ludhiana City as a result of the unnecessary delay by the Government in sanctioning the budget proposals sent by the Ludhiana Municipal Committee in January, 1967 and the consequent suspension of all public works in the city which is threatened with not only epidemics now but serious damage in the coming rainy season if works undertaken are not completed promptly.

Mr. Speaker: It is admitted. The Hon. Minister concerned will make a statement.

The Next Call-Attention Notice No. 63 has been given notice of by Sardar Mohinder Singh Gill.

Voices: He has left the House.

Mr. Speaker; Then we take up Call-Attention Notice No. 64 given by Sardar Gian Singh Rarewala.

The next Call-attention Notice No. 55 stands in the name of Sardar Sikander Singh.

Sardar Sikander Singh: Sir, I beg to draw the attention of the Government to a matter of public importance, namely, the failure of the Punjab Government to request the Government of India to decide the appeals of the Government employees whose domicile is in Punjab against their allocations to other States, Punjab Government have failed to protect the rights of their employees which has resulted in frustratin among them.

Hence this call attention Motion. The Chief Minister be asked to make a statement on it.

Mr. Speaker: It is admitted . The Minister concerned will make a statement.

Sardar Gian Singh Rarewala: Sir, I beg to draw the attention of the Government to a matter of urgent importance, relating to the disappearance of Dr Amarjit Singh, of Patiala, on 13-4-67. This eminent Doctor, who was Principal of Medical College, Patiala, is missing for the last three weeks. While the students are deprived of the guidance of such an eminent Principal, it is causing grave misapprehensions in the minds of the public so far as the law and order situation in this State is concerned. This is, further more, causing immense worry to the kith and kin of Dr. Amarjit Singh. His disappearance and remaining untraced for the last three weeks adversely reflects upon the efficiency of the Police. A statement should, therefore, be made by the Chief Minister, Punjab, on the floor of this House about this very important matter.

Mr. Speaker: It is admitted. The Chief Minister will please make a statement after collecting the evidence.

Next Call-Attention Notice No. 69 has been given by Chaudhri Darshan Singh.

ਸਰਦਾਰ ਸਰਦਾਰ ਸਿੰਘ ਕੋਹਲੀ: ਸਪੀਕਰ ਸਾਹਿਬ, ਮੇਰੀ ਕਾਲ-ਅਟੈਨਸ਼ਨ ਮੋਸ਼ਨ 65 ਨਹੀਂ ਆਈ । ਤੁਸੀਂ ਅਗੇ ਚਲੇ ਗਏ ।

ਸ੍ਰੀ ਸਪੀਕਰ : ਤੁਸੀਂ ਬੈਠ ਜਾਓ । The hon. (Member may please resume his seat.)

ਸਰਦਾਰ ਸਰਦਾਰ ਸਿੰਘ ਕੋਹਲੀ: ਮੇਰਾ ਹਕ ਬਣਦਾ ਹੈ ਕਿ ਮੈਂ 65 ਨੰਬਰ ਦੀ ਮੋਸ਼ਨ ਬਾਰੇ ਪਤਾ ਕਰਾਂ । ਇਸ ਬਾਰੇ ਦੱਸਿਆ ਜਾਵੇ ਤਾਂ ਅਗੇ ਚਲਿਆ ਜਾਵੇ

ਸ੍ਰੀ ਸਪੀਕਰ : ਤੁਹਾਡਾ ਜੋ ਨੋਟਿਸ ਕਾਲ ਅਟੈਨਸ਼ਨ ਮੋਸ਼ਨ ਦਾ ਆਇਆ ਸੀ ਉਸ ਬਾਰੇ ਮੈਂ ਹੋਮ ਸੈਕਟਰੀ ਨੂੰ ਕੰਟੈਕਟ ਕੀਤਾ ਹੈ ਕਿ ਗੌਰਮੈਂਟ ਆਫ ਇੰਡੀਆ ਦਾ ਇਹ ਕਨਸਰਨ ਹੈ ਜਾਂ ਪੰਜਾਬ ਗੌਰਮੈਂਟ ਦਾ ।
(Regarding the notice of the Call-Attention Motion received from the hon. Member, I have contacted the Home Secretary whether it concerns the Government of India or Punjab Government.) (*Interruptions*)

It will be taken up tomorrow.

Chaudhri Darshan Singh: It is for the Speaker to admit. They are never referred to the Government.

Mr. Speaker: I have to enquire whether it is within the purview of the Punjab Government or heGovernment of India, and you are simply saying that they are never referred to Government

Chaudhri Darshan Singh: It is for the Punjab Government to make a statement.

Mr. Speaker: It is not for the Punjab Government to make a statement. It is for me to verify whether it is in my jurisdiction or not.

ਸ਼੍ਰੀ ਪ੍ਰਬੋਧ ਚੰਦਰ: ਮੇਰੀਆਂ ਕਾਲ-ਅਟੈਨਸ਼ਨ ਮੋਸ਼ਨਾਂ ਸਨ 66, 67 ਅਤੇ 68, ਇਨ੍ਹਾਂ ਬਾਰੇ ਕੀ ਕੀਤਾ ਗਿਆ ਹੈ।

ਸ਼੍ਰੀ ਸਪੀਕਰ: ਇਸ ਸਬੰਧੀ ਤੁਹਾਨੂੰ ਜਵਾਬ ਚਲਾ ਗਿਆ ਹੋਣਾ ਹੈ। ਜਵਾਬ ਭੇਜ ਦਿਤਾ ਗਿਆ ਹੈ। (A reply thereto must have reached the hon. Member. The reply has already been sent.)

ਸ਼੍ਰੀ ਪ੍ਰਬੋਧ ਚੰਦਰ: ਮੈਨੂੰ ਤਾਂ ਜਵਾਬ ਮਿਲਿਆ ਨਹੀਂ, ਰਸੀਦ ਵਖਾਉ।

ਸ਼੍ਰੀ ਸਪੀਕਰ: ਮੈਂ enquiry ਕਰ ਲੈਂਦਾ ਹਾਂ। (I will make an enquiry in this connection.)

Chaudhri Darshan Singh : Sir, I beg to draw the attention of the Chief Minister to the following matter of urgent public importance namely, that Dr. Shanti Parkash, M.L.A., was arrested by the Patiala Police in a criminal case and was maltreated by the Police; and was not produced before the Magistrate for a long time and kept in police lock-up. Fur ther P. D. S. P. Patiala made a false statement in the court when the above-mentioned M.L.A was produced. that Dr. Shanti Parkash, M.L.A. has not been arrested, although arrest was made by Reserve Inspector and Dr. Shanti Parkash was taken'' straight to P.D.S.P. office after arrest. This negligence and deliberate attempt to conceal the facts by the Police, further maltreatment by the Pollce particularly to the hon. Member of the House has caused great anxiety among the Public in general and members of this House in particular. Therefore, the Chief Minisier may make a statement on it.

Mr. Speaker: It is admitted. The Chief Minister will please make a statement.

The Next Call-Attention Notice No. 70 stands in the name of Sardar Sikander Singh.

Sardar Sikander Singh : Sir, I beg to draw the attention of the Minister concerned towards the great scarcity of sugar in the rural areas of Gurdaspur District particularly in Sirihargobindpur Block. The people of the area are facing difficulty. This is a matter of great public importance. So I request the honourable Minister for Civil Supplies to inform the House for the situation of shortage of sugar in the State.

Mr Speaker: It is admitted. The Hon. Minister concerned will please make a statement*

The Next Call-Attention Notice No. 71 stands in the name of Shri Harbans Lal Khanna.

**Note*—For statement in reply to call Attention Notice No. 70, please see Appendix to this Debate.

Shri Harbans Lal Khanna: Sir I beg to draw the attention of the Honourable Minister of Education in regard to the situation created by the hunger strike resorted to by the private teachers sociation of the private institutions. This is a serious matter and the Government should explain its position in this regard to set the matter right.

Mr. Speaker: It is admitted. The Minister concerned will make a statement.

Chaudhri Darshan Singh: Is Call-Attention Motion No. 65 pending ?

Mr. Speaker: I have contacted the Home Secretary about the same.

Chaudhri Darshan Singh: Call Attention Motions are never referred to Government.

(*Interruptions*)

Mr. Speaker: Please take your seat.

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, 65 ਨੰਬਰ ਦੀ ਕਾਲ ਅਟੈਨਸ਼ਨ ਵਿਚ ਗੌਰਮੈਂਟ ਨੂੰ ਤਾਂ ਰੈਫਰ ਕਰਨ ਦੀ ਲੋੜ ਨਹੀਂ ਸੀ । ਇਹ ਤੁਸੀਂ ਆਪ ਹੀ ਐਡਮਿਟ ਕਰ ਸਕਦੇ ਹੋ ।

ਸ੍ਰੀ ਸਪੀਕਰ : ਮੇਰੀ ਗੱਲ ਸੁਣ ਲਉ (The hon. Member may please listen to me.)

(ਸਰਦਾਰ ਸਰਦਾਰ ਸਿੰਘ ਕੋਹਲੀ ਵਲੋਂ ਵਿਘਨ)

ਸ੍ਰੀ ਸਪੀਕਰ : ਇਸ ਤਰ੍ਹਾਂ ਖੜੇ ਨਹੀਂ ਹੋ ਜਾਣਾ ਚਾਹੀਦਾ । ਗਲ ਸਾਰੀ ਸੁਣ ਲਉ ਫਿਰ ਜੋ ਕਹਿਣਾ ਹੋਵੇ ਕਹਿਣਾ । (The hon. Member should not stand up like that. He may hear me first and then have his say.)

ਸਰਦਾਰ ਸਰਦਾਰ ਸਿੰਘ ਕੋਹਲੀ : ਮੇਰੀ ਕਾਲ ਅਟੈਨਸ਼ਨ ਬਾਰੇ ਤੁਸੀਂ ਕੁਝ ਦਸਿਆ ਹੀ ਨਹੀਂ । ਇਸ ਤਰ੍ਹਾਂ ਕਿਵੇਂ ਹੋ ਸਕਦਾ ਹੈ ਪਹਿਲਾਂ ਮੈਨੂੰ ਦਸਿਆ ਜਾਵੇ ਕਿ ਉਸਦਾ ਕੀ ਬਣਿਆ ਤੇ ਜੇਕਰ ਤੁਸੀਂ ਮੈਨੂੰ ਵੀ ਹਾਊਸ ਤੋਂ ਬਾਹਰ ਕਢਣਾ ਚਾਹੁੰਦੇ ਹੋ ਤਾਂ ਬੇਸ਼ਕ ਕਢ ਦਿਉ ਪਰ ਇਹ ਨਹੀਂ ਹੋ ਸਕਦਾ ਕਿ ਮੇਰੀ ਕਾਲ ਅਟੈਨਸ਼ਨ ਨਾ ਲਈ ਜਾਵੇ । (ਵਿਘਨ)

ਸ੍ਰੀ ਸਪੀਕਰ : ਜੇਕਰ ਹਾਊਸ ਦੀ ਕਾਰਵਾਈ ਨਾ ਚਲਣ ਦਿਉਗੇ ਤਾਂ ਕਢ ਦੇਵਾਂਗਾ । ਮੈਂ ਬਰਦਾਸ਼ਤ ਨਹੀਂ ਕਰਾਂਗਾ ਕਿ ਕੋਈ ਮੈਂਬਰ ਹਾਊਸ ਦੀਆਂ ਪਰੋਸੀਡਿੰਗਜ਼ ਨੂੰ ਆਬਸਟਰਕਟ ਕਰੇ । ਤੁਹਾਨੂੰ ਸੁਣਾਂ ਤਦ ਜਦ ਕੋਈ ਗਲ ਹੋਵੇ । ਆਰਾਮ ਨਾਲ ਕਾਰਵਾਈ ਨੂੰ ਚਲਣ ਦੇਣਾ ਚਾਹੀਦਾ ਹੈ ਐਵੇਂ ਖੱਪ ਨਹੀਂ ਪਾਈਦੀ ।

(ਸਰਦਾਰ ਸਰਦਾਰ ਸਿੰਘ ਕੋਹਲੀ ਵਲੋਂ ਵਿਘਨ)

ਤੁਹਾਡੀ ਕਾਲ ਅਟੈਨਸ਼ਨ ਐਡਮਿਟ ਕਰਨ ਤੋਂ ਪਹਿਲਾਂ ਇਹ ਪਤਾ ਤਾਂ ਕਰਨਾ ਪੈਣਾ ਸੀ ਕਿ ਸਾਡੀ ਜੁਰਿਸਡਿਕਸ਼ਨ ਵੀ ਇਸ ਤੇ ਹੈ ਕਿ ਨਹੀਂ ।

(If the hon. Member persists in obstructing the proceedings of the House, I would be obliged to ask him to withdraw from the House. I will not tolerate that any hon. Member should obstruct the proceedings of this House. I am prepared to hear the Member if there is anything substantial. Let the proceedings be conducted peacefully; he should not unncessarily make noise.

(ਸਰਦਾਰ ਸਰਦਾਰ ਸਿੰਘ ਕੋਹਲੀ ਵਲੋਂ ਵਿਘਨ)

Before admiting his Call-Attention Motion it was necessary to find out if his motion fell within our Jurisdiction or not.)

ਚੌਧਰੀ ਦਰਸ਼ਨ ਸਿੰਘ : ਅਸੀਂ ਤਾਂ ਇਹ ਪਤਾ ਕਰਨਾ ਸੀ ਕਿ ਕੀ ਮਾਸਟਰ ਤਾਰਾ ਸਿੰਘ ਦਾ ਪਾਸਪੋਰਟ ਪੰਜਾਬ ਸਰਕਾਰ ਨੇ ਇਸ਼ੂ ਕਰਨ ਲਈ ਰਿਕਮੈਂਡ ਕੀਤਾ ਜਾਂ ਨਹੀਂ ।

Mr. Speaker : That can be told tomorrow.

ਚੌਧਰੀ ਦਰਸ਼ਨ ਸਿੰਘ : ਚੀਫ ਮਨਿਸਟਰ ਸਾਹਿਬ ਕਹਿ ਸਕਦੇ ਹਨ । ਰੀਕੁਮੈਂਡੇਸ਼ਨ ਕਰ ਸਕਦੇ ਹਨ .. ..

ਸ੍ਰੀ ਸਪੀਕਰ : ਇਹ ਰੈਕਮੈਂਡੇਸ਼ਨ ਦਾ ਸਵਾਲ ਨਹੀਂ ਹੈ, ਇਹ ਪਾਸਪੋਰਟ ਦੇ ਇਸ਼ੂ ਦਾ ਸਵਾਲ ਹੈ ਕਿ ਪਾਸਪੋਰਟ ਕਿਉਂ ਇਸ਼ੂ ਨਹੀਂ ਕੀਤਾ । ਮੈਨੂੰ ਕਿਸੇ ਆਨਰੇਬਲ ਮੈਂਬਰ ਨੇ ਕਿਹਾ ਹੈ ਕਿ ਪਾਕਸਤਾਨ ਦਾ ਪਾਸਪੋਰਟ ਪੰਜਾਬ ਗਵਰਮੈਂਟ ਵਲੋਂ ਇਸ਼ੂ ਹੋਇਆ ਵੈਲਿਡ ਹੁੰਦਾ ਹੈ,

I have to ascertain whether passport can be issued by the Punjab Government or Government of India. If it is Punjab Government passport then I will certainly allow this. (This is not a question of recommendation. The information was sought as to why the passport had not been issued. I have been told by an hon. Member that a passport issued for Pakistan by the Punjab Government is quite valid. I have to ascertain whether passport can be issued by the Punjab Government or Government of India. If it is Punjab Government passport then I will certainly allow it.)

ਚੌਧਰੀ ਦਰਸ਼ਨ ਸਿੰਘ : ਤੁਸੀਂ ਪਤਾ ਕਰ ਸਕਦੇ ਹੋ, ਤੁਹਾਨੂੰ ਯਾਦ ਹੋਵੇਗਾ ਕਿ ਪਿਛੇ ਜਿਹੇ ਸੈਂਟਰਲ ਸਰਕਾਰ ਦੇ ਮੰਤਰੀ ਸ੍ਰੀ ਵਾਈ. ਬੀ. ਚਵਾਨ ਨੇ ਬਿਆਨ ਦਿਤਾ ਸੀ ਕਿ ਸੂਬਾਈ ਸਰਕਾਰ ਪਾਸਪੋਰਟ ਇਸ਼ੂ ਕਰ ਸਕਦੀ ਹੈ, ਪੰਜਾਬ ਗਵਰਮੈਂਟ ਪਾਸਪੋਰਟ ਇਸ਼ੂ ਕਰ ਸਕਦੀ ਹੈ।

ਜਥੇਦਾਰ ਜੰਗੀਰ ਸਿੰਘ ਢੱਗੂਵਾਲੀਆ : ਤੁਸੀਂ ਏਥੇ ਗਿਟ-ਮਿਟ, ਗਿਟ-ਮਿਟ ਬੋਲੀ ਜਾਂਦੇ ਹੋ, ਪੰਜਾਬੀ ਦੇ ਵਿਚ ਕਿਉਂ ਨਹੀਂ ਬੋਲਦੇ । ਸਾਡੇ ਕੱਖ ਨਹੀਂ ਪੱਲੇ ਪੈ ਰਿਹਾ । ਏਥੇ ਪੰਜਾਬੀ ਸੂਬਾ ਹੈ, ਤੁਸੀਂ ਪੰਜਾਬੀ ਵਿਚ ਬੋਲੋ ਪਰ ਕੋਈ ਵੀ ਪੰਜਾਬੀ ਵਿਚ ਗੱਲ ਨਹੀਂ ਹੋ ਰਹੀ । ਮੈਨੂੰ ਸਖਤ ਅਫਸੋਸ ਹੈ ।

ਸ੍ਰੀ ਸਪੀਕਰ : ਪ੍ਰਬੋਧ ਜੀ, ਤੁਸੀਂ ਕਹਿੰਦੇ ਸੀ ਕਿ ਤੁਹਾਡੀਆਂ ਕਾਲ-ਅਟੈਨਸ਼ਨ ਮੋਸ਼ਨਾਂ ਬਾਰੇ ਜਵਾਬ ਨਹੀਂ ਮਿਲਿਆ । ਇਹ ਤੁਹਾਡੇ ਦਸਤਖਤਾਂ ਦੀ ਇਕ ਚਿਟ, ਜਿਹੜੀ ਕਿ ਰਸੀਦ ਹੈ ਮੇਰੇ ਪਾਸ ਆਈ ਹੈ । (Addressing Shri Prabodh Chandra :- The hon. Member said that he had not received a reply in respect of his Call Attention Motion. Here is a receipt duly signed by him with me.)

ਸ਼੍ਰੀ ਪ੍ਰਬੋਧ ਚੰਦਰ : ਸਪੀਕਰ ਸਾਹਿਬ, ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਮੇਰੀਆਂ ਕਾਲ ਅਟੈਨਸ਼ਨ ਮੋਸ਼ਨਾਂ ਦੇ ਸਬੰਧ ਵਿਚ ਅਲਹਿਦਾ ਸਲੂਕ ਕਿਉਂ ਕੀਤਾ ਜਾਂਦਾ ਹੈ ?

ਸ਼੍ਰੀ ਸਪੀਕਰ : ਮੈਂ ਕਿਸੇ ਕਾਲ-ਅਟੈਨਸ਼ਨ ਮੋਸ਼ਨ ਦੇ ਮੁਤਅੱਲਿਕ ਕੋਈ ਅਲਹਿਦਾ ਹਿਸਾਬ ਕਿਤਾਬ ਨਹੀਂ ਰਖਿਆ । ਆਨਰੇਬਲ ਮੈਂਬਰ ਨੂੰ ਜੇ ਮੈਂ ਕੋਈ ਇਸ ਤਰ੍ਹਾਂ ਦਾ ਜਵਾਬ ਦੇ ਦਿਆਂ ਤਾਂ ਉਹ ਮੁਨਾਸਬ ਨਹੀਂ ਹੋਵੇਗਾ । ਮੋਸ਼ਨਜ਼ ਜੋ ਹਨ ਉਹ ਜਿਸ ਤਰਤੀਬ ਵਿਚ ਆ ਰਹੀਆਂ ਹਨ ਲਈਆਂ ਜਾ ਰਹੀਆਂ ਹਨ । (I do not give preferential treatment to any Call-Attention Motions. If I were to reply the hon. Member in the same strain, then it would not e proper. The motions are dealt with in the same order in which they are received in the Secretariat.)

ਸਰਦਾਰ ਸਰਦਾਰ ਸਿੰਘ ਕੋਹਲੀ :, ਮੇਰੀ ਕਾਲ–ਅਟੈਨਸ਼ਨ ਬਾਰੇ ਕੀ ਜਵਾਬ ਹੈ ਜੀ ?

ਸ਼੍ਰੀ ਸਪੀਕਰ : ਮੈਂ ਤੁਹਾਨੂੰ ਜੋ ਪਹਿਲਾਂ ਕਿਹਾ ਹੈ । (It is the same, what I have already stated.)

ਸ਼੍ਰੀ ਪ੍ਰਬੋਧ ਚੰਦਰ : ਸਪੀਕਰ ਸਾਹਿਬ, ਇਹ ਜਿਹੜੀ ਚਿਟ ਮੈਨੂੰ ਵਿਖਾਈ ਜਾ ਰਹੀ ਹੈ ਇਹ ਬੜੇ ਪ੍ਰਾਣੇ ਦਸਤਖਤ ਹਨ । ਮੇਰੀ ਕਾਲ ਅਟੈਨਸ਼ਨ ਹੋਰ ਹੈ ਜਿਹੜੀ ਕਿ 66 ਨੰਬਰ ਤੇ ਹੈ ।

ਸ਼੍ਰੀ ਸਪੀਕਰ : ਤੁਸੀਂ ਜ਼ਰਾ ਇਸਨੂੰ ਪੜ੍ਹ ਲਉ ।(The hon. member may please read it.)

ਸ਼੍ਰੀ ਹਰਬੰਸ ਲਾਲ ਖੰਨਾ : ਮੇਰੀ ਕਾਲ ਅਟੈਨਸ਼ਨ ਮੋਸ਼ਨ ਦੇ ਮੁਤੱਅਲਿਕ ਕੀ ਹੁਕਮ ਹੈ ਜੀ ?

Mr. Speaker It is admitted. The Minister concerned may please make a statement.

Mr. Speaker : Call attention Notice at Serial No. 62 stands in the name of Sardar Mohinder Singh Gill, but he is not present in his seat.

ਚੌਧਰੀ ਦਰਸ਼ਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ ਸਰ । ਮੇਰਾ ਜਨਾਬ ਪੁਆਇੰਟ ਆਫ਼ ਆਰਡਰ ਇਹ ਹੈ ਕਿ ਸਰਦਾਰ ਮਹਿੰਦਰ ਸਿੰਘ ਗਿਲ ਦੀਆਂ ਕੁਝ ਕਾਲ ਅਟੈਨਸ਼ਨ ਮੋਸ਼ਨਾਂ ਸਨ ਪਰ ਉਹ ਤੁਸੀਂ ਹਾਊਸ ਵਿਚੋਂ ਬਾਹਰ ਕੀਤੇ ਹੋਏ ਹਨ । ਉਨ੍ਹਾਂ ਦੀਆਂ ਕਾਲ ਅਟੈਨਸ਼ਨਾਂ ਦੇ ਮੁਤੱਲਕ ਜੋ ਵੀ ਹੁਕਮ ਦੇਣਾ ਹੋਵੇ ਮੇਰਾ ਖਿਆਲ ਹੈ ਉਹ ਕਲ ਵਾਸਤੇ ਰਖ ਲਿਆ ਜਾਵੇ ।

ਸ਼੍ਰੀ ਸਪੀਕਰ : ਇਨ੍ਹਾਂ ਨੂੰ ਕਲ੍ਹ ਟੇਕ ਅਪ ਕਰ ਲਵਾਂਗੇ (These Call-Attention Notices will be taken up to-morrow).

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਉਨ੍ਹਾਂ ਨੂੰ ਬੁਲਾ ਹੀ ਲੈਣਾ ਚਾਹੀਦਾ ਹੈ । ਉਨ੍ਹਾਂ ਨੇ ਕਾਫ਼ੀ ਸਜ਼ਾ ਭੁਗਤ ਲਈ ਹੈ ।

ਸ੍ਰੀ ਸਪੀਕਰ : ਜੇ ਕੋਈ ਜ਼ਿਮੇਵਾਰੀ ਲੈਂਦਾ ਹੈ ਤਾਂ ਉਸ ਨੂੰ ਬੁਲਾਇਆ ਜਾ ਸਕਦਾ ਹੈ । (In case any hon. Member takes the responsibility, he can be called in.)

(*Noise in the House*)

Sardar Gian Singh Rarewala : Sir, he has to speak on the Budget to-day. He has obeyed your orders. Now he may be called here so that he may speak on the Budget.

श्री अध्यक्ष : आप कहते हैं कि सज़ा भुगत ली है । मैं पूछता हूं कि क्या सज़ा भुगत ली है ? यह क्या हाऊस का डैकोरम है कि बगैर इजाज़त के बोलते जांये और बिठाने पर भी न बैठें । अब इतना किया जा सकता है कि वह हाउस में आ कर पहले रिग्रेट शो करें और इस बात का हाउस को यकीन दिलाएं कि आगे को वह इसके वकार का पूरा ख्याल रखेंगे । (The hon. Member says that he has already been punished. What punishment has he got ? Is this the decorum of this House that one should go on speaking without permission and should not resume his seat despite repeated warnings ? Anyhow, I can permit him to come back in the House, provided he expresses regret for his conduct and assures the House that he will maintain its dignity in future).

Voices from the Treasury Benches : He should show regrets.

ਸ੍ਰੀ ਪ੍ਰਬੋਧ ਚੰਦਰ : ਸਪੀਕਰ ਸਾਹਿਬ, ਉਨ੍ਹਾਂ ਨੂੰ ਬੁਲਾ ਹੀ ਲੈਣਾ ਚਾਹੀਦਾ ਹੈ ।

ਚੌਧਰੀ ਦਰਸ਼ਨ ਸਿੰਘ : ਉਨ੍ਹਾਂ ਨੂੰ ਬੁਲਾ ਲਈਏ, ਜਨਾਬ ।

ਸ੍ਰੀ ਸਪੀਕਰ : ਬੁਲਾ ਲਉ ਜੀ । (The hon. Member may be called in the House.)

ਕਾਮਰੇਡ ਭਾਨ ਸਿੰਘ ਭੌਰਾ : ਸਪੀਕਰ ਸਾਹਿਬ, ਸਾਡੀ ਇਕ ਕਾਲ ਅਟੈਨਸ਼ਨ ਮੋਸ਼ਨ ਸੀ ।

ਸ੍ਰੀ ਸਪੀਕਰ : ਜੋ ਵੀ ਅੱਜ ਹੋ ਸਕੀਆਂ ਹਨ ਉਹ ਕੀਤੀਆਂ ਹਨ, ਬਾਕੀ ਦੀਆਂ ਕਲ੍ਹ ਨੂੰ ਹੋਣਗੀਆਂ । (As many Call Attention Motions have been dealt with to-day as was possible. The remaining Call Attention Motion will be taken up tomorrow.)

श्री विश्वनाथन: मेरी एक प्रिविलेज मोशन जो कि नः 5 पर थी, अभी तक नहीं आई ।

श्री अध्यक्ष: यह भी कल टेक अप होगी। (This will also be taken up to-morrow.)

Papers laid on the Table

Sardar Gurcharan Singh (Chief Parliamentary Secretary) : Sir, I beg to lay on the Table of the House Statements in reply to Call Attention Notices Nos. 56, 61 and 62 from Sarvshri, Mohinder Singh Gill, A. Vishwanathan and Mohinder Singh Gill, M.L.As.

Call Attention Notice No. 56 (For 6 April, 1967)

I beg to draw the attention of the Punjab Government to a serious matter, namely, on the morning of 2nd April, 1967 a number of dacoits looted a Petrol Pump, Octori post and one truck in the Talwandi Bhai Mandi which is a well known town of Ferozepur District, as a result of which panic has spread in the area. There has never been such a daring incident before. The dacoits continued to fire shots inspite of the fact that a mounted Police post exists in the town. No arrest has been made so far. The Government should take the House into confidence in the matter,

sd/—Mohinder Singh Gill,
M. L. A.

Sardar Gurnam Singh : This incident relates to case F. I. R. No. 34 dated 2n April, 1967 U/S 392 I. P. C., P. S. Ghall Khurd.

2. On the night intervening 1/2—4—67 at about 4 P. M. two out of three culprits entered an Octori Post situated on the outskirts of Talwandi Bhai and relieved the Moharrir of the post of Rs. 92/—in cash after threatening him with a pistol. They made the Moharrir to bolt the door of the post from inside and sit queitly. Thereafter the culprits obtained Rs. 85/—and a wrist watch from the occupants of truck who were sleeping in it, which was parked right opposite to the Octori Post . Finally they woke up Bhag Singh who was sleeping in a Petrol Pump in close vicinity and relieved him of Rs. 19/—Thereafter they retreated and when the other persons made noise they fired one shot in the air.

3. One of the culprits was armed with a country-made Pistol and the other two with a kirpan and a drat.

4. Three mounted police men were posted at Talwandi Bhai but their post is at a distance from the spot of crime.

5. The reports of Panic in the area are grossly exaggerated. There have been in the previous year also three serious cases of robbery in Talwandi Bhai.

6. A Deputy Superintendent of Police, is camping at Talwandi Bhai. Vigorous investigation by Inspector C.I.A. is in progress. Intensive patrolling and, nakabandies, have been arranged. Extensive combing of adjoining villages is being carried out, all suspects previous convicts and bad-characters are being thoroughly interrogated. All out efforts are afoot to work out the case.

Call Attention Notice: (by Sri A. Vishwanathan M.L.A.) No. 61 (For 5-5-1967).

Through this motion I wish to draw the attention of the Government and invite a statement from the Minister concerned about the alleged act of sabotage by certain person during the strike of employees of the Punjab Electricity Board which involved throwing of iron chain or chains on electric wire carrying electricity to Ludhiana Power House.

Sardar Lachhman Singh Gill : During the period that most of the non-gazetted employees of the Board abstained from attending their duties by submitting, what they call 'Mass Casual leave applications,' a number of cases of suspected sabotage came to notice. Such cases in respect of Ludhiana which could immediately be ascertained are as follows:—

(i) One iron chain was found on tower No. 361 (circuit No. 1) and one on tower No. 348 (circuit No. 2). Both these circuits were affected and total supply remained cut off from about 9.10 P.M. on 26-4-67 to 9.58 A.M. on 27-4-67.

(ii) In another case one Chain was found near tower No. 165 which affected both the circuits and in consequence there of total supply to Ludhiana was cut off from 7.55 P.M. on 27-4-67 to 5 P.M. on 28-4-67. A line of 45 miles had to be patrolled before the fault was located.

(iii) In yet another case, a chain was found near tower No. 147 which affected both the circuits, and the supply totally remained cut off from 7.07 P. M. on 29-4-67 to 11.53 on 30-4-67.

2. All the 3 cases of suspected sabotage were got registered with the police authorities.

3. It may be mentioned by way of back-ground that in December, 1965, the P.S.E.B. employees Federation of the Board, which is an un-recognised body came out with a so -/- called charter of demands listing 19 demands. This was followed by demand notices listing 10 demands. These demands were considered by the Board in its meeting held on 30-11-66. The Board decided to set up a Pay Revision Committee and also entrust to it for examination other demands regarding grant of free electricity, interest on G. P. Fund as per Bank rate and life insurance of workers on dangerous jobs. In October, 1966 the Federation intimated to the Board that they had decided to launch an agitation in support of their demands. This was followed by a strike by the non-gazetted employees of the Board on 5-1-1967. On a request from the Federation, the then Chairman held a meeting with the representatives of the Federation. At this meeting an agreement was arrived at on all the points. The Board decided to grant interim relief of additional D.A. to the staff drawing pay up to Rs. 1000. It was allso decided to re-constitute to the Pay Revision Committee and entrust to it in addition the demands for House Rent Allowance, Medical Allowance and Dearness Allowance. The representatives of the Federation gave an undertaking not to resort to any agitational approach to their problem. Inspite of this the Federation again gave a call to its members to go on MASS CASUAL LEAVE for two days, on 26th and 27th of April,. On the afternoon

[Chief Parliamentary Secretary]

of 24th April, I went to Patiala and discussed the whole matter with the representatives of the Punjab State Electricity Board Employees Federation. Chairman and other members of the Board were also present. The negotiations lasted for over four hours. The representatives of the employees insisted that their demands be met before Ist of May. They well told that it was not possible, in view of the impending bifurcation of the Board. They were, however, told that the Pay Revision Committee could be revived w.e.f. Ist May, and could be asked to finalise its recommendations within a month. Alternatively the employees of the Board could place their case before the proposed Pay Commission. These offers were not accepted and the Board employees went on 'Mass Casual Leave' on 26th of April. This continued upto 29th of April when the strike was called off. (The Government reiterated its position more than once). The employees resumed their duties w.e.f. 30th of April, 1967.

CALL ATTENTION NOTICE NO. 62

Sardar Mohinder Singh Gill, M.L.A., to draw the attention of the Punjab Government to a matter of urgent public importance namely:- Bhai Anand Singh has committed self-immolation in gurdwara Bahadurpur, District Amritsar. Several doubts and misgivings are prevalent in this regard. The Government should take the House into confidence as to whether the cause of this death was some domestic trouble or some political reason and the letters, if any, written by Bhai Anand Singh before his death to any Sarpanch or any other political leader be laid on the Table of the House so that the mounting misgivings and doubts among the Punjabis be removed.

Sardar Gurnam Singh: On 11-2-67 Ujager Singh Sarpanch of village Bahadurpur along with others reported at police Station Werowal(District Amritsar) that Bhai Nand Singh of village Gurdwara granthi had died by burning in fire inside Gurdwara premises. Inquest revealed that Bhai Nand Singh consigned himself to fire by putting petrol on his body. A letter written in Punjabi left by Bhai Nand Singh does not reveal the cause of suicide. It only contained instructions that his dead body should not be handed over to Police but be cremated in village and sale proceed of his cycle and other household effects be spent on his bhog ceremony.

It has been alleged that Bhai Nand Singh had written a letter before his death to some member of the S. A. Dal (Master group). An alleged photostat of this letter has also been published in some posters in Amritsar. According to this letter Bhai Nand Singh is alleged to have immolated himself to expiate some alleged unful filled immolations. However, authenticity of this letter has not been established. The handwriting also has many points of difference with handwriting in the letter written by Bhai Nand Singh to the Sarpanch. On the other hand, it has also been alleged that Bhai Nand Singh committed suicide because of an unrequited love affair with a married woman.

A copy of the letter written by Bhai Nand Singh to the Sarpanch is attached.

ਕਾਪੀ ਨੰਦ ਸਿੰਘ ਦੇ ਪਤਰ ਦੀ

ੴ ਸਤਿਗੁਰ ਪ੍ਰਸਾਦਿ

ਸ੍ਰੀਮਾਨ ਸਰਪੰਚ ਸਾਹਿਬ ਵ ਮੈਂਬਰ ਸਾਹਿਬ ਪਰੇਮ ਭਰੀ ਫਤਹਿ ਪ੍ਰਵਾਨ ਕਰਨੀ ਬੇਨਤੀ ਹੈ ਕਿ ਆਪ ਨਗਰ ਨਿਵਾਸੀ ਮੈਨੂੰ ਆਪਨਾ ਅੰਜਾਨ ਸੇਵਕ ਸਮਝਕੇ ਮਾਫ ਕਰੋਗੇ ਕਿਉਂ ਕੇ ਮੈਂ ਆਪ ਪਾਸੋਂ ਸਦਾ ਲਈ ਵਿਛੋੜਾ ਦੇ ਚਲਿਆ ਹਾਂ ਆਪ ਸਭ ਨਗਰ ਨਿਵਾਸੀ ਆਪਨਾ ਕੂਕਰ ਸਮਝ ਕੇ ਮਾਫ਼ ਕਰਨਾ ਕਿਉਂ ਕੇ ਮੈਂ ਆਪ ਨਗਰ ਨਿਵਾਸੀਆਂ ਦੀ ਸੇਵਾ ਨਹੀਂ ਕਰ ਸਕਿਆ । ਆਪ ਨੂੰ ਮੇਰੇ ਬਦਲੇ ਕਈ ਆਉਕੜਾਂ ਆਈਆਂ ਹੋਣਗੀਆਂ ਸੋ ਆਪ ਸਭ ਨਗਰ ਨਿਵਾਸੀਆ ਤੋਂ ਮਾਫ਼ੀ ਮੰਗਦਾ ਹਾਂ । ਮੈਨੂੰ ਆਸ ਹੈ ਅਤੇ ਸਭ ਮੈਨੂੰ ਮਾਫ਼ ਕਰੋਗੇ । ਅਗੇ ਜੋ ਆਪ ਨਗਰ ਨਿਵਾਸੀਅ ਨੂੰ ਬੇਨਤੀ ਕਰਦਾ ਹਾਂ ਕਿ ਜੋ ਭੀ ਮੇਰਾ ਸਾਮਾਨ ਹੈ ਤੇ ਸਾਈਕਲ ਹੈ ਏ ਸਭ ਮੇਰੇ ਅਖੰਡ ਪਾਠ ਤੇ ਲਾ ਦੇਣਾ ਤੇ ਮੇਰੀ ਦੇਹ ਪੁਲਿਸ ਦੇ ਹਵਾਲੇ ਨਹੀਂ ਕਰਨੀ ਮੇਰੀ ਦੇਹ ਦਾ ਇਥੇ ਹੀ ਸੰਸਕਾਰ ਕਰਨਾ ਤੇ ਸਰਦਾਰਾ ਸਿੰਘ ਭਲਾਈ ਪੁਰ ਵਾਲੇ ਨੂੰ ਸਦ ਲੈਣਾ ਤੇ ਉਸ ਨੂੰ ਕਹਿਨਾ ਕੇ ਹਾਜਰ ਹੋ ਕੇ ਮੇਰੀ ਦੇਹ ਦਾ ਸੰਸਕਾਰ ਕਰੇ ਤੇ ਕੋਈ ਗੁਸਾ ਗਿਲਾ ਹੋਵੇ ਤੇ ਆਪਣਾ ਛੋਟਾ ਵੀਰ ਸਮਝਕੇ ਮਾਫ ਕਰਨਾ ਮੇਰੀ ਆਖਰੀ ਫਤਹਿ ਹੈ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤਿਹ ।

ਆਪ ਦਾ ਕੂਕਰ
ਨੰਦ ਸਿੰਘ

LEAVE OF ABSENCE

Mr. Speaker I have received the following letter from Sardar Harjinder Singh Behla, M.L.A.—

"As you know, I have been lying in the Post Graduate Medical Institute, Sector 12, for the last more than a month and it will take sometime more to be fully recovered from illness. As such, it is not possible for me to attend the meetings of the Vidhan Sabha. It is, therefore, requested that I may kindly be granted leave of the House for the current session of the Vidhan Sabha."

Has the hon. Member the leave of the House ?

VOICES: Yes.

The leave was granted.

GENERAL DISCUSSION OF THE BUDGET FOR THE YEAR 1967—68 (Resumption)

Mr. Speaker: Now the House will resume General Discussion of the Budget.

ਸਰਦਾਰ ਜਗੀਰ ਸਿੰਘ ਦਰਦ (ਖੰਨਾ. ਐਸ. ਸੀ.) ਕਾਬਲੇ ਏਹਤਰਾਮ ਸਪੀਕਰ ਸਾਹਿਬ, ਅੱਜ ਅਸੀਂ ਬਜਟ ਤੇ ਬਹਿਸ ਕਰ ਰਹੇ ਹਾਂ । ਇਸ ਬਜਟ ਦੇ ਮੁਤਅੱਲਿਕ ਪੰਡਿਤ ਮੋਹਨ ਲਾਲ ਜੀ ਨੇ ਠੀਕ ਹੀ ਕਿਹਾ ਸੀ ਕਿ ਇਹ ਇਕ ਜੁਆਰੀਆਂ ਦਾ ਬਜ਼ਟ ਹੈ (ਵਿਘਨ) ਉਨ੍ਹਾਂ ਨੇ ਸਾਰੇ ਫ਼ੈਕਟਸ ਐਂਰ ਫਿਗਰਜ਼ ਸਾਹਮਣੇ ਲਿਆ ਕੇ ਸਾਰੀ ਚੀਜ਼ ਦੱਸੀ ਸੀ । ਮੈਂ ਸਭ ਤੋਂ ਪਹਿਲਾਂ ਹਰੀਜਨਾਂ ਦੇ ਮਸਲੇ ਤੇ ਆਪਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ (ਵਿਘਨ)

Naming of a Member/Walk out

ਸ੍ਰੀ ਸਪੀਕਰ : ਸਰਦਾਰ ਮਹਿੰਦਰ ਸਿੰਘ ਹੋਰੀਂ ਆ ਗਏ ਹਨ । ਜਿਹੜੀ ਲਿਸਟ ਮੈਨੂੰ ਕਾਂਗਰਸੀ ਬੈਂਚਾ ਵਲੋਂ ਆਈ ਹੈ ਉਸ ਵਿਚ ਉਨ੍ਹਾਂ ਦਾ ਨਾਂ ਨਹੀਂ ਹੈ; ਮੈਨੂੰ ਗਲਤ ਦਸਿਆ ਗਿਆ ਹੈ । (Sardar Mohnider Singh has resumed his seat. His name is not included in the list which I have

[ਸ੍ਰੀ ਸਪੀਕਰ]

received from the Congress Benches. I have been given a wrong information.)

ਸ੍ਰੀ ਬਲਰਾਮ ਜੀ ਦਾਸ ਟੰਡਨ: ਇਸ ਦਾ ਮਤਲਬ ਇਹ ਹੈ ਕਿ ਸਪੀਕਰ ਸਾਹਿਬ ਨੂੰ ਗਲਤ ਇਨਫਾਰਮ ਕੀਤਾ ਗਿਆ ਹੈ । (ਵਿਘਨ)

Shri Prabodh Chandra: Sir, when some names were sent to the Chair, my name was included in that list. I had expressed my inability to speak. It was done at the last moment. So, there was no time to inform the Chair. His name was substituted in my place.

ਇਹ ਚੇਂਜ ਲਾਸਟ ਮੋਮੈਂਟ ਤੇ ਕੀਤੀ ਹੈ । ਤੁਹਾਨੂੰ ਗਲਤ ਦਸਣ ਦਾ ਕੋਈ ਮਤਲਬ ਨਹੀਂ ਸੀ । ਆਪ ਨੂੰ ਲਿਸਟ ਦੇਣ ਦੇ ਬਾਅਦ ਫੈਸਲਾ ਹੋਇਆ ਹੈ । ਅਜਿਹੀ ਕੋਈ ਗਲ ਨਹੀਂ ਹੈ ।

ਸ੍ਰੀ ਸਪੀਕਰ : ਮੈਂ ਇਹ ਗਲ ਕਹੀ ਸੀ ਕਿ ਉਹ ਪਹਿਲੇ ਹਾਊਸ ਵਿਚ ਆ ਕੇ ਕਹਿਣ ਕਿ ਉਹ ਦੋਬਾਰਾ ਕਦੀ ਐਸਾ ਨਹੀਂ ਕਰਨਗੇ । (I had said that he should first assure the House that he would not behave like this in future.

ਪੰਡਿਤ ਮੋਹਨ ਲਾਲ ਜੀ : ਮੈਨੂੰ ਅਫਸੋਸ ਹੈ ਕਿ ਆਪ ਨੇ ਇਹ ਔਬਜ਼ਰਵੇਸ਼ਨ ਕੀਤੀ ਹੈ । ਇਹ ਠੀਕ ਹੈ ਕਿ ਪਹਿਲੇ ਸ੍ਰੀ ਪਰਬੋਧ ਚੰਦਰ ਦਾ ਨਾਂ ਸੀ । ਰਾਤ ਨੂੰ ਸਰਦਾਰ ਮਹਿੰਦਰ ਸਿੰਘ ਦੇ ਨਾਲ ਗਲ ਕਰਕੇ ਉਨ੍ਹਾਂ ਦਾ ਨਾਂ ਰਖਿਆ ਸੀ ਤਾਂ ਹੀ ਲੀਡਰ ਆਫ ਦੀ ਆਪੋਜੀਸ਼ਨ ਨੇ ਇਹ ਕਿਹਾ ਸੀ । ਇਸ ਦੇ ਬਾਰੇ ਇਹ ਕਹਿਣਾ ਕਿ ਉਨ੍ਹਾਂ ਨੇ ਆਪ ਨੂੰ ਗਲਤ ਬਾਤ ਕਹੀ ਹੈ ਜਾਂ ਮਿਸਲੀਡ ਕੀਤਾ ਹੈ, ਮੁਨਾਸਿਬ ਨਹੀਂ ਹੈ——(ਵਿਘਨ) (ਸ਼ੋਰ)

ਇਸ ਦਾ ਕੀ ਮਤਲਬ ਹੈ ਕਿ ਅਸੀਂ ਦੋਬਾਰਾ ਲਿਸਟ ਚੇਂਜ ਹੀ ਨਹੀਂ ਕਰ ਸਕਦੇ ....(Interruptions)

ਸ੍ਰੀ ਸਪੀਕਰ : ਪੰਡਤ ਜੀ, ਜਿਸ ਵੇਲੇ ਇਹ ਗਲ ਕਹੀ ਸੀ ਕਿ ਉਨ੍ਹਾਂ ਨੇ ਬੋਲਣਾ ਹੈ ਤਾਂ ਤੁਸੀਂ ਉਸ ਵਕਤ ਉਨ੍ਹਾਂ ਦਾ ਨਾਂ ਭੇਜ ਦਿੰਦੇ ਤਾਂ ਚੰਗਾ ਹੁੰਦਾ । (Addressing Shri Mohan Lal: when it was stated here that he has to make a speech, then it would have been proper if his name had been intimated to me,)

ਪੰਡਿਤ ਮੋਹਨ ਲਾਲ : ਭੇਜ ਦਿੰਦਾ ਹਾਂ ਜੀ....

(ਵਿਘਨ)

ਸ੍ਰੀ ਬਲਰਾਮ ਜੀ ਦਾਸ ਟੰਡਨ ; ਕੋਈ ਹੋਰ ਰੀਜ਼ਨ ਨਹੀਂ ਮਿਲੀ ਤਾਂ ਇਹ ਕਹਿ ਦਿਤਾ........

ਸ੍ਰੀ ਪ੍ਰਬੋਧ ਚੰਦਰ : ਜੇ ਕਰ ਤੁਹਾਡੀ ਤਸੱਲੀ ਹੁੰਦੀ ਹੈ ਤਾਂ ਅਸੀਂ ਸਾਰੇ ਬਾਹਰ ਚਲੇ ਜਾਂਦੇ ਹਾਂ । ਆਸਮਾਨ ਨਹੀਂ ਗਿਰ ਪੈਂਦਾ । (ਵਿਘਨ) (ਸ਼ੋਰ) ਅਸੀਂ ਸਗੋਂ ਕੋਸ਼ਿਸ਼ ਕਰ ਰਹੇ ਹਾਂ ਕਿ ਐਟਮਾਸਫੀਅਰ ਠੀਕ ਰਹੇ......

ਇਕ ਆਵਾਜ਼ : ਤੁਸੀਂ ਜਾਣ ਬੁਝ ਕੇ ਸ਼ਰਾਰਤ ਕਰਵਾਉਂਦੇ ਹੋ ।

(ਸ਼ੋਰ)

ਸ੍ਰੀ ਪਰਬੋਧ ਚੰਦਰ : ਸਰਦਾਰ ਜੀ, ਉਠ ਕੇ ਗਲ ਕਰਿਆ ਕਰੋ, ਆਪ ਨੂੰ ਐਨੀ ਅਕਲ ਤੇ ਹੋਣੀ ਚਾਹੀਦੀ ਹੈ ।

ਸਰਦਾਰ ਗਿਆਨ ਸਿੰਘ ਰਾੜੇਵਾਲਾ : ਮੈਨੂੰ ਅਫਸੋਸ ਹੈ ਕਿ ਛੋਟੀ ਜਿਹੀ ਬਾਤ ਦਾ ਬਤੰਗੜ ਬਨਾਉਣ ਦੀ ਕੋਸ਼ਸ਼ ਕੀਤੀ ਜਾ ਰਹੀ ਹੈ । ਮੈਨੂੰ ਅਫਸੋਸ ਹੈ ਕਿ ਚੇਅਰ ਦੀ ਤਰਫੋਂ ਰੀਮਾਰਕਸ ਆਏ ਹਨ । ਹਮੇਸ਼ਾ ਪੰਡਤ ਮੋਹਨ ਲਾਲ ਜੀ ਲਿਸਟ ਭੇਜਦੇ ਹਨ ਜੇ ਕਰ ਕੋਈ ਸਪੀਕਰ ਨਾ ਬੋਲਣਾ ਚਾਹੇ ਤਾਂ ਉਸ ਨੂੰ ਸਬਸਟੀਚੂਟ ਕਰ ਸਕਦੇ ਹਨ । ਜਿਸ ਨੂੰ ਚਾਹੁਣ ਬੁਲਾ ਸਕਦੇ ਹਨ, ਜਿਸ ਨੂੰ ਨਾ ਚਾਹੁਣ ਉਸ ਨੂੰ ਨਾ ਬੁਲਾਉਣ ਲੇਕਿਨ ਇਹ ਐਸਪਰਸ਼ਨਜ਼ ਕਾਸਟ ਕਰਨੀਆਂ ਠੀਕ ਨਹੀਂ ਕਿ ਝੂਠ ਬੋਲਿਆ ਗਿਆ ਹੈ ਜਾਂ ਗਲਤ ਕਿਹਾ ਗਿਆ ਹੈ । ਲਿਸਟ ਨੂੰ ਅਸੀਂ ਹਰ ਮਿਨਟ ਚੇਂਜ ਕਰ ਸਕਦੇ ਹਾਂ । Even now and then we can change it for another one. ਅਸੀਂ ਚਾਹੁੰਦੇ ਸਾਂ ਕਿ ਸ੍ਰੀ ਪ੍ਰਬੋਧ ਚੰਦਰ ਬੋਲਣ । ਪਰ ਉਨ੍ਹਾਂ ਨੇ ਆਪਣੀ ਮਾਜ਼ਰਤ ਕਰ ਦਿਤੀ ਹੋਵੇਗੀ । ਪੰਡਤ ਮੋਹਨ ਲਾਲ ਜੀ ਨੂੰ ਉਨ੍ਹਾਂ ਨੇ ਕਹਿ ਦਿਤਾ ਹੋਵੇਗਾ । ਉਨ੍ਹਾਂ ਦੀ ਥਾਂ ਤੇ ਸਰਦਾਰ ਮੋਹਿੰਦਰ ਸਿੰਘ ਹੋਰਾਂ ਨੇ ਬੋਲਣਾ ਸੀ, ਉਹ ਬਾਹਰ ਚਲੇ ਗਏ ਸਨ ਇਸ ਲਈ ਮੈਂ ਉਹ ਗਲ ਕਹੀ ਸੀ । ਇਹ ਮਾਮੂਲੀ ਜਿਹੀ ਗਲ ਸੀ ।

ਸ੍ਰੀ ਸਪੀਕਰ : ਮੈਂ ਕਿਹਾ ਸੀ ਕਿ ਉਨ੍ਹਾਂ ਨੂੰ ਬੁਲਾ ਕੇ ਲੈ ਆਉਣ ਅਤੇ ਉਹ ਆ ਕੇ ਹਊਸ ਨੂੰ ਯਕੀਨ ਦਿਲਾਉਣ ਕਿ ਆਇੰਦਾ ਕਦੀ ਇਸ ਪਰਕਾਰ ਬਗ਼ੈਰ ਪਰਮਿਸ਼ਨ ਦੇ ਨਹੀਂ ਬੋਲਣਗੇ । (I had said that he might be called in but he should assure the House that in future he would not rise to speak without the permission of the Chair.)

(Interruptions, noise)

ਸਰਦਾਰ ਤੀਰਥ ਸਿੰਘ: ਆਨ ਏ ਪੁਆਇੰਟ ਆਫ ਇਨਫ਼ਰਮੇਸ਼ਨ ਸਰ, ਕੋਈ ਮੈਂਬਰ ਪਹਿਲੇ ਆਪਣੇ ਲੀਡਰ ਨੂੰ ਨਾਂ ਨਾ ਬਤਾ ਸਕਿਆ ਹੋਵੇ ਤਾਂ ਕੀ ਉਹ ਉਨ੍ਹਾਂ ਦੀ ਇਜਾਜ਼ਤ ਨਾਲ ਬੋਲ ਨਹੀਂ ਸਕਦਾ ?

ਆਵਾਜ਼ਾਂ: ਬੋਲ ਸਕਦਾ ਹੈ, ਬੋਲ ਸਕਦਾ ਹੈ ।

ਸ੍ਰੀ ਸਪੀਕਰ ਸਰਦਾਰ ਸਾਹਿਬ, ਤੁਸੀਂ ਉਸ ਵਕਤ ਇਥੇ ਨਹੀਂ ਸੀ ਜਿਸ ਵਕਤ ਇਹ ਗਲ ਹੋਈ ਸੀ । ਜਿੰਨੀ ਦੇਰ ਤਕ ਸਪੀਕਰ ਇਜਾਜ਼ਤ ਨਾ ਦੇਵੇ ਉਸ ਨੂੰ ਬੋਲਣ ਦਾ ਹਕ ਹਾਸਲ ਨਹੀਂ ਹੈ । (Addressing Sardar Tirath Singh: the hon. member was not present in the House when this incident took

[Mr. Speaker]

place. Unless the Speaker Permits a member to speak, he cannot speak in the House.)

ਸਰਦਾਰ ਤੀਰਥ ਸਿੰਘ: ਜਿਸ ਵਕਤ ਆਪਨੇ ਲੀਡਰ ਆਫ ਦੀ ਆਪੋਜੀਸ਼ਨ ਨੂੰ ਕਿਹਾ ਕਿ ਮੈਂਬਰ ਦਾ ਨਾਂ ਨਹੀਂ ਤੁਹਾਡੇ ਪਾਸ ਪਹੁੰਚਿਆ

ਸ੍ਰੀ ਸਪੀਕਰ. ਉਹ ਗਲ ਤਾਂ ਖਤਮ ਹੋ ਚੁਕੀ ਹੈ ਤੁਸੀਂ ਸ਼ਾਇਦ ਪਤਾ ਨਹੀਂ ਕਿਸ ਖਿਆਲ ਵਿਚ ਬੈਠੇ ਹੋ (That matter has been closed. The hon. Member was perhaps not attentive.) (ਵਿਘਨ) (ਸ਼ੋਰ)

Yes. A Member has got every right to ask the Speaker to give him time and he will be certainly given time.

ਸਰਦਾਰ ਤੀਰਥ ਸਿੰਘ. ਆਮ ਤੌਰ ਤੇ ਇਹ ਹੁੰਦਾ ਹੈ ਕਿ ਗੌਰਮਿੰਟ ਦੀਆਂ ਜਿਹੜੀਆਂ ਵੀ ਤਜਵੀਜ਼ਾਂ ਹੋਣ ਆਪੋਜੀਸ਼ਨ ਉਨਾਂ ਤੇ ਟੀਕਾ ਟਿਪਣੀ ਕਰਦੀ ਹੈ। ਮੈਂ ਇਕ ਦੋ ਗਲਾਂ ਵਲ ਹਾਊਸ ਦਾ ਧਿਆਨ ਦਿਵਾਉਣਾਂ ਚਾਹੁੰਦਾ ਹਾਂ। ਜਿਹੜੇ ਅਛੇ ਕਦਮ ਸਰਕਾਰ ਨੇ ਉਠਾਏ ਹਨ।

ਸ੍ਰੀ ਸਪੀਕਰ ਮੈਂ ਪਹਿਲਾਂ ਸਰਦਾਰ ਮਹਿੰਦਰ ਸਿੰਘ ਨੂੰ ਕਾਲ ਅਪਾਨ ਕੀਤਾ ਹੈ ਕਿ ਉਹ ਰੀਗਰੈਟ ਕਰਨ। ਅਜੇ ਤਕ ਉਹ ਚੀਜ਼ ਖਤਮ ਨਹੀਂ ਹੋਈ (ਵਿਘਨ) (ਸ਼ੋਰ) ਮੈਂ ਕੋਈ ਗਲ ਉਸ ਵਕਤ ਤਕ ਨਹੀਂ ਸੁਣਾਂਗਾ ਜਦ ਤਕ ਉਹ ਰੀਗਰੈਟ ਨਾ ਕਰਨ ਕਿਉਂ ਜੋ ਉਨਾਂ ਨੂੰ ਇਸੇ ਸ਼ਰਤ ਤੇ ਬੁਲਾਇਆ ਗਿਆ ਹੈ ਕਿ ਉਹ ਪਹਿਲੇ ਹਾਊਸ ਵਿਚ ਕਹਿ ਦੇਣ ਕਿ ਉਹ ਆਇੰਦਾ ਬੀਹੇਵ ਕਰਨਗੇ। (I have called upon Sardar Mahinder Singh that he should express regret. This thing has not finished as yet (Interruption) (noise) I will not hear any thing unless he expresses regret because he has been called in the House on this condition only. He should assure in this House that he would behave properly in future.)

ਚੌਧਰੀ ਦਰਸ਼ਨ ਸਿੰਘ: ਆਪ ਨੇ ਬੋਲਨ ਦੀ ਸ਼ਰਤ ਤੇ ਬੁਲਾਇਆ ਸੀ ਰਿਗਰੈਟ ਕਰਨ ਦੀ ਸ਼ਰਤ ਤੇ ਨਹੀਂ ਬੁਲਾਇਆ ਸੀ !

ਸ੍ਰੀ ਸਪੀਕਰ ਇਹ ਤੁਹਾਡੀ ਆਪਣੀ ਹੀ ਰੂਲਿੰਗ ਹੋਵੇਗੀ। (This may be the hon. member's own ruling.)

ਚੌਧਰੀ ਦਰਸ਼ਨ ਸਿੰਘ ਪਹਿਲੇ ਆਪ ਨੇ ਇਨਸਿਸਟ ਕੀਤਾ ਸੀ ਕਿ ਉਹ ਰੀਗਰੈਟ ਨੇ ਕਰੇ ਫਿਰ ਦੋਬਾਰਾ ਕਹਿਣ ਤੇ ਤੁਸੀਂ ਐਗਰੀ ਕਰ ਗਏ। ਰੀਕਾਰਡ ਕੰਸਲਟ ਕਰ ਲਉ।

ਸ੍ਰੀ ਸਪੀਕਰ : ਮੈਂ ਪਹਿਲੇ ਹੀ ਇਹ ਕਹਿ ਦਿਤਾ ਸੀ ਕਿ ਉਨ੍ਹਾਂ ਨੂੰ ਇਹ ਕਹਿਣਾ ਪਵੇਗਾ

ਕਿ ਉਹ ਆਇੰਦਾ ਐਸਾ ਨਹੀਂ ਕਰਨਗੇ । (I had said then that he would have to assure the House that in future he would not behave like this.)

ਚੌਧਰੀ ਦਰਸ਼ਨ ਸਿੰਘ ਆਪ ਨੇ ਪਹਿਲੇ ਇਹ ਕਿਹਾ ਸੀ ਫਿਰ ਨਹੀਂ ਕਿਹਾ। ਰੀਕਾਰਡ ਵੇਖ ਲਉ ।

ਸ਼੍ਰੀ ਪ੍ਰਬੋਧ ਚੰਦਰ ਮੈਂ ਉਨ੍ਹਾਂ ਦੀ ਜਗ੍ਹਾ ਬਾਹਰ ਚਲਿਆ ਜਾਂਦਾ ਹਾਂ ਉਨ੍ਹਾਂ ਨੇ ਬੋਲਣਾ ਹੈ (ਵਿਘਨ)

ਸ੍ਰੀ ਸਪੀਕਰ ਸਰਦਾਰ ਮਹਿੰਦਰ ਸਿੰਘ ਜੇਕਰ ਤੁਸਾਂ ਆਪਣੇ ਆਪ ਨੂੰ ਇਸ ਤਰਾਂ ਹੀ ਰਖਣਾ ਹੈ ਤਾਂ ਮਿਹਰਬਾਨੀ ਕਰਕੇ ਬਾਹਰ ਤਸ਼ਰੀਫ ਲੈ ਜਾਉ । (Addressing Sardar Mohinder Singh if the hon. member is adamant in not expressing regrets then he should please with draw from the House)

ਸਰਦਾਰ ਮਹਿੰਦਰ ਸਿੰਘ ਗਿਲ : ਮੈਂ ਪਹਿਲੇ ਜ਼ਰੂਰ ਤੁਹਾਡਾ ਹੁਕਮ ਮਨਕੇ ਬਾਹਰ ਚਲਿਆ ਗਿਆ ਸੀ । ਆਇਆ ਮੈਂ ਇਸ ਲਈ ਹਾਂ ਕਿ ਕਿਹਾ ਗਿਆ ਸੀ ਕਿ ਸਪੀਕਰ ਸਾਹਿਬ ਨੇ ਮੈਨੂੰ ਬੁਲਾਇਆ ਹੈ ਇਸ ਲਈ ਆ ਗਿਆ ਹਾਂ । ਹੁਣ ਮੈਂ ਬਾਹਰ ਨਹੀਂ ਜਾਵਾਂਗਾ ।

ਸ਼੍ਰੀ ਸਪੀਕਰ: ਮੈਂ ਤੁਹਾਨੂੰ ਬੁਲਾਇਆ ਇਸ ਸ਼ਰਤ ਤੇ ਸੀ ਕਿ ਤੁਸੀਂ ਹਾਊਸ ਵਿਚ ਆ ਕੇ ਕਹੋਗੇ ਕਿ ਮੈਂ ਆਇੰਦਾ ਐਸਾ ਨਹੀਂ ਕਰਾਂਗਾ ਅਤੇ ਡਿਸਿਪਲਿਨ ਵਿਚ ਰਹਾਂਗਾ। ਜੇਕਰ ਤੁਸੀਂ ਇਸ ਤਰ੍ਹਾਂ ਨਹੀਂ ਕਰੋਗੇ ਤਾਂ ਮੈਨੂੰ ਮਜਬੂਰਨ ਮਾਰਸਲ ਨੂੰ ਭੇਜਣਾ ਪਵੇਗਾ। (The hon. member was called in on the condition that he would express regret and assure the House that he would not behave like that in future and maintain discipline. If the hon. member does not do this then I will be compelled to send the Marshal.)

ਸਰਦਾਰ ਮਹਿੰਦਰ ਸਿੰਘ ਗਿਲ: ਮੈਂ ਕੋਈ ਅਜਿਹੀ ਗਲ ਨਹੀਂ ਕੀਤੀ ਜਿਸ ਦੀ ਮਾਫੀ ਮੰਗਾ ।ਮੈਂ ਤਾਂ ਇਹ ਕਿਹਾ ਸੀ ਕਿ ਗੁਰਦੁਆਰੇ ਨੂੰ ਅਗ ਲਗੀ ਸੀ ।

ਸ੍ਰੀ ਸਪੀਕਰ : ਮੈਂ ਅਪਣੇ ਮਾਰਸ਼ਲ ਨੂੰ ਹਿਦਾਇਤ ਕਰਦਾ ਹਾਂ ਕਿ ਆਪ ਨੂੰ ਪਕੜ ਕੇ ਹਾਊਸ ਵਿਚੋਂ ਬਾਹਰ ਕਢ ਦਿੱਤਾ ਜਾਵੇ । (I direct the Marshal that he should remove the hon. Member from the House.)

ਇਸ ਸਮੇਂ ਮਾਰਸ਼ਲ ਨੇ ਆਨਰੇਬਲ ਮੈਂਬਰ, ਸਰਦਾਰ ਮਹਿੰਦਰ ਸਿੰਘ ਗਿੱਲ ਪਾਸ ਆਉਣ ਲਈ ਤੁਰਨਾ ਸ਼ੁਰੂ ਕੀਤਾ)

ਆਪੋਜੀਸ਼ਨ ਬੈਂਚਿਜ਼ ਵੱਲੋਂ ਆਵਾਜ਼ਾਂ : ਅਸੀਂ ਸਾਰੇ ਬਾਹਰ ਜਾਂਦੇ ਹਾਂ ।

(ਸਾਰੀ ਆਪੋਜ਼ੀਸ਼ਨ ਵਾਕ ਆਊਟ ਕਰ ਗਈ ਅਤੇ ਟਰੈਜ਼ਰੀ ਬੈਂਚਿਜ਼ ਵੱਲੋਂ ਜ਼ੋਰਦਾਰ ਥਪਿੰਗ ਹੋਈ ।)

ਮੁਖ ਮੰਤਰੀ : ਹੁਣ ਆਉਣਾ ਨਾ ਇਸ ਸੈਸ਼ਨ ਵਿਚ ਤਾਕਿ ਛੇਤੀ ਕੰਮ ਮੁਕਾ ਲਈਏ । (ਸ਼ੋਰ)

GENERAL DISCUSSION ON THE BUDGET FOR THE YEAR 1967-68 (RESUMPTION)

ਸ੍ਰੀ ਮਨਮੋਹਨ ਕਾਲੀਆ (ਜਾਲੰਧਰ-ਦਖਣ) : ਸਪੀਕਰ ਸਾਹਿਬ, ਕਲ ਮੇਰੇ ਫ਼ਾਜ਼ਿਲ ਦੋਸਤ ਚੌਧਰੀ ਦਰਸ਼ਨ ਸਿੰਘ ਨੇ ਜਿੱਥੇ ਯੂਨਾਈਟਿਡ ਫ਼ਰੰਟ ਦੀ ਗੌਰਮੈਂਟ ਨੂੰ ਟ੍ਰਿਬਿਊਟ ਪੇ ਕੀਤਾ ਉਥੇ ਨਾਲ ਹੀ ਨਾਲ ਖਤਮ ਹੋ ਗਈ ਕਾਂਗਰਸ ਗੌਰਮਿੰਟ ਨੂੰ ਹੋਮੇਜ ਵੀ ਪੇ ਕੀਤਾ ਸੀ ਔਰ ਮੂਲ ਮੁਦੱਾ ਇਹ ਸੀ ਕਿ ਪਿਛਲੀ ਕਾਂਗਰਸ ਹਕੂਮਤ ਕੌਮ ਨੂੰ ਇਨ੍ਹਾਂ 20 ਸਾਲਾਂ ਵਿਚ ਕਿਤਨੀ ਗਿਰਾਵਟ ਵਿਚ ਲੈ ਆਈ ਹੈ । (ਸਰਕਾਰੀ ਬੈਂਚਾਂ ਵਲੋਂ ਤਾੜੀਆਂ) ਸਪੀਕਰ ਸਾਹਿਬ, ਜਿਸ ਵਕਤ ਹਿੰਦੁਸਤਾਨ ਦਾ ਵਿਧਾਨ ਬਣਿਆ ਔਰ ਉਸ ਉਤੇ ਡਾਕਟਰ ਰਾਜਿੰਦਰ ਪ੍ਰਸਾਦ ਜੀ ਨੇ ਭਾਸ਼ਨ ਦਿਤੱਾ ਕਾਂਸਟੀਚੂਐਂਟ ਅਸੈਂਬਲੀ ਵਿਚ ਤਾਂ ਉਨ੍ਹਾਂ ਨੇ ਕਿਹਾ ਸੀ ਕਿ ਭਾਵੇਂ ਸਾਡਾ ਇਹ ਵਿਧਾਨ ਬੜਾ ਵਡਾ ਬਣ ਗਿਆ ਹੈ ਫਿਰ ਵੀ ਅਸਾਂ ਥੋੜੀਆਂ ਜਹੀਆਂ ਰਵਾਇਤਾਂ ਔਰ ਕਨਵੈਨਸ਼ੰਨਜ਼ ਰਖਣੀਆਂ ਹਨ ਤਾਂ ਕਿ ਹਕੂਮਤ ਚੰਗੀ ਤਰ੍ਹਾਂ ਨਾਲ ਚਲਦੀ ਰਹੇ ਔਰ ਦੇਸ਼ ਜਲਦੀ ਤੋਂ ਜਲਦੀ ਤਰੱਕੀ ਦੇ ਰਾਹ ਤੇ ਅੱਗੇ ਵਧੇ । ਲੇਕਿਨ ਇਨ੍ਹਾਂ ਪਿਛਲੇ 20 ਸਾਲਾਂ ਵਿਚ ਇਨ੍ਹਾਂ ਨੇ ਕੀ ਰਵਾਇਤਾਂ ਬਣਾਈਆਂ ਉਨ੍ਹਾਂ ਬਾਰੇ ਜ਼ਿਆਦਾ ਨਾ ਕਹਿੰਦਾ ਹੋਇਆ ਮੈਂ ਸਿਰਫ਼ ਇਕੋ ਫ਼ਿਕਰੇ ਵਿਚ ਖਤਮ ਕਰ ਦੇਂਦਾ ਹਾਂ । ਜਿਸ ਵਕਤ ਕਾਂਸਟੀਚੂਸ਼ਨ ਲਾਗੂ ਕੀਤੀ ਗਈ ਤਾਂ ਉਸ ਵਕਤ ਜਿਹੜੀ ਡੈਮੋਕਰੇਸੀ ਰਖੀ ਸੀ ਉਹ ਲਿਨਕਨ ਦੀ ਡੈਫ਼ੀਨੀਸ਼ਨ ਵਾਲੀ ਸੀ ਯਾਨੀ " ਗਵਰਨਮੈਂਟ ਬਾਈ ਦੀ ਪੀਪਲ, ਫ਼ਾਰ ਦੀ ਪੀਪਲ ਐਂਡ ਆਫ਼ ਦੀ ਪੀਪਲ" ਮਗਰ ਸਪੀਕਰ ਸਾਹਿਬ, ਇਨ੍ਹਾਂ ਦੇ ਵੀਹ ਵਰ੍ਹਿਆਂ ਦੇ ਰਾਜ ਵਿਚ ਡੈਫ਼ੀਨੀਸ਼ਨ ਤਾਂ ਇਹੋ ਰਹੀ ਮਗਰ ਸਪੈਲਿੰਗਜ਼ ਵਿਚ ਤਬਦੀਲੀ ਆ ਗਈ । 'ਬਾਈ' ਦਾ ਸਪੈਲਿੰਗ by ਦੀ ਥਾਂ buy ਹੋ ਗਿਆ 'ਫ਼ਾਰ' ਦਾ ਸਪੈਲਿੰਗ for ਦੀ ਥਾਂ far ਹੋ ਗਿਆ ਔਰ ਇਸੇ ਤਰ੍ਹਾਂ 'ਆਫ਼' ਦਾ ਸਪੈਲਿੰਗ ਬਦਲ ਕੇ of ਦੀ ਥਾਂ off ਹੋ ਗਿਆ । ਨਤੀਜਾ ਇਹ ਹੋਇਆ ਕਿ ਉਹ ਗੌਰਮੈਂਟ buy ਦੀ ਪੀਪਲ ਹੋ ਗਈ, far ਦੀ ਪੀਪਲ ਹੋ ਗਈ ਅਤੇ off ਦੀ ਪੀਪਲ ਹੋ ਗਈ ਤਾਂ ਲੋਕਾਂ ਨੇ ਵੀ ਉਨ੍ਹਾਂ ਨੂੰ ਆਪੋਜ਼ੀਸ਼ਨ ਵਿਚ ਭੇਜ ਦਿੱਤਾ ਔਰ ਅਵਾਮੀ ਨੁਮਾਇੰਦਿਆਂ ਨੂੰ ਉਨ੍ਹਾਂ ਨੇ ਇਨ੍ਹਾਂ ਟਰੇਯਰੀ ਬੈਂਚਾਂ ਉਤੇ ਭੇਜਿਆ ਤਾਕਿ ਉਨ੍ਹਾਂ ਦੇ ਮੁਫ਼ਾਦ ਦੀ ਸਹੀ ਤਰਜਮਾਨੀ ਹੋ ਸਕੇ । ਸਵਾਲ ਇਹ ਹੈ ਕਿ ਜ਼ਮਹੂਰੀਅਤ ਵਿਚ ਪਾਰਟੀ ਪਰਧਾਨ ਨਹੀਂ ਹੋਇਆ ਕਰਦੀ ਬਲਕਿ ਰੂਲ ਆਫ਼ ਲਾ ਪਰਧਾਨ ਹੋਇਆ ਕਰਦਾ ਹੈ । ਇਨ੍ਹਾਂ 20 ਸਾਲਾਂ ਵਿਚ ਕਾਂਗਰਸ ਨੇ ਸਭ ਤੋਂ ਵਡਾ ਇੰਪਰੈਸ਼ਨ ਲੋਕਾਂ ਨੂੰ ਇਹ ਦਿਤਾ ਕਿ ਮੁਲਕ ਵਿਚ ਕਾਂਗਰਸ ਦੀ ਹਕੂਮਤ ਹੈ, ਕਾਂਗਰਸ ਦਾ ਰਾਜ ਹੈ ਰੂਲ ਆਫ਼ ਲਾ ਦਾ ਨਹੀਂ । ਸਪੀਕਰ ਸਾਹਿਬ, ਅਸਲੀਅਤ ਇਹ ਹੈ ਕਿ ਪਰੀਡਾਮੀਨੈਂਟ ਰੋਲ ਕਾਨੂੰਨ ਦਾ ਹੁੰਦਾ ਹੈ ਕਿਸੇ ਪਾਰਟੀ ਦਾ ਨਹੀਂ । ਮੈਨੂੰ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਆਜ਼ਾਦੀ ਤੋਂ ਬਾਅਦ ਹਿੰਦੁਸਤਾਨ ਦੇ ਲੋਕ ਇਹ ਮਹਿਸੂਸ ਕਰਨ ਲਗ ਪਏ ਸਨ ਕਿ ਮੁਲਕ ਵਿਚ ਕਾਂਗਰਸ ਦਾ ਰਾਜ ਹੈ ਔਰ ਇਨ੍ਹਾਂ ਨੇ ਬਜਾਏ ਕਾਨੂੰਨ ਦੀ ਸਥਾਪਨਾ ਕਰਨ ਦੇ ਜਿਤਨੀ ਵਧ ਤੋਂ ਵਧ ਹੋ ਸਕਦੀ ਸੀ ਕਾਨੂੰਨ ਦੀ ਦੁਰਗਤ ਕੀਤੀ ।

ਜਿਹੜੀ ਦੂਜੀ ਗੱਲ ਕਾਂਗਰਸ ਪਾਰਟੀ ਨੇ ਆਪਣੀ ਹਕੂਮਤ ਵਿਚ ਕੀਤੀ ਉਹ ਵੀ ਮੈਂ ਆਪ ਨੂੰ ਦਸਦਾ ਹਾਂ। ਡਾਕਟਰ ਹਰਦਿਆਲ ਨੇ ਅੰਗਰੇਜ਼ਾਂ ਦੀ ਪਾਲੀਸੀ ਬਾਰੇ ਇਹ ਕਿਹਾ ਸੀ ਕਿ ਇਹ ਡੀਵਾਈਡ ਐਂਡ ਰੂਲ ਦੀ ਪਾਲੀਸੀ ਹੈ ਯਾਨੀ ਫੁੱਟ ਪਾਓ ਔਰ ਰਾਜ ਕਰੋ। ਔਰ ਕਾਂਗਰਸ ਦੇ ਰਾਜ ਵਿਚ ਕੀ ਪਾਲੀਸੀ ਰਹੀ ਹੈ ? "ਡੀਵਾਈਡ ਐਂਡ ਮਿਸਰੂਲ" (ਸਰਕਾਰੀ ਬੈਂਚਾਂ ਵੱਲੋਂ ਤਾੜੀਆਂ) ਇਹ ਤਾਂ ਅੰਗਰੇਜ਼ਾਂ ਕੋਲੋਂ ਵੀ ਵਧ ਗਏ ਔਰ ਉਸ ਦੀ ਇਕ ਮਸਾਲ ਬਿਲਕੁਲ ਆਪ ਦੇ ਸਾਹਮਣੇ ਹੈ ਕਿ ਜਿਸ ਵਕਤ ਪੰਡਿਤ ਮੋਹਨ ਲਾਲ ਜੀ ਨੇ ਬਜਟ ਉਤੇ ਤਕਰੀਰ ਕੀਤੀ, ਕ੍ਰਿਟੀਸਿਜ਼ਮ ਕੀਤਾ ਤਾਂ ਇਨ੍ਹਾਂ ਨੇ ਕੋਈ ਕੰਸਟਰਕਟਿਵ ਪੁਆਇੰਟ ਨਹੀਂ ਸਾਹਮਣੇ ਰਖਿਆ, ਕੋਈ ਤਾਮੀਰੀ ਨੁਕਤਾ ਨਹੀਂ ਰਖਿਆ ਜਿਸ ਤੋਂ ਇਹ ਦਸ ਸਕਦੇ ਕਿ ਅਸੀਂ ਇਹ ਚਾਹੁੰਦੇ ਹਾਂ ਔਰ ਇਸ ਤਰ੍ਹਾਂ ਨਹੀਂ ਇਸ ਤਰ੍ਹਾਂ ਹੋਣਾ ਚਾਹੀਦਾ ਹੈ। 20 ਸਾਲ ਤਕ ਜਨਤਾ ਨੇ ਕਾਂਗਰਸ ਨੂੰ ਬਤੌਰ ਪਾਰਟੀ ਇਨ ਪਾਵਰ ਵੇਖਿਆ ਹੁਣ ਕਾਂਗਰਸ ਪਾਰਟੀ ਤਸਵੀਰ ਦੇ ਦੂਸਰੇ ਰੁਖ ਵਿਚ ਹੈ ਔਰ ਆਪੋਜ਼ੀਸ਼ਨ ਵਿਚ ਬੈਠੀ ਹੋਈ ਹੈ। ਲੋਕ ਇਹ ਆਸ ਕਰਦੇ ਸੀ ਕਿ ਕਾਂਗਰਸ ਨੂੰ ਟਰੈਯ਼ਰੀ ਬੈਂਚਿਜ਼ ਦੇ ਰੋਲ ਬਾਬਤ ਤਾਂ ਪਤਾ ਹੀ ਹੈ ਆਪੋਜ਼ੀਸ਼ਨ ਵਿਚ ਆਕੇ ਅਪਣੇ ਤਜਰਬੇ ਦਾ, ਜਿਹੜਾ ਕਿ ਉਸ ਨੇ ਗੌਰਮੈਂਟ ਵਿਚ ਰਹਿ ਕੇ ਹਾਸਲ ਕੀਤਾ, ਫ਼ਾਇਦਾ ਉਠਾਂਦਿਆਂ ਹੋਇਆਂ ਆਪੋਜ਼ੀਸ਼ਨ ਵਿਚ ਵੀ ਸੂਝਬੂਝ ਨਾਲ ਰੋਲ ਪਲੇ ਕਰੇਗੀ ਲੇਕਿਨ ਇਹ ਵੇਖ ਕੇ ਨਿਹਾਇਤ ਅਫ਼ਸੋਸ ਹੋਇਆ ਹੈ ਕਿ ਸਿਵਾਏ ਨੁਕਤਾਚੀਨੀ ਖਾਤਰ ਨੁਕਤਾਚੀਨੀ ਕਰਨ ਦੇ ਔਰ ਇਰਰੈਲੇਵੈਂਟ ਨੁਕਤਾਚੀਨੀ ਦੇ ਇਨ੍ਹਾਂ ਨੇ ਕੋਈ ਚੰਗਾ ਰੋਲ ਪਲੇ ਕਰਕੇ ਲੋਕਾਂ ਨੂੰ ਨਹੀਂ ਦਸਿਆ। ਉਨ੍ਹਾਂ ਨੂੰ ਪਤਾ ਹੈ ਕਿ ਇਸ ਯੂਨਾਈਟਿਡ ਫਰੰਟ ਦੀ ਗੌਰਮੈਂਟ ਨੇ ਕੁਝ ਬੁਨਿਆਦੀ ਅਸੂਲਾਂ ਨੂੰ ਮੰਨ ਕੇ ਹੀ ਆਪਣਾ ਕਾਰਜ ਅਰੰਭ ਕੀਤਾ ਹੈ-"ਨੁਕਤੀ ਪ੍ਰੋਗਰਾਮ ਲੈ ਕੇ ਜਨਤਾ ਦੇ ਸਾਹਮਣੇ ਆਈ ਹੈ। ਇਸ ਵਿਚ ਕੁਝ ਪੁਲੀਟੀਕਲ ਪਾਰਟੀਆਂ ਹਨ ਜਿਨ੍ਹਾਂ ਨੇ ਆਪਣਾ ਬਰਾਡ ਪ੍ਰੋਗਰਾਮ ਛਡ ਕੇ ਸੂਬੇ ਨੂੰ ਚੰਗੀ ਤੇ ਸੁਚਜੀ ਗੌਰਮੈਂਟ ਦੇਣ ਲਈ ਇਕ ਮਿਨੀਮਮ ਪ੍ਰੋਗਰਾਮ ਤੇ ਐਗਰੀ ਕੀਤਾ ਹੈ ਲੇਕਿਨ ਇਸ ਕਾਂਗਰਸ ਪਾਰਟੀ ਦੀ ਉਹੀ ਡੀਵਾਈਡ ਐਂਡ ਮਿਸਰੂਲ ਵਾਲੀ ਪਾਲੀਸੀ ਕਿ ਇਨ੍ਹਾਂ ਪਾਰਟੀਜ਼ ਵਿਚ ਕਿਸੇ ਨਾ ਕਿਸੇ ਤਰੀਕੇ ਨਾਲ ਫੁਟ ਪਾਈ ਜਾਵੇ, ਇਨ੍ਹਾਂ ਨੂੰ ਉਖਾੜਿਆ ਜਾਵੇ। ਕਦੇ ਤਾਂ ਸਟੇਟ ਟਰੇਡਿੰਗ ਦੀ ਗੱਲ ਲੈ ਆਉਂਦੇ ਹਨ, ਕਦੀ ਜ਼ਬਾਨ ਦਾ ਸਵਾਲ ਖੜਾ ਕਰ ਦਿੰਦੇ ਹਨ ਔਰ ਕਦੇ ਚੰਡੀਗੜ੍ਹ ਟੈਰੇਟਰੀ ਦਾ ਮਾਮਲਾ ਖੜਾ ਕਰ ਦਿੰਦੇ ਹਨ। ਮੁੱਦਾ ਇਨ੍ਹਾਂ ਦਾ ਇਹ ਹੈ ਕਿ ਪਿੰਨ ਪ੍ਰਿਕਿੰਗ ਕੀਤੀਆਂ ਜਾਣ ਤਾਕਿ ਇਹ ਇਥੋਂ ਇਨ੍ਹਾਂ ਬੈਂਚਾਂ ਤੋਂ ਚਲੇ ਜਾਣ। ਲੇਕਿਨ ਉਨ੍ਹਾਂ ਨੂੰ ਇਸ ਗੱਲ ਦਾ ਵੀ ਪਤਾ ਹੋਣਾ ਚਾਹੀਦਾ ਹੈ ਕਿ ਹੁਣ ਉਨ੍ਹਾਂ ਦਾ ਕੋਈ ਹਰਬਾ ਕਾਮਯਾਬ ਨਹੀਂ ਹੋ ਸਕਦਾ ਔਰ ਜਨਤਾ ਦੇ ਵਿਚ ਜਿਹੜੀ ਯੂਨਿਟੀ ਆ ਗਈ ਹੈ ਇਸ ਨੂੰ ਇਹ ਭੰਗ ਕਦੇ ਨਹੀਂ ਕਰ ਸਕਦੇ। (ਸਰਕਾਰੀ ਬੈਂਚਾਂ ਵੱਲੋਂ ਥਪਿੰਗ)

ਪੰਡਿਤ ਜੀ ਨੇ ਕਿਹਾ ਹੈ ਕਿ ਇਹ ਜਿਹੜਾ ਬਜਟ ਪੇਸ਼ ਹੋਇਆ ਹੈ ਇਹ ਜਵਾਰੀਏ ਦਾ ਬਜਟ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਵਾਰੀਏ ਦਾ ਨਹੀਂ ਬਲਕਿ ਐਡਵੈਂਨਚਰਸ ਔਰ ਇਕ ਮਾਰਕਾਖੇਜ਼ ਬਜਟ ਹੈ। ਇਸ ਵਿਚ ਜਿਹੜਾ ਗੈਪ ਰਹਿ ਗਿਆ ਹੈ ਇਸ ਨੂੰ ਅਵਾਮੀ ਸਰਕਾਰ ਨੇ ਬੜੇ ਹੌਂਸਲੇ ਦੇ ਨਾਲ ਪੂਰਾ ਕਰਨਾ ਹੈ। ਖਰਚਾਂ ਨੂੰ ਘਟਾ ਕੇ ਅਤੇ ਕਰਜ਼ਿਆਂ ਦੀ ਵਸੂਲੀ ਕਰਕੇ ਅਸੀਂ ਇਸ ਡਿਫਿਸਿਟ ਦਾ ਜਿਹੜਾ ਈਫੈਕਟ ਹੈ ਉਸ ਨੂੰ ਆਫਸੈਟ ਕਰ ਦਿਆਂਗੇ। ਪਰ ਇਕ ਗੱਲ ਮੈਨੂੰ ਬੜੇ ਅਫ਼ਸੋਸ ਨਾਲ ਕਹਿਣੀ ਪੈਂਦੀ ਹੈ ਕਿ ਸੈਂਟਰਲ ਗੌਰਮੈਂਟ ਦਾ ਰਵਯਾ ਇਸ ਪੰਜਾਬ ਦੀ ਨਵੀਂ ਸਰਕਾਰ ਦੇ ਪ੍ਰਤੀ ਕੋਈ ਸਰਾਹਨਾ ਯੋਗ ਨਹੀਂ ਉਸ ਨੇ ਜਿਹੜੀ ਇਸ ਸਾਲ ਵਿਚ 22 ਕਰੋੜ ਰੁਪਏ ਦੀ ਮੱਦਦ ਦੇਣ ਦਾ ਵਚਨ ਕੀਤਾ ਹੋਇਆ ਸੀ ਉਸ ਵਿਚ ਸਾਢੇ ਸਤ ਕਰੋੜ ਦਾ ਕੱਟ ਲਗਾ ਦਿਤਾ ਹੈ।

[ਸ਼੍ਰੀ ਮਨਮੋਹਨ ਕਾਲੀਆ]

ਮੈਂ ਇਸ ਮੌਕੇ ਉਤੇ ਇਕ ਗੱਲ ਪੰਡਿਤ ਮੋਹਨ ਲਾਲ ਜੀ ਬਾਰੇ ਵੀ ਕਹਿਣਾ ਚਾਹੁੰਦਾ ਹਾਂ। ਉਨ੍ਹਾਂ ਨੇ ਆਪਣੀ ਸਪੀਚ ਦਿੰਦਿਆਂ ਕਿਹਾ ਸੀ ਕਿ "ਮੈਂ ਦਾਸ ਕਮਿਸ਼ਨ ਦੀ ਰਿਪੋਰਟ ਉਤੇ ਜੁਤੀ ਮਾਰ ਕੇ 5000 ਵੋਟਾਂ ਨਾਲ ਜਿਤ ਕੇ ਆਇਆ ਹਾਂ ਸਵਾਲ ਇਹ ਹੈ ਕਿ ਜਿਸ ਰਿਪੋਰਟ ਦੀ ਉਨ੍ਹਾਂ ਨੇ ਇਨ੍ਹਾਂ ਸ਼ਬਦਾਂ ਵਿਚ ਨਿਰਾਦਰੀ ਕੀਤੀ ਉਹ ਇਕ ਹਾਈਐਸਟ ਕਮਿਸ਼ਨ ਦੀ ਰਿਪੋਰਟ ਸੀ ਔਰ ਰੂਲਜ਼, ਦੇ ਅਨੁਸਾਰ ਉਸ ਜਜਮੈਂਟ ਉਤੇ ਕਿਸੇ ਕਿਸਮ ਦਾ ਕ੍ਰਿਟੀਸਿਜ਼ਮ ਨਹੀਂ ਹੋ ਸਕਦਾ। ਇਸ ਲਈ ਮੈਂ ਮਾਨ ਯੋਗ ਸਪੀਕਰ ਸਾਹਿਬ ਕੋਲ-ਪ੍ਰਾਰਥਨਾ ਕਰਾਂਗਾ ਕਿ ਉਨ੍ਹਾਂ ਦੇ ਉਹ ਲਫ਼ਜ਼ ਐਕਸਪੰਜ ਕੀਤੇ ਜਾਣੇ ਚਾਹੀਦੇ ਹਨ। (ਵਿਘਨ) ਇਸ ਦੇ ਬਾਰੇ ਜ਼ਿਆਦਾ ਵਿਸਥਾਰ ਵਿਚ ਨਾ ਜਾਂਦਾ ਹੋਇਆ ਸਿਰਫ਼ ਇਤਨਾ ਹੀ ਕਹਾਂਗਾ ਕਿ ਉਸ ਵਕਤ ਦੋ ਰਿਪੋਰਟਾਂ ਦੀ ਚਰਚਾ ਸੀ। ਇਕ ਦਾਸ ਕਮਿਸ਼ਨ ਦੀ ਰਿਪੋਰਟ ਅਤੇ ਦੂਸਰੀ ਲਾਰਡ ਡੈਨਿੰਗ ਦੀ ਰਿਪੋਰਟ ਲਾਰਡ ਡੈਨਿੰਗ ਨੇ ਸਿਰਫ਼ ਇਤਨੀ ਗੱਲ ਹੀ ਕਹੀ ਸੀ ਕਿ ਬੇਸ਼ਕ ਸੀਕਰੇਟ ਆਫ਼ ਦੀ ਸਟੇਟ ਲੀਕ ਨਹੀਂ ਹੋਇਆ ਮਗਰ ਇਸ ਗੱਲ ਦੇ ਚਾਂਸਿਜ਼ ਸਨ ਕਿ ਸ਼ਾਇਦ ਲੀਕ ਹੋ ਜਾਂਦਾ। ਸਿਰਫ਼ ਇਤਨੀ ਗੱਲ ਉਤੇ ਹੀ ਬ੍ਰਿਟਿਸ਼ ਦੀ ਉਹ ਗੌਰਮੈਂਟ ਰੀਜ਼ਾਈਨ ਕਰ ਗਈ। ਇਤਨੀ ਮਾਨਤਾ ਦਿਤੀ ਗਈ ਉਥੇ ਉਸ ਰਿਪੋਰਟ ਨੂੰ ਲੇਕਿਨ ਉਸ ਦੇ ਉਲਟ ਕਿਤਨੇ ਅਫ਼ਸੋਸ ਦੀ ਗੱਲ ਹੈ ਕਿ ਪੰਡਿਤ ਜੀ ਇਹ ਕਹਿੰਦੇ ਹਨ ਕਿ "ਮੈਂ ਦਾਸ ਕਮਿਸ਼ਨ ਦੀ ਰਿਪੋਰਟ ਉਤੇ ਜੁੱਤੀ ਮਾਰ ਕੇ 5000 ਵੋਟਾਂ ਨਾਲ ਜਿਤ ਕੇ ਆਇਆ ਹਾਂ" ਇਸ ਤੋਂ ਜ਼ਿਆਦਾ ਗੈਰ ਜ਼ਿੰਮੇਦਾਰਾਨਾ ਗੱਲ ਹੋਰ ਹੋ ਕੀ ਤੁਸੀਂ ਸਕਦੀ ਹੈ ? ਮੈਂ ਪੰਡਿਤ ਜੀ ਨੂੰ ਯਾਦ ਕਰਾਉਣਾ ਚਾਹੁੰਦਾ ਹਾਂ ਕਿ ਕੇਵਲ ਦਾਸ ਕਮਿਸ਼ਨ ਦੇ ਇਸ਼ੂ ਤੇ ਹੀ ਤੁਸੀਂ ਇਲੈਕਸ਼ਨ ਨਹੀਂ ਸੋ ਲੜੇ ਹੋਰ ਛੱਤੀ ਇਸ਼ੂ ਤੁਸਾਂ ਖੜੇ ਕੀਤੇ ਸਨ। ਕੀ ਤੁਸੀਂ ਭੁੱਲ ਗਏ ਹੋ ਕਿ ਤੁਸਾਂ ਲੋਕਾਂ ਨੂੰ ਕਿਵੇਂ ਵਰਗਲਾਇਆ ਔਰ ਕਿਸ ਤਰ੍ਹਾਂ ਨਾਜਾਇਜ਼ ਤੌਰ ਤੇ ਸਰਕਾਰੀ ਮਸ਼ੀਨਰੀ ਦਾ ਇਸਤੇਮਾਲ ਕੀਤਾ-ਤਾਂ ਕਿਤੇ ਜਾਕੇ ਤੁਸੀਂ ਜਿੱਤ ਸਕੇ ਸੋ ?

ਇਸ ਤੋਂ ਇਲਾਵਾ ਪੰਡਿਤ ਜੀ ਨੇ ਬਜਟ ਦਾ ਭਾਰੀ ਕ੍ਰਿਟੀਸਿਜ਼ਮ ਕੀਤਾ। ਸਵਾਲ ਸਿਰਫ਼ ਇਹੀ ਨਹੀਂ ਪੈਦਾ ਹੁੰਦਾ ਕਿ ਬਜਟ ਠੀਕ ਹੈ ਜਾਂ ਗਲਤ ਹੈ। ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਕੋਈ ਵੀ ਗੌਰਮੈਂਟ ਹੋਵੇ ਉਹ ਜਿਹੜੀਆਂ ਪਲੈਨਜ਼ ਤਿਆਰ ਕਰਦੀ ਹੈ ਉਨ੍ਹਾਂ ਦੀ ਸਹੀ ਤੌਰ ਤੇ ਇੰਪਲੀਮੈਂਟੇਸ਼ਨ ਵੀ ਕਰਾਉਂਦੀ ਹੈ ਜਾਂ ਨਹੀਂ। ਕਾਂਗਰਸ ਦੀ ਸਰਕਾਰ ਦੀ ਨਾ ਸਿਰਫ ਪਲੈਨਿੰਗ ਹੀ ਗਲਤ ਰਹੀ ਹੈ ਬਲਕਿ ਉਸ ਦੀ ਇੰਪਲੀਮੈਂਟੇਸ਼ਨ ਵੀ ਠੀਕ ਤਰੀਕੇ ਨਾਲ ਨਹੀਂ ਹੁੰਦੀ ਰਹੀ। ਇੰਪਲੀਮੈਂਟੇਸ਼ਨ ਸਾਰਿਆਂ ਨਾਲੋਂ ਵਡੀ ਚੀਜ਼ ਹੋਇਆ ਕਰਦੀ ਹੈ। ਅਗਰ ਅਸੀਂ ਆਪਣੀ ਪਲੈਨਿੰਗ ਦੀ ਇੰਪਲੀਮੈਂਟੇਸ਼ਨ ਠੀਕ ਤਰੀਕੇ ਨਾਲ ਕਰ ਦਿੰਦੇ ਹਾਂ ਔਰ ਕਰਜ਼ੇ ਵਸੂਲ ਕਰ ਲੈਂਦੇ ਹਾਂ ਤਾਂ ਮੈਂ ਸਮਝਦਾ ਹਾਂ ਕਿ ਸਾਨੂੰ ਕਾਮਯਾਬੀ ਹਾਸਿਲ ਹੋ ਸਕਦੀ ਹੈ। ਲੇਕਿਨ ਕਾਂਗਰਸ ਨੇ ਕੋਈ ਵੀ ਆਪਣੀ ਪਲੈਨ ਠੀਕ ਇੰਪਲੀਮੈਂਟ ਨਹੀਂ ਕੀਤੀ। ਅਸਾਂ ਹੁਣ ਕੀ ਕਰਨਾ ਹੈ ? ਅਸਾਂ ਪਲੈਨਿੰਗ ਵੀ ਸਹੀ ਔਰ ਪਰੈਕਟੀਕਲ ਲਾਈਨਜ਼ ਤੇ ਕਰਨੀ ਹੈ ਔਰ ਉਸ ਦੀ ਇੰਪਲੀਮੈਂਟੇਸ਼ਨ ਵੀ ਫੋਰਸਫੁਲ ਤਰੀਕੇ ਨਾਲ ਕਰਨੀ ਹੈ।

ਉਨ੍ਹਾਂ ਨੇ ਇਸ ਗੱਲ ਉਤੇ ਵੀ ਇਤਰਾਜ਼ ਕੀਤਾ ਹੈ ਕਿ ਪੰਜਾਬ ਵਿਚ ਪਰੋਫੈਸ਼ਨਲ ਟੈਕਸ ਦਾ ਰਿਲੀਫ਼ ਕਿਉਂ ਦਿਤਾ ਗਿਆ। ਜਿਤਨੇ ਵੀ ਅਸਾਂ ਰਿਲੀਫ਼ ਦੇਣ ਦੇ ਫ਼ੈਸਲੇ ਕੀਤੇ ਹਨ ਉਨ੍ਹਾਂ ਨੂੰ ਬਜਾਏ ਵੈਲਕਮ ਕਰਨ ਦੇ ਉਨ੍ਹਾਂ ਨੇ ਉਨ੍ਹਾਂ ਦੀ ਨੁਕਤਾਚੀਨੀ ਹੀ ਕੀਤੀ ਹੈ। ਇਕ ਗਲ ਇਹ ਵੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਐਗਰੀਕਲਚਰ ਮਸਲਾ ਸਾਡੇ ਸਾਹਮਣੇ ਹੈ ਔਰ ਇਸ ਦਾ ਸਾਡੇ ਸੂਬੇ ਦੀ ਆਰਥਿਕ ਸਥਿਤੀ ਨਾਲ ਸਿਧਾ ਸੰਬੰਧ ਹੈ ਔਰ ਉਸ ਦੇ ਵਿਚ ਮੇਨ ਚੀਜ਼ ਹੈ ਸਿਕਿਉਰਿਟੀ ਆਫ਼ ਲੈਂਡ ਟੈਨਿਉਰ ਐਕਟ। ਉਹ ਐਕਟ ਇਸ ਲਈ

ਬਣਾਇਆ ਗਿਆ ਸੀ ਤਾਕਿ ਉਸਦੇ ਨਾਲ ਲੈਂਡਲੈਸ ਟੈਨੇਂਟਸ ਦੀ ਸਿਕਿਉਰਿਟੀ ਹੋਵੇ ਮਗਰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਉਸ ਦੀ ਇੰਪਲੀਮੈਂਟੇਸ਼ਨ ਇਸ ਕਦਰ ਗਲਤ ਹੋਈ ਕਿ ਉਹ ਬਜਾਏ ਸਿਕਿਉਰਿਟੀ ਦੇ" ਇਨਸਿਕਿਉਰਿਟੀ ਆਫ਼ ਲੈਂਡਲੈਸ ਟੈਨੇਂਟਸ ਐਕਟ" ਬਣ ਕੇ ਰਹਿ ਗਿਆ ਹੈ । ਇਸ ਲਈ ਮੈਂ ਜ਼ੋਰਦਾਰ ਸ਼ਬਦਾਂ ਵਿਚ ਇਹ ਮੰਗ ਕਰਾਂਗਾ ਕਿ ਇਸ ਦੀ ਸਹੀ ਇੰਪੈਲੀਮੇਟੇਸ਼ਨ ਕਰਨ ਲਈ ਇਸ ਕਾਨੂੰਨ ਵਿਚ ਪਰਾਪਰ ਅਮੈਂਡਮੈਂਟਸ ਹੋਣੀਆਂ ਚਾਹੀਦੀਆਂ ਹਨ ਤਾਂਕਿ ਸਰਪਲਸ ਏਰੀਆ ਨਿਕਲੇ ਔਰ ਉਸ ਦੀ ਯੂਟੀਲਾਈਜ਼ੇਸ਼ਨ ਵੀ ਠੀਕ ਹੋਵੇ। ਇਸ ਵਕਤ ਇਹ ਐਕਟ ਇਕ ਹੈਂਗਿੰਗ ਸੋਰਡ ਹੈ ਲੈਂਡਲਾਰਡਜ਼ ਔਰ ਟੈਨੇਂਟਸ ਦੋਹਾਂ ਲਈ ਔਰ ਅਗਰ ਇਸ ਵਿਚ ਠੀਕ ਤਰੀਕੇ ਨਾਲ ਅਮੈਂਡਮੈਂਟਸ ਹੋ ਜਾਣ ਤਾਂ ਹੁਣ ਵੀ ਸਰਪਲਸ ਏਰੀਆ ਕਢ ਕੇ ਉਸ ਦੀ ਠੀਕ ਤਰਾਂ ਨਾਲ ਯੂਟੀਲਾਈਜ਼ੇਸ਼ਨ ਹੋ ਸਕਦੀ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ ਇਸ ਬਜਟ ਦੀ ਸਰਾਹਨਾ ਕਰਦਾ ਹੋਇਆ ਆਪ ਦਾ ਧੰਨਵਾਦ ਕਰਦਾ ਹਾਂ ਕਿ ਆਪ ਨੇ ਮੈਨੂੰ ਆਪਣੇ ਵਿਚਾਰ ਪਰਗਟ ਕਰਨ ਲਈ ਸਮਾਂ ਦਿੱਤਾ ।

ਸਰਦਾਰ ਨਥਾ ਸਿੰਘ (ਫਤਿਹ ਗੜ੍ਹ) : ਮੁਹਤਰਿਮ ਸਪੀਕਰ ਸਾਹਿਬ, ਮੈਂ ਕਲ ਤੋਂ ਇਸ ਹਾਊਸ ਵਿਚ ਬਜਟ ਤੇ ਤਕਰੀਰਾਂ ਨੂੰ ਬੜੇ ਧਿਆਨ ਨਾਲ ਸੁਣਿਆ ਹੈ । ਆਪੋਜ਼ੀਸ਼ਨ ਦੇ ਬੈਂਚਾਂ ਵਲੋਂ ਬਜਟ ਤੇ ਆਮ ਤੌਰ ਤੇ ਟੀਕਾ ਟਿੱਪਣੀ ਕੀਤੀ ਗਈ ਅਤੇ ਕੁਝ ਸਜਨਾਂ ਵਲੋਂ ਬਜਟ ਦਾ ਸਮਰਥਨ ਕੀਤਾ ਗਿਆ । ਮੇਰੇ ਖਿਆਲ ਵਿਚ ਪੰਜਾਬ ਦੇ ਵਿਤ ਮੰਤ੍ਰੀ ਵਧਾਈ ਦੇ ਪਾਤਰ ਹਨ । ਕਿ ਉਨ੍ਹਾਂ ਸਾਹਮਣੇ ਥੋੜਾ ਸਮਾਂ ਹੋਣ ਦੇ ਬਾਵਜੂਦ ਇਕ ਚੰਗਾ ਬਜਟ ਪੇਸ਼ ਕੀਤਾ ਜਿਸਨੂੰ ਸਹੀ ਮਾਨਿਆਂ ਵਿਚ ਜਨਤਾ ਦਾ ਬਜਟ ਆਖਿਆ ਜਾ ਸਕਦਾ ਹੈ । ਸਪੀਕਰ ਸਾਹਿਬ ਪਿਛਲੇ 20 ਸਾਲ ਵਿਚ ਪਹਿਲੀ ਵੇਰ ਜਨਤਾ ਤੇ ਨਵੇਂ ਟੈਕਸ ਨਹੀਂ ਲਾਏ ਗਏ । (ਤਾੜੀਆਂ) ਜਦਕਿ ਪਿਛਲੇ 20 ਸਾਲ ਤੋਂ ਹਰ ਸਾਲ ਕਾਂਗਰਸ ਲੋਕਾਂ ਤੇ ਨਵੇਂ ਟੈਕਸ ਲਗਾਉਂਦੀ ਰਹੀ । ਸਪੀਕਰ ਸਾਹਿਬ, ਪੰਜਾਬ ਐਸਾ ਪ੍ਰਾਂਤ ਹੈ ਜਿਸ ਵਿਚ ਟੈਕਸਾਂ ਦਾ ਬੋਝ ਸਾਰੇ ਪ੍ਰਾਂਤਾਂ ਤੋਂ ਜ਼ਿਆਦਾ ਹੈ । ਮੈਂ ਪੰਜਾਬ ਦੀ ਯੂਨਾਈਟਿਡ ਫ੍ਰੰਟ ਸਰਕਾਰ ਨੂੰ ਵਧਾਈ ਦਿੰਦਾ ਹਾਂ ਕਿ ਜਿਥੇ ਉਨ੍ਹਾਂ ਨੇ ਨਵੇਂ ਟੈਕਸ ਨਹੀਂ ਲਗਾਏ ਉਥੇ ਪੁਰਾਣੇ ਟੈਕਸਾਂ ਵਿਚ ਛੋਟ ਵੀ ਦਿਤੀ ਅਤੇ ਟੈਕਸਾਂ ਦਾ ਬੋਝ ਘਟਾਉਣ ਦਾ ਯਤਨ ਕੀਤਾ ਹੈ। ਪੰਜਾਬ ਦੀ ਮਾਲੀ ਹਾਲਤ ਬਾਰੇ ਪੰਡਤ ਮੋਹਨ ਲਾਲ ਜੀ ਨੇ ਗਲਾ ਫਾੜ ਫਾੜਕੇ ਕਿਹਾ ਮਗਰ ਉਸਦੀ ਭੈੜੀ ਹਾਲਤ ਦਾ ਕਾਰਨ ਪੰਜਾਬ ਵਿਚ ਪਿਛਲੇ ਵੀਹ ਸਾਲਾਂ ਦਾ ਕਾਂਗਰਸੀ ਰਾਜ ਹੈ ਜਿਸਨੇ ਬੇਰਹਿਮੀ ਤੇ ਬੇਦਰਦੀ ਨਾਲ ਪੰਜਾਬ ਦੇ ਖਜ਼ਾਨੇ ਨੂੰ ਲੁਟਿਆ। ਉਨ੍ਹਾਂ ਲਕਾਂ ਨੂੰ ਅਜ ਮਗਰ-ਮਛ ਦੇ ਹੰਝੂ ਡੋਲ੍ਹਦੇ ਦੇਖਕੇ ਮੈਨੂੰ ਹੈਰਾਨੀ ਹੈ ਜੋ 20 ਸਾਲ ਤਕ ਸਰਕਾਰੀ ਖ਼ਜ਼ਾਨੇ ਨੂੰ ਬੇਦਰਦੀ ਨਾਲ ਲੁਟਦੇ ਰਹੇ । ਅਜ ਉਹ ਕਹਿੰਦੇ ਹਨ ਕਿ ਨਵੀਂ ਸਰਕਾਰ ਦੇ ਬਜਟ ਤੋਂ ਪਤਾ ਚਲਦਾ ਹੈ ਕਿ ਪੰਜਾਬ ਦੀ ਮਾਲੀ ਹਾਲਤ ਹੋਰ ਖਰਾਬ ਹੋ ਜਾਵੇਗੀ । ਨਹੀਂ; ਇਸ ਬਜਟ ਨਾਲ ਪੰਜਾਬ ਦੀ ਭਲਾਈ ਹੋਵੇਗੀ । ਪੰਜਾਬ ਦੀ ਜਨਤਾ ਨੇ ਇਸ ਬਜਟ ਦਾ ਸਵਾਗਤ ਕੀਤਾ ਹੈ । ਇਸ ਸਰਕਾਰ ਨੇ ਜੋ 5 ਏਕੜ ਦੇ ਮਾਲਕਾਂ ਨੂੰ ਮਾਲੀਏ ਦੀ ਛੋਟ ਦਿਤੀ ਹੈ ਇਸ ਨਾਲ ਪਿੰਡਾਂ ਵਿਚ ਰਹਿਣ ਵਾਲੀ 80 ਫ਼ੀਸਦੀ ਆਬਾਦੀ ਨੂੰ ਲਾਭ ਹੋਵੇਗਾ, ਪ੍ਰੋਫੈਸ਼ਨਲ ਟੈਕਸ ਦੇ ਹਟਣ ਨਾਲ ਆਮ ਮੁਲਾਜ਼ਮਾਂ ਨੂੰ ਫਾਇਦਾ ਹੋਵੇਗਾ, ਪਿੰਡਾਂ ਵਿਚ ਛੋਟੇ ਮੋਟੇ ਧੰਦੇ ਚਲਾਕੇ ਪੇਟ ਪਾਲਣ ਵਾਲਿਆਂ ਨੂੰ ਰੀਲੀਫ ਮਿਲਗਾ । ਮੈਂ ਇਹ ਜ਼ਰੂਰ ਕਹਾਂਗਾ ਕਿ ਜਿਥੇ ਲੋਕ ਭਲਾਈ ਦੀਆਂ ਤਜ਼ਵੀਜ਼ਾਂ ਇਸ ਬਜਟ ਵਿਚ ਰਖੀਆਂ ਗਈਆਂ ਹਨ ਉਥੇ ਪਿੰਡਾਂ ਦੇ ਰਹਿਣ ਵਾਲੇ ਵਾਹੀਕਾਰਾਂ ਜਾਂ ਦੂਜੀ ਗਰੀਬ ਜਨਤਾ ਦੀ ਮਦਦ ਲਈ ਕਾਫੀ ਰਕਮ ਨਹੀਂ ਰਖੀ ਗਈ । ਮੇਰੀ ਬੇਨਤੀ ਹੈ ਕਿ ਪੰਜਾਬ ਦੀ ਬਹੁਤੀ ਵਸੋਂ ਪਿੰਡਾਂ ਵਿਚ ਹੈ, ਉਨ੍ਹਾਂ ਦਾ ਰੋਜ਼ਗਾਰ ਵਾਹੀਜੋਤੀ ਹੈ । ਸ ਜਦ ਤਕ ਵਾਹੀਜੋਤੀ ਦੀ ਤਰੱਕੀ ਨਹੀਂ ਹੁੰਦੀ ਪਿੰਡਾਂ ਦੀ ਤਰੱਕੀ ਨਹੀਂ ਹੋ ਸਕਦੀ ਅਤੇ ਪਿੰਡਾਂ

[ਸਰਦਾਰ ਨੱਥਾ ਸਿੰਘ]

ਦੀ ਤਰੱਕੀ ਬਿਨਾਂ ਪੰਜਾਬ ਮਜ਼ਮੂਈ ਅਤੇ ਮੁਸਾਂਵੀ ਤੌਰ ਤੇ ਤਰੱਕੀ ਨਹੀਂ ਕਰ ਸਕਦਾ । ਅਗਰ ਸਰਕਾਰ ਇਹ ਕਰਨਾ ਚਾਹੁੰਦੀ ਹੈ ਤਾਂ ਇਸਨੂੰ ਚਾਹੀਦਾ ਹੈ ਕਿ ਪਿੰਡਾਂ ਲਈ ਜ਼ਿਆਦਾ ਰਕਮ ਪਰੋਵਾਈਡ ਕਰੇ । ਸਪੀਕਰ ਸਾਹਿਬ, ਮੈਨੂੰ ਇਸ ਗਲ ਦਾ ਦੁੱਖ ਹੈ ਕਿ ਹੁਣ ਜਦ ਨਵੀਂ ਫਸਲ ਮੰਡੀਆਂ ਵਿਚ ਆ ਰਹੀ ਹੈ ਸਰਕਾਰ ਨੇ ਹਾਲੇ ਤਕ ਕਣਕ ਦਾ ਭਾ ਪਬਲਿਕ ਤੌਰ ਤੇ ਮੁਕਰਰ ਨਹੀਂ ਕੀਤਾ । ਅਜ ਮੰਡੀਆਂ ਵਿਚ ਜੋ ਭਾ ਕਿਸਾਨਾਂ ਨੂੰ ਮਿਲ ਰਿਹਾ ਹੈ ਉਹ ਉਨ੍ਹਾਂ ਦੇ ਖਰਚ ਮੁਤਾਬਕ ਬਹੁਤ ਘਟ ਹੈ । ਜ਼ਰੂਰਿਆ ਤੇ ਜ਼ਿੰਦਗੀ ਜੋ ਜ਼ਮੀਂਦਾਰ ਸ਼ਹਿਰਾਂ ਵਿਚੋਂ ਖਰੀਦ ਕਰਦਾ ਹੈ ਬਹੁਤ ਮਹਿੰਗੀਆਂ ਹੋ ਗਈਆਂ ਹਨ । ਡੀਜ਼ਲ, ਖਾਦ, ਟਰੈਕਟਰ ਅਤੇ ਇਸਦੇ ਸਪੇਅਰ ਪਾਰਟਸ ਇਨ੍ਹਾਂ ਸਭ ਦੀਆਂ ਕੀਮਤਾਂ ਵਧ ਚੁਕੀਆਂ ਹਨ । ਅਗਰ ਜ਼ਮੀਂਦਾਰ ਨੂੰ ਮੁਨਾਫਾ-ਬਖਸ਼ ਭਾ ਰੈਮਨਰੇਟਿਵ ਪ੍ਰਾਈਸ ਨਹੀਂ ਦਿਤੀ ਜਾਂਦੀ ਤਾਂ ਉਸਦਾ ਪੈਦਾਵਾਰ ਵਧਾਉਣ ਦਾ ਉਤਸ਼ਾਹ ਮਾਰਿਆ ਜਾਵੇਗਾ ਜਿਸ ਨਾਲ ਨਾ ਕੇਵਲ ਪੰਜਾਬ ਨੂੰ ਸਗੋਂ ਸਾਰੇ ਮੁਲਕ ਨੂੰ ਧੱਕਾ ਲਗੇਗਾ । ਇਸ ਲਈ ਕਹਾਂਗਾ ਕਿ ਨਵੀਂ ਕਣਕ ਦਾ ਭਾ ਛੇਤੀ ਤੋਂ ਛੇਤੀ ਮੁਕਰਰ ਕੀਤਾ ਜਾਵੇ । ਸਪੀਕਰ ਸਾਹਿਬ, ਮੈਨੂੰ ਭਰੋਸੇ ਯੋਗ ਵਸੀਲੇ ਤੋਂ ਪਤਾ ਲਗਾ ਕਿ ਸੈਂਟਰਲ ਗਵਰਨਮੈਂਟ ਨੇ ਨਵੀਂ ਫਸਲ ਦੀ ਜੋ ਕੀਮਤ ਮੁਕਰੋਰ ਕਰਨ ਲਈ ਪੰਜਾਬ ਸਰਕਾਰ ਨੂੰ ਤਜਵੀਜ਼ ਭੇਜੀ ਹੈ ਉਸ ਵਿਚ ਦੜਾ ਕਣਕ ਲਈ ਘਟੋ ਘਟ ਕੀਮਤ 75–80 ਰੁਪਏ ਮੁਕਰੱਰ ਕਰਨ ਲਈ ਕਿਹਾ ਹੈ ਅਤੇ ਆਲ੍ਹਾ ਕਵਾਲੀਟੀ ਲਈ 80—85 ਦੀ ਤਜਵੀਜ਼ ਕੀਤੀ ਹੈ । ਮੈਂ ਸਮਝਦਾ ਹਾਂ ਕਿ ਜਦ ਸੈਂਟਰਲ ਗਵਰਨਮੈਂਟ ਨੇ ਦੇਸ਼ ਦੀ ਉਪਜ ਵਧਾਉਣ ਲਈ ਕਿਸਾਨਾਂ ਨੂੰ ਮੁਨਾਸਬ ਮੁਆਵਜ਼ਾ ਦੇਣ ਦੀ ਤਜਵੀਜ਼ ਕੀਤੀ ਹੈ ਤਾਂ ਪੰਜਾਬ ਸਰਕਾਰ ਨੂੰ ਜ਼ਮੀਂਦਾਰਾਂ ਲਈ ਮੁਨਾਫਾਬਖਸ਼ ਕੀਮਤ ਮੁਕਰੱਰ ਕਰ ਦੇਣੀਚਾਹੀਦੀ ਹੈ ।

(At this stage Shri Lal Chand Suberwal, a member of the Panel of Chairmen, occupied the Chair.)

ਚੇਅਰਮੈਨ ਸਾਹਿਬ, ਮੈਂ ਬਾਰਡਰ ਦੇ ਇਲਾਕੇ ਦੀ ਨੁਮਾਇੰਦਗੀ ਕਰਦਾ ਹਾਂ ਆਪਨੂੰ ਪਤਾ ਹੈ ਪਾਕਿਸਤਾਨ ਨਾਲ ਜੋ ਪਿਛੇ ਜੇਹੇ ਲੜਾਈ ਹੋਈ ਸੀ ਉਸ ਦੌਰਾਨ ਉਥਲ ਪੁਥਲ ਹੋਈ, ਲੋਕਾਂ ਨੂੰ ਆਪਣੇ ਘਰ ਛਡਕੇ ਇਧਰ ਉਧਰ ਹੋਣਾ ਪਿਆ ਸੀ ਕਿਉਂਕਿ ਫੌਜੀ ਮਸਲਿਹਤ ਨੂੰ ਮੁਖ ਰਖਕੇ ਫੌਜ ਨੇ ਮਹਾਜ਼ ਖੋਲ੍ਹਣਾ ਸੀ । ਸਰਹੱਦੀ ਲੋਕਾਂ ਨੂੰ ਫਖਰ ਹੈ ਕਿ ਦੇਸ਼ ਦੀ ਰਾਖੀ ਦੀ ਜ਼ਿੰਮੇਦਾਰੀ ਉਨ੍ਹਾਂ ਨੇ ਆਪਣੇ ਮੋਢਿਆਂ ਤੇ ਲਈ ਹੋਈ ਹੈ । ਸਾਡਾ ਫਰਜ਼ ਹੈ ਕਿ ਅਸੀਂ ਉਨ੍ਹਾਂ ਲੋਕਾਂ ਨੂੰ ਸਾਰੀਆਂ ਸਹੂਲਤਾਂ ਮੁਹੈਯਾ ਕਰੀਏ । ਮੈਂ ਬੇਨਤੀ ਕਰਦਾ ਹਾਂ ਕਿ ਉਨ੍ਹਾਂ ਲੋਕਾਂ ਦੇ ਬਚਿਆਂ ਨੂੰ ਘਟੋ ਘਟ ਡਿਗਰੀ ਤਕ ਦੀ ਤਾਲੀਮ ਮੁਫ਼ਤ ਦਿਤੀ ਜਾਵੇ । ਮਾਲੀਆ ਮਾਫ ਹੋਵੇ ਭਾਵੇਂ ਕਿਸੇ ਪਾਸ 10 ਏਕੜ ਜ਼ਮੀਨ ਹੈ ਜਾਂ 30 ਏਕੜ । ਉਨ੍ਹਾਂ ਲੋਕਾਂ ਦੀ ਹੋਸਲਾ ਅਫਜ਼ਾਈ ਬਹੁਤ ਜ਼ਰੂਰੀ ਹੈ ਤਾਂ ਜੋ ਉਹ ਆਪਣੇ ਕਾਰੋਬਾਰ ਜਾਰੀ ਰਖ ਸਕਣ ।

ਚੇਅਰਮੈਨ ਸਾਹਿਬ; ਮੈਂ ਆਪਦੇ ਜ਼ਰੀਏ ਉਨ੍ਹਾਂ ਸਰਹਦੀ ਲੋਕਾਂ ਨਾਲ ਜੋ ਇਕ ਬਹੁਤ ਵਿਤਕਰੇ ਭਰਿਆ ਸਲੂਕ ਹੋ ਰਿਹਾ ਹੈ, ਸਰਕਾਰ ਦੇ ਨੋਟਿਸ ਵਿਚ ਲਿਆਉਣਾ ਚਾਹੁੰਦਾ ਹਾਂ । ਪਾਕਿਸਤਾਨ ਨਾਲ ਜੰਗ ਤੋਂ ਮਗਰੋਂ ਪੰਜਾਬ ਸਰਕਾਰ ਨੇ ਫਿਰੋਜ਼ਪੁਰ, ਅੰਮ੍ਰਿਤਸਰ ਅਤੇ ਗੁਰਦਾਸਪੁਰ ਦੇ ਜ਼ਿਲ੍ਹਿਆਂ ਵਿਚ ਕੁਝ ਸਰਹਦੀ ਇਲਾਕੇ ਡਿਕਲੇਅਰ ਕੀਤੇ। ਇਹ ਗਲ ਅਫਸੋਸ ਨਾਲ ਕਹਿਣੀ ਪੈਂਦੀ ਹੈ ਕਿ ਜਿਥੇ ਫਿਰੋਜ਼ਪੁਰ ਅਤੇ ਅੰਮ੍ਰਿਤਸਰ ਦੇ ਜ਼ਿਲ੍ਹਿਆਂ ਵਿਚ ਸਰਹਦੀ ਇਲਾਕੇ ਦੀ ਹਦ 10 ਮੀਲ ਤੇ ਨੀਅਤ ਕੀਤੀ ਗਈ ਉਥੇ ਜ਼ਿਲਾ ਗੁਰਦਾਸਪੁਰ ਵਿਚ ਇਹ ਹਦ ਕੇਵਲ 5 ਮੀਲ

ਤਕ ਹੀ ਡਿਕਲੇਅਰ ਕੀਤੀ ਗਈ। ਇਹ ਵਿਤਕਰਾ ਉਸ ਜ਼ਿਲ੍ਹੇ ਦੇ ਦੋ ਸੀਨੀਅਰ ਵਜ਼ੀਰਾਂ ਦੀ ਆਪਸੀ ਖਿਚੋਤਾਨ ਕਰਕੇ ਹੋਇਆ। ਸਰਹਦ ਦੀ ਰਾਖੀ ਕਰਨ ਵਾਲੇ ਉਨ੍ਹਾਂ ਲੋਕਾਂ ਨਾਲ ਇਹ ਬੜੀ ਭਾਰੀ ਬੇਇਨਸਾਫੀ ਹੈ। ਹੁਣ ਜਦ ਕਿ ਫ਼ਰੰਟ ਦੀ ਸਰਕਾਰ ਬਣ ਚੁਕੀ ਹੈ, ਜਨਤਾ ਦੀ ਸਰਕਾਰ ਬਣ ਚੁਕੀ ਹੈ ਤਾਂ ਗੁਰਦਾਸਪੁਰ ਜ਼ਿਲੇ ਦੇ ਲੋਕਾਂ ਨਾਲ ਹੋ ਰਿਹਾ ਇਹ ਵਿਤਕਰੇ ਭਰਿਆ ਸਲੂਕ ਜਲਦੀ ਤੋਂ ਜਲਦੀ ਖਤਮ ਹੋਣਾ ਚਾਹੀਦਾ ਹੈ।

ਮੈਂ ਸਰਹਦੀ ਇਲਾਕੇ ਦਾ ਨੁਮਾਇੰਦਾ ਹਾਂ ਤਾਂ ਅਰਜ਼ ਕਰਦਾ ਹਾਂ ਕਿ ਫਤਿਹਗੜ੍ਹ ਦੇ ਇਲਾਕੇ ਵਿਚ ਸੜਕਾਂ ਦੀ ਬਹੁਤ ਕਮੀ ਹੈ, ਸਕੂਲਾਂ ਦੀ ਬੜੀ ਕਮੀ ਹੈ ਜਦ ਕਿ ਬਜਟ ਵਿਚ ਇਸ ਬਾਰੇ ਖਿਆਲ ਨਹੀਂ ਕੀਤਾ ਗਿਆ। ਉਹ ਲੋਕ ਸਰਹਦ ਦੀ ਰਾਖੀ ਦੀ ਜ਼ਿੰਮੇਦਾਰੀ ਲੈ ਰਹੇ ਹਨ, ਉਨ੍ਹਾਂ ਦਾ ਖਿਆਲ ਰਖਣਾ ਚਾਹੀਦਾ ਹੈ। ਮੈਂ ਇਸ ਬਜਟ ਦਾ ਸਮਰਥਨ ਕਰਦਾ ਹਾਂ, ਆਪਦਾ ਧੰਨਵਾਦ।

ਸ੍ਰੀ ਅ. ਵਿਸ਼ਵਨਾਥਨ : ਆਨ ਏ ਪੁਆਇੰਟ ਆਫ ਆਰਡਰ ਸਰ, ਹਾਊਸ ਵਿਚ ਕੋਰਮ ਪੂਰਾ ਨਹੀਂ।

ਸ੍ਰੀ ਚੇਅਰ ਮੈਨ (ਸ੍ਰੀ ਲਾਲ ਚੰਦ ਸਭਰਵਾਲ) ਪੁਰਾਣੇ ਰੂਲਜ਼ ਮੁਤਾਬਿਕ ਕੋਰਮ 16 ਦਾ ਸੀ ਪਰ ਹੁਣ ਇਹ 11 ਮੈਂਬਰਾਂ ਦਾ ਹੈ। ਕੋਰਮ ਇਸ ਵਕਤ ਪੂਰਾ ਹੈ।

श्री हरबंस लाल खन्ना (अमृतसर, दक्षिण): चेयरमैन साहिब, मैं हाऊस को बतलाना चाहता हूं कि आज पंजाब के बजट पर बहस हो रही है और आज हमें इकट्ठे हुए हैं इसी काम के लिए। यह जो बजट हमारे माननीय वित मंत्री साहिब ने हमारे सामने रखा है यह वास्तव में जनता का बजट है और आज इसके मुताबिक यह पता चलता है कि पंजाब में जनता की सरकार विद्यमान है। जनता को मुश्किलात और हितों को सामने रखते हुए इस बजट को तैयार किया गया है। वास्तव में इट इज़ ए कामन मैन्ज बजट। इस में किसी प्रकार की अतिश्योक्ति न होगी जब मैं यह कहूं कि यह पंजाब की जनता का बजट है। इसमें किसी किसम का नया टैक्स नहीं लगाया गया है। पंजाब की जो जनता पिछले 20 साल से कांग्रेस की हकूमत के नीचे पिसती जा रही थी उन लोगों को आज इस बजट के पेश करने से राहत मिली है। इसमें काफी सहूलतें दी गई हैं। बजट के अन्दर प्रोफेशनल टैक्स की जो अड़चन थी उसे दूर कर दिया है। यह एक संकट का कारण था और इस टैक्स के हटाए जाने से आम लोगों को राहत दी गई है—प्रोफैशनल टैक्स को इस सरकार ने हटा दिया है।

इस के साथ साथ खेती बाड़ी को इन्सैंन्टिव देने के लिए और किसान को उत्साह देने के लिए जिस के पास खेती बाड़ी को चलाने के लिए काफी साधन नहीं उसको राहत दी गई है और 5 एकड़ पर रैवेन्यू को हटा दिया गया है। इस तरह मामला को हटा कर किसान को राहत दी है और आज किसान यह महसूस करने लगा है कि इस सरकार ने किसान की मदद की है और वह इस सरकार का आभारी है।

[श्री हरबंस लाल खन्ना]

इस के साथ ही साथ बैटरमैंट लैवी को हटा दिया है इस से लोगों को राहत दी गई है। शहरों के अन्दर जो दो तरह के टैक्स थे प्रापर्टी टैक्स और एक हाउस टैक्स, और यह एक प्रकार की लानत थी, इस को खत्म कर दिया है और एक जगह पर लागू किया गया है—दोनों के स्थान पर एक कर दिया है। इस से भी कुछ न कुछ सहूलतें दी गई हैं। यदि इन सारी बातों को सामने रख कर इस बजट को देखा जाए तो पता लगता है कि यह बजट राहत देने वाला है और वास्तव में कामन मैन्ज़ बजट है। और इस के लिए फिनांस मिनिस्टर का जितना धन्यवाद किया जाए कम है।

आप के ज़रिए, चेयरमैन साहिब, मैं यह कहना चाहता हूं कि 20 साल के पिछले इतिहास को आप देखें तो पता चलता है कि किस प्रकार का बजट पेश किया जाता रहा है। उन बजटों में किसी प्रकार की राहत न थी। लोग तंग आ चुके थे और टैक्सों के कारण बोझ के नीचे दब चुके थे। और लोग किसी ढंग से खून पसीने की कमाई करते थे। तो पिछली सरकार टैक्स वसूल कर लेती थी। कांग्रेस की सत्ता ने लोगों को कोई राहत नहीं दी और आज इस के ठीक उलट है। जनता का राज आया है और जो बजट बनाया गया है इस को देख कर लोग खुश हैं कि इस मौजूदा वज़ारत ने वह काम किए हैं जो पिछले 20 साल में कांग्रेस सरकार नहीं कर सकी। लोग आज महसूस करने लगे हैं कि यह आम आदम का बजट है। सरकारी दफ्तरों के अन्दर जा कर आप देखें कि किस तरह से महसूस किया गया है कि आज सही मायनों में जनता का राज आया है। 20 साल से सरकारी कर्मचारी महंगाई के नीचे पिस रहे थे इस मौजुदा सरकार ने उनको सैंटर गवर्नमैंट के बराबर का डी. ए. दे दिया है और इस बात की परवाह तक नहीं की कि इस से 6 करोड़ का हर साल का खर्च अपने उपर ले लिया है। इस सरकार ने नुकसान उठाया है लेकिन लोगों को महसूस करवा दिया है कि सही मायनों में यहां एक रिप्रिज़ैंनटेटिव सरकार आई है।

इस के आगे आप के सामने कितनी देर से टीचरों का मसला चला आ रहा था। इस के बारे में कोठारी कमिशन की सिफारिशों को इस सरकार ने मान लिया है और बजट में खसारे की प्रवाह न करते हुए 2.12 करोड़ का खर्च और अपने ऊपर ले लिया है। गवर्नमैंट सरवैंटस की मुशकलात को सामने रखते हुए इनको हल करने का इस सरकार ने प्रयत्न किया है।

चेयरमैन साहिब इस में शक नहीं कि बजट में कमी पेशी होती रहती है लेकिन डिफिसिट तो पिछले 20 साल से चला आ रहा है। हम भी चाहते हैं कि इस खसारे को पूरा किया जाए लेकिन आम जनता की सहूलतों को नजरअंदाज नहीं किया जा सकता। हम चाहते हैं कि सरकार के जितने भी काम करने के पुर्जे हैं उन को एनकरेजमैंट मिलती रहे और इसी लिए प्राइवेट टीचरों को सहूलतें दी जा रही हैं। कोठारी कमिशन के मुताबिक गवर्नमैंट टीचरों को सहूलतें मिली हैं

ग्रौर इसी तरह से प्राइवेट टीचरों को भी सहूलतें मिलने जा रही हैं। (प्रशंसा) हम इस बात के लिए चिन्तित हैं ग्रौर कोशिश कर रहे हैं कि इस प्रकार के साधन मिलें जिन से इन की तकलीफ़ों को दूर करने का प्रयत्न किया जा सके। हम हर बात को सोचने के लिए तैयार हैं जो उसारू हो ग्रौर उन से बातचीत भी चल रही है ग्रौर जो जायज डिमांडस हैं ग्रौर जो डिसपैरिटी है उसे दूर करने का प्रयत्न किया जाएगा लेकिन इस के लिए बजट के ग्रन्दर प्रोवीज़न चाहिए इसके बारे में सरकार विचार कर रही है। मुझे ग्रफसोस है कि कांग्रेस के लोगों ने ग्रौर सीनीयर मैम्बरों ने हम पर इलज़ाम लगाया है कि दिस इज़ ए गैबार्ज बजट। श्री मोहन लाल जी ने इस बात को शायद ध्यान में नहीं रखा कि इस बजट में कितनी राहत लोगों को दी गई है। मैं ग्राप के द्वारा उन सज्जनों को कहना चाहता हूं, जो यहां पर बैठे हुए नहीं हैं, कि जो कुछ उन्होंने कल कहा था उसका ग्राज यहां पर उपस्थित रह कर जवाब तो सुनते। ग्राप तो कहते थे कि हमारे पास प्लान है ग्रौर प्रोग्राम है लेकिन किसी कारणवश नहीं ला सके। मैं यह कहना चाहता हूं कि इन कांग्रेस के लोगों के पास तो सिर्फ कागजी प्लान ही थे ग्रौर उन्होंने लोगों को कई प्रकार के झूठे ग्रांकड़े पेश कर करके ग्राज उन्हें इस हद तक पहुंचा दिया है। यह कहते कुछ ग्रौर थे ग्रौर करते कुछ ग्रौर थे। बातों की सरकार थी ग्रौर कोई ठोस काम नहीं कर पाए लेकिन ग्रब इट विल बी ए प्रैक्टीकल बजट। जो हम कहते भी हैं वह करते भी हैं ग्रौर उसमें देर नहीं लगाते। चैयरमैन साहिब, ग्राप का ध्यान में इस बात की ग्रोर दिलाना चाहता हूं कि पिछली सरकार की ग्रोर से जो जो कुरीतियां हमारे समाज में घर कर गई हैं वह ग्राज हमारे सामने ग्राई हैं। हम उनकी फेस कर रहे हैं ग्रौर उन्हें दूर करने का यत्न कर रहें हैं। इन कुरीतियों की वजह से करैक्टर डीजैनरेट हो गया है ग्रौर लोगों में घटियापन ग्रा गया है इसको दूर करने के लिए इस बजट में प्रबन्ध किया गया है। ग्राज लोग महसूस कर रहे हैं कि राहत दे रहें हैं ग्रौर लोगों की मुशिकलात को दूर कर दिया गया है। स्कूल टीचरों ग्रौर गवर्नमैंट सरवैंटस की मुशिकलात को दूर किया गया है। ग्रौर उनकी ग्रामदन ज्यादा करने के साधन जुटा दिए हैं।

(At this stage Sardar Surjit Singh, a Member of the Panel of Chairmen, occupied the Chair.)

ग्रब रही यह बात कि इस तरह के खर्चों को ले कर उन्हें पूरा करने के लिए कौन से साधन होंगे इस संबंध में ग्रर्ज़ करूंगा कि जो लोन्ज़ इन्होंने ग्रपने पोलीटीकल मुफाद को सामने रख कर दिए थे उन्हें वसूल किया जाएगा। ग्रौर इन्डस्टरी को बढ़ानें के लिए लोन्ज़ के द्वारा इनसैनटिव दिया जाएगा। पुराने ग्राऊटस्टैंडिग लोन्ज़ की रिकवरी से साढे 6 करोड़ रुपया वसूल किया जाएगा। फिर इस के साथ ही एकानौमी ड्राइव चलाई जाएगी ताकि जहां पर खर्च फालतू है उस में कमी की जाएगी। सरकारी एसटैबलिशमैंट में कमी की जाएगी ताकि घाटे को किसी हद तक पूरा किया जा सके। इस सारी बातों को देख कर कहा जा सकता

[श्री हरबंस लाल खन्ना]

है कि यह बजट आम आदमी का बजट है और हरेक को बैनिफिट करता है, आम आदमी को सुख देने के लिए बनाया गया है। कमी को पूरा करने के लिए जहां जहां पर भी फजूल खर्ची नजर आएगी उस में तत्परता से कमी करने का प्रयत्न किया जाएगा।

इस के साथ साथ मैं, चेयरमैन साहिब, आपके द्वारा यह भी उन भाइयों को बता देना चाहता हूं कि हमें इस मुल्क में ज्यादा जोर इस बात पर देना चाहिये कि यहां पर अनाज और दूसरी चीजों की ज्यादा से ज्यादा प्रोडक्शन हो। जितनी ज्यादा हमारी प्रोडकशन होगी उतना ही कास्ट आफ प्रोडक्शन में कमी होगा। अगर प्रोडक्शन बढ़ गई तो उतना ही धन हमारे मुल्क का बढेगा जिस को हम इस मुल्क में आसानी से इंडस्टरी लगाने पर इस्तेमाल करके मुल्क की दौलत बढ़ा सकते हैं। मगर जब किसी मुलक की प्रोडक्शन में ही कमी हो जाती है then it is a natural loss. हमारे पास प्रोडक्शन बढ़ाने के लिये, इंडसटरी चलाने के लिये हर तरह के साधन हैं। मगर यह साधन सिस्टेमैटीकली युटिलाइज न होने के कारण हम आगे बढ़ नहीं सके हैं। मिसाल के तौर पर हमारे पास अगर बिजली हो, और लाईन सिस्टम ठीक नहीं है तो बिजली सप्लाई की ही नहीं जा सकती। अमृतसर के लोगों की यह शिकायत थी कि उन्हें पूरी बिजली नहीं मिल रही। यह शिकायत उनकी जैनुइन ही थी, बगैर बिजली के वह कोई भी कारोबार करने में असमर्थ हैं। इसके लिये मैं एक सुझाव इस सरकार को दूंगा कि अगर बिजली की कमी को किसी तरीका से दूर करना है तो इसका वाहद इलाज यही है कि वहां पर एक टरांसफार्मर लगा दिया जाये जिस से पैदा हो रही बिजली की कपैसिटी में इजाफा हो जायेगा और यह कमी दूर की जा सकेगी। आज हालात यह हैं कि अगर बिजली चली जाये तो आती ही नहीं। अगर आध घंटा के लिये आ भी जाये तो फिर चली जाती है। इस का मतलब तो यह है कि अगर एक कारखाना दिन में 4-5 घंटे तक बंद हो जाये तो वहां की प्रोडक्शन कम हो जायेगी और इतना अरसा लेबर जो बेकार रहेगी इस से प्रोडकशन की कीमत पर असर पड़ेगा और प्रोडक्शन की कीमत अगर एक पैसा होगी तो यह $1\frac{1}{2}$ पैसा पर देनी पड़ेगी। यह असर कनज्यूमर पर पड़ेगा। जो चीज पहले किसी एक कीमत पर मिलती थी अब उसकी डयौढी प्राईस कनज्यूमर को देनी होगी। हमें इस महिंगाई को दूर करने के लिये, नैशनल लास को बचाने के लिये, इंडसटरी के लगातार चलते रहने का प्रबन्ध करना होगा। यह तभी चलेगी जब कान्टीन्युअसली उनको कारखाने चलाने के लिये बिजली दी जाये। हमारे मुल्क में सब कुछ है मगर उसे सिस्टेमैटिकली इस्तेमाल में लाने का सवाल है। इसके लिये भी जो मेजर चीज है वह यही है कि जहां कहीं भी डिफैक्टस है उन्हें दूर किया जाये। मैं आपके जरिए हाउस के सामने डिफैक्टस दूर करने के मुताल्लिक अपने हलका अमतसर की एक मिसाल पेश करना चाहता हूं। मैं अमृतसर प्रापर का हूं 1965 में जब हमारी पाकिसतान के साथ जंग लगी तो बार्डर स्टेशन के लोगों ने बढ़ कर इस मुल्क की सेवा की। अमृतसर शहर भी एक बार्डर स्टेशन है, इस शहर के लोगों ने भी उस मौका पर बड़ा

सहयोग दिया और देश की सेवा का काम किया । म इस बहस में नहीं आना चाहता कि बार्डर के इलाके के लोगों ने किस तरह प्यार से तमाम मिलिटरी सर्विसिज़ को अपने कानफीडैंस में लिया और देश की सेवा का बीडा उठाया । ऐन उसी आधार पर इन्हों ने काम शुरु किया जैसे मिलिटरी के लोग करते हैं । मैं इस तरह की ज्यादा डिटेल्ज़ में जाना नहीं चाहता । इनसे इतिहास भरा हुआ है । इन दिनों बार्डर के लोग सरहदों पर एक दीवार की मानिंद खड़े होकर काम करते रहे, हर किसम की दुख तकलीफें बरदाश्त करते रहे । मगर आज अगर बार्डर स्टेशन वाला कहता है कि हमें कुछ फैसिलिटीज मिलनी चाहियें ताकि वह और अच्छी तरह के काम कर सकें तो यह पूछने तक नहीं जाते । उनकी मांग है कि उन्हें इंडस्टरीज चलाने के लिये पूरी पूरी सहूलतें मिलनी चाहिये इसके साथ ही इन्हें सेल्ज़-टैक्स और दूसरे टैक्सिज़ की भी रियायतें मिलनी चाहिएं । इस ऐरिया को मजबूत करना हमारा सब से पहला फर्ज़ है । दूसरे लोग जो यहां के इंडस्टरी के अलावा, जो भी काम करते हैं उनको उस में सहूलतें मिलनी चाहियें । उनको हसब जरूरत इम्पलीमैंटस मिलें और टैक्सिज़ में रियायत हो । इस तरह अगर बार्डर के इलाके के लोगों की तरक्की होगी तो हमारे मुल्क का डिफैंस भी मजबूत होगा । इसलिये मैं अर्ज़ करूंगा कि इस इलाके के लोगों की इमदाद करने के लिये हर काम में टाप प्रायरटी दी जाये, पूरी सहूलतें दी जायें ताकि बार्डर स्टेशन पर रहने वाले लोग यह महसूस करें कि हमारा भी ख्याल कोई कर रहा है । मगर इस बजट को देखने से मालूम होता है कि इस इलाके के लोगों की सहूलतों का कोई ख्याल रखा ही नहीं गया । इसके लिये मैं आपके द्वारा सरकार से कहूंगा कि हमारे बार्डर के इलाके के लिये खास ख्याल होना चाहिये ।

इसके साथ ही मैं दफतरों में काम करने वाले लोगों के मुताल्लिक भी कुछ अर्ज़ करना चाहता हूं । हम ने सरकारी कर्मचारियों का मंहिगाई भत्ता बढ़ाने के मुताल्लिक 3 मई को यह एलान किया कि हमारे कर्मचारियों का मंहिगाई अलाऊंस सैंटर के कर्मचारियों के बराबर होगा । मुझे इस एलान के बाद कई दफतरों में जाकर इन लोगों से बातें करने का मौका मिला । मैं यह कह सकता हूं कि दफतरों में काम करने वाले लोग फुल्ली सैटिसफाईड थे । 20 साल से यह लोग चिल्लाते आ रहे थे कि हमें सैंटर के लोगों के बराबर भत्ता दिया जाये मगर इनकी आज तक किसी ने भी न सुनी । मौजूदा सरकार ने अपने खर्च में 6 करोड़ रुपये का इज़ाफा किया है मगर ऐसा करके उस ने पंजाब के लोगों की सही तरजमानी की है । आप किसी से भी जाकर पूछें सारे लोग आज पूरी तरह से सैटिसफ़ाईड हैं, गवर्नमैंट के इस स्टैप उठाने पर वह बहुत खुश हैं ।

पंडित मोहन लाल ने यहां पर पुलीटीकल कुरपशन का ज़िक्र किया । इनके अलावा और भी आपोज़ीशन के मैंबर साहिबान ने इसी बात का जिक्र किया । इसके मुताल्लिक मैं आपके द्वारा यह अर्ज़ करना चाहता हूं कि वास्तव में पुलीटीकल कुरपशन कांग्रेस बैंचिज से स्टार्ट की गई है । मैं इसके मुताल्लिक इनके हाई रैंक्स

(श्री हरवंस लाल खन्ना)

की मिसाल देता हूं । वह यह कि श्री अशोक मेहता प्रजा सोशलिस्ट पार्टी के लीडर थे । इन्हों ने इन को वहां से कांग्रेस पार्टी में खींचा और पलैनिंग कमिशन का उप-चेयरमैन बनाया । मैं पूछता हूं कि पुलीटीकल कुरपशन में इनीशीएटिव लेने की जिम्मेवारी अगर है तो किस पार्टी पर है? श्री थानु पिले को अगर केरला का चीफ मनिस्टर रहने नहीं दिया जाता और उसे उठा कर एक स्टेट का गवर्नर लगा देते हैं तो कौन जिम्मेवार है इस पुलीटीकल कुरपशन का ? मैं कहता हूं कि इस तरह की हजारों बातें हुई हैं और they were responsible for that । आज यह कहते हैं कि हमारा एक आदमी ले लिया, दो ले लिये यह हम इस लिये कहते हैं ताकि इनको आयंदा के लिये नसीहत हो । पिछले 20 साल के अंदर इन्हों ने ग़रीब जनता को इस तरह का नक्शा दिया है कि उन बेचारों को रोटी तक के लिये भी मुहताज कर दिया गया । मुझे यह कहने में रत्ती भर भी शक नहीं कि अब इनको मनिस्टरी बनने के हरगिज़ चांनसिज़ नहीं हैं ।(विघ्न)

कुरप्शन शुरु हो जायेगी। इस को रोका नहीं जा सकता। इस की कोशिश पिछले दिनों की गई. डिप्टी कमिश्नर को इत्तलाह दी गई कि इस तरह से सामान जा रहा है पर जहां पर इतना बड़ा बार्डर हो और उस के एक तरफ एक रुपये और दूसरी तरफ डेढ़ रुपये किलो अनाज मिले तो इस स्मगलिंग को कैसे रोका जा सकता है? लोग बार्डर के गांव में ट्रक में गेहूं ले जाते हैं और वहां से खच्चरों पर दो तीन मील का फासला तै करके दूसरे सूबे में दाखिल हो जाते हैं। पंजाब सरकार ने हिमाचल को अनाज देने का वादा किया है तो फिर जो इस का नैचुरल चैनल है जो पुराना तरीका है वही चलने दें। अगर सरकार उस इलाके को अनाज देगी तो उस इलाके के छोटे मोटे व्यापारी, ट्रक ड्राईवर जिन्होंने कि पिछली पाकिस्तान के साथ हुई लड़ाई में इतनी बहादरी दिखाई थी, सब बेकार हो जाएगी। वह दो तीन महीने से बेकार बैठ है और वह अपने टैक्सिज़ भी अदा नहीं कर पा रहे। सरकार की तरफ से जो अनाज जाता है उस का ठेका उन्होंने और लोगों को दे दिया है। वह सरकार से परमिट लेते हैं, किसी और जगह से अनाज लेकर अपने ट्रकों में लेकर चले जाते हैं। इसकी वजह से हुशियारपुर की मंडी वाले और ट्रक वाले बेकार हो गए हैं।

इस के अलावा, उपाध्यक्ष महोदय वहां पर जो छोटी २ सनअतें हैं मिसरी और पतासों की, यह चीजें खंडसरी से बनती हैं। खडसरी के बाहर से पंजाब में आने पर कोई पाबन्दी नहीं है, यह यू० पी० से आती है। और खांडसारी से जो चीजें बनती हैं मिसरी और पताशे उस को सरकार ने बंद कर दिया है। इस तरह से हुशियारपुर की इन्डस्टरी खत्म हो गई है मैं इस लिये कहूंगा कि सरकार इस सम्बन्ध में जल्दी कदम उठाए और जो लोग पहले ही उजड़ चुके हैं क्योंकि इस ज़िला का कुछ इलाका पंजाब से निकल चुका है इसलिए उन्हें आबाद करना चाहिये। इस तरफ सरकार को स्पैशल अटैंशन देनी चाहिए। और इन्डस्टरी को आबाद करने के लिए सरकार को जल्द से जल्द कदम उठाने चाहिएं।

सब से पहले पंजाब और हिमाचल का फूड ज़ोन एक कर दिया जाए ताकि जो नेचुरल तरक्की थी उस को बहाल किया जा सके। और उसी तरीके से चीज़ों का आना जाना शुरु हो जाए जैसा कि पहले होता था। हुशियारपुर और कांगड़ा में पहले बहुत व्यापार होता था और पहले जो बोज़ा की इन्डस्टरी सैट कर रहे थे उस में आज रुकावट पैदा हो गई है और दूसरी तरफ रिटेलिएशन शुरु हो गई है। इस को रोकना चाहिए।

[चौधरी बलबीर सिंह]

हुशियारपुर में सन 1947 के बाद ही बरोज़ा की इन्डस्टरी शुरु की गई थी और अभी अच्छी तरह से चालू भी नहीं हो पाई थी। इस लिए मैं सरकार से कहूंगा कि जल्द ही कदम उठाए जाएं ताकि हुशियारपुर और बार्डर के साथ लगने वाले सारे इलाके पठानकोट तक की आपस में फिर से तजारत शुरु हो जाए और जिन लोगों को इस तजारत से महरुम किया गया है वह बहाल किया जाए। पंजाब सरकार इस सम्बन्ध में कोशिश करे।

इस के बाद इस बजट में सरकार ने इस साल कोई फन्डज़ चैनेलाई-ज़ेशन के बारे में नहीं रखे। हर साल इस से पहले रकम रखी जाती थी, इस साल कोई रकम इस काम के लिए नहीं रखी गई। आप जानते हैं कि कन्डी का इलाका सैलाब से तबाह हो जाता है इस को ठीक करने की जरुरत है। और इन्तज़ाम करने चाहिए ताकि सैलाब का पानी इस इलाके को खराब न कर सके और इस ज़मीन को काश्त के काबिल बना दिया जाए। अगर बांध बनाए जाएं तो पानी खराब नहीं कर सकेगा। चौ का पानी अगर खराब न करे तो ज़मीन काबले-काश्त बनाई जा सकती है। मैं यह कहूंगा कि जल्द से जल्द सरकार इस सम्बन्ध में इन्तज़ाम करे।

इस के इलावा हुशियारपुर का ही एक ऐसा इलाका है कि जहां से घास जाकर जगाधरी में कागज बनाने में इस्तेमाल होता है। हुशियारपुर जिले को अगर आबाद करना है तो यहां पर कागज़ और गत्ते की इन्डस्टरी कायम करनी चाहिए। इस जिले में रा मैटीरियल तो मिलता ही है और इस माल को बाहर की मिलों में भजने का खर्च बच सकता है अगर जहां पर ही इन्डस्टरी कायम कर दी जाए और लागों को काम भी मिल सकता है।

इस के बाद मैं यह अर्ज़ करना चाहता हूं कि हुशियारपुर में इन्डस्ट्रियल एसटेट बनाई गई है, बिलडिंगें बना दी गई हैं लेकिन इस महकमा ने कोई कदम नहीं उठाया इस को आबाद करने के बारे में। इन बिलडिंगों का किराया इतना ज्यादा रख दिया है कि कोई किराए पर लेने को तैयार नहीं होता। जो आदमी काम करना चाहे या कोई कारखानेदार कारखाना लगाना चाहे वह इतना किराया पे नहीं कर सकता। आज दो तीन साल से ऊपर हो गए हैं इस इन्डस्ट्रियल एस्टेट को मुकम्मल हुए और लाखों रुपया खर्च किया गया है लेकिन एक आध बिलडिंग को छोड़ कर किसी काम में इन बिलडिंगों को नहीं इस्तेमाल किया गया। इस के

लिये जो महकमा के आफीसर मुजरिम हों उन को सजा दी जानी चाहिए। आज कल आर्थिक संकट है इस में इन बिलडिंगों को इस्तेमाल किया जाना चाहिये। इस लिये मैं सरकार को सुझाव दूंगा कि कारखानेदारों को कारखाने लगाने के लिए सुविधाएं दें और किराया इतना मुकरर करें कि वह पे कर सकें ताकि हुशियारपुर में इन्डस्टरी की डिवैलपमैंट की जा सके। सरकार इस तरफ ज्यादा से ज्यादा ध्यान देने की कोशिश करे ताकि इस इलाके के लोग खुशहाल हो सकें।

श्री उपाध्यक्ष : चौधरी बलबीर सिंह जी आप ने शायद इस बारे में रिप्रेजेंटेशन भी दी थी। (The hon. Member Chaudhry Balbir Singh had perhaps made a representation also in this regard.)

चौधरी बलबीर सिंह : यह ठीक है कि मैं ने रिप्रेजेंटेशन भी इस सम्बन्ध में दी है लेकिन इन के पास शायद उस कागज की भी वुक्त नहीं जिस पर वह लिखी हुई थी। आप से सिफारिश भी करवाई थी। मैं अपनी खुशी समझूंगा अगर आप के कारण ही सरकार उस पर गौर कर ले।

उपाध्यक्ष महोदय, कन्डी के इलाके में दफा 4 और दफा 5 के लागू होने से काफी तकलीफ है यहां पर 90 परसैंट हरिजन आबाद हैं और उस एरिया में से रा मैटीरीयल बाहर जाता है। वहां पर छोटी छोटी सनअतें लगाई जा सकती हैं। आज कल वहां पर बान और बगढ़ की इन्डस्टरी के सिवाय और कुछ नहीं है। मैं इस सम्बन्ध में धन्नोवालिया साहिब को जो वैलफेयर के भी इन्चार्ज हैं कहूंगा कि वह कोशिश करें और जो 90 फीसदी लोग हरिजन इस इलाके में रह रहे हैं उन की मुश्किलात को दूर किया जा सके। छोटी छोटी सनअतें कायम की जा सकती हैं इन को बहाल किया जा सकता है। और जो काबले काश्त जमीन है, जिस को जंगलात के महकमा ने दफा 4 और 5 के तहत ले लिया है, 1947 से पहले मुसलमानों की थीं और काफ़ी अच्छी फसलें होती थीं। नरसरी फार्म थे और ऐसी दस हजार एकड़ के करीब जमीन है जिसकी काश्त करने से आज देश का अन्न संकट दूर हो सकता है। महकमा की एक गल्ती की वजह से जो ऊपर से हुकम आया उस तरह की कारवाई कर दी। इस लिये मैं कहूंगा कि इन सारी बातों को तै करने के लिये इलाका के लोगों की कमेटियां बना दी जाएं ता कि वहां की रैजीडन्टस उन में शामिल हो कर उस इलाके के बारे में फैसला कर सकें और उस इलाके के सुधार के लिए फ़ैसला कर सकें कि कहां

[चौधरी बलबीर सिंह]

जंगलात रहने चाहिएं। जंगलात देश की दौलत हैं और वहां पर ज़मीन बचाई जा सकती है और ऐग्रोकल्चर के काम में लाई जा सकती है। और जितनी कहीं पर टैक्नीकल ग्राऊंडज़ में रुकावटें हैं वह दूर हो सकें। घास और लकड़ी का काम किया जा सकता है और ज़मीन इस तरीके से काबले काश्त बनाई जा सकती है।

इस के इलावा एक बात मैं और कहना चाहता हूं कि बजट में कोई प्रोवीज़न नहीं किया गया और फन्डज़ न होने के कारण काबले काश्त जमीन आज बंजर हो चुकी है। इस को काश्त में लाने के लिए जो तरीका इस वक्त है वह नाकाम हो चुका है। वह ज़मीनें हरिजनों को दी गई हैं कागज़ों में। और यह ठीक है कि उन्होंने कुछ पैसे अपने पास से दिए हैं और कुछ करज़ा ले कर लगाया लेकिन फिर भी वह ज़मीन ठीक नहीं हो सकी। सरकार का पैसा भी उन के अपने पैसे के साथ गया और ज़मीन फिर बंजर की बंजर पड़ी है, काश्त के काबिल नहीं बनाई जा सकी। अगर ज़मीन काश्त करनी है और हरिजनों को देनी है और लैंडलैस टैनेंटस को देनी है तो सरकार को चाहिए कि भूमि सेना तैयार करे जो कि बुलडोज़र से ज़मीन को तैयार करे और फिर लैंडलेस टैनेंटस को दी जाए ताकि अन्न संकट दूर हो सके और ज़मीन काश्त में लाई जा सके।

श्री उपाध्यक्ष : यह बात तो सरकार के 11 नुकाती प्रोग्राम में शामिल है। (This thing has been included in the 11 point programme of the Government.)

चौधरी बलबीर सिंह : इन के 11 नुकाती प्रोग्राम में से अगर यह सरकार 10 को छोड़ कर एक पर भी अमल करे वह सिर्फ यह कि इस सूबे को क्लीन एडमिनिस्ट्रेशन दे दिया जाये तो मैं समझता हूं कि इस से भी बहुत से लोगों का भला होगा। इस से पहले भी जिस पार्टी की हकूमत थी उनका भी इस तरह से कई नुकाती प्रोग्राम होता था। मगर वह भी अपने तरह तरह के मैनीफैस्टो देते थे बड़ बड़े नारे लगाते थे कि हम इस सूबा में सोशलिज़म लायेंगे। वह मैनीफैस्टो आज भी मेरे पास पड़ा है, उस पर अमल नहीं किया गया। मैं कोई इस तरह की बातें किसी नुक्ताचीनी के लिहाज़ से नहीं कर रहा मैं तो यह चाहता हूं कि बजाये इस के कि इनके प्रोग्राम कागज़ी बन कर रह जायें, सरकार को इन पर फौरी अमल करने की

तरफ कदम बढ़ाने चाहिएं। इस तरह से लोगों का बहुत सा भला कर सकते हैं।

एक बात के मुताल्लिक मैं सुझाव देना चाहता हूं और वह यह कि आज ही हाऊस में एक सवाल के जवाब में फूड मिनिस्टर साहिब ने गोदामों के बारे ने कुछ कहा था। इस के मुताल्लिक यह अगर मेरा सुझाव मान जायें तो गोदामों का खर्चा बच सकता है। वह यह कि सरकार व्हीट-लोन हर साल अपने मुलाज़मों को अनाज खरीदने के लिये देती है। अगर सरकार यह लोन नकदी में देने की बजाये वाजबी निरख पर अनाज खरीद कर मुलाजमों को दे तो लोग 5–6 महीने को यह डीमांड करते हैं कि अनाज के निरख बढ़ गये हैं, हमारे अलाऊंसिज़ बढ़ने चाहियें तो उनको एक ही बात में जवाब दिया जा सकता है कि हम ने आपके खाने का प्रबन्ध कर दिया है। आपको अनाज के निरख से कोई वास्ता नहीं होना चाहिये।

श्री उपाध्यक्ष : चौधरी साहिब, यह तो एक तरह का बारटर सिस्टम हो जायेगा कि लोन नकदी की बजाये जिनस को शकल में दे दिया जाये। इस का बाकायदा अकाऊंट रखना पड़ेगा। (I would like to point out to the hon. Member that it will become a sort of barter system to advance the loan in kind in place of cash. A regular account thereof will have to be maintained.)

चौधरी बलबीर सिंह : यह तो मामूली बात है। अकाऊंट रखा जा सकता है। सरकार जिस भाव पर फसल आने पर खरीदेगी तो इस का सब को पता होगा, वह यह अनाज खरीद करके अपने गोदामों में रखने की बजाये लोगों को साथ साथ देती जाये। इससे गोदामों में रखवाने का खर्च भी बचेगा और लोगों की डीमांड भी पूरी हो जायेगी। मगर हमारे मुलक में यह एक बुरी टेंडेंसी आ गई है कि एक चीज़ का सीधा इलाज होते हुये भी वह उस बात को अपने हाथ में रखते हैं। कोई बात डिपार्टमैंट के होते हुये भी वह चाहते हैं कि हम ही डील करें ताकि अगर मौका पड़े तो फायदा उठाया जा सके और अपने आदमियों को बताया जा सके। इसी लिये हम चाहते हैं कि एक भाव मुकर्रर हो। आज जिस भाव से सरकार मंडियों से अनाज खरीद रही है, सरकार के सीक्रिट रखने के बावजूद भी हर जगह पता है कि सरकार मंडियों से किस भाव पर अनाज खरीद रही है। हम अगर हाऊस में सवाल करते हैं तो इसका हमें जवाब दिया जाता है कि हम भाव मुकर्रर कर रहे हैं। हमारा मकसद तो यह है कि सरकार जिस भाव पर आज

[चौधरी बलबीर सिंह]

खरीद रही है वह बताये ताकि मुलाज़मों को पता लग सके कि उनको अनाज किस भाव मिलेगा।

हर साल इस सरकार को लाखों मन अनाज गोदामों में स्टोर करना पड़ता है। स्टोरेज चारजिज़ भी रेट में अज़ाफा करने का कारण बनते हैं। अगर साथ की साथ मुलाज़मों को दो दो-चार चार बोरियाँ साल भर के लिये इस तरह से मुलाजमों की खुराक का इन्तज़ाम हो सकेगा।

श्री अध्यक्ष : चौधरी साहिब यह बोरियां कहाँ रखेंगे, मुलाज़मों के घर पर तो सोने के लिये चारपाई रखने को भी जगह नहीं होती। (Where will the employees keep those bags ? There is not sufficient space for putting Charpais to sleep in their houses.)

चौधरी बलबीर सिंह : चारपाई के लिये जगह ना हो तो वह बोरियों पर लेट सकता है। इस तरह से'उस की साल भर खाने की तो सिक्योरिटी होगी। यह क्या बात है कि अनाज अगर मिल जाये तो रखेंगे कहां, वह तो यह बात है कि 'रब्बा अन्न ना देई, घर दे किते बालन नूं ना भेज देण"। अगर हम उन को सहूलियात देंगे तो वह फायदा उठा सकते हैं। अगर कुछ देंगे हो नहीं तो वह क्या फायदा उठायेंगे। हमारा फर्ज़ है कि हम उनको अनाज खरीद कर दे दें ताकि वह साल भर बेफिक्र रहें।

एक और सुझाव मैं बिजली के मुताल्लिक देना चाहता हूं। वह यह कि जब भी कभी बिजली के कुनैक्शन के लिये जाते हैं तो हर एक को यही कहा जाता है कि हमारे पास सामान नहीं है। इसके लिये मेरा यही सुझाव है कि अगर कोई शख्स यह कहे कि सामान मैं अपनी तरफ से खरीद करूंगा हमें कुनैक्शन दे दिया जाये, इस तरह से लोगों को जिन्हें जरुरत है, अपना सामान खरीदने की इजाज़त होनी चाहिये। जिस शख्स को यह पता हो कि अगर कुनैक्शन न मिला तो वक्त पर पानी न मिलने की वजह से उसका इतने हज़ार की फसल का नुक्सान हो जायेगा तो वह यह कोशिश करेगा कि उसे कहीं से भी दो चीजें कुनैक्शन के लिये मिलें, वह उन को जरुर खरीद करेगा। इसलिये सरकार को ऐसे केसिज़ में जहां पर कोई यह कहे कि सामान मेरे पास है फौरी कुनैक्शन दे देना चाहिये। इस के साथ २ मैं दूसरी बात कुनैक्शन देने के साथ २ खाद की सप्लाई के मुताल्लिक भी अर्ज़ करूंगा।

ਖ਼ਰਨ ਦਾ ਖਿਆਲ ਜ਼ਾਹਿਰ ਕੀਤਾ ਹੈ ਇਸ ਨਾਲ ਤਕਰੀਬਨ 45 ਜਾਂ 50 ਲੱਖ ਰੁਪਏ ਦਾ ਘਾਟਾ ਪਵੇਗਾ। ਟੀਚਰਜ਼ ਨੂੰ ਢਾਈ ਕਰੋੜ ਰੁਪਏ ਦਾ ਰਿਲੀਫ਼ ਦਿਤਾ ਹੈ, ਸਰਕਾਰੀ ਕਰਮਚਾਰੀਆਂ ਨੂੰ 6 ਕਰੋੜ ਦਾ ਔਰ 5 ਏਕੜ ਉਤੇ ਮਾਲੀਆ ਛਡੱਣ ਨਾਲ ਕੋਈ 49 ਜਾਂ 50 ਲੱਖ ਦੇ ਕਰੀਬ ਦਾ ਫ਼ਰਕ ਪੈਂਦਾ ਹੈ। ਇਸ ਤਰ੍ਹਾਂ, ਜਿਵੇਂ ਮੈਂ ਕਿਹਾ ਹੈ ਇਹ ਵਾਧੂ ਘਾਟਾ 13 ਕਰੋੜ ਰੁਪਏ ਦੇ ਕਰੀਬ ਬਣਦਾ ਹੈ—ਜ਼ਿਆਦਾ ਵੀ ਹੋ ਸਕਦਾ ਹੈ ਔਰ ਇਸ ਤੋਂ ਥੋੜ੍ਹਾ ਬਹੁਤ ਘਟ ਵੀ ਹੋ ਸਕਦਾ ਹੈ। ਇਹ ਉਹ ਰੁਪਿਆ ਹੈ ਜਿਸ ਦੀ ਬਾਬਤ ਹੁਣ ਤਕ ਇਨ੍ਹਾਂ ਨੇ ਐਨਾਊਂਸਮੈਂਟ ਕੀਤੀਆਂ ਹਨ। ਇਸ ਤੋਂ ਇਲਾਵਾ ਜੋ ਫੋਰਥ ਫਾਈਵ ਈਅਰ ਪਲੈਨ ਦੇ ਪਹਿਲੇ ਸਾਲ ਲਈ ਜਿਹੜਾ ਟੀਚਾ ਮੁਕਰਰ ਕੀਤਾ ਸੀ ਜਿਵੇਂ ਕਿ ਇਨ੍ਹਾਂ ਨੇ ਪਹਿਲੇ ਦਸਿਆ ਹੈ ਉਸ ਵਿਚ ਹਿੰਦ ਸਰਕਾਰ ਵਲੋਂ 7½ ਕਰੋੜ ਦਾ ਕਟ ਲਗਾਇਆ ਗਿਆ ਹੈ। 22 ਕਰੋੜ ਰੁਪਿਆ ਪਹਿਲਾਂ ਉਨ੍ਹਾਂ ਨੇ ਗਰਾਂਟ ਦੇਣੀ ਮੰਜ਼ੂਰ ਕੀਤੀ ਸੀ, ਹੁਣ 14½ ਕਰੋੜ ਕਰ ਦਿਤੀ ਹੈ। ਆਪਣੇ ਮੌਜੂਦਾ ਰਿਸੋਰਸਿਜ਼ ਤੋਂ ਜਿਹੜਾ ਰੁਪਿਆ ਇਨ੍ਹਾਂ ਨੇ ਇਕੱਠਾ ਕਰਨਾ ਸੀ ਉਹ ਸਿਰਫ਼ 40 ਕਰੋੜ ਦੇ ਕਰੀਬ ਹੈ। ਜਿਹੜਾ ਰਿਲੀਫ਼ ਦਿਤਾ ਹੈ ਉਸ ਨੂੰ ਕਢ ਕੇ ਬਾਕੀ ਜਿਹੜਾ ਖਰਚਾ ਸਰਕਾਰ ਨੇ ਆਉਣ ਵਾਲੇ ਚਾਰ ਸਾਲਾਂ ਦੇ ਵਿਚ ਕਰਨਾ ਹੈ ਉਸ ਦਾ ਅਗਰ ਅੰਦਾਜ਼ਾ ਲਗਾਈਏ ਤਾਂ ਹੋਰਾਂ ਖਰਚਾਂ ਵਿਚ ਕਮੀ ਕਰਕੇ ਵੀ ਹਰ ਸਾਲ 12 ਜਾਂ 13 ਕਰੋੜ ਰੁਪਏ ਦੇ ਐਡੀਸ਼ਨਲ ਟੈਕਸ ਲਗਾ ਕੇ ਹੀ ਪੂਰਾ ਕੀਤਾ ਜਾ ਸਕੇਗਾ। ਇਹ ਕਹਿ ਸਕਦੇ ਹਨ ਕਿ ਅਸੀਂ ਖਰਚਾਂ ਨੂੰ ਘਟਾਉਣ ਦੇ ਜ਼ਰਾਏ ਇਖਤਿਆਰ ਕਰਾਂਗੇ। ਠੀਕ ਬਾਤ ਹੈ। ਐਕਸਪੈਂਡੀਚਰ ਘਟਾਉਣਾ ਚਾਹੀਦਾ ਹੈ ਔਰ ਇਸ ਮਕਸਦ ਲਈ ਹਰ ਕੋਈ ਨਵੇਂ ਜ਼ਰੀਏ ਲਭਣੇ ਚਾਹੀਦੇ ਹਨ। ਹੋ ਸਕਦਾ ਹੈ ਕਿ ਤੁਸੀਂ ਐਕਸਾਈਜ਼ ਵਿਚ ਹੋਰ ਵਾਧਾ ਕਰੋ ਅਤੇ ਦੂਸਰੇ ਸ਼ੋਬਿਆਂ ਵਿਚ ਖਰਚ ਵਿਚ ਕਮੀ ਕਰੋ ਲੇਕਿਨ ਮੇਰਾ ਵਿਸ਼ਵਾਸ ਹੈ ਕਿ ਖਰਚ ਵਿਚ ਇਤਨੀ ਕਮੀ ਤੁਸੀਂ ਹਰਗਿਜ਼ ਨਹੀਂ ਕਰ ਸਕੋਗੇ ਜਿਸ ਦੇ ਨਾਲ 10 ਜਾਂ 12 ਕਰੋੜ ਰੁਪਏ ਦੀ ਬਚਤ ਹੋ ਜਾਵੇ। ਲਾਜ਼ਮੀ ਤੌਰ ਤੇ ਤੁਹਾਨੂੰ ਹੋਰ ਰੀਸੋਰਸਿਜ਼ ਤੋਂ ਪੈਸਾ ਇਕੱਠਾ ਕਰਨਾ ਪਵੇਗਾ।

ਜਿਥੋਂ ਤਕ 4 ਏਕੜ ਦਾ ਮਾਮਲਾ ਛਡਿਆ ਹੈ ਇਸ ਬਾਰੇ ਇਸ ਮੌਕੇ ਤੇ ਮੈਂ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ ਪਰ ਜੋ ਤੁਸੀਂ ਫ਼ੈਸਲਾ ਕੀਤਾ ਹੈ ਇਹ ਠੀਕ ਹੈ ਕਿ ਜਿਹੜਾ ਫ਼ੈਸਲਾ ਪਹਿਲਾਂ ਅਸਾਂ ਕੀਤਾ ਹੋਇਆ ਸੀ ਉਸ ਨੂੰ ਇੰਪਲੀਮੈਂਟ ਕੀਤਾ ਹੈ। ਦਰੁਸਤ ਬਾਤ ਹੈ। ਇਸ ਵਕਤ ਕੀ ਕਹਾਂ, ਜਿਸ ਵਕਤ ਇਸ ਬਾਰੇ ਮਤਾ ਆਏਗਾ ਤਦ ਦਸਾਂਗਾ ਕਿ ਪੰਜ ਏਕੜ ਤੇ ਹੀ ਨਹੀਂ ਬਲਕਿ 10 ਏਕੜ ਤਕ ਮਾਫ਼ ਕਰੋ। ਇਸ ਦਾ ਕਾਰਨ ਇਹ ਹੈ ਕਿ ਬੜੀ ਮੁਸ਼ਕਲ ਨਾਲ ਅਸਾਂ ਜ਼ਮੀਨ ਦੀ ਕਨਸਾਲੀਡੇਸ਼ਨ ਕੀਤੀ ਹੈ ਅਗਰ ਇਹ ਸਿਰਫ਼ ਪੰਜ ਏਕੜ ਤਕ ਹੀ ਰਹਿਣ ਦਿਤਾ ਗਿਆ ਤਾਂ ਜ਼ਮੀਨ ਦੇ ਮੁੜ ਟੁਕੜੇ ਟੁਕੜੇ ਹੋ ਜਾਣਗੇ ਕਿਉਂਕਿ ਹਰ ਇਕ ਦਾ ਖਿਆਲ ਹੋਵੇਗਾ ਕਿ 5 ਏਕੜ ਤੇ ਤਾਂ ਮਾਲੀਆ ਲਗਦਾ ਨਹੀਂ ਇਸ ਲਈ ਜ਼ਮੀਨ ਦੀ ਫ਼ਰਦਰ ਡਿਸਟ੍ਰੀਬਿਊਸ਼ਨ ਕਰ ਦੇਣਗੇ ਅਪਣੇ ਲੜਕਿਆਂ ਲੜਕੀਆਂ ਔਰ ਰਿਸ਼ਤੇਦਾਰਾਂ ਵਿਚ ਵੰਡ ਦੇਣਗੇ ਔਰ ਇਸ ਤਰ੍ਹਾਂ ਕਨਸਾਲੀਡੇਸ਼ਨ ਦਾ ਸਾਰਾ ਪ੍ਰਾਸੈਸ ਉਲਟਾ ਹੋ ਜਾਵੇਗਾ, ਡੀ-ਕਨਸਾਲੀਡੇਸ਼ਨ ਹੋ ਜਾਵੇਗੀ ਔਰ ਜਿਹੜਾ ਕਰੋੜ ਰੁਪਿਆ ਲਗਾ ਕੇ ਕੰਮ ਹੋਇਆ ਹੈ ਉਸ ਵਿਚ ਟੁੱਟ ਭਜ ਹੋ ਜਾਵੇਗੀ। ਯਾ ਤਾਂ ਤੁਹਾਨੂੰ ਇਸ ਦੇ ਉਲਟ ਕੋਈ ਐਕਟ ਪਾਸ ਕਰਨਾ ਪਵੇਗਾ ਕਿ ਕਿਸੇ ਹਦ ਤਕ ਕੋਈ ਵੀ ਆਦਮੀ ਜ਼ਮੀਨ ਵੇਚ ਨਾ ਸਕੇ ਜਾਂ ਅਗਰ ਵੇਚਦਾ ਹੈ ਤਾਂ ਇਕੋ ਹੀ ਲਾਟ ਵਿਚ ਵੇਚੇ। ਇਸ ਤਰ੍ਹਾਂ ਵੀ ਹੱਲ ਕਰ ਸਕਦੇ ਹੋ ਉਨ੍ਹਾਂ ਮਸਲਿਆਂ ਦਾ ਜਿਹੜੇ ਕਿ ਉਠਣ। ਇਸ ਲਈ ਅਗਰ ਦਸ ਏਕੜ ਤਕ ਕੀਤਾ ਜਾਵੇ ਤਾਂ ਉਸ ਦਾ ਕੋਈ ਫ਼ਾਇਦਾ ਹੋ ਸਕਦਾ ਹੈ।

[ਸਰਦਾਰ ਦਰਬਾਰਾ ਸਿੰਘ]

ਕਾਣੀ ਵੰਡ ਨਾ ਹੋਵੇ—ਇਹ ਹੈ ਸਮਾਜਵਾਦ ਅਤੇ ਇਸ ਨੂੰ ਜਮਹੂਰੀ ਢੰਗ ਨਾਲ ਲਿਆਂਦਾ ਜਾਵੇ ਤਾਂ ਬਹੁਤ ਚੰਗਾ ਹੈ। ਪਰ ਇਥੇ ਪਿਛਲੇ ਦਿਨਾਂ ਵਿਚ ਜਮਹੂਰੀਅਤ ਦੀ ਜਿਹੜੀ ਮਿੱਟੀ ਪਲੀਦ ਹੋਈ ਹੈ ਉਸ ਦਾ ਜ਼ਿਕਰ ਮੈਂ ਨਹੀਂ ਕਰਨਾ ਚਾਹੁੰਦਾ, ਫਿਰ ਸਮਾਂ ਮਿਲੇਗਾ ਤਾਂ ਕਰਾਂਗਾ। ਜੇਕਰ ਜਮਹੂਰੀਅਤ ਵਾਲਾ ਸੋਸ਼ਲਿਜ਼ਮ ਲਿਆਉਣਾ ਚਾਹੁੰਦੇ ਹਨ ਤਾਂ ਬੜੀ ਚੰਗੀ ਗੱਲ ਹੈ ਜਿੰਨੇ ਵੀ ਚੰਗੇ ਮੈਯਰਜ਼ ਤੁਸੀਂ ਲਿਆਉਗੇ ਉਨ੍ਹਾਂ ਨੂੰ ਬਿਨਾ ਕਿਸੇ ਪ੍ਰਕਾਰ ਦੀ ਝਿਜਕ ਦੇ ਸਪੋਰਟ ਕਰਾਂਗੇ। ਲੇਕਿਨ ਅਜਿਹਾ ਰਾਜ ਨਾ ਹੋਵੇ ਕਿ ਜਿੰਨਾ ਰੁਪਿਆ ਪੈਸਾ ਤੁਸੀਂ ਛੋੜ ਨਹੀਂ ਜਾਂਦੇ ਹੋ ਉਸ ਦਾ ਖਜ਼ਾਨੇ ਤੇ ਨਵੇਂ ਸਿਰੇ ਤੋਂ ਬੋਝ ਪੈ ਜਾਵੇ ਅਤੇ ਉਸ ਨੂੰ ਪੂਰਾ ਕਰਨ ਲਈ ਲੋਕਾਂ ਤੇ ਟੈਕਸ ਲਗਾ ਕੇ ਉਨ੍ਹਾਂ ਦਾ ਲਕ ਤੋੜ ਦਿਉ। ਜੋ ਕੁਝ ਕੀਤਾ ਹੈ ਚੰਗਾ ਕੀਤਾ ਹੈ ਜਿਹੜਾ ਲੋਕਾਂ ਨੂੰ ਰੀਲੀਫ ਦੇਣ ਦੀ ਕੋਸ਼ਿਸ਼ ਕੀਤੀ ਹੈ। ਜੇ ਕਰ ਇਹ ਪੈਸਾ ਪੂਰਾ ਕਰ ਲਉ ਤਾਂ ਚੰਗੀ ਗਲ ਹੈ, ਇਹ ਚੰਗੇ ਮੈਯਰਜ਼ ਹਨ ਲੇਕਿਨ ਇਹ ਗਲ ਵੀ ਕਹੂੰਗਾ ਕਿ ਕਿਧਰੇ 40 ਲਖ ਰੁਪਿਆ ਛਡ ਕੇ 6 ਕਰੋੜ ਰੁਪਏ ਦੇ ਟੈਕਸ ਲਗਾਉਣ ਦੀ ਕੋਸ਼ਸ਼ ਨਾ ਕਰਨਾ। ਜੇਕਰ ਲਗਾਤਾਰ ਸਰਕਾਰ ਨੂੰ ਚਲਾਉਣਾ ਹੈ ਤਾਂ ਜਿਹੜਾ ਟੈਕਸ ਰੀਲੀਫ ਦੇ ਰਹੇ ਹੋ ਇਹ ਕਿਧਰੇ ਗਰੀਫ ਵਿਚ ਨਾ ਬਦਲ ਜਾਵੇ। ਇਸ ਲਈ ਮੈਂ ਪਹਿਲੇ ਹੀ ਖ਼ਿਤਬਾਹ ਕਰਨਾ ਚਾਹੁੰਦਾ ਹਾਂ। ਮੈਂ ਪਹਿਲੀਆਂ ਗਲਾਂ ਹਾਊਸ ਵਿਚ ਰੀਪੀਟ ਨਹੀਂ ਕਰਾਂਗਾ ਪਤਾ ਨਹੀਂ ਹੈ ਕਿ ਕਿਸੇ ਨੇ ਕੀ ਬੋਲਿਆ ਹੈ। ਮੈਂ ਹਾਊਸ ਵਿਚੋਂ ਗੈਰ ਹਾਜ਼ਰ ਸਾਂ ਹੁਣ ਬੋਲਣ ਲਈ ਹਾਜ਼ਰ ਹੋਇਆ ਹਾਂ ...

ਡਾਕਟਰ ਬਲਦੇਵ ਪ੍ਰਕਾਸ਼ : ਅੱਛਾ, ਤੁਸੀਂ ਵਾਕਆਊਟ ਵਿਚ ਹਿੱਸਾ ਨਹੀਂ ਲਿਆ ?

ਇਕ ਆਵਾਜ਼ : ਨਹੀਂ, ਇਹ ਤਾਂ ਦਿਲੀਉਂ ਆਏ ਹਨ।

ਸਰਦਾਰ ਦਰਬਾਰਾ ਸਿੰਘ : ਮੈਂ ਕਹਿ ਰਿਹਾ ਸੀ ਕਿ ਜਿੰਨੇ ਮਰਹਲੇ ਅਜ ਤਕ ਤੈ ਹੋਏ ਹਨ, ਇਹ ਕਿਸ ਨੇ ਤੈ ਕੀਤੇ ਹਨ ? ਆਉਣ ਵਾਲਿਆਂ ਨੇ ਨਹੀਂ ਤੈ ਕੀਤੇ। ਇਹ ਇਕ ਲਗਾਤਾਰ ਸਿਲਸਿਲਾ ਹੈ ...

ਇਕ ਅਵਾਜ਼ : ਅੰਗ੍ਰੇਜ਼ਾਂ ਦੇ ਵਕਤ ਦਾ।

ਸਰਦਾਰ ਦਰਬਾਰਾ ਸਿੰਘ : ਪਿਠ ਤੇ ਹਥ ਫੇਰ ਕੇ ਵੇਖ ਲਉ, ਜੇਕਰ ਲਾਸਾਂ ਪਈਆਂ ਹਨ ਤਾਂ ਇਹ ਅੰਗਰੇਜ਼ਾਂ ਦੇ ਜ਼ਮਾਨੇ ਦੀਆਂ ਹੀ ਹੋਣਗੀਆਂ ਬਾਅਦ ਦੀਆਂ ਨਹੀਂ ਹਨ। (ਵਿਘਨ) ਆਖਰ ਇਹ ਜਿਹੜੀ ਮੰਜ਼ਿਲ ਤੈ ਹੋਈ ਹੈ ਜਿਸ ਨੂੰ ਤੈ ਕਰਕੇ ਤੁਸੀਂ ਇਸ ਥਾਂ ਪਹੁੰਚੇ ਹੋ ਇਹ ਵੀ ਕਿਸੇ ਡੈਮੋਕਰੇਟਿਕ ਅਸੂਲ ਤੇ ਚਲਕੇ ਹੀ ਇਥੇ ਪਹੁੰਚੇ ਹੋ। ਵਰਨਾ ਜੇਕਰ ਡੈਮੋਕਰੇਸੀ ਨਾ ਹੁੰਦੀ ਤਾਂ ਇਹ ਸਮਾਂ ਵੀ ਨਾ ਆਉਂਦਾ। ਜਿਥੇ ਡਿਕਟੇਟਰਸ਼ਿਪ ਹੁੰਦੀ ਹੈ ਉਥੇ ਕਿਸੇ ਨੂੰ ਅਜਿਹੀ ਇਜਾਜ਼ਤ ਨਹੀਂ ਹੁੰਦੀ। ਉਥੇ ਤਾਂ ਢੋਰਾਂ ਦੀ ਤਰ੍ਹਾਂ ਲੋਕਾਂ ਨੂੰ ਚਲਾਇਆ ਜਾਂਦਾ ਹੈ। ਉਥੇ ਵੋਟਸ ਦੀ ਇਜਾਜ਼ਤ ਨਹੀਂ ਹੁੰਦੀ। ਉਥੇ ਤਾਂ ਬੰਦੇ ਖੜੇ ਕਰ ਦਿਤੇ ਜਾਂਦੇ ਹਨ ਕਿ ਹਾਂ ਜਾਂ ਨਾ ਕਹਿ ਕੇ ਆਉ। ਨਾ ਕਹਿਣ ਦੀ ਕਿਸੇ ਦੀ ਜੁਰਅਤ ਨਹੀਂ ਹੁੰਦੀ ਇਸੇ ਤਰ੍ਹਾਂ ਦੇ ਇਲੈਕਸ਼ਨ ਵੀ ਕਈਆਂ ਦੇਸ਼ਾਂ ਵਿਚ ਹੁੰਦੇ ਹਨ। ਮੈਂ ਉਨ੍ਹਾਂ ਨੂੰ ਅਰਜ਼ ਕਰਾਂਗਾ ਕਿ ਕਿ ਸ਼ਾਇਦ ਤੁਹਾਡਾ ਕੰਬੀਨੇਸ਼ਨ ਚੰਗਾ ਹੈ, ਖਿਆਲ ਰਖਣਾ ਕਿ ਕਿਧਰੇ ਤੁਹਾਡਾ ਭੇਦ ਬਾਹਰ ਨਾ ਚਲਿਆ ਜਾਵੇ। ਕੁਝ ਲੋਕੀ ਦੇਸ਼ ਦੇ ਉਲਟ ਗਲਾਂ ਕਰਦੇ ਹਨ...

ਆਵਾਜ਼ : ਉਨ੍ਹਾਂ ਨੂੰ ਤੁਸੀਂ ਤਰੱਕੀ ਪਸੰਦ ਕਹਿੰਦੇ ਹੋ ।

ਸਰਦਾਰ ਦਰਬਾਰਾ ਸਿੰਘ : ਤਰੱਕੀ ਪਸੰਦ ਹੋ ਕੇ ਵੀ ਜੇਕਰ ਆਦਮੀ ਬਹੁਤ ਲੰਮਾ ਚੌੜ ਤਰੱਕੀ ਯਾਫਤਾ ਹੋ ਜਾਵੇ ਤੇ ਜਿਸ ਨੇ ਤਰੱਕੀ ਨੂੰ ਹਜ਼ਮ ਕੀਤਾ ਹੈ, ਆਪਣੀ ਤਰੱਕੀ ਨੂੰ ਉਸ ਦੇ ਹਵਾਲੇ ਕਰਨ ਦੀ ਕੋਸ਼ਿਸ਼ ਕਰੇ ਤਾਂ ਫਿਰ ਵੀ ਮਾੜੀ ਗਲ ਹੈ । ਉਨ੍ਹਾਂ ਦਾ ਧਿਆਨ ਰਖੋ ।

ਤੁਸੀਂ ਐਡਮਿਨਿਸਟਰੇਸ਼ਨ ਚਲਾਉਣ ਦੀ ਕੋਸ਼ਿਸ਼ ਕਰਦੇ ਹੋ, ਜਦੋਂ ਲਾ ਐਂਡ ਆਰਡਰ ਦੀ ਬਹਿਸ ਹੋਵੇਗੀ ਤਾਂ ਮੈਂ ਉਸ ਉਪਰ ਕਹਾਂਗਾ ...

ਸ਼੍ਰੀ ਡਿਪਟੀ ਸਪੀਕਰ : ਸਰਦਾਰ ਦਰਬਾਰਾ ਸਿੰਘ ਜੀ, ਇਥੇ ਉਹ ਆਦਮੀ ਬੈਠੇ ਹਨ ਜਿਨ੍ਹਾਂ ਨੇ ਵਿਧਾਨ ਦੀ ਕਸਮ ਖਾਧੀ ਹੈ । ਕੀ ਕੋਈ ਅਜਿਹਾ ਵੀ ਹੈ ਜਿਸ ਨੇ ਵਿਧਾਨ ਦੀ ਕਸਮ ਨਹੀਂ ਖਾਧੀ ? (Addressing Sardar Darbara Singh : Only those people are sitting here who have taken oath of allegiance to the Constitution. Is there any person who has not taken oath of allegiance to the Constitution ?)

ਸਰਦਾਰ ਦਰਬਾਰਾ ਸਿੰਘ : ਖੈਰ ਜੀ, ਮੈਂ ਇਹ ਲਫਜ਼ ਵਾਪਸ ਲੈਣ ਲਈ ਤਿਆਰ ਨਹੀਂ ਹਾਂ । I am definite about this sort of statement which I have made.

ਜਿੰਨੇ ਸਬੂਤ ਚਾਹੋਗੇ ਦੇਣ ਲਈ ਤਿਆਰ ਹਾਂ । ਅਜਿਹੀ ਬਾਤ ਨਹੀਂ ਹੈ ਮੈਨੂੰ ਨੇਮ ਕਰਨਾ ਪਵੇਗਾ ਤਾਂ ... (ਵਿਘਨ)

ਡਾਕਟਰ ਬਲਦੇਵ ਪ੍ਰਕਾਸ਼ : On a point of order Sir. ਕੀ ਆਪ ਦਾ ਇਹ ਐਲੀਗੇਸ਼ਨ ਹੈ ਕਿ ਜਿਨ੍ਹਾਂ ਨੇ ਵਿਧਾਨ ਦੀ ਕਸਮ ਖਾਧੀ ਹੈ, ਸਿਨਸੀਅਰਲੀ ਨਹੀਂ ਖਾਧੀ ?

ਸਰਦਾਰ ਦਰਬਾਰਾ ਸਿੰਘ : ਡਿਪਟੀ ਸਪੀਕਰ ਸਾਹਿਬ, ਨੇ ਮੈਨੂੰ ਕੁਝ ਪੁਛਿਆ ਸੀ ਉਸ ਦਾ ਮੈਂ ਜਵਾਬ ਦਿਤਾ ਹੈ । ਤੁਸੀਂ ਪੁਛੋਗੇ ਤੇ ਤੁਹਾਨੂੰ ਜਵਾਬ ਦੇ ਦੇਵਾਂਗਾ ।

ਚੌਧਰੀ ਬਲਬੀਰ ਸਿੰਘ : On a point of order, Sir. ਇਨ੍ਹਾਂ ਦੀ ਇਹ ਗਲ ਤਾਂ ਦਿੱਲੀ ਨਾਲ ਤਾਲੁੱਕ ਰਖਦੀ ਹੈ, ਡੀਫੈਂਸ ਆਫ ਇੰਡੀਆ ਨਾਲ ਤਾਲੁੱਕ ਰਖਦੀ ਹੈ । ਜੇਕਰ ਇਨ੍ਹਾਂ ਨੇ ਬਾਤ ਕਰਨੀ ਹੈ ਤਾਂ ਉਥੇ ਕਰਨ । ਇਥੇ ਤਾਂ ਉਹੋ ਗਲ ਹੋ ਸਕਦੀ ਹੈ ਜਿਸ ਨੂੰ ਕਰਨ ਲਈ ਅਸੀਂ ਕੰਪੀਟੈਂਟ ਹਾਂ ।

ਸ਼੍ਰੀ ਡਿਪਟੀ ਸਪੀਕਰ : ਦਰਅਸਲ ਮੈਂ ਵੀ ਇਹੋ ਗਲ ਕਲੀਅਰ ਕਰਨ ਦੀ ਕੋਸ਼ਸ਼ ਕੀਤੀ ਸੀ ਕਿ ਸ਼ਾਇਦ ਜਿਨ੍ਹਾਂ ਨੇ ਕਸਮ ਖਾਧੀ ਹੈ ਉਨ੍ਹਾਂ ਤੇ ਉਨ੍ਹਾਂ ਨੂੰ ਸ਼ਕ ਹੈ ਕਿ ਉਹ ਦੇਸ਼ ਨੂੰ ਸਿਨਸੀਅਰ ਨਹੀਂ ਹਨ । ਜਿਨ੍ਹਾਂ ਨੇ ਕਸਮਾਂ ਖਾਧੀਆਂ ਹਨ ਉਨ੍ਹਾਂ ਦੀਆਂ ਨੀਅਤਾਂ ਤੇ ਸਾਨੂੰ ਸ਼ਕ ਨਹੀਂ ਕਰਨਾਂ ਚਾਹੀਦਾ । Since he has

[ਸਰਦਾਰ ਦਰਬਾਰਾ ਸਿੰਘ]

ਕਿ ਹੋਰ ਕਰਮਚਾਰੀ ਜੋ ਇਸੇ ਸਟੇਟਸ ਦੇ ਹਨ ਉਨ੍ਹਾਂ ਨੂੰ ਵੀ ਇਸੇ ਤਰ੍ਹਾਂ ਕਣਕ ਦਿਉ........ (ਵਿਘਨ)

ਇਕ ਆਵਾਜ਼ : 35/— ਰੁ. ਕਵਿੰਟਲ ?

ਸਰਦਾਰ ਦਰਬਾਰਾ ਸਿੰਘ : ਹਾਂ ਜੀ, ਇਨ੍ਹਾਂ ਦਾ ਬਿਆਨ ਸੀ ਜੋ ਮੈਂ ਅਖਬਾਰ ਵਿਚ ਪੜ੍ਹਿਆ ਸੀ। ਵਜ਼ੀਰ ਤਰ੍ਹਾਂ ਤਰ੍ਹਾਂ ਦੇ ਬਿਆਨ ਦੇ ਰਹੇ ਹਨ। ਇਨ੍ਹਾਂ ਸਭ ਦੇ ਬਿਆਨ ਇਕਠੇ ਕਰਕੇ ਵੇਖੋ .....

ਸ਼੍ਰੀ ਡਿਪਟੀ ਸਪੀਕਰ : ਆਪ ਇਥੇ ਹਾਜ਼ਰ ਨਹੀਂ ਸੋ, ਪਰਸੋਂ ਫੈਸਲਾ ਕੀਤਾ ਸੀ ਕਿ ਇਨ੍ਹਾਂ ਸਭ ਦੀ average ਕਢ ਲੈਣੀ ਹੈ। (ਹਾਸਾ) (The hon. Member was not present here when it was decided here day before yesterday that their average would be worked out.) (Laughter)

ਸਰਦਾਰ ਦਰਬਾਰਾ ਸਿੰਘ : ਇਸਦਾ ਮੈਨੂੰ ਪਤਾ ਨਹੀਂ ਸੀ। ਖੈਰ ਇਨ੍ਹਾਂ ਜਿਹੜਾ ਇਹ ਨਾਟ ਇਨ ਪਬਲਿਕ ਇੰਟਰੈਸਟ ਵਾਲਾ ਜਵਾਬ ਦਿਤਾ ਇਹ ਬਿਲਕੁਲ ਮੋਅਮਲ ਜਵਾਬ ਹੈ। ਮੈਨੂੰ ਉਮੀਦ ਹੈ ਇਸ ਬਾਰੇ ਜਲਦੀ ਹੀ ਐਲਾਨ ਕਰ ਦਿਤਾ ਜਾਵੇਗਾ।

ਫਿਰ ਜੋ ਘਾਟਾ ਹੈ ਇਸ ਬਾਰੇ ਵੀ ਅਸੀਂ ਜਾਣਨਾ ਚਾਹੁੰਦੇ ਹਾਂ ਕਿ ਇਹ ਕਿਸ ਤਰ੍ਹਾਂ ਉਸ ਨੂੰ ਪੂਰਾ ਕਰਨਾ ਚਾਹੁੰਦੇ ਹਨ। ਅਸੀਂ ਵੀ ਇਸ ਕਮੀ ਨੂੰ ਦੂਰ ਕਰਨ ਵਿਚ ਇਨ੍ਹਾਂ ਦੀ ਮਦਦ ਕਰਨਾ ਚਾਹੁੰਦੇ ਹਾਂ ਪਰ ਅਸੀਂ ਨਿਰੀਆਂ ਪਲੈਨਾਂ ਨਹੀਂ ਦੇਖਣੀਆ ਇਨ੍ਹਾਂ ਦੀਆਂ ਬਣਾਈਆਂ ਹੋਈਆਂ ਬਲਕਿ ਅਸੀਂ ਤਾਂ ਉਨ੍ਹਾਂ ਦੀ ਇੰਮਲੀਮੈਂਟੇਸ਼ਨ ਦੇਖਣੀ ਹੈ। ਤੁਸੀਂ ਦੇਖਿਆ ਹੋਣਾ ਹੈ ਕਿ ਫਿਨਾਂਸ ਸੈਕਰੇਟਰੀ ਨੇ ਆਪਣੇ ਮੀਮੋ ਦੇ ਆਖਰੀ ਸਫੇ ਤੇ ਇਕ ਗਲ ਕਹੀ ਹੈ, ਬੜੀ ਠੀਕ ਗਲ ਕਹੀ ਹੈ ਕਿ ਸਰਕਾਰ ਦੇ ਫਿਨਾਂਸਿਜ਼ ਇਸ ਵੇਲੇ ਇਕ ਕ੍ਰਾਈਸਿਜ਼ ਵੱਲ ਜਾ ਰਹੇ ਹਨ, ਸਰਕਾਰ ਨੂੰ ਕਿਤੋਂ ਨਾ ਕਿਤੋਂ ਰੀਸੋਰਸਿਜ਼ ਢੂੰਡਣੇ ਪੈਣਗੇ। ਸਿਰਫ ਮਹਿਕਮੇ ਬੰਦ ਕਰਨ ਨਾਲ ਇਹ ਹਾਨੀ ਪੂਰੀ ਨਹੀਂ ਹੋ ਸਕਦੀ ਭਾਵੇਂ 20 ਮਹਿਕਮੇ ਕਲੋਜ਼ ਡਾਊਨ ਕਰ ਦਿਉ ਪਰ ਉਹ ਵੀ ਤੁਸੀਂ ਕਿਉਂ ਕਰੋਗੇ ਆਖਿਰ ਮਨਿਸਟਰਾਂ ਨੂੰ ਵੀ ਤਾਂ ਅਡਜਸਟ ਕਰਨਾ ਹੈ। ਉਨ੍ਹਾਂ ਨੂੰ ਵੀ ਤਾਂ ਕੋਈ ਮਹਿਕਮਾ ਦੇਣਾ ਹੈ ਵਰਨਾ ਉਹ ਫੌਜ ਦੀ ਜਸਟੀਫਿਕੇਸ਼ਨ ਕਿਵੇਂ ਦਸਣਗੇ। (ਵਿਘਨ) ਚੰਗਾ ਹੋਰ ਭਰਤੀ ਕਰ ਲਉ ਅਗਰ ਹਾਲੇ ਘਟ ਹਨ ਤਾਂ। ਇਨ੍ਹਾਂ ਦੀ ਸਟੇਟਮੈਂਟ ਨਾਲ ਮੁਤਾਬਿਕ ਹਾਂ ਕਿ ਹਾਲਾਂ 5—10 ਘਟ ਹਨ, ਹੋਰ ਭਰਤੀ ਕਰ ਲਉ ਸਾਨੂੰ ਕੀ ਇਤਰਾਜ਼ ਹੋ ਸਕਦਾ ਹੈ, ਇਸ ਤੋਂ ਬਿਹਤਰ ਤਰੀਕਾ ਡੈਫੀਸਿਟ ਖਤਮ ਕਰਨ ਦਾ ਹੋਰ ਕੀ ਹੋਣਾ ਹੈ ? ਹੋਰ 5—7 ਰਖ ਲਉ......

ਸ਼੍ਰੀ ਡਿਪਟੀ ਸਪੀਕਰ : ਤੁਹਾਡੀ ਸਜੈਸ਼ਨ ਬੜੀ ਸਿਆਣੀ ਹੈ, ਤੁਸੀਂ ਆਪਣੇ ਬੰਦਿਆਂ ਨੂੰ ਹੋਰ ਫਾਇਦਾ ਪਹੁੰਚਾਉਣਾ ਚਾਹੁੰਦੇ ਹੋ। (ਹਾਸਾ) (The suggestion of the hon. Member is very good. He wants to give more benefit to his own people.) (Laughter.)

मैं खाद के बारे में कहना चाहता हूं कि भाव चाहे सैंट्रल गवर्नमेंट ने बढ़ाए हैं तो भी हमें इस वक्त किसानों की मदद के लिये आना चाहिये। जितने भाव बढ़ गए हैं उतनी ही रकम सरकार को सबसिडी के तौर पर देनी चाहिये। और इस प्रकार खाद किसान को पुरानी कीमत पर ही दिलानी चाहिये। किसान के इस्तेमाल की जितनी चीज़ें भी हैं—हल हैं, पानी है, बिजली है खाद है या मैटीरियल है, बीज हैं सब सस्ते दामों पर सप्लाई होने चाहियें। अगर किसान ज़िंदा रहेगा तो सारा देश जिंदा रहेगा अगर प्रोड्यूसर खत्म हो गया तो देश भी खत्म हो जायेगा। पंजाब तो कृषिप्रधान सूबा है। यहाँ पर किसानों को ज्यादा से ज्यादा सुविधाएँ मिलनी चाहियें। जितने हम ऐलान करते हैं अगर इस से दसवां हिस्सा भी सहूलतें किसानों को दें तो हमारा सूबा बहुत जल्दी तरक्की कर सकता है। इन शब्दों के साथ मैं आप का धन्यवाद करता हूं कि आप ने मुझे समय दिया है।

(At this stage Sardar Darbara Singh rose to speak.)

ਸ੍ਰੀ ਡਿਪਟੀ ਸਪੀਕਰ : ਸਰਦਾਰ ਦਰਬਾਰਾ ਸਿੰਘ ਆਪ ਨੂੰ ਐਪਲਾਜ਼ ਨਹੀਂ ਮਿਲੇਗਾ। (I am afraid the hon. Member, Sardar Darbara Singh, will not get the applause.)

ਸਰਦਾਰ ਦਰਬਾਰਾ ਸਿੰਘ (ਨੂਰ ਮਹਿਲ) : ਐਪਲਾਜ਼ ਦੀ ਜ਼ਰੂਰਤ ਨਹੀਂ ਹੈ।

ਡਿਪਟੀ ਸਪੀਕਰ ਸਾਹਿਬ, ਬਜਟ ਤੇ ਜਿਹੜੀ ਡਿਸਕਸ਼ਨ ਹੋ ਰਹੀ ਹੈ ਮੈਂ ਇਸ ਬਾਰੇ ਇਤਨੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਬਜਟ ਇਕ ਸ਼ੀਸ਼ਾ ਹੈ ਜਿਸ ਦੇ ਵਿਚ ਸਰਕਾਰ ਦੇ ਕੀਤੇ ਹੋਏ ਕੰਮਾਂ ਅਤੇ ਆਉਣ ਵਾਲੇ ਸਮੇਂ ਵਿਚ ਕੀਤੇ ਜਾਣ ਵਾਲੇ ਕੰਮਾਂ ਦੀ ਝਲਕ ਹੁੰਦੀ ਹੈ। ਬਜਟ ਜਿਹੜਾ ਪਹਿਲੇ ਪੇਸ਼ ਹੁੰਦਾ ਰਿਹਾ ਹੈ ਅਤੇ ਜਿਹੜਾ ਅਜ ਪੇਸ਼ ਹੋਇਆ ਹੈ ਇਹ ਇਕ ਲਗਾਤਾਰ ਸਿਲਸਿਲਾ ਹੈ। ਜੇਕਰ ਕੋਈ ਆਦਮੀ ਕਿਸੇ ਆਦਮੀ ਦੇ ਮੋਢੇ ਤੇ ਚੜ੍ਹ ਕੇ ਜ਼ੀਨੇ ਦੀ ਆਖਰੀ ਮੰਜ਼ਲ ਤੇ ਪਹੁੰਚ ਜਾਵੇ ਅਤੇ ਫਿਰ ਹੇਠਾਂ ਆ ਕੇ ਕਹੇ ਕਿ ਸਾਰੀ ਮੰਜ਼ਲ ਮੈਂ ਆਪ ਇਕੱਲੇ ਨੇ ਹੀ ਤੈਹ ਕੀਤੀ ਹੈ ਤਾਂ ਉਹ ਸ਼ਾਇਦ ਬੇਇਨਸਾਫ਼ੀ ਹੋਵੇਗੀ ਕਿਉਂਕਿ ਉਸ ਨੇ ਕੋਈ ਮੰਜ਼ਿਲ ਤੈਹ ਨਹੀਂ ਕੀਤੀ ਹੁਣ ਤਕ ਮੰਜ਼ਲਾਂ ਤੈਹ ਕਰਨ ਵਾਲਾ ਤਾਂ ਕੋਈ ਹੋਰ ਹੈ ਸੀ। ਜੇਕਰ ਅਗੇ ਤਰੱਕੀ ਹੋਵੇਗੀ ਤਾਂ ਕਹਾਂਗੇ ਕਿ ਵਾਕਈ ਕੋਈ ਮੰਜ਼ਲ ਤੈ ਕੀਤੀ ਹੈ।

ਪਿਛਲਾ ਹਾਊਸ ਜਦੋਂ ਸਿਨੇਡਾਈ ਐਡਜਰਨ ਹੋਇਆ ਸੀ ਉਸ ਦੇ ਬਾਅਦ ਅਸੀਂ ਹੁਣ ਮਿਲੇ ਹਾਂ। ਉਸ ਵਕਤ ਸਰਕਾਰੀ ਬੈਂਚਾਂ ਤੋਂ ਕੁਝ ਗੱਲਾਂ ਕਹੀਆਂ ਗਈਆਂ। ਇਹ ਜ਼ਿਕਰ ਕੀਤਾ ਗਿਆ ਕਿ ਅਸੀਂ ਜਮਹੂਰੀਅਤ ਨੂੰ ਬਹੁਤ ਪਾਲਣ ਵਾਲੇ ਹਾਂ। ਠੀਕ ਹੈ ਜਮਹੂਰੀਅਤ ਨੂੰ ਪਾਲਣਾ ਬਹੁਤ ਚੰਗੀ ਗਲ ਹੈ। ਇਹ ਵੀ ਕਿਹਾ ਗਿਆ ਕਿ ਅਸੀਂ ਜਮਹੂਰੀਅਤ ਢੰਗ ਨਾਲ ਸਮਾਜਵਾਦ ਲਿਆਉਣ ਵਾਸਤੇ ਇਥੇ ਹਾਂ। ਸਮਾਜਵਾਦ ਦਾ ਮੋਟਾ ਮਤਲਬ ਇਹ ਹੈ ਕਿ ਲੋਕ ਕੰਮ ਕਰਨ, ਉਨ੍ਹਾਂ ਨੂੰ ਰੋਟੀ ਮਿਲੇ, ਜਿਹੜੀ ਪੈਦਾਵਾਰ ਹੋਵੇ ਉਹਦੀ

[ਸਰਦਾਰ ਦਰਬਾਰਾ ਸਿੰਘ]

ਮੈਂ ਅਨਾਜ ਦੀਆਂ ਕੀਮਤਾਂ ਬਾਰੇ ਅਰਜ਼ ਕਰਦਾ ਹਾਂ। ਇਸ ਸੰਬੰਧ ਵਿਚ ਅਜ ਹੀ ਡਾਂਗ ਸਾਹਿਬ ਨੇ ਅੱਪਰ ਹਾਊਸ ਵਿਚ ਇਕ ਜਵਾਬ ਵਿਚ ਕਿਹਾ ਹੈ ਕਿ it is not in public interest to disclose. ਉਨ੍ਹਾਂ ਨੇ ਕਿਹਾ ਕਿ ਇਹ ਦਸਣਾ ਪਬਲਿਕ ਇੰਟਰੈਸਟ ਵਿਚ ਨਹੀਂ ਕਿ ਭਾ ਕੀ ਮੁਕੱਰਰ ਕੀਤੇ ਹਨ। ਆਖਿਰ ਜਿਸ ਵਕਤ ਜ਼ਿਮੀਦਾਰ ਅਨਾਜ ਮੰਡੀ ਵਿਚ ਲਿਆਉਂਦਾ ਹੈ ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਸ ਨੂੰ ਉਸ ਦਾ ਭਾ ਕੀ ਮਿਲਣਾ ਹੈ। ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਸ ਨੂੰ ਘਟੋ ਘਟ ਕੀ ਭਾ ਉਸ ਦਾ ਮਿਲੇਗਾ।

ਵਿੱਤ ਮੰਤਰੀ : ਘਟੋ ਘਟ ਭਾ ਤਾਂ ਦਸ ਦਿਤਾ ਹੈ।

ਸਰਦਾਰ ਦਰਬਾਰਾ ਸਿੰਘ ਅਜ ਉਨ੍ਹਾਂ ਨੇ ਉਸ ਹਾਊਸ ਵਿਚ ਕੈਟੇਗਾਰੀਕਲੀ ਕਿਹਾ ਹੈ ਕਿ ਇਹ ਭਾ ਦਸਣਾ ਪਬਲਿਕ ਇੰਟਰੈਸਟ ਵਿਚ ਨਹੀਂ ਹੈ। ਮੈਂ ਅਰਜ਼ ਕਰਦਾ ਹਾਂ ਕਿ ਤੁਸੀਂ ਬੈਠ ਕੇ ਫੈਸਲਾ ਕਰੋ ਕਿ ਕਿਸਾਨ ਨੂੰ ਅਨਾਜ ਦੀ ਪਰੋਡਕਸ਼ਨ ਕਰਨ ਵਿਚ ਕਿਤਨਾ ਖਰਚਾ ਪੈਂਦਾ ਹੈ। ਜੇ ਤੁਸੀਂ ਸਰਦਾਰ ਉੱਜਲ ਸਿੰਘ ਕਮੇਟੀ ਨੂੰ ਹੀ ਆਧਾਰ ਮੰਨ ਲਉ ਤਾਂ ਜੋ ਉਨ੍ਹਾਂ ਨੇ ਰਿਪੋਰਟ ਦਿਤੀ ਸੀ ਕਾਸਟ ਆਫ਼ ਪਰੋਡਕਸ਼ਨ ਵਿਚ ਉਸ ਵੇਲੇ ਤੋਂ ਲੈ ਕੇ ਹੁਣ ਤਕ ਕੋਈ 45 ਫ਼ੀਸਦੀ ਤੋਂ ਵੀ ਵਧ ਵਾਧਾ ਹੋਇਆ ਹੈ।

(ਇਸ ਸਮੇਂ ਆਪੋਜ਼ੀਸ਼ਨ ਦੇ ਕੁਝ ਆਨਰੇਬਲ ਮੈਂਬਰ ਵਾਪਸ ਹਾਊਸ ਵਿਚ ਪਧਾਰੇ।)

ਸ਼੍ਰੀ ਲਾਲ ਚੰਦ ਸਬਰਵਾਲ : ਇਹ ਮੁੜ ਕੇ ਆ ਗਏ ਹਨ ਅਸੀਂ ਇਨ੍ਹਾਂ ਨੂੰ ਵੈਲਕਮ ਕਰਦੇ ਹਾਂ।

Mr. Deputy Speaker : Yes, they are most welcome.

ਚੌਧਰੀ ਬਲਬੀਰ ਸਿੰਘ : ਜੇ ਦਿਨ ਦਾ ਭੁਲਿਆ ਸ਼ਾਮ ਨੂੰ ਘਰ ਵਾਪਸ ਆ ਜਾਵੇ ਤਾਂ ਉਸ ਨੂੰ ਭੁਲਿਆ ਨਹੀਂ ਕਹਿੰਦੇ।

ਸਰਦਾਰ ਦਰਬਾਰਾ ਸਿੰਘ : ਜੇ ਕਿਸੇ ਜ਼ਿਮੀਂਦਾਰ ਨੂੰ, ਜਿਹੜਾ ਕਿ ਅਪਣਾ ਅਨਾਜ ਲੈ ਕੇ ਮੰਡੀ ਵਿਚ ਆਇਆ ਹੈ ਨਹੀਂ ਪਤਾ ਕਿ ਸਰਕਾਰ ਕਿਸ ਭਾ ਤੇ ਉਸ ਨੂੰ ਖਰੀਦਦੀ ਹੈ ਤਾਂ ਇਸ ਤੋਂ ਵੱਧ ਮਾੜੀ ਗੱਲ ਹੋਰ ਕੋਈ ਨਹੀਂ ਹੋ ਸਕਦੀ। ਸਰਕਾਰ ਲਈ ਇਸ ਨਾਲ ਦਾ ਗੁਨਾਹੇ ਅਜ਼ੀਮ ਹੋਰ ਕੋਈ ਨਹੀਂ ਕਿ ਉਹ ਇਸ ਚੀਜ਼ ਦਾ ਐਲਾਨ ਨਾ ਕਰੇ। (ਵਿਘਨ) ਤੇ ਮੈਂ ਇਹ ਗੱਲ ਕਰ ਰਿਹਾ ਸੀ ਕਿ ਭਾ ਦਾ ਜਿਤਨਾ ਤੌਖਲਾ ਲੋਕਾਂ ਨੂੰ ਇਸ ਵੇਲੇ ਹੈ ਉਸ ਦੇ ਨਾਲ ਉਨ੍ਹਾਂ ਵਿਚ ਬੜੀ ਪਰੇਸ਼ਾਨੀ ਪਾਈ ਜਾਂਦੀ ਹੈ। ਸਰਦਾਰ ਉਜਲ ਸਿੰਘ ਕਮੇਟੀ ਦੀ ਰਿਪੋਰਟ ਤੋਂ ਬਾਅਦ ਤੇਲ ਦੀ ਕੀਮਤ ਵਿਚ, ਬੀਜ ਅਤੇ ਇੰਪਲੀਮੈਂਟਸ ਦੀ ਕੀਮਤ ਵਿਚ 33 ਫ਼ੀਸਦੀ ਤੋਂ ਵੀ ਬਹੁਤ ਜ਼ਿਆਦਾ ਵਾਧਾ ਹੋਇਆ ਹੈ। ਇਨ੍ਹਾਂ ਸਾਰੀਆਂ ਚੀਜ਼ਾਂ ਦਾ ਐਕੂਮੂਲੇਟਿਵ ਈਫ਼ੈਕਟ ਜਿਹੜਾ ਹੈ ਉਸ ਨੂੰ ਸਾਹਮਣੇ ਰਖਕੇ ਭਾ ਨਿਸਚਿਤ ਕਰਨਾ ਚਾਹੀਦਾ ਹੈ। ਹੁਣ ਇਸ ਵੇਲੇ ਹਾਲਤ ਕੀ ਹੈ? ਇਨ੍ਹਾਂ ਵਿਚੋਂ ਹੀ ਕੋਈ ਕਹਿੰਦਾ ਹੈ ਕਿ 90 ਰੁਪਏ ਕੁਵਿੰਟਲ ਹੋਣਾ ਚਾਹੀਦਾ ਹੈ, ਕੋਈ ਕਹਿੰਦਾ ਹੈ 85 ਅਤੇ ਕੋਈ 75, ਕਹਿੰਦਾ ਹੈ। ਤੁਹਾਡੇ ਆਪਣੇ ਵਿਚ ਹੀ ਝਗੜੇ ਪਏ ਹੋਏ

ਹਨ। ਤੁਸੀਂ ਭਾ ਕੋਈ ਮੁਕੱਰਰ ਕੀਤਾ ਨਹੀਂ। ਇਸ ਹਾਲਤ ਵਿਚ ਜਿਹੜਾ ਅਨਾਜ ਇਕ ਕਿਸਾਨ ਮੰਡੀ ਵਿਚ ਲੈ ਜਾ ਕੇ ਘਟ ਭਾ ਉਤੇ ਵੇਚਣ ਤੇ ਮਜਬੂਰ ਹੋ ਜਾਂਦਾ ਹੈ ਕੀ ਉਸ ਨੂੰ ਜਿਹੜਾ ਘਾਟਾ ਪਿਆ ਹੈ ਸਰਕਾਰ ਉਸ ਨੂੰ ਪੂਰਾ ਕਰੇਗੀ? ਇਹ ਕਿਹਾ ਜਾ ਸਕਦਾ ਹੈ ਕਿ ਜਿਹੜਾ ਨਾਨ ਪ੍ਰੋਡਿਊਸਰ ਹੈ ਉਸ ਦੀ ਹਾਲਤ ਨੂੰ ਮਾੜਾ ਨਹੀਂ ਹੋਣ ਦੇਣਾ ਉਸ ਨੂੰ 90 ਰੁਪਏ 95 ਜਾਂ 100 ਰੁਪਏ ਉਤੇ ਨਹੀਂ ਦੇਣ ਦੇਣਾ। ਠੀਕ ਹੈ। ਕਨਜ਼ਿਊਮਰ ਦਾ ਵੀ ਪੂਰਾ ਪੂਰਾ ਖਿਆਲ ਰਖਣਾ ਜ਼ਰੂਰੀ ਹੈ ਲੇਕਿਨ ਮੈਂ ਇਹ ਕਹਾਂਗਾ ਕਿ ਇਹ ਤੁਸੀਂ ਕਿਸਾਨ ਤੇ ਹਥੌੜਾ ਮਾਰ ਕੇ ਕਿਉਂ ਕਰਦੇ ਹੋ? ਕਿਸਾਨ ਨੂੰ ਵੀ ਉਸ ਦੀ ਉਪਜ ਦਾ ਵਾਜਬ ਭਾ ਦਿਉ ਔਰ ਖਾਣ ਵਾਲੇ ਨੂੰ ਸਬਸੀਡਾਈਜ਼ ਕਰਕੇ ਦਿਉ। ਕਿਤੇ ਅਖਬਾਰਾਂ ਵਿਚ ਪੜਦੇ ਹਾਂ ਕਿ ਸਰਕਾਰ ਨੇ ਮਨ ਬਣਾਇਆ ਹੋਇਆ ਹੈ ਕਿ ਅਗਰ ਭਾ ਇਕ ਖਾਸ ਲਿਮਿਟ ਤੋਂ ਘਟਿਆ ਤਾਂ ਮੰਡੀਆਂ ਵਿਚ ਜਾਵਾਂਗੇ। ਪਰ ਪਹਿਲਾਂ ਇਹ ਤਾਂ ਦਸੋ ਕਿ ਉਹ ਭਾ ਕੀ ਹੈ? ਮੈਂ ਕਿਸਾਨ ਹਾਂ ਮੈਨੂੰ ਇਹ ਤਾਂ ਪਤਾ ਹੋਣਾ ਚਾਹੀਦਾ ਹੈ ਕਿ ਘਟ ਤੋਂ ਘਟ ਔਰ ਜ਼ਿਆਦਾ ਤੋਂ ਜ਼ਿਆਦਾ ਮੈਨੂੰ ਅਪਣੇ ਅਨਾਜ ਦੀ ਕੀਮਤ ਕੀ ਮਿਲਣੀ ਹੈ। ਕਿਸਾਨ ਨੇ ਉਸੇ ਵਿਚੋਂ ਕਰਜ਼ਾ ਚੁਕਾਉਣਾ ਹੈ, ਅਪਣੇ ਘਰ ਦੇ ਹਾਲਾਤ ਨੂੰ ਸੁਧਾਰਨ ਵਾਸਤੇ ਉਸੇ ਵਿਚੋਂ ਪੈਸਾ ਲਗਾਉਣਾ ਹੈ, ਅਪਣੀਆਂ ਸਾਰੀਆਂ ਜ਼ਰੂਰਤਾਂ ਉਸਨੇ ਉਸੇ ਵਿਚੋਂ ਪੂਰੀਆਂ ਕਰਨੀਆਂ ਹਨ। ਭਾਵੇਂ ਅਜਿਹੀ ਅਨਸਰਟਨਟੀ ਦੀ ਹਾਲਤ ਹੈ ਪਰ ਫੇਰ ਵੀ ਉਸ ਦੇ ਲਈ ਹੋਰ ਕੋਈ ਚਾਰਾ ਨਹੀਂ ਕਿ ਪੁਰਾਣੇ ਕਰਜ਼ੇ ਉਤਾਰਨ ਵਾਸਤੇ ਫੌਰਨ ਮੰਡੀ ਵਿਚ ਅਨਾਜ ਲੈ ਜਾਵੇ ਔਰ ਜਿਸ ਭਾ ਵਿਕਦਾ ਹੈ ਵੇਚੇ। ਇਸ ਲਈ ਜਿਵੇਂ ਮੈਂ ਅਰਜ਼ ਕੀਤੀ ਹੈ ਭਾ ਨਾ ਮੁਕੱਰਰ ਕਰਨ ਕਾਰਨ ਜਿਹੜਾ ਘਾਟਾ ਉਸ ਨੂੰ ਪਿਆ ਹੈ ਕੀ ਸਰਕਾਰ ਉਸ ਨੂੰ ਪੂਰਾ ਕਰਨ ਲਈ ਤਿਆਰ ਹੈ? (ਵਿਘਨ) ਮੇਰੀ ਅਰਜ਼ ਹੈ ਕਿ ਸਵਾਲ ਦੇ ਜਵਾਬ ਵਿਚ ਤੁਸੀਂ ਇਹ ਤਾਂ ਦਸਿਆ ਨਹੀਂ ਕਿ ਕਿਹੜਾ public interest ਹੈ ਜਾਂ ਕਿਹੜੀ ਭਿਆਨਕ ਗਲ ਹੋਣ ਵਾਲੀ ਹੈ। ਤੁਸੀਂ ਬੇਸ਼ਕ ਹਿੰਦ ਸਰਕਾਰ ਨਾਲ ਸਲਾਹ ਨਾ ਵੀ ਕਰੋ ਪਰ ਕੁਝ ਅਪਣੇ ਵਲੋਂ ਹੀ ਦਸੋ। ਮੈਂ ਸੁਣਿਆ ਹੈ ਕਿ ਤੁਹਾਡੇ ਕਿਸੇ ਅਫਸਰ ਨੇ ਮੀਟਿੰਗ ਵਿਚ ਕਿਹਾ ਕਿ ਅਸੀਂ ਤਾਂ 70/—ਰੁ0 ਤੋਂ ਹੇਠਾਂ ਦੇ ਭਾ ਤੇ ਖਰੀਦਾਂਗੇ ਤੇ ਸਵਾਏ ਡਿਉਢੇ ਭਾ ਤੇ ਦੂਜੇ ਸੂਬਿਆਂ ਨੂੰ ਦੇਵਾਂਗੇ ਅਤੇ ਇਸ ਤਰ੍ਹਾਂ ਜੋ ਰੁਪਿਆ ਮਿਲੇਗਾ ਉਸ ਨਾਲ ਕਿਸਾਨ ਨੂੰ ਫਰਟੇਲਾਈਜ਼ਰ ਸਬਸੀਡਾਈਜ਼ ਕਰਕੇ ਦੇਵਾਂਗੇ। ਮੈਂ ਸਮਝਦਾ ਹਾਂ ਇਹ ਤਾਂ ਬਗ਼ਲੇ ਦੇ ਸਿਰ ਤੇ ਮੋਮ ਰਖਕੇ ਪਕੜਨ ਵਰਗੀ ਗਲ ਹੈ ਕਿ ਜਦੋਂ ਪਿਘਲੇਗੀ ਤਾਂ ਉਸ ਦੀਆਂ ਅਖਾਂ ਵਿਚ ਪੈ ਜਾਵੇਗੀ ਤਾਂ ਫੜ ਲਵਾਂਗੇ। ਗਲ ਸਾਫ ਕਰੋ ਕਿ ਮਿਨੀਮਮ ਪ੍ਰਾਈਸ ਇਹ ਹੈ ਅਤੇ ਮੈਕਸੀਮਮ ਪ੍ਰਾਈਸ ਇਹ ਹੈ। (ਵਿਘਨ) ਮੇਰੀ ਅਰਜ਼ ਹੈ ਕਿ ਅਗਰ ਇਹ ਭਾ ਨਹੀਂ ਦਸਦੇ ਅਤੇ ਕੋਈ ਜ਼ਰੂਰਤ ਮੰਦ ਮੰਡੀ ਵਿਚ ਕਣਕ ਲੈ ਆਉਂਦਾ ਹੈ ਅਤੇ ਭਾ ਨਾ ਪਤਾ ਹੋਣ ਕਰਕੇ ਘਟ ਪੈਸੇ ਤੇ ਕਣਕ ਵੇਚ ਜਾਂਦਾ ਹੈ ਤਾਂ ਜ਼ਿਮੇਦਾਰੀ ਕਿਸ ਦੀ ਹੈ ਉਸ ਦੇ ਨੁਕਸਾਨ ਦੀ? ਦੂਜੀ ਅਰਜ਼ ਜਿਹੜੀ ਮੈਂ ਕਰਨੀ ਹੈ ਉਹ ਨਾਨ-ਪ੍ਰੋਡਿਊਸਰ ਮਜ਼ਦੂਰ ਜਾਂ ਸਰਕਾਰੀ ਕਰਮਚਾਰੀ ਨੂੰ ਅਨਾਜ ਦੀ ਸਸਤੀ ਸਪਲਾਈ ਬਾਰੇ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਲੋਕਾਂ ਲਈ ਅਨਾਜ ਦਾ ਇਕ ਰੇਸ਼ਕਿਉ ਕੀਤਾ ਜਾਣਾ ਚਾਹੀਦਾ ਹੈ। ਮੈਂ ਸਰਕਾਰ ਦਾ ਇਕ ਐਲਾਨ ਪੜ੍ਹਿਆ ਸੀ ਕਿ ਸਰਕਾਰੀ ਕਰਮਚਾਰੀ ਜਿਸ ਦੀ ਤਨਖਾਹ 100 -150 ਰੁਪਏ ਹੈ ਉਸ ਨੂੰ 35 ਰੁ0 ਕੁਵਿੰਟਲ ਦੇ ਭਾ ਤੇ ਕਣਕ ਸਪਲਾਈ ਕੀਤੀ ਜਾਵੇਗੀ। ਮੇਰੀ ਅਰਜ਼ ਹੈ

[ਸ੍ਰੀ ਡਿਪਟੀ ਸਪੀਕਰ]

said so let him continue. (In fact I too, tried to make this thing clear that perhaps the hon. Member doubts the integrity of these people who have taken the oath that they are not sincere to their country. We should not doubt the integrity of those people who have taken the oath. Since he has said so let him continue.)

ਡਾਕਟਰ ਭਗਤ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਡਿਪਟੀ ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਇਕ ਬੜੀ ਵਡੀ ਐਲੀਗੇਸ਼ਨ ਲਗਾਈ ਹੈ ਇਨ੍ਹਾਂ ਬੈਂਚਿਜ਼ ਤੇ ਬੈਠਣ ਵਾਲੇ ਕੁਝ ਸਜਨਾਂ ਉਤੇ ਔਰ ਉਨ੍ਹਾਂ ਨੇ ਇਹ ਵੀ ਕਿਹਾ ਹੈ ਕਿ ਉਨ੍ਹਾਂ ਦੇ ਪਾਸ ਪੂਰੇ ਸਬੂਤ ਹਨ ਔਰ ਅਗਰ ਲੋੜ ਪਈ ਤਾਂ ਉਹ ਪੇਸ਼ ਕਰਨਗੇ। ਮੈਂ ਸਮਝਦਾ ਹਾਂ ਕਿ ਹਾਊਸ ਦੇ ਮੈਂਬਰਾਂ ਦੀ ਰਿਸਪੈਕਟ ਕਾਇਮ ਰਹਿਣੀ ਚਾਹੀਦੀ ਹੈ ਔਰ ਐਡਮਿਨਿਸਟਰੇਸ਼ਨ ਦੀ ਪ੍ਰਿਉਰਿਟੀ ਬਣੀ ਰਹਿਣੀ ਚਾਹੀਦੀ ਹੈ। ਮੈਂ ਸਮਝਦਾ ਹਾਂ ਕਿ ਇਨ੍ਹਾਂ ਐਲੀਗੇਸ਼ਨਾਂ ਦਾ ਨੋਟਿਸ ਲੈ ਕੇ ਉਨ੍ਹਾਂ ਨੂੰ ਪਰਸੂ ਕਰਨਾ ਚਾਹੀਦਾ ਹੈ।

ਵਿੱਤ ਮੰਤਰੀ : ਆਨ ਏ ਪੁਆਇੰਟ ਆਫ਼ ਆਰਡਰ ਸਰ,। ਆਨਰੇਬਲ ਮੈਂਬਰ ਨੂੰ ਉਨ੍ਹਾਂ ਦਾ ਨਾਂ ਤੇ ਦਸਣਾ ਚਾਹੀਦਾ ਹੈ। ਮੈਂ ਸਮਝਦਾ ਹਾਂ ਕਿ ਜਿਨ੍ਹਾਂ ਆਨਰੇਬਲ ਮੈਂਬਰਾਂ ਦੀ ਵਿਧਾਨ ਦੇ ਪ੍ਰਤੀ ਇਤਨੀ ਨਿਸ਼ਠਾ ਹੈ ਇਹ ਉਨ੍ਹਾਂ ਦੇ ਖਿਲਾਫ਼ ਇਕ ਬੜੀ ਸੀਰੀਅਸ ਕਿਸਮ ਦੀ ਐਲੀਗੇਸ਼ਨ ਹੈ। (ਵਿਘਨ)

ਸਰਦਾਰ ਦਰਬਾਰਾ ਸਿੰਘ : ਕਿਉਂ ਵਕਤ ਜ਼ਾਇਆ ਕਰਦੇ ਹੋ ? ਮੈਂ ਤਾਂ ਬੋਲਣਾ ਹੀ ਹੈ।

ਸ਼੍ਰੀ ਡਿਪਟੀ ਸਪੀਕਰ : ਐਸੇ ਆਦਮੀਆਂ ਤੇ, ਜਿਨ੍ਹਾਂ ਨੇ ਗੌਰਮੈਂਟ ਦੇ ਭੇਦ ਰਖਣ ਦੀ ਸਹੁੰ ਖਾਧੀ ਹੋਈ ਹੋਵੇ, ਵਿਸ਼ਵਾਸ ਨਾ ਕਰਨਾ ਮੁਲਕ ਲਈ ਬਹੁਤ ਬੁਰੀ ਬਾਤ ਹੈ। (To doubt the integrity of such persons who have taken the oath of secrecy is bad for the country.)

ਸਰਦਾਰ ਦਰਬਾਰਾ ਸਿੰਘ : ਅਗਰ ਆਪ ਇਸ ਹਾਊਸ ਵਿਚ ਉਨ੍ਹਾਂ ਦੇ ਨਾਂ ਪੁਛਣਾ ਚਾਹੁੰਦੇ ਹੋ ਤਾਂ ਆਰਡਰ ਕਰੋ-ਇਹ ਅਲਗ ਬਾਤ ਹੈ ਲੇਕਿਨ ਮੈਂ ਇਸ਼ਾਰਤਨ ਗੱਲ ਕਰ ਦਿੱਤੀ ਹੈ ਔਰ ਪਤਾ ਉਨ੍ਹਾਂ ਨੂੰ ਵੀ ਹੈ। (ਵਿਘਨ)

Mr. Deputy Speaker : All right, let Sardar Darbara Singh continue his speech.

ਸਰਦਾਰ ਦਰਬਾਰਾ ਸਿੰਘ : ਇਹ ਬਜਟ ਡਿਫ਼ਿਸਿਟ ਦਾ ਬਜਟ ਹੈ। 3.60 ਕਰੋੜ ਦਾ ਡਿਫਿਸਿਟ ਪਹਿਲਾਂ ਦਸਿਆ ਗਿਆ ਹੈ ਔਰ ਇਸ ਤੋਂ ਅਲਾਵਾ ਜੋ ਬੋਝ ਇਨ੍ਹਾਂ ਨੇ ਘਟ ਕੀਤਾ ਹੈ ਉਹ ਕੋਈ 13 ਕਰੋੜ ਰੁ. ਦੇ ਕਰੀਬ ਬਣਦਾ ਹੈ। ਬੇਟਰਮੈਂਟ ਲੇਵੀ ਦਾ ਸ਼ਾਇਦ 2.25 ਕਰੋੜ ਹੈ, ਫ਼ਿਗਰਜ਼ ਵਿਚ ਥੋੜ੍ਹੀ ਬਹੁਤ ਘਟ ਵਧ ਹੋ ਸਕਦੀ ਹੈ, ਇਸੇ ਤਰ੍ਹਾਂ ਹੀ ਪਰੋਫ਼ੈਸ਼ਨਲ ਟੈਕਸ ਦਾ ਕੋਈ 50 ਲੱਖ ਔਰ ਜਿਹੜਾ ਹਾਊਸ ਟੈਕਸ ਅਤੇ ਪਰਾਪਰਟੀ ਟੈਕਸ ਨੂੰ ਕਨਸਾਲੀਡੇਟ ਕਰਕੇ ਇਸ ਵਿਚ ਕਮੀ

ਸਰਦਾਰ ਦਰਬਾਰਾ ਸਿੰਘ : ਇਹ ਬਹੁਤ ਸਿਆਣੇ ਹਨ ਅਤੇ ਸਾਰੇ ਸਿਆਣੇ ਹੀ ਇਕਠੇ ਹੋ ਗਏ ਹਨ। ਪਰ ਇਕ ਅਰਜ਼ ਹੈ ਕਿ ਇਸ ਪਾਸੇ ਧਿਆਨ ਦੇ ਕੇ ਸਾਨੂੰ ਕੋਈ ਕੋਡ ਆਫ ਕਾਨਡਕਟ ਬਣਾਉਣੀ ਚਾਹੁੰਦਾ ਹੈ ਕਿ ਜਿਹੜਾ ਮੈਂਬਰ ਜਿਸ ਟਿਕਟ ਤੇ ਕਾਮਯਾਬ ਹੋਏ ਉਸੇ ਪਾਰਟੀ ਵਿਚ ਰਹੇ, ਅਗਰ ਪਾਰਟੀ ਬਦਲਣੀ ਚਾਹੇ ਤਾਂ ਅਸਤੀਫਾ ਦੇ ਕੇ ਮੁੜ ਚੋਣ ਲਈ ਖੜਾ ਹੋਏ (ਵਿਰੋਧੀ ਪਖ ਵਲੋਂ ਤਾੜੀਆਂ)(ਵਿਘਨ)

Mr. Deputy Speaker : No shouting please.

ਅਗਰ ਇਕ ਕੋਈ ਗਲਤ ਗਲ ਕਰਦਾ ਹੈ ਤਾਂ ਦੂਸਰੇ ਨੂੰ ਤਾਂ ਗਲਤ ਗਲ ਨਹੀਂ ਕਰਨੀ ਚਾਹੀਦੀ ਉਨ੍ਹਾਂ ਦੀ ਗਲ ਸੁਣੋ। (No shouting please. If one person does a wrong thing, the others should not do the same. Please listen to him.)

ਚੌਧਰੀ ਬਲਬੀਰ ਸਿੰਘ : ਅਜ ਇਹ ਸਬਕ ਦੇਣ ਵਾਲੇ ਹੋ ਗਏ।

ਸਰਦਾਰ ਦਰਬਾਰਾ ਸਿੰਘ : I am not giving way. (ਵਿਘਨ) ਤੂੰ ਜਿਹੜੀ ਗਲ ਕਰਨੀ ਹੈ ਬਾਹਰ ਚਲ ਕੇ ਕਰ ਲਈਂ। (ਵਿਘਨ) ਇਥੇ ਕੀ ਫਾਇਦਾ ਹੈ ?

ਡਿਪਟੀ ਸਪੀਕਰ ਸਾਹਿਬ, ਸਰਕਾਰ ਨੇ ਸਰਕਾਰੀ ਕਰਮਚਾਰੀਆਂ ਨੂੰ ਸੈਂਟਰਲ ਮਹਿੰਗਾਈ ਭੱਤਾ ਦਿਤਾ ਹੈ ਇਹ ਚੰਗੀ ਗਲ ਹੈ ਪਰ ਇਸ ਨਾਲ ਵੀ ਉਨ੍ਹਾਂ ਨੂੰ ਬਹੁਤਾ ਫਾਇਦਾ ਨਹੀਂ ਹੋਣ ਲਗਾ। ਮੇਰੀ ਇਕ ਸੁਜੈਸ਼ਨ ਹੈ ਕਿ ਬਜਾਏ ਇਸ ਤਰ੍ਹਾਂ ਖਰਚ ਕਰਨ ਦੇ ਕਿ 5—7 ਰੁਪਏ ਮੁਲਾਜ਼ਮਾਂ ਦੇ ਵਧਾ ਦਿਉ ਇਹ ਜ਼ਿਆਦਾ ਚੰਗਾ ਹੋਵੇਗਾ ਅਗਰ ਉਨ੍ਹਾਂ ਨੂੰ ਜ਼ਰੂਰਿਆਂ ਤੇ ਜ਼ਿੰਦਗੀ ਸਬਸੀਡਾਈਜ਼ਡ ਰੇਟਸ ਤੇ ਦਿਤੀਆਂ ਜਾਣ। ਇਨ੍ਹਾਂ ਦੀਆਂ ਕੀਮਤਾਂ ਹੁਣ ਵਾਪਸ ਕਮੀ ਵਲ ਨਹੀਂ ਆ ਸਕਦੀਆਂ। ਤੁਸੀਂ ਪੈਸੇ ਵਧਾਉਂਦੇ ਹੋ ਨਾਲ ਹੀ ਭਾ ਹੋਰ ਵਧ ਜਾਂਦੇ ਹਨ। ਇਸ ਵਿਸ਼ੀਅਸ ਸਰਕਲ ਨੂੰ ਤੋੜਨ ਲਈ......(ਵਿਘਨ)

Deputy Speaker : No interruption please. Let him continue.

Sardar Darbara Singh : Chaudhri Sahib you are always interrupting. ਮੇਰੀ ਅਰਜ਼ ਹੈ ਕਿ ਠੀਕ ਪੈਸੇ ਵਧਾ ਕੇ ਤੁਸੀਂ ਸ਼ਾਇਦ ਚੀਪ ਪਾਪੂਲੈਰਿਟੀ ਲੈ ਲਵੋਗੇ ਪਰ ਉਨ੍ਹਾਂ ਨੂੰ ਸੈਟਿਸਫੈਕਸ਼ਨ ਨਹੀਂ ਹੋ ਸਕਦੀ। ਕੀਮਤਾਂ ਵਧਦੀਆਂ ਰਹਿਣਗੀਆਂ। ਸੋ ਉਹ 5—6 ਮਹੀਨੇ ਬਾਅਦ ਫਿਰ ਬੜ੍ਹੌਤਰੀ ਦੀ ਮੰਗ ਕਰਨਗੇ। ਹਾਲੇ ਵੀ ਟੀਚਰਜ਼ ਦੀ ਸਰਵਿਸ ਬੈਨੀਫਿਟਸ ਦੀ ਮੰਗ ਚਲ ਰਹੀ ਹੈ। ਉਸ ਤੇ ਵੀ 2 ਕਰੋੜ ਖਰਚ ਦਾ ਅਨੁਮਾਨ ਹੈ। ਇਸ ਲਈ ਇਹ ਨਿਹਾਇਤ ਜ਼ਰੂਰੀ ਹੈ ਕਿ ਪੈਸੇ ਨੂੰ ਇਸ ਢੰਗ ਨਾਲ ਵਰਤਿਆ ਜਾਵੇ ਕਿ ਉਨ੍ਹਾਂ ਦੀ ਸੈਟਿਸਫੈਕਸ਼ਨ ਹੋ ਸਕੇ। ਮੈਂ ਸਮਝਦਾ ਹਾਂ ਕਿ ਉਨ੍ਹਾਂ ਲਈ ਸਸਤੇ ਸਟੋਰ ਖੋਲ੍ਹੇ ਜਾਣ ਜਿਥੋਂ ਉਨ੍ਹਾਂ ਨੂੰ ਸਸਤੇ ਭਾ ਤੇ ਜ਼ਰੂਰੀ ਵਸਤਾਂ ਮਿਲ ਸਕਣ। ਇਸ ਤਰ੍ਹਾਂ ਦੇ ਸਟੋਰ ਹਰ ਡਿਸਟ੍ਰਿਕਟ ਹੈਡਕਵਾਰਟਰ ਤੇ ਹੋਣ। ਸਰਕਾਰ ਕੀਮਤਾਂ ਨੂੰ ਸਬਸੀਡਾਈਜ਼ ਕਰੇ ਅਤੇ ਕਰਮਚਾਰੀਆਂ ਨੂੰ ਰੀਜ਼ਨੇਬਲ ਰੇਟ ਤੇ ਸਪਲਾਈ ਕਰੇ।

[ਸਰਦਾਰ ਦਰਬਾਰਾ ਸਿੰਘ]

ਇਹ ਠੀਕ ਹੈ ਕਿ ਇਹ ਕਹਿਣਗੇ ਕਿ ਕੀਮਤਾਂ ਸਾਡੇ ਕੰਟ੍ਰੋਲ ਵਿਚ ਨਹੀਂ ਅਤੇ ਇਹ ਸਾਡਾ ਸਬਜੈਕਟ ਨਹੀਂ ਪਰ ਜਿਥੋਂ ਤਕ ਸਾਡਾ ਕੰਟ੍ਰੋਲ ਹੈ ਉਥੇ ਤਾਂ ਠੀਕ ਕਰਨਾ ਚਾਹੀਦਾ ਹੈ ਅਤੇ ਕੰਟ੍ਰੋਲ ਵਿਚ ਕਰਨਾ ਚਾਹੀਦਾ ਹੈ। ਅਜੇ ਤਕ ਕਣਕ ਦਾ ਭਾ ਨਹੀਂ ਦਸਿਆ ਗਿਆ। ਇਹ ਕਹਿੰਦੇ ਹਨ ਕਿ ਦੋ ਢਾਈ ਲਖ ਟਨ ਅਨਾਜ ਅਸਾਂ ਰੀਜ਼ਰਵ ਲਈ ਲੈਣਾ ਹੈ ਡਾਂਗ ਸਾਹਿਬ ਬੜੇ ਸਿਆਣੇ ਵਜ਼ੀਰ ਹਨ ਅਤੇ ਇਨ੍ਹਾਂ ਨੂੰ ਇਹ ਖਾਸ ਤੌਰ ਤੇ ਮਹਿਕਮਾ ਮਿਲਿਆ ਹੈ। ਇਨ੍ਹਾਂ ਨੂੰ ਚਾਹੀਦਾ ਹੈ ਕਿ ਇਸ ਹਾਊਸ ਨੂੰ ਕਾਨਫੀਡੈਂਸ ਵਿਚ ਲੈਣ। ਹਾਊਸ ਤੋਂ ਬਾਹਰ ਤੁਸੀਂ ਫੈਸਲਾ ਕੀਤਾ ਸੀ ਅਤੇ ਅਖਬਾਰਾਂ ਵਿਚ ਵੀ ਆਇਆ ਸੀ ਕਿ ਤੁਸੀਂ ਚਾਰ ਜਾਂ 5 ਲਖ ਟਨ ਅਨਾਜ ਬਾਹਰ ਡਿਫਿਸਿਟ ਸਟੇਟਾਂ ਨੂੰ ਭੇਜਣ ਲਈ ਇਕਠਾ ਕਰਨਾ ਹੈ। ਗੌਰਮੈਂਟ ਨੇ ਫਿਕਸਡ ਰੇਟ ਤੇ ਅਨਾਜ ਖਰੀਦ ਕੇ ਰਖਣਾ ਹੈ ਅਤੇ ਬਾਹਰ ਭੇਜਣਾ ਹੈ ਤਾਂ ਕਿਉਂ ਨਹੀਂ ਤੁਸੀਂ ਇਸ ਦੇ ਭਾ ਮੁਕਰਰ ਕਰ ਦਿੰਦੇ ਤਾਕਿ ਇਹ ਫੇਅਰ ਡੀਲ ਹੋ ਸਕੇ। ਕਣਕ ਫਿਕਸਡ ਰੇਟ ਤੇ ਲਈ ਜਾਵੇ ਅਤੇ ਉਸ ਤੇ ਇਨਸੀਡੈਂਟਲ ਖਰਚ ਪਾ ਕੇ ਜਿਸ ਨਿਰਖ ਤੇ ਤੁਸੀਂ ਬਾਹਰ ਵੇਚੋ ਇਸ ਵਿਚ ਜੋ ਬਚਤ ਹੋਵੇ ਉਹ ਕਿਸਾਨ ਨੂੰ ਮਿਲਣੀ ਚਾਹੀਦੀ ਹੈ। ਕਿਉਂਕਿ ਹੁਣ ਤੁਸੀਂ ਭਾ ਮੁਕਰਰ ਨਹੀਂ ਕੀਤੇ ਇਸ ਲਈ ਕਿਸਾਨ ਸਸਤੇ ਭਾ ਤੇ ਤੁਹਾਨੂੰ ਅਨਾਜ ਦੇ ਰਿਹਾ ਹੈ ਅਤੇ ਇਸ ਨੂੰ ਤੁਸੀਂ ਬਾਹਰ ਭੇਜਣ ਲਗਿਆਂ ਪਤਾ ਨਹੀਂ ਕਿਸ ਭਾ ਨੂੰ ਚਾਰਜ ਕਰਨਾ ਹੈ। ਇਸ ਲਈ ਇਹ ਬਚਤ ਖਰਚਾ ਉਪਰ ਪਾ ਕੇ ਕਿਸਾਨ ਦਾ ਹੀ ਹਕ ਬਣਦਾ ਹੈ। ਅਸਾਨੂੰ ਇਸ ਗਲ ਦਾ ਵੀ ਤੌਖਲਾ ਹੈ ਕਿ ਆਉਣ ਵਾਲੇ ਸਮੇਂ ਵਿਚ ਤੁਹਾਨੂੰ ਫਰਟੇਲਾਈਜ਼ਰ ਲਈ ਸਬਸਿਡੀ ਵੀ ਨਹੀਂ ਮਿਲਣ ਲਗੀ। ਇਸ ਲਈ ਘਟ ਕੀਮਤ ਤੇ ਜੋ ਤੁਸੀਂ ਅਨਾਜ ਲੈਣਾ ਹੈ ਅਤੇ ਜਿਸ ਕੀਮਤ ਤੇ ਵੇਚਣਾ ਹੈ ਇਸ ਦਾ ਜੋ ਫਰਕ ਹੈ ਉਹ ਕਿਸਾਨਾਂ ਨੂੰ ਹੀ ਮਿਲਣਾ ਚਾਹੀਦਾ ਹੈ। ਇਸ ਸਬੰਧ ਵਿਚ ਮੈਂ ਇਕ ਸੁਝਾਵ ਦਿਆਂਗਾ ਕਿ ਜੋ ਕਿਸਾਨ ਮੰਡੀ ਵਿਚ ਅਨਾਜ ਲਿਆਵੇ ਉਸ ਨੂੰ ਇਕ ਕਾਰਡ ਮਿਲਿਆ ਹੋਣਾ ਚਾਹੀਦਾ ਹੈ ਅਤੇ ਉਸ ਤੇ ਉਸ ਦਾ ਨਾਮ ਅਤੇ ਜਿਤਨਾ ਅਨਾਜ ਲਿਆਵੇ ਉਹ ਦਰਜ ਹੋਣਾ ਚਾਹੀਦਾ ਹੈ ਅਤੇ ਬਾਅਦ ਵਿਚ ਇਹ ਵੀ ਦਰਜ ਹੋਵੇ ਕਿ ਉਸ ਨੂੰ ਮੰਡੀ ਵਿਚ ਉਸ ਅਨਾਜ ਦੀ ਕੀ ਕੀਮਤ ਦਿਤੀ ਗਈ ਬਾਅਦ ਵਿਚ ਜਦ ਮੁਨਾਫਾ ਸਰਕਾਰ ਨੂੰ ਹੋਵੇ ਤਾਂ ਉਸ ਕਾਰਡ ਅਨੁਸਾਰ ਉਸ ਕਿਸਾਨ ਦੇ ਘਰ ਵਿਚ ਹਿਸਾਬ ਅਨੁਸਾਰ ਪਹੁੰਚ ਜਾਣਾ ਚਾਹੀਦਾ ਹੈ। ਉਸ ਕਾਰਡ ਤੇ ਲਿਖਿਆ ਹੋਵੇ ਕਿ ਇਤਨੇ ਪੈਸੇ ਮਿਲੇ ਸਨ ਅਤੇ ਇਤਨੇ ਹੁਣ ਮੁਨਾਫੇ ਵਿਚੋਂ ਇਸ ਦਾ ਹਿਸਾ ਬਣਦਾ ਹੈ। ਇਸ ਤਰ੍ਹਾਂ ਦਾ ਜੇਕਰ ਤੁਸੀਂ ਇਨਸੈਂਟਿਵ ਕਿਸਾਨ ਨੂੰ ਦਿਉਗੇ ਤਾਂ ਪ੍ਰੋਡਕਸ਼ਨ ਵਧੇਗੀ, ਨਹੀਂ ਤਾਂ ਸਟੈਟਿਕ ਰਹੇਗੀ ਜਿਸ ਨਾਲ ਪੰਜਾਬ ਨੂੰ ਘਾਟਾ ਅਤੇ ਨੈਸ਼ਨਲ ਇਨਕਮ ਨੂੰ ਨੁਕਸਾਨ ਪਹੁੰਚਦਾ ਹੈ। ਆਸ ਹੈ ਇਸ ਪਖ ਵਲ ਡਾਂਗ ਸਾਹਿਬ ਜ਼ਰੂਰ ਧਿਆਨ ਦੇਣਗੇ।

ਜਿਥੇ ਤਕ ਮਾਈਨਰ ਇਰੀਗੇਸ਼ਨ ਦਾ ਸਬੰਧ ਹੈ ਇਸ ਵਲ ਜ਼ਿਆਦਾ ਤੋਂ ਜ਼ਿਆਦਾ ਤਵੱਜੋ ਦੇਣੀ ਚਾਹੀਦੀ ਹੈ। ਟਿਊਬਵੈਲਾਂ ਦੀ ਥੁੜ ਹੈ ਅਤੇ ਇਸ ਕਰਕੇ ਪਾਣੀ ਦੀ ਥੁੜ ਹੈ ਜਿਸ ਕਾਰਨ ਅਨਾਜ ਰਹਿ ਜਾਂਦਾ ਹੈ, ਪੂਰਾ ਪੈਦਾ ਨਹੀਂ ਕੀਤਾ ਜਾ ਸਕਦਾ। ਤੁਸੀਂ ਸਾਰੇ ਟਿਊਬਵੈਲਾਂ ਨੂੰ ਬਿਜਲੀ ਦਿਉ ਤੇ ਜੇਕਰ ਬਿਜਲੀ ਨਹੀਂ ਦੇ ਸਕਦੇ ਤਾਂ ਮੈਂ ਇਹ ਸੁਝਾਵ ਦਿਆਂਗਾ ਕਿ ਸਬਸਿਡੀ ਡੀਜ਼ਲ ਇੰਜਨਾਂ ਤੇ ਦੇਣੀ ਚਾਹੀਦੀ ਹੈ। ਇਸ ਦੇ ਨਾਲ ਹੀ ਤੇਲ ਵੀ ਨੋ ਪਰਾਫਿਟ

ਨੋ ਲਾਸ ਬੇਸਿਜ਼ ਤੇ ਦੇਣਾ ਚਾਹੀਦਾ ਹੈ। ਟ੍ਰਾਂਸਪੋਰਟੇਸ਼ਨ ਆਦਿ ਤੋਂ ਇਲਾਵਾ ਹੋਰ ਜ਼ਿਆਦਾ ਚਾਰਜ ਨਹੀਂ ਕਰਨਾ ਚਾਹੀਦਾ। ਖੇਤੀ ਨੂੰ ਵਧਾਣ ਲਈ ਇਹ ਸਾਰੇ ਇਨਪੁਟਸ ਹਨ। ਇਨ੍ਹਾਂ ਵਲ ਖਾਸ ਧਿਆਨ ਦੇਣਾ ਚਾਹੀਦਾ ਹੈ। ਅਜ ਇਕ ਮਣ ਅਨਾਜ ਨੂੰ ਪੈਦਾ ਕਰਨ ਤੇ ਜੋ ਖਰਚ ਆਉਂਦਾ ਹੈ ਉਹ ਘਟ ਸਕਦਾ ਹੈ ਜੇਕਰ ਇਨਪੁਟਸ ਨੂੰ ਮੁਨਾਸਿਬ ਤੌਰ ਤੇ ਧਿਆਨ ਵਿਚ ਰਖਿਆ ਜਾਵੇ ਅਤੇ ਫਿਰ ਇਸ ਨਾਲ ਅਨਾਜ ਦੀ ਉਪਜ ਨੂੰ ਵਧਾਇਆ ਜਾ ਸਕਦਾ ਹੈ। ਇਸ ਲਈ ਇਹ ਵੀ ਜ਼ਰੂਰੀ ਹੈ ਕਿ ਭਾ ਮੁਕਰਰ ਕੀਤਾ ਜਾਵੇ ਤਾਕਿ ਪਤਾ ਲਗ ਸਕੇ ਕਿ ਮਣ ਅਨਾਜ ਦੀ ਉਪਜ ਤੇ ਖਰਚ ਘਟਿਆ ਹੈ ਜਾਂ ਵਧਿਆ ਹੈ। ਜੇਕਰ ਨਹੀਂ ਤਾਂ ਅਨਾਜ ਦੀ ਕੀਮਤ ਜ਼ਿਆਦਾ ਮਿਲਣੀ ਚਾਹੀਦੀ ਹੈ, ਕਿਸਾਨ ਨੂੰ ਘਾਟਾ ਨਹੀਂ ਪੈਣਾ ਚਾਹੀਦਾ। (ਵਿਘਨ)

(ਇਸ ਸਮੇਂ ਸ੍ਰੀ ਲਾਲ ਚੰਦ ਜੀ ਸੱਬਰਵਾਲ ਨੇ ਕੁਰਸੀ ਸੰਭਾਲੀ)

ਅਜ, ਚੇਅਰਮੈਨ ਸਾਹਿਬ, ਕੀ ਹਾਲਾਤ ਹਨ। ਅਜ ਸਾਨੂੰ ਖੁਸ਼ੀ ਹੁੰਦੀ ਜੇਕਰ ਕਮਰਤੋੜ ਮਹਿੰਗਾਈ ਨੂੰ ਠੀਕ ਕੀਤਾ ਜਾਂਦਾ। ਅਜ ਗਰੀਬ ਦਾ ਕਚੂਮਰ ਨਿਕਲ ਗਿਆ ਹੈ। ਮੁਲਾਜ਼ਮ ਦੀ ਸਾਰੀ ਤਨਖਾਹ ਅਨਾਜ ਵਿਚ ਹੀ ਲਗ ਜਾਂਦੀ ਹੈ ਤੇ ਉਸ ਦੇ ਬਾਕੀ ਕੰਮ ਅਧੂਰੇ ਹੀ ਨਹੀਂ ਰਹਿ ਜਾਂਦੇ ਹਨ। ਉਨ੍ਹਾਂ ਨੂੰ ਉਹ ਟਚ ਵੀ ਨਹੀਂ ਕਰ ਸਕਦਾ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਧਿਆਨ ਵਿਚ ਰਖਦਿਆਂ ਨਾਨ-ਪ੍ਰੋਡਿਊਸਰ ਨੂੰ ਸਬਸਿਡੀ ਦੇਣੀ ਚਾਹੀਦੀ ਹੈ ਅਤੇ ਕਿਸਾਨ ਨੂੰ ਪੂਰੀ ਕੀਮਤ ਅਨਾਜ ਦੀ ਮਿਲਣੀ ਚਾਹੀਦੀ ਹੈ। ਇਸ ਤਰ੍ਹਾਂ ਦਾ ਜਿਹੜਾ ਇਸ ਸਮੇਂ ਇਮਬੈਲੰਸ ਹੈ ਇਸ ਨੂੰ ਦੂਰ ਕਰਨ ਵਲ ਧਿਆਨ ਦੇਣਾ ਚਾਹੀਦਾ ਹੈ।

ਇਥੇ ਇਕ ਗਲ ਆਖੀ ਗਈ। ਮੈਨੂੰ ਇਸ ਗਲ ਦਾ ਗਿਲਾ ਲਗਾ ਕਿ ਮੈਂ ਡਾਂਗ ਸਾਹਿਬ ਦੀ ਬੜੀ ਇਜ਼ਤ ਕਰਦਾ ਹਾਂ ਉਨ੍ਹਾਂ ਨੂੰ ਇਸ ਤਰ੍ਹਾਂ ਦਾ ਜਵਾਬ ਨਹੀਂ ਸੀ ਦੇਣਾ ਚਾਹੀਦਾ ਕਿ ਇਹ ਪਬਲਿਕ ਇੰਟਰੈਸਟ ਵਿਚ ਨਹੀਂ। ਜੋ ਇਨਕੁਆਇਰੀ ਨੈਸ਼ਨਲ ਇੰਟਰੈਸਟ ਦੀ ਹੋਵੇ ਉਹ ਕਾਨਫੀਡੈਂਸ਼ਲ ਨਹੀਂ ਰਹਿੰਦੀ। ਨਾਲੇ ਇਸ ਦਾ ਤਾਂ ਛੱਜ ਪਿਟਿਆ ਜਾਣਾ ਸੀ। ਇਸ ਨੂੰ ਲਕੋਣ ਦੀ ਲੋੜ ਨਹੀਂ ਸੀ। ਕਿਉਂ ਭਾ ਨਹੀਂ ਦਸੇ ਜਾਂਦੇ? ਪਤਾ ਲਗਣਾ ਚਾਹੀਦਾ ਹੈ। ਤਿੰਨ ਚਾਰ ਏਕੜ ਵਾਲੇ ਪਾਸ ਤਾਂ ਅਨਾਜ ਰਿਹਾ ਹੀ ਨਹੀਂ। ਉਹ ਰੁਕ ਨਹੀਂ ਸਕਦਾ ਉਸ ਦੀਆਂ ਕਈ ਲੋੜਾਂ ਹੁੰਦੀਆਂ ਹਨ ਅਤੇ ਉਹ ਸਸਤੇ ਭਾ ਤੇ ਵੇਚ ਜਾਂਦਾ ਹੈ। ਇਸ ਤੋਂ ਤਾਂ ਇਹ ਸਾਫ ਜ਼ਾਹਿਰ ਹੁੰਦਾ ਹੈ ਕਿ ਤੁਸੀਂ ਅਨਾਜ ਦਾ ਇਸ ਲਈ ਭਾ ਮੁਕੱਰਰ ਨਹੀਂ ਕਰਦੇ ਕਿ ਤੁਸੀਂ ਵਡੇ ਵਡੇ 100 ਜਾਂ 200 ਏਕੜ ਵਾਲਿਆਂ ਦੀ ਮਦਦ ਕਰਨੀ ਚਾਹੁੰਦੇ ਹੋ ਜਿਨ੍ਹਾਂ ਪਾਸ 200 ਏਕੜ ਦੀ ਮਾਲਕੀ ਹੈ ਅਤੇ ਇਨ੍ਹਾਂ ਦਾ ਸੈਂਕੜੇ ਮਣ ਅਨਾਜ ਪਿਆ ਹੈ ਉਨ੍ਹਾਂ ਨੂੰ ਕਾਹਲ ਨਹੀਂ ਹੁੰਦੀ ਮੰਡੀ ਵਿਚ ਲਿਆਉਣ ਦੀ ਉਹ ਦਸ ਪੰਦਰਾਂ ਦਿਨ ਅਨਾਜ ਨੂੰ ਆਪਣੇ ਪਾਸ ਰਖ ਸਕਦੇ ਹਨ ਤਾਕਿ ਵਧ ਭਾ ਤੇ ਵੇਚ ਸਕਣ। ਇਸ ਪਾਸੇ ਵਲ ਧਿਆਨ ਦੇਣਾ ਚਾਹੀਦਾ ਹੈ। ਸਰਕਾਰ ਜਿਨ੍ਹਾਂ ਦੇ ਪਾਸ ਹੈ ਉਹ ਆਪ ਵੀ ਤਾਂ ਵਡੇ ਕਿਸਾਨ ਹੀ ਹਨ। ਹਰ ਮਸਲੇ ਨੂੰ ਹਲ ਕਰਨ ਦੀ ਅਤੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਨਿਰੇ ਸਲੋਗਨਾਂ ਨਾਲ ਕੰਮ ਹਲ ਨਹੀਂ ਹੋ ਸਕਦਾ। ਠੀਕ ਹੈ ਕਿ ਫਰੰਟ ਵਿਚ ਬਹੁਤ ਸਾਰੀਆਂ ਪਾਰਟੀਆਂ ਹਨ, ਇਸ ਲਈ ਇਨ੍ਹਾਂ ਦੇ ਵਖ ਵਖ ਸਲੋਗਨ ਹਨ, ਤਾਲ ਮੇਲ ਆਪਸ ਵਿਚ ਨਹੀਂ ਖਾਂਦੇ। ਪਰ ਕਿਸਾਨ ਦਾ ਧਿਆਨ ਤਾਂ ਰੱਖਣਾ ਜ਼ਰੂਰੀ ਹੈ।

[ਸਰਦਾਰ ਦਰਬਾਰਾ ਸਿੰਘ]

ਇਕ ਚੀਜ਼ ਮੈਂ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਪਾਰਟੀਆਂ ਦਾ ਜਿਨ੍ਹਾਂ ਦੀ ਸਰਕਾਰ ਹੈ ਇਕ ਖਾਸ ਰੁਖ ਨਾਲ ਪਰਚਾਰ ਕੀਤਾ ਜਾਂਦਾ ਹੈ। ਸੁਪਰ ਤਰੀਕੇ ਨਾਲ। ਇਨ੍ਹਾਂ ਨੇ ਆਪਣੀ ਕੈਬੀਨਟ ਤੋਂ ਵੀ ਸੁਪਰੀਮ ਇਕ ਕੁਆਰਡੀਨੇਸ਼ਨ ਕਮੇਟੀ ਬਣਾਈ ਹੋਈ ਹੈ। ਮੈਂ ਇਨ੍ਹਾਂ ਹਾਂ ਕਿ ਜਿਹੜੀ ਚੀਜ਼ਾਂ ਦਾ ਅਜੇ ਕੈਬੀਨਟ ਨੇ ਵੀ ਫੈਸਲਾ ਨਹੀਂ ਕੀਤਾ ਹੁੰਦਾ ਕਿ ਉਹ ਚੀਜ਼ ਪਹਿਲੋਂ ਹੀ ਨੂੰ ਦਸਣਾ ਚਾਹੁੰਦਾ ਅਖਬਾਰਾਂ ਵਿਚ ਚਲੀ ਜਾਂਦੀ ਹੈ। ਪਹਿਲੇ ਲੋਕਾਂ ਕੋਲ ਪਹੁੰਚ ਜਾਂਦੀ ਹੈ ਅਤੇ ਫਿਰ ਇਕ ਮੈਂਬਰ ਵਲੋਂ ਕਿਹਾ ਜਾਂਦਾ ਹੈ ਕਿ ਮੈਂ ਇਹ ਕੰਮ ਕਰਾ ਦੇਣਾ ਹੈ। ਜੇਕਰ ਕੰਮ ਕਰਾਣਾ ਹੈ ਤਾਂ ਮੇਰੇ ਕੋਲ ਆਉ। ਮੈਨੂੰ ਇਸ ਗਲ ਵਿਚ ਕੋਈ ਇਤਰਾਜ਼ ਨਹੀਂ ਉਹ ਜੇਕਰ ਮਨਿਸਟਰੀ ਵਿਚ ਚਲੇ ਜਾਣ ਉਨ੍ਹਾਂ ਨੂੰ ਕੈਬੀਨਟ ਵਿਚ ਲੈ ਲਉ ਪਰ ਇਹ ਨਹੀਂ ਹੋਣਾ ਚਾਹੀਦਾ ਕਿ ਫਾਈਲਾਂ ਦਾ ਕੋਈ ਨਿਰਣਾ ਹੋਵੇ ਤੇ ਉਹ ਬਾਹਰ ਚਲਿਆ ਜਾਵੇ। ਇਸ ਤਰ੍ਹਾਂ ਕਰਨਾ ਠੀਕ ਨਹੀਂ। ਨਾਲੇ ਤੁਸੀਂ ਮੁਹਰਲੀਆਂ ਸੀਟਾਂ ਤੇ ਜਿੰਨੇ ਬੈਠੇ ਹੋ ਇਨ੍ਹਾਂ ਨੇ ਕਸਮ ਵੀ ਖਾਧੀ ਹੋਈ ਹੈ ਸੀਕਰਿਸੀ ਦੀ। ਚੇਅਰਮੈਨ ਸਾਹਿਬ ਅਜ ਵੀ ਫੈਸਲੇ ਬਾਹਰ ਚਲੇ ਜਾਣ, ਇਹ ਠੀਕ ਨਹੀਂ। ਮੈਨੂੰ ਕੋਈ ਹੱਕ ਤਾਂ ਨਹੀਂ ਕਿ ਮੈਂ ਇਨ੍ਹਾਂ ਨੂੰ ਇਸ ਪੱਖ ਵਿਚ ਕੋਈ ਐਡਵਾਈਸ ਦੇਵਾਂ ਪਰ ਜਿਸ ਢੰਗ ਨਾਲ ਗਲਾਂ ਬਾਹਰ ਜਾ ਰਹੀਆਂ ਹਨ ਕਿ ਕਲ ਪਰਸੋਂ ਨੂੰ ਸਰਕਾਰ ਕੀ ਕਰਨ ਵਾਲੀ ਹੈ ਇਹ ਠੀਕ ਨਹੀਂ।

ਚੇਅਰਮੈਨ ਸਾਹਿਬ ਮੈਂ ਅਰਜ਼ ਕਰਾਂ ਕਿ ਵਿਜਿਲੈਂਸ ਕਮੇਟੀਆਂ ਜਿਹੜੀਆਂ ਡਿਸਟ੍ਰਿਕਟ ਹੈਡਕੁਆਟਰਜ਼ ਤੇ ਬਣਾਈਆ ਗਈਆਂ ਹਨ ਉਨ੍ਹਾਂ ਵਿਚ ਐਮ ਐਲ. ਏ: ਵੀ ਹੋਵੇਗਾ ਅਤੇ ਐਮ. ਐਲ. ਸੀ. ਵੀ ਹੋਣਗੇ। ਸਾਰੇ ਲੈਜਿਸਲੇਟਰਜ਼ ਹੋਣਗੇ ਇਹ ਇਕ ਰੀਪ੍ਰੀਜ਼ੈਂਟੇਟਿਵ ਜਿਹੀ ਕਮੇਟੀ ਹੋਵੇਗੀ ਜਿਸ ਵਿਚ ਇਨ੍ਹਾਂ ਦੇ ਕਹਿਣ ਅਨੁਸਾਰ representatives of all the parties would be accommodated ਮੈਂਬਰ ਥੋੜੇ ਹਨ ਤਾਂ ਪੂਰੇ ਇਸ ਤਰ੍ਹਾਂ ਹੀ ਹੋਣੇ ਹਨ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਬੈਂਚਾਂ ਤੇ ਬੈਠ ਕੇ ਲੀਡਰ ਆਫ ਦੀ ਹਾਊਸ ਨੇ ਅਤੇ ਫਿਨਾਂਸ ਮਨਿਸਟਰ ਨੇ ਕਿਹਾ ਸੀ ਮੈਨੂੰ ਯਾਦ ਹੈ ਕਿ ਟੰਡਨ ਸਾਹਿਬ ਨੇ ਵੀ ਉਸ ਦਿਨ ਅਧਾ ਘੰਟਾ ਰੌਲਾ ਪਾਇਆ ਸੀ ਕਿ ਡਿਸਟ੍ਰਿਕਟ ਕਮੇਟੀਆਂ ਤੇ ਲੈਜਿਸਲੇਟਰ ਮੈਂਬਰ ਹੋਣ ਪਰ ਤੁਸੀਂ ਕੀ ਇੰਸਪਰੂਵਮੈਂਟ ਕੀਤੀ ਹੈ, ਤੁਹਾਨੂੰ ਤਾਂ ਇਸ ਦੀ ਰੀਪਰੀਜ਼ੈਂਟੇਸ਼ਨ ਵਿਚ ਇੰਪਰੂਵਮੈਂਟ ਕਰਨੀ ਚਾਹੀਦੀ ਸੀ।

ਜਿਸ ਤਰ੍ਹਾਂ ਤੁਸੀਂ ਫਰਮਾਉਂਦੇ ਹੋ ਕਿ ਇਸ ਵਿਚ ਲੈਜਿਸਲੇਟਰਜ਼ ਵੀ ਹੋਣ ਅਤੇ ਸਾਰੀਆਂ ਪਾਰਟੀਆਂ ਦੇ ਨੁਮਾਇੰਦੇ ਹੋਣ। ਮੈਂ ਕਹਾਂਗਾ ਕਿ ਤੁਹਾਡੇ ਰੂਲਜ਼ ਦੇ ਵਿਚ ਇਹ ਚੀਜ਼ ਮੈਨਸ਼ਨ ਕੀਤੀ ਹੋਈ ਹੈ, ਲੈਜਿਸਲੇਟਰਜ਼ ਐਮ. ਐਲ. ਏਜ. ਔਰ ਐਮ ਐਲ. ਸੀਜ਼ ਭੀ ਸਾਰੀਆਂ ਪਾਰਟੀਆਂ ਦੇ ਲਏ ਜਾਣ। ਮੈਨੂੰ ਇਸ ਚੀਜ਼ ਦਾ ਕੋਈ ਇਤਰਾਜ਼ ਨਹੀਂ ਜੇ ਜਿਥੇ ਇਹ ਸ਼ਾਮਲ ਕੀਤੇ ਗਏ ਹਨ ਉਥੇ ਪੰਚਾਇਤਾਂ ਦੇ ਪੰਚ ਸਰਪੰਚ ਵੀ ਜੇਕਰ ਸ਼ਾਮਲ ਕੀਤੇ ਜਾਣ ਤਾਂ ਕੋਈ ਹਰਜ ਵਾਲੀ ਗੱਲ ਨਹੀਂ। ਇਹ ਮੇਰਾ ਇਕ ਸੁਝਾਉ ਹੈ, ਜੇ ਨਹੀਂ ਪਸੰਦ ਬੇਸ਼ਕ ਇਸ ਨੂੰ ਰੀਜੈਕਟ ਕਰ ਦੇਣਾ।

ਇਕ ਗੱਲ ਮੈਂ ਮਨਿਸਟਰੀ ਦੇ ਬਾਰੇ ਵੀ ਕਹਿ ਦਿਆਂ। ਮੈਂ ਇਹ ਖਬਰ ਪੜ੍ਹੀ ਹੈ ਕਿ

ਇਸ ਮਨਿਸਟਰੀ ਦਾ ਕੰਮ ਬੜਾ ਵਧ ਰਿਹਾ ਹੈ। ਇਹ ਮੈਨੂੰ ਨਹੀਂ ਪਤਾ ਕਿਉਂ ਵਧ ਰਿਹਾ ਹੈ, ਯਾ ਤਾਂ ਇਹ ਬੰਦੇ ਵਧਾਣੇ ਲਈ ਕੰਮ ਵਧ ਰਿਹਾ ਹੈ ਜਾਂ ਕੋਈ ਹੋਰ ਕਾਰਨ ਹੈ। ਇਹ ਆਪਣ ਵਿਚ ਹੀ ਫੈਸਲਾ ਕਰ ਲੈਣ ਮੈਂ ਇਸ ਚੀਜ਼ ਤੇ ਨੁਕਤਾਚੀਨੀ ਨਹੀਂ ਕਰਦਾ ਜਿਸ ਤਰ੍ਹਾਂ ਕਿ ਉਨ੍ਹਾਂ ਵੱਲੋਂ ਹੁਣ ਤਾਈਂ ਜਦੋਂ ਏਧਰ ਬੈਠਦੇ ਸੀ ਹੁੰਦਾ ਰਿਹਾ ਹੈ। ਉਹ ਏਥੇ ਬੈਠੇ ਹੋਏ ਕਿਹਾ ਕਰਦੇ ਸੀ ਕਿ ਕਾਂਗਰਸ ਸਰਕਾਰ ਦੀ ਇਤਨੀ ਵਜ਼ਾਰਤ ਬਨਾਉਣ ਨਾਲ ਐਕਸਚੇਕਰ ਤੇ ਬੋਝ ਪੈਂਦਾ ਹੈ। ਮੈਂ ਪੁਛਦਾ ਹਾਂ ਕਿ ਤੁਸੀਂ 1000/—ਰੁਪਿਆ ਹੁਣ ਕਰ ਦਿੱਤਾ ਹੈ ਪਰ ਜਿਸ ਤਰ੍ਹਾਂ ਦਾ ਵਜ਼ਾਰਤ ਵਿਚ ਨੰਬਰ ਵੱਧਿਆ ਗਿਆ ਹੈ, ਤੁਸੀਂ ਆਪ ਦੱਸੋ ਕਿ ਇਹ ਖਰਚ ਘਟਿਆ ਹੈ ਜਾਂ ਵਧਿਆ ਹੈ।

ਇਕ ਗੱਲ ਇਨ੍ਹਾਂ ਨੇ ਏਥੇ ਬੀ: ਡੀ. ਓਜ਼ ਦੇ ਤਬਦੀਲ ਕਰਨ ਬਾਰੇ ਕਹੀ ਹੈ। ਇਸ ਬਾਰੇ ਮੈਂ ਇਤਨਾ ਹੀ ਕਹਾਂਗਾ ਕਿ ਇਕ ਪੈਟਰਨ ਤਬਦੀਲ ਕਰਨ ਦੀ ਗੱਲ ਹੈ, ਅਗਰ ਕਿਸੇ ਤਰ੍ਹਾਂ ਦਾ ਪੈਟਰਨ ਉਹ ਤਬਦੀਲ ਕਰਨਾ ਚਾਹੁੰਦੇ ਹਨ ਤਾਂ ਮੈਂ ਇਨ੍ਹਾਂ ਨੂੰ ਇਤਨਾ ਹੀ ਕਹਾਂਗਾ ਕਿ ਬੇਸ਼ਕ ਪੈਟਰਨ ਤਬਦੀਲ ਕਰਨ ਪਰ ਜਿਥੋਂ ਤਕ ਐਗਰੀਕਲਚਰ ਦੀ ਡੀਵੈਲਪਮੈਂਟ ਦਾ ਸਵਾਲ ਹੈ ਇਸ ਦੇ ਵਿਚ ਕੋਈ ਤਬਦੀਲੀ ਨਹੀਂ ਆਉਣੀ ਚਾਹੀਦੀ। ਪੰਚਾਇਤ ਰਾਜ ਦਾ ਮਤਲਬ ਇਹੋ ਹੈ ਕਿ ਭਾਵੇਂ ਕਿਵੇਂ ਵੀ ਕੋਈ ਤਬਦੀਲੀ ਆਵੇ ਉਹ ਡੀਵੈਲਪਮੈਂਟ ਦੇ ਨੁਕਤਾਨਜ਼ਰ ਤੋਂ ਆਉਣੀ ਚਾਹੀਦੀ ਹੈ। ਡੀਸੈਂਟਰੇਲਾਈਜ਼ੇਸ਼ਨ ਆਫ ਪਾਵਰ ਦਾ ਸਬੰਧ ਪੰਚਾਇਤ ਰਾਜ ਵਿਚ ਇਕ ਅਹਿਮ ਚੀਜ਼ ਹੈ। ਭਾਵੇਂ ਕਿਸੇ ਮਹਿਕਮੇ ਦਾ ਕੋਈ ਵੀ ਕਰਮਚਾਰੀ ਹੈ ਉਹ ਇਕ ਆਪੋ ਆਪਣੇ ਫਰਾਇਜ਼ ਦੇ ਆਧਾਰ ਤੇ ਬੱਝਾ ਹੋਇਆ ਹੈ, ਉਸਨੂੰ ਜੇ ਕਿਤੇ ਏਧਰ ਓਧਰ ਕਰਨ ਦਾ ਸਵਾਲ ਹੈ, ਉਸ ਨੂੰ ਇਸ ਢੰਗ ਨਾਲ ਰੀਪਲੇਸ ਕਰਨਾ ਹੈ ਜਿਸ ਦੇ ਆਧਾਰ ਤੇ ਕੋਈ ਕਦਮ ਘਾਟੇ ਵੱਲ ਨਾ ਜਾਵੇ ਬਲਕਿ ਇਹ ਵਾਧੇ ਵੱਲ ਜਾਣਾ ਚਾਹੀਦਾ ਹੈ। ਡੈਮੋਕਰੇਸੀ ਨੂੰ ਉਚੇਰਾ ਲੈ ਜਾਣਾ, ਇਸ ਢੰਗ ਨਾਲ ਜਿਸ ਰਾਹੀਂ ਸਾਰਿਆਂ ਦਾ ਭਲਾ ਹੋਵੇ, ਆਮ ਲੋਕਾਂ ਦਾ ਭਲਾ ਹੋਵੇ ਇਹ ਸਾਰਿਆਂ ਦਾ ਫਰਜ਼ ਹੈ। ਜੇ ਅਸੀਂ ਇਸ ਆਧਾਰ ਦੇ ਨਹੀਂ ਚਲਦੇ ਤਾਂ ਇਸ ਦਾ ਮਤਲਬ ਹੈ ਕਿ ਸਾਨੂੰ ਕੋਈ ਅਧਿਕਾਰ ਨਹੀਂ ਕਿ ਅਸੀਂ ਉਨ੍ਹਾਂ ਲੋਕਾਂ ਦੀ ਨਮਾਇੰਦਗੀ ਕਰੀਏ ਜਿਨ੍ਹਾਂ ਨਾਲ ਅਸੀਂ ਇਹ ਵਾਇਦੇ ਕਰਕੇ ਆਏ ਹਾਂ ਕਿ ਅਸੀਂ ਤੁਹਾਨੂੰ ਡੈਮੋਕਰੇਟਿਕ ਤਰੀਕੇ ਨਾਲ ਅੱਗੇ ਲੈ ਕੇ ਜਾਣਾ ਹੈ।

ਇਕ ਗਲ ਹੋਰ ਮੈਂ ਚੀਫ ਮਨਿਸਟਰ ਸਾਹਿਬ ਨੂੰ ਅਰਜ਼ ਕਰ ਦੇਣੀ ਚਾਹੁੰਦਾ ਹਾਂ। ਉਹ ਇਹ ਕਿ ਜਿਸ ਤਰ੍ਹਾਂ ਆਮ ਕਿਹਾ ਜਾਂਦਾ ਹੈ ਕਿ ਅਫੀਮ, ਪੋਸਤ ਅਤੇ ਭੰਗ ਦੇ ਠੇਕੇ ਫੇਰ ਖੋਲ੍ਹ ਦਿੱਤੇ ਜਾਣਗੇ ......

ਵਿਤ ਮੰਤਰੀ : ਠੇਕੇਦਾਰ ਤੁਹਾਡੇ ਮਗਰ ਮਗਰ ਫਿਰਦੇ ਹੋਣਗੇ। (ਹਾਸਾ)

ਸਰਦਾਰ ਦਰਬਾਰਾ ਸਿੰਘ : ਮੈਂ ਇਸ ਗੱਲ ਲਈ ਨਹੀਂ ਮੈਂ ਕਿਸੇ ਹੋਰ ਚੀਜ਼ ਦੇ ਆਧਾਰ ਤੇ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਪਿਛਲੇ ਸਾਲਾਂ ਦੇ ਵਿਚ ਜੋ ਕੰਮ ਹੁੰਦਾ ਰਿਹਾ ਹੈ, (ਇਕ ਮਾਨਯੋਗ ਮੈਂਬਰ ; ਸਾਨੂੰ ਪਤਾ ਹੈ ਕਿ ਕੀ ਹੁੰਦਾ ਰਿਹਾ ਹੈ) ਤੁਹਾਡੀਆਂ ਸਰਹਦਾਂ

[ਸਰਦਾਰ ਦਰਦਾਰਾ ਸਿੰਘ]

ਤੇ ਅੱਜ ਇਕ ਗੈਰ ਮੁਲਕ ਝਾਕ ਰਿਹਾ ਹੈ, ਅਖਬਾਰਾਂ ਦੇ ਵਿਚ ਇਕ ਇਸ ਤਰ੍ਹਾਂ ਦੀ ਖਬਰ ਛਪੀ ਅਤੇ ਉਸ ਦੀ ਕੰਟਰਾਡਿਕਸ਼ਨ ਵੀ ਹੋ ਚੁਕੀ ਹੈ। ਮੈਂ ਇਸ ਵਿਚ ਹੋਰ ਨਹੀਂ ਜਾਣਾ ਚਾਹੁੰਦਾ। ਅਖਬਾਰ ਦੇ ਵਿਚ ਇਕ ਹੈਡਿੰਗ ਨੈਸ਼ਨਲਾਈਜ਼ੇਸ਼ਨ ਆਫ ਟਰਾਂਸਪੋਰਟ ਦਾ ਵੀ ਦਿੱਤਾ ਗਿਆ ਹੈ। ਠੀਕ ਹੈ, ਕਰਨੀ ਚਾਹੀਦੀ ਹੈ ਪਰ ਜਿਵੇਂ ਕੁਝ ਸਿਆਣੇ ਬੰਦਿਆਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰੈਸਿਵ ਮੇਈਅਰਜ਼ ਲਿਆਉਣ ਦੀ ਅਜੇ ਲੋੜ ਨਹੀਂ ਹੈ। ਸਾਡੇ ਵਿਚ ਕਾਫੀ ਬੰਦੇ ਹਨ ਜਿਹੜੇ ਟਰਾਂਸਪੋਰਟ ਦਾ ਕੰਮ ਕਰਦੇ ਹਨ, (ਇਕ ਮਾਨਯੋਗ ਮੈਂਬਰ : ਇਹ ਤੁਹਾਡੇ ਪਿਛੇ ਬੈਠੇ ਹਨ।) ਇਹ ਪਿਛੇ ਤੁਹਾਡੇ ਵੀ ਬੈਠੇ ਹਨ, ਮੈਂ ਆਪਣੇ ਸਾਹਮਣੇ ਬੈਂਚਾਂ ਤੇ ਜੇ ਨਜ਼ਰ ਮਾਰਦਾ ਹਾਂ ਤਾਂ ਮੈਨੂੰ ਟਰਾਂਸਪੋਰਟਰ ਹੀ ਟਰਾਂਸਪੋਰਟਰ ਚਾਰੇ ਪਾਸੇ ਨਜ਼ਰ ਆਉਂਦੇ ਹਨ। ਮੈਂ ਫਾਈਨੈਂਸ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਸਰਕਾਰ ਨੇ ਪਹਿਲਾਂ ਹੀ 50—50 ਦੇ ਬੇਸਿਜ਼ ਤੇ ਇਕ ਫੈਸਲਾ ਕੀਤਾ ਹੋਇਆ ਹੈ। ਇਸ ਗੱਲ ਤੇ ਕਿਸੇ ਨੂੰ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ; ਅਸੀਂ ਪ੍ਰਾਈਵੇਟ ਕੰਪਨੀਆਂ ਨੂੰ ਵੀ ਅਗੇ ਲਿਆਉਣਾ ਚਾਹੁੰਦੇ ਸੀ, ਪਰ ਉਦਮ ਹੁਣ ਤੁਸੀਂ ਕਰੋ ਅਸੀਂ ਤੁਹਾਡੇ ਨਾਲ ਹਾਂ। (ਆਵਾਜ਼ਾਂ : ਸ਼ਾਬਾਸ਼ ਬੜੀ ਚੰਗੀ ਗੱਲ ਕੀਤੀ।) ਅਸੀਂ ਸਚ ਮੁਚ ਤੁਹਾਡੇ ਨਾਲ ਹਾਂ। ਸਾਨੂੰ ਪਤਾ ਹੈ ਕਿ ਟਰਾਂਸਪੋਰਟਰਜ਼ ਨੇ ਕਿਵੇਂ ਆਪਣਾ ਟੁਮ-ਛਲਾ ਵੇਚ ਕੇ ਇਹ ਜਾਇਦਾਦ ਬਣਾਈ ਹੈ, ਕਿਵੇਂ 2—4 ਏਕੜ ਤੱਕ ਦੀ ਆਪਣੀ ਜ਼ਮੀਨ ਗਹਿਣੇ ਰੱਖੀ, ਇਨ੍ਹਾਂ ਨੂੰ ਜਿਨ੍ਹਾਂ ਨੇ ਇਤਨੀ ਔਕੜ ਵਿਚ ਪੈ ਕੇ ਆਪਣਾ ਕਾਰੋਬਾਰ ਸ਼ੁਰੂ ਕੀਤਾ ਹੋਵੇ ਯਕ ਕਲਮ ਖਤਮ ਨਹੀਂ ਕੀਤਾ ਜਾ ਸਕਦਾ। ਇਹ 50-50 ਦਾ ਜਦੋਂ ਫੈਸਲਾ ਕੀਤਾ ਸੀ ਇਹ ਗਰੈਜੂਅਲੀ ਸਾਰੀ ਟਰਾਂਸਪੋਰਟ ਨੂੰ ਨੈਸ਼ਨਲਾਈਜ਼ ਕਰਨ ਦੇ ਵਾਸਤੇ ਕੀਤਾ ਸੀ। ਇਸ ਦੇ ਮੁਤਾਬਿਕ ਅਸੀਂ ਪਹਿਲਾਂ ਹੀ ਫ਼ੈਸਲਾ ਕਰ ਚੁਕੇ ਹਾਂ। ਅਸੀਂ ਚਾਹੁੰਦੇ ਹਾਂ ਕਿ ਟਰਾਂਸਪੋਰਟ ਦੇ ਨਾਲ ਕੋਈ ਬੇਇਨਸਾਫੀ ਨਾ ਹੋਵੇ। ਉਨ੍ਹਾਂ ਨੇ ਸਰਮਾਇਆ ਇਸੇ ਕੰਮ ਤੇ ਸਾਰੇ ਦਾ ਸਾਰਾ ਲਗਾਇਆ ਹੋਇਆ ਹੈ। ਇਹ ਇਕ ਉਨ੍ਹਾਂ ਨੇ ਸਾਧਨ ਬਣਾਇਆ ਸੀ ਜਿਸ ਦੇ ਨਾਲ ਉਹ ਆਪਣਾ ਰੋਜ਼ਗਾਰ ਚਲਾ ਸਕਣ। ਇਸ ਲਈ ਇਸ ਸਾਰੀ ਚੀਜ਼ ਦਾ ਫੈਸਲਾ ਕਰੋ। ਇਸ ਤੋਂ ਅਗਲਾ ਪੁਆਇੰਟ ਟਚ ਕਰਨ ਤੋਂ ਪਹਿਲਾਂ ਮੈਂ, ਚੇਅਰਮੈਨ ਸਾਹਿਬ ਆਪ ਤੋਂ ਪੁਛਣਾ ਚਾਹੁੰਦਾ ਹਾਂ ਕਿ ਜੇ ਮੈਨੂੰ ਕੁਝ ਵਕਤ ਦਿਉ ਤਾਂ ਮੈਂ ਅਗਲਾ ਪੁਆਇੰਟ ਟਚ ਕਰਾਂ।

ਸ਼੍ਰੀ ਚੇਅਰਮੈਨ : ਤੁਸੀਂ 5, 7 ਮਿੰਟ ਵਿਚ ਕਹਿ ਲਉ ਜੋ ਕਹਿਣਾ ਚਾਹੁੰਦੇ ਹੋ। (The hon. Member may say in 5—7 minutes whatever he has to say.)

ਚੀਫ ਪਾਰਲੀਮੈਂਟਰੀ ਸੈਕਟਰੀ : ਮੈਂ ਇਕ ਚੀਜ਼ ਸਰਦਾਰ ਦਰਬਾਰਾ ਸਿੰਘ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਇਹ ਅੱਧੇ ਪੰਜਾਬ ਤੇ ਨੈਸ਼ਨਲਾਈਜ਼ੇਸ਼ਨ ਦਾ ਕੁਹਾੜਾ ਚਲਾਉਣ ਲੱਗੇ ਸਨ ਕੀ ਉਦੋਂ ਇਨ੍ਹਾਂ ਨੂੰ ਪੈਪਸੂ ਦੇ ਟਰਾਂਸਪੋਰਟਰਜ਼ ਨਜ਼ਰ ਨਹੀਂ ਸੀ ਆਏ ਅੱਜ ਉਹ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ ?

ਸਰਦਾਰ ਦਰਬਾਰਾ ਸਿੰਘ : ਇਹ ਤੁਹਾਨੂੰ ਵੀ ਨਜ਼ਰ ਆਉਂਦੇ ਹਨ ਅਤੇ ਮੈਨੂੰ ਵੀ ਨਜ਼ਰ ਆਉਂਦੇ ਸੀ। ਇਕ ਗੱਲ ਹੋਰ ਜਿਸ ਵੱਲ ਮੈਂ ਇਸ ਸਰਕਾਰ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਲੈਂਡ ਲੈਸ ਟੈਂਨੈਟਸ ਦਾ ਜਿਹੜਾ ਮਸਲਾ ਹੈ ਇਹ ਹਲ ਹੋਣਾ

ਚਾਹੀਦਾ ਹੈ। ਹਾਲਾਂਕਿ ਇਤਨੇ ਮਈਅਰਜ਼ ਐਡਾਪਟ ਕੀਤੇ ਗਏ ਹਨ ਪਰ ਅਜੇ ਵੀ ਟੈਨੈਂਟਸ ਤਕਲੀਫ ਵਿਚ ਹੀ ਹਨ। ਜਿਹੜੀ ਵੀ ਜ਼ਮੀਨ ਦੀ ਉਹ ਵਾਹੀ ਕਰਦਾ ਹੈ ਉਸ ਦੇ ਲਈ ਉਸ ਨੂੰ ਪਰਾਪਰ ਲੋਨ ਮਿਲਣਾ ਚਾਹੀਦਾ ਹੈ ਜਿਸ ਦੀ ਅਦਾਇਗੀ ਉਹ ਆਪਣੀ ਫ਼ਸਲ ਵੇਚ ਕੇ ਕਰ ਸਕਦਾ ਹੈ। ਜਿਸ ਤਰ੍ਹਾਂ ਦੀ ਗੱਲ ਸਰਦਾਰ ਗੁਰਚਰਨ ਸਿੰਘ ਹੋਰਾਂ ਨੇ ਕੀਤੀ ਮੈਂ ਕਿਸੇ ਨੁਕਤਾਚੀਨੀ ਦੇ ਲਿਹਾਜ਼ ਦੇ ਨਾਲ ਨਹੀਂ ਕਹਿ ਰਿਹਾ ਮੈਂ ਸਿਰਫ ਉਸ ਨੁਕਤੇ ਨਾਲ ਗੱਲ ਕਰਦਾ ਹਾਂ ਕਿ ਜਿਤਨੇ ਵੀ ਰੀਫਾਰਮਜ਼ ਲੈਂਡਲੈਸ ਪੈਜ਼ੈਂਟਸ ਲਈ ਕੀਤੇ ਜਾ ਸਕਦੇ ਹੋਣ ਉਹ ਕਰਨੇ ਚਾਹੀਦੇ ਹਨ। ਇਹ ਸਾਰੇ ਲੂਪ ਹੋਲਜ਼ ਹਨ ਜਿਹੜੇ ਇਕ ਮੁਜ਼ਾਰੇ ਲਈ ਬਹੁਤ ਦੁਖਦਾਈ ਸਾਬਤ ਹੋ ਰਹੇ ਹਨ। ਕਿਸੇ ਨੂੰ ਜ਼ਮੀਨ ਦਾ ਕਬਜ਼ਾ ਨਹੀਂ ਮਿਲਿਆ, ਕਿਸੇ ਵੀ ਜ਼ਮੀਨ ਦੇ ਵਿਚੋਂ ਰਸਤਾ ਕੱਢ ਲਿਆ ਹੈ, ਕਿਸੇ ਨੂੰ ਅਜੇ ਤਕ ਨਿਸ਼ਾਨਦੇਹੀ ਨਹੀਂ ਮਿਲੀ, ਕਿਸੇ ਦਾ ਕੋਈ ਝਗੜਾ ਹੈ ਅਤੇ ਕਿਸੇ ਦਾ ਕੋਈ। ਅਜੇ ਤੱਕ ਵੀ ਐਸੇ ਬੜੇ ਬੜੇ ਜ਼ਿਮੀਂਦਾਰ ਹਨ ਜਿਨ੍ਹਾਂ ਨੇ ਗਾਰਡਨ ਦੇ ਨਾਉ ਤੇ ਜ਼ਮੀਨ ਕਢੀ ਹੈ ਜਾਂ ਕਿਸੇ ਹੋਰ ਬਹਾਨੇ ਜ਼ਮੀਨ ਕੱਢੀ ਹੈ। ਲੈਂਡ ਰੀਫਾਰਮ ਦੇ ਮੁਤਾਲਿਕ ਇਤਨੇ ਕਾਨੂੰਨ ਬਣ ਚੁਕੇ ਹਨ, ਸਾਨੂੰ ਉਨ੍ਹਾਂ ਤੇ ਚਲਦੇ ਹੋਏ ਲੋਕਾਂ ਦਾ ਭਲਾ ਕਰਨਾ ਚਾਹੀਦਾ ਹੈ ਗਰੀਬ ਪੇਜ਼ੈਂਟਸ ਦਾ ਖਿਆਲ ਰੱਖਣਾ ਚਾਹੀਦਾ ਹੈ। (ਤਾਲੀਆਂ)

ਚੇਅਰਮੈਨ ਸਾਹਿਬ, ਇਸ ਦੇ ਨਾਲ ਫੂਡ ਗ੍ਰੇਨਜ਼ ਦੀ ਕਲਟੀਵੇਸ਼ਨ ਵਿਚ ਇਨਸੈਂਟਿਵ ਆਵੇਗਾ। ਮੁਜ਼ਾਰਾ ਕਿਸੇ ਹੋਰ ਤੇ ਡਿਪੈਂਡੈਂਟ ਹੈ ਉਹ ਕਿਸੇ ਹੋਰ ਕੋਲੋਂ ਕਰਜ਼ਾ ਲੈਂਦਾ ਹੈ। ਲੈਂਡਲੈਸ ਕਲਟੀਵੇਟਰਜ਼ ਹਰੀਜਨ ਅਤੇ ਕਈ ਹੋਰ ਵੀ ਹਨ ਜਿਨ੍ਹਾਂ ਨੂੰ ਕਿਸੇ ਹੋਰ ਤੇ ਵੀ ਡੀਪੈਂਡੈਂਟ ਹੋਣਾ ਪੈਂਦਾ ਹੈ। ਸਰਕਾਰ ਉਨ੍ਹਾਂ ਨੂੰ ਕਰਜ਼ਾ ਨਹੀਂ ਦਿੰਦੀ ਕਿਉਂ ਜੋ ਉਨ੍ਹਾਂ ਕੋਲ ਜ਼ਮੀਨ ਨਹੀਂ ਹੁੰਦੀ। ਜ਼ਮੀਨ ਵਾਲੀ ਸ਼ਰਤ ਹਟਾ ਦੇਣੀ ਚਾਹੀਦੀ ਹੈ ਉਨ੍ਹਾਂ ਨੇ ਕਰਜ਼ਾ ਫ਼ਸਲ ਦੇ ਅਗੇਨਸਟ ਮਿਲਣਾ ਚਾਹੀਦਾ ਹੈ। ਫ਼ਸਲ ਵਿਕਣ ਤੇ ਉਹ ਕਰਜ਼ਾ ਵਾਪਸ ਕਰ ਦੇਵੇ। ਫਿਰ ਉਸ ਨੂੰ ਦੂਸਰਾਂ ਕਰਜ਼ਾ ਮਿਲ ਜਾਵੇ। ਪੰਪਿੰਗ ਸੈਟ ਅਤੇ ਦੂਸਰੀਆਂ ਸਹੂਲਤਾਂ ਵੀ ਦਿਤੀਆਂ ਜਾਣ। ਕਈਆਂ ਚੀਜ਼ਾਂ ਦੀ ਥੁੜ ਹੈ ਪਰ ਨਾਕਸ ਵੰਡ ਹੋਣ ਕਰਕੇ ਥੁੜ ਜ਼ਿਆਦਾ ਨਜ਼ਰ ਆਉਂਦੀ ਹੈ। ਨਾ ਸਿਰਫ ਪੰਜਾਬ ਦੀ ਬਲਕਿ ਸਾਰੇ ਹਿੰਦੁਸਤਾਨ ਦੀ ਇਕੋਨੋਮੀ ਡੀਮਾਂਡ ਕਰਦੀ ਹੈ ਕਿ ਐਗਰੀਕਲਚਰ ਨੂੰ ਪ੍ਰਾਇਰਟੀ ਦਿਤੀ ਜਾਵੇ। ਜੇਕਰ ਇਸ ਮਤਲਬ ਲਈ ਦੂਸਰੇ ਕੰਮ ਬੰਦ ਵੀ ਕਰਨੇ ਪੈਣ ਤਾਂ ਵੀ ਕੋਈ ਤਰੀਕਾ ਫਰੋ ਗੁਜ਼ਾਸ਼ਤ ਨਹੀਂ ਕਰਨਾ ਚਾਹੀਦਾ। ਵਧੀਆ ਸੀਡ ਸਪਲਾਈ ਕੀਤਾ ਜਾਵੇ। ਜਿਨਾਂ ਵਧੀਆ ਬੀਜ ਅਗਲੇ ਸਮੇਂ ਲਈ ਰਖਿਆ ਜਾਵੇ ਅੱਛਾ ਹੈ। ਪੋਲੀਟੀਕਲ ਪਾਰਟੀਜ਼ ਅਤੇ ਕਰਮਚਾਰੀਆ ਨੂੰ ਹਰ ਇਕ ਨੂੰ ਜਤਨ ਕਰਨਾ ਚਾਹੀਦਾ ਹੈ ਕਿ ਵਧੀਆ ਸੀਡ ਸਪਲਾਈ ਕੀਤਾ ਜਾਵੇ। ਘਟ ਯੀਲਡ ਦੇਣ ਵਾਲਾ ਬੀਜ ਇਰੈਡੀਕੇਟ ਕੀਤਾ ਜਾਵੇ, ਦੋ ਤਿੰਨਾਂ ਸਾਲਾਂ ਤਕ ਉਹ ਖਤਮ ਹੋ ਜਾਵੇਗਾ। ਜੇਕਰ 50, 60 ਮਣ ਏਕੜ ਦੀ ਯੀਲਡ ਵਧ ਜਾਵੇ ਤਾਂ ਤੁਸੀਂ ਉਸ ਉਪਰ ਚਾਹੇ ਕਿਨਾ ਹੀ ਬੋਝ ਪਾ ਦਿਉ ਤਾਂ ਉਹ ਵੱਡਾ ਜਿਗਰਾ ਕਰਕੇ ਵੱਲ ਲਵੇਗਾ ਚਾਹੇ ਪ੍ਰਾਈਸਿਜ਼ ਵੀ ਘਟ ਕਰ ਦਿਉ ਤਾਂ ਵੀ ਉਹ ਸਹਿ ਜਾਵੇਗਾ।

ਇਨਾਂ ਸ਼ਬਦਾ ਨਾਲ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸਾਂ ਮੈਨੂੰ ਸਮਾਂ ਦਿਤਾ ਹੈ।

ਸਰਦਾਰ ਪ੍ਰਕਾਸ਼ ਸਿੰਘ ਗਿੱਲ : On a point of order, Sir. ਸਰਦਾਰ ਦਰਬਾਰਾ ਸਿੰਘ ਹੋਰੀ ਤਿਆਰ ਹੋਕੇ ਹਾਊਸ ਵਿਚ ਆਏ ਸਨ। ਉਨ੍ਹਾਂ ਨੇ ਕੁਝ ਮੈਂਬਰਾਂ ਤੇ ਬੜੇ ਗੰਭੀਰ ਦੋਸ਼ ਲਗਾਏ ਹਨ ਜਿਨ੍ਹਾਂ ਦੇ ਨਾਂ ਵੀ ਉਹ ਕਹਿੰਦੇ ਹਨ ਕਿ ਲੈਣ ਵਾਸਤੇ ਤਿਆਰ ਹਨ। ਇਹ ਬੜਾ ਭਾਰੀ ਦੋਸ਼ ਹੈ। ਸਾਡੇ 104 ਮੈਂਬਰਾਂ ਨੇ ਆਪਣੇ ਵਿਧਾਨ ਦੀ ਕਸਮ ਖਾਧੀ ਹੈ ਜੇ ਕਰ ਕੁਝ ਬੰਦੇ ਦੇਸ਼ ਦੇ ਸੀਕਰਿਟ ਬਾਹਰ ਦਿੰਦੇ ਰਹੇ ਤਾਂ ਇਹ ਬਹੁਤ ਬੁਰੀ ਗਲ ਹੈ। ਸਰਦਾਰ ਦਰਬਾਰਾ ਸਿੰਘ ਨੇ ਇਹ ਦੋਸ਼ ਸੋਚ ਸਮਝ ਕੇ ਅਤੇ ਬੜੀ ਸੰਜੀਦਗੀ ਨਾਲ ਲਗਾਏ ਹਨ, ਉਹ ਕਹਿੰਦੇ ਹਨ ਕਿ ਸਾਬਤ ਕਰਨ ਲਈ ਵੀ ਤਿਆਰ ਹਨ। ਜੇਕਰ ਉਹ ਸਾਬਤ ਕਰ ਦੇਣ ਤਾਂ ਜਿਨ੍ਹਾਂ ਦੇ ਖਿਲਾਫ਼ ਦੋਸ਼ ਸਾਬਤ ਹੋ ਜਾਣ ਉਨ੍ਹਾਂ ਦੇ ਖਿਲਾਫ ਐਕਸ਼ਨ ਲਿਆ ਜਾਣਾ ਚਾਹੀਦਾ ਹੈ। ਜਦੋਂ ਡਾਕਟਰ ਬਲਦੇਵ ਪ੍ਰਕਾਸ਼ ਨੇ ਪੁਆਇੰਟ ਆਫ਼ ਆਰਡਰ ਉਠਾਇਆ ਤਾਂ ਉਨ੍ਹਾਂ ਨੇ ਕਿਹਾ ਕਿ ਇਸ ਗਲ ਦਾ ਡਾਕਟਰ ਸਾਹਿਬ ਨੂੰ ਵੀ ਪਤਾ ਹੈ। ਜੇਕਰ ਸਰਕਾਰ ਨੂੰ ਇਸ ਰਾਜ ਦਾ ਗਿਆਨ ਹੋਵੇ ਕਿ ਸਾਡੇ ਸੀਕਰਿਟ ਬਾਹਰ ਜਾ ਰਹੇ ਹਨ ਤਾਂ ਇਹ ਬਹੁਤ ਭਾਰੀ ਦੋਸ਼ ਹੈ। (ਵਿਘਨ) ਇਨ੍ਹਾਂ ਨੇ ਕਿਹਾ ਕਿ ਇਸ ਵਾਕੇ ਦਾ ਡਾਕਟਰ ਬਲਦੇਵ ਪ੍ਰਕਾਸ਼ ਨੂੰ ਵੀ ਪਤਾ ਹੈ। ਇਸ ਦਾ ਮਤਲਬ ਤਾਂ ਇਹ ਹੋਇਆ ਕਿ ਸਾਡੀ ਸਰਕਾਰ ਵੀ ਵਿਧਾਨ ਦੀ ਵਫ਼ਾਦਾਰ ਨਹੀਂ ਹੈ ...

ਸ੍ਰੀ ਚੇਅਰਮੈਨ : ਇਹ ਬੜਾ ਲੰਬਾ ਚੌੜਾ ਪੁਆਇੰਟ ਆਫ ਆਰਡਰ ਹੈ ਤੁਸੀਂ ਬੈਠੋ ... (It is a lengthy point of order. The hon. Member should resume his seat.)

ਸਰਦਾਰ ਪ੍ਰਕਾਸ਼ ਸਿੰਘ ਗਿੱਲ : ਭਾਵੇਂ ਲੰਮਾ ਚੌੜਾ ਹੈ, ਇਹ ਪੁਆਇੰਟ ਆਫ਼ ਆਰਡਰ ਹੀ ਹੈ। ਮੈਂ ਅਰਜ਼ ਕਰ ਰਿਹਾ ਸੀ ਕਿ ਸਰਦਾਰ ਦਰਬਾਰਾ ਸਿੰਘ ਜੀ ਦੇ ਐਲੀਗੇਸ਼ਨਜ਼ ਨੂੰ ਸੰਜੀਦਗੀ ਨਾਲ ਦੇਖਿਆ ਜਾਣਾ ਚਾਹੀਦਾ ਹੈ। ਜੇ ਕਰ ਉਹ ਸੱਚੇ ਹੋਣ ਤਾਂ ਉਨ੍ਹਾਂ ਬੰਦਿਆਂ ਦੇ ਖਿਲਾਫ਼ ਐਕਸ਼ਨ ਲਿਆ ਜਾਵੇ ਅਤੇ ਜੇਕਰ ਝੂਠੇ ਸਾਬਤ ਹੋ ਜਾਣ ਤਾਂ ਸਰਦਾਰ ਦਰਬਾਰਾ ਸਿੰਘ ਦੇ ਖਿਲਾਫ ਐਕਸਨ ਲਿਆ ਜਾਵੇ। ਇਸ ਗਲ ਨੂੰ ਇਥੇ ਹੀ ਨਾ ਛਡਿਆ ਜਾਵੇ।

ਸ੍ਰੀ ਚੇਅਰਮੈਨ : ਮੈਂ ਆਨਰੇਬਲ ਮੈਂਬਰਜ਼ ਦਾ ਧਿਆਨ ਰੂਲ 100 ਦੀ ਛੇਵੀਂ ਕਲਾਜ਼ ਵਲ ਦਿਵਾਉਣਾ ਚਾਹੁੰਦਾ ਹਾਂ। ਮੈਂ ਪਹਿਲੇ ਅੰਗਰੇਜ਼ੀ ਪੜ੍ਹ ਦੇਵਾਂ ਬਾਅਦ ਵਿਚ ਤਰਜਮਾ ਵੀ ਕਰ ਦਿਆਂਗਾ। ਉਸ ਵਿਚ ਲਿਖਿਆ ਹੈ।

> Rule 100, Sub Clause (Vi)-A member while speaking shall not make a personal charge against a member.

ਕੋਈ ਮੈਂਬਰ ਤਕਰੀਰ ਕਰਦੇ ਵਕਤ ਆਪਣੇ ਸਾਥੀ ਮੈਂਬਰ ਦੇ ਖਿਲਾਫ ਜ਼ਾਤੀ ਇਲਜ਼ਾਮ ਨਹੀਂ ਲਗਾ ਸਕਦਾ। ਮੈਂ ਆਪ ਦੀ ਤਵੱਜੋ ਇਸ ਕਰਕੇ ਇਸ ਪਾਸੇ ਦਿਵਾਈ ਹੈ ਕਿ ਕਈ ਦਫ਼ਾ ਸਪੀਚ ਕਰਦੇ ਵੇਲੇ ਮੈਂਬਰ ਸਾਹਿਬਾਨ ਆਪਣੇ ਸਾਥੀ ਮੈਂਬਰਾਂ ਦੇ ਖਿਲਾਫ ਕਹਿੰਦੇ ਹਨ ਅਤੇ ਹਾਊਸ ਵਿਚ ਬਦਮਜ਼ਗੀ ਪੈਦਾ ਹੁੰਦੀ ਹੈ ਅਤੇ ਡੈਕੋਰਮ ਨਹੀਂ ਰਹਿੰਦਾ। ਜੇਕਰ ਸਰਦਾਰ ਦਰਬਾਰਾ ਸਿੰਘ ਨੇ ਕਿਸੇ ਮੈਂਬਰ ਤੇ ਇਲਜ਼ਾਮ ਲਗਾਏ ਹਨ ਤਾਂ ਮੈਨੂੰ ਬੜੇ ਮੁਹਮਲ ਲਗੇ ਹਨ। ਮੈਨੂੰ ਨਹੀਂ ਪਤਾ ਕਿ ਫਾਈਲ ਵੇਖ ਲਈ ਜਾਵੇ ਤੇ ਕੀ ਬਣ ਜਾਵੇਗਾ। ਮੈਂ ਨਹੀਂ ਕੁਝ ਸਮਝ ਸਕਦਾ। ਮੈਂ ਕਹਾਂਗਾ

ਕਿ ਅਗਰ ਕੋਈ ਅਜਿਹਾ ਇਲਜ਼ਾਮ ਹੈ ਤਾਂ ਉਨ੍ਹਾਂ ਨੂੰ ਮੁੱਖ ਮੰਤਰੀ ਨੂੰ ਦੇਣਾ ਚਾਹੀਦਾ ਹੈ। ਗੌਰਮਿੰਟ ਉਸ ਉਪਰ ਵਿਚਾਰ ਕਰ ਲਵੇਗੀ। (I would like to draw the attention of the hon. Members to clause (vi) of Rule 100. I will read it out in English first and then will translate it. It is as follows :—

Rule 100 sub, clause (vi)- A Member while speaking shall not make a personl charge against a Member.

No hon. Member can make personal charges against any other Member. I have drawn the attention of the hon. Members for the reason that several times the hon. Members while speaking make charges against other Members which creates unpleasentness in the House and lowers its decorum. If the hon. Member Sardar Darbara Singh has made any charges against any hon. Member, to me they appeared ambiguous. I dont understand what difference it would make if a file is seen. I would say that if there is any such allegation he should refer it to the Chief Minister. Government should consider it.)

ਡਾਕਟਰ ਬਲਦੇਵ ਪ੍ਰਕਾਸ਼ : ਚੇਅਰਮੈਨ ਸਾਹਿਬ, ਸਰਦਾਰ ਦਰਬਾਰਾ ਸਿੰਘ ਜੀ ਨੇ ਕਿਹਾ ਕਿ ਕੁਝ ਮੈਂਬਰ ਓਥ ਲੈਣ ਦੇ ਬਾਅਦ ਸਿਨਸੀਅਰ ਨਹੀਂ ਹਨ ਆਪਣੇ ਵਿਧਾਨ ਦੇ ਪ੍ਰਤੀ ਔਰ ਸੀਕਰਿਟਸ ਦਿੰਦੇ ਹਨ। ਅਜਿਹੀਆਂ ਗਲਾਂ ਕੀਤੀਆਂ ਹਨ ...

ਸਰਦਾਰ ਦਰਬਾਰਾ ਸਿੰਘ : ਮੈਨੂੰ ਮਿਸਰੀਪਰੀਜ਼ੈਂਟ ਕਰਨ ਦਾ ਆਪ ਨੂੰ ਕੋਈ ਅਧੀਕਾਰ ਨਹੀਂ ਹੈ।

ਡਾਕਟਰ ਬਲਦੇਵ ਪ੍ਰਕਾਸ਼ : ਤੁਸੀਂ ਗਲ ਕਲੀਅਰ ਕਰ ਦੇਣੀ। ਜਦ ਮੈਂ ਪੁਆਇੰਟ ਆਫ਼ ਆਰਡਰ ਰੇਜ਼ ਕੀਤਾ ਤਾਂ ਉਨ੍ਹਾਂ ਨੇ ਕਿਹਾ ਕਿ ਆਪ ਨੂੰ ਵੀ ਪਤਾ ਹੈ। ਜੇਕਰ ਉਨ੍ਹਾਂ ਨੇ ਇਹ ਗਲ ਸੀਰਅਸਲੀ ਕਹੀ ਹੈ ਤਾਂ ਸੀਰਅਸਲੀ ਇਲਜ਼ਾਮ ਲਗਾਉਣ ਅਤੇ ਨੇਮ ਕਰਨ ਉਨ੍ਹਾਂ ਮੈਂਬਰਜ਼ ਨੂੰ। Otherwise this thing should not be left here. ਇਹ ਐਕਸਪੋਜ਼ ਹੋਣੇ ਚਾਹੀਦੇ ਹਨ। ਇਹ ਮੁੱਖ ਮੰਤਰੀ ਸਾਹਿਬ ਨੂੰ, ਜਾਂ ਸਪੀਕਰ ਸਾਹਿਬ ਨੂੰ ਉਨ੍ਹਾਂ ਦੇ ਚੈਂਬਰ ਵਿਚ ਮਿਲ ਕੇ ਉਨ੍ਹਾਂ ਨਾਲ ਗਲ ਕਰ ਲੈਣ। ਜਿਹੜੀ ਕੋਈ ਐਵੀਡੈਂਸ ਹੈ ਉਹ ਵੀ ਦੇ ਦੇਣ। Otherwise you should give us your ruling.

ਸਰਦਾਰ ਗੁਰਬਚਨ ਸਿੰਘ : ਮੈਂ ਆਪ ਦੀ ਤਵੱਜੋ ਪਿਛਲੇ ਸਾਲਾਂ ਦੀ ਤਰਫ ਦਿਵਾਉਣਾ ਚਾਹੁੰਦਾ ਹਾਂ। ਆਪ ਨੇ ਦਫਾ 100 ਦਾ ਹਵਾਲਾ ਦਿਤਾ ਹੈ ...

Mr. Chairman : Order please.

ਸਰਦਾਰ ਗੁਰਬਚਨ ਸਿੰਘ : ਇਨ੍ਹਾਂ ਰੂਲਜ਼ ਦੀ ਉਲੰਘਣਾ ਤੁਸੀਂ ਆਪ ਕਰਦੇ ਰਹੇ ਹੋ ਅਜ ਦੂਸਰਿਆਂ ਦੀ ਖਾਤਿਰ ਨਵੇਂ ਰੂਲਜ਼ ਬਨਾਉਣ ਲਗੇ ਹੋ।

ਸ਼੍ਰੀ ਚੇਅਰਮੈਨ : ਮੈਂ ਇਸ ਖਾਤਰ ਕਹਿ ਰਿਹਾ ਹਾਂ ਕੀ ਰੂਲਜ਼ ਹੋਣੇ ਚਾਹੀਦੇ ਹਨ, ਕੀ ਪਰੋਸੀਜਰ ਹੋਣਾ ਚਾਹੀਦਾ ਹੈ ਇਸ ਤੇ ਕਹਿ ਲਉ ਲੇਕਿਨ ਉਠ ਕੇ ਤਕਰੀਰ ਨਾ ਕਰਨੀ ਸ਼ੁਰੂ ਕਰ ਦਿਉ। ਇਸ ਦਾ ਕੋਈ ਫਾਇਦਾ ਨਹੀਂ ਹੈ।

ਉਸ ਵਕਤ ਡਿਪਟੀ ਸਪੀਕਰ ਸਾਹਿਬ ਬੈਠੇ ਸਨ, ਮੈਂ ਉਨ੍ਹਾਂ ਦੀ ਤਕਰੀਰ ਦੇ ਲਫਜ਼ ਵੀ ਨਹੀਂ ਸੁਣੇ। ਮੈਂ ਇਹ ਮਾਮਲਾ ਸਪੀਕਰ ਦੇ ਨੋਟਿਸ ਵਿਚ ਲੈ ਆਵਾਂਗਾ ਅਤੇ ਉਨ੍ਹਾਂ ਦੇ ਸਪੁਰਦ ਕਰ ਦੇਵਾਂਗਾ ਕਿ ਪਿਛਲੀ ਰੀਕਾਰਡ ਪੜ੍ਹ ਕੇ ਵੇਖ ਲੈਣ। ਜੇ ਚਾਹੁਣ ਤਾਂ ਇਹ ਰਿਮਾਰਕਸ ਐਕਸਪੰਜ ਕਰਨ ਦੇ ਆਰਡਰਜ਼ ਦੇ ਦੇਣ। (I would submit that the hon. Member may give his suggestion as to what the rules and procedure should be and should not start making a speech. It is of no use.

The hon. Deputy Speaker was in the Chair at that time and I did not hear the speech of the hon. Member. S. Darbara Singh. I would bring this matter to the notice of the hon. Speaker and would suggest to him that he should go through the relevant record. If he thinks fit he may order the expunction of those remarks.)

ਡਾਕਟਰ ਬਲਦੇਵ ਪ੍ਰਕਾਸ਼ : In the meanwhile ਆਪ ਇਹ ਕਹਿ ਦਿਉ ਕਿ ਉਨ੍ਹਾਂ ਦੇ ਰੀਮਾਰਕਸ ਪ੍ਰੈਸ ਵਿਚ ਨਹੀਂ ਜਾਣੇ ਚਾਹੀਦੇ। ਨਹੀਂ ਤੇ ਐਕਸਪੰਜ ਕਰਨ ਦਾ ਕੋਈ ਫਾਇਦਾ ਨਹੀਂ ਹੋਵੇਗਾ।

ਸ਼੍ਰੀ ਚੇਅਰਮੈਨ : ਠੀਕ ਹੈ, ਜਦ ਤਕ ਸਪੀਕਰ ਸਾਹਿਬ ਦੇ ਆਰਡਰਜ਼ ਨਾ ਹੋ ਜਾਣ ਉਸ ਵਕਤ ਤਕ ਦੀਜ਼ ਰੀਮਾਰਕਸ ਸਟੈਂਡ ਐਕਸਪੰਜਡ (It is all right. So long as the hon. Speaker does not give his ruling these remarks stand expunged.)

ਚੌਧਰੀ ਦਰਸ਼ਨ ਸਿੰਘ : ਸਾਡੇ ਪਾਸਿਉਂ ਇਕਲੇ ਸਰਦਾਰ ਦਰਬਾਰਾ ਸਿੰਘ ਹੋਰੀਂ ਬੋਲੇ ਹਨ।

ਸ਼੍ਰੀ ਚੇਅਰਮੈਨ : ਜਿਹੜੀ ਚਿਠੀ ਆਪ ਵਲੋਂ ਆਈ ਹੈ ਉਸ ਵਿਚ ਸਰਦਾਰ ਦਰਬਾਰਾ ਸਿਘ ਨੂੰ ਪਿਛੇ ਰਖਿਆ ਹੋਇਆ ਹੈ ਲੇਕਿਨ ਉਹ ਚਾਹੁੰਦੇ ਸਨ ਕਿ ਉਹ ਜਦੋਂ ਦਿਲੀਉਂ ਵਾਪਸ ਆਉਣ ਉਨ੍ਹਾਂ ਨੂੰ ਉਸੇ ਵੇਲੇ ਮੌਕਾ ਮਿਲ ਜਾਵੇ। ਉਨ੍ਹਾਂ ਨੂੰ ਸਮਾਂ ਦੇ ਦਿਤਾ ਗਿਆ ਅਤੇ ਉਨ੍ਹਾਂ ਦੀ ਪਰਸਨੇਲਿਟੀ ਵੇਖਦਿਆਂ ਮੈਂ ਵਕਤ ਵੀ ਖੁਲ੍ਹਾ ਦੇ ਦਿਤਾ। ਉਹ 50 ਮਿੰਟ ਬੋਲੇ ਹਨ। ਇਸ ਲਈ ਤੁਹਾਨੂੰ ਹੁਣ ਟਾਈਮ ਦਾ ਗਰੱਜ ਨਹੀਂ ਹੋਣਾ ਚਾਹੀਦਾ। (In the letter which I have received from the hon. Member, the name of Sardar Darbara Singh comes at a later stage but he desired that he should be given time as soon as hereturns from Delhi. He was given time and in view of his personality. I gave him sufficient time, He has spoken for 50 minutes. Therefore, the hon. Member should not have any grudge about the time now.)

ਗਿਆਨੀ ਕੁੰਦਨ ਸਿੰਘ 'ਪਤੰਗ' (ਸ਼ੇਰਪੁਰ—ਐਸ. ਸੀ.) : ਸ਼੍ਰੀਮਾਨ ਜੀ, ਬੇਨਤੀ ਹੈ ਕਿ ਬਜਟ ਮੈਂ ਵੇਖਿਆ ਹੈ, ਇਹ ਭੀ ਔਰ ਪਹਿਲੇ ਭੀ। ਪਿਛਲੀ ਗੌਰਮੈਂਟ ਨਾਲੋਂ ਇਹ ਬਜਟ ਬਹੁਤ ਅੱਛਾ ਹੈ ਪਰ ਫਿਰ ਭੀ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੀਆਂ ਪਛੜੀਆਂ ਸ਼੍ਰੇਣੀਆਂ ਹਨ ਔਰ ਜਿਹੜੇ ਪਛੜੇ ਹੋਏ ਲੋਕ ਹਨ ਉਨ੍ਹਾਂ ਨੂੰ ਕੁਝ ਹੋਰ ਭੀ ਸਹੂਲਤਾਂ ਦੇ ਦੇਣੀਆਂ ਚਾਹੀਦੀਆਂ ਹਨ ਤਾਕਿ ਉਨ੍ਹਾਂ ਦਾ ਅੱਗੇ ਨੂੰ ਹੌਸਲਾ ਵਧੇ। ਨਾ ਸਿਰਫ ਉਨ੍ਹਾਂ ਦੇ ਬੱਚਿਆਂ ਨੂੰ ਪੜ੍ਹਾਈ ਦੀਆ ਹੋਰ ਵੱਧ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ ਤਾਂ ਜੋ ਉਹ ਪੜ੍ਹ ਲਿਖ ਕੇ ਉਚੀਆਂ ਸ਼ਰੇਣੀਆਂ ਦੇ ਬਰਾਬਰ ਆ ਸਕਣ ਬਲਕਿ ਜਿਹੜੀਆਂ ਸਰਕਾਰੀ ਮਹਿਕਮਿਆਂ ਵਿਚ ਪਛੜੀਆਂ ਜ਼ਾਤੀਆਂ ਲਈ ਨੌਕਰੀਆਂ ਵਿਚ ਰੀਜ਼ਰਵੇਸ਼ਨ ਰਖੀ ਹੋਈ ਹੈ ਉਸ਼ ਨੂੰ ਤੁਰਤ ਪੂਰਾ ਕੀਤਾ ਜਾਵੇ। ਸ਼੍ਰੀਮਾਨ ਜੀ; ਮੈਂ ਤਾਂ ਇਹ ਵੀ ਕਹਾਂਗਾ ਕਿ ਉਨ੍ਹਾਂ ਨੂੰ ਉਸ ਰੀਜ਼ਰਵੇਸ਼ਨ ਨਾਲੋਂ ਵੀ ਵਧ ਨੌਕਰੀਆਂ, ਚੰਗੀਆਂ ਨੌਕਰੀਆਂ ਮਿਲਣੀਆਂ ਚਾਹੀਦੀਆਂ ਹਨ ਕਿਉਂਕਿ ਇਹ ਵੇਖਿਆ ਜਾ ਰਿਹਾ ਹੈ ਕਿ ਬਹੁਤ ਸਾਰੇ ਪਛੜੇ ਲੋਕਾਂ ਵਿਚ ਭੀ ਜਿਹੜੇ ਲੜਕੇ ਬੀ. ਏ., ਬੀ. ਏ. ਐਲ. ਐਲ. ਬੀ ਔਰ ਐਮ. ਏ. ਪਾਸ ਭੀ ਹਨ ਉਨ੍ਹਾਂ ਨੂੰ ਭੀ ਰੁਜ਼ਗਾਰ ਨਹੀਂ ਮਿਲਦਾ। ਚੰਗੇ ਪੜੇ ਲਿਖੇ ਭੀ ਰੋਂਦੇ ਫਿਰਦੇ ਹਨ। ਕਈ ਵੇਰ ਮਹਿਕਮਿਆਂ ਵਿਚ ਜਿਹੜੀ ਛਾਂਟੀ ਹੁੰਦੀ ਹੈ ਉਸ ਵਿਚ ਉਹੀ ਨੌਕਰੀਆਂ ਤੋਂ ਹਟਾਏ ਜਾਂਦੇ ਹਨ ਔਰ ਹਟਾਏ ਜਾ ਰਹੇ ਹਨ। ਸ਼੍ਰੀਮਾਨ ਜੀ, ਅਸਲ ਗੱਲ ਇਹ ਹੈ ਕਿ ਜਿਹੜੀਆਂ ਕੌਮਾਂ ਤਲਵਾਰ ਦੀਆਂ ਮਾਰੀਆਂ ਹੋਈਆਂ ਹੁੰਦੀਆਂ ਹਨ ਉਹ ਕੌਮਾਂ ਤਾਂ ਉਠ ਸਕਦੀਆਂ ਹਨ ਮਗਰ ਕਲਮ ਦੀ ਮਾਰੀ ਕੌਮ ਨਹੀਂ ਉਠ ਸਕਦੀ। ਇਹ ਲੋਕ ਕਿਸੇ ਯੁਗ ਵਿਚ ਕਲਮ ਦੇ ਮਾਰੇ ਹੋਏ ਹਨ ਅਤੇ ਇਹੀ ਕਾਰਨ ਹੈ ਕਿ ਅੱਜ ਤੱਕ ਬਾਕੀਆਂ ਦੇ ਬਰਾਬਰ ਨਹੀਂ ਆ ਸਕੇ। ਪੜ੍ਹਾਈ ਅਤੇ ਨੌਕਰੀਆਂ ਦੇ ਖੇਤਰ ਵਿਚ ਹੋਰਨਾ ਸ਼ਰੇਣੀਆਂ ਨਾਲੋਂ ਬਹੁਤ ਥੱਲੇ ਹਨ। ਅੱਜ ਦੀ ਗੌਰਮੈਂਟ ਦਾ ਇਹ ਪਹਿਲਾ ਫ਼ਰਜ ਬਣਦਾ ਹੈ ਕਿ ਉਨ੍ਹਾਂ ਨੂੰ ਭੀ ਬਾਕੀ ਜਾਤੀਆਂ ਦੀ ਬਰਾਬਰ ਦੀ ਪਧੱਰ ਤੇ ਲਿਆਵੇ ਔਰ ਉਸ ਲਈ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਖਾਸ ਤੌਰ ਤੇ ਪੜ੍ਹਾਈ ਵਿਚ ਔਰ ਨੌਕਰੀਆਂ ਵਿਚ ਜ਼ਿਆਦਾ ਤੋਂ ਜ਼ਿਆਦਾ ਸਹੂਲਤਾਂ ਦਿਤੀਆਂ ਜਾਣ। ਇਸ ਤੋਂ ਅਲਾਵਾ ਜਿਹੜੇ ਪਛੜੀਆਂ ਸ਼ਰੇਣੀਆਂ ਦੇ ਲੋਕ ਕਾਰੋਬਾਰ ਵਿਚ ਹਨ, ਜਿਵੇਂ ਕੋਈ ਤਾਣੀ ਦਾ ਕਿੱਤਾ ਕਰਦਾ ਹੈ, ਚਮੜੇ ਦਾ ਕਿੱਤਾ ਕਰਦਾ ਹੈ, ਖੇਤੀ ਬਾੜੀ ਦਾ ਕੰਮ ਕਰਦਾ ਹੈ ਉਨ੍ਹਾਂ ਨੂੰ ਗਰਾਂਟਾਂ ਅਤੇ ਸਬਸਿਡੀ ਆਦਿ ਦੇ ਕੇ ਉਨ੍ਹਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ।

ਇਸ ਪਿਛਲੇ ਸਿਆਲ ਦੇ ਸਮੇਂ ਤੋਂ ਮਹਿੰਗਾਈ ਨੇ ਗਰੀਬ ਲੋਕਾਂ ਦਾ ਲੱਕ ਤੋੜ ਦਿੱਤਾ ਹੈ, ਉਨ੍ਹਾਂ ਦਾ ਕਚੂਮਰ ਕੱਢ ਦਿੱਤਾ ਹੈ। ਉਨ੍ਹਾਂ ਨੇ ਕਈ ਕਈ ਦਿਨ ਭੁਖੇ ਰਹਿ ਕੇ ਗੁਜ਼ਾਰੇ ਹਨ। ਇਸ ਮਹਿੰਗਾਈ ਕਾਰਨ ਉਨ੍ਹਾਂ ਨੂੰ ਨਾ ਪੇਟ ਭਰਨ ਨੂੰ ਰੋਟੀ ਮਿਲੀ ਔਰ ਨਾ ਹੀ ਤਨ ਢੱਕਣ ਨੂੰ ਕਪੜਾ—ਕਈ ਵਿਚਾਰਿਆਂ ਨੇ ਤਾਂ ਨੀਲੀ ਛੱਤ ਦੀ ਛਾਵੇਂ ਰਾਤਾਂ ਕੱਟੀਆਂ ਹਨ। ਹਾਲਤ ਉਨ੍ਹਾਂ ਦੀ ਇਤਨੀ ਭੈੜੀ ਹੈ ਕਿ ਕਈ ਪਰਵਾਰ ਐਸੇ ਹਨ ਕਿ ਜਿਨ੍ਹਾਂ ਦੀ ਸਾਰੀ ਉਮਰ ਬੀਤ ਗਈ ਮਗਰ ਉਨ੍ਹਾਂ ਦਾ ਧੰਦਾ ਆਸਰਾ ਹੀ ਨਹੀਂ ਬਣਿਆ। ਉਨ੍ਹਾਂ ਵੱਲ ਸਰਕਾਰ ਨੂੰ ਖਾਸ ਧਿਆਨ ਦੇਣਾ ਚਾਹੀਦਾ ਹੈ।

[ਗਿਆਨੀ ਕੁੰਦਨ ਸਿੰਘ ਪਤੰਗ]

ਦੂਜੀ ਗੱਲ ਮੈਂ ਕਿਰਸਾਨ ਬਾਰੇ ਕਰਨੀ ਚਾਹੁੰਦਾ ਹਾਂ। ਕਿਰਸਾਨ ਦੀ ਹਾਲਤ ਵਿਚ ਭੀ ਅਜੇ ਤੱਕ ਕੋਈ ਸੁਧਾਰ ਨਹੀਂ ਹੋਇਆ। ਉਹ ਭੀ ਗਰੀਬੀ ਅਤੇ ਮਜਬੂਰੀਆਂ ਵਿਚ ਪਿਸ ਰਿਹਾ ਹੈ। ਉਸ ਨੂੰ ਖੇਤ ਲਈ ਪਾਣੀ ਨਹੀਂ ਮਿਲਦਾ ਤਾਂ ਅਨਾਜ ਕਿਥੋਂ ਪੈਦਾ ਕਰੇ? ਹੁਣ ਤਕ ਦੀ ਹਾਲਤ ਇਹ ਹੈ ਕਿ ਜਿੱਥੋਂ ਖ਼ਾਲ ਹੈ ਉਥੇ ਨਾਲ ਨਹੀਂ ਔਰ ਜਿਥੇ ਨਾਲ ਹੈ ਉਥੇ ਖਾਲ ਨਹੀਂ। ਪਤਾ ਨਹੀਂ ਕਿ ਕੀ ਭਾਣਾ ਵਰਤਿਆ ਹੈ ਕਿ ਜਿਹੜੀਆਂ ਪਹਿਲੀਆਂ ਨਾਲਾਂ ਸਨ ਉਹ ਪੁਟ ਦਿਤੀਆਂ ਹਨ ਜਿਹੜੀਆਂ ਕਿਤੇ ਨਵੀਆਂ ਨਾਲਾਂ ਦਬੀਆਂ ਭੀ ਹਨ ਉਹ ਉਨ੍ਹਾਂ ਨਾਲੋਂ ਭੀ ਛੋਟੀਆਂ। ਪਾਣੀ ਬਾਝੋਂ ਉਨ੍ਹਾਂ ਲੋਕਾਂ ਦੇ ਖੇਤ ਹੀ ਸੁਕ ਗਏ ਹਨ। ਸ਼੍ਰੀਮਾਨ ਜੀ, ਇਕ ਤਰਫ ਤਾਂ ਗੌਰਮਿੰਟ ਇਹ ਕਹਿ ਰਹੀ ਹੈ ਕਿ ਕਿਰਸਾਨ ਨੂੰ ਉੱਚਾ ਚੁਕਣਾ ਹੈ ਔਰ ਦੂਜੇ ਪਾਸੇ, ਜਿਵੇਂ ਕਿ ਮੈਂ ਅਰਜ਼ ਕੀਤੀ ਹੈ ਉਨ੍ਹਾਂ ਨੂੰ ਪਾਣੀ ਨਹੀਂ ਮਿਲਦਾ। ਜਿਸ ਅੰਨ ਦੇ ਆਸਰੇ ਕੁਲ ਦੁਨੀਆਂ ਵਸਦੀ ਹੈ ਅਗਰ ਪਾਣੀ ਨਾ ਮਿਲਣ ਕਰਕੇ ਦਾਣਾ ਫੱਕਾ ਹੀ ਨਾ ਹੋਵੇ ਤਾਂ ਦੁਨੀਆਂ ਕਿਸ ਤਰ੍ਹਾਂ ਵੱਸੇਗੀ ਔਰ ਕਿਰਸਾਨ ਕਿਸ ਤਰ੍ਹਾਂ ਬਚੇਗਾ?

ਇਸ ਲਈ ਜ਼ਰੂਰੀ ਹੈ ਕਿ ਫ਼ੌਰਨ ਪਿੰਡਾਂ ਵਿਚ ਬਿਜਲੀ ਘੱਲੀ ਜਾਵੇ ਤਾਂ ਜੋ ਟਿਊਬਵੈੱਲ ਲਗਾ ਕੇ ਤਿਹਾਏ ਖੇਤਾਂ ਨੂੰ ਪਾਣੀ ਦਿਤਾ ਜਾਵੇ। ਮੈਂ ਆਪ ਦੀ ਰਾਹੀਂ ਬੇਨਤੀ ਕਰਦਾ ਹਾਂ ਕਿ ਰਾਏਕੋਟ ਤੋਂ ਮਾਲੇਰਕੋਟਲੇ ਦੀ ਸੜਕ ਤੇ ਕਿਧਰੇ ਭੀ ਬਿਜਲੀ ਨਹੀਂ। ਰਾਏਕੋਟ ਤੋਂ ਮਾਲੇਰ-ਕੋਟਲੇ ਦੀ ਸੜਕ ਤੇ ਕਿਧਰੇ ਭੀ ਬਿਜਲੀ ਨਹੀਂ। ਰਾਏਕੋਟ ਤੋਂ ਬਰਨਾਲੇ ਵਲ ਬਿਜਲੀ ਦੇ ਖੰਬੇ ਤਕ ਨਹੀਂ ਲਗੇ। ਅਗਰ ਕਿਰਸਾਨ ਨੂੰ ਬਿਜਲੀ ਦਾ ਪ੍ਰਬੰਧ ਕਰਕੇ ਦਿਤਾ ਜਾਵੇ ਤਾਂ ਉਹ ਚੰਗੀ ਤਰੱਕੀ ਕਰ ਸਕਦੇ ਹਨ। ਮਾਲੇਰਕੋਟਲੇ ਦੇ ਇਲਾਕੇ ਵਿਚ ਟਿਊਬਵੈੱਲ ਦਿਤੇ ਜਾਣ ਤਾਂ ਉਥੇ ਅਨਾਜ ਦੀ ਉਪਜ ਕਾਫ਼ੀ ਵਧ ਸਕਦੀ ਹੈ।

ਸ਼੍ਰੀਮਾਨ ਜੀ, ਬਿਜਲੀ ਦੀ ਹੀ ਨਹੀਂ ਬਲਕਿ ਉਸ ਇਲਾਕੇ ਵਿਚ ਸੜਕਾਂ ਦੀ ਭੀ ਬੜੀ ਘਾਟ ਹੈ। ਜਿਹੜੀ ਰਾਏਕੋਟ—ਮਾਲੇਰਕੋਟਲੇ ਵਾਲੀ ਸੜਕ ਹੈ ਪਿਛਲੀ ਗੌਰਮੈਂਟ ਨੇ ਕਿਸੇ ਵੇਲੇ ਉਸ ਦਾ ਸਰਵੇ ਭੀ ਕੀਤਾ ਸੀ। ਉਹ 22/23 ਮੀਲ ਦਾ ਟੋਟਾ ਹੈ ਮਗਰ ਅਜੇ ਤਕ ਨਹੀਂ ਬਣ ਸਕਿਆ। ਅਗਰ ਇਕ ਮੀਲ ਬਣਦਾ ਹੈ ਤਾਂ ਦਸ ਮੀਲ ਟੁੱਟ ਜਾਂਦਾ ਹੈ। ਔਰ ਜਿਹੜੀਆਂ ਉਸ ਦੇ ਉਦਾਲੇ ਇੱਟਾਂ ਪਈਆਂ ਸਨ ਉਹ ਪਤਾ ਨਹੀਂ ਕਿਥੇ ਉਡ ਗਈਆਂ ਹਨ। ਉਸ ਸੜਕ ਦਾ ਹਾਲ ਇਹ ਹੈ ਕਿ ਜਿਹੜੇ ਗਰੀਬ ਟਾਂਗਿਆਂ ਵਾਲੇ ਹਨ ਉਨ੍ਹਾਂ ਵਿਚੋਂ ਕਿਸੇ ਦਾ ਯੱਕਾ ਟੁਟ ਜਾਂਦਾ ਹੈ ਔਰ ਕਿਸੇ ਦਾ ਟੱਟੂ ਮਰ ਜਾਂਦਾ ਹੈ ਐਸੀ ਭੈੜੀ ਉਸ ਕੱਚੀ ਸੜਕ ਦੀ ਹਾਲਤ ਹੈ।

(ਇਸ ਸਮੇਂ ਇਕ ਮਾਨਯੋਗ ਮੈਂਬਰ ਸਰਦਾਰ ਕੁੰਦਨ ਸਿੰਘ ਜੀ ਅਤੇ ਸ਼੍ਰੀ ਸਭਾਪਤੀ ਜੀ ਦੇ ਵਿਚਕਾਰੋਂ ਲਾਈਨ ਕਰਾਸ ਕਰਕੇ ਆਪਣੀ ਸੀਟ ਉਤੇ ਪਹੁੰਚੇ।)

ਸ਼੍ਰੀ ਸਭਾਪਤੀ : ਆਰਡਰ ਪਲੀਜ਼, ਕਈ ਦਫ਼ਾ ਜਦੋਂ ਕੋਈ ਆਨਰੇਬਲ ਮੈਂਬਰ ਬੋਲ

ਰਿਹਾ ਹੁੰਦਾ ਹੈ ਤਾਂ ਦੂਜੇ ਆਨਰੇਬਲ ਮੈਂਬਰ ਉਸ ਦੇ ਅੱਗੋਂ ਦੀ ਹੋ ਕੇ ਲੰਘ ਜਾਂਦੇ ਹਨ, ਕਰਾਸ ਕਰਕੇ ਜਾਂਦੇ ਹਨ। ਇਹ ਪਾਰਲੀਮੈਂਟਰੀ ਰਵਾਇਆਤ ਦੇ ਮੁਤਾਬਿਕ ਠੀਕ ਨਹੀਂ। ਇਹ ਰੂਲਜ਼ ਦੇ ਬਰਖ਼ਿਲਾਫ਼ ਹੈ। ਜੱਥੇਦਾਰ ਸਾਹਿਬ ਬੋਲ ਰਹੇ ਹਨ ਔਰ ਇਕ ਆਨਰੇਬਲ ਮੈਂਬਰ ਉਨ੍ਹਾਂ ਨੂੰ ਕਰਾਸ ਕਰਕੇ ਅੱਗੇ ਅਪਣੀ ਸੀਟ ਉਪਰ ਆ ਬੈਠੇ ਹਨ। ਮੈਂ ਆਪ ਨੂੰ ਬੇਨਤੀ ਕਰਾਂਗਾ ਕਿ ਅਗਰ ਐਸਾ ਮੌਕਾ ਆ ਜਾਵੇ ਉਸ ਵੇਲੇ ਬੋਲ ਰਹੇ ਆਨਰੇਬਲ ਮੈਂਬਰ ਤੋਂ ਪਿਛੇ ਹੀ ਕਿਸੇ ਸੀਟ ਉਤੇ ਬੈਠ ਜਾਣਾ ਚਾਹੀਦਾ ਹੈ ਔਰ ਜਦੋਂ ਉਹ ਬੈਠ ਜਾਣ ਤਾਂ ਹੀ ਅਪਣੀ ਸੀਟ ਤੇ, ਜੇ ਉਹ ਉਸ ਤੋਂ ਅੱਗੇ ਹੋਵੇ, ਬੈਠਣਾ ਚਾਹੀਦਾ ਹੈ। (Order please. It often happens that when an hon. Member is speaking another hon. Member crosses the floor between the Chair and the Member speaking. It is not proper according to the parliamentary convention. It is against the Rules. Jathedar Sahib Giani Sundar Singh is speaking and another Member has crossed the floor in front of him to take his seat. I would like to submit that if any such contingency arises then any vacant seat behind the hon. Member speaking should be occupied. And when the hon. Member who is in possession of the House resumes his seat only then he should occupy his own seat if it happens to be ahead of that seat.)

ਲੈਫਟੀਨੈਂਟ ਭਾਗ ਸਿੰਘ : ਉਨ੍ਹਾਂ ਨੂੰ ਕਹੋ ਕਿ ਵਾਪਸ ਜਾਣ।

ਸ਼੍ਰੀ ਸਭਾਪਤੀ : ਚਲੋ ਹੁਣ ਜਾਣ ਦਿਉ। ਅਗੋਂ ਲਈ ਖਿਆਲ ਰਖਣਾ। (Leave it now. Please be careful in future.)

ਲੈਫਟੀਨੈਂਟ ਭਾਗ ਸਿੰਘ : ਕਲ ਇਧਰ ਦੇ ਇਕ ਮਾਨਯੋਗ ਮੈਂਬਰ ਨੂੰ ਵਾਪਸ ਘਲਿਆ ਸੀ।

ਸ਼੍ਰੀ ਸਭਾਪਤੀ : ਹੁਣ ਹੋ ਗਿਆ ਹੈ ਅੱਗੋਂ ਲਈ ਖਿਆਲ ਰਖਣਗੇ। ਹੁਣ ਬੋਲੋ, ਜੱਥੇਦਾਰ ਜੀ। (It is all right now. He will be careful in future. The hon. Member Giani Kundan Singh should please continue his speech.)

ਗਿਆਨੀ ਕੁੰਦਨ ਸਿੰਘ 'ਪਤੰਗ' : ਹਾਂ ਜੀ, ਮੈਂ ਰਾਏਕੋਟ ਤੋਂ ਮਾਲੇਰਕੋਟਲੇ ਵਾਲੀ ਸੜਕ ਬਾਰੇ ਬੇਨਤੀ ਕਰ ਰਿਹਾ ਸੀ। ਇਸ ਸੜਕ ਦੀ ਬੜੀ ਬੁਰੀ ਹਾਲਤ ਹੈ। ਇਸ ਸੜਕ ਨੂੰ ਛੇਤੀ ਤੋਂ ਛੇਤੀ ਬਣਾਉਣਾ ਚਾਹੀਦਾ ਹੈ ਤਾਕਿ ਕਿਰਸਾਨਾਂ ਨੂੰ ਅਪਣਾ ਮਾਲ ਰਾਏਕੋਟ ਲੈ ਜਾਣ ਲਈ ਔਰ ਰਾਏਕੋਟ ਤੋਂ ਮਾਲੇਰਕੋਟਲੇ ਲੈ ਜਾਣ ਲਈ ਸੁਖਾਲ ਹੋ ਜਾਵੇ।

ਇਕ ਕੱਚੀ ਸੜਕ ਸ਼ੇਰਗੜ੍ਹ (ਚੀਮਾ) ਤੋਂ ਕੁਠਾਲਾ, ਪੰਜ ਗਰਾਈਆਂ, ਮਨਾਲ, ਮਾਂਗੇਵਾਲ ਢੁਲੀਵਾਲ ਤੇ ਹਮੀਦੀ ਵਿਚ ਦੀ ਹੁੰਦੀ ਹੋਈ ਬਰਨਾਲੇ ਰਾਏਕੋਟ ਵਾਲੀ ਸੜਕ ਨਾਲ ਮਿਲਦੀ ਹੈ, ਇਸ ਨੂੰ ਪੱਕਾ ਕਰਨ ਵਾਸਤੇ ਪਿਛਲੀ ਗੌਰਮੈਂਟ ਦੇ ਇਕ ਵਜ਼ੀਰ ਪੱਥਰ ਭੀ ਰਖ ਕੇ ਆਏ ਸਨ। ਅਜ ਹਾਲਤ ਇਹ ਹੈ ਕਿ ਉਸ ਪੱਥਰ ਉਤੇ ਭੀ ਘੱਟਾ ਪੈ ਗਿਆ ਹੈ ਔਰ ਨਾ ਉਹ ਸੜਕ ਬਣੀ ਹੈ ਅਤੇ ਨਾ ਹੀ ਕੁਝ ਹੋਰ ਹੋਇਆ ਹੈ। ਇਸ ਸੜਕ ਦੇ ਬਣਾਉਣ ਲਈ ਫ਼ੌਰੀ ਤੌਰ ਤੇ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਵਿੱਤ ਮੰਤਰੀ : ਕਿਹੜਾ ਵਜ਼ੀਰ ਸੀ ?

ਗਿਆਨੀ ਕੁੰਦਨ ਸਿੰਘ ਪਤੰਗ : ਪਿਛਲੇ ਵਜ਼ੀਰ ਸਨ। ਹੁਣ ਵਾਲਿਆਂ ਨੂੰ ਤਾਂ ਅਜੇ ਉਨ੍ਹਾਂ ਨੇ ਸਾਹ ਹੀ ਨਹੀਂ ਲੈਣ ਦਿਤਾ ਉਹ ਦੌਰੇ ਕੀ ਕਰਨ। ਇਹ ਗੱਲਾਂ ਮੈਂ ਪਿਛਲੀ ਵਜ਼ਾਰਤ ਬਾਰੇ ਕਰ ਰਿਹਾ ਹਾਂ ਇਸ ਗੌਰਮੈਂਟ ਦੀ ਮੈਂ ਨੁਕਤਾਚੀਨਾ ਨਹੀਂ ਕਰ ਰਿਹਾ। ਤੇ ਮੈਂ ਇਹ ਬੇਨਤੀ ਕਰ ਰਿਹਾ ਸਾਂ ਕਿ ਉਸ ਸੜਕ ਵਾਸਤੇ ਥਾਂ ਛੱਡਿਆ ਹੋਇਆ ਹੈ। ਜੇਕਰ ਤੁਸੀਂ ਇਨ੍ਹਾਂ ਸੜਕਾਂ ਨੂੰ ਬਣਾ ਦਿਉ ਤਾਂ ਆਪ ਖੁਦ ਹੀ ਅੰਦਾਜ਼ਾ ਲਗਾਉ ਕਿ ਕਿਰਸਾਨਾਂ ਨੂੰ ਕਿਤਨਾ ਸੌਖ ਹੋ ਜਾਏਗਾ।

ਇਸੇ ਤਰ੍ਹਾਂ ਇਕ ਸੜਕ ਲੱਡੇ ਤੋਂ ਲੈ ਕੇ ਕਿਲਾ ਹਕੀਮਾਂ ਤਕ ਦੀ ਹੈ ਔਰ ਇਸ ਨੂੰ ਅੱਗੇ ਬਾਲੀਆਂ ਵਿਚ ਦੀ ਧਨੌਲੇ ਨਾਲ ਮਿਲਾਉਣਾ ਸੀ। ਇਸ ਦਾ ਭੀ ਸਰਵੇ ਹੋ ਚੁਕਾ ਸੀ ਮਗਰ ਕੰਮ ਸ਼ੁਰੂ ਨਹੀਂ ਕੀਤਾ ਗਿਆ। ਲੱਡੇ ਤੋਂ ਕਿਲਾ ਹਕੀਮਾਂ ਕਾਂਝਲਾ ਤੱਕ ਅੱਧੀ ਬਣੀ ਸੀ ਮਗਰ ਉਹ ਭੀ ਟੁੱਟ ਗਈ। ਅਗਰ ਇਸ ਸੜਕ ਨੂੰ ਪੱਕਾ ਬਣਾ ਦਿੱਤਾ ਜਾਵੇ ਤਾਂ ਲੋਕਾਂ ਨੂੰ ਆਉਣ ਜਾਣ ਲਈ ਬੜੀ ਸਹੂਲਤ ਹੋ ਸਕਦੀ ਹੈ। ਇਕ ਸੜਕ ਧੂਰੀ ਤੋਂ ਮੂਲੋਵਾਲ ਤੱਕ ਬਣੀ ਹੋਈ ਹੈ। ਮੂਲੋਵਾਲ ਤੋਂ ਸਿਰਫ ਇਕ ਦੋ ਫ਼ਰਲਾਂਗ ਰਹਿੰਦੀ ਹੈ ਪੂਰੀ ਨਹੀਂ ਹੋਈ। ਇਸ ਨੂੰ ਅੱਗੇ ਜਾਕੇ ਜਲੂਰ ਪਿੰਡ ਵਿਚ ਦੀ ਬਰਨਾਲੇ ਨਾਲ ਮਿਲਾ ਦੇਣਾ ਚਾਹੀਦਾ ਹੈ।

ਇਕ ਸੜਕ ਸ਼ੇਰਪੁਰ ਤੋਂ ਅਲਾਲ ਰੇਲਵੇ ਸਟੇਸ਼ਨ ਤੱਕ ਬਣਨੀ ਸੀ। ਉਸ ਉਤੇ ਮਿੱਟੀ ਪਾਈ ਗਈ ਮਗਰ ਉਹ ਮਿੱਟੀ ਭੀ ਰੁੜ੍ਹ ਗਈ। ਇਸ ਨੂੰ ਭੀ ਪੂਰਾ ਕੀਤਾ ਜਾਵੇ।

ਸ੍ਰੀ ਸਭਾਪਤੀ : ਜੱਥੇਦਾਰ ਜੀ, ਹੁਣ ਅਪਣੀ ਸਪੀਚ ਖਤਮ ਕਰੋ। (The hon. Member should now wind up his speech.)

ਗਿਆਨੀ ਕੁੰਦਨ ਸਿੰਘ 'ਪਤੰਗ' : ਬਸ ਜੀ, ਮੈਂ ਖਤਮ ਕਰਦਾ ਹਾਂ। ਇਕ ਸੜਕ ਪਿੰਡ ਕਾਤਰੋਂ ਤੋਂ ਮਨਾਲ ਤੱਕ ਹੈ। ਇਸ ਲਈ ਜ਼ਮੀਨ ਛਡੀ ਹੋਈ ਹੈ ਪਰ ਬਣੀ ਨਹੀਂ। ਇਸ ਨੂੰ ਸਿਧਾ ਬਣਾ ਕੇ ਪਿੰਡ ਛਾਪੇ ਤਕ ਲਗਾ ਦੇਣਾ ਚਾਹੀਦਾ ਹੈ ਔਰ ਅਗਰ ਹੋ ਸਕੇ ਤਾਂ ਇਸ ਤੋਂ ਭੀ ਅਗੇ ਮਹਿਲ ਕਲਾਂ ਤੱਕ ਮਿਲਾਈ ਜਾਵੇ। (ਘੰਟੀ)

ਤੋ ਮੈਂ ਫਿਰ ਇਹੀ ਅਰਜ਼ ਕਰਾਂਗਾ ਕਿ ਪਛੜੇ ਲੋਕਾਂ ਔਰ ਪਛੜੀਆਂ ਜਾਤੀਆਂ ਦਾ ਖਾਸ ਧਿਆਨ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਵਧ ਤੋਂ ਵਧ ਨੌਕਰੀਆਂ ਦਿਉ, ਵਧ ਤੋਂ ਵਧ ਵਿਦਿਆ ਦਾ ਪ੍ਰਬੰਧ ਉਨ੍ਹਾਂ ਲਈ ਕਰੋ ਔਰ ਕਿਰਸਾਨਾਂ ਨੂੰ ਟਿਊਬਵੈਲ ਲਗਾ ਕੇ ਦਿਉ।

ਸ਼ੇਰਪੁਰ ਹਲਕੇ ਵਿਚ ਵਧ ਤੋਂ ਵਧ ਸਕੂਲ ਖੋਲ੍ਹਣੇ ਚਾਹੀਦੇ ਹਨ। ਜਿਥੇ ਪ੍ਰਾਇਮਰੀ ਸਕੂਲ ਹੋਵੇ ਅਤੇ ਉਸ ਦੇ ਪਾਸ ਯੋਗ ਬਿਲਡਿੰਗ ਹੋਵੇ, ਹੋਰ ਗਲਾਂ ਹੋਣ, ਉਸ ਨੂੰ ਪ੍ਰਾਇਮਰੀ ਤੋਂ ਮਿਡਲ ਅਤੇ ਜੇ ਮਿਡਲ ਸਕੂਲ ਹੋਵੇ ਤਾਂ ਉਸ ਨੂੰ ਹਾਈ ਸਕੂਲ ਬਣਾ ਦਿਤਾ ਜਾਵੇ। (ਘੰਟੀ) ਤਾਂ ਜੋ ਉਸ ਇਲਾਕੇ ਦੇ ਲੋਕ ਭੀ ਤਾਲੀਮ ਪ੍ਰਾਪਤ ਕਰ ਸਕਣ।

चौधरी बलबीर सिंह : मेरी एक सजैशन है कि जितने पत्थर ले हुए हैं और ऐसे ही पड़े हैं उन सब को यहां पर ला कर एक जगह लगा दिया जाये। (हंसी)

ਸ੍ਰੀ ਸਭਾਪਤੀ : ਅਗਰ ਚੌਧਰੀ ਸੁੰਦਰ ਸਿੰਘ ਬੋਲਣਾ ਚਾਹੁਣ ਤਾਂ ਬੋਲ ਲੈਣ (ਵਿਘਨ) (The hon. Member, Chaudhri Sunder Singh may speak, if he so desires).

ਲੈਫਟੀਨੈਂਟ ਭਾਗ ਸਿੰਘ : On a point of order, Sir. ਅਗਰ ਕੋਈ ਮੈਂਬਰ ਬੋਲਣਾ ਨਾ ਚਾਹੇ ਤਾਂ ਕੀ ਚੇਅਰ ਉਸ ਨੂੰ ਬੋਲਣ ਲਈ ਕਹਿ ਸਕਦੀ ਹੈ ?

ਸ੍ਰੀ ਸਭਾਪਤੀ : ਚੌਧਰੀ ਸੁੰਦਰ ਸਿੰਘ ਬੋਲਣ ਲਈ ਖੜੇ ਹੋਏ ਸੀ ਫਿਰ ਬੈਠ ਗਏ (Chaudhri Sunder Singh rose to speak and then resumed his seat.)

ਚੌਧਰੀ ਸੁੰਦਰ ਸਿੰਘ (ਨਰੋਟ ਮਹਿਰਾ, ਐਸ. ਸੀ.) : ਚੇਅਰਮੈਨ ਸਾਹਿਬ, (ਵਿਘਨ) ਇਹ ਬਜਟ 200 ਕਰੋੜ ਤੋਂ ਉਪਰ ਦਾ ਹੈ। ਇਸ ਵਿਚ 3.60 ਕਰੋੜ ਦਾ ਘਾਟਾ ਦਿਖਾਇਆ ਗਿਆ ਹੈ। ਦਰਅਸਲ ਘਾਟਾ ਇਸ ਨਾਲੋਂ ਕਿਤੇ ਜ਼ਿਆਦਾ ਹੈ ਪਰ ਚੀਪ ਪਾਪੂਲੇਰਿਟੀ ਲੈਣ ਦੀ ਖਾਤਰ ਬਹੁਤ ਸਾਰੀਆਂ ਗਲਾਂ ਇਸ ਵਿਚ ਕੀਤੀਆਂ ਗਈਆਂ ਹਨ। ਪਰ ਚੀਪ ਪਾਪੂਲੇਰਿਟੀ ਤੁਸੀਂ ਜਾਣਦੇ ਹੋ ਹਰ ਇਕ ਲੈਣ ਦੀ ਕੋਸ਼ਿਸ਼ ਕਰਦਾ ਹੈ, ਸੋ ਇਨ੍ਹਾਂ ਨੂੰ ਵੀ ਚੀਪ ਪਾਪੂਲੇਰਿਟੀ ਦੀ ਖੁਲ ਦੇਣੀ ਚਾਹੀਦੀ ਹੈ, ਇਸ ਗਲ ਤੇ ਸਾਨੂੰ ਗਿਲਾ ਨਹੀਂ। ਸਾਰੇ ਹੀ ਇਸ ਤਰ੍ਹਾਂ ਕਰਦੇ ਰਹੇ ਹਨ, ਇਹ ਵੀ ਕਰ ਲੈਣ। ਇਹ ਨਵੇਂ ਨਵੇਂ ਆਏ ਹਨ, ਸੋ ਕਰ ਲੈਣ, ਬਹੁਤ ਗਿਲਾ ਨਹੀਂ ਕਰਨਾ ਚਾਹੀਦਾ। ਹਰ ਗਿਲੇ ਵਾਲੀ ਜਿਹੜੀ ਗਲ ਇਸ ਬਜਟ ਵਿਚ ਹੈ ਉਹ ਹੈ ਕਿ ਇਨ੍ਹਾਂ ਨੇ ਜਿਹੜੀਆਂ ਛੋਟਾਂ ਕੀਤੀਆਂ ਹਨ ਉਹ ਗਰੀਬਾਂ ਨੂੰ ਨਹੀਂ ਕੀਤੀਆਂ। ਅਗਰ ਗਰੀਬ ਤਬਕੇ ਨੂੰ ਕੁਝ ਦਿੰਦੇ ਤਾਂ ਮੈਂ ਇਨ੍ਹਾਂ ਨੂੰ ਮੁਬਾਰਕਬਾਦ ਦਿੰਦਾ, ਪਰ ਇਸ ਬਜਟ ਵਿਚ ਗਰੀਬ ਲਈ ਜਾਂ ਹਰੀਜਨ ਲਈ ਕੋਈ ਇਮਦਾਦ ਨਹੀਂ। (ਵਿਘਨ) ਤੁਸੀਂ ਜਾਣਦੇ ਹੋ ਇਕ ਹਰੀਜਨ ਕਲਿਆਨ ਫੰਡ ਹੁੰਦਾ ਸੀ। ਅਸੀਂ ਇਸ ਵਿਚ 5 ਕਰੋੜ ਰੁਪਿਆ ਇਕਠਾ ਕਰਨ ਦੀ ਕੋਸ਼ਿਸ਼ ਕੀਤੀ। ਇਸ ਲਈ ਸਰਕਾਰ ਨੇ 114 ਲੱਖ ਰੁਪਿਆ ਪਾਉਣਾ ਸੀ ਅਤੇ 386 ਲਖ ਰੁਪਏ ਦਾ 500 ਲਖ ਬਣਾਉਣਾ ਸੀ। ਅਸੀਂ ਇਸ ਲਈ ਟਿਲ ਲਾਉਂਦੇ ਰਹੇ ਪਰ ਨਹੀਂ ਬਣਾ ਸਕੇ। ਮੈਨੂੰ ਉਮੀਦ ਸੀ ਕਿ ਇਹ ਇਸ ਪਾਸੇ ਕੁਝ ਧਿਆਨ ਦੇਣਗੇ ਪਰ ਇਨ੍ਹਾਂ ਇਸ ਵਿਚ ਇਕ ਪੈਸਾ ਵੀ ਨਹੀਂ ਪਾਇਆ

[ਚੌਧਰੀ ਸੁੰਦਰ ਸਿੰਘ]

ਹੁਣ ਵੰਡ ਪਈ ਤਾਂ ਪੰਜਾਬ ਪਾਸ 121 ਲਖ ਤੇ ਹਰਿਆਣੇ ਪਾਸ 70 ਲਖ ਰੁਪਿਆ ਗਿਆ। 50 ਲਖ ਰੁਪਿਆ ਲੋਕਾਂ ਨੂੰ ਦੇਣਾ ਸੀ, ਨਹੀਂ ਦੇ ਸਕੇ। ਸੈਂਟਰਲ ਗਵਰਨਮੈਂਟ ਨੇ 9 ਲਖ 75 ਹਜ਼ਾਰ ਰੁਪਿਆ ਦਿਤਾ ਹੈ। ਤੁਸੀਂ ਦੇਖੋ ਇਸ ਸਰਕਾਰ ਦਾ ਤਕਰੀਬਨ ਦੋ ਅਰਬ ਦਾ ਬਜਟ ਹੈ। ਅਸੀਂ ਤਵਕੋਹ ਕਰਦੇ ਸੀ ਕਿ ਇਹ ਗਵਰਨਮੈਂਟ ਹਰੀਜਨਾਂ ਦਾ ਧਿਆਨ ਰਖੇਗੀ ਪਰ ਕੁਝ ਨਹੀਂ ਕੀਤਾ ਗਿਆ। ਤੁਸੀਂ ਦੇਖੋ ਕਿ ਵੈਲਫੇਅਰ ਗਵਰਨਮੈਂਟ ਗਰੀਬਾਂ ਲਈ ਹੁੰਦੀ ਹੈ, ਉਨ੍ਹਾਂ ਦੇ ਭਲੇ ਦੀ ਸੋਚਦੀ ਹੈ ਪਰ ਇਥੇ ਹੁੰਦਾ ਇਹ ਹੈ ਕਿ ਉਲਟਾ ਉਨ੍ਹਾਂ ਨੂੰ ਐਕਸਪਲਾਇਟ ਕੀਤਾ ਜਾਂਦਾ ਹੈ। ਪਰ ਜੋ ਗਰੀਬ ਦੀ ਐਕਸਪਲਾਇਟੇਸ਼ਨ ਕਰਦਾ ਹੈ ਉਸ ਦੇ ਮਨ ਨੂੰ ਪੀਸ ਨਹੀਂ ਹੋ ਸਕਦਾ। ਇਸ ਸਰਕਾਰ ਤੋਂ ਉਮੀਦ ਸੀ ਕੋਈ ਚੰਗੇ ਸਟੈਪ ਲਏਗੀ ਪਰ ਬਜਟ ਦੇਖ ਕੇ ਮੈਨੂੰ ਡੀਪ੍ਰੈਸ਼ਨ ਦਾ ਫੀਲਿੰਗ ਹੋ ਰਿਹਾ ਹੈ ਕਿ ਗਰੀਬ ਹਰੀਜਨਾਂ ਦਾ ਕਦੋਂ ਭਲਾ ਹੋਵੇਗਾ ਅਤੇ ਕੌਣ ਕਰੇਗਾ। ਮੈਂ ਉਮੀਦ ਕਰਦਾ ਹਾਂ Let the evil take its own course. ਤੁਸੀਂ ਦੇਖੋ ਇਥੇ ਪ੍ਰਾਈਸਿਜ਼ ਦੀ, ਕੰਜ਼ਿਊਮਰ ਅਤੇ ਜ਼ਿਮੀਦਾਰ ਦੀ ਗਲ ਹੁੰਦੀ ਹੈ। ਮੈਂ ਵੀ ਜ਼ਿਮੀਦਾਰ ਰਿਹਾਂ ਹਾਂ ਅਤੇ 100 ਏਕੜ ਤੇ ਕਾਸ਼ਤ ਕਰਦਾ ਸੀ। ਮੈਂ ਇਹ ਤੁਹਾਨੂੰ ਕਹਿ ਸਕਦਾ ਹਾਂ ਕਿ ਅਗਰ ਠੀਕ ਤਰ੍ਹਾਂ ਲੈਂਡ ਰੀਫਾਰਮ ਹੋ ਜਾਂਦੀ, ਗਰੀਬਾਂ ਨੂੰ ਜ਼ਮੀਨ ਮਿਲ ਜਾਂਦੀ ਤਾਂ ਕਦੇ ਹਿੰਦੁਸਤਾਨ ਵਿਚ ਇਸ ਤਰ੍ਹਾਂ ਕੀਮਤਾਂ ਨਾ ਚੜ੍ਹਦੀਆਂ। ਅਜ ਗਲਾਂ ਹੁੰਦੀਆਂ ਹਨ ਫਰਟੇਲਾਈਜ਼ਰ ਚਾਹੀਦਾ ਹੈ, ਟ੍ਰੈਕਟਰ ਚਾਹੀਦਾ ਹੈ, ਹੋਰ ਚੀਜ਼ਾਂ ਦੀ ਮੰਗ ਕੀਤੀ ਜਾਂਦੀ ਹੈ। ਮੈਂ ਕਹਿੰਦਾ ਹਾਂ ਤੁਸੀਂ ਸਾਨੂੰ ਜ਼ਮੀਨ ਦਿਉ ਅਸੀਂ ਬਿਨਾਂ ਇਨ੍ਹਾਂ ਚੀਜ਼ਾਂ ਦੀ ਮੰਗ ਕੀਤੇ ਮਿੱਟੀ ਵਿਚੋਂ ਸੋਨਾਂ ਪੈਦਾ ਕਰ ਦਿਆਂਗੇ। (ਤਾੜੀਆਂ) ਸਾਡੇ ਗਰੀਬਾਂ ਦੀ ਜੋ ਐਕਸਪਲਾਇਟੇਸ਼ਨ ਕੀਤੀ ਜਾਂਦੀ ਹੈ, ਇਹ ਬਹੁਤ ਦੇਰ ਨਹੀਂ ਜਾਰੀ ਰਹਿ ਸਕਦੀ। ਅਜ ਹਦ ਦਰਜੇ ਦੀ ਐਕਸਪਲਾਇਟੇਸ਼ਨ ਹੋ ਰਹੀ ਹੈ ਅਤੇ ਵਧ ਗਈ ਹੈ। ਮੈਂ ਇਸ ਗਵਰਮੈਂਟ ਨੂੰ ਦਸਣਾ ਚਾਹੁੰਦਾ ਹਾਂ ਕਿ I prefer to be cheated by others than to cheat others.

ਜੋ ਆਦਮੀ ਕਿਸੇ ਨੂੰ ਧੋਖਾ ਦਿੰਦਾ ਹੈ ਉਹ ਆਪ ਹੀ ਧੋਖੇ ਵਿਚ ਹੁੰਦਾ ਹੈ। ਬਜਟ ਤੁਹਾਡਾ ਚੰਗਾ ਹੈ ਪਰ ਗਰੀਬਾਂ ਲਈ ਇਹ ਕਿਸੇ ਤਰ੍ਹਾਂ ਵੀ ਚੰਗਾ ਨਹੀਂ। ਜਦੋਂ ਮੈਂ ਆਪ ਗਵਰਨਮੈਂਟ ਵਿਚ ਸਾਂ ਤਾਂ ਵੀ ਮੈਂ ਗਵਰਨਮੈਂਟ ਦਾ ਲਿਹਾਜ਼ ਨਹੀਂ ਸੀ ਕਰਦਾ ਤਾਂ ਮੈਂ ਤੁਹਾਡਾ ਕੀ ਕਰਾਂਗਾ। ਤੁਸੀਂ ਗਰੀਬਾਂ ਦੀ ਕੋਈ ਗਲ ਨਹੀਂ ਕੀਤੀ। ਮੈਂ 1952 ਵਿਚ ਮਨਿਸਟਰ ਬਣਿਆ ਸੀ। ਮੈਂ ਆਪਣੇ ਮਹਿਕਮੇ ਵਿਚ ਹਰੀਜਨਾਂ ਦੀ 25 ਜਾਂ 21 ਫੀਸਦੀ ਭਰਤੀ ਬਿਨਾਂ ਕੰਮ ਚਲਣ ਨਹੀਂ ਸੀ ਦਿੰਦਾ। ਉਸ ਤੋਂ ਮਗਰੋਂ ਫੈਸਲਾ ਹੋਇਆ ਕਿ Subordinate Services Selection Board ਬਣਾਇਆ ਜਾਵੇ। ਮਤਲਬ ਇਹ ਸੀ ਕਿ ਸਾਰੇ ਮਹਿਕਮਿਆਂ ਵਿਚ 21% ਗਰੀਬ ਲਏ ਜਾਣ। ਉਸ ਵਿਚ ਇਕ ਹਿੰਦੂ, ਇਕ ਸਿਖ ਇਕ ਹਰੀਜਨ ਮੈਂਬਰ ਸੀ। ਉਹ ਕੰਮ ਚਲਾਉਂਦਾ ਰਿਹਾ। ਮਗਰੋਂ ਉਸ ਬੋਰਡ ਨੂੰ ਤੋੜ ਦਿਤਾ। ਮੈਂ ਬੜੀ ਕੋਸ਼ਿਸ਼ ਕੀਤੀ ਕਿ ਰਹੇ ਮਗਰ ਨਾ ਰਖਿਆ ਗਿਆ। ਫਿਰ ਪਬਲਿਕ ਸਰਵਿਸ ਕਮਿਸ਼ਨ ਦੇ ਪੰਜਾ ਮੈਂਬਰਾਂ ਵਿਚ ਇਕ ਵੀ ਹਰੀਜਨ ਨਹੀਂ। (ਵਿਘਨ) ਇਹ ਪਹਿਲੀ ਗਵਰਨਮੈਂਟ ਨੇ ਨਿਕੰਮਾ ਕੰਮ ਕੀਤਾ, ਪਰ ਤੁਸੀਂ

ਹੀ ਕਰੋ । ਪਰ ਨਹੀਂ, ਤੁਸੀਂ ਵੀ ਧਿਆਨ ਨਹੀਂ ਦਿੰਦੇ । ਪਰ ਬਹੁਤੀ ਦੇਰ ਇਹ ਐਕਸਪਲਾ-ਇਟੇਸ਼ਨ ਚਲਣੀ ਨਹੀਂ । ਤੁਹਾਨੂੰ ਬੋਰਡ ਰੀਵਾਈਵ ਕਰਨਾ ਪਵੇਗਾ । ਅਸੀਂ ਤਾਂ ਉਨ੍ਹਾਂ ਤੋਂ ਵੀ ਤੰਗ ਸਾਂ ਅਤੇ ਤੁਹਾਥੋਂ ਵੀ ਤੰਗ ਹਾਂ (ਹਾਸਾ) ਪਰ ਜੋ ਵੀ ਹਰੀਜਨਾਂ ਨੂੰ ਐਕਸਪਲਾਇਟ ਕਰਦੇ ਹਨ ਮੈਂ ਸਭ ਨੂੰ ਕਹਿੰਦਾ ਹਾਂ ਕਿ ਇਹ ਐਕਸਪਲਾਇਟੇਸ਼ਨ ਬਹੁਤ ਹੋ ਚੁਕੀ ਹੈ ਹੁਣ ਬੰਦ ਕਰੋ । (ਵਿਘਨ) ਧਨੋਵਾਂਲੀਆ ਕਹਿੰਦਾ ਹੈ ਇਨ੍ਹਾਂ ਨੂੰ ਛਡ । ਮੈਂ ਕਹਿੰਦਾ ਹਾਂ ਕਰੈਕਟਰ ਨਹੀਂ ਛਡ ਸਕਦਾ । By hook or by crook ਕੋਈ ਵੀ ਚੀਜ਼ ਲੈਣੀ ਠੀਕ ਨਹੀਂ ਹੁੰਦੀ । ਤੁਹਾਡੇ ਲਈ ਵੀ ਠੀਕ ਨਹੀਂ ਤੇ ਸਾਡੇ ਲਈ ਵੀ ਠੀਕ ਨਹੀਂ ।

Money does not pay nor name,
Fame does not pay nor learning,
It is love that pays,
It is character that cleaves its way,
Through the Admantin walls of difficulties.

ਮੈਂ ਇਹ ਕਹਿ ਰਿਹਾ ਸਾਂ ਕਿ ਕੈਰੈਕਟਰ ਪੇ ਕਰਦਾ ਹੈ ਇਸ ਲਈ ਇਸ ਵਿਚ ਰੋੜਾ ਨਹੀਂ ਅਟਕਾਨਾ ਚਾਹੀਦਾ ।

ਮੈਂ ਇਹ ਅਰਜ਼ ਕਰ ਰਿਹਾ ਹਾਂ ਕਿ ਸਬਾਰਡੀਨੇਟ ਸਰਵਿਸ ਸੀਲੈਕਸ਼ਨ ਬੋਰਡ ਨੂੰ ਰੀਵਾਇਵ ਕਰ ਦੇਣਾ ਚਾਹੀਦਾ ਹੈ । ਇਸ ਦੇ ਨਾਲ ਹੀ ਮੈਂ ਇਹ ਕਹਾਂਗਾ ਕਿ ਪਬਲਿਕ ਸਰਵਿਸ ਕਮਿਸ਼ਨ ਵਿਚ ਪੰਜ ਮੈਂਬਰ ਸਨ ਪਰ ਹਰੀਜਨ ਮੈਂਬਰ ਕੋਈ ਨਹੀਂ ਲਿਆ ਗਿਆ । ਇਸ ਵਿਚੋਂ ਇਕ ਆਦਮੀ ਕਢ ਕੇ ਇਕ ਹਰੀਜਨ ਮੈਂਬਰ ਨੂੰ ਲੈਣਾ ਚਾਹੀਦਾ ਹੈ । ਮੈਂ ਇਸ ਗਲ ਤੇ ਇਸ ਸਰਕਾਰ ਨੂੰ ਜ਼ੋਰ ਦਿਆਂਗਾ ਕਿ ਸਬਾਰਡੀਨੇਟ ਸਰਵਿਸ ਸੀਲੈਕਸ਼ਨ ਬੋਰਡ ਤੁਹਾਨੂੰ ਅਲਹਿਦਾ ਬਨਾਣਾ ਚਾਹੀਦਾ ਹੈ । ਇਸ ਗਲ ਨੂੰ ਤੁਹਾਨੂੰ ਮੰਨ ਲੈਣਾ ਚਾਹੀਦਾ ਹੈ । ਪਬਲਿਕ ਸਰਵਿਸ ਕਮਿਸ਼ਨ ਨੂੰ ਹੀ 150 ਰੁਪਏ ਤਕ ਦੀ ਤਨਖਾਹ ਦੀਆਂ ਅਸਾਮੀਆਂ ਦੀ ਭਰਤੀ ਸਪੁਰਦ ਨਹੀਂ ਕਰਨੀ ਚਾਹੀਦੀ । ਇਸ ਦੇ ਨਾਲ ਹੀ ਪਬਲਿਕ ਸਰਵਿਸ ਕਮਿਸ਼ਨ ਵਿਚ ਵੀ ਸਾਡੇ ਆਦਮੀ ਜਾਣ । ਤੇ ਜੇਕਰ ਤੁਸੀਂ ਇਸ ਤਰ੍ਹਾਂ ਨਾ ਕੀਤਾ ਤਾਂ ਸਾਨੂੰ ਜਾਚ ਆਉਂਦੀ ਹੈ ਅਤੇ ਅਸੀਂ ਵੀ ਆਪਣੇ ਹੱਕਾਂ ਦੀ ਰਾਖੀ ਲਈ ਮੋਰਚੇ ਲਾਣ ਤੋਂ ਨਹੀਂ ਹਟਾਂਗੇ । (ਪ੍ਰਸ਼ੰਸਾ)

ਜਿਥੋਂ ਤਕ ਜ਼ਮੀਨ ਦਾ ਤਅਲੁਕ ਹੈ ਇਸ ਦੇ ਬਾਰੇ ਵਿਚ ਪਹਿਲੀ ਸਰਕਾਰ ਨੇ ਕੀ ਕੀਤਾ ਹੈ ? ਗੌਰਮਿੰਟ ਲਈ ਮੈਂ ਸਮਝਦਾ ਹਾਂ ਕਿ ਜ਼ਮੀਨ ਦੀਆਂ ਰੀਫਾਰਮਜ਼ ਲਿਆਣੀਆਂ ਕੋਈ ਖਾਲਾ ਜੀ ਦਾ ਵਾੜਾ ਨਹੀ । ਜਿਨ੍ਹਾਂ ਪਾਸ ਜ਼ਮੀਨ ਹੈ ਉਹ ਪਰਵਾਹ ਨਹੀਂ ਕਰਦੇ ਤੇ ਖਾਸ ਖਾਸ ਆਦਮੀਆਂ ਪਾਸ ਅਜੇ ਵੀ ਪਈ ਹੈ । ਮੈਂ ਆਪ ਜਦ ਇਸ ਸਰਕਾਰ ਵਿਚ ਸਾਂ ਬਹੁਤ ਤੰਗ ਰਿਹਾ ਹਾਂ ਅਤੇ ਸਦਾ ਇਸ ਗਲ ਤੇ ਜ਼ੋਰ ਦਿੰਦਾ ਰਿਹਾ ਹਾਂ ਕਿ ਲੈਂਡ ਰੀਫਾਰਮ ਕੀਤੀਆਂ ਜਾਣ ਪਰ ਕੋਈ ਜ਼ਮੀਨ ਨਹੀਂ ਕਢੀ ਜਾ ਸਕੀ ਸੀ । ਮੇਰੀ ਆਪਣੀ ਇਹ ਹਾਲਾਤ ਹੈ ਕਿ ਪਾਕਿਸਤਾਨ ਵਿਚ ਮੈਂ 100 ਏਕੜ ਜ਼ਮੀਨ ਵਾਹੁੰਦਾ ਸਾਂ ਪਰ ਹੁਣ ਚੱਪਾ ਜ਼ਮੀਨ ਵੀ ਨਹੀਂ ਰਹੀ । ਇਥੇ ਆਣ ਕੇ ਵੇਖਿਆ ਕਿ ਭਤੀਜੇ ਦੇ ਨਾਮ, ਚਾਚੇ ਤਾਏ ਦੇ ਨਾਮ, ਬਚਿਆਂ ਦੇ ਨਾਮ ਜ਼ਮੀਨ ਕਰਵਾ ਲਈ ਗਈ ਅਤੇ ਚੱਪਾ ਵੀ ਨਹੀਂ ਰਹਿਣ ਦਿਤੀ ਗਈ । ਅੱਜ ਤੁਸੀਂ ਪਿੰਡਾਂ ਵਿਚ ਜਾ ਕੇ ਦੇਖੋ ਕਿ ਗਰੀਬ

[ਚੌਧਰੀ ਸੁੰਦਰ ਸਿੰਘ]

ਕਿਸਾਨ ਦੀ ਕੀ ਹਾਲਤ ਹੈ । ਦਿਹਾਤਾਂ ਵਿਚ ਖੇਤਾਂ ਵਿਚ ਅਜ ਉਹ ਮਜ਼ਦੂਰ ਬਣੇ ਹੋਏ ਹਨ ਅਤੇ ਨੌਕਰੀ ਵੀ ਨਹੀਂ ਮਿਲਦੀ ਕਿਉਂਕਿ ਪੜ੍ਹੇ ਹੋਏ ਨਹੀਂ ਜ਼ਮੀਨ ਇਨ੍ਹਾਂ ਹਰੀਜਨਾਂ ਨੂੰ ਦੇਣ ਦੇ ਨਾਹਰੇ ਤਾਂ ਲਗਾ ਦਿਤੇ ਜਾਂਦੇ ਰਹੇ ਪਰ ਜ਼ਮੀਨ ਅਜੇ ਤਕ ਉਨ੍ਹਾਂ ਨੂੰ ਨਹੀਂ ਮਿਲ ਸਕੀ । ਇਸ ਲਈ ਮੈਂ ਕਹਾਂਗਾ ਕਿ ਤੁਸੀਂ ਹਰੀਜਨਾਂ ਨੂੰ ਜ਼ਮੀਨ ਦਿਉ ।

ਇਥੇ ਇਹ ਕਿਹਾ ਜਾਂਦਾ ਹੈ ਕਿ ਅਨਾਜ ਦੇ ਭਾ ਵਧ ਗਏ ਹਨ ਜਿਸ ਨਾਲ ਕਿਸਾਨ ਨੂੰ ਫ਼ਾਇਦਾ ਪਹੁੰਚਦਾ ਹੈ । ਪਰ ਅਸਲ ਗਲ ਇਹ ਨਹੀਂ । ਜਿਸ ਪਾਸ ਦੋ ਏਕੜ ਜ਼ਮੀਨ ਹੈ ਓਸ ਪਾਸ ਤਾਂ ਆਪਣੇ ਖਾਣ ਜੋਗੇ ਵੀ ਸਾਲ ਦੇ ਦਾਣੇ ਨਹੀਂ ਹੁੰਦੇ । ਉਸਨੂੰ ਤਾਂ ਆਪ 200 ਰੁਪਏ ਤੋਂ ਬੀਜ ਲੈਣੇ ਪੈਂਦੇ ਹਨ : ਜਿਹੜੇ ਜ਼ਿਆਦਾ ਜ਼ਮੀਨ ਦੇ ਮਾਲਕ ਹਨ ਉਹ ਇਨ੍ਹਾਂ ਨੂੰ ਐਕਸਪਲਾ-ਇਟ ਕਰਦੇ ਹਨ । ਸਾਨੂੰ ਤਾਂ ਕੋਈ ਪੁਛਦਾ ਹੀ ਨਹੀਂ । ਅਸਾਨੂੰ ਵੋਟ ਦਾ ਹੱਕ ਜੇਕਰ ਦਿਤਾ ਗਿਆ ਹੈ ਤਾਂ ਬਾਕੀ ਦੀਆਂ ਸਹੂਲਤਾਂ ਵੀ ਦਿਤੀਆਂ ਜਾਣੀਆਂ ਚਾਹੀਦੀਆਂ ਹਨ, ਜ਼ਮੀਨ ਦਿਤੀ ਜਾਵੇ । ਇਕ ਪਾਸੇ ਤਾਂ ਤੁਸੀਂ ਕਹਿੰਦੇ ਹੋ ਕਿ ਭਾ ਨਾ ਮੁਕਰਰ ਕਰੋ ਮਤੇ ਵਪਾਰੀ ਨਰਾਜ਼ ਨਾ ਹੋ ਜਾਣ ਤੇ ਦੂਜੇ ਪਾਸੇ ਚਾਹੁੰਦੇ ਹੋ ਕਿ ਸਾਰੇ ਖੁਸ਼ ਰਹਿਣ । ਇਹ ਕਿਸ ਤਰ੍ਹਾਂ ਹੋ ਸਕਦਾ ਹੈ । ਕੀਮਤਾਂ ਘਟਾਉ ਤਾਂ ਗਰੀਬ ਖੁਸ਼ ਹੋ ਸਕਦਾ ਹੈ ਪਰ ਇਹ ਤੁਸੀਂ ਕਰਨਾ ਨਹੀਂ । ਗਰੀਬ ਕਿਸ ਤਰ੍ਹਾਂ ਖੁਸ਼ ਰਹਿ ਸਕਦਾ ਹੈ, ਉਸ ਪਾਸ ਕਣਕ ਤਾਂ ਹੈ ਨਹੀਂ । ਜੇਕਰ ਥੋੜੀ ਹੈ ਤਾਂ ਸਸਤੇ ਭਾ ਤੇ ਤੁਸੀਂ ਖਰੀਦ ਲੈਂਦੇ ਹੋ ਜਾਂ ਉਸ ਪਾਸ ਇੰਨੀ ਥੋੜੀ ਹੈ ਕਿ ਉਸਦਾ ਸਾਲ ਦਾ ਗੁਜ਼ਾਰਾ ਹੀ ਨਹੀਂ ਹੁੰਦਾ ਤੇ ਦੂਜੇ ਪਾਸੇ ਜੋ 5 ਜਾਂ 10 ਏਕੜ ਦਾ ਮਾਲਕ ਹੈ ਉਹ ਨਿਰਾ ਜ਼ਮੀਨ ਤੇ ਹੀ ਨਹੀਂ ਰਹਿੰਦਾ, ਉਸ ਦਾ ਭਰਾ ਨੌਕਰ, ਕੋਈ ਪੁਤਰ ਨੌਕਰ ਇਸ ਤਰ੍ਹਾਂ ਉਸਦੀ ਆਮਦਨ ਹੋ ਜਾਂਦੀ ਹੈ । ਇਸ ਲਈ ਕੀਮਤਾਂ ਗਰੀਬ ਲਈ ਤਾਂ ਘਟ ਹੋਣੀਆਂ ਚਾਹੀਦੀਆਂ ਹਨ । ਜਿਹੜੇ ਵਡੇ ਜ਼ਿਮੀਦਾਰ ਨੇ ਉਸ ਦੇ ਨਾਲ ਹੀ ਵਡੇ ਇੰਡਸਟਰੀਅਲਿਸਟ ਵੀ ਹਨ ਅਤੇ ਇਹ ਸਾਰੇ 5 ਫੀ ਸਦੀ ਹਨ ਪਰ ਇਹ ਛੋਟੇ ਜ਼ਿਮੀਦਾਰ ਦੀ ਕਣਕ ਲੈ ਲੈਂਦੇ ਹਨ । He is the hoarder he is Bania and he is every thing. ਪੰਜਾਬ ਵਿਚ ਅਜ ਵਡਾ ਜ਼ਿਮੀਦਾਰ ਛਾਇਆ ਹੋਇਆ ਹੈ । ਇਸ ਦਾ ਇਲਾਜ ਤੁਹਾਡੇ ਤੋਂ ਪਹਿਲਾਂ ਦੀ ਸਰਕਾਰ ਕੋਲੋਂ ਵੀ ਨਹੀਂ ਸੀ ਹੋ ਸਕਿਆ । ਮੈਂ ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਪੜ੍ਹਦਾ ਹਾਂ ਅਤੇ ਵੇਖਿਆ ਹੈ ਉਨ੍ਹਾਂ ਦੇ ਜੀਵਨ ਵਿਚ ਕਿਸ ਤਰ੍ਹਾਂ ਗਰੀਬ ਦੇ ਨਾਲ ਉਹ ਸਦਾ ਰਹਿੰਦੇ ਸਨ । ਛੋਟੇ ਆਦਮੀਆਂ ਨਾਲ ਰਲ ਕੇ ਵਡਿਆਂ ਨਾਲ ਲੜਾਈਆਂ ਕੀਤੀਆਂ ਕਿਉਂਕਿ ਉਹ ਜਾਣਦੇ ਸਨ ਕਿ ਵਡੇ ਵਡੇ ਬਾਅਦ ਵਿਚ ਬੇਈਮਾਨ ਹੋ ਜਾਂਦੇ ਨੇ । ਮੇਰੀ ਪੂਰਨ ਸ਼ਰਧਾ ਗੁਰੂ ਗੋਬਿੰਦ ਸਿੰਘ ਜੀ ਤੇ ਹੈ । (ਵਿਘਨ) ਪਰ ਇਥੇ ਕਿਸੇ ਨੂੰ ਨਹੀਂ ਛਡਦੇ ਉਚ ਨੀਚ ਵਿਚ ਬਰਾਬਰੀ ਨਹੀਂ । ਹਰ ਥਾਂ ਤੇ ਕਬਜ਼ਾ ਕੀਤਾ ਹੋਇਆ ਹੈ ਅਤੇ ਜਿਨ੍ਹਾਂ ਦਰਾੜ ਸਮਾਜ ਵਿਚ ਹੈ ਇਸ ਨੂੰ ਪੂਰਾ ਨਹੀਂ ਕੀਤਾ ਗਿਆ । ਇਹ ਠੀਕ ਹੈ ਕਿ ਵੋਟ ਇਕ ਹੈ ਪਰ ਇਹ ਤੁਸੀਂ ਕਿਸ ਤਰ੍ਹਾਂ ਕਹਿ ਸਕਦੇ ਹੋ ਕਿ ਬਰਦਰਹੁਡ ਇਕ ਹੈ । ਇਸ ਬਰਦਰਹੁਡ ਦੀ ਸਖਤ ਲੋੜ ਹੈ । (ਵਿਘਨ)

ਇਥੇ ਇਕ ਛੋਟਾ ਜਿਹਾ ਮਹਿਕਮਾ ਅਸੀਂ ਬਣਾਇਆ ਸੀ ਸ਼ਡੂਲ ਕਾਸਟ ਦਾ ਕੰਮ ਕਰਨ ਲਈ

ਤਾਕਿ ਇਹ ਮਹਿਕਮਾ ਇਨ੍ਹਾਂ ਦੀ ਭਲਾਈ ਬਾਰੇ ਕੁਝ ਕਾਰਵਾਈ ਕਰ ਸਕੇ ਪਰ ਇਸ ਦੇ ਨਾਲ ਇਕ ਹੋਰ ਮਹਿਕਮਾ ਟਾਂਕ ਦਿਤਾ ਗਿਆ ਹੈ ਸੋਸ਼ਲ ਵੈਲਫੇਅਰ ਦਾ । ਇਸ ਨਾਲ ਦੋਹਾਂ ਪਾਸਿਆਂ ਦਾ ਕੰਮ ਠਪ ਹੋ ਗਿਆ ਹੈ ਅਤੇ ਭੱਠਾ ਬੈਠ ਗਿਆ ਹੈ । ਇਕ ਲਖ ਦੀ ਰਕਮ ਲੈਪਸ ਹੋ ਗਣ ਹੈ, ਪਿਛਲੇ ਸਾਲ ਕੋਈ ਕੰਮ ਕਰਕੇ ਨਹੀਂ ਵਿਖਾ ਸਕੇ । ਇਸ ਲਈ ਮੈਂ ਧਨੋਵਾਲੀਆਂ ਸਾਹਿਬ ਨੂੰ ਕਹਾਂਗਾ ਕਿ ਇਸ ਮਹਿਕਮੇ ਨੂੰ ਅਲਹਿਦਾ ਕਰ ਦਿਉ ਅਤੇ ਇਸ ਦਾ ਵਖਰਾ ਡਾਇਰੈਕਟਰ ਲਗਾ ਦਿਉ । ਨਾਲ ਦੀ ਨਾਲ ਇਸ ਦਾ ਹੈਡ ਵੀ ਵਖਰਾ ਕਰ ਦਿਉ ਤਾਕਿ ਕੰਮ ਹੋ ਸਕੇ । ਵਖਰੇ ਵਖਰੇ ਦੋ ਹੈਡ ਹੋਣੇ ਚਾਹੀਦੇ ਹਨ ।

ਸ਼੍ਰੀ ਚੇਅਰਮੈਨ : ਤੁਹਾਡਾ ਟੀਮ ਹੋਣ ਵਾਲਾ ਹੈ, ਤੁਸੀਂ ਇਕ ਅਧ ਮਿੰਟ ਵਿਚ ਵਾਈਂਡ ਅਪ ਕਰ ਦਿਉ । (The time of the hcn. Member is going to be over. He should please wind up in a minute or so.)

ਚੌਧਰੀ ਸੁੰਦਰ ਸਿੰਘ : ਜੇਕਰ ਅੱਜ ਹਾਊਸ ਦਾ ਟਾਈਮ ਖਤਮ ਹੋਣ ਵਾਲਾ ਹੈ ਤਾਂ ਮੈਨੂੰ ਨੈਕਸਟ ਡੇ ਤੇ ਚਲਣ ਦਿਉ । (ਘੰਟੀ) ਚੰਗਾ ਮੈਂ ਇਕ ਦੋ ਹੋਰ ਗਲਾਂ ਕਹਿਕੇ ਖਤਮ ਕਰਦਾ ਹਾਂ ।

ਜਿਥੇ ਤਕ ਟ੍ਰਾਂਸਪੋਰਟ ਦੀ ਨੈਸ਼ਨਲਾਈਜ਼ੇਸ਼ਨ ਦਾ ਤਅਲੁਕ ਹੈ ਮੈਨੂੰ ਡਰ ਹੈ ਕਿ ਇਹ ਨੈਸ਼ਨਲਾਈਜ਼ੇਸ਼ਨ ਨਹੀਂ ਹੋਣ ਦਿੰਦੇ । ਇਹ ਆਪਣੇ ਵਾਸਤੇ ਨਹੀਂ ਹੋਣ ਦਿੰਦੇ । ਜੇਕਰ ਇਸ ਵਿਚ ਹਰੀਜਨਾਂ ਨੂੰ ਵੀ ਹਿਸਾ ਦੇਣ ਤਾਂ ਅਸੀਂ ਇਨ੍ਹਾਂ ਦੇ ਨਾਲ ਤਿਆਰ ਹਾਂ । ਅਤੇ ਪਰਮਾਤਮਾ ਕਰੇ ਹਰੀਜਨਾਂ ਵਿਚ ਤਾਕਤ ਆਵੇ ਤਾਕਿ ਅਸੀਂ ਵੀ ਇਨ੍ਹਾਂ ਤੋਂ ਆਪਣਾ ਹਿਸਾ ਵੰਡਾਈਏ । (ਹਾਸਾ) ਮੈਂ ਤਾਂ ਇਹ ਕਹਿੰਦਾ ਹਾਂ ਕਿ ਜਿਹੜੀ ਚੀਜ਼ ਆਮਦਨ ਵਾਲੀ ਹੈ ਉਸ ਵਿਚ ਹਰੀਜਨਾਂ ਨੂੰ ਹਿਸਾ ਜ਼ਰੂਰ ਦੇਣਾ ਚਾਹੀਦਾ ਹੈ । ਇਕ ਮਨਿਸਟਰ ਹਰੀਜਨਾਂ ਦਾ ਲੈਕੇ ਇਹ ਸਾਨੂੰ ਐਕਸਪਲਾਇਟ ਕਰਦੇ ਹਨ । ਮੈਂ ਧੰਨੋਵਾਲੀਆ ਸਾਹਿਬ ਨੂੰ ਕਹਾਂਗਾ ਕਿ ਜ਼ਰਾ ਤਕੜੇ ਹੋਣ ਅਤੇ ਹਿਸਾ ਪੂਰਾ ਲੈਣ ਦੇ ਯਤਨ ਕਰਨ । ਲੈਂਡ ਰੀਫ਼ਾਰਮਜ਼ ਇਨ੍ਹਾਂ ਪਾਸੋਂ ਕਰਵਾਣ ਤਾਕਿ ਹਰੀਜਨਾਂ ਦਾ ਭਲਾ ਹੋ ਸਕੇ । ਮੈਂ ਇਸ਼ ਨੂੰ ਕੀ ਦਸਾਂ ਕਿ ਕੀ ਹਾਲਾਤ ਹੈ । ਤਿੰਨ ਲਖ ਇਸ ਵਕਤ ਮਜ਼ਦੂਰ ਹਨ ਅਤੇ ਸ਼ਡੂਲ ਕਾਸਟ ਹਨ, ਇਹ ਸਾਰੇ ਤਬਾਹ ਹੋ ਗਏ ਹਨ ਇਨ੍ਹਾਂ ਦੀ ਲੈਂਡ ਰੀਫ਼ਾਰਮਜ਼ ਨਾ ਹੋਣ ਕਾਰਣ । 50 ਤੋਂ 75 ਫ਼ੀ ਸਦੀ ਤਾਂ ਛੋਟੇ ਜ਼ਿਮੀਦਾਰ ਹਨ । ਜੇਕਰ ਉਹ ਖਿਆਲ ਕਰਨ ਤਾਂ ਹੀ ਅਸੀਂ ਸਹੀ ਮਾਅਨਿਆਂ ਵਿਚ ਸੋਸ਼ਲਿਜ਼ਮ ਲਿਆ ਸਕਦੇ ਹਾਂ । (ਵਿਘਨ)

ਲੇਬਰ ਮੰਤਰੀ (ਸ਼੍ਰੀ ਪਿਆਰਾ ਰਾਮ ਧਨੋਵਾਲੀ) : ਤੁਸੀਂ ਚੌਧਰੀ ਜੀ, ਇਧਰ ਆ ਜਾਉ ।

ਚੌਧਰੀ ਸੁੰਦਰ ਸਿੰਘ : ਮੈਂ ਤਾਂ ਅਗੇ ਹੀ ਉਧਰੋਂ ਆਇਆ ਹਾਂ ਅਤੇ ਤੁਹਾਨੂੰ ਵੀ ਸਮਝ ਲਗ ਜਾਵੇਗੀ ਚੰਗੀ ਕਿ ਕਿਸ ਤਰ੍ਹਾਂ ਇਹ ਐਕਸਪਲਾਇਟ ਕਰਦੇ ਹਨ । ਤੁਹਾਨੂੰ ਤਕੜਾ ਹੋਣਾ ਚਾਹੀਦਾ ਹੈ । ਆਪਣੇ ਜੀਅ ਜੰਤ ਨੂੰ ਸੰਭਾਲਣਾ ਚਾਹੀਦਾ ਹੈ ਅਤੇ ਆਪਣੇ ਹੱਕ ਪੂਰੀ ਤਰ੍ਹਾਂ ਇਨ੍ਹਾਂ ਪਾਸੋਂ ਮਨਵਾਣੇ ਚਾਹੀਦੇ ਹਨ । ਅਸੀਂ ਸਾਰੇ ਤੁਹਾਡੇ ਨਾਲ ਹਾਂ । (ਪ੍ਰਸ਼ੰਸਾ)

ਸ਼੍ਰੀ ਚੇਅਰਮੈਨ : ਟਾਇਮ ਹੁਣ ਹੋ ਗਿਆ ਹੈ । ਤੁਸੀਂ ਫਿਰ ਕਿਸੇ ਡੀਮਾਂਡ ਤੇ ਹੋਰ ਬੋਲ ਲੈਣਾ (Time is over now. The hon. Member may speak further on some demand later on.)

ਚੌਧਰੀ ਸੁੰਦਰ ਸਿੰਘ : ਮੈਂ ਜਿਦਾਂ ਤੁਸੀਂ ਕਹੋ ਮੰਨਣ ਨੂੰ ਤਿਆਰ ਹਾਂ । ਮੈਂ ਸਮ ਅਪ ਕਰਦਾ ਹਾਂ ਕਿ ਗਰੀਬ ਹਰੀਜਨਾਂ ਵਾਸਤੇ ਇਨ੍ਹਾਂ ਨੂੰ ਕੁਝ ਕਰਨਾ ਚਾਹੀਦਾ ਹੈ । ਇਨ੍ਹਾਂ ਨੂੰ ਡੈਮੋਕਰੇਸੀ ਮਿਲੀ ਸੀ ਹਕੂਮਤ ਵਾਸਤੇ ਨਹੀਂ ਸਰਵਿਸ ਵਾਸਤੇ । ਇਸ ਲਈ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਕਿ ਕਿਸ ਤਰਾਂ ਹਰੀਜਨਾਂ ਅਤੇ ਗਰੀਬਾਂ ਦੀ ਸੇਵਾ ਕੀਤੀ ਜਾ ਸਕਦੀ ਹੈ । ਇਨ੍ਹਾਂ ਸ਼ਬਦਾਂ ਨਾਲ ਮੈਂ, ਚੇਅਰਮੈਨ ਸਾਹਿਬ, ਧਨੰਵਾਦ ਕਰਦਾ ਹਾਂ ।

Mr. Chairman : The House stands adjourned till 2 P.M. tomorrow the 11th May, 1967.

6.30 P. M.

(The House then adjourned till 2.00 P.M. on Thursday, the 11th May, 1967.

"C" 1969

Published under the authority of the Punjab Vidhan Parishad and printed by the George Printing Works, Manimajra (Chandigarh)

13
67/I

PUNJAB VIDHAN SABHA

DEBATES

11th May, 1967

Vol. I—No. 18

OFFICIAL REPORT



CONTENTS

Thursday, the 11th May, 1967

Punjab Vidhan Sabha Secretariat, Chandigarh

Price Rs.: 2.85

ERRATA

TO

Punjab Vidhan Sabha Debates Vol. I, No. 18, Dated the 11th May, 1967

Read	*For*	*Page*	*Line*
ਬਾਵਜੂਦ	ਬਾਵ੍ਵਜੂਦ	(18)8	7 ਥੱਲੇ ਤੋਂ
ਟਰਾਂਸਫਰਜ਼	ਟਰਾਂਸ ਰਜ਼	(18)12	6 ਥੱਲੇ ਤੋਂ
ਗ਼ਾਲਬਨ	ਾ ਬਨ	(18)13	8 ਥੱਲੇ ਤੋਂ
एजूकेशन	एज केशन	(18)16	9
पंजाबी	जाबी	(18)16	9
ਗ਼ੌਰ	ਗ਼ਰ	(18)17	21
कैटागारीकल	केटारागकल	(18)18	14
ਆਖ਼ਿਰ	ਆਖਰਿ	(18)20	7 ਥੱਲੇ ਤੋਂ
with	wi h	(18)21	13
with	wth	(18)22	39
and	aud	(18)24	1
Engineering	Englneering	(18)24	15
1964 ਤੋਂ ਬਾਅਦ 1967	1967 ਤੋਂ ਬਾਅਦ 1967	(18)25	3
state	sta e	(18)26	8
decision	ecision	(18)26	11
for	fo	(18)31	2nd from below
Punjab	Puujab	(18)32	2
the	he	(18)32	2nd from below
ordered	arderd	(18)34	Last
Members	embers	(18) 36	13, 14 and 24
ਮੇਰਾ	ਮੇਰੀ	(18)40	7
लेकिन	लकिन	(18)41	10
ਚੀਜ਼	ਚਜ਼ਿ	(18)42	5 ਥੱਲੇ ਤੋਂ
ਸਪੋਰਟ	ਸਪੋਰੇ ਟ	(18)44	18
ਸਾਥੀਆ	ਸਾਤੀਆ	(18)44	19
श्र.	श्र,	(18)44	8th and 6th from below
नहीं हूँ	नह हूँ	(18)44	6th from below
Hon.	H n.	(18)44	4th from below

Read	*For*	*Page*	*Line*
Vishwanathan	Vlshwanathan	(18)45	1
ਤੋਂ	ਤੰ	(18)46	20
ਹੋਣਾ	ਹਣਾ	(18)46	24
ਇਸ	ਝਸ	(18)46	ਆਖਰੀ
ਚਾਹੁੰਦਾ	ਚਾਹੂੰਦਾ	(18)47	6
ਪ੍ਰੋਡਿਊਸਰ	ਪ੍ਰੇਡੀਊਸਰ	(18)47	15
ਮੰਡੀਆਂ	ਮੰਡੀਆ	(18)48	12
ਤੋਂ	ਤ੍ਰੋਂ	(18)48	9 ਥੱਲੇ ਤੋਂ
ਲਉ	ਲਓ	(18)49	5
ਰਹੇ	ਰਰੇ	(18)49	9
ਸ੍ਰੀ ਸਪੀਕਰ	ਸ੍ਰੀ ਸਪੀਰ	(18)50	18
ਗਿੱਲ	ਗ੍ਰਿੱਲ	(18)50	3 ਥੱਲੇ ਤੋਂ
Sardar	Sard r	(18)51	9
ਹੋਰ	ਹਰ	(18)51	23
ਹੈ ਕਿ	ਕਿ ਹੈ	(18)52	8
ਵਿਘਨ	ਵਘਨ	(18)52	9
1947	1 47	(18)53	8 ਥੱਲੇ ਤੋਂ
order	o der	(18)54	17
point	poi t	(18)54	17
ਜਿਥੋਂ	ਜਿਥੇਂ	(18)57	21
ਵਿਦਿਆ	ਵਿਾਦਅ	(18)58	1
ਖੁਸ਼	ਸ਼	(18)61	20
ਚੂੰਕਿ	ਚੱਕਿ	(18)62	10
ਕਰ	ਰਚ	(18)63	1
ਮਜ਼ਦੂਰਾਂ	ਮਸਦੂਰਾਂ	(18)64	23
discuss	discusst	(18)65	4th from below
of	og	(18)66	15
ਕਿਉਂਕਿ	ਕੁਓਕ	(18)69	11
ਦਰਸ਼ਨ ਸਿੰਘ	ਦਰਸ਼ਨ ਸਿਘ	(18)69	6 ਥੱਲੇ ਤੋਂ
ਫਰੰਟ	ਫਰਟ	(18)72	2 ,,
ਗੰਭੀਰ	ਗਭੀਰ	(18)73	11 ,,
ਸਥਾਨਕ	ਸ ਾਨਕ	(18)76	1
ਕਾਮਰੇਡ	ਕਾਮਰੇ	(18)76	6 ਥੱਲੇ ਤੋਂ

PUNJAB VIDHAN SABHA

Thursday, the 11th May, 1967

The Vidhan Sabha met in the Hall of the Vidhan Bhavan, Chandigarh at 2.00 p.m. of the Clock. Mr. Speaker (Lt. Col. Joginder Singh Mann) in the Chair.

STARRED QUESTIONS AND ANSWERS

ENHANCED PAY-SCALES AND DEARNESS ALLOWANCE FOR PANCHAYAT SECRETARIES AND OTHER CLASS III AND IV EMPLOYEES

***189. Sardar Jangir Singh Phaguwalia :** Will the Minister for Finance be pleased to state whether the Government propose to enhance the pay-scales and dearness allowance of the Panchayat Secretaries etc. and Class III and IV employees in the said Department in view of the high prices; if s o, the date from which these are likely to be enforced?

Dr. Baldev Parkash : A proposal to increase the pay-scales and dearness allowance of the Panchayat Secretaries etc. is understood to be receiving consideration of the Panchayat Department. Since they are not Government employees, the question of the Finance Department coming into picture does not arise. As regards Class III and IV employees of the Panchayat Department, their case will now naturally receive attention of the Pay Commission along with similar categories of employees of other Departments. *

ਸਰਦਾਰ ਜੰਗੀਰ ਸਿੰਘ ਫਗੂਵਾਲੀਆ : ਭਾਵੇਂ ਪੰਚਾਇਤਾਂ ਦੇ ਮੁਲਾਜ਼ਮ ਗਵਰਨਮੈਂਟ ਦੇ ਮੁਲਾਜ਼ਮ ਨਹੀਂ ਪਰ ਉਨ੍ਹਾਂ ਨੂੰ ਮਹਿੰਗਾਈ ਉਤਨੀ ਹੀ ਮਿਲਣੀ ਚਾਹੀਦੀ ਹੈ ਜਿਤਨੀ ਸਰਕਾਰੀ ਮੁਲਾਜ਼ਮਾਂ ਨੂੰ ਮਿਲਦੀ ਹੈ। ਕੀ ਪੰਚਾਇਤ ਦਾ ਮਹਿਕਮਾ ਇਸ ਪਾਸੇ ਧਿਆਨ ਦੇਵੇਗਾ ?

ਮੰਤਰੀ : ਪੰਚਾਇਤ ਦਾ ਮਹਿਕਮਾ, ਜੱਥੇਦਾਰ ਜੀ, ਇਸ ਪਾਸੇ ਵਿਚਾਰ ਕਰ ਰਿਹਾ ਹੈ।

ਕਾਮਰੇਡ ਜੰਗੀਰ ਸਿੰਘ ਜੋਗਾ : ਕਿਤਨੀਆਂ ਐਸੀਆਂ ਪੰਚਾਇਤਾਂ ਹਨ ਜੋ ਆਪਣੇ ਮੁਲਾਜ਼ਮਾਂ ਨੂੰ ਸਰਕਾਰੀ ਮੁਲਾਜ਼ਮਾਂ ਜਿਤਨਾ ਮਹਿੰਗਾਈ ਭੱਤਾ ਦਿੰਦੀਆਂ ਹਨ ?

ਮੰਤਰੀ: ਬਹੁਤ ਸਾਰੀਆਂ ਪੰਚਾਇਤਾਂ ਹਨ ਪਰ ਇਨ੍ਹਾਂ ਦਾ ਟੋਟਲ ਕਿਤਨਾ ਹੈ ਇਹਦਾ ਮੈਨੂੰ ਪਤਾ ਨਹੀਂ।

Shri Prabodh Chandra : Will the hon'ble Minister be pleased to state whether the case of these Panchayat Secretaries will be covered by the Pay Commission that the Government proposes to set up ?

ਮੰਤਰੀ : ਇਹ ਤਾਂ ਗੌਰਮੈਂਟ ਐਂਪਲਾਈਜ਼ ਦੇ ਵਾਸਤੇ ਹੈ ।

Shri Prabodh Chandra : May I know from the hon'ble Minister what relief the Government proposes to give to them because in most cases these Secretaries are getting less than a 'chaprasi' is getting?

*Replied in Punjabi.

ਮੁਖ ਮੰਤਰੀ : ਤੁਸੀਂ ਵੀ ਤਾਂ ਮਿਨਿਸਟਰ ਰਹੇ ਹੋ ਤੁਹਾਨੂੰ ਪਤਾ ਹੋਵੇਗਾ ।

ਮੰਤਰੀ : ਵੈਸੇ for the information of the hon. Member ਫਾਈਨੈਂਸ ਡੀਪਾਰਟਮੈਂਟ ਵਾਲੇ ਇਸ ਤੇ ਸੈਪਰੇਟਲੀ ਵਿਚਾਰ ਕਰ ਰਹੇ ਹਨ । ਇਹ ਐਗਜ਼ਾਮਿਨ ਕੀਤਾ ਜਾ ਰਿਹਾ ਹੈ ।

आचार्य पृथ्वी सिंह आज़ाद : पंचायत के मुलाजमों को जो वेतन मिलता है वह पंचायतों द्वारा मिलता है। क्या सरकार सब पंचायतों को कोई ऐसा आदेश देगी कि वह अपने मुलाजमों को भी सरकारी मुलाज़मों जितना महंगाई भत्ता दें । क्या सरकार इस पर गौर करेगी ?

ਮੰਤਰੀ : ਗ਼ੌਰ ਕਰਨ ਤੋਂ ਅਸੀਂ ਕਦੇ ਵੀ ਡੀਨਾਈ ਨਹੀਂ ਕੀਤਾ ।

LIQUOR CONSUMED IN THE STATE

*201. **Acharya Prithvi Singh Azad :** Will the Minister for Finance be pleased to state —

(a) the amount of revenue derived from excise duty in each district in the State during the years 1965-66 and 1966-67 separately;

(b) the district-wise amounts of money realised by auction of liquor vends in the State for the year 1967-68;

(c) the quantity of Indian made foreign liquor and country liquor consumed in each district in the State during each of the years 1965-66, 1966-67 and 1967-68; and

(d) the quantity of liquor of all kinds expected to be consumed in each district in view of the auctions of 1967-68 ?

Dr. Baldev Parkash : Information asked for in parts (a) (b) (c)and(d)of the question has been compiled in a statement which has been placed on the Table of the House. *

*Replied in Punjabi

STATEMENT

Showing revenue derived from duty for the years 1965-66 and 1966-67, results of auctions for the year 1967-68 and consumption of liquor for the years 1965-66, 1966-67 and 1967-68.

S. No.	Name of district		Revenue derived from duty during		Auction money from liquor/vends for the year 1967-68	Consumption					
						Country Liquor			Foreign Liquor		
			1965-66	1966-67		1965-66	1966-67	Expected in 1967-68	1965-66	1966-67	Expected in 1967-68
			Rs (a)	Rs	Rs (b)	P.L. (c)	P.L.	P.L. (d)	P.L. (c)	P.L.	P.L. (d)
1.	Hoshiarpur	..	30,82,065	63,42,440	87,17,780	218,450	347,785	485,300	5,482	6,375	7,500
2.	Jullundur	..	54,63,991	90,61,814	1,19,59,660	318,016	390,453	645,850	20,635	26,047	26,047
3.	Ferozepore	..	76,42,270	64,78,011	1,17,87,852	568,208	581,332	657,770	32,124	41,000	40,600
4.	Amritsar	..	54,43,732	1,03,36,101	1,52,34,312	389,542	552,061	816,620	95,824	64,018	81,650
5.	Gurdaspur	..	37,50,464	63,45,418	1,03,71,320	252,842	341,803	574,700	37,948	33,869	37,900
6.	Kapurthala	..	18,34,480	24,21,740	36,89,808	124,422	135,250	204,580	10,005	4,865	4,900
7.	Patiala	..	62,00,585	99,11,561	1,63,84,328	429,577	546,922	912,780	36,440	24,712	30,000
8.	Bhatinda	..	95,57,326	1,54,68,060	1,79,25,020	729,768	901,780	1,011,660	7,222	7,028	7,050
9.	Sangrur	..	97,94,652	1,01,11,214	1,52,36,069	481,490	562,637	857,663	7,820	4,260	5,400
10.	Ludhiana	..	79,94,181	1,35,80,565	2,69,45,952	604,963	755,686	1,488,020	45,254	37,795	38,000
11.	Rupar	..	23,07,149	32,61,442	61,80,896	143,568	183,520	348,460	3,202	2,394	2,800
	Total	..	6,30,70,895	9,32,68,366	14,44,32,997	4,260,846	5,295,229	8,003,403	301,956	252,363	281,847

Note.—P.L. Means Proof litres.

आचार्य पृथ्वी सिंह आजाद: जो स्टेटमेंट मंत्री महोदय ने दिया है इसको देखने से मालूम होता है कि :—

1965–66	में	4,260,843	proof	liters
1966–67	में	5,295,229	,,	,,
1967–68	में	8,003,403	,,	,,

शराब खपत की डिटेल है, यह नीति अगर इस सरकार की है तो मैं यह जानना चाहता हूँ शराब पर प्रतिबंध लगाने की जो सरकार की पालिसी है उसके मुताल्लिक इनका क्या विचार है ?

वित्त मंत्री : स्पीकर साहिब, मैं आपके द्वारा आनरेबल मैम्बर को बताना चाहता हूँ कि शराब कोई ज्यादा पीये या कम पीये इस सरकार की नीति में पहले की निस्बत कोई तबदीली नहीं आई। मगर रैवेन्यु में इजाफा जरूर हुआ है। 1965-66 में यह 42,78,460 थी अब यह 52,95,000 हो गई है। इसका कारण यह है कि वैंडज जो पहले बाई अलाटमेंट दिये जाते थे अब इसकी ओपन आकशन कर दी गई है और कोई किसी भी चीज़ में फर्क नहीं पड़ा।

आचार्य पृथ्वी सिंह आजाद : मंत्री महोदय ने मेरे सवाल का जवाब देने की बजाये उसे उलझाने की कोशिश की है। मैं उनकी गाईडेंस के लिये उनको बताना चाहता हूँ कि आकशन का सिस्टम 1951 से पहले का है। इसके साथ साथ शराब का कोटा भी निश्चित था कि इस से ज्यादा शराब की मिकदार भी नहीं बढ़ेगी। मगर अब यह पालिसी है कि डिऊटी से आमदनी म इजाफा हो, चाहे लोग कितनी शराब क्यों न इस्तेमाल करें।

(No reply was given by the Minister)

श्री अ. बिशवानाथन : जो फंडज गांधी मैमोरियल फंड के लिये हासल किये गये थे क्या उसमें से कुछ शराबबंदी के लिये खर्च किया गया है ?

मंत्री : आप इसके लिये सैपेरेट नोटिस दे दें, बता देंगे।

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ : ਇਹ ਜਿਹੜੀ ਤਬਦੀਲੀ ਸਰਕਾਰ ਨੇ ਕੀਤੀ ਹੈ ਇਹ ਇਸ ਲਈ ਤਾਂ ਨਹੀਂ ਕੀਤੀ ਕਿ ਪਿਛਲੇ ਦਿਨਾਂ ਦੇ ਵਿੱਚ ਇਲੀਗਲ ਸ਼ਰਾਬ ਦੇ ਵਿੱਚ ਵਾਧਾ ਹੋ ਗਿਆ ਸੀ। ਕੀ ਇਹ ਉਸ ਨੂੰ ਹਟਾਉਣ ਦੇ ਲਈ ਤਾਂ ਇਹ ਤਬਦੀਲੀ ਨਹੀਂ ਕੀਤੀ ਗਈ?

मंत्री : यह भी एक कारण है।

श्री बलरामजी दास टंडन : जैसे आजाद साहिब ने कहा था कि beer के अंदर food वैल्यू होती है। मैं पूछना चाहता हूँ कि वाकई बीयर के अंदर कोई फूड वैल्यू है ?

Mr. Speaker—It does not arise out of this question.

आचार्य पृथ्वी सिंह आजाद : स्पीकर साहिब, मैं इनसे कहूँगा कि क्या वह गवर्नमेंट आफ इंडिया का नोटीफिकेशन पढ़ने की कृपा करेंगे जिसमें यह बताया गया है कि "Beer contains vitamins."

मंत्री : यह तो आपके लिये है ।

INDUSTRIAL ESTATES IN FEROZEPUR CITY/CANTT

*179. **Sardar Gardhara Singh :** Will the Minister for Finance be pleased to state—

(a) whether there are any Industrial Estates in Ferozepur City or in the Cantonment area of Ferozepore, if so, the total number of plots so far sold therein;

(b) if no plots have so far been sold, the reasons therefor;

(c) the time by which the industrialists are proposed to be settled in the said Industrial Estates by giving some special facilities to them due to Ferozepur being a border area ?

Dr. Baldev Parkash : (a) There is an Industrial Estate/Development Colony on the out-skirts of Ferozepur City. No plots have been sold in the Development Colony so far.

(b) No applications have been received for sale of plots in the Development Colony.

(c) No definite date can be given by which the industrialists would be settled in the Industrial Estate/Development Colony at Ferozepore. Efforts are, however, being made to attract Small Scale Industries in the said Estate and special concessions and incentives have already been announced by the Government for Industries located in the border town of which Ferozepore is one.

ਸਰਦਾਰ ਗਿਰਧਾਰਾ ਸਿੰਘ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਕਿਤਨਾ ਅਰਸਾ ਹੋ ਗਿਆ ਹੈ ਇਸ ਇੰਡਸਟਰੀਅਲ ਐਸਟੇਟ ਬਣੀ ਨੂੰ ?

ਮੰਤਰੀ : ਇਸ ਵਕਤ ਸਹੀ ਡੇਟ ਦੱਸੀ ਨਹੀਂ ਜਾ ਸਕਦੀ । ਇਸਦੇ ਲਈ ਸੈਪਰੇਟ ਨੋਟਿਸ ਚਾਹੀਦਾ ਹੈ ।

ਲੈਫਟੀਨੈਂਟ ਭਾਗ ਸਿੰਘ: ਖਜ਼ਾਨਾ ਮੰਤਰੀ ਜੀ ਨੇ ਕਿਹਾ ਹੈ ਕਿ efforts are being made ਜਵਾਬ ਵਿੱਚ ਮੈਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ what is the nature of efforts being made.

मंत्री : जो भी इन्डस्ट्रीयलिस्ट सैटल होने के लिये आते हैं उनको गाईड किया जाता है कि इस इस बात का दूसरी जगहों की निसबत उनको फायदा रहेगा । जो रियायतें दी जाती है वह बताये जाते हैं ।

Shri Prabodh Chandra : Sir, will the Chief Minister be pleased to lay on the Table of the House a statement showing the facilities and the protection that the Government have offered to the industrialists ?

मंत्री : यह तो पहले ही बजट में अनाऊन्स किया जा चुका है and the Budget has already been laid on the Table of the House. अगर कोई और कापी यह चाहते हैं तो यह ले सकते हैं ।

SCHEME TO IMPROVE SANITARY ARRANGEMENTS IN FEROZEPORE CITY

*217. **Sardar Gardhara Singh :** Will the Minister for Finance be pleased to state—

(a) whether there is any scheme under the consideration of the Government to improve the sewerage scheme/arrangements in Ferozepore Ciry; if so, the details thereof; if none, the reasons therefor;

(b) the total amount so far provided in the Budget for the said scheme ?

Shri Satya Pal Dang (Development and Local Government Minister) (a) Yes. The Sewerage Scheme at a cost of Rs 5,71,397 has already been taken up and is in progress on which an expenditure of Rs 3,62,336 has been incurred.

(b) The Municipal Committee, Ferozepore City, has applied for loan for the completion of this scheme. Out of its own Budget the Government may be in a position to give the Committee, a loan up to Rs one lac or as recommended by the Chief Engineer, Public Health. As far as the rest, the Committee may raise loan through the Life Insurance Corporation, subject to the availability of funds with the latter.

ਸਰਦਾਰ ਗਿਰਧਾਰਾ ਸਿੰਘ : ਕੀ ਵਜ਼ੀਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਜੇਕਰ ਲਾਈਫ ਇਨਸ਼ੋਰੈਂਸ ਕੋਲੋਂ ਕਰਜ਼ਾ ਨਾ ਮਿਲਿਆ ਤਾਂ ਸਰਕਾਰ ਆਪਣੇ ਪਾਸੋਂ ਦੇ ਦੇਵੇਗੀ ?

ਮੰਤਰੀ : ਇਕ ਲੱਖ ਰੁਪਏ ਦੇ ਕਰੀਬ ਦੇ ਸਕਦੀ ਹੈ ।

VILLAGES FALLING ON LONGOWAL DRAIN IN DISTRICT SANGRUR

*180. **Jathedar Hardit Singh Bhathal :** Will the Minister for Public Works and Education be pleased to state —

(a) the number and names of villages which fall on the Longowal Drain (Sangrur) in district Sangrur;

(b) the number of passages connecting neighbouring villages which have been affected due to the digging of the said drain;

(c) whether the Government have taken any steps to construct bridges at places where people face difficulties in crossing over to the other side of the drain;

(d) whether Government proposes to construct bridges on the crossing of villages from Bhadurpur to Bhamanwadi, from Bhamanwadi to Badrukhan, from Ubhawal to Bhamanwadi, from Sheron to Longowal, from Longowal to Shahpur, and from Jharon to Togawal, etc., which all lie on the said; drain;

(e) if the answer to parts (a), (b), (c) and (d) above be in the affirmative, the time by which the said bridges are likely to be constructed ?

Sardar Lachhman Singh Gill (Public Works and Education Minister*

(a) Forty villages. List of villages is laid on the Table of the House.

(b) Thirty two passages in Sangrur District have been intercepted by Bahadursinghwala Drain. List of these villages is laid on the Table of the House.

(c) Bridges have not been constructed.

(d) and (e) certain formalities are being gone through. It cannot be indicated as to when these V.R. Bridges will be constructed.

ANNEXURE I

List of Villages fall on Bahadur Singh Wala Drain in Sangrur District.

1. Jharon
2. Shahpur Kalan
3. Jhuron
4. Sheron
5. Longowal
6. Qila Bharian
7. Namol
8. Dubokewal
9. Duggan
10. Mastuana Sahib
11. Badrukhan
12. Changal
13. Banganwal
14. Chhan (Gurmukh Singh Wala)
15. Benra)
16. Bahadur Singh Wala
17. Bahmanwadi
18. Andheri
19. Akoi
20. Manwala
21. Dhura
22. Dhuri
23. Harchandpura
24. Jakhlan
25. Mimsa
26. Manan
27. Lohar Majra
28. Kheri Jattan
29. Sada Singh Wala (Burj Gaura).
30. Dhadogal
31. Namatpur
32. Dialpura
33. Jhal
34. Issi
35. Dialpura
36. Langarian
37. Jalalabad
38. Bhumsi
39. Chlaunda
40. Mahmoodpura

ANNEXURE II

List of Passages intercepted by the construction of Bahadur Singh Wala Drain in Sangrur District

1. Hiron to Jharon
2. Jharon to Togawal
3. Jharon to Longowal (Crosses at 3 places)
4. Shahpur Kalan to Longowal
5. Sunam to Longowal
6. Namol to Longowal
7. Qila Bharian to Longowal
8. Eohamanbadi to Ubhewal
9. Bhamanbadi to Badrukhan
10. Badrukhan to Mastuana
11. Changal to Andheri
12. Akoi to Banganwali/Sangrur
13. Banganwali to Chhanna Gurmukhsingh
14. Bahadur Singh Wala to Ladda
15. Benra to Manwala/Saron
16. Dhuri to Manwala
17. Harchandpura to Dhuri
18. Jakhlan to Issri
19. Sherpur Sodhian to Isri
20. Manan to Isri
21. Loharmajra to Isra
22. Dhadogal to Zainpur
23. Dhadogal to Niamatpur
24. Niamatpur to Banbhaura
25. Langrian to Talowal
26. Jhondian to Jhal-Amargarh
27. Nangal to Chaprauda
28. Raipur to Chaprauda
29. Chhaunda to Hussainpura
30. Chhaunda to Dalowal
31. Chhaundan to Jalalabad
32. Birdna to Bhumsi

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ : ਕੀ ਮੰਤਰੀ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਡਰੇਨ ਦੇ ਉਪਰੋਂ ਲੋਕਾਂ ਦੇ ਆਉਣ ਜਾਣ ਦਾ ਪ੍ਰਬੰਧ ਪੁਲ ਦੀ ਐਬਸੈਂਸ ਵਿੱਚ ਕੀ ਹੋਵੇਗਾ ?

*Replied in Punjabi

ਮੰਤਰੀ : ਵਾਕਈ ਪਿੰਡਾਂ ਦਿਆਂ ਲੋਕਾਂ ਨਾਲ ਬੜੀ ਸਖਤੀ ਹੈ। ਅਜਿਹੀ ਕੋਸ਼ਿਸ਼ ਕਰਾਂਗੇ ਕਿ ਬਾਰਸ਼ਾਂ ਵਿੱਚ ਇਕ ਸਿਰੇ ਤੋਂ ਦੂਸਰੇ ਸਿਰੇ ਤੱਕ ਰੱਸੇ ਦਾ ਪੁਲ ਤਿਆਰ ਕੀਤਾ ਜਾਵੇ ਅਤੇ ਇਸ ਦੌਰਾਨ ਕੋਈ ਸਕੀਮ ਤਿਆਰ ਕੀਤੀ ਜਾਵੇ ਜਾਂ ਫਿਰ ਜਿਆਦਾ ਤੋਂ ਜ਼ਿਆਦਾ ਰੁਪਿਆ ਮੰਗਿਆ ਜਾਵੇ। ਇਸ ਲਈ ਹਾਊਸ ਦੀ ਮਦਦ ਦੀ ਲੋੜ ਹੋਵੇਗੀ। ਜਾਂ ਸਸਤਾ ਪੁਲ ਬਣਾਉਣ ਦੇ ਸਾਧਨ ਜੁਟਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਸਰਦਾਰ ਨਰਿੰਦਰ ਸਿੰਘ : ਕੀ ਵਜ਼ੀਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਜੇਕਰ ਪੰਚਾਇਤ ਸੰਮਤੀਆਂ ਅਤੇ ਲੋਕਲ ਏਰੀਆ ਦੇ ਲੋਕ ਰੁਪਿਆ ਇਕੱਠਾ ਕਰਕੇ ਦੇ ਦੇਣ ਤਾਂ ਸਰਕਾਰ ਪੁਲ ਬਣਾਉਣ ਲਈ ਗੌਰ ਕਰੇਗੀ ?

ਮੰਤਰੀ : ਚੰਗੀ ਗੱਲ ਹੈ, ਜ਼ਰੂਰ ਗੌਰ ਕਰੇਗੀ।

ਲੈਫਟੀਨੈਂਟ ਭਾਗ ਸਿੰਘ : ਕੀ ਵਜ਼ੀਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਲੌਂਗੋਵਾਲ ਡਰੇਨ ਜਿਥੋਂ ਸ਼ੁਰੂ ਹੁੰਦੀ ਹੈ ਉਥੇ ਕਿੰਨਾ ਸਪੇਨ ਹੈ ਅਤੇ ਜਿਥੋਂ ਖਤਮ ਹੁੰਦੀ ਹੈ ਉਥੇ ਕਿੰਨਾ ਸਪੇਨ ਹੈ।

Mr. Speaker : No such questions, please.

CONSTRUCTION OF BHAWANIGARH-CHHINTANWALA ROAD

*190. **Sardar Jangir Singh Phaguwalia** : Will the Minister for Public Works and Education be pleased to state whether the Government propose to construct the road from Bhawanigarh to Chhintanwala, in district Sangrur, via Kakra, Panwan, Sakraudi Fategarh, Bhadson, etc., for which land has been left and the earthwork has been done four times by the public; if so, the time by which the work thereon is likely to be started?

Sardar Lachhman Singh Gill* : No, please.

ਸਰਦਾਰ ਜੰਗੀਰ ਸਿੰਘ ਫਗੂਵਾਲੀਆ : ਕੀ ਵਜ਼ੀਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਲੋਕਾਂ ਨੇ ਸੜਕ ਛੱਡੀ ਹੋਈ ਹੈ ਉਸ ਉਪਰ ਚਾਰ ਵਾਰੀ ਮਿੱਟੀ ਵੀ ਪਾ ਚੁੱਕੇ ਹਨ, ਕੀ ਕਾਰਨ ਹੈ ਕਿ ਸੜਕ ਅਜੇ ਤਕ ਨਹੀਂ ਬਣਾਈ ਗਈ ? ਕੀ ਸਰਕਾਰ ਇਸ ਗੱਲ ਤੇ ਗੌਰ ਕਰੇਗੀ ?

ਮੰਤਰੀ : ਇਹ ਠੀਕ ਹੈ ਕਿ ਸੜਕ ਵੀ ਛੱਡੀ ਹੋਈ ਹੈ ਲੋਕਾਂ ਨੇ, ਮਿੱਟੀ ਵੀ ਪਾਈ ਹੈ, ਕੰਪੈਨ-ਸੇਸ਼ਨ ਵੀ ਦਿੱਤਾ ਗਿਆ ਹੈ ਲੇਕਿਨ ਇਸਦੇ ਬਾਵਜੂਦ ਦੁੱਖ ਨਾਲ ਕਹਿਣਾ ਪੈਂਦਾ ਹੈ ਕਿ ਸਰਕਾਰ ਨੇ ਸੜਕ ਨਹੀਂ ਬਣਾਈ। ਹੁਣ ਨਾ ਸਿਰਫ ਗੌਰ ਕੀਤਾ ਜਾਵੇਗਾ ਬਲਕਿ ਜਲਦੀ ਹੀ ਇਸ ਨੂੰ ਟੇਕ ਅਪ ਵੀ ਕਰੇਗੀ।

ਸਰਦਾਰ ਨਰਿੰਦਰ ਸਿੰਘ : ਕੀ ਵਜ਼ੀਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਜੇਕਰ ਮਾਰਕਿਟ ਕਮੇਟੀਆਂ ਇਕ ਲੱਖ ਰੁਪਇਆ ਈਅਰ ਮਾਰਕ ਕਰਕੇ P.W.D. ਨੂੰ ਦੇ ਦੇਣ ਤਾਂ ਸੜਕ ਬਣ ਜਾਵੇਗੀ।

ਮੰਤਰੀ : ਇਕ ਲੱਖ ਰੁਪਏ ਵਿੱਚ ਜਿੰਨੀ ਸੜਕ ਬਣ ਜਾਵੇਗੀ ਬਣਾ ਲਵਾਂਗੇ, ਸ਼ਾਇਦ ਵਿਚ ਫਿਰ ਕੰਸਿਡਰ ਕਰ ਲਵਾਂਗੇ।

*Replied in Punjabi.

LINKING MANSA WITH TALWANDI SABO BY PACCA ROAD

*192. **Comrade Jangir Singh Joga :** Will the Minister for Public Works and Education be pleased to state—

(a) whether there is any proposal under the consideration of the Government for linking Mansa with Talwandi Sabo by a pacca road;

(b) if the reply to part (a) above be in the affirmative the time by which the said proposal is likely to be implemented.

Sardar Lachhman Singh Gill*: (a) No.

(b) Question does not arise.

CONSTRUCTION OF MAUR-TALWANDI ROAD IN DISTRICT BHATINDA

*193. **Comrade Jangir Singh Joga :** Will the Minister for Public Works and Education be pleased to state—

(a) whether it is a fact that the proposal for the construction "Maur-Talwandi" road (district Bhatinda) was included in the Second Five-Year-Plan.

(b) whether it is also a fact that the construction of the said road has been started but it is still incomplete;

(c) the date when the construction of the said road was taken in hand together with the time by which it is likely to be completed?

Sardar Lachhman Singh Gill*: (a) No.

(b) No.

(c) Question does not arise.

ਕਾਮਰੇਡ ਜੰਗੀਰ ਸਿੰਘ ਜੋਗਾ : ਕੀ ਵਜ੍ਹਾ ਹੈ ਕਿ ਸੜਕ ਦਾ ਕੁੱਝ ਹਿੱਸਾ ਬਣ ਚੁਕਿਆ ਹੈ ਪਰ ਬਾਕੀ ਸੜਕ ਨਾ ਦੂਸਰੀ ਪਲੈਨ ਵਿੱਚ ਅਤੇ ਨਾ ਹੀ ਤੀਸਰੀ ਪਲੈਨ ਵਿੱਚ ਸ਼ਾਮਿਲ ਕੀਤੀ ਗਈ ਹੈ ?

ਮੰਤਰੀ : ਇਹ ਸੜਕ ਇਨ ਪਰੋਗਰੈਸ ਹੈ ।

ਕਾਮਰੇਡ ਜ਼ਗੀਰ ਸਿੰਘ ਜੋਗਾ : ਕੀ ਇਹ ਕੰਮ ਚਾਲੂ ਵੀ ਹੋਵੇਗਾ ਕਿ ਖੜਾ ਹੀ ਰਹੇਗਾ ?

ਮੰਤਰੀ : ਪਰੋਗਰੈਸ ਦਾ ਮਤਲਬ ਚਾਲੂ ਹੀ ਹੁੰਦਾ ਹੈ ਖੜਾ ਨਹੀਂ ਹੁੰਦਾ।

ਲੈਫਟੀਨੈਂਟ ਭਾਗ ਸਿੰਘ : †ਸਵਾਲ ਇਹ ਪੁੱਛਿਆ ਸੀ ਕਿ ਐਜੂਕੇਸ਼ਨਲ ਇੰਸਟੀਚੀਊਟਸ ਕਿੰਨੇ ਹਨ । ਸਕੂਲਾਂ ਦੀ ਬਾਬਤ ਦੱਸਿਆ ਹੈ, ਕਾਲਿਜਾਂ ਦੀ ਬਾਬਤ ਨਹੀਂ ਦੱਸਿਆ ।

*Replied in Punjabi.

†The original Starred Question No. 182 and the reply thereto appear in the P.V.S. Debates, Volume I No. 29, dated 26th May, 1967.

ਮੰਤਰੀ: ਜਗਰਾਉਂ ਕਾਲਿਜ ਹੈ ।

ਲੈਫਟੀਨੈਂਟ ਭਾਗ ਸਿੰਘ : ਲੁਧਿਆਣੇ ਵਿੱਚ ਵੀ ਹੈ ।

ਮੰਤਰੀ : ਫਿਰ ਦੱਸ ਦਿਆਂਗੇ ਕਿ, ਸਵਾਲ ਕਰ ਦਿਉ ।

ਲੈਫਟੀਨੈਂਟ ਭਾਗ ਸਿੰਘ : ਜਨਾਬ, ਇਨ੍ਹਾਂ ਨੇ, ਅੱਧਾ ਜਵਾਬ ਦਿੱਤਾ ਹੈ, ਇਨ੍ਹਾਂ ਦਾ ਫਰਜ਼ ਹੈ ਕਿ ਦੋਬਾਰਾ ਜਵਾਬ ਖੁਦ ਹੀ ਦੇਣ, ਮੈਂ ਕਿਉਂ ਸਵਾਲ ਪੁੱਛਾਂ ।

Mr. Speaker : This question is postponed and will be answered again.

OPENING OF POLYTECHNICS IN DISTRICTS SANGRUR AND BHATINDA.

*191. **Comrade Jangir Singh Joga** : Will the Minister for Public Works and Education be pleased to state.—

(a) whether it is a fact that no Polytechnic has so far been opened in districts Sangrur and Bhatinda;

(b) if the answer to part (a) above be in the affirmative whether there is any proposal under the consideration of the Government to open some Polytechnics in the said districts, if so, when ?

Sardar Lachhman Singh Gill*: (a) Yes.

(b) It is proposed to establish one Polytechnic during the Fourth Five-Year Plan. Its location and phasing is to be decided in consultation with the Government of India, Ministry of Education.

UPGRADING OF SCHOOLS IN THE STATE.

*221. **Comrade Bhan Singh Bhaura** : Will the Minister for Public Works and Education be pleased to state the total number of Schools proposed to be upgraded in the State during the current financial year and the criteria to be followed in this behalf ?

Sardar Lachhman Singh Gill:* During the last financial year 42 Development Primary Schools and 25 Government Middle Schools were approved for preparatory action. For the present, Government have under current consideration the case of only those schools for upgrading during the financial year.

The following criteria has been laid down for making selection for the upgrading of schools:—

(i) Availability of sufficient accommodation for housing the upgraded classes and adequate play-grounds.

(ii) Availability of sufficient land for further expansion of s ol building.

*Replied in Punjabi

(iii) Population likely to be benefited.
(iv) Existing enrolment of the school.
(v) Distance from the nearest school.
(vi) Contribution made by the community.
(vii) Nature of the illaqa, i.e., Hilly area, flood affected etc.
(viii) Need of the school on educational grounds.

श्री अ. विश्वनाथन : लुधियाना में गंदी छपड़ी में जो गवर्नमेंट गर्ल्ज़ हाई स्कूल जो अपग्रेड किया गया है वहां की हैडमिस्ट्रैस को सैलरीज़ की डिस्त्रसमेण्ट का राईट नहीं दिया गया। इसका क्या कारण है ?

ਮੰਤਰੀ : ਇਸ ਦਾ ਜੁਦਾ ਨੋਟਿਸ ਚਾਹੀਦਾ ਹੈ ।

श्री अ. विश्वनाथन : उल्टा डीपार्टमेंट ने उस का एक्सप्लेनेशन काल किया है कि हाई स्कूल कैसे बन गया हालांकि महकमे का एक पैसा नहीं लगा ।

ਮੰਤਰੀ : ਹੋ ਸਕਦਾ ਹੈ ਕਿ ਠੀਕ ਹੋਵੇ । ਤੁਸੀਂ ਨੋਟਿਸ ਦੇ ਦਿਉ ਵੇਖ ਲਵਾਂਗੇ ।

ਕਾਮਰੇਡ ਜੰਗੀਰ ਸਿੰਘ ਜੋਗਾ : ਸਵਾਲ ਵਿੱਚ ਇਹ ਪੁਛਿਆ ਗਿਆ ਸੀ ਕਿ ਕਿੰਨੇ ਸਕੂਲ ਅਪਗ੍ਰੇਡ ਕੀਤੇ ਗਏ ਹਨ ਅਤੇ ਕਿੰਨਿਆਂ ਦੀ ਤਜਵੀਜ਼ ਹੈ, ਉਨ੍ਹਾਂ ਦਾ ਜ਼ਿਕਰ ਨਹੀਂ ਕੀਤਾ ਗਿਆ ।

ਮੰਤਰੀ : ਪ੍ਰੋਪੋਜ਼ ਕੀਤੇ ਗਏ ਹਨ ।

ਸਰਦਾਰ ਗੁਰਬਚਨ ਸਿੰਘ (ਰੋਪੜ) : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਵੱਖ ਵੱਖ ਜ਼ਿਲਿਆਂ ਵਿੱਚ ਕਿਤਨੇ ਕਿਤਨੇ ਸਕੂਲ ਹਨ ?

ਮੰਤਰੀ : ਜੁਦਾ ਨੋਟਿਸ ਦਿਉ ਤਾਂ ਪਤਾ ਕਰਕੇ ਦੱਸ ਦਿੱਤਾ ਜਾਵੇਗਾ ।

TRANSFER OF TEACHERS, ETC., DURING MARCH AND APRIL, 1967.

***222. Comrade Bhan Singh Bhaura** (Put by Comrade Jangir Singh Joga) : Will the Minister for Public Works and Education be pleased to state—

the number of transfers of Teachers, Masters (including all categories of staff in the Education Department) made during the months of March and April, 1967; together with the detailed reasons for which these transfers were made;

(b) the number of cases of the said transfers in which he himself issued orders and which were implemented ?

Sardar Lachhman Singh Gill :*(a) and (b) A list containing the requisite information in respect of transfers made by Government and the Director of Public Instructions, Punjab, during March and April, 1967, is laid on the Table of the House. The requisite information in respect of transfers made by the Circle/District Education Officers is being collected.

*Replied in punjabi

(Minister for Public Works & Education)

(a) No. of transfers of Teachers, Masters including all categories of staff in the Education Department) made during the months of March and April, 1967		Detailed reasons for which transfers were made
Headmasters	14	4 On promotion 4 On adjustments
	4 2	Under orders of P.W.E.M. On requests
Headmistresses	2	1 couple case 1 On compassionate grounds
Masters	4	2 Mutual and 2 on requests
Teachers (Men)	4	4 On administrative grounds
Teachers (Women)	1	Couple case
N.C.C. Staff	60	Transfers were ordered either on promotion or on request for posting to the stations of their choice, and in some cases at the requests of Heads of Offices.
Assistants (Sub-Offices)	8	Promoted as Head Clerks
Head Clerks (Sub-Offices)	1	Promoted as Superintendents
Clerks (Sub-Offices)	3	On administrative grounds
Principals, Government Higher Secondary Schools	16 16	1 On request 1 Being M.Ed. Services required in Training School 14 allocation to Punjab
Professors	1	On promotion to PES—I as Principal
Senior Lecturer	1	Allocation to Punjab
P.E.S.I.	1	Appointment as D.D.S.A. at the Directorate from the post of C.E.O., Jullundur
Deputy Education Officer	1	Appointment as D.E.O. on Administrative grounds.

ਕਾਮਰੇਡ ਭਾਨ ਸਿੰਘ ਭੌਰਾ: ਕੀ ਵਜ਼ੀਰ ਸਾਹਿਬ ਦੱਸਣ ਦੀ ਕ੍ਰਿਪਾ ਕਰਨਗੇ ਕਿ ਅਜੇ ਕਈ ਥਾਵਾਂ ਤੇ ਜਨਰਲ ਟਰਾਂਸ. ਰਜ਼ ਨਹੀਂ ਹੋਈਆਂ ਪਰ ਇਨ੍ਹਾਂ ਟਰਾਂਸਫਰਾਂ ਦੇ ਕੀ ਕਾਰਨ ਹਨ ?

ਮੰਤਰੀ : ਕਿਸੇ ਦੇ ਬਰਖਿਲਾਫ਼ ਸ਼ਿਕਾਇਤਾਂ ਸਨ, ਕਈ ਪਾਲੇਟਿਕਸ ਵਿੱਚ ਹਿੱਸਾ ਲੈਂਦੇ ਸਨ ਔਰ ਕਈ ਨੇ ਇਲੈਕਸ਼ਨਾਂ ਵਿੱਚ ਹਿੱਸਾ ਲਿਆ। ਸੋ ਜਿਸ ਜਿਸ ਦਾ ਜੈਸਾ ਕਰਮ ਸੀ ਉਸ ਦੇ ਮੁਤਾਬਿਕ ਫੈਸਲਾ ਕਰ ਦਿੱਤਾ ਗਿਆ।

ਚੌਧਰੀ ਦਰਸ਼ਨ ਸਿੰਘ : ਕੀ ਵਜ਼ੀਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਇਨ੍ਹਾਂ ਸਾਰਿਆਂ ਕੇਸਾਂ ਵਿੱਚ ਵਜ਼ੀਰ ਸਾਹਿਬ ਨੇ ਖੁਦ ਟਰਾਂਸਫਰਾਂ ਦੇ ਆਰਡਰਜ਼ ਕੀਤੇ ਹਨ ਜਾਂ ਥੱਲੇ ਦੇ ਅਫਸਰਾਂ ਨੇ ?

ਮੰਤਰੀ : ਵੈਸੇ ਤਾਂ ਇਹ ਸਾਰੇ ਤੁਹਾਡੇ ਮੌਕੇ ਦੇ ਕੇਸਿਜ਼ ਹਨ । ਕਿਸੇ ਮਿਨਿਸਟਰ ਨੇ ਕੋਈ ਆਰਡਰਜ਼ ਨਹੀਂ ਕੀਤੇ ।

ਕਾਮਰੇਡ ਭਾਨ ਸਿੰਘ ਭੌਰਾ : ਕੀ ਐਸੇ ਕੇਸਿਜ਼ ਵਿੱਚ ਆਰਡਰਜ਼ ਨੂੰ ਕੈਂਸਲ ਵੀ ਕਰ ਦਿੱਤਾ ਗਿਆ ਜਿਨ੍ਹਾਂ ਵਿੱਚ ਪਿਛਲੀ ਮਨਿਸਟਰੀ ਨੇ ਐਡਵਰਸ ਆਡਰਜ਼ ਕੀਤੇ ਸਨ ?

ਮੰਤਰੀ: ਇਹ ਤਾਂ ਵੇਖ ਕੇ ਹੀ ਦਸ ਸਕਦਾ ਹਾਂ ।

ਚੌਧਰੀ ਦਰਸ਼ਨ ਸਿੰਘ : ਕੀ ਵਜ਼ੀਰ ਸਾਹਿਬ ਦੱਸਣ ਦੀ ਖੇਚਲ ਕਰਨਗੇ ਕਿ ਮੌਜੂਦਾ ਸਰਕਾਰ ਨੇ ਟੀਚਰਜ਼ ਦੇ ਗਰੇਡਜ਼ ਨੂੰ ਇਸ ਲਈ ਵਧਾਇਆ ਕਿਉਂਕਿ ਉਨ੍ਹਾਂ ਨੇ ਇਲੈਕਸ਼ਨਾਂ ਵਿੱਚ ਫ਼ਰੰਟ ਦੀ ਮਦਦ ਕੀਤੀ ?

ਮੰਤਰੀ : ਇਹ ਬਿਲਕੁਲ ਗਲਤ ਗੱਲ ਹੈ । ਮੈਂ ਸਮਝਦਾ ਹਾਂ ਕਿ ਇਸ ਦੌਰਾਨ ਉਨ੍ਹਾਂ ਦੇ ਨਾਲ ਬੜੀ ਭਾਰੀ ਸਖਤੀ ਹੋਈ ਹੈ ਔਰ ਮੈਨੂੰ ਅਫ਼ਸੋਸ ਹੈ ਕਿ ਅਜੇ ਵੀ ਸਾਡੇ ਪਾਸ ਫੰਡਜ਼ ਇਤਨੇ ਕਾਫੀ ਨਹੀਂ ਸਨ ਕਿ ਉਨ੍ਹਾਂ ਦੀਆਂ ਸਾਰੀਆਂ ਮੁਸ਼ਕਿਲਾਤ ਨੂੰ ਦੂਰ ਕਰਨ ਲਈ ਸਾਧਨਾ ਦਾ ਇੰਤਜ਼ਾਮ ਕਰ ਸਕਦੇ ਭਾਂਵੇ ਅਸੀਂ ਦਿਲੋਂ ਇਹ ਚਾਹੁੰਦੇ ਹਾਂ ਉਨ੍ਹਾਂ ਨੂੰ ਹੋਰ ਰਿਲੀਫ ਮਿਲਣੀ ਚਾਹੀਦੀ ਹੈ ।

ਲੈਫਟੀਨੈਂਟ ਭਾਗ ਸਿੰਘ : ਆਨ ਏ ਪੁਆਇੰਟ ਆਫ ਆਰਡਰ ਸਰ । ਹੁਣੇ ਹੁਣੇ ਹੀ ਵਜ਼ੀਰ ਸਾਹਿਬ ਨੇ ਜਵਾਬ ਵਿੱਚ ਕਿਹਾ ਸੀ ਕਿ ਤੁਹਾਡੀ ਸਰਕਾਰ ਦੇ ਸਮੇਂ ਵਿੱਚ ਹੋਇਆ ਜਦ ਕਿ ਇਹ ਇਨਫਰਮੇਸ਼ਨ ਮਾਰਚ ਔਰ ਅਪਰੈਲ ਦੇ ਮਹੀਨਿਆਂ ਦੀ ਬਾਬਤ ਮੰਗੀ ਗਈ ਹੈ । ਅਪਰੈਲ ਦੇ ਮਹੀਨੇ ਵਿੱਚ ਇਹੀ ਸਰਕਾਰ ਸੀ । ਉਨ੍ਹਾਂ ਨੇ ਮਿਸ ਸਟੇਟਮੈਂਟ ਕੀਤੀ ਹੈ ।

ਮੰਤਰੀ : ਮੈਂ ਕੋਈ ਮਿਸਸਟੇਟਮੈਂਟ ਨਹੀਂ ਕੀਤੀ । ਤੁਹਾਡੀ ਸਰਕਾਰ ਦਾ ਮਤਲਬ ਇਹ ਹੈ ਕਿ ਅਸੀਂ ਵੀ ਤੁਹਾਡੀ ਸਰਕਾਰ ਹਾਂ ।

Shri Prabodh Chandra : Will the hon. Minister for Public Works and Education be pleased to state if the Government has changed its policy about the transfer of Teachers from their respective districts ?

ਮੰਤਰੀ : ਨਹੀਂ ਜੀ । ਚੇਂਜ ਨਹੀਂ ਕੀਤਾ ਮਗਰ ਐਸਾ ਵਿਚਾਰ ਜ਼ਰੂਰ ਕਰਦੇ ਹਾਂ । ਮੈਂ ਪੰਜ ਚਾਰ ਸਕੂਲਾਂ ਨੂੰ ਚੈਕ ਕੀਤਾ । ਜਦ ਮੈਂ ਉਥੇ ਗਿਆ ਤਾਂ ਉਨ੍ਹਾਂ ਵਿੱਚੋਂ ੫੦ ਪਰਸੈਂਟ ਟੀਚਰ ਹਾਜ਼ਿਰ ਨਹੀਂ ਸਨ । ਔਰ ਜਦ ਛਾਣਬੀਨ ਕੀਤੀ ਤਾਂ ਉਹੀ ਨਹੀਂ ਸਨ ਜੋ ਖਾਸ ਕਰ ਉਨ੍ਹਾਂ ਪਿੰਡਾਂ ਦੇ ਸਨ ਜਾਂ ਉਨ੍ਹਾਂ ਦੇ ਨਜ਼ਦੀਕ ਦੇ ਸਨ । ਮੈਂ ਵੀ ਸੋਚ ਰਿਹਾ ਹਾਂ ਕਿ ਇਸ ਇੰਤਜ਼ਾਮ ਨੂੰ ਠੀਕ ਕੀਤਾ ਜਾਵੇ । ਅਗਰ ਆਨਰੇਬਲ ਮੈਂਬਰ ਸਾਹਿਬਾਨ ਮੇਰੀ ਇਸ ਸਬੰਧ ਵਿੱਚ ਮਦਦ ਕਰਨ ਤਾਂ ਜ਼ਿਲਿਆਂ ਔਰ ਤਹਿਸੀਲਾਂ ਵਿੱਚੋਂ ਉਨ੍ਹਾਂ ਨੂੰ ਬਾਹਰ ਕਢ ਦਿੱਤਾ ਜਾ ਸਕਦਾ ਹੈ ।

ਬਹੁਤ ਸਾਰੇ ਆਨਰੇਬਲ ਮੈਂਬਰ : ਜ਼ਰੂਰ ਕਰਾਂਗੇ ।

ਲੈਫਟੀਨੈਂਟ ਭਾਗ ਸਿੰਘ : ਕੀ ਵਜ਼ੀਰ ਸਾਹਿਬ ਇਸ ਗੱਲ ਦੇ ਮੱਦੇਨਜ਼ਰ ਇਥੇ ਐਸ਼ੋਰੈਂਸ ਦੇਣ ਲਈ ਤਿਆਰ ਹਨ ਕਿ ਜਦੋਂ ਤਕ ਇਸ ਚੀਜ਼ ਦਾ ਫੈਸਲਾ ਨਹੀਂ ਕਰ ਲਿਆ ਜਾਂਦਾ ਕਿ ਉਨ੍ਹਾਂ ਨੂੰ ਜ਼ਿਲਿਆਂ ਵਿੱਚੋਂ ਬਾਹਰ ਟਰਾਂਸਫਰ ਕਰਨਾ ਹੈ, ਤਦ ਤਕ ਕੋਈ ਵੀ ਟਰਾਂਸਫਰ ਨਹੀਂ ਕੀਤੀ ਜਾਵੇਗੀ ?

ਮੰਤਰੀ: ਗੌਰਮੈਂਟ ਟਰਾਂਸਫਰਾਂ ਕਰਨ ਦਾ ਰਾਈਟ ਕਿਸੇ ਹੋਰ ਨੂੰ ਨਹੀਂ ਦੇ ਸਕਦੀ।

ਕਾਮਰੇਡ ਹਰਕਿਸਨ ਸਿੰਘ ਸੁਰਜੀਤ : ਇਹ ਜਿਹੜਾ ਚਾਰਟ ਦਿੱਤਾ ਗਿਆ ਹੈ ਇਸ ਤੋਂ ਸਾਬਤ ਹੁੰਦਾ ਹੈ ਕਿ ਬਹੁਤ ਸਾਰੀਆਂ ਟਰਾਂਸਫਰਜ਼ ਪ੍ਰੋਮੋਸ਼ਿਜ਼ ਕਰਕੇ ਹੋਈ ਆਂ। ਕੀ ਵਜ਼ੀਰ ਸਾਹਿਬ ਦੱਸਣਗੇ ਕਿ ਉਨ੍ਹਾਂ ਨੇ ਸਾਰੇ ਕਾਗਜ਼ਾਤ ਦੇਖ ਕੇ ਇਸ ਗੱਲ ਦੀ ਤਸੱਲੀ ਕਰ ਲਈ ਸੀ ਕਿ ਇਹ ਪ੍ਰੋਮੋਸ਼ੰਸ ਰੂਲਜ਼ ਦੇ ਮੁਤਾਬਿਕ ਹੋਈਆਂ ਸਨ ?

ਮੰਤਰੀ : ਰੂਲਜ਼ ਦੇ ਮੁਤਾਬਿਕ ਹੀ ਹਨ ਜੀ।

ਚੌਧਰੀ ਦਰਸ਼ਨ ਸਿੰਘ : ਯੁਯੁਅਲੀ 15 ਅਪ੍ਰੈਲ ਤਕ ਜਨਰਲ ਟਰਾਂਸਫਰਜ਼ ਹੋ ਜਾਇਆ ਕਰਦੀਆਂ ਹਨ ਮਗਰ ਕੀ ਇਸ ਸਾਲ ਸਰਕਾਰ ਨੇ ਕੋਈ ਹਿਦਾਇਆਤਾਂ ਜਾਰੀ ਕੀਤੀਆਂ ਹਨ ਕਿ ਟੀਚਰਜ਼ ਦੀਆਂ ਕੋਈ ਟਰਾਂਸਫਰਜ਼ ਨਾ ਕੀਤੀਆਂ ਜਾਣ ?

ਮੰਤਰੀ : ਇਸ ਵਿੱਚ ਖਤਰੇ ਵਾਲੀ ਕੋਈ ਗੱਲ ਨਹੀਂ। ਕੁੱਝ ਭਰਾ ਹਰਿਆਣੇ ਵਿੱਚ ਗਏ ਹਨ ਔਰ ਉਨ੍ਹਾਂ ਨੇ ਆਪਣੀਆਂ ਐਲੋਕੇਸ਼ਨਜ਼ ਦੇ ਸਬੰਧ ਵਿੱਚ ਕਈ ਰੀਪਰੈਜ਼ੇਂਟੇਸ਼ੰਜ਼ ਕੀਤੀਆਂ ਹੋਈਆਂ ਹਨ। ਉਨ੍ਹਾਂ ਦਾ ਅਜੇ ਫ਼ੈਸਲਾ ਨਹੀਂ ਹੋਇਆ। ਇਸ ਲਈ ਕਿਤੇ ਦੁਬਾਰਾ ਅਪਸੈਟ ਨਾ ਹੋ ਜਾਵੇ ਇਸ ਕਰਕੇ ਇਨ੍ਹਾਂ ਟਰਾਂਸਫਰਜ਼ ਨੂੰ ਅਜੇ ਰੋਕਣ ਦਾ ਫ਼ੈਸਲਾ ਕੀਤਾ ਸੀ।

DEVELOPMENT OF PUNJABI LANGUAGE IN THE STATE.

***185. Sardar Jangir Singh Phaguwalia :** Will the Minister for Public Works and Education be pleased to state—

(a) whether any amount has been earmarked for the development of the Punjabi Language; if so, the details thereof;

(b) whether there is any proposal under the consideration of the Government to introduce Punjabi upto the Secretariat Level; if so, the amount earmarked to implement the said proposal and the time by which it is likely to be done ?

Sardar Lachhman Singh Gill* :(a) An amount of Rs. 2,88,599 and Rs. 6,20,940/- under Plan and Non-plan budgets, respectively, has been earmarked for the development of Punjabi Language for the year 1967-68 in the budget of the Languages Department.

(b) The matter is under the consideration of Government.

ਸਰਦਾਰ ਜੰਗੀਰ ਸਿੰਘ ਫਗੂਵਾਲੀਆ : ਕੀ ਵਜ਼ੀਰ ਸਾਹਿਬ ਦੱਸਣਗੇ ਕਿ ਸੈਕਰੇਟੇਰੀਏਟ ਪੱਧਰ ਤੇ ਪੰਜਾਬੀ ਕਦੋਂ ਤਕ ਲਾਗੂ ਹੋ ਜਾਵੇਗੀ ?

ਮੰਤਰੀ: ਬਹੁਤ ਛੇਤੀ ਹੋ ਜਾਵੇਗੀ ਜੀ।

ਸਰਦਾਰ ਜੰਗੀਰ ਸਿੰਘ ਫਗੂਵਾਲੀਆ : ਕੀ ਛੇਤੀ ਦੀ ਕੋਈ ਹਦ ਵੀ ਹੈ ? ਇਸੇ ਸੈਸ਼ਨ ਵਿੱਚ ਹੋ ਜਾਵੇਗੀ ਜਾਂ ਅਗਲੇ ਸੈਸ਼ਨ ਵਿਚ ?

---

*Replied in Punjabi

ਮੰਤਰੀ : ਕੋਸ਼ਿਸ਼ ਕਰਾਂਗੇ ਕਿ ਬਿਲ ਇਸੇ ਸੈਸ਼ਨ ਵਿਚ ਲਿਆਂਦਾ ਜਾਵੇ ਪਰ ਇਹ ਐਸ਼ਿਉਰ ਕਰਦਾ ਹਾਂ ਕਿ ਅਗਲੇ ਸ਼ੈਸ਼ਨ ਵਿਚ ਤਾਂ ਜ਼ਰੂਰ ਲੈ ਆਵਾਂਗੇ ।

ਚੌਧਰੀ ਦਰਸ਼ਨ ਸਿੰਘ ; ਕੀ ਸਰਕਾਰ ਨੇ ਸੈਕਰੇਟੇਰੀਏਟ ਤੋਂ ਡਿਵੀਜ਼ਨਲ ਲੈਵਲ ਤੱਕ ਹਦ ਟਿਤਾਂ ਜਾਰੀ ਕੀਤੀਆਂ ਹੋਈਆਂ ਹਨ ਕਿ ਉਥੇ ਪੰਜਾਬੀ ਲਾਗੂ ਕੀਤੀ ਜਾਵੇ ?

ਮੰਤਰੀ : ਅਗਲੀਆਂ ਹੀ ਹਿਦਾਇਤਾਂ ਹਨ ਔਰ ਉਨ੍ਹਾਂ ਵਿੱਚ ਡਿਵੀਜ਼ਨ ਵੀ ਸੀ ਅਤੇ ਡਿਸਟਰਿਕਟ ਵੀ ਸੀ ।

ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਕੀ ਮੰਤਰੀ ਮਹੋਦੇ ਦੱਸਣ ਦੀ ਕ੍ਰਿਪਾ ਕਰਨਗੇ ਕਿ ਜਿਵੇਂ ਪੰਜਾਬੀ ਦੀ ਉੱਨਤੀ ਲਈ ਵਿਸ਼ੇਸ਼ ਫੰਡਜ਼ ਰਖੇ ਹਨ ਉਸੇ ਤਰ੍ਹਾਂ ਹਿੰਦੀ ਦੀ ਉਨਤੀ ਵਾਸਤੇ ਵੀ ਵਿਸ਼ੇਸ਼ ਫੰਡਜ਼ ਰਖੋਗੇ ?

ਮੰਤਰੀ : ਉਸ ਦੇ ਨਾਲ ਵੀ ਬੜਾ ਪਿਆਰ ਹੈ ਔਰ ਉਸ ਦੇ ਲਈ ਵੀ ਜ਼ਰੂਰ ਰਖਾਂਗੇ । 1A

ਚੌਧਰੀ ਦਰਸ਼ਨ ਸਿੰਘ : ਕੀ ਮੰਤਰੀ ਜੀ ਦੱਸਣ ਦੀ ਕ੍ਰਿਪਾ ਕਰਨਗੇ ਕਿ ਇਸ ਯੂਨਾਇਟਡ ਫਰੰਟ ਦੀ ਸਰਕਾਰ ਬਣਨ ਤੋਂ ਪਹਿਲਾਂ ਸਰਕਾਰ ਨੇ ਜਨਸੰਘ ਦੇ ਲੀਡਰਾਂ ਨਾਲ ਹਿੰਦੀ ਦੇ ਬਾਰੇ ਕੋਈ ਰਿਟਨ ਸ਼ਰਤਾਂ ਮੰਨੀਆਂ ? 6

ਮੰਤਰੀ : ਇਸ ਵਿੱਚੋਂ ਇਹ ਸਵਾਲ ਪੈਦਾ ਹੀ ਨਹੀਂ ਹੁੰਦਾ ।

Chaudhri Darshan Singh : It is for the Speaker and not for you to say this.

Minister for Public Works and Education : Kindly address the Chair.

Chaudhri Darshan Singh : Sir, I repeat my supplementary question. ਕੀ ਵਿਦਿਆ ਮੰਤਰੀ ਜੀ ਦੱਸਣ ਦੀ ਖੇਚਲ ਕਰਨਗੇ ਕਿ ਮੌਜੂਦਾ ਸਰਕਾਰ ਦੀ ਬਣਤਰ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਜਨਸੰਘ ਦੇ ਲੀਡਰਾਂ ਨੂੰ ਕੋਈ ਰਿਟਨ ਸ਼ਰਤਾਂ ਮੰਨਣ ਦਾ ਵਚਨ ਦਿੱਤਾ ਕਿ ਹਿੰਦੀ ਨੂੰ ਖਾਸ ਕਨਸੈਸ਼ਿੰਜ਼ ਦਿੱਤੀਆਂ ਜਾਣਗੀਆਂ ਜਿਸ ਦੀ ਬਾਬਤ ਸ੍ਰੀ ਬਲਰਾਮ ਜੀ ਦਾਸ ਟੰਡਨ ਨੇ ਅੰਮ੍ਰਿਤਸਰ ਵਿਖੇ ਹਿੰਦੀ ਸੰਮੇਲਨ ਵਿੱਚ ਇਕ ਬਿਆਨ ਦਿੱਤਾ ਸੀ ?

ਮੰਤਰੀ : ਅਗਰ ਉਹ ਮੈਨੂੰ ਕਹਿਣ ਤਾਂ ਜਵਾਬ ਦਿਆਂ ।

ਚੌਧਰੀ ਦਰਸ਼ਨ ਸਿੰਘ : ਟੰਡਨ ਸਾਹਿਬ ਇਥੇ ਬੈਠੇ ਹੋਏ ਹਨ, ਉਨ੍ਹਾਂ ਨੂੰ ਪੁਛ ਲਉ । ਮੈਂ ਆਪ ਦੇ ਸਾਹਮਣੇ ਉਨ੍ਹਾਂ ਦਾ ਉਹ ਬਿਆਨ ਵੀ ਪੜ੍ਹ ਸਕਦਾ ਹਾਂ......(ਸ਼ੋਰ) ਸਪੀਕਰ ਸਾਹਿਬ, ਤੁਸਾਂ ਮੇਰਾ ਸਪਲੀਮੈਂਟਰੀ ਰੂਲ ਆਊਟ ਤਾਂ ਨਹੀਂ ਕੀਤਾ ?

Mr. Speaker : I did not rule it out.

Chaudhri Darshan Singh : He has not ruled it out.

Mr. Speaker He may answer or he may not answer.

Chaudhri Darshan Singh : But, Sir, my supplementary question is in order (Cheers).

ਮੰਤਰੀ : ਮੈਂ ਜਵਾਬ ਦਿੰਦਾ ਹਾਂ । ਪੰਜਾਬੀ ਇਸ ਪੰਜਾਬ ਦੇ ਸੂਬੇ ਦੀ ਜ਼ਬਾਨ ਹੈ ਔਰ ਹਿੰਦੀ ਲਿੰਕ ਲੈਂਗੂਏਜ਼ ਹੈ । ਬੜਾ ਪਿਆਰ ਹੈ ਸਾਨੂੰ ਹਿੰਦੀ ਦੇ ਵਾਸਤੇ ਔਰ ਇਸ ਦਾ ਆਦਰ ਹੈ, ਮਾਨ ਹੈ ਪੰਜਾਬੀਆਂ ਵਲੋਂ ਵੀ ਔਰ ਇਸ ਪੰਜਾਬ ਸਰਕਾਰ ਵਲੋਂ ਵੀ । ਕੋਈ ਚੀਜ਼ ਰਿਟਨ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਅਸੀਂ ਡੰਕੇ ਦੀ ਚੋਟ ਨਾਲ ਬਾਹਰ ਔਰ ਇਸ ਹਾਊਸ ਵਿੱਚ ਕਹਿੰਦੇ ਹਾਂ ਕਿ ਪੰਜਾਬੀ ਪੰਜਾਬ ਦੀ ਜ਼ਬਾਨ ਹੈ ਔਰ ਹਿੰਦੀ ਨਾਲ ਵੀ ਪੂਰਾ ਪਿਆਰ ਹੈ—ਹਿੰਦੀ ਦੀ ਤਰੱਕੀ ਚਾਹੁੰਦੇ ਹਾਂ ।

श्री प्रबोध चन्द्र : क्या ऐजूकेशन मिनिस्टर बतायेंगे कि जो हिन्दी और पंजाबी के पढ़ाने का सिस्टम है वह जारी रखा जायगा या उसमें कोई तबदीली की जायेगी ?

ਮੰਤਰੀ: ਜਦ ਤਕ ਕੋਈ ਅਨੈਕਟਮੈਂਟ ਨਹੀਂ ਹੁੰਦੀ ਉਹ ਜਾਰੀ ਰਖਿਆ ਜਾਵੇਗਾ ।

ਜਿਹੜਾ ਦੂਸਰਾ ਪੁਆਇੰਟ ਆਫ ਆਰਡਰ ਸ੍ਰੀਮਾਨ ਚੌਧਰੀ ਬਲਬੀਰ ਸਿੰਘ ਜੀ ਨੇ ਉਠਾਇਆ ਹੈ ਉਸ ਵਿੱਚ ਕੋਈ ਵਜ਼ਨ ਨਹੀਂ, ਕੋਈ ਜ਼ੋਰ ਨਹੀਂ।

Chaudhri Balbir Singh : It is for the Speaker to decide, not you.

ਸ੍ਰੀ ਮੋਹਨ ਲਾਲ : ਇਨ੍ਹਾਂ ਨੂੰ, ਸਪੀਕਰ ਸਾਹਿਬ, ਥੋੜਾ ਜਿਹਾ ਹੌਂਸਲਾ ਦਿਉ ਤਾਂ ਜੋ ਜ਼ਰਾ ਹੌਂਸਲੇ ਨਾਲ ਬੈਠਣ। (ਵਿਘਨ) ਮਿਸਟਰ ਸਪੀਕਰ, ਮੈਂ ਅਰਜ਼ ਕਰ ਰਿਹਾ ਸੀ ਕਿ ਮੇਰੀ ਇਕ ਰੈਜ਼ੋਲਿਊਸ਼ਨ ਪਿਛਲੇ ਨਾਨ ਆਫ਼ੀਸ਼ਲ ਡੇ ਤੇ —ਡੇਟ ਤਾਂ ਮੈਨੂੰ ਐਗਜ਼ੈਕਟਲੀ ਯਾਦ ਨਹੀਂ......

ਸ੍ਰੀ ਸਪੀਕਰ: 31 ਮਾਰਚ, 1967 (31st March, 1967)

ਸ੍ਰੀ ਮੋਹਨ ਲਾਲ : ਉਸ ਦੇ ਉੱਤੇ ਡਿਸਕਸ਼ਨ ਜਾਰੀ ਹੈ—ਉਹ ਰੈਜ਼ੋਲਿਊਸ਼ਨ ਬਾਕਾਇਦਾ ਬੈਲਟ ਹੋਇਆ ਹੈ ਔਰ ਉਸ ਉੱਤੇ ਡਿਸਕਸ਼ਨ ਕਨਟੀਨਿਊਡ ਹੈ। ਕਿਉਂਕਿ ਉਸ ਰੈਜ਼ੋਲਿਊਸ਼ਨ ਬਾਰੇ ਇਸ ਹਾਊਸ ਨੇ ਕਤਅਨ ਕੋਈ ਡਿਸੀਜ਼ਨ ਅਜੇ ਤਕ ਨਹੀਂ ਲਿਆ ਇਸ ਲਈ ਇਸ ਉੱਤੇ ਬਹਿਸ ਨੂੰ ਕਿਸੇ ਸੂਰਤ ਵਿੱਚ ਨਹੀਂ ਰੋਕਿਆ ਜਾ ਸਕਦਾ। ਇਹ ਰਜ਼ੋਲਿਊਸ਼ਨ ਬਿਲਕੁਲ ਵਾਜ਼ਿਆ ਹੈ। ਇਹ ਸਟੇਟ ਗੌਰਮੈਂਟ ਨੂੰ ਇਕ ਰਿਕਮੈਂਡੇਸ਼ਨ ਕਰਨੀ ਹੈ। ਇਸ ਰੈਜ਼ੋਲਿਊਸ਼ਨ ਉੱਤੇ ਅੱਜ ਤਕ ਇਸ ਹਾਊਸ ਨੇ ਕੋਈ ਫ਼ੈਸਲਾ ਨਹੀਂ ਦਿੱਤਾ। ਇਸ ਲਈ ਮੈਂ ਦੁਬਾਰਾ ਅਰਜ਼ ਕਰਾਂਗਾ ਕਿ ਜਿਤਨੀ ਦੇਰ ਹਾਊਸ ਇਸ ਰੈਜ਼ੋਲਿਊਸ਼ਨ ਉੱਤੇ ਆਪਣਾ ਡਿਸੀਜ਼ਨ ਨਾ ਦੇ ਦੇਵੇ ਅਗਲਾ ਰੈਜ਼ੋਲਿਊਸ਼ਨ ਟੇਕ ਅਪ ਨਹੀਂ ਕੀਤਾ ਜਾ ਸਕਦਾ।

चौधरी बलबीर सिंह : On a point of order, Sir. आपने अपना डिसीयन दे दिया है। अब दूसरी बात नहीं हो सकती। आपने पोस्टपोन कर दिया है, आपकी रूलिंग के बाद दोबारा प्रश्न नहीं उठा सकते।

(**आवाज़ें :** ठीक है।)

ਲੋਕ ਕਾਰਜ ਅਤੇ ਵਿਦਿਆ ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਦੀ ਗੱਲ ਠੀਕ ਹੈ ਵਰਨਾ ਪਰੋਸੀਜ਼ਰ ਠੀਕ ਨਹੀਂ ਚਲ ਸਕਦਾ। ਇਕ ਬਾਰ ਸਪੀਕਰ ਨੇ ਫੈਸਲਾ ਦੇ ਦਿੱਤਾ ਤਾਂ ਫਿਰ ਉਸ ਤੇ ਬਹਿਸ ਨਹੀਂ ਹੋ ਸਕਦੀ। ਚੌਧਰੀ ਸਾਹਿਬ ਨੇ ਜੋ ਅਬਜੈਕਸ਼ਨ ਰੇਜ਼ ਕੀਤੀ ਹੈ ਇਹ ਲੀਗਲ ਕਾਨਸਟੀ-ਟਿਊਸ਼ਨਲ ਤੇ ਵੈਲਿਡ ਹੈ। ਤੁਸੀਂ ਜੋ ਹੁਕਮ ਦਿੱਤਾ ਹੈ ਉਹ ਮੁਨਾਸਬ ਹੈ। ਇਹ ਤਾਂ ਰੋਜ਼ ਬਹਾਨਾ ਲਭਦੇ ਹਨ ਅਗਲੇ ਮਹੌਲ ਖਰਾਬ ਕਰਨ ਲਈ, ਇਨ੍ਹਾਂ ਨੂੰ ਇਸ ਤਰ੍ਹਾਂ ਨਾ ਕਰਨ ਦਿਉ।

Mr. Speaker : No such remarks please.

Shri Prabodh Chandra : He should withdraw these remarks because these constitute aspersions.

ਲੋਕ ਕਾਰਜ ਅਤੇ ਵਿਦਿਆ ਮੰਤਰੀ : ਅਗਰ ਮੈਂ ਕੋਈ ਅਜਿਹੀ ਗੱਲ ਕਹੀ ਹੈ ਤਾਂ ਮੈਂ ਵਿਦਡਰਾ ਕਰਦਾ ਹਾਂ। ਮੈਂ ਕਹਿੰਦਾ ਹਾਂ ਕਿ ਸ਼ਾਂਤੀ ਨਾਲ ਕੰਮ ਚਲਣਾ ਚਾਹੀਦਾ ਹੈ। I seek your Co-operation.

श्री प्रबोध चन्द्र : आन ए प्वायंट आफ आर्डर, सर। (विघ्न) हम बिल्कुल शांति से चल रहे हैं। मेरी अर्ज़ यह है कि हम आपकी अथौरिटी को चैलेंज नहीं करते न करने की नीयत है। आप बेशक सैक्रेटरी साहिब से पूछ लें जो पोस्टपोन्ड रैज़ोल्यूशन हो वही नान-आफिश्यल डे की अगली सिटिंग पर आ सकता है, दूसरा नहीं आ सकता। (विघ्न) हम हर वक्त स्पीकर साहिब से रिक्वैस्ट कर सकते हैं। मुझे उम्मीद है कि वह मेहरबानी करके अपने डिसियन को रिवाईज़ करेंगे। हम इन अथौरिटी को चैलेंज नहीं करते। 15 मिनट काफी हैं, आप राय ले लें, हम काफी पी लेंगे। (विघ्न)

वित्त मंत्री : आन ए प्वायंट आफ आर्डर, सर। जो आर्गूमेंट प्रबोध जी ने दी है कि यह रैज़ोल्यूशन पिछले हफ्ते का चला हुआ है, जैन्विन है उस में दो रायें नहीं हो सकतीं। लेकिन सवाल यह है कि जो रैज़ोल्यूशन हाउस के सामने है, उसी पर मैटर पर बीच के समय में हाउस ने कोई डिसीज़न ले लिया उस पर वोटिंग हो चुकी तो आने वाले हफ्ते में फिर उसी मैटर पर हाउस में दोबारा वोटिंग नहीं हो सकती। 6 महीने के बाद ही उस मैटर पर वोटिंग हो सकती है। (विघ्न) मेरी बात सुन लीजिये इस हाउस में कम्पलीट स्टेट ट्रेडिंग के मामले पर वोटिंग हो चुकी है और गवर्नरज़ ऐड्रेस ऐज़ अमैंडिड ऐज़ फार एज़ स्टेट ट्रेडिंग इज़ कन्सर्न्ड यहां पर पास हुआ है। इसलिये इनका आबजैक्शन बड़ा सबस्टांशल है, वैलिड है। इसी मैटर पर इस हाउस ने वोटिंग दी है और उसको 6 महीने नहीं हुए। इसलिये वह मैटर दोबारा हाउस में नहीं आ सकता। इस बात को आप का रूलिंग स्पोर्ट करता है। (विघ्न) किसी लीगल ऐक्सपर्ट को दिखा लें।

Mr. Speaker: Rule 81 of the Rules of Procedure and Conduct of Business in the Punjab Legislative Assembly is very clear. It reads..

"A motion or amendment shall not, except with the permission of the Speaker, raise a question of substantially indentical with one on which the Assembly has given a decision in the same session.

Provided that the Assembly shall not be deemed to have given a decision in respect of a bill unless it has either passed the bill or has rejected the bill." (*Cheers*).

ਸ਼੍ਰੀ ਮੋਹਨ ਲਾਲ : On a point of order, Sir, ਇਹ ਰੂਲ ਜਿਸਦਾ ਆਪ ਨੇ ਹਵਾਲਾ ਦਿੱਤਾ ਹੈ..........

चौधरी बलबीर सिंह : On a point of order, Sir, मैं फिर रिक्वैस्ट करूंगा कि अगर आप इस तरह से बार बार यह बात शुरू होने देंगे तो.... (विघ्न) प्रापर तरीके से हाउस कंडक्ट नहीं हो सकेगा आप रूलिंग दे चुके हैं। आप उनको अब बंद करें, कीमती वक्त हाउस का ज़ाया न करें।

ਸ਼੍ਰੀ ਮੋਹਨ ਲਾਲ: ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਡਿਸਕਸ਼ਨ ਨੂੰ ਕਿਸੇ ਤਰ੍ਹਾਂ Stifle ਕਰਨ ਦੀ ਕੋਸ਼ਿਸ਼ ਹੋਈ ਤਾਂ I will not be a party to it. ਤੁਸੀਂ ਇਕ ਰੂਲ ਕੋਟ ਕੀਤਾ ਹੈ ਉਸ ਤੇ ਮੈਨੂੰ ਵੀ ਰਾਏ ਦੇਣ ਦਾ ਹਕ ਹੈ, ਉਸ ਦੀ ਇੰਟਰਪ੍ਰੈਟੇਸ਼ਨ ਦੱਸਣ ਦਾ.......। (ਵਿਘਨ) ਅਗਰ ਇਸ ਤਰ੍ਹਾਂ ਦੇ ਟੈਕਟਿਕਸ ਇਸਤੇਮਾਲ ਕਰਨੇ ਹਨ ਤਾਂ ਮੈਂ ਵੀ ਕਰ ਸਕਦਾ ਹਾਂ। (ਵਿਘਨ) ਮੈਂ ਝੁਕਣ ਵਾਲਾ ਨਹੀਂ, ਨਾ ਹੀਂ ਝੁਕਾਂਗਾ (ਤਾੜੀਆਂ) ਮੈਂ ਪਾਜ਼ੇਟਿਵਲੀ ਦੱਸਿਆ ਹੈ ਅਤੇ ਮੈਂ ਸਮਝਦਾ ਹਾਂ ਕਿ ਇਸ ਰੈਜ਼ੋਲਿਊਸ਼ਨ ਤੋਂ ਇਲਾਵਾ ਅਜ ਹੋਰ ਕੋਈ ਡਿਸਕਸ਼ਨ ਨਹੀਂ ਹੋ ਸਕਦੀ।

[ਸ੍ਰੀ ਮੋਹਨ ਲਾਲ]

ਇਹ ਹਾਊਸ ਵਿੱਚ ਕੋਈ ਨਵਾਂ ਮੈਟਰ ਰੇਜ਼ ਨਹੀਂ ਕਰ ਰਹੇ। ਇਹ ਉਹ ਮੈਟਰ ਹੈ ਜੋ 31 ਮਾਰਚ ਤੋਂ ਡਿਸਕਸ਼ਨ ਵਿੱਚ ਆਇਆ ....

Mr. Speaker : How long will you take, Pandit Ji?

Shri Mohan Lal : Have I no right to speak ?

Mr. Speaker : You have every right to speak, but how long will you take ?

Shri Mohan Lal : There is no question of being impatient. Sir, you have quoted the Rule and I am interpretting the Rule.

ਇਸ ਤਰ੍ਹਾਂ ਦੀਆਂ ਗੱਲਾਂ ਤਾਂ ਮੈਂ ਵੀ ਕਾਫੀ ਜਾਣਦਾ ਹਾਂ, ਮੈਂ ਝੁਕਣ ਵਾਲਾ ਨਹੀਂ ਹਾਂ। (ਤਾੜੀਆਂ) ਆਪਣੀ ਰਾਏ ਜ਼ਾਹਰ ਕਰਨ ਦਾ ਮੇਰਾ ਹੱਕ ਹੈ ......(ਵਿਘਨ)

चौधरी बलबीर सिंह ; On a point of Order, Sir, चाहे रूलिंग गलत ही हो हाउस की कार्यवाही .. (विघ्न)

ਸ੍ਰੀ ਮੋਹਨ ਲਾਲ : ਅਗਰ ਕਿਸੇ ਗੱਲ ਦਾ ਫੈਸਲਾ ਪਹਿਲਾਂ ਹੀ ਕਰ ਲਿਆ ਹੈ ਤਾਂ ਮੈਂ ਕੁਝ ਨਹੀਂ ਕਹਿੰਦਾ ਪਰ ਆਪਣਾ ਮਾਈਂਡ ਤਾਂ ਮੈਨੂੰ ਕਹਿਣਾ ਹੀ ਪਵੇਗਾ..... (ਵਿਘਨ) (ਸ਼ੋਰ)

ਆਵਾਜ਼ਾਂ : ਇਹ ਐਸਪਰਸ਼ਨ ਹੈ ਚੇਅਰ ਤੇ । ਵਿਦਡਰਾ ਕਰਾਉ ।

ਸ੍ਰੀ ਮੋਹਨ ਲਾਲ : ਅਗਰ ਤੁਸੀਂ ਇਸ ਤਰ੍ਹਾਂ ਇਨ੍ਹਾਂ ਨੂੰ ਇਜਾਜ਼ਤ ਦਿਉਗੇ ਤਾਂ ਹੋ ਸਕਦਾ ਹੈ ਗੱਲ ਵਧ ਜਾਵੇ......(ਵਿਘਨ) ਕੰਟਰੋਲ ਨਹੀਂ ਕਰੋਗੇ ਤਾਂ ਵਧ ਵੀ ਜਾਵੇਗੀ। (ਸ਼ੋਰ) ਕਲ ਸਾਡਾ ਕੋਈ ਮੈਂਬਰ ਜ਼ਰਾ ਬੋਲਿਆ ਤਾਂ ਤੁਸੀਂ ਨੇਮ (ਵਿਘਨ) ਕਰ ਦਿੱਤਾ, ਅੱਜ ਤੁਸੀਂ ਕਰਨ ਲਈ ਤਿਆਰ ਨਹੀਂ ਤੁਸੀਂ ਉਨ੍ਹਾਂ ਨੂੰ ਇਜਾਜ਼ਤ ਦਿੱਤੀ ਹੈ (ਸ਼ੋਰ) ਜੋ ਮਰਜ਼ੀ ਕਰਨ ......(ਵਿਘਨ)

ਇਕ ਆਵਾਜ਼ : ਪੈਸਾ ਵੇਸਟ ਕਰ ਰਹੇ ਹਨ ਜਨਤਾ ਦਾ । (ਸ਼ੋਰ)

ਸ੍ਰੀ ਮੋਹਨ ਲਾਲ : ਇਹ ਜਨਤਾ ਦੇ ਠੇਕੇਦਾਰ :::.... (ਸ਼ੋਰ)

चौधरी बलबीर सिंह : इनको इजाजत न दो ऐसी बातें करने की जो चेयर की शान के खिलाफ हों । (विघ्न)

ਸ੍ਰੀ ਸਪੀਕਰ : ਸਾਰਿਆਂ ਨੂੰ ਹੀ ਸਮਝ ਹੈ। ਪਰ ਪਤਾ ਨਹੀਂ ਸਮਝ ਕਿੱਥੇ ਚਲੇ ਜਾਂਦੀ ਹੈ। ਮੈਂ ਕਿਹਾ ਹੈ ਕਿ ਇਸ ਚੀਜ਼ ਨੂੰ ਅਸੀਂ ਵੇਖ ਲਈਏ, ਫਿਰ ਇਸ ਤੇ ਵਾਪਸ ਆ ਸਕਦੇ ਹਾਂ ਕੋਈ ਹਰਜ ਨਹੀਂ ਹੈ । (Every one here is wise enough but I fail to understand where their wisdom has gone. I have said that let us first examine this matter and then we may resume discussion on this matter & there is no harm in it.)

ਸ੍ਰੀ ਮੋਹਨ ਲਾਲ : ਨਹੀਂ ਜੀ ਇਸ ਤਰ੍ਹਾਂ ਨਹੀਂ ਹੋ ਸਕਦਾ । ਮੈਨੂੰ ਇਕ ਮਿਨਟ ਦੀ ਇਜਾਜ਼ਤ ਦਿਉ । ਤੁਸੀਂ 15–20 ਮਿਨਟ ਸੋਚ ਕੇ ਜੋ ਮਰਜ਼ੀ ਫ਼ੈਸਲਾ ਕਰ ਦਿਉ । ਇਹ ਨਹੀਂ ਮੰਨ ਸਕਦਾ ਕਿ ਇਸ ਨੂੰ ਪੈਂਡਿੰਗ ਰਖ ਕੇ ਅਤੇ ਡਿਸਕਸ਼ਨ ਕਿਸੇ ਹੋਰ ਤੇ ਸ਼ੁਰੂ ਹੋ ਜਾਵੇ । ਇਹ ਪਰੋਸੀਜਰ ਨਹੀਂ ਹੈ । (ਆਪੋਜ਼ੀਸ਼ਨ ਵੱਲੋਂ ਤਾੜੀਆਂ) This is no procedure, I am not going to submit to it...... (ਸ਼ੋਰ)

ਚੌਧਰੀ ਬਲਬੀਰ ਸਿੰਘ : ਤੁਸੀਂ ਤਾਂ ਆਪਣੀ ਰੂਲਿੰਗ ਦੇ ਚੁਕੇ ਹੋ ।

ਸ੍ਰੀ ਸਪੀਕਰ : ਮੈਂ ਇਹ ਆਖਿਆ ਸੀ ਕਿ ਪਹਿਲੇ ਜਿਹੜਾ ਰੈਜ਼ੋਲਿਊਸ਼ਨ ਸੀ ਉਸ ਨੂੰ ਵੇਖ ਲਉ ਫਿਰ ਇਹ ਚੀਜ਼ ਕਰਾਂਗੇ । ਮੈਂ 81 ਰੂਲ ਦੱਸਿਆ ਹੈ ਉਸ ਦੇ ਮੁਤਾਬਿਕ ਵੇਖ ਲਈਏ ਕਿ ਪਹਿਲੇ ਹੋ ਚੁਕਾ ਹੈ ਜਾਂ ਨਹੀਂ । ਜੇ ਆ ਚੁਕੀ ਹੈ ਤਾਂ ਅਸੀਂ ਦੇਖ ਲੈਂਦੇ ਹਾਂ ਜਦ ਤਕ ਦੂਜਾ ਮਤਾ ਟੇਕ ਅਪ ਕਰ ਲੈਂਦੇ ਹਾਂ । (I have already stated that the previous resolution be examined; then discussion on this resolution should take place. I have quoted Rule 81. It should be examined whether this matter has already been discussed or not. If this has already been done, I will examine it. Till then we should take up the second resolution.)

(*Voices from Opposition* : *No, No, Noise*)

Mr. Speaker : No interruption please. ਮੈਂ ਦੇਖ ਲਿਆ ਹੈ ਰੀਕਾਰਡ । ਪਹਿਲਾ ਰੈਜ਼ੋਲਿਊਸ਼ਨ ਸਟੇਟ ਟਰੇਡਿੰਗ ਦੇ ਮੁਤਅੱਲਿਕ ਨਹੀਂ ਸੀ । ਕੋਈ ਡੀਸੀਜ਼ਨ ਨਹੀਂ ਸੀ ਹੋਇਆ । ਇਸ ਵਾਸਤੇ ਮੈਂ ਇਸ ਰੈਜ਼ੋਲਿਊਸ਼ਨ ਤੇ ਬਹਿਸ ਨੂੰ ਐਲਾਉ ਕਰਦਾ ਹਾਂ, ਇਸ ਨੂੰ ਜਾਰੀ ਕੀਤਾ ਜਾਵੇ । (No interruption please. I have seen the record. The previous resolution did not relate to State Trading. No decision was taken and therefore, I allow the discussion on this resolution and it be continued.) (*Cheers and thumping of Benches from the Opposition.*)

ਇਕ ਵਿਰੋਧੀ ਮੈਂਬਰ : ਚੌਧਰੀ ਬਲਬੀਰ ਸਿੰਘ ਨੂੰ ਪਾਣੀ ਦਿਉ । (ਹਾਸਾ)

(*Interruptions*)

ਕਾਮਰੇਡ ਭਾਨ ਸਿੰਘ ਭੌਰਾ : ਜਨਾਬ, ਮੈਂ ਕਾਲ ਅਟੈਨਸ਼ਨ ਮੋਸ਼ਨ ਦਾ ਨੋਟਿਸ ਦਿੱਤਾ ਸੀ । ਉਹ 12.20 ਤੇ ਆਪ ਪਾਸ ਪਹੁੰਚ ਗਿਆ ਸੀ ਅਤੇ ਮੈਨੂੰ ਕਾਪੀ ਵੀ ਮਿਲ ਗਈ ਹੈ । ਇਸ ਲਈ ਇਸ ਨੂੰ ਅੱਜ ਟੇਕ ਅਪ ਕਰ ਲਿਆ ਜਾਵੇ । ਇਹ ਬਹੁਤ ਅਰਜੈਂਟ ਮਾਮਲਾ ਹੈ ।

ਸ੍ਰੀ ਸਪੀਕਰ : ਬਗੈਰ ਰੂਲ ਦੇ ਨਹੀਂ ਲਈ ਜਾ ਸਕਦੀ । ਕਲ ਆ ਜਾਵੇਗੀ । (It cannot be taken up against the rules. It will be taken up tomorrow.)

ਚੌਧਰੀ ਬਲਬੀਰ ਸਿੰਘ : On a point of order, Sir. ਤੁਸੀਂ ਕੀ ਡਿਸੀਜ਼ਨ ਦਿੱਤਾ ਹੈ ?

ਸ੍ਰੀ ਸਪੀਕਰ : ਇਹ ਜਿਹੜਾ ਰੈਜ਼ੋਲਿਊਸ਼ਨ ਹੈ ਇਹ ਪਹਿਲਾਂ ਨਹੀਂ ਆਇਆ, ਹੁਣ ਇਸ ਤੇ ਡਿਸਕਸ਼ਨ ਜਾਰੀ ਰਹੇਗੀ । (This resolution had not been taken up earlier and now discussion will continue on it.)

ਚੌਧਰੀ ਬਲਬੀਰ ਸਿੰਘ : ਫਿਰ ਇਸ ਤੇ ਜਿਹੜੀ ਅਮੈਂਡਮੈਂਟ ਸੀ ਉਸ ਦਾ ਕੀ effect ਹੋਇਆ ।

ਸ੍ਰੀ ਸਪੀਕਰ : ਉਹ omission ਦੀ ਵਜਹ ਕਰਕੇ ਹੋਈ । (It related to an omission.)

Resolution

STATE TRADING IN FOODGRAINS (Resumption of Discussion)

ਕਾਮਰੇਡ ਸਤਪਾਲ ਕਪੂਰ(ਰਾਏਪੁਰ) : ਜਨਾਬ ਸਪੀਕਰ ਸਾਹਿਬ, ਮੇਰੀ ਅਰਜ਼ ਇਹ ਹੈ ਕਿ ਬਾਵਜੂਦ ਇਸ ਗਲ ਦੇ ਕਿ ਪੰਜਾਬ ਅਸੈਂਬਲੀ ਇਸ ਗੱਲ ਦੀ ਸਿਫਾਰਸ਼ ਕਰ ਚੁਕੀ ਹੈ ਕਿ ਸਟੇਟ ਟਰੇਡਿੰਗ ਸੂਬੇ ਵਿੱਚ ਲਾਗੂ ਕੀਤੀ ਜਾਵੇ ਸਰਕਾਰ ਨੇ ਕੋਈ ਧਿਆਨ ਨਹੀਂ ਦਿੱਤਾ । ਮੈਂ ਇਹ ਕਹਾਂਗਾ ਕਿ ਸਰਕਾਰ ਪਾਰਸ਼ਲ ਟ੍ਰੇਡਿੰਗ ਕਰਨਾ ਚਾਹੁੰਦੀ ਹੈ । (ਵਿਘਨ).....

ਸਰਦਾਰ ਲਛਮਣ ਸਿੰਘ ਗਿੱਲ : ਇਹ ਤਾਂ ਪੰਡਿਤ ਜੀ ਤੁਹਾਡੇ ਮਤੇ ਦੇ ਖਿਲਾਫ ਕਹਿ ਰਹੇ ਹਨ । (ਵਿਘਨ)

ਸ੍ਰੀ ਮੋਹਨ ਲਾਲ : ਕਹਿ ਲੈਣ ਦਿਓ ਇਨ੍ਹਾਂ ਨੂੰ ।

श्री अ. विश्वनाथन : आन ए प्वायंट आफ आर्डर, सर । राज्यपाल महोदय ने अपने ऐड्रेस में जो प्रस्ताव पेश किया है उसका संशोधन पास हो चुका है और अब इसलिये जो प्वायंट चौधरी बलबीर सिंह जी ने उठाया था वह सही था और इन्हें मानना पड़ेगा । (विघ्न)

ਕਾਮਰੇਡ ਸੱਤਪਾਲ ਕਪੂਰ : ਮੇਰਾ ਪੁਆਇੰਟ ਆਫ ਵਿਊ ਹੈ । (ਵਿਘਨ)

ਸ੍ਰੀ ਸਪੀਕਰ : ਜਿਹੜੀ ਗੱਲ ਤੁਸੀਂ ਕਹੀ ਹੈ ਉਸ ਨੇ ਕੰਟ੍ਰੋਵਰਸੀ ਵਿੱਚ ਪਾ ਦਿੱਤਾ ਹੈ । ਤੁਸੀਂ ਹਾਊਸ ਨੂੰ ਦੱਸ ਤਾਂ ਦਿਉ ਕਿ ਪੰਡਿਤ ਜੀ ਵਾਲੇ ਮਤੇ ਨੂੰ ਤੁਸੀਂ ਸਪੋਰੇਟ ਕਰਦੇ ਹੋ ਜਾਂ ਨਹੀਂ । ਪੰਡਿਤ ਜੀ ਤੁਸੀਂ ਆਪਣੇ ਸਾਥੀਆ ਨੂੰ ਤਾਂ ਦੱਸ ਦਿਆ ਕਰੋ (ਵਿਘਨ) (What the hon. Member has said has raised a controversy. He may tell the House whether he speaks in support of Pandit Jee's resolution or not. Pandit jee should take his friends in to confidence. (*Interruption*)

ਸ੍ਰੀ ਮੋਹਨ ਲਾਲ : ਮੈਂ ਤਾਂ ਦੱਸਣ ਨੂੰ ਤਿਆਰ ਹਾਂ ਪਰ ਹਾਊਸ ਪਾਬੰਦ ਨਹੀਂ ਹੋ ਸਕਦਾ । ਉਨ੍ਹਾਂ ਦੀ ਆਪਣੀ ਰਾਏ ਹੋ ਸਕਦੀ ਹੈ ਉਨ੍ਹਾਂ ਨੂੰ ਕਹਿ ਲੈਣ ਦਿਉ। (ਵਿਘਨ)

श्री अ, विश्वनाथन : इस प्वाइन्ट पर आप की रूलिंग आ जानी चाहिए ।

ਆਪੋਜ਼ੀਸ਼ਨ ਦਾ ਇਕ ਮਾਨਯੋਗ ਮੈਂਬਰ : ਇਸ ਨੂੰ ਬਾਹਰ ਕਢੋ ।

श्री अ, विश्वनाथन : मै महिन्द्र सिंह नहीं हूं जो बाहर निकाला जाउं । (विघ्न)

ਸ੍ਰੀ ਸਪੀਕਰ : ਇਨ੍ਹਾਂ ਦੀ ਸਪੀਚ irrelevant ਹੈ। (ਵਿਘਨ) (Hon. Member's speech is irrelevant.) (*Interruption*)

ਸਰਦਾਰ ਮਹਿੰਦਰ ਸਿੰਘ ਗਿੱਲ : ਹੁਣੇ ਹੀ ਸ੍ਰੀ ਅ. ਵਿਸ਼ਵਨਾਥਨ ਨੇ ਮੇਰਾ ਨਾਮ ਲਿਆ ਹੈ। ਇਨ੍ਹਾਂ ਨੂੰ ਇਹ ਸ਼ਬਦ ਵਾਪਸ ਲੈਣੇ ਚਾਹੀਦੇ ਹਨ । ਇਹ ਮਾੜੀ ਗੱਲ ਕੀਤੀ ਹੈ। (ਵਿਘਨ)

Shri A. Vishwanathan : He can be more irrelevant. It should be stopped.

ਸ੍ਰੀ ਪ੍ਰਬੋਧ ਚੰਦਰ : ਗੌਰਮੈਂਟ ਦੀ ਜੋ ਪਾਲੀਸੀ ਸੀ ਕਿਉਂਕਿ ਉਸ ਦੇ ਅਗੇਂਸਟ ਇਹ ਹੈ ਇਸ ਲਈ ਇਨ੍ਹਾਂ ਨੂੰ ਚਾਹੀਦਾ ਹੈ ਅਸਤੀਫਾ ਦੇ ਦੇਣ ਤਾਂ ਅਸੀਂ ਇਸ ਮਤੇ ਨੂੰ ਪ੍ਰੈਸ ਨਹੀਂ ਕਰਾਂਗੇ। (ਵਿਘਨ)

ਸ੍ਰੀ ਸਪੀਕਰ : ਪ੍ਰਬੋਧ ਜੀ ਇਹ ਅਸਤੀਫੇ ਇਸ ਤਰ੍ਹਾਂ ਨਹੀਂ ਹੁੰਦੇ। (ਹਾਸਾ) (Addressing Sh. Prabodh Chandra: The hon. Member may please note that these resignations are not tendered like that.) (Laughter)

ਕਾਮਰੇਡ ਸਤਪਾਲ ਕਪੂਰ : ਮੇਰੀ ਰਾਏ ਇਹ ਹੈ ਕਿ ਸੂਬੇ ਦੇ ਅੰਦਰ ਫੌਰਨ ਸਟੇਟ ਟ੍ਰੇਡਿੰਗ ਕਰ ਦੇਣੀ ਚਾਹੀਦੀ ਹੈ। ਸਰਕਾਰ ਇਕ ਤਰਫ ਤਾਂ ਕਹਿ ਰਹੀ ਹੈ ਕਿ ਸਟੇਟ ਟ੍ਰੇਡਿੰਗ ਪੂਰੀ ਨਹੀਂ ਪਰ ਇਸ ਅਸੂਲ ਨੂੰ ਬੁਨਿਆਦੀ ਤੌਰ ਤੇ ਮੰਨਦੀ ਹੈ ਕਿ ਦਰੁਸਤ ਹੈ ਪਰ ਪੰਜਾਬ ਦੇ ਮੌਜੂਦਾ ਹਾਲਾਤ ਨੂੰ ਵੇਖਦੇ ਹੋਏ ਇਸ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ। ਪਾਰਸ਼ਲ ਟ੍ਰੇਡਿੰਗ ਸ਼ੁਰੂ ਕਰ ਦਿਤੀ ਹੈ ਪਰ ਮੈਂ ਕਹਿੰਦਾ ਹਾਂ ਕਿ ਪਾਰਸ਼ਲ ਟ੍ਰੇਡਿੰਗ ਨਾਕਾਮਯਾਬ ਹੋ ਚੁਕੀ ਹੈ। ਹੁਣ ਇਸ ਤਰ੍ਹਾਂ ਕੀਤਾ ਜਾ ਰਿਹਾ ਹੈ ਕਿ ਸਰਕਾਰ ਵੀ ਆੜ੍ਹਤੀਆਂ ਦੀ ਮਾਰਫਤ ਹੀ ਮਾਲ ਖਰੀਦ ਕਰਦੀ ਹੈ। ਬੋਲੀ ਦੇ ਕੇ ਅਨਾਜ ਲੈਂਦੇ ਹਨ ਤੇ ਫਿਰ ਸਰਕਾਰ ਨੂੰ ਦਿੰਦੇ ਹਨ। ਇਸ ਸਰਕਾਰ ਦੇ ਆਪਣੇ ਆਂਕੜੇ ਹਨ ਕਿ 31 ਲਖ ਟਨ ਅਨਾਜ ਪੈਦਾ ਹੋਣਾ ਹੈ। ਜਿਤਨੀ ਪ੍ਰੋਡਕਸ਼ਨ ਹੋਣੀ ਹੈ ਉਸ ਦਾ ਅੰਦਾਜ਼ਾ ਲਗਾ ਲਿਆ ਗਿਆ ਹੈ 31 ਲਖ ਟਨ ਦਾ। 5 ਲਖ ਟਨ ਸਰਕਾਰ ਨੇ ਰੀਜ਼ਰਵ ਕਰਨਾ ਹੈ ਸਟਾਕ ਤੇ 18 ਲੱਖ ਟਨ ਪੰਜਾਬ ਦੇ ਲੋਕਾਂ ਦੀ ਲੋੜ ਹੈ। ਇਹ ਅੰਦਾਜ਼ਾ ਹੈ ਕਿ 6 ਲਖ ਟਨ ਪੰਜਾਬ ਦੇ ਲੋਕ ਖਰੀਦ ਸਕਣਗੇ। ਉਨ੍ਹਾਂ ਦੀ ਖਰੀਦ ਸ਼ਕਤੀ ਨੂੰ ਸਾਹਮਣੇ ਰਖ ਕੇ ਕਿਹਾ ਗਿਆ ਹੈ। 12 ਲਖ ਟਨ ਫਿਰ ਵੀ ਵਪਾਰੀਆਂ ਕੋਲ ਬਚ ਜਾਵੇਗਾ। ਸਪੀਕਰ ਸਾਹਿਬ, ਏਸੇ ਤਰ੍ਹਾਂ ਅਨਾਜ ਦੇ ਅੰਕੜੇ ਜਿਹੜੇ ਇਨ੍ਹਾਂ ਰਾਹੀਂ ਜ਼ਾਹਿਰ ਕੀਤੇ ਗਏ ਹਨ, ਉਹ ਇਸਤਰਾਂ ਬਣਦੇ ਹਨ ਕਿ 23 ਲਖ ਟਨ ਅਨਾਜ ਤਾਂ ਸਰਕਾਰ ਪੰਜਾਬ ਦੇ ਲੋਕਾਂ ਲਈ ਖਰੀਦੇਗੀ ਅਤੇ 6 ਲਖ ਟਨ ਅਨਾਜ ਹੋਰ ਪੰਜਾਬ ਸਰਕਾਰ ਖਰੀਦੇਗੀ ਜਿਹੜਾ ਇਨ੍ਹਾਂ ਨੇ ਦੂਸਰੇ ਸੂਬਿਆਂ ਨੂੰ ਸਪਲਾਈ ਕਰਨ ਦਾ ਵਾਇਦਾ ਕੀਤਾ ਹੈ। ਇਸਤਰ੍ਹਾਂ 8 ਲਖ ਟਨ ਹੋਰ ਅਨਾਜ ਬਾਕੀ ਰਹਿ ਜਾਵੇਗਾ ਜਿਹੜਾ ਕਿ ਵਪਾਰੀਆਂ ਦੀ ਖਰੀਦ ਲਈ ਬਚੇਗਾ। ਪਰ ਅਨਾਜ ਦੀ ਪੁਜ਼ੀਸ਼ਨ ਅਤੇ ਇਸ ਸਰਕਾਰ ਦੀ ਪੁਜ਼ੀਸ਼ਨ ਬੜੀ ਹੀ ਹਾਸੋਹੀਣੀ ਹੈ। ਇਹ ਸਰਕਾਰ ਭਾਵੇਂ ਖੁਦ ਅਨਾਜ ਖਰੀਦ ਕਰ ਰਹੀ ਹੈ ਪਰ ਅਜੇ ਤਕ ਕੋਈ ਕੀਮਤ ਮੁਕੱਰਰ ਕਰ ਨਹੀਂ ਸਕੀ। ਇਨ੍ਹਾਂ ਨੇ ਕੀਮਤਾਂ ਨੂੰ ਸੀਕਰਿਟ ਰਖਿਆ ਹੋਇਆ ਹੈ। ਮੈਂ ਪੁੱਛਦਾ ਹਾਂ ਕਿ ਐਸੇ ਹਾਲਾਤ ਵਿਚ ਕੀ ਇਹ ਪੰਜਾਬ ਦੇ ਵਿਚ ਸਟੇਟ ਟਰੇਡਿੰਗ ਲਾਗੂ ਕਰ ਸਕਦੇ ਹਨ। ਮੈਨੂੰ ਤਾਂ ਇਹ ਗਲ ਬਿਲਕੁਲ ਹੀ ਸਾਫ ਇਨ੍ਹਾਂ ਦੀ ਨਜ਼ਰ ਆਉਂਦੀ ਹੈ ਕਿ ਇਹ ਲੋਕ ਜਿਹੜੇ ਕਿ ਅਜ ਗਵਰਮੈਂਟ ਚਲਾਉਂਦੇ ਹਨ, ਜਿਸ ਤਰ੍ਹਾਂ ਦੀਆਂ ਇਹ ਗੱਲਾਂ ਕਰਦੇ ਹਨ, ਉਨ੍ਹਾਂ ਦੇ ਵਿਚ ਬਿਲਕੁਲ ਵੀ ਕਾਮਯਾਬ ਹੁੰਦੇ ਨਜ਼ਰ ਨਹੀਂ ਆਉਂਦੇ। ਮੈਂ ਉਨ੍ਹਾਂ ਵਿੱਚੋਂ ਹਾਂ ਜਿਸ ਨੂੰ ਮਹਿਜ਼ ਇਸ ਗੱਲ ਤੇ ਫੇਥ ਹੈ ਕਿ ਜੇ ਸਟੇਟ ਟ੍ਰੇਡਿੰਗ ਹੋਵੇ ਤਾਂ ਇਹ ਮੁਕੰਮਲ ਤੌਰ ਤੇ ਹੋਣੀ ਚਾਹੀਦੀ ਹੈ। ਬੁਨਿਆਦੀ ਤੌਰ ਤੇ ਮੈਂ ਇਸ ਅਸੂਲ ਦੇ ਹੱਕ ਵਿਚ ਹਾਂ ਕਿ ਐਸੀ ਸਟੇਟ ਟ੍ਰੇਡਿੰਗ ਹੋਵੇ ਜਿਸ ਦੇ ਬਾਰੇ ਕਿਸੇ ਨੂੰ ਕਿਤੇ ਵੀ ਕੋਈ ਸ਼ਕ ਦੀ ਗੁੰਜਾਇਸ਼ ਨਾ ਹੋਵੇ। ਪਰ ਜਿਸ ਤਰ੍ਹਾਂ ਦੀਆਂ ਗੱਲਾਂ ਪੰਜਾਬ ਸਰਕਾਰ ਪਿਛਲੇ ਦਿਨਾਂ ਤੋਂ ਏਥੇ ਕਰਦੀ ਆ ਰਹੀ ਹੈ, ਉਨ੍ਹਾਂ ਤੋਂ ਇਹ ਜ਼ਾਹਿਰ ਹੁੰਦਾ ਹੈ ਕਿ ਉਹ ਸਾਰੇ ਢਾਂਚੇ ਨੂੰ ਟੋਟਲੀ ਅਮੈਲਗਾਮੇਂਟ ਕਰਦੇ ਆ ਰਹੇ ਹਨ। ਤੁਸੀਂ ਅੰਦਾਜ਼ਾ ਲਗਾਉ ਕਿਤਨੇ ਦਿਨ ਇਨ੍ਹਾਂ ਨੂੰ ਅਨਾਜ ਖਰੀਦਦਿਆਂ ਨੂੰ ਹੋ ਗਏ ਹਨ ਪਰ ਅਜੇ ਤਕ ਅਨਾਜ ਦੀ ਕੀਮਤ ਮੁਕੱਰਰ

[ਕਾਮਰੇਡ ਸਤ ਪਾਲ ਕਪੂਰ]

ਕਰਕੇ ਇਹ ਲੋਕਾਂ ਨੂੰ ਦੱਸ ਵੀ ਨਹੀਂ ਸਕੇ; ਇਨ੍ਹਾਂ ਨੇ ਸਾਰਾ ਮੁਆਮਲਾ ਸੀਕਰਟ ਰੱਖਿਆ ਹੋਇਆ ਹੈ ਅਤੇ ਇਨ੍ਹਾਂ ਦੇ ਬੰਦੇ ਧੜਾ ਧੜ ਖਰੀਦੀ ਜਾ ਰਹੇ ਹਨ । ਅਸੀਂ ਚਾਹੁੰਦੇ ਹਾਂ ਕਿ ਸਟੇਟ ਟ੍ਰੇਡਿੰਗ ਹੋਵੇ ਉਹ ਮੁਕੰਮਲ ਤੌਰ ਤੇ ਹੋਣੀ ਚਾਹੀਦੀ ਹੈ। ਉਸ ਆਦਮੀ ਨੂੰ ਇਸ ਮਹਿਕਮੇ ਦਾ ਆਫਿਸ ਹੋਲਡ ਕਰਨਾ ਚਾਹੀਦਾ ਹੈ ਜਿਹੜਾ ਬੁਨਿਆਦੀ ਤੌਰ ਤੇ ਇਸ ਡੀਪਾਰਟਮੈਂਟ ਦੀ ਵਾਕਫੀਅਤ ਰਖਦਾ ਹੋਵੇ। ਮੈਂ ਕਹਿੰਦਾ ਹਾਂ ਕਿ ਤੁਸੀਂ ਜਿਹੜਾ ਅਨਾਜ ਬਾਹਰ ਦੀ ਸਟੇਟ ਨੂੰ ਦੇਣਾ ਕੀਤਾ ਹੈ ਉਹ ਅੱਠ ਲੱਖ ਟਨ ਦੇਣ ਤੋਂ ਬਾਅਦ ਅਤੇ ਆਪਣੇ ਸੂਬੇ ਦੀ ਲੋੜ ਪੂਰੀ ਕਰਨ ਤੋਂ ਬਾਅਦ ਵੀ ਇਤਨਾ ਹੋਣਾ ਹੈ ਕਿ ਇਹ ਸੰਭਾਲ ਨਹੀਂ ਸਕਣਗੇ; ਜਿਹੜਾ ਕਿ ਮੇਰੇ ਅੰਦਾਜ਼ੇ ਦੇ ਮੁਤਾਬਿਕ 18 ਲੱਖ ਟਨ ਦੇ ਕਰੀਬ ਹੋਵੇਗਾ । ਇਸ ਲਈ ਇਹ ਸਰਪਲਸ ਅਨਾਜ ਜਿਹੜਾ ਵਧੇਗਾ ਇਕ ਪਾਰਸ਼ਲ ਟਰੇਡਿੰਗ ਦਾ ਕਾਰਨ ਬਣੇਗਾ ਜਿਹੜਾ ਕਿ ਆੜ੍ਹਤੀਆਂ ਦੀ ਮਾਰਫਤ ਖਰੀਦੋ ਫਰੋਖਤ ਹੋਣਾ ਹੈ। ਮੈਂ ਕਹਿ ਸਕਦਾ ਹਾਂ ਕਿ ਇਸਤਰ੍ਹਾਂ ਕੰਪਲੀਟ ਸਟੇਟ ਟਰੇਡਿੰਗ ਨਹੀਂ ਹੋਣੀ । ਅਲਟੀਮੇਟਲੀ ਇਸ ਦਾ ਨਤੀਜਾ ਵੀ ਇਹੋ ਹੋਵੇਗਾ ਕਿ ਬਿਉਪਾਰੀ ਅਨਾਜ ਸਟੋਰ ਕਰ ਲੈਣਗੇ। ਤਿੰਨ ਚਾਰ ਮਹੀਨੇ ਤੋਂ ਬਾਅਦ ਉਹ ਸਰਕਾਰ ਤੇ ਇਸ ਕਿਸਮ ਦਾ ਪ੍ਰੈਸ਼ਰ ਪਾਉਣਗੇ ਕਿ ਸਰਕਾਰ ਉਨ੍ਹਾਂ ਨੂੰ ਬਾਹਰ ਦੀਆਂ ਮੰਡੀਆਂ ਦੇ ਵਿੱਚ ਭੇਜਣ ਦੇ ਲਈ ਮਜ-ਬੂਰ ਹੋ ਜਾਵੇਗੀ ਅਤੇ ਇਸਤਰ੍ਹਾਂ ਅਨਾਜ ਦੀ ਕੀਮਤ ਵਿਚ ਵੀ ਇਸ ਸੂਬੇ ਵਿਚ ਵਾਧਾ ਹੋ ਜਾਣਾ ਨਿਹਾਇਤ ਜ਼ਰੂਰੀ ਹੋਵੇਗਾ । ਸਟੇਟ ਟਰੇਡਿੰਗ ਦਾ ਮਤਲਬ ਇਹ ਹੁੰਦਾ ਹੈ ਕਿ ਪ੍ਰੋਡੀਊਸਰ ਨੂੰ ਉਸ ਦੇ ਮਾਲ ਦਾ ਮੁਲ ਵਾਜਬੀ ਮਿਲੇ, ਕਨਜ਼ਿਊਮਰ ਨੂੰ ਵੀ ਬਹੁਤ ਜ਼ਿਆਦਾ ਮੁਲ ਤੇ ਖਰੀਦਣਾ ਨਾ ਪਵੇ, ਉਸ ਨੂੰ ਵਾਜਬੀ ਦਾਮ ਦੇਣੇ ਪੈਣ ਅਤੇ ਇਸ ਦੇ ਨਾਲ ਹੀ ਦੁਕਾਨਦਾਰ ਨੂੰ ਵੀ ਬਹੁਤ ਹੀ ਜ਼ਿਆਦਾ ਮੁਨਾਫਾ ਨਾ ਮਿਲੇ ਉਸ ਨੂੰ ਵੀ ਵਾਜਬੀ ਮੁਨਾਫਾ ਮਿਲਣਾ ਚਾਹੀਦਾ ਹੈ । ਪਰ ਜਿਸ ਤਰ੍ਹਾਂ ਦਾ ਇਹ ਤਰੀਕਾ ਇਖਤਿਆਰ ਕਰ ਰਹੇ ਹਨ ਇਸ ਦੇ ਨਾਲ ਵਾਜਬੀ ਸਟੇਟ ਟਰੇਡਿੰਗ ਨਹੀਂ ਹੋ ਸਕਦੀ । ਇਸ ਸੂਬੇ ਦੇ ਅੰਦਰ ਜੋ ਕੋਈ ਆਮਦਨੀ ਦਾ ਸਾਧਨ ਹੈ ਉਹ ਅਨਾਜ ਦੀ ਪੈਦਾਵਾਰ ਤਾਂ ਹੈ । ਇਸ ਸੂਬੇ ਦੀ ਅਨਾਜ ਦੀ ਪੈਦਾਵਾਰ ਸਾਰੇ ਹਿੰਦੁਸਤਾਨ ਦੇ ਸੂਬਿਆਂ ਦੀ ਖੁਰਾਕ ਦਾ ਮਸਲਾ ਹਲ ਕਰਦੀ ਹੈ। ਜੇ ਏਥੇ ਮੁਕੰਮਲ ਤੌਰ ਤੇ ਸਟੇਟ ਟਰੇਡਿੰਗ ਨਾ ਹੋਵੇ ਤਾਂ ਇਸ ਦਾ ਅਸਰ ਬਾਕੀ ਦੇ ਸਾਰੇ ਸੂਬਿਆਂ ਤੇ ਪੈਣਾ ਲਾਜ਼ਮੀ ਹੈ। ਸਟੇਟ ਟਰੇਡਿੰਗ ਦੇ ਮੁਤਾਲਿਕ ਇਸ ਸਟੇਟ ਦੀ ਇਸ ਤਰ੍ਹਾਂ ਦੀ ਕਨਫੀਊਜ਼ਡ ਪਾਲੀਸੀ ਨਾਲ ਇਹ ਮਸਲਾ ਬਿਲਕੁਲ ਵੀ ਹੱਲ ਨਹੀਂ ਹੋਣਾ। ਅਸੀਂ ਜਿਹੜੇ ਸਾਰੇ ਹਿੰਦੁਸਤਾਨ ਨੂੰ ਰਾਹ ਵਿਖਾਉਣ ਦੇ ਦਾਵੇ ਕਰਦੇ ਹਾਂ ਇਨ੍ਹਾਂ ਹਾਲਾਤ ਦੇ ਵਿੱਚ ਅਸੀਂ ਹਰਗਿਜ਼ ਨਹੀਂ ਦਿਖਾ ਸਕਾਂਗੇ।ਖੁਰਾਕ ਦਾ ਮਸਲਾ ਹਲ ਨਹੀਂ ਹੋਣਾ, ਜਿਥੇ ਮੈਨੂੰ ਇਸ ਗੱਲ ਦਾ ਬੜਾ ਦੁੱਖ ਹੈ ਉੱਥੇ ਮੈਨੂੰ ਅਫਸੋਸ ਵੀ ਬੜਾ ਹੈ। ਏਥੋਂ ਦੀ ਕਮਿਊਨਿਸਟ ਪਾਰਟੀ ਜੋ ਕੁਝ ਵੀ ਕਰਦੀ ਹੈ, ਇਨ੍ਹਾਂ ਦੀ ਕੋਆਰਡੀਨੇਸ਼ਨ ਕਮੇਟੀ ਨੇ ਜੋ ਫੈਸਲਾ ਕੀਤਾ ਹੈ, ਜਿਸ ਤਰ੍ਹਾਂ ਦੇ ਕੰਮ ਇਸ ਪਾਰਟੀ ਨੇ ਪਿਛਲੇ ਦਿਨਾਂ ਵਿਚ ਫਰੰਟ ਵਜ਼ਾਰਤ ਨਾਲ ਮਿਲ ਕੇ ਕੀਤੇ ਹਨ ਕਾਮਰੇਡ ਸੁਰਜੀਤ ਜੀ ਤੁਹਾਨੂੰ ਇਸ ਮੁਲਕ ਦੇ ਕਮਿਊਨਿਸਟ ਅਤੇ ਬਾਹਰਲੇ ਮੁਲਕਾਂ ਦੇ ਕਮਿਊਨਿਸਟ, ਦੁਨੀਆਂ ਦੇ ਕਮਿਊਨਿਸਟ ਹਰਗਿਜ ਹਰਗਿਜ਼ ਮੁਆਫ ਨਹੀਂ ਕਰਨਗੇ। ਇਸਤਰ੍ਹਾਂ ਦੀਆਂ ਉਨ੍ਹਾਂ ਨੇ ਗੱਲਾਂ ਕੀਤੀਆਂ ਹਨ ਜਿਹੜੀਆਂ ਕਿ ਇਨ੍ਹਾਂ ਦੀ ਬੁਨੀਆਦੀ ਪਾਲੀਸੀ ਦੇ ਬਿਲਕੁਲ ਵਿਰੁਧ ਹਨ। ਜਿਸ ਤਰ੍ਹਾਂ ਦੀਆਂ ਇਨ੍ਹਾਂ ਨੇ ਗੱਲਾਂ ਕੀਤੀਆਂ ਹਨ ਕੋਈ ਇਮਪੀਰੀਅਲਿਸਟ ਵੀ ਨਹੀਂ ਕਰ ਸਕਦਾ । ਜਦੋਂ ਵੀ ਇਨ੍ਹਾਂ ਦੇ ਹੱਥ ਪਾਵਰ ਆਈ ਹੈ, ਇਨ੍ਹਾਂ ਨੇ ਇਸ ਤਰ੍ਹਾਂ ਦੀ ਕਨਫੀਊਜ਼ਡ ਪਾਲੀਸੀ ਅਡਾਪਟ ਕੀਤੀ ਹੈ ਕਿ ਇਹ ਕਨਜ਼ੀਊਮਰ ਅਤੇ ਗਰੋਅਰ ਨੂੰ ਆੜ੍ਹਤੀਏ ਦੀ ਗੁਲਾਮੀ ਤੋਂ ਬਚਾ ਨਹੀਂ ਸਕਣਗੇ। ਦੋਵੇਂ ਆੜ੍ਹਤੀਏ ਦੇ ਕਰਜ਼ਦਾਰ ਹੋਣਗੇ। ਅਨਾਜ ਖਰੀਦਣ ਵਾਲਾ ਵੀ ਲੁਟਿਆ ਜਾਵੇਗਾ ਅਤੇ ਅਨਾਜ ਵੇਚਣ ਵਾਲਾ ਵੀ ਲੁਟਿਆ ਜਾਣਾ ਹੈ । ਇਸ ਤਰ੍ਹਾਂ ਦੇ ਕਰਾਇਸਿਜ਼ ਦੇ ਵਿੱਚੋਂ ਇਹ ਸਰਪਲਸ ਸਟੇਟ ਗੁਜ਼ਰ ਰਹੀ ਹੈ ਕਿ ਸਿਵਾਏ ਸਟੇਟ

ਟਰੇਡਿੰਗ ਕਰਨ ਦੇ ਕਿਵੇਂ ਵੀ ਇਸ ਸੂਬੇ ਨੂੰ ਸਪਲੀਮੈਂਟ ਨਹੀਂ ਕੀਤਾ ਜਾ ਸਕਦਾ । ਪਰ ਇਹ ਸੱਤ ਰੰਗੀ ਵਜ਼ਾਰਤ ਅੱਜ ਲੋਕਾਂ ਨੂੰ ਆੜ੍ਹਤੀਆਂ ਦੇ ਕਰਜ਼ਦਾਰ ਬਣਾ ਦੇਣਾ ਚਾਹੁੰਦੀ ਹੈ।

ਲੋਕ ਕਾਰਜ ਅਤੇ ਵਿਦਿਆ ਮੰਤਰੀ (ਸਰਦਾਰ ਲਛਮਣ ਸਿੰਘ ਗਿਲ): ਹੁਣ ਤਾਈਂ 20 ਵਰ੍ਹੇ ਤੋਂ ਲੈਕੇ ਇਨ੍ਹਾਂ ਆੜ੍ਹਤੀਆਂ ਤੋਂ ਨੋਟਾਂ ਦੇ ਥੱਬੇ ਦੇ ਥੱਬੇ ਲੈਂਦੇ ਆਏ ਹੋ ।

ਕਾਮਰੇਡ ਸਤਪਾਲ ਕਪੂਰ : ਤੁਸੀਂ ਕਿਹੜੀ ਘੱਟ ਗੁਜ਼ਾਰੀ ਹੈ। ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਇਸ ਸੂਬੇ ਦੀ ਨਵੀਂ ਵਜ਼ਾਰਤ ਵਿੱਚ ਪਾਵਰ ਵਿੱਚ ਆਉਣ ਦੀ ਖਾਤਰ ਆਪਣੇ ਬੁਨਿਆਦੀ ਅਸੂਲਾਂ ਨੂੰ ਕਮਿਊਨਿਸਟ ਪਾਰਟੀ ਨੇ ਕੁਰਬਾਨ ਕੀਤਾ । ਇਨ੍ਹਾਂ ਦੇ ਮੁਤਾਲਿਕ ਲੈਫਟਿਸਟ ਕਮਿਊਨਿਸਟ ਪਾਰਟੀ ਦੇ ਇਕ ਰੁਕਨ ਨੇ ਲਿਖਿਆ ਹੈ ਕਿ ਸਾਡਾ ਮਤਲਬ ਸੀ ਕਿ ਪੰਜਾਬ ਦੇ ਕਮਿਊਨਿਸਟ ਗਵਰਮੈਂਟ ਵਿੱਚ ਆਕੇ ਹਿੰਦੁਸਤਾਨ ਨੂੰ ਰਾਹ ਦਿਖਾਉਣਗੇ ਪਰ ਇਹ ਗੱਲ ਸਾਨੂੰ ਅਫਸੋਸ ਨਾਲ ਕਹਿਣੀ ਪੈਂਦੀ ਹੈ ਕਿ ਬਜਾਏ ਇਸ ਦੇ ਕਿ ਉਹ ਕੋਈ ਰਾਹ ਵਿਖਾਉਣ ਇਸ ਪਾਰਟੀ ਨੂੰ ਜਨ ਸੰਘ ਡਾਮੀਨੇਟ ਕਰਦਾ ਹੈ, ਅਤੇ ਉਹ ਬਿਉਪਾਰੀਆਂ ਦੇ ਗੁਲਾਮ ਬਣ ਕੇ ਰਹਿ ਗਏ ਹਨ । (ਇਕ ਮੈਂਬਰ: ਉਹ ਗੱਲ ਵੀ ਦੱਸੋ ਜੋ ਏਥੇ ਬੈਠੇ ਕਹਿੰਦੇ ਸੀ।) ਉਹ ਇਹੋ ਸੀ ਕਿ ਤੁਸੀਂ ਕਹਿੰਦੇ ਸੀ ਕਿ ਮੈਨੂੰ ਵਜ਼ੀਰ ਲੈ ਲਉ ਤਾਂ ਜੋ ਬਿਰਲੇ ਦੀ ਗੁਲਾਮੀ ਲੋਕਾਂ ਤੇ ਬਣੀ ਰਹੇ । ਐਸੇ ਹਾਲਾਤ ਵਿੱਚ ਜਦੋਂ ਕਿ ਕੋਈ ਵਜ਼ਾਰਤ ਮਿਸਲੀਡ ਕਰਦੀ ਹੋਵੇ ਸਾਡਾ ਸਾਰਿਆਂ ਦਾ ਸਭ ਤੋਂ ਵੱਡਾ ਫਰਜ਼ ਬਣਦਾ ਹੈ ਕਿ ਸਭ ਗੱਲਾਂ ਨੂੰ ਛੱਡ ਕੇ ਕਲੀਅਰ ਕਟ ਗੱਲ ਮੈਂ ਕਰਾਂਗਾ ਕਿ ਇਸ ਸੂਬੇ ਦੀ ਭਲਾਈ ਲਈ, ਪੰਜਾਬ ਦੇ ਪ੍ਰੋਡੀਊਸਰ ਦੀ ਭਲਾਈ ਲਈ, ਪੰਜਾਬ ਦੇ ਗਰੋਅਰ ਦੀ ਭਲਾਈ ਲਈ, ਜਲਦੀ ਤੋਂ ਜਲਦੀ ਸਟੇਟ ਟਰੇਡਿੰਗ ਲਾਗੂ ਕੀਤੀ ਜਾਏ ।

ਲੋਕ ਕਾਰਜ ਅਤੇ ਵਿਦਿਆ ਮੰਤਰੀ (ਸਰਦਾਰ ਲਛਮਣ ਸਿੰਘ ਗਿੱਲ): ਸਪੀਕਰ ਸਾਹਿਬ, ਪੰਜਾਬੀ ਸੂਬੇ ਦੇ ਉਨ੍ਹਾਂ ਲੋਕਾਂ ਨਾਲ ਜਿਹੜੇ ਪੰਜਾਬ ਦੇ ਪਿੰਡਾਂ ਵਿੱਚ ਰਹਿੰਦੇ ਹਨ, ਉਹ ਛੋਟੇ ਛੋਟੇ ਕਿਸਾਨ ਜਿਹੜੇ ਆਪਣੀ ਮੇਹਨਤ ਨਾਲ, ਬੜੀ ਮੁਸ਼ਕਲ ਨਾਲ ਆਪਣੇ ਬਾਲ ਬੱਚੇ ਦਾ ਪੇਟ ਪਾਲਦੇ ਹਨ, ਪਿਛਲੇ 20-25 ਸਾਲ ਤੋਂ ਉਨ੍ਹਾਂ ਦੇ ਨਾਲ ਧੋਖਾ ਹੁੰਦਾ ਰਿਹਾ ਹੈ। ਦੇਸ਼ ਦੇ ਆਜ਼ਾਦ ਹੋ ਜਾਣ ਤੋਂ ਬਾਅਦ ਬੜੇ ਅਹਿਮ ਕੰਮ ਕਰਨ ਵਾਲੇ ਸਨ ਜਿਹੜੇ ਹੁਣ ਤਕ ਹੋ ਜਾਣੇ ਚਾਹੀਦੇ ਸਨ , ਪਰ ਹੁਣ ਤਕ ਜਿਹੜੇ ਲੋਕ ਇਤਨੀ ਆਸ ਲਗਾਈ ਬੈਠੇ ਸਨ ਉਨ੍ਹਾਂ ਦੇ ਲਈ ਕੁਝ ਨਾ ਕੀਤਾ ਗਿਆ ਅਤੇ ਉਨ੍ਹਾਂ ਨੂੰ ਧੋਖੇ ਵਿਚ ਹੀ ਰਖਿਆ। ਫਾਰਮਰ ਇਤਨੀ ਮੇਹਨਤ ਕਰਕੇ ਅਨਾਜ ਪੈਦਾ ਕਰਦਾ ਹੈ। ਇਹ ਉਸ ਦਾ ਹਕ ਬਣਦਾ ਹੈ ਕਿ ਸਰਕਾਰ ਉਸ ਦੇ ਅਨਾਜ ਦਾ ਯੋਗ ਮੁੱਲ ਉਸ ਨੂੰ ਦੇਵੇ । 20 ਸਾਲ ਐਸਾ ਨਹੀਂ ਹੋਇਆ । ਲੋਕ ਲਗਾਤਾਰ ਮੰਗ ਕਰਦੇ ਰਹੇ ਪਰ ਉਸ ਪਾਸੇ ਦੇ ਬੈਠੇ ਲੋਕਾਂ ਨੇ , ਜਿਨ੍ਹਾਂ ਨੂੰ ਇਸ ਕਰਕੇ ਹੀ ਉੱਧਰ ਬੈਠਣਾ ਪਿਆ ਹੈ ਮਾਸਜ਼ ਦਾ ਕੋਈ ਖਿਆਲ ਨਹੀਂ ਰੱਖਿਆ । ਇਹੋ ਇਕ ਸਭ ਤੋਂ ਵੱਡਾ ਫੈਕਟਰ ਹੈ ਜਿਸ ਦੇ ਕਾਰਨ ਉਨ੍ਹਾਂ ਨੂੰ ਉੱਧਰ ਜਾਣਾ ਪਿਆ । ਉਸ ਪਾਰਟੀ ਨੇ ਪਿਛਲੇ 20 ਸਾਲ ਦੇ ਵਿੱਚ ਜਿਤਨੀ ਜਨਤਾ ਨਾਲ ਗੱਦਾਰੀ ਕੀਤੀ, ਜਿਹੜਾ ਗੈਰ ਜ਼ੁਮੇਵਾਰੀ ਤੋਂ ਕੰਮ ਲਿਆ ਉਹ ਹਿਸਟਰੀ ਦੇ ਵਿਚ ਅਜੇ ਤਕ ਕਿਸੇ ਨੇ ਨਹੀਂ ਲਿਆ ।

ਚੌਧਰੀ ਦਰਸ਼ਨ ਸਿੰਘ : On a point of order, Sir, ਮੈਂ ਤੁਹਾਡੀ ਰੂਲਿੰਗ ਚਾਹੁੰਦਾ ਹਾਂ। ਇਹ ਤਾਂ ਕਿਹਾ ਜਾ ਸਕਦਾ ਹੈ ਕਿ ਕਾਂਗਰਸ ਸਰਕਾਰ ਨੇ ਵੀਹਾਂ ਸਾਲਾਂ ਤਕ ਕਿਸਾਨ ਦੀ ਭਲਾਈ ਲਈ ਕੁਝ ਨਹੀਂ ਕੀਤਾ। ਪਰ ਕੀ ਜਦੋਂ ਸਟੇਟ ਟ੍ਰੇਡਿੰਗ ਅਤੇ ਪ੍ਰਾਇਸਿਜ਼ ਲਈ ਬੋਲ ਰਹੇ ਹਨ ਇਹ ਕਹਿਣਾ ਕਿ ਕਾਂਗਰਸ ਨੇ ਸੂਬੇ ਨਾਲ ਗੱਦਾਰੀ ਕੀਤੀ ਹੈ, ਅਤਿਆਚਾਰ ਕੀਤਾ ਹੈ, ਧਰੋਹ ਕੀਤਾ (ਵਿਘਨ) ਇਹ ਕੀਤਾ, ਉਹ ਕੀਤਾ ਇਸ ਤਰ੍ਹਾਂ ਨਾਲ ਤਾਲੀਆਂ ਲਗਾਉਣਾ ਠੀਕ ਹੈ ? ਇਹ ਰੈਲੇਵੈਂਟ ਨਹੀਂ ਹੈ । (ਵਿਘਨ)

ਆਵਾਜ਼ਾਂ : ਸਚ ਹਮੇਸ਼ਾ ਕੌੜਾ ਹੁੰਦਾ ਹੈ ।

ਲੋਕ ਕਾਰਜ ਅਤੇ ਵਿਦਿਆ ਮੰਤਰੀ : ਕਿਸੇ ਦੇ ਹੱਕ ਦੀ ਕੀਮਤ ਸਹੀ ਨਾ ਦਿਵਾਉਣਾ, ਮਾਲ ਦਿਨੇਂ ਹੀ ਲੁਟ ਲੈਣਾ ਅਤੇ ਕਿਸੇ ਇਕ ਜਮਾਤ ਨਾਲ ਰਲ ਕੇ ਫਾਇਦਾ ਉਠਾਉਣਾ, ਮੈਂ ਜ਼ੋਰਦਾਰ ਲਫਜ਼ਾਂ ਨਾਲ ਕਹਿਦਾ ਹਾਂ ਕਿ ਜਿਹੜੀ ਸਰਕਾਰ ਇਸ ਤਰ੍ਹਾਂ ਕਰਦੀ ਹੈ ਉਹ ਜਨਤਾ ਨਾਲ ਗੱਦਾਰੀ ਕਰਦੀ ਹੈ । ਪਿਛਲੇ ਵੀਹਾਂ ਸਾਲਾਂ ਵਿੱਚ ਇਹ ਹੁੰਦਾ ਰਿਹਾ ਕਿ ਮੰਡੀਆਂ ਵਿਚ ਆਇਆ ਹੋਇਆ ਉਨ੍ਹਾਂ ਦਾ ਮਾਲ ਲੁਟਿਆ ਜਾਂਦਾ ਰਿਹਾ । ਜਨਤਾ ਦੀ ਚੁਣੀ ਹੋਈ ਸਰਕਾਰ ਹੋਵੇ ਅਤੇ ਉਸ ਦੀ ਪਾਲਿਸੀ ਇਹ ਹੋਵੇ ਕਿ ਉਨ੍ਹਾਂ ਦਾ ਮਾਲ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਬਿਨਾਂ ਕਿਸੇ ਕੀਮਤ ਦੇ ਲੁਟਿਆ ਜਾਂਦਾ ਰਿਹਾ ਹੋਵੇ। ਮੈਂ ਤਾਂ ਕਹਾਂਗਾ ਕਿ ਉਨ੍ਹਾਂ ਨੂੰ ਕੋਈ ਕੀਮਤ ਨਹੀਂ ਮਿਲਦੀ ਰਹੀ ......

ਆਪੋਜ਼ੀਸ਼ਨ ਬੈਂਚਾਂ ਤੋਂ ਆਵਾਜ਼ਾਂ : ਹੁਣ ਦੇ ਦਿਉ ।

ਲੋਕ ਕਾਰਜ਼ ਅਤੇ ਵਿਦਿਆ ਮੰਤਰੀ : ਮੈਂ ਉਸ ਪਾਸੇ ਵੀ ਆ ਜਾਂਦਾ ਹਾਂ। ਸ੍ਰੀ ਪਰਬੋਧ ਚੰਦਰ ਦੇ ਕਹਿਣ ਦੇ ਮੁਤਾਬਿਕ ਉਨ੍ਹਾਂ ਦੀ ਖੂਨ ਪਸੀਨੇ ਦੀ ਕਮਾਈ ਨਾਲ ਪੈਦਾ ਕੀਤਾ ਹੋਇਆ ਉਨ੍ਹਾਂ ਦਾ ਮਾਲ ਮੰਡੀਆ ਵਿਚ ਇਕ ਦੁਪੱਟਾ ਹੇਠਾਂ ਤੇ ਇਕ ਦੁਪੱਟਾ ਉਪਰ ਪਾ ਕੇ ਹੱਥਾਂ ਦੀਆਂ ਉਂਗਲੀਆਂ ਨਾਲ ਗਿਣ ਕੇ ਖਰੀਦ ਲਿਆ ਜਾਵੇ ਅਤੇ ਮਾਲ ਵਾਲੇ ਨੂੰ ਪਤਾ ਵੀ ਨਾ ਹੋਵੇ। ਇਹ ਸਭ ਕੁਝ ਹੁੰਦਾ ਰਿਹਾ ਅਤੇ ਇਹ ਸਰਕਾਰ ਵੇਖਦੀ ਰਹੀ (ਵਿਘਨ) ਫਿਰ ਇਹ ਵੀ ਹੁੰਦਾ ਰਿਹਾ ਕਿ ਮਾਲ ਚੁੱਕਿਆ ਨਾ ਗਿਆ ਅਤੇ ਇਸ ਬਹਾਨੇ ਕਿ ਬਾਰਸ਼ ਹੋ ਗਈ ਹੈ ਤਿੰਨ ਚਾਰ ਰੁਪੈ ਹੋਰ ਭਾਅ ਗਿਰਾ ਦੇਣੇ—ਇਹ ਸਰਕਾਰ ਜਿਹੜੀ ਡੈਮੋ-ਕਰੇਸੀ ਦੇ ਨਾਂ ਤੇ ਲੋਕਾਂ ਕੋਲੋਂ ਵੋਟ ਲੈਕੇ ਬੀਊਰੋਕਰੇਸੀ ਦਾ ਰਾਜ ਚਲਾਉਂਦੀ ਰਹੀ, ਇਸ ਦੀਆਂ ਕਰਤੂਤਾਂ ਦਾ ਪੰਜਾਬ ਦਾ ਬੱਚਾ ਬੱਚਾ ਗਵਾਹ ਹੈ। ਲੋਕਾਂ ਨੇ ਵੇਖਿਆ ਕਿ ਕਿਸ ਤਰ੍ਹਾਂ ਨਾਲ ਮਾਲ ਲੁਟਿਆ ਜਾਂਦਾ ਰਿਹਾ । ਚੰਦ ਲੋਕਾਂ ਨਾਲ ਰਲ ਕੇ ਸਰਕਾਰ ਮਾਲ ਲੁਟਦੀ ਰਹੀ, ਉਨ੍ਹਾਂ ਲੋਕਾਂ ਨੇ ਵੀ ਮਫਾਦ ਉਠਾਇਆ, ਫਿਰ ਉਨ੍ਹਾਂ ਕੋਲੋਂ ਵੀ ਰੁਪੈ ਲੈਕੇ ਜਮਹੂਰੀਅਤ ਦੇ ਨਾਂ ਤੇ ਬਣੀ ਹੋਈ ਆਪਣੀ ਜਮਾਤ ਨੂੰ ਕਾਇਮ ਰਖਿਆ । ਇਲੈਕਸ਼ਨਾਂ ਅਤੇ ਗੈਰ ਇਲੈਕਸ਼ਨਾਂ ਦੇ ਦੌਰਾਨ ਬਹੁਤ ਸਾਰਾ ਰੁਪਿਆ ਸਰਕਾਰ ਜਾਂ ਸਰਕਾਰ ਦੇ ਮਦਦਗਾਰਾਂ ਪਾਸ ਪਹੁੰਚਦਾ ਰਿਹਾ । ਜਿਨ੍ਹਾਂ ਲੋਕਾਂ ਨੇ ਅੰਨ ਪੈਦਾ ਕਰਕੇ ਦੇਸ਼ ਨੂੰ ਖਵਾਇਆ ਕੀ ਉਨ੍ਹਾਂ ਲਈ ਸਰਕਾਰ ਨੇ ਕੋਈ ਸਹੂਲਤ ਪੈਦਾ ਕੀਤੀ ? ਕੋਈ ਵੀ ਕਦਮ ਉਠਾਇਆ ਜਿਸ ਨਾਲ ਇਹ ਕਿਹਾ ਜਾਵੇ ਕਿ ਅੰਨ ਪਾਣੀ ਜਿਹੜਾ ਕਿ ਨਾ ਸਿਰਫ ਸਾਡੇ ਸੂਬੇ, ਬਲਕਿ ਸਾਰੇ ਦੇਸ ਦੇ ਸੰਕਟ ਨੂੰ ਦੂਰ ਕਰਦਾ ਹੈ ਜੇਕਰ ਜ਼ਰੂਰਤ ਤੋਂ ਜਿਆਦਾ ਹੈ ਤਾਂ ਉਹ ਜ਼ਾਇਆ ਨਾ ਜਾਵੇ। ਕੀ ਕਿਸੇ ਥਾਂ ਤੇ ਸਟੋਰ ਕਾਇਮ ਕੀਤੇ ਤਾਂ ਜੋ ਗਰੀਬ ਕਿਸਾਨ ਲੁਟੇਰਿਆਂ ਤੋਂ ਬਚਣ ਦੀ ਖਾਤਰ ਆਪਣਾ ਮਾਲ ਉੱਥੇ ਜਮਾ ਕਰ ਸਕੇ । ਕੀ ਤੁਸਾਂ ਕੋਈ ਕਦਮ ਉਠਾਇਆ ਜਿਸ ਨਾਲ ਕਿਸਾਨ ਦਾ ਮਾਲ ਮੰਡੀਆਂ ਵਿੱਚ ਲਿਆਉਣ ਲਈ ਸਾਧਨ ਮੁਹਈਆ ਕੀਤੇ ਜਾਣ, ਕੀ ਕੋਈ ਸੜਕਾਂ ਬਣਾਈਆਂ......... (ਵਿਘਨ)

ਕੈਪਟਨ ਰਤਨ ਸਿੰਘ : ਮਾਰਕਿਟ ਕਮੇਟੀਆਂ ਵੱਲ ਵੀ ਆਉ ।

ਲੋਕ ਕਾਰਜ ਅਤੇ ਵਿਦਿਆ ਮੰਤਰੀ : ਉਨ੍ਹਾਂ ਸਾਰੀਆਂ ਗੱਲਾਂ ਦਾ ਨਤੀਜਾ ਅੱਜ ਤੁਹਾਡੇ ਸਾਹਮਣੇ ਹੈ।

ਕੈਪਟਨ ਰਤਨ ਸਿੰਘ : ਮਾਰਕਿਟ ਕਮੇਟੀਆਂ ਨਹੀਂ ਬਣਾਈਆਂ ?

ਸ੍ਰੀ ਪਰਬੋਧ ਚੰਦਰ : ਕੈਪਟਨ ਰਤਨ ਸਿੰਘ ਜੀ ਅਨਪੜ੍ਹਾਂ ਦੇ ਵੱਸ ਪੈ ਗਏ ਹੋ ।

ਲੋਕ ਕਾਰਜ਼ ਅਤੇ ਵਿਦਿਆ ਮੰਤਰੀ : ਮੈਂ ਬਾਹਰ ਵਾਅਦਾ ਕਰਕੇ ਆਇਆ ਹਾਂ ਕਿ ਤੁਹਾਡੇ ਵਾਲੀ ਲੈਂਗੁਏਜ਼ ਨਹੀਂ ਵਰਤਣੀ । ਤੁਹਾਡੀ ਕਿਸੇ ਗੱਲ ਦਾ ਜਵਾਬ ਨਹੀਂ ਦੇਣਾ ਤਾਂ ਜੋ ਮਾਹੌਲ ਚੰਗਾ ਰਹੇ ।

ਮੈਂ ਕਹਿ ਰਿਹਾ ਸੀ ਕਿ ਉਸ ਦਾ ਨਤੀਜਾ ਜਿਹੜਾ ਨਿਕਲਿਆ ਉਸ ਦਾ ਗਵਾਹ ਇਹ ਹਾਊਸ ਹੈ । ਜਿੰਨੇ ਵੋਟ ਪੈਂਦੇ ਰਹੇ ਹਨ ਉਹ ਚੈਕ ਕਰਕੇ ਵੇਖ ਲਉ ਤਨਾਸਬ ਕੱਢ ਕੇ ਵੇਖ ਲਓ ਜਿਸ ਨੂੰ ਲੁਟਦੇ ਰਹੇ ਹੋ ਉਸ ਦੇ 80/85 ਪਰਸੈਂਟ ਵੋਟ ਤੁਹਾਡੇ ਖਿਲਾਫ ਪੈਂਦੇ ਰਹੇ ਹਨ । ਜਿਨ੍ਹਾਂ ਲੋਕਾਂ ਨੂੰ ਤੁਸੀਂ ਕਮਿਊਨਿਸਟ ਕਹਿਕੇ ਮਿਹਣੇ ਮਾਰਦੇ ਰਹੇ ਹੋ, ਜਿਨ੍ਹਾਂ ਨੂੰ 20 ਸਾਲਾਂ ਤਕ ਸਨੱਬ ਕਰਦੇ ਆਏ ਹੋ ਅਤੇ ਖੂੰਜੇ ਲਾਈ ਰਖਿਆ ਸੀ ਤੁਹਾਡੇ ਹੱਥੋਂ ਸਤਕੇ ਉਹ ਸਾਡੇ ਨਾਲ ਬੈਠੇ ਹਨ। ਉਨ੍ਹਾਂ ਨੇ ਵੋਟਰਜ਼ ਕੋਲੋਂ ਜਾਕੇ ਤਹਾਡੇ ਖਿਲਾਫ ਮੰਗ ਕੀਤੀ ਕਿ ਜਿਹੜੇ ਲੋਕ ਦਿਨ ਦਿਹਾੜੇ ਲੋਕਾਂ ਦਾ ਮਾਲ ਲੁਟਦੇ ਰਰੇ ਹਨ ਉਨ੍ਹਾਂ ਲੋਕਾਂ ਨੂੰ ਰਾਜ–ਗੱਦੀਆਂ ਤੋਂ ਲਾਹ ਛੱਡੋ, ਇਹ ਡਾਕੂ ਹਨ, ਲੁਟੇਰੇ ਹਨ, ਗੱਦਾਰ ਹਨ । (ਵਿਘਨ)

ਇਸ ਸਰਕਾਰ ਨੇ ਗਵਰਨਰ ਦੇ ਐਡਰੈਸ ਵਿਚ ਵਾਜ਼ੇਹ ਤਰੀਕੇ ਨਾਲ ਆਪਣਾ ਮਨ ਦੱਸ ਦਿੱਤਾ ਹੈ ਕਿ ਅਮਲ ਨਾਲ ਗੱਲੀਂ ਬਾਤੀਂ ਨਹੀਂ........

ਆਵਾਜ਼ਾਂ : ਭਾਅ ਨਹੀਂ ਦੱਸਣਾ ।

ਲੋਕ ਕਾਰਜ਼ ਅਤੇ ਵਿਦਿਆ ਮੰਤਰੀ : ਭਾਅ ਇਸ ਲਈ ਨਹੀਂ ਦੱਸਿਆ ਜਾ ਸਕਦਾ ਕਿ ਗੌਰਮਿੰਟ ਬੜੀ ਮਜ਼ਬੂਤੀ ਨਾਲ ਚਾਹੁੰਦੀ ਹੈ ਕਿ ਜ਼ਮੀਂਦਾਰਾਂ ਦਾ ਮਾਲ ਘਟ ਕੀਮਤ ਉਪਰ ਨਾ ਵਿਕੇ, ਕੋਈ ਆਦਮੀ ਐਸਾ ਨਾ ਹੋਵੇ ਕਿ ਭਾਅ ਨੂੰ ਜਾਣ ਕੇ ਹੇਠਲੇ ਹਿੱਸੇ ਤੋਂ ਖਰੀਦਣਾ ਸ਼ੁਰੂ ਕਰ ਦੇਵੇ ਇਸ ਲਈ ਸਿਆਣੇ ਵਜ਼ੀਰ ਨੇ ਦਬਾ ਕੇ ਭਾਅ ਰੱਖਿਆ ਹੋਇਆ ਹੈ (ਵਿਘਨ) ਤਾਰੀਖ ਗਵਾਹ ਹੈ ਕਿ ਤੁਸੀਂ 40, 50 ਰੁਪੈ ਕੁਇੰਟਲ ਕਣਕ ਖਰੀਦ ਕੇ 120 ਤੋਂ 140 ਰੁਪੈ ਕੁਇੰਟਲ ਵੇਚਦੇ ਰਹੇ ਹੋ । ਪੰਜਾਬ ਦੀਆਂ ਸਾਰੀਆਂ ਸੰਸਥਾਵਾਂ ਜਾਣਦੀਆਂ ਹਨ ਅਸੈਂਬਲੀ ਦੀ ਜਿਹੜੀ ਮੌਜੂਦਾ ਆਪੋਜ਼ੀਸ਼ਨ ਹੈ ਇਸ ਦੀ ਜ਼ਬਾਨ ਤੇ ਕੁਝ ਹੋਰ ਹੈ ਅਤੇ ਮਨ ਵਿਚ ਕੁਝ ਹੋਰ ਹੈ। ਸਟੇਟ ਟ੍ਰੇਡਿੰਗ ਦੇ ਨਾਂ ਤੇ, ਪੰਜਾਬੀ ਜ਼ਬਾਨ ਦੇ ਨਾਂ ਤੇ ਜਾਂ ਚੰਡੀਗੜ੍ਹ ਦੇ ਨਾਂ ਤੇ ਹਰ ਮੁਮਕਿਨ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਸਰਕਾਰ ਵਿੱਚ ਫੁੱਟ ਪਾਈ ਜਾਵੇ ਚਾਹੇ ਪੰਜਾਬ ਦਾ ਕਿੰਨਾ ਹੀ ਭਲਾ ਹੋ ਰਿਹਾ ਹੋਵੇ। ਪਰ ਅਸੀਂ ਸਾਫ ਕਹਿੰਦੇ ਹਾਂ ਕਿ ਸਾਰਾ ਪਿੰਡ ਮਰ ਜਾਵੇ ਆਪ ਨੂੰ ਲੰਬਰਦਾਰੀ ਨਹੀਂ ਮਿਲਣੀ । ਤੁਹਾਡੇ ਕਰਮਾਂ ਵਿੱਚ ਹੁਣ ਨਹੀਂ ਹੈ ਜਿੰਨੀ ਦੇਰ ਤੁਹਾਡੀ ਹੱਥ ਦੀ ਹਥੇਲੀ ਤੇ ਰਾਜ ਹੈ ਸੀ ਉਨੀ ਦੇਰ ਤੁਸਾਂ ਕਰ ਲਿਆ ਹੈ। ਹੁਣ ਨਹੀਂ ਹੈ। ਚਾਹੇ ਮਨ ਤੋਂ, ਚਾਹੇ ਬਾਹਰੋਂ ਤੁਸੀਂ ਇਹ ਰੈਜ਼ੋਲੂਸ਼ਨ ਲਿਆਏ ਹੋ ਇਹ ਨਿਸ਼ਾਨਾ ਬਹਰਹਾਲ ਚੰਗਾ ਹੈ। ਜ਼ਿੰਮੇਦਾਰ ਸਰਕਾਰ ਕਹਿੰਦੀ ਹੈ ਕਿ ਸਟੇਟ ਟ੍ਰੇਡਿੰਗ ਲਫ਼ਜ਼ਾਂ ਨਾਲ ਨਹੀਂ ਹੋ ਜਾਵੇਗੀ। ਫਰੰਟ ਦੀ ਸਰਕਾਰ ਨੇ ਇਹ ਤਹੱਈਆ ਕੀਤਾ ਹੋਇਆ ਹੈ ਕਿ ਪੰਜਾਬ ਵਿੱਚ ਕੰਪਲੀਟ ਸਟੇਟ ਟ੍ਰੇਡਿੰਗ ਕਰਨੀ ਹੈ । ਇਹ ਲਫਜ਼ਾਂ ਨਾਲ ਹੋ ਨਹੀਂ ਸਕਦੀ । ਇਸ ਵਾਸਤੇ ਸਭ ਤੋਂ ਪਹਿਲਾਂ ਸਾਧਨ ਅਖਤਿਆਰ ਕਰਨੇ ਪੈਣਗੇ । ਅਨਾਜ ਕਿੱਥੇ ਇਕੱਠਾ ਕੀਤਾ ਜਾਵੇ, ਅਜਿਹੇ ਸਾਧਨ ਸੋਚਣੇ ਪੈਣਗੇ । ਅਜਿਹਾ ਵਕਤ ਆਵੇਗਾ ਕਿ ਜ਼ਿਲੇ ਜ਼ਿਲੇ ਵਿੱਚ , ਤਹਿਸੀਲ ਤਹਿਸੀਲ ਵਿੱਚ ਅਤੇ ਪਿੰਡ ਪਿੰਡ ਵਿੱਚ ਅਜਿਹੇ ਸਾਧਨ ਮਹੱਈਆ ਕੀਤੇ ਜਾਣਗੇ। ਦੁਨੀਆ ਦੀ ਕੋਈ ਵੀ ਸਰਕਾਰ ਹੋਵੇ ਜੇਕਰ ਗਰੋਅਰ ਨੂੰ, ਜਿਹੜਾ ਕਿ ਅੰਨ ਪਾਣੀ ਆਪਣੀ ਮਿਹਨਤ ਨਾਲ ਪੈਦਾ ਕਰਦਾ ਹੈ ਉਸ ਦੇ ਮਾਲ ਦੀ ਸਹੀ ਕੀਮਤ ਨਹੀਂ ਦਿਲਾ ਸਕਦੀ ਤਾਂ ਉਹ ਸਰਕਾਰ ਕਾਇਮ ਨਹੀਂ ਰਹਿ ਸਕਦੀ । ਮੈਂ ਦਾਵੇ ਨਾਲ ਕਹਿੰਦਾ ਹਾਂ ਕਿ ਮੇਰੇ ਜਨਸੰਘੀ ਭਾਈ, ਅਕਾਲੀ ਪਾਰਟੀ ਦੇ ਮੈਂਬਰ ਜਾਂ ਕਮਿਊਨਿਸਟ ਭਰਾ ਜਿਨ੍ਹਾਂ ਨੂੰ ਸਰਕਾਰੀ ਬੈਂ

[ਲੋਕ ਕਾਰਜ ਅਤੇ ਵਿਦਿਆ ਮੰਤਰੀ]

ਤੇ ਬੈਠਣ ਦਾ ਸ਼ਰਫ ਹਾਸਿਲ ਹੈ ਉਹ ਕੰਪਲੀਟ ਤਰੀਕੇ ਨਾਲ ਇਸ ਵਿਚ ਹਨ । ਇਸ ਲਈ ਮੈਂ ਅਪਣੇ ਸਾਹਮਣੇ ਬੈਠੇ ਆਪੋਜੀਸ਼ਨ ਦੇ ਭਰਾਵਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਨ੍ਹਾਂ ਇਰਾਦਿਆਂ ਨਾਲ ਤੁਸੀਂ ਇਹ ਰੈਜ਼ੋਲਿਊਸ਼ਨ ਲਿਆਂਦਾ ਹੈ ਉਹ ਤੁਹਾਡੇ ਇਰਾਦੇ ਕਦੇ ਵੀ ਕਾਮਯਾਬ ਨਹੀਂ ਹੋ ਸਕਦੇ (ਟਰੇਜ਼ਰੀ ਬੈਂਚਾਂ ਵੱਲੋਂ ਥੰਪਿੰਗ) ਇਨ੍ਹਾਂ ਹੋਰ ਕੁਝ ਨਹੀਂ ਸਿਰਫ਼ ਸ਼ੋਰ ਹੀ ਸ਼ੋਰ ਕਰਨਾ ਹੈ। ਲੋਕ ਜਾਣਦੇ ਹਨ ਕਿ ਤੁਸਾਂ 20 ਸਾਲ ਤਕ ਕੀ ਕੀਤਾ ਹੈ । ਲੋਕ ਸਾਨੂੰ ਵੀ ਜਾਣਦੇ ਹਨ । ਅਸੀਂ ਤੁਹਾਡੇ ਰਹਿਮ ਤੇ ਨਹੀਂ ਲੋਕਾਂ ਦੀ ਤਰਜਮਾਨੀ ਦੇ ਜ਼ਰੀਏ ਜਿਉਂਦੇ ਹਾਂ। ਮੇਰੇ ਉਨ੍ਹਾਂ ਦੋਸਤਾਂ ਨੇ ਇਕ ਹੀ ਗੱਲ ਉਤੇ ਜ਼ੋਰ ਦਿੱਤਾ ਹੈ। ਮੈਂ ਉਸ ਪਾਸੇ ਜਾਣਾ ਤਾਂ ਨਹੀਂ ਸਾਂ ਚਾਹੁੰਦਾ ਮਗਰ ਮੈਨੂੰ ਬੜੇ ਦੁਖ ਨਾਲ ਕਹਿਣਾ ਪੈਂਦਾ ਹੈ ਕਿ ਤੁਹਾਡਾ ਇਹ ਪਰਾਪੇਗੰਡਾ ਹੁਣ ਨਹੀਂ ਚੱਲਣ ਲਗਾ । ਜਿਹੜੇ ਦੋਸਤ ਉਧਰੋਂ ਇਧਰ ਆਏ ਹਨ ਹਜ਼ਾਰਾਂ ਦੀ ਤਾਦਾਦ ਵਿੱਚ ਲੋਕਾਂ ਨੇ ਉਨ੍ਹਾਂ ਨੂੰ ਵਧਾਈ ਦੀਆਂ ਤਾਰਾਂ ਪਾਈਆਂ ਹਨ, ਜਿਥੇ ਉਹ ਗਏ ਹਨ ਉਨ੍ਹਾਂ ਦੇ ਗਲੇ ਵਿੱਚ ਫੁੱਲਾਂ ਦੇ ਹਾਰ ਪਏ ਹਨ । ਉਧਰ ਵੀ ਮੇਰਾ ਮਿੱਤਰ ਗਿਆ ਹੈ ਉਸ ਦੀ ਕਰਤੂਤ ਨੂੰ ਲੋਕਾਂ ਨੇ ਕਿਵੇਂ ਨਿੰਦਿਆ ਹੈ ਇਸ ਬਾਰੇ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ । ਉਹ ਬੜਾ ਜ਼ੁੰਮੇਵਾਰ ਆਦਮੀ ਸੀ, ਸਿਆਣਾ ਸੀ ਤੁਹਾਡੇ ਹੱਥ ਚੜ੍ਹ ਗਿਆ । ਫੇਰ ਵੀ ਮੈਂ ਦਾਵੇ ਨਾਲ ਕਹਿ ਸਕਦਾ ਹਾਂ ਕਿ ਉਸ ਭਰਾ ਨੇ ਸੋਚ ਵਿਚਾਰ ਕਰਕੇ ਫੇਰ ਵੀ ਇਸੇ ਪਾਸੇ ਆ ਜਾਣਾ ਹੈ ਕਿਉਂਕਿ ਉਸ ਨੂੰ ਪਤਾ ਹੈ ਕਿ ਜੋ ਜ਼ਿੰਮੇਵਾਰ ਔਰ ਪੰਜਾਬ ਦਾ ਕਲਿਆਣ ਕਰਨ ਵਾਲੀ ਪਾਰਟੀ ਹੈ, ਉਹ ਇਸ ਪਾਸੇ ਹੀ ਹੈ । (ਵਿਘਨ)

ਸਰਦਾਰ ਬਲਦੇਵ ਸਿੰਘ : ਸਪੀਕਰ ਸਾਹਿਬ, ਮੈਂ ਇਹ ਕਹਿਣਾ ....

ਸ਼੍ਰੀ ਸਪੀਕਰ : ਤੁਸੀਂ ਪਹਿਲੇ ਅਪਣੀ ਸੀਟ ਤੇ ਆਉ । (The hon. Member may come to his own seat first.)

ਚੀਫ਼ ਪਾਰਲੀਆਮੈਂਟਰੀ ਸੈਕਟਰੀ : ਉਸ ਨੂੰ ਪਤਾ ਹੀ ਨਹੀਂ ਕਿ ਸੀਟ ਉਸਦੀ ਕਿਹੜੀ ਹੈ ।

ਸਰਦਾਰ ਬਲਦੇਵ ਸਿੰਘ : 116 ਨੰਬਰ ਹੈ ਮੇਰੀ ਸੀਟ ਦਾ । ਤੁਹਾਡਾ ਅਲਾਟ ਕੀਤਾ ਹੋਇਆ ਸੀਟ ਨੰਬਰ ਮੇਰੇ ਕੋਲ ਹੈ ।

ਸ਼੍ਰੀ ਸਪੀਕਰ : ਕਿਤਨਾ ਨੰਬਰ ਹੈ ਤੁਹਾਡੇ ਕੋਲ ? (What is the number of the seat allotted to the hon. Member?)

ਸਰਦਾਰ ਬਲਦੇਵ ਸਿੰਘ : 116.

ਸ੍ਰੀ ਸਪੀਕਰ : ਠੀਕ ਹੈ । (ਆਪੋਜ਼ੀਸ਼ਨ ਵੱਲੋਂ ਥੰਪਿੰਗ) (It is all right.) (Thumping from Opposition).

ਸਰਦਾਰ ਬਲਦੇਵ ਸਿੰਘ : ਸਪੀਕਰ ਸਾਹਿਬ, ਸਟੇਟ ਟਰੇਡਿੰਗ ਦੇ ਮਤੇ ਉੱਤੇ ਡਿਬੇਟ ਸ਼ੁਰੂ ਹੋਈ ਹੋਈ ਹੈ ਔਰ ਇਸ ਡਿਬੇਟ ਦੇ ਦੌਰਾਨ ਮੈਂ ਨਹੀਂ ਸਮਝਦਾ ਕਿ ਇਸ ਤਰ੍ਹਾਂ ਦੀਆਂ ਗੱਲਾਂ ਦਾ ਉਠ ਕੇ ਜ਼ਿਕਰ ਕੀਤਾ ਜਾਵੇ ਕਿ ਕੋਈ ਮੈਂਬਰ ਟੁੱਟ ਕੇ ਕਿਸ ਪਾਸੇ ਚਲਾ ਗਿਆ ਹੈ—ਇਸ ਪਾਸੇ ਚਲਾ ਗਿਆ ਹੈ ਜਾਂ ਉਸ ਪਾਸੇ ਚਲਾ ਗਿਆ ਹੈ। ਫੇਰ ਵੀ ਚੂੰਕਿ ਮੇਰਾ ਜ਼ਿਕਰ ਕੀਤਾ ਗਿਆ ਹੈ ਇਸ ਲਈ ਗਿੱਲ ਸਾਹਿਬ ਦੀ ਗਿਆਤ ਲਈ ਦੱਸ ਦੇਣਾ ਚਾਹੁੰਦਾ ਹਾਂ ਕਿ ਮੈਂ ਆਪਣੇ ਹਲਕੇ ਵਿਚ ਗਿਆ ਉੱਥੇ 10,000 ਆਦਮੀਆਂ ਦੀ ਕਾਨਫਰੰਸ ਅਟੈਂਡ ਕਰਕੇ ਆਇਆ ਹਾਂ ਔਰ ਉੱਥੇ ਲੋਕਾਂ ਨੇ ਫੁੱਲਾਂ ਦੇ ਹਾਰ ਪਾ ਕੇ ਮੇਰਾ ਸਵਾਗਤ

ਕੀਤਾ ਅਤੇ ਇਨ੍ਹਾਂ ਦੀਆਂ ਕਾਲੀਆਂ ਕਰਤੂਤਾਂ ਨੂੰ ਬੁਰੀ ਤਰ੍ਹਾਂ ਨਾਲ ਕਨਡੈਮ ਕੀਤਾ। (ਆਪੋਜ਼ੀਸ਼ਨ ਵਲੋਂ ਥੰਪਿੰਗ) (ਵਿਘਨ)

ਲੋਕ ਕਾਰਜ ਅਤੇ ਵਿਦਿਆ ਮੰਤਰੀ : ਤੇਰੀਆਂ ਕਾਲੀਆਂ ਕਰਤੂਤਾਂ ਨੂੰ ਸਾਰੀ ਦੁਨੀਆਂ ਜਾਣਦੀ ਹੈ ।

ਚੀਫ ਪਾਰਲੀਆਮੈਂਟਰੀ ਸੈਕਟਰੀ : ਤੇਰੀਆਂ ਕਾਲੀਆਂ ਕਰਤੂਤਾਂ ਦੀ ਵਜਾਹ ਕਰਕੇ ਇਥੇ 500 ਸਿਪਾਹੀ ਫਾਹੇ ਦਿੱਤਾ ਹੋਇਆ ਹੈ (ਵਿਘਨ)

ਸ੍ਰੀ ਸਪੀਕਰ : ਆਰਡਰ ਪਲੀਜ਼, ਆਰਡਰ । ਮੇਹਰਬਾਨੀ ਕਰਕੇ ਇਸ ਤਰ੍ਹਾਂ ਇੰਟਰਪਟ ਨ ਕਰੋ । ਗਿੱਲ ਸਾਹਿਬ ਤੁਸੀਂ ਵੀ ਰੈਲੇਵੈਂਟ ਗੱਲ ਹੀ ਕਰੋ । (Order please, order, Please do not interrupt. Sard r Lachhman Singh Gill should al.o be relevant.)

ਲੋਕ ਕਾਰਜ ਅਤੇ ਵਿਦਿਆ ਮੰਤਰੀ : ਸਪੀਕਰ ਸਾਹਿਬ, ਮੇਰੇ ਰਿਮਾਰਕਸ ਬਿਲਕੁਲ ਰੈਲੇਵੈਂਟ ਹਨ । ਇਹ ਮੈਂ ਇਸ ਕਰਕੇ ਕਹਿ ਰਿਹਾ ਸਾਂ ਕਿਉਂਕਿ ਹਾਥੀ ਦੇ ਦੰਦ ਖਾਣ ਦੇ ਹੋਰ ਅਤੇ ਦਿਖਾਣ ਦੇ ਹੋਰ ਹਨ । ਬੜੀ ਖੁਸ਼ੀ ਹੋਈ ਹੈ ਇਹ ਸੁਣ ਕੇ ਕਿ ਸਰਦਾਰ ਬਲਦੇਵ ਸਿੰਘ ਦਾ ਲੋਕਾਂ ਨੇ ਸਤਕਾਰ ਕੀਤਾ ਅਤੇ ਉਸ ਨੂੰ ਫੁੱਲਾਂ ਦੇ ਹਾਰ ਪਾਏ । ਪਰਮਾਤਮਾ ਇਸ ਨੂੰ ਬਣਾਈ ਰਖੇ ਔਰ ਇਸ ਨੂੰ ਤੰਦਰੁਸਤ ਰਖੇ ਪਰ ਸਾਰੇ ਪੰਜਾਬ ਨੂੰ ਪਤਾ ਹੈ ਇਸ ਆਦਮੀ ਦੀਆਂ ਕਰਤੂਤਾਂ ਦਾ .....

ਕੈਪਟਨ ਰਤਨ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ । ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ ਆਰਡਰ ਇਹ ਹੈ ਕਿ ਤੁਸੀਂ ਸੈਸ਼ਨ ਵੀ ਬੁਲਾਇਆ ਹੈ ਮਈ ਦੇ ਮਹੀਨੇ ਵਿੱਚ ਔਰ ਉਹ ਵੀ ਦੁਪਹਿਰ ਦੇ ਦੋ ਵਜੇ । ਟੈਮਪਰਜ਼ ਵੈਸੇ ਹੀ ਗਰਮ ਹੁੰਦੀਆਂ ਹਨ ਔਰ ਫਿਰ ਲਫ਼ਜ਼ ਵੀ । "ਕਰਤੂਤਾਂ" ਵਰਤਨਾ—ਮੈਂ ਸਮਝਦਾ ਹਾਂ ਕਿ ਗ਼ਲਤ ਲਫ਼ਜ਼ ਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ ।

ਲੋਕ ਕਾਰਜ ਅਤੇ ਵਿਦਿਆ ਮੰਤਰੀ : ਅਗਰ ਕਰਤੂਤ ਦਾ ਸ਼ਬਦ ਮਾੜਾ ਲਗਦਾ ਹੈ ਤਾਂ ਮੈਂ ਇਹ ਨਹੀਂ ਕਹਿੰਦਾ । ਮੈਂ ਕਹਾਂਗਾ ਕਿ ਤੁਹਾਡਾ ਕਰਤੱਵ ਹੀ ਅਜਿਹਾ ਰਿਹਾ ਹੈ । ਖ਼ੈਰ ਮੈਂ ਇਹ ਗੱਲ ਤਾਂ ਕਿਸੇ ਹੋਰ ਰੈਫ਼ਰੈਂਸ ਵਿਚ ਕਹੀ ਸੀ । ਅਸੀਂ ਆਪਣੇ ਇਨ੍ਹਾਂ ਦੋਸਤਾਂ ਵਾਂਙੂ ਨਹੀਂ ਕਿ ਕਰਨਾ ਕੁਛ ਹੋਰ ਮਨ ਵਿਚ ਕੁਛ ਹ ਰ, ਕਹਿਣਾ ਕੁਛ ਤੇ ਕਮਾਉਣਾ ਕੁਛ, ਵਾਅਦਾ ਕੁਛ ਕਰਨਾ ਅਤੇ ਅਮਲ ਕੁਛ ਹੋਰ ਹੀ ਕਰਨਾ । ਮੈਂ ਉਨ੍ਹਾਂ ਨੂੰ ਕਹਾਂਗਾ ਕਿ ਗ਼ੌਰ ਨਾਲ ਸੁਣ ਲਉ—ਸਾਡਾ ਮਕਸਦ ਸਟੇਟ ਟਰੇਡਿੰਗ ਦਾ ਹੈ । ਬਾਕੀ ਜਿਥੋਂ ਤਕ ਇਸ ਰੈਜ਼ੋਲਿਊਸ਼ਨ ਦਾ ਤੁਅੱਲਕ ਹੈ ਇਹ ਤਾਂ ਮੱਕੇ ਵਾਲੀ ਗੱਲ ਹੈ । ਤੁਸਾਂ ਕਹਿਣਾ ਹੈ ਕਿ ਮੱਕਾ ਨੇੜੇ ਹੈ ਔਰ ਅਸਾਂ ਕਹਿਣਾ ਹੈ ਕਿ ਮੱਕਾ ਦੂਰ ਹੈ । ਕਿਉਂਕਿ ਕਿਧਰੇ ਫੇਰ ਨਾ ਪ੍ਰਬੋਧ ਜੀ ਨੂੰ ਇਹ ਕਹਿਣ ਦੀ ਲੋੜ ਪੈ ਜਾਵੇ ਕਿ ਇਹ ਗੌਰਮੈਂਟ ਹਾਰ ਗਈ ਹੈ ਇਸਲਈ ਅਸਤੀਫਾ ਦੇ ਦੇਵੇ । (ਵਿਘਨ) ਮੈਨੂੰ ਪਤਾ ਹੈ ਕਿ ਸਾਨੂੰ ਲੋਕਾਂ ਦਾ ਪੂਰਾ ਵਿਸ਼ਵਾਸ ਹਾਸਲ ਹੈ ਔਰ ਮੈਨੂੰ ਇਸ ਗੱਲ ਦਾ ਵੀ ਅਹਿਸਾਸ ਹੈ ਕਿ ਇਹ ਸਰਕਾਰ ਤਦ ਹੀ ਸਰਕਾਰ ਕਹਿਲਾਉਣ ਦੀ ਹਕਦਾਰ ਹੈ ਜਦ ਤਕ ਇਸ ਨੂੰ ਲੋਕਾਂ ਦਾ ਕੰਪਲੀਟ ਭਰੋਸਾ ਮਿਲਦਾ ਰਹੇ । ਲੋਕਾਂ ਨੂੰ ਅੱਜ ਪਤਾ ਹੈ ਕਿ ਸਾਡੇ ਸੂਬੇ ਵਿੱਚ ਜਿਹੜੀ ਹੁਣ ਸਰਕਾਰ ਬਣੀ ਹੈ ਇਸ ਨੇ ਇਹ ਨਹੀਂ ਹੋਣ ਦੇਣਾ ਕਿ ਮਾਲ ਮੰਡੀਆਂ ਵਿੱਚ ਜਾਵੇ ਔਰ ਦੁਪੱਟਿਆਂ ਦੇ ਵਿਚ ਉਂਗਲੀਆਂ ਤੇ ਹੱਥ ਰਖ ਕੇ ਭਾ ਦਾ ਫ਼ੈਸਲਾ ਹੋ ਜਾਵੇ ਔਰ ਕਿਸਾਨ ਨੂੰ ਪਤਾ ਹੀ ਨਾ ਲਗੇ । ਜਨਤਾ ਸਮਝਦੀ ਹੈ ਕਿ ਜਿਹੜਾ ਅੰਨ ਪੈਦਾ ਕਰਦਾ ਹੈ ਉਸ ਨੂੰ ਵੀ ਉਸ ਦੀ ਵਾਜਬ ਕੀਮਤ ਮਿਲੇ ਅਤੇ ਜਿਸ ਨੇ

[ਲੋਕ ਕਾਰਜ ਅਤੇ ਵਿਦਿਆ ਮੰਤਰੀ]

ਖਾਣਾ ਹੈ ਉਸ ਕੋਲੋਂ ਵੀ ਵਾਜਬ ਕੀਮਤ ਵਸੂਲ ਕੀਤੀ ਜਾਵੇ । ਇਸ ਲਈ ਜਿਹੜਾ ਹੁਣ ਸਿੰਗਲ ਸਟੇਟ ਜ਼ੋਨ ਬਣਿਆ ਹੈ ਇਹਦਾ ਮੁੱਦਾ ਹੀ ਇਹੋ ਹੈ ।

ਸਪੀਕਰ ਸਾਹਿਬ, ਤੁਸੀਂ ਵੇਖੋਗੇ ਕਿ ਇਸ ਬਜਟ ਵਿਚ ਕਾਫ਼ੀ ਰੁਪਿਆ ਇਸ ਗੱਲ ਲਈ ਰਖਿਆ ਗਿਆ ਹੈ ਕਿ ਵੇਅਰ ਹਾਊਸਿਜ਼ ਬਣਾਏ ਜਾਣ । ਕਾਫ਼ੀ ਰੁਪਿਆ ਇਸ ਗੱਲ ਲਈ ਰਖਿਆ ਗਿਆ ਹੈ ਕਿ ਮੰਡੀਆਂ ਦੀ ਹਾਲਤ ਨੂੰ ਇੰਪਰੂਵ ਕੀਤਾ ਜਾਵੇ । ਇਹ ਵਿਚਾਰ ਕੀਤੀ ਜਾ ਰਹੀ ਹੈ ਕਿ ਖਰੀਦਣ ਔਰ ਵੇਚਣ ਵਾਲੇ ਵਿਚ ਭਾਰੀ ਗੈਪ ਨਾ ਹੋਵੇ ਬਲਕਿ ਖਰੀਦਣ ਵਾਲੇ ਨੂੰ 2 ਜਾਂ 3 ਰੁਪਏ ਕੁਇੰਟਲ ਤੋਂ ਜ਼ਿਆਦਾ ਮੁਨਾਫ਼ਾ ਨਾ ਹੋਵੇ । ਜਿਸ ਤਰ੍ਹਾਂ ਮੇਰੇ ਦੋਸਤ ਨੇ ਕਿਹਾ ਕਿ ਹੈ 31 ਲੱਖ ਟਨ ਅਨਾਜ ਇਥੇ ਪੈਦਾ ਹੋਣਾ ਹੈ । ਮੂੰਹ ਨਾਲ ਗੱਲ ਕਹਿ ਦੇਣਾ ਬਹੁਤ ਸੌਖਾ ਹੈ .... (ਵਘਨ) 22 ਲੱਖ ਟਨ ਕਣਕ ਔਰ ਬਾਕੀ ਦਾ ਦੂਜਾ ਅਨਾਜ (ਵਿਘਨ) 21 ਕਹਿ ਲਉ ਜਾਂ 19 ਕਹਿ ਲਉ ਕੋਈ ਫ਼ਰਕ ਨਹੀਂ (ਵਿਘਨ) ਮੇਰੀ ਪਾਰਟੀ ਔਰ ਸਰਕਾਰ ਉਹੀ ਕੁਛ ਕਹਿੰਦੀ ਹੈ ਜੋ ਉਸ ਨੇ ਕਰਨਾ ਹੁੰਦਾ ਹੈ, ਇਹ ਸੁਪਨੇ ਵਾਲੀਆਂ ਗੱਲਾਂ ਨਹੀਂ ਕਰਦੀ । ਇਨ੍ਹਾਂ ਨੇ ਇਕ ਪਾਰਟੀ ਅਤੇ ਦੂਜੀ ਪਾਰਟੀ ਦੀਆਂ ਗੱਲਾਂ ਕਰ ਕਰ ਕੇ ਤੌਖਲਾ ਪਾਉਣ ਦਾ ਯਤਨ ਕੀਤਾ ਹੈ । ਲੇਕਿਨ ਇਸ ਵਿੱਚ ਪਾਰਟੀ ਦਾ ਕੋਈ ਸਵਾਲ ਨਹੀਂ ਹੈ । ਮੈਂ ਤੇ ਇਹ ਸਮਝਦਾ ਹਾਂ ਕਿ ਜਨਤਾ ਸਾਡੇ ਨਾਲ ਹੈ ਅਤੇ ਮੰਡੀਆਂ ਵਿੱਚ ਜਿਹੜੇ ਦਲਾਲ ਔਰ ਆੜ੍ਹਤੀ ਹਨ ਉਨ੍ਹਾਂ ਨੂੰ ਵੀ ਪਤਾ ਹੈ ਕਿ ਇਸ ਸਰਕਾਰ ਨੇ ਹੁਣ ਉਹ ਮੌਕਾ ਨਹੀਂ ਆਉਣ ਦੇਣਾ ਕਿ ਵਾਰੇ ਨਿਆਰੇ ਕੀਤੇ ਜਾਣ ਔਰ ਲੋਕਾਂ ਦੇ ਮਾਲ ਨੂੰ ਲੁਟਿਆ ਜਾਵੇ । ਦੂਜੀ ਗੱਲ ਇਹ ਹੈ ਕਿ ਸਟੇਟ ਟਰੇਡਿੰਗ ਜ਼ਿਲੇ ਵਿੱਚ ਹੀ ਨਾ ਕੀਤੀ ਜਾਵੇ, ਤਹਿਸੀਲ ਵਿੱਚ ਹੀ ਨਾ ਕੀਤੀ ਜਾਵੇ, ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਟੇਟ ਟਰੇਡਿੰਗ ਮੁਕੰਮਲ ਤਰੀਕੇ ਨਾਲ ਹੋਵੇਗੀ ਬਲਾਕ ਤੋਂ ਪਿੰਡ ਵਿੱਚ, ਪੰਚਾਇਤਾਂ ਕੋਲ ਹਰ ਤਰ੍ਹਾਂ ਦੇ ਸਾਧਨ ਪਹੁੰਚਾਏ ਜਾਣ, ਵੇਅਰ ਹਾਊਸ ਹੋਣ, ਸਾਰੀ ਕਣਕ ਖਰੀਦ ਕੇ ਪੰਚਾਇਤਾਂ ਕੋਲ ਰਖੀ ਜਾਵੇ। ਕਿਸਾਨ ਨੂੰ ਬੀਜ, ਅਨਾਜ ਔਰ ਦੂਸਰੀਆਂ ਸਾਰੀਆਂ ਜ਼ਰੂਰਤਾਂ ਵਾਸਤੇ ਪੈਸਾ ਦਿੱਤਾ ਜਾਵੇ ਅਤੇ ਇਸ ਦੇ ਨਾਲ ਹੀ ਕੋਆਪਰੇਟਿਵ ਸੋਸਾਇਟੀਆਂ, ਕੋਆਪ-ਰੇਟਿਵ ਬੈਂਕਾਂ ਨੂੰ ਮਿਲਾਇਆ ਜਾਵੇ ਉਨ੍ਹਾਂ ਤੋਂ ਰੁਪਿਆ ਲੈ ਕੇ ਕਿਸਾਨਾਂ ਨੂੰ ਦਿੱਤਾ ਜਾਵੇ ਇਹ ਸਾਰੀਆਂ ਚੀਜ਼ਾਂ ਸਾਡੇ ਦਿਲ ਵਿੱਚ ਹਨ ਮਗਰ ਇਨ੍ਹਾਂ ਨੂੰ ਪੂਰਾ ਕਰਨ ਲਈ ਆਖਿਰ ਸਮਾਂ ਲਗਦਾ ਹੈ ਫਿਰ ਵੀ ਇਸ ਮਕਸਦ ਵੱਲ ਸਰਕਾਰ ਤੇਜ਼ੀ ਨਾਲ ਚਲ ਰਹੀ ਹੈ। ਕਦਮ ਚੁਕੇ ਹਨ। ਅਗਰ ਮੇਰੇ ਦੋਸਤਾਂ ਨੇ ਗਵਰਨਰਜ਼ ਐਡਰੈਸ ਨੂੰ ਚੰਗੀ ਤਰ੍ਹਾਂ ਨਾਲ ਪੜ੍ਹਿਆ ਹੁੰਦਾ ਤਾਂ ਇਨ੍ਹਾਂ ਨੂੰ ਜ਼ਾਹਿਰ ਹੋ ਜਾਣਾ ਚਾਹੀਦਾ ਸੀ ਕਿ ਸਰਕਾਰ ਸਟੇਟ ਟਰੇਡਿੰਗ ਕਰੇਗੀ ਔਰ ਇਸ ਗਲ ਤੋਂ ਕਦੇ ਵੀ ਵਿੱਸਰ ਨਹੀਂ ਸਕਦੀ ਕਿਉਂਕਿ ਇਸ ਸਮੇਂ ਅਜਿਹੇ ਕੋਈ ਵੀ ਮਤਭੇਦ ਪੁਲਿਟੀਕਲ ਨੁਕਤਾ ਨਿਗਾਹ ਨਾਲ ਸਰਕਾਰ ਵਿੱਚ ਨਹੀਂ ਹਨ । ਸਰਕਾਰ ਕੋਈ ਵੀ ਅਜਿਹਾ ਝੂਠਾ ਵਾਇਦਾ ਲੋਕਾਂ ਨਾਲ ਨਹੀਂ ਕਰਨਾ ਚਾਹੁੰਦੀ ਜੋ ਕਿ ਪੂਰਾ ਨਾ ਹੋ ਸਕੇ । ਇਸ ਨੁਕਤਾ ਨਿਗਾਹ ਨੂੰ ਸਾਹਮਣੇ ਰਖ ਕੇ ਸਰਕਾਰ ਨੇ ਪਰੈਕਟੀਕਲ ਸਾਧਨ ਅਖਤਿਆਰ ਕੀਤੇ ਹਨ । ਜਿਤਨਾ ਰੁਪਿਆ ਅਸਾਂ ਸੜਕਾਂ ਤੇ ਖਰਚ ਕਰਨਾ ਹੈ ਉਹ ਹੁਣ ਕੋਈ ਦਗੀਰੜ੍ਹ ਦੀਆਂ ਸੜਕਾਂ ਨੂੰ ਹੀ ਖੂਬਸੂਰਤ ਬਣਾਉਣ ਲਈ ਨਹੀਂ ਕਰਨਾ ਬਲਕਿ ਲਿੰਕ ਰੋਡਜ਼ ਬਣਾਵਾਂਗੇ ਤਾਕਿ ਪਿੰਡਾਂ ਨੂੰ ਵੱਡੀਆਂ ਸੜਕਾਂ ਨਾਲ ਮਿਲਾਇਆ ਜਾਵੇ ਔਰ ਕਿਸਾਨਾਂ ਨੂੰ ਆਉਣ ਜਾਣ ਲਈ ਸੁਵਿਧਾ ਹੋਵੇ ।

ਮੇਰੇ ਦੋਸਤਾਂ ਨੇ ਮਾਰਕੀਟਿੰਗ ਕਮੇਟੀਆਂ ਬਾਰੇ ਗੱਲ ਕੀਤੀ ਹੈ। ਪਹਿਲੀ ਗਵਰਨਮੈਂਟ ਦੇ ਮੈਂਬਰ ਜੋ ਅੱਜ ਆਪੋਜ਼ੀਸ਼ਨ ਵਿੱਚ ਬੈਠੇ ਹਨ ਇਸ ਸਿਸਟਮ ਨੂੰ ਬੜਾ ਕਾਮਯਾਬ ਦਸਦੇ ਹਨ । ਅਗਰ ਠੀਕ ਤਰੀਕੇ ਨਾਲ ਇਸ ਨੂੰ ਦੇਖਿਆ ਜਾਵੇ ਤਾਂ ਜਿਸ ਤਰ੍ਹਾਂ ਹੁਣ ਤਕ ਇਹ ਚਲਦਾ ਰਿਹਾ ਹੈ, ਉਸ ਦੀ ਜਿਤਨੀ ਮਜ਼ੱਮਤ ਕੀਤੀ ਜਾਵੇ ਥੋੜੀ ਹੈ (ਤਾੜੀਆਂ) ਉਸ ਨੂੰ ਜਿਸ ਤਰ੍ਹਾਂ ਜ਼ਾਤੀ ਬਿਨਾ ਤੇ ਪੁਲੀਟੀਕਲ

ਅਸਰ ਹੇਠ ਰਖਿਆ ਗਿਆ ਉਸ ਦਾ ਸਭ ਨੂੰ ਪਤਾ ਹੈ। ਪਿੰਡਾਂ ਦੇ ਲੋਕ ਵੀ ਜਾਣਦੇ ਹਨ ਕਿ ਉਹ ਅਦਾਰੇ ਨਾ ਸਿਰਫ ਪੁਲੀਟੀਕਲ ਹੀ ਸਨ ਬਲਕਿ ਰਿਸ਼ਵਤ ਦੇ ਅੱਡੇ ਬਣ ਕੇ ਰਹਿ ਗਏ ਸਨ । ਇਸ ਲਈ ਉਨ੍ਹਾਂ ਨੂੰ ਓਵਰ ਹਾਲ ਕਰਨ ਦੀ ਲੋੜ ਹੈ ਅਤੇ ਅਗਰ ਇਹ ਈਮਾਨਦਾਰ ਹੋਣ ਤਾਂ ਸਰਕਾਰ ਦੀ ਮਦਦ ਕਰਨ ਅਤੇ ਜੋ ਗਵਰਨਰ ਦੇ ਐਡਰੈਸ ਵਿੱਚ ਕਿਹਾ ਗਿਆ ਹੈ ਉਸ ਦੀ ਪੂਰਤੀ ਲਈ ਅੱਗੇ ਆਉਣ ਪਰ ਇਹ ਤਾਂ ਕਿਸੇ ਨਾ ਕਿਸੇ ਤਰ੍ਹਾਂ ਸਰਕਾਰ ਤੋੜਨ ਵਿੱਚ ਲਗੇ ਰਹਿੰਦੇ ਹਨ ਤਾਕਿ ਇਹ ਇਥੇ ਆ ਕੇ ਬੈਠ ਸਕਣ । ਸਰਕਾਰ ਟੁੱਟ ਜਾਵੇ ਸਾਨੂੰ ਅਫਸੋਸ ਨਹੀਂ ਹੋਵੇਗਾ ਪਰ ਅਗਰ ਤਾਕਤ ਈਵਲ ਦੇ ਹੱਥ ਜਾਂਦੀ ਹੋਵੇ ਤਾਂ ਐਸੇ ਕਦਮ ਚੁਕਣੇ ਪੈਣਗੇ ਕਿ ਅਵਾਮ ਨਾਲ ਗੱਦਾਰੀ ਨਾ ਹੋਵੇ । ਅਸੀਂ ਅਵਾਮ ਨੂੰ ਰੈਪਰੀਜ਼ੈਂਟ ਕਰਨਾ ਹੈ। ਉਨ੍ਹਾਂ ਨੇ ਸਾਨੂੰ ਤਾਕਤ ਦਿੱਤੀ ਹੈ। ਅਸੀਂ ਸਟੇਟ ਟ੍ਰੇਡਿੰਗ ਜਾਂ ਹੋਰ ਕਿਸੇ ਚੀਜ਼ ਦੇ ਨਾਮ ਤੇ ਇਨ੍ਹਾਂ ਨੂੰ ਗਲਤ ਫਹਿਮੀ ਪੈਦਾ ਨਹੀਂ ਕਰਨ ਦੇਣੀ। ਤੁਸੀਂ ਦੇਖੋ ਕਾਂਗਰਸ ਇਕ ਚੰਗੀ ਜਮਾਤ ਸੀ, ਇਸ ਨੇ ਬੇਹਦ ਕੁਰਬਾਨੀਆਂ ਕੀਤੀਆਂ, ਸਾਰੇ ਮਜ਼ਹਬਾਂ ਦੇ ਲੋਕ ਇਸ ਵਿੱਚ ਆ ਸਕਦੇ ਸੀ। ਫਿਰ ਅੱਜ ਇਸ ਦੀ ਇਹ ਹਾਲਤ ਕਿਉਂ ਹੋ ਗਈ ? ਇਸ ਲਈ ਕਿ ਇਸ ਨੇ ਅਵਾਮ ਨਾਲ ਗੱਦਾਰੀ ਕੀਤੀ , ਅਵਾਮ ਦੀ ਸਹੀ ਤਰਜਮਾਨੀ ਨਹੀਂ ਕੀਤੀ, ਵਾਅਦੇ ਪੂਰੇ ਨਹੀਂ ਕੀਤੇ । ਅੱਠ ਅੱਠ ਸਾਲ ਹੋ ਗਏ ਨੀਂਹ ਪੱਥਰ ਰਖਿਆਂ ਨੂੰ, ਅੱਜ ਵੀ ਉਨ੍ਹਾਂ ਪੱਥਰਾਂ ਤੇ ਕੁੱਤੇ ਮੂਤਦੇ ਹਨ । ਇਹ ਗੱਲਾਂ 20 ਸਾਲ ਹੁੰਦੀਆਂ ਰਹੀਆਂ । ਇਸ ਸਰਕਾਰ ਨੂੰ ਬਣੀ ਨੂੰ ਸਿਰਫ ਦੋ ਮਹੀਨੇ ਹੋਏ ਹਨ । ਇਸ ਨੂੰ ਕੰਮ ਕਰਨ ਦਾ ਮੌਕਾ ਤਾਂ ਦਿਉ ਤਾਕਿ ਅਸੀਂ ਲੋਕਾਂ ਦੀ ਸਹੀ ਖਿਦਮਤ ਕਰਕੇ ਦਿਖਾ ਸਕੀਏ । ਅਸੀਂ ਇਥੇ ਕਿਸੇ ਖਾਸ ਧੰਦੇ ਕਰਕੇ ਨਹੀਂ ਬੈਠੇ ਹੋਏ ਅਸੀਂ ਤਾਂ ਅਵਾਮ ਦੇ ਬਲਬੂਤੇ ਤੇ ਇਥੇ ਬੈਠੇ ਹਾਂ । ਜੋ ਵਾਅਦੇ ਕਰਕੇ ਅਸੀਂ ਇਥੇ ਆਏ ਹਾਂ ਅਗਰ ਉਹ ਅਸੀਂ ਪੂਰੇ ਨਾ ਕੀਤੇ ਤਾਂ ਤੁਹਾਨੂੰ ਇੱਥੇ ਆਉਣ ਲਈ ਕਿਸੇ ਜਦੋਜਹਿਦ ਕਰਨ ਦੀ ਲੋੜ ਨਹੀਂ ਪੈਣੀ । ਤੁਸੀਂ ਖੁਦਬਖੁਦ ਇੱਥੇ ਆ ਜਾਵੋਗੇ। ਤੁਸੀਂ ਦੇਖੋ ਤੁਹਾਡੇ ਵੱਲੋਂ ਰੋਜ਼ ਮੈਂਬਰ ਇਧਰ ਆ ਰਹੇ ਹਨ । (ਵਿਘਨ) ਪਹਿਲਾਂ ਇਹ ਰੌਲਾ ਪਾਉਂਦੇ ਰਹੇ ਕਿ ਵਜ਼ੀਰੀਆਂ ਦੇ ਲਾਲਚ ਨੂੰ ਆਉਂਦੇ ਹਨ ਪਰ ਜੋ ਸੱਜਣ ਬਾਅਦ ਵਿੱਚ ਆਏ ਹਨ, ਉਨ੍ਹਾਂ ਨੂੰ ਅਸੀਂ ਕੀ ਦਿੱਤਾ ਹੈ । ਹੁਣ ਤਾਂ ਵਜ਼ੀਰੀਆਂ ਨਹੀਂ ਦੇ ਰਹੇ । ਅੱਜ ਸਵੇਰੇ ਹੀ ਕੁਝ ਦੋਸਤ ਇਨ੍ਹਾਂ ਵੱਲੋਂ ਗੱਲ ਕਰਕੇ ਗਏ ਹਨ । ਉਨ੍ਹਾਂ ਨੂੰ ਵਜ਼ੀਰੀਆਂ ਤਾਂ ਨਹੀਂ ਦੇ ਰਹੇ । ਹਾਲੇ ਇਸ ਸੈਸ਼ਨ ਦੇ ਮਗਰੋਂ ਤੁਸੀਂ ਤੇ ਪੰਜਾਬ ਦੇ ਲੋਕ ਦੇਖਣਗੇ ਕਿ ਕੀ ਹਾਲਤ ਹੁੰਦੀ ਹੈ । ਅਸੀਂ ਜਨਤਾ ਦਾ ਹਿੱਸਾ ਹਾਂ । ਚਾਹੇ ਕਿਸੇ ਪ੍ਰਿਵਿਲੇਜ਼ ਦੀ ਆੜ ਲੈ ਲਉ ਜਾਂ ਕੁਝ ਹੋਰ ਕਰ ਲਉ ਪਰ ਇਹ ਅਸਲੀਅਤ ਹੈ ਕਿ ਜੋ ਕੁਝ ਤੁਸੀਂ 20 ਸਾਲ ਕਰਦੇ ਰਹੇ ਉਹ ਜਨਤਾ ਨੇ ਪਸੰਦ ਨਹੀਂ ਕੀਤਾ । ਇਸਲਈ ਤੁਹਾਨੂੰ ਕਹਿੰਦੇ ਹਾਂ ਕਿ ਆਪੋਜ਼ੀਸ਼ਨ ਦਾ ਸਹੀ ਰੋਲ ਅਦਾ ਕਰੋ । ਮਹਾਤਮਾ ਜੀ ਨੇ ਵੀ ਤੁਹਾਨੂੰ ਕਾਂਗਰਸ ਤੋੜ ਦੇਣ ਲਈ ਕਿਹਾ ਸੀ । ਉਨ੍ਹਾਂ ਕਿਹਾ ਸੀ ਕਿ ਪਾਵਰ ਆ ਜਾਣ ਮਗਰੋਂ ਇਹ ਖਰਾਬ ਹੋ ਜਾਵੇਗੀ । (ਵਿਘਨ) ਇਹ ਹਸ ਰਹੇ ਹਨ । ਅਸੀਂ ਮਹਾਤਮਾ ਦੀ ਕਦਰ ਜਾਣਦੇ ਹਾਂ। ਉਨ੍ਹਾਂ ਦੀ ਆਵਾਜ਼ ਤੇ ਅਸੀਂ ਜ਼ਿੰਦਗੀ ਦੇ ਕੀਮਤੀ ਸਾਲ ਜੇਲ੍ਹਾਂ ਵਿੱਚ ਕੱਟੇ ਹਨ । ਕਾਂਗਰਸ ਦੇ ਨਾਲ ਰਹੇ । ਕਾਂਗਰਸ ਅਸੀਂ ਅੱਜ ਨਹੀਂ ਛੱਡੀ , 1 47 ਵਿੱਚ ਛੱਡੀ ਸੀ ਜਾਂ ਮਹਾਤਮਾ ਜੀ ਦੇ ਮਰਡਰ ਦੇ ਮਗਰੋਂ ਛੱਡੀ ਸੀ ਅਤੇ ਛੱਡੀ ਸੀ ਜੈਪ੍ਰਕਾਸ਼ ਜਿਹੇ ਬਾਵਕਾਰ ਲੀਡਰਾਂ ਦੇ ਨਾਲ ਛੱਡੀ ਸੀ ਕਿਉਂਕਿ ਇਹ ਲੁਟੇਰਿਆਂ, ਲੈਂਡਲਾਰਡਜ਼, ਰਜ-ਵਾੜਿਆਂ ਅਤੇ ਸਰਮਾਇਦਾਰਾਂ ਦੇ ਹੱਥ ਵਿੱਚ ਚਲੀ ਗਈ ਸੀ। (ਵਿਘਨ) ਇਹ ਭਲੇ ਮਾਨਸ ਪੰਡਿਤ ਜੀ ਅਤੇ ਸ਼ਾਸਤਰੀ ਜੀ ਦੀ ਗੱਲ ਨਹੀਂ ਮੰਨੇ ਤਾਂ ਸਾਡੀ ਕੀ ਮੰਨਣਗੇ । ਨਾ ਮੰਨਣ ਤਾਂ ਹਸ਼ਰ ਉਹੀ ਹੋਣਾ ਹੈ ਜਿਸ ਦੀ ਸਭ ਨੂੰ ਉਮੀਦ ਹੈ । ਮੈਥੋਂ ਅਖਬਾਰ ਵਾਲੇ ਪੁਛਦੇ ਹਨ ਕਿ ਕੀ ਪੋਜ਼ੀਸ਼ਨ ਹੈ । ਮੈਂ ਕਹਿ ਦਿੰਦਾ ਹਾਂ ਕਿ ਸੈਸ਼ਨ ਖਤਮ ਹੋਣ ਤਕ ਘੱਟੋ ਘੱਟ ਅੱਧੇ ਮੈਂਬਰ ਉਧਰੋਂ ਆਪੇ ਹੀ ਇਧਰ ਆ ਜਾਣਗੇ । ਰੀਜ਼ਨ ਇਸ ਦੇ ਇਹ ਹਨ ਅਤੇ ਜੋ ਮੈਂਬਰ ਉਧਰੋਂ ਆਉਂਦਾ ਹੈ ਇਹੀ ਕਹਿੰਦਾ ਹੈ ਕਿ ਇਹ ਤਾਂ ਰੀਐਕਸ਼ਨਰੀ ਜਮਾਤ ਹੈ ਜੋ ਜ਼ਮੀਂਦਾਰਾਂ ਨਾਲ ਧੋਖਾ ਕਰਦੀ ਰਹੀ ਹੈ ਅਤੇ ਸਰਮਾਏਦਾਰਾਂ ਦੇ

[ਲੋਕ ਕਾਰਜ ਅਤੇ ਵਿਦਿਆ ਮੰਤਰੀ]

ਹੱਥਾਂ ਵਿੱਚ ਖੇਲ ਰਹੀ ਹੈ, ਲੋਕਾਂ ਦੇ ਮਾਲ ਨੂੰ ਲੁਟ ਖਸੁਟ ਰਹੀ ਹੈ ਅਤੇ ਜੋ ਪਾਰਟੀ ਇਸ ਹਾਲਤ ਨੂੰ ਠੀਕ ਕਰਨਾ ਚਾਹੁੰਦੀ ਹੈ ਉਸ ਨੂੰ ਕਰਨ ਨਹੀਂ ਦਿੰਦੀ। ਇਸ ਤਰ੍ਹਾਂ ਦੇ 7–8 ਬਿਆਨ ਆਏ ਹਨ (ਵਿਘਨ) ਇਹ ਗੱਲਾਂ ਤੁਹਾਨੂੰ ਪਸੰਦ ਨਹੀਂ (ਵਿਘਨ)

ਚੌਧਰੀ ਦਰਸ਼ਨ ਸਿੰਘ : On a point of order, Sir, ਗਿੱਲ ਸਾਹਿਬ ਨੂੰ ਯਾਦ ਹੋਵੇਗਾ ਕਿ ਸਰਦਾਰ ਪਰਤਾਪ ਸਿੰਘ ਵੇਲੇ 23 ਆਦਮੀ ਫਲੋਰ ਕਰਾਸ ਕਰ ਗਏ ਸਨ। (ਵਿਘਨ)

Public Works and Education Minister : I am on my legs, Sir.

Mr. Speaker : No point of order. Chaudhri Darshan Singh please sit down.

Public Works and Education Minister : Chaudhri Darshan Singh sit down.

Chaudhri Darshan Singh : This is not the way, Mr. Speaker, that a Minister should say sit down. I shall not sit down by his order. (ਵਿਘਨ)

ਸ੍ਰੀ ਸਪੀਕਰ : ਮੈਨੂੰ ਗੱਲਾਂ ਬੁਰੀਆਂ ਨਹੀਂ ਲਗਦੀਆਂ ਪਰ ਜੋ ਪੁਆਇੰਟ ਆਫ਼ ਆਰਡਰ ਹੋਵੇ ਉਹ ਪੁਆਇੰਟ ਆਫ਼ ਆਰਡਰ ਹੀ ਕਰਿਆ ਕਰੋ, ਸਪੀਚ ਨਾ ਕਰਨ ਲਗ ਜਾਇਆ ਕਰੋ। (I have no objection to the remarks made by the hon. Members but points of order should be raised like point of order. The hon. Member should not start making a speech.)

ਚੌਧਰੀ ਦਰਸ਼ਨ ਸਿੰਘ : ਤੁਸੀਂ ਸੁਣ ਲਉ ਅਗਰ ਪੁਆਇੰਟ ਆਫ਼ ਆਰਡਰ ਨਾ ਹੋਵੇ ਤਾਂ ਰੂਲ ਆਊਟ ਕਰ ਦੇਣਾ (ਵਿਘਨ) ਮੈਂ ਕਿਹਾ ਸੀ ਕਿ ਸਰਦਾਰ ਪਰਤਾਪ ਸਿੰਘ ਵੇਲੇ 23 ਆਦਮੀ ਫਲੋਰ ਕਰਾਸ ਕਰ ਗਏ ਸਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਸਟੇਟ ਟਰੇਡਿੰਗ ਤੇ ਬੋਲ ਰਹੇ ਹਨ ਜਾਂ ਮੈਂਬਰਜ਼ ਟ੍ਰੇਡਿੰਗ ਤੇ ਬੋਲ ਰਹੇ ਹਨ? (ਹਾਸਾ) (ਵਿਘਨ)

ਸ੍ਰੀ ਸਪੀਕਰ : ਇਹ ਵੀ ਕਿਸੇ ਰੈਫਰੈਂਸ ਵਿੱਚ ਕਹਿ ਰਹੇ ਹਨ। (The hon. Minister was saying it with reference to context.)

ਲੋਕ ਕਾਰਜ ਅਤੇ ਵਿਦਿਆ ਮੰਤਰੀ : ਸਪੀਕਰ ਸਾਹਿਬ ਮੈਂ ਅਰਜ਼ ਕਰ ਰਿਹਾ ਸੀ ਕਿ ਜਿੱਥੇ ਤਕ ਸਵਾਲ ਹੈ ਸਮਝ ਦਾ ਇਹ ਤਾਂ ਆਪਣੀ ਆਪਣੀ ਹੈ ਜੇਕਰ ਕੋਈ ਗੱਲ ਇਹ ਨਾ ਸਮਝਦੇ ਹੋਣ ਤਾਂ ਸਮਝ ਲੈਣ। (ਵਿਘਨ)

ਮੈਂ ਜ਼ਿਕਰ ਕਰਦਾ ਸੀ ਕਿ ਕੋਈ ਗੱਲ ਕਰਨ ਤੋਂ ਪਹਿਲਾਂ ਉਸ ਨੂੰ ਸੋਧ ਲੈਣਾ ਤੇ ਲਫ਼ਜ਼ਾਂ ਨੂੰ ਤੋਲ ਲੈਣਾ ਚਾਹੀਦਾ ਹੈ। ਕੀ ਇਹ ਮਜ਼ਕਾ ਖੇਜ਼ ਗੱਲ ਨਹੀਂ ਕਿ ਇਹ 20 ਸਾਲ ਤਕ ਰਾਜ ਕਰਦੇ ਰਹੇ ਹਨ ਪਰ ਸਟੇਟ ਟਰੇਡਿੰਗ ਨਾ ਕਰ ਸਕੇ। ਤੁਸੀਂ ਸਟੇਟ ਟ੍ਰੇਡਿੰਗ ਵੱਲ ਨਹੀਂ ਤੁਰੇ। ਇਸ ਸੰਬੰਧੀ ਵਪਾਰੀਆਂ ਨਾਲ ਗੱਲ ਬਾਤ ਨਾ ਕੀਤੀ। ਕੋਈ ਇਸ ਮਸਲੇ ਨੂੰ ਸੋਚਣ ਲਈ ਐਡਵਾਇਜ਼ਰੀ ਕਮੇਟੀ ਨਾ ਬਣਾਈ। ਤਿੰਨ ਚਾਰ ਵਜ੍ਹਾ ਨਾਲ ਮੈਂ ਸਮਝਦਾ ਹਾਂ ਸਟੇਟ ਟ੍ਰੇਡਿੰਗ ਹੋ ਸਕਦੀ ਹੈ। ਸੜਕਾਂ ਬਣਾਈਆਂ ਜਾਣ ਤਾਂ ਕਿ ਕਿਸੇ ਥਾਂ ਦਾ ਅਨਾਜ ਲੋਕ ਲਿਆ ਸਕਣ। ਦੂਜਾ ਇਹ ਕਿ ਕੋਆਪ੍ਰੇਟਿਵ ਸੋਸਾਇਟੀਆਂ ਹੋਣ ਤਾਂ ਕਿ ਅਨਾਜ ਉਨ੍ਹਾਂ ਪਾਸ ਆ ਸਕੇ। ਇਹ ਵੀ ਮੰਨਣਾ ਪਏਗਾ ਕਿ ਇਸ ਖ਼ਿਆਲ ਨਾਲ ਕਿ

ਕੀਮਤਾਂ ਨਾ ਗਿਰਨ ਨਜ਼ਦੀਕ ਨਜ਼ਦੀਕ ਮੰਡੀਆਂ ਬਣਾਈਆਂ ਜਾਣ । ਫਿਰ ਕੁਆਪ੍ਰੇਟਿਵ ਸੁਸਾਇਟੀਆਂ ਬਣਾਈਆਂ ਜਾਣ ਜਿਸ ਰਾਹੀਂ ਅਨਾਜ ਇਕੱਠਾ ਹੋ ਸਕੇ । ਇਹ ਵੀ ਮੰਨਣਾ ਪਏਗਾ ਕਿ warehouses ਬਣਾਏ ਜਾਣ ਤਾਂ ਕਿ ਅਨਾਜ ਸਟੋਰ ਹੋ ਸਕੇ । ਨਾ ਤੁਸੀਂ warehouses ਬਣਾਏ ਨਾ ਉਨ੍ਹਾਂ ਲਈ ਜ਼ਮੀਨ ਖਰੀਦੀ ਨਾ ਕੋਈ order ਹੀ ਇਸ ਸੰਬੰਧ ਵਿੱਚ ਪਾਸ ਕੀਤਾ। ਪਿਛਲੀ ਸਰਕਾਰ ਦੇ ਦਿਮਾਗ ਵਿੱਚ ਇਹ ਗੱਲ ਕਦੇ ਨਹੀਂ ਸੀ ਆਈ । ਲੋਕ ਸਮਝ ਗਏ ਨੇ ਅਤੇ ਅੱਜ ਤਕ ਦਾਦ ਦਿੰਦੇ ਨੇ ਕਿ ਇਨ੍ਹਾਂ ਨੇ ਇਸ ਸਟੇਟ ਟਰੇਡਿੰਗ ਵੱਲ ਕੋਈ ਧਿਆਨ ਨਹੀਂ ਦਿੱਤਾ, ਇਨ੍ਹਾਂ ਦੇ ਦਿਮਾਗ ਚਲ ਚੁੱਕੇ ਨੇ ਪਰ ਗੱਲਾਂ ਕਰਦੇ ਨੇ ....(ਵਿਘਨ)

Capt. Rattan Singh : On a point of order, Sir. Can the hon. Minister give wrong information or make mis-statements during the course of his speech on the floor of the House? The hon. Minister has stated that no work has been done by the Marketing Committees. Sir, there are standing instructions that 75% of the revenue of the Marketing Committees should be spent on village roads. My submission is that the hon. Minister should not make mis-statements here. He should be sure about the facts that he places before this august House. (*Interrupion*)

ਲੋਕ ਕਾਰਜ ਅਤੇ ਵਿਦਿਆ ਮੰਤਰੀ : ਮੈਂ ਕੈਪਟਨ ਸਾਹਿਬ ਨੂੰ ਦੱਸ ਦੇਵਾਂ ਮਤੇ ਇਨ੍ਹਾਂ ਦੇ ਦਿਲ ਵਿੱਚ ਗਲਤ ਫਹਿਮੀ ਰਹਿ ਜਾਵੇ । ਇਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਮੈਂ ਫਾਈਲਾਂ ਦੇਖਣ ਤੋਂ ਬਾਅਦ ਹੀ ਇਹ ਗੱਲਾਂ ਦੱਸ ਰਿਹਾ ਹਾਂ ।

ਸੜਕਾਂ ਬਾਰੇ ਕੀ ਹਾਲ ਸੀ । ਕਿ ਪਿੰਡਾਂ ਦੇ ਉਰਲੇ ਪਾਸੇ ਸੜਕ ਬਣ ਗਈ ਕਿਉਂਕਿ ਕਾਂਗਰਸੀ ਦਾ ਪਿੰਡ ਸੀ ਤੇ ਵਿਚਾਲੇ ਦੂਜਿਆਂ ਦੇ ਪਿੰਡ ਛੱਡ ਦਿੱਤੇ ਤੇ ਅਗਾਂਹ ਫਿਰ ਸੜਕ ਬਣਾ ਦਿੱਤੀ ਗਈ। ਜਨਤਾ ਇਸ ਤਰ੍ਹਾਂ ਦੀਆਂ ਗੱਲਾਂ ਵੇਖ ਕੇ ਕਿਵੇਂ ਮੰਨਦੀ ਹੈ ।

ਡਰੇਨਜ਼ ਦੀ ਹਾਲਤ ਦੇਖੋ ਸਪੀਕਰ ਸਾਹਿਬ, ਪੰਜ ਸਤ ਪਿੰਡਾਂ ਵਿੱਚ ਡਰੇਨ ਪੁੱਟੀ ਫਿਰ ਦੋ ਚਾਰ ਪਿੰਡ ਛੱਡ ਦਿੱਤੇ ਤੇ ਫਿਰ ਅਗਾਂਹ ਚਾਰ ਪੰਜ ਪਿੰਡਾਂ ਵਿੱਚ ਪੁੱਟ ਦਿੱਤੀ ਤਾਂ ਕਿ ਇਨ੍ਹਾਂ ਦੇ ਚਹੇਤੇ ਜੋ ਸਨ ਉਨ੍ਹਾਂ ਦੇ ਪਿੰਡਾਂ ਦਾ ਪਾਣੀ ਨਿਕਲ ਜਾਵੇ ਤੇ ਦੂਜੇ ਪਿੰਡ ਤਬਾਹ ਹੋ ਜਾਣ । ਸੋ ਚੌਧਰੀ ਸਾਹਿਬ ਮੈਂ ਫਾਇਲਾਂ ਵੇਖ ਕੇ ਹੀ ਗੱਲ ਕੀਤੀ ਹੈ । ਹੁਣ ਤੁਸੀਂ ਅਪਣੀ ਅਸਲੀ ਪਾਸੇ ਵਲ ਮੈਨੂੰ ਆਣ ਦਿਉ । (*Interruption*)

ਤੁਸੀਂ ਆਪ ਤਾਂ ਇਸ ਸਟੇਟ ਟ੍ਰੇਡਿੰਗ ਵਾਲੇ ਪਾਸੇ ਕੋਈ ਕਦਮ ਨਾ ਚੁਕ ਸਕੇ । ਕੋਈ ਕਮੇਟੀ ਤਕ ਇਸ ਕੰਮ ਦੀ ਜਾਂਚ ਲਈ ਨਹੀਂ ਬਣਾਈ । ਪੋਲੀਟੀਕਲ ਗੱਲਾਂ ਨੂੰ ਸਾਹਮਣੇ ਰਖ ਕੇ ਤੁਸੀਂ ਕੰਮ ਕਰਦੇ ਰਹੇ । ਪੋਲੀਟੀਕਲ ਪਾਰਟੀ ਨੂੰ ਮੁੱਖ ਰਖ ਕੇ ਹਰ ਕੰਮ ਕੀਤਾ ਤੇ ਜੇਕਰ ਤੁਸੀਂ ਸਮਝਦੇ ਹੋ ਤੇ ਅੱਜ ਸਾਨੂੰ ਵਾਸਤੇ ਪਾਂਦੇ ਹੋ, ਉਨ੍ਹਾਂ ਨੂੰ ਤੁਸੀਂ ਗਲਤੀ ਕਰਨ ਤੋਂ ਨਹੀਂ ਮੋੜਿਆ । ਇਸ ਲਈ ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਲੋਕਾਂ ਦੇ ਜਜ਼ਬਾਤ ਭੜਕਾਏ ਜਾ ਸਕਦੇ ਸੀ ਪਰ ਲੋਕਾਂ ਦੇ ਦਿਲਾਂ ਵਿੱਚ ਤੁਹਾਡੀ say ਨਹੀਂ ਰਹੀ । ਸਾਡੀ say ਹੈ ਕਿਉਂਕਿ ਅਸੀਂ ਕੰਮ ਕਰਨਾ ਜਾਣਦੇ ਹਾਂ ਵਾਅਦੇ ਕਰ ਕੇ ਪੂਰੇ ਕਰਦੇ ਹਾਂ । ਜੇਕਰ ਕੋਈ ਸਰਕਾਰ ਲੋਕਾਂ ਨਾਲ ਵਾਅਦੇ ਕਰੇ ਤੇ ਪੂਰਾ ਨਾ ਕਰੇ ਉਹ ਸਮਝਾ ਹਸਤੀ ਤੋਂ ਮਿਟ ਜਾਂਦੀ ਹੈ । ਅਸੀਂ ਵਾਅਦੇ ਪੂਰੇ ਕਰਦੇ ਹਾਂ । ਅਸੀਂ ਇਹ ਗੱਲ ਦਾ ਇਲਾਨ ਕੀਤਾ ਹੈ ਕਿ ਅਸੀਂ ਸਟੇਟ ਟ੍ਰੇਡਿੰਗ ਕਰਾਂਗੇ ਪਰ ਕਿਸ ਸਟੇਜ ਤੇ ਕਰਾਂਗੇ ਇਹ ਵੇਖਣਾ ਹੈ । ਇਹ ਜ਼ੁਲਮ ਹੋਵੇਗਾ ਜੇਕਰ ਇਸ ਤਰੀਕੇ ਨਾਲ ਕਰ ਦੇਈਏ ਜਿਸ ਤਰ੍ਹਾਂ ਤੁਸੀਂ ਚਾਹੁੰਦੇ ਹੋ । ਜੇਕਰ ਤੁਸੀਂ ਨੇਕ ਨੀਅਤ ਹੋ ਅਤੇ ਪੰਜਾਬ ਦੀ ਤਰੱਕੀ ਚਾਹੁੰਦੇ ਹੋ ਤਾਂ ਸਾਨੂੰ ਕੋਆਪ੍ਰੇਸ਼ਨ ਦਿਉ । ਆਪੋਜ਼ੀਸ਼ਨ ਦਾ ਮਤਲਬ ਹੀ ਇਹ ਹੁੰਦਾ ਹੈ । (ਵਿਘਨ)

ਇਕ ਮਾਨਯੋਗ ਮੈਂਬਰ : ਨੇਕ ਕੰਮ ਕਰਕੇ ਹੀ ਤਾਂ ਇਹ ਉਧਰ ਜਾ ਬੈਠੇ ਹਨ। (ਹਾਸਾ)

ਆਪੋਜ਼ੀਸ਼ਨ ਦਾ ਇਕ ਮੈਂਬਰ : ਤੁਹਾਡੀ ਸਹਾਇਤਾ ਲਈ ਤਾਂ ਅਸੀਂ ਸਤ ਭੇਜ ਦਿੱਤੇ ਹਨ । (ਹਾਸਾ)

ਲੈਫਟੀਨੈਂਟ ਭਾਗ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਪਾਸ ਚਪਿਆਂ ਦੀ ਮੋਹਲਿਆਂ ਦੀ ਤੇ ਝੋਟਿਆਂ ਦੀਆਂ ਜੋੜੀਆਂ ਤਾਂ ਭੇਜ ਦਿੱਤੀਆਂ ਹਨ । (ਹਾਸਾ) (ਵਿਘਨ)

ਚੌਧਰੀ ਬਲਬੀਰ ਸਿੰਘ : ਨਾਈਆਂ ਦੀਆਂ ਝੋਟੀਆਂ ਤਾਂ ਪਿੱਛੇ ਰਹਿ ਗਈਆਂ ਹਨ । ਉਹ ਵੀ ਆ ਜਾਉ । (ਵਿਘਨ) (ਹਾਸਾ)

ਲੋਕ ਕਾਰਜ ਅਤੇ ਵਿਦਿਆ ਮੰਤਰੀ : ਪੰਜਾਬ ਦੀਆਂ ਚੋਣਾਂ ਦੇ ਰੀਜ਼ਲਟ ਤੋਂ ਬਾਅਦ ਇਨ੍ਹਾਂ ਦੇ ਦਿਲ ਵਿੱਚ ਜਨਤਾ ਦਾ ਦਰਦ ਜਾਗ ਪਿਆ ਹੈ । ਇਹ ਹੁਣ ਸਟੇਟ ਟ੍ਰੇਡਿੰਗ ਬਾਰੇ ਸੋਚਣ ਲਗ ਪਏ ਹਨ। ਚੰਗੀ ਗੱਲ ਹੈ ਪਰ ਤੁਸੀਂ ਜਾਣਦੇ ਹੋ ਕਿ ਇਹ ਕੰਮ ਤਾਂ ਸਰਕਾਰ ਕਰ ਸਕਦੀ ਹੈ । ਸਰਕਾਰ ਵਾਲਿਆਂ ਕੋਲ ਸਰਕਾਰ ਹੈ। ਇਸ ਲਈ ਤੁਸੀਂ ਇਸ ਕੰਮ ਵਿਚ ਸਰਕਾਰ ਦੀ ਸਹਾਇਤਾ ਕਰੋ। ਮਦਦ ਕਰੋ । (ਵਿਘਨ) ਮੈਂ wind up ਕਰਦਾ ਹੋਇਆ ਬੇਨਤੀ ਕਰਦਾ ਹਾਂ ਕਿ ਗਵਰਨਰ ਸਾਹਿਬ ਦੇ ਐਡਰੈਸ ਵਿੱਚ ਜਿਹੜੀ ਗੱਲ ਵਲ ਇਸ਼ਾਰਾ ਸੀ ਅਸੀਂ ਉਸ ਦੇ ਵਲ ਕਦਮ ਉਠਾਏ ਹਨ । ਜੋ ਕੁੱਝ ਗਵਰਨਰ ਸਾਹਿਬ ਦੇ ਐਡਰੈਸ ਵਿਚ ਦੱਸਿਆ ਹੈ ਉਸ ਵਿਚ ਜੇਕਰ ਤੁਸੀਂ ਸਹਾਇਤਾ ਕਰੋ ਤਾਂ ਤੁਹਾਡਾ ਸ਼ੁਕਰੀਆ । ਤਾਂ ਹੀ ਪੰਜਾਬ ਵਿਚ ਇਕ ਮਿਸਾਲ ਬਣੇਗੀ ਕਿ ਚੰਗਾ ਕੰਮ ਤੁਸੀਂ ਕੀਤਾ ਹੈ। ਅਸੀਂ ਤਾਂ ਤਿਆਰ ਹਾਂ ਕਿ ਇਜਲਾਸ ਬੰਦ ਹੁੰਦੇ ਹੀ ਇਸ ਪਾਸੇ ਧਿਆਨ ਦੇਈਏ । (ਵਿਘਨ) ਜੇਕਰ ਕਿਰਾਇਆ ਖਰਚ ਦਾ ਹੋਵੇ ਤਾਂ ਜਰਮਨ ਜਾਣ ਦੀ ਨਹੀਂ ਸੋਚਣੀ ਚਾਹੀਦੀ । ਪੱਲੇ ਕੁੱਝ ਨਾ ਹੋਵੇ ਤਾਂ ਗੱਲਾਂ ਕਰਨ ਦਾ ਕੋਈ ਫਾਇਦਾ ਨਹੀਂ ਹੁੰਦਾ । ਮੈਂ ਤੁਹਾਨੂੰ ਬੇਨਤੀ ਕਰਾਂਗਾ ਕਿ ਇਜਲਾਸ ਮੁੱਕਣ ਤੇ ਤੁਸੀਂ ਆਪਣੇ ਇਲਾਕੇ ਵਿਚ ਜਾਉ ਅਤੇ ਪਰਚਾਰ ਕਰੋ । (ਵਿਘਨ) ਆਪਣੇ ਇਲਾਕੇ ਵਿਚ ਜਾਣ ਤੋਂ ਕਿਉਂ ਡਰਦੇ ਹੋ । ਮੈਂ ਕੋਈ ਮਾੜੀ ਗੱਲ ਤਾਂ ਨਹੀਂ ਆਖੀ । ਇਜਲਾਸ ਬੰਦ ਹੋਣ ਤੇ ਲੋਕਾਂ ਵਿਚ ਜਾਉ (ਜਨਰਲ ਮੋਹਨ ਸਿੰਘ ਵੱਲੋਂ ਵਿਘਨ) ਜਰਨੈਲ ਸਾਹਿਬ, ਲੋਕ ਜਾਣ ਨਹੀਂ ਦਿੰਦੇ ਪਿੰਡਾਂ ਵਿੱਚ ਤੁਸੀਂ ਲੋਕਾਂ ਵਿੱਚ ਜਾਉ । ਮੇਰੇ ਦਿਮਾਗ ਨੂੰ ਗਲਤ ਨਾ ਕਰੋ । ਲੋਕਾਂ ਵਿਚ ਖਿਆਲ ਪੈਦਾ ਕਰੋ । ਅਸੀਂ ਵੀ ਜਾਵਾਂਗੇ । ਲੋਕ ਵੀ ਤਿਆਰ ਕਰੋ । ਹੁਣ ਵਕਤ ਹੈ ਸੇਵਾ ਕਰਨ ਦਾ ਸੜਕਾਂ ਦੇ ਜਿਹੜੇ ਟੋਟੇ ਤੁਸੀਂ ਛੱਡ ਗਏ ਸੀ ਉਨ੍ਹਾਂ ਨੂੰ ਅਸੀਂ ਪੂਰਾ ਕਰਨਾ ਹੈ । ਮੰਡੀਆਂ ਚੈਕ ਕਰਨੀਆਂ ਹਨ ਕਿ ਕੀ ਕੀਮਤ ਅਨਾਜ ਦੀ ਮਿਲਦੀ ਹੈ। ਖਾਣ ਵਾਲੀਆਂ ਚੀਜ਼ਾਂ ਦੀ ਸਹੀ ਕੀਮਤ ਕੀ ਹੋਣੀ ਚਾਹੀਦੀ ਹੈ। ਅਤੇ ਇਹ ਵੇਖੋ ਕਿ ਪੰਜਾਬ ਦੀ ਜਨਤਾ ਨੂੰ ਕਿੱਥੇ ਤੇ ਕਿਵੇਂ ਸਹੂਲਤਾਂ ਦਿੱਤੀਆਂ ਜਾ ਸਕਦੀਆ ਹਨ । ਡੈਮੋਕਰੇਸੀ ਦਾ ਤਕਾਜ਼ਾ ਹੈ ਕਿ ਸਹੀ ਕਦਮ ਚੁੱਕੇ ਜਾਣ । ਅਸੀਂ ਸਹੀ ਕਦਮ ਚੁੱਕ ਰਹੇ ਹਾਂ ਅਤੇ ਤੁਹਾਡੀ ਕੁਆਪ੍ਰੇਸ਼ਨ ਚਾਹੁੰਦੇ ਹਾਂ ।

ਮੈਂ ਇਸ ਲਈ ਪੰਡਤ ਮੋਹਨ ਲਾਲ ਜੀ ਨੂੰ ਕਹਾਂਗਾ ਕਿ ਉਹ ਇਸ ਰੈਜ਼ੋਲਿਊਸ਼ਨ ਨੂੰ ਵਾਪਸ ਲੈ ਲੈਣ ਇਹੀ ਚੰਗੀ ਗੱਲ ਹੋਵੇਗੀ ਜੇਕਰ ਤੁਸੀਂ ਹਮਦਰਦੀ ਦਾ ਇਜ਼ਹਾਰ ਕਰਦੇ ਹੋ ਤਾਂ ਅਸੀਂ ਤਾਂ ਮਜ਼ਲਾਂ ਤਹਿ ਕਰ ਚਲੇ ਹਾਂ ਤੁਸੀਂ ਵੀ ਇਸ ਕਾਫਲੇ ਵਿਚ ਸ਼ਾਮਲ ਹੋ ਜਾਉ ਤਾਂ ਕਿ ਦੇਸ਼ ਦੀ ਸੇਵਾ ਹੋ ਸਕੇ ਸਹੀ ਮਾਨਿਆਂ ਵਿੱਚ। ਤੁਸੀਂ ਇਸ ਰੈਜ਼ੋਲਿਊਸ਼ਨ ਨੂੰ ਜਿਵੇਂ ਮਰਜ਼ੀ ਪੇਸ਼ ਕਰ ਲਉ, ਫੇਰ ਵੀ ਜਨਤਾ ਨੇ ਇਹੋ ਕਹਿਣਾ ਹੈ ਕਿ ਤੁਹਾਨੂੰ ਲਗਾਤਾਰ 20 ਵਰ੍ਹੇ ਤਕ ਰਾਜ ਕਰਨ ਦਾ ਮੌਕਾ

ਦਿੱਤਾ , ਅਸੀਂ ਤੁਹਾਨੂੰ 20 ਵਰੇ ਤੱਕ ਵੇਖਦੇ ਰਹੇ ਇਹ ਰੈਜ਼ੋਲਿਊਸ਼ਨ ਕੋਈ ਮਾਇਨੇ ਨਹੀਂ ਰਖਦਾ । ਉਹ ਹੁਣ ਇਹ ਬਰਦਾਸ਼ਤ ਨਹੀਂ ਕਰਨਗੇ ਕਿ ਤੁਸੀਂ ਹਰ ਦਫਾ ਇਸ ਤਰ੍ਹਾਂ ਦੀਆਂ ਗਲਾਂ ਕਰਦੇ ਰਹੋ ਅਤੇ ਉਨ੍ਹਾਂ ਦੀਆਂ ਅੱਖਾਂ ਦੇ ਵਿੱਚ ਘੱਟਾ ਪਾਉਂਦੇ ਚਲੇ ਜਾਉ । ਤੁਹਾਡੀ ਲੁਟ ਖਸੁਟ ਉਹ ਹੁਣ ਬਰਦਾਸ਼ਤ ਨਹੀਂ ਕਰਨਗੇ। ਉਹ ਮੌਕਾ ਹੁਣ ਗਿਆ। ਤੁਸੀਂ ਹੁਣ ਸਾਨੂੰ ਸੁਜੈਸ਼ਨਜ਼ ਦਿੰਦੇ ਹੋ ਕਿ ਇਸਤਰ੍ਹਾਂ ਕਰੋ ਉਸ ਤਰ੍ਹਾਂ ਕਰੋ, ਜ਼ਮੀਨ ਕਿਵੇਂ ਦੇਣੀ ਚਾਹੀਦੀ ਹੈ, ਹਿੰਦੂ ਸਿੱਖ ਕਿਵੇਂ ਖੁਸ਼ ਵਸ ਸਕਦੇ ਹਨ । ਉਨ੍ਹਾਂ ਨੇ ਤੁਹਾਡੀਆਂ ਗੱਲਾਂ ਲਗਾਤਾਰ 20 ਵਰ੍ਹੇ ਸੁਣੀਆਂ ਹਨ ਪਰ ਤੁਸੀਂ ਕਰ ਕੁਝ ਨਹੀਂ ਸਕੇ। ਅੱਜ ਜਦੋਂ ਇਹ ਸਰਕਾਰ ਕੁਝ ਕਰਨ ਲੱਗੀ ਹੈ ਤਾਂ ਤੁਸੀਂ ਕਹਿੰਦੇ ਹੋ ਇਹ ਗੱਲ ਅਸੀਂ ਨਹੀਂ ਮੰਨਣੀ । (ਇਕ ਮਾਨਯੋਗ ਮੈਂਬਰ : ਅਸੀਂ ਨਹੀਂ ਮੰਨਣਾ) ਨਾ ਮੰਨੋ, ਮੈਂ ਕਿਹੜਾ ਤੁਹਾਡੇ ਪਿੱਛੇ ਪਿਆ ਹਾਂ ।

ਇਥੇ ਬਹੁਤ ਸਾਰੀਆਂ ਗੱਲਾਂ ਸਟੇਟ ਟਰੇਡਿੰਗ ਦੇ ਮੁਤਾਲਿਕ ਕਹੀਆਂ ਹਨ, ਮੈਂ ਇਸ ਦੇ ਮੁਤਾਲਿਕ ਇਤਨਾ ਹੀ ਅਰਜ਼ ਕਰਾਂਗਾ ਕਿ ਜੇਕਰ ਸਟੇਟ ਟਰੇਡਿੰਗ ਸਹੀ ਤਰੀਕੇ ਨਾਲ ਪੰਜਾਬ ਦੇ ਵਿਚ ਲਾਗੂ ਕੀਤੀ ਜਾਵੇ ਤਾਂ ਇਸ ਦੇ ਲਈ ਅੰਦਾਜ਼ਨ 92 ਕਰੋੜ ਰੁਪਿਆ ਚਾਹੀਦਾ ਹੈ । ਜੇ ਇਹ ਰੁਪਿਆ ਲੋਨ ਦੀ ਸ਼ਕਲ ਦੇ ਵਿੱਚ ਕਿਸੇ ਕੋਲੋਂ ਲਿਆ ਜਾਵੇ ਤਾਂ ਇਸ ਦੇ ਉੱਤੇ ਜਿਹੜਾ ਇੰਟਰੈਸਟ ਸਰਕਾਰ ਨੂੰ ਦੇਣਾ ਪਵੇਗਾ, ਉਸ ਦੇ ਨਾਲ ਕੀਮਤ ਤੇ ਇਤਨਾ ਅਸਰ ਪਵੇਗਾ, ਇਤਨੀ ਕੀਮਤ ਵਧ ਜਾਵੇਗੀ ਕਿ ਖਰੀਦਣ ਵਾਲੇ ਉਸ ਨੂੰ ਖਰੀਦ ਹੀ ਨਹੀਂ ਕਰ ਸਕਣਗੇ ।

ਜਿਹੜੀ ਕਣਕ ਜਾਂ ਜਿਹੜਾ ਅਨਾਜ ਅਸੀਂ ਗਰੋਅਰ ਦੇ ਕੋਲੋਂ ਲੈਣਾ ਚਾਹੁੰਦੇ ਹਾਂ, ਜਿਸ ਕੀਮਤ ਤੇ ਵੀ ਉਸ ਤੋਂ ਖਰੀਦਾਂਗੇ, ਉਸੇ ਕੀਮਤ ਤੇ ਅਸੀਂ ਕਨਜ਼ੀਊਮਰ ਨੂੰ ਦੇਵਾਂਗੇ, ਅਸੀਂ ਕੋਈ ਪ੍ਰਾਫਿਟ ਨਹੀਂ ਲੈਣਾ । ਹਾਂ ਜਿਹੜੇ ਸਾਡੇ ਸਟੋਰਜ ਚਾਰਜਿਜ਼ ਹੋਣਗੇ ਉਹ ਜ਼ਰੂਰ ਇਸ ਕੀਮਤ ਖਰੀਦ ਵਿੱਚ ਐਡ ਕਰ ਦਿੱਤੇ ਜਾਣਗੇ । ਇਹ ਇਕ ਹਿਸਾਬ ਕਿਤਾਬ ਦੀ ਗੱਲ ਹੈ, ਕੈਪਟਨ ਸਾਹਿਬ ਇਕ ਜ਼ਿੰਮੇਵਾਰ ਆਦਮੀ ਹਨ, ਉਨ੍ਹਾਂ ਦੀ ਸਰਕਾਰ ਨੇ ਹੀ ਇਹ ਸਟੋਰੇਜ ਚਾਰਜਿਜ਼ ਦਾ ਹਿਸਾਬ ਕਿਤਾਬ ਲਗਵਾਇਆ ਸੀ । ਪਰ ਕੁਇੰਟਲ ਇਹ ਹਿਸਾਬ ਕੋਈ 16 ਰੁਪਏ ਸਟੋਰੇਜ ਚਾਰਜਿਜ਼ ਪਲੱਸ ਅਦਰ ਚਾਰਜਿਜ਼ ਬਣਦਾ ਹੈ । ਸਟੋਰੇਜ ਚਾਰਜਿਜ਼ ਇਸ ਵਿੱਚ 8 ਰੁਪਏ ਤੇ ਕੁਝ ਆਨੇ ਹੈ । ਜਿਥੋਂ ਤਕ ਇਹ ਖਰਚ ਦਾ ਸਵਾਲ ਹੈ ਇਹ ਜਾਇਜ਼ ਹੈ ਇਸ ਤੇ ਕਿਸੇ ਨੂੰ ਵੀ ਕੋਈ ਸ਼ੱਕ ਦੀ ਗੁੰਜਾਇਸ਼ ਨਹੀਂ । ਪਰ ਜੇ ਕਿਧਰੋਂ ਪੈਸਾ ਲੈਕੇ ਖਰਚ ਕੀਤਾ ਜਾਵੇ, ਜਿਵੇਂ ਕਿ ਇਸਤਰ੍ਹਾਂ ਦੀਆਂ ਅਕਸਰ ਗੱਲਾਂ ਕੀਤੀਆਂ ਗਈਆਂ ਹਨ, 9% ਇੰਟਰੈਸਟ ਇਸ ਦਾ ਚਾਰਜ ਹੋਵੇ, ਮੈਂ ਸਮਝਦਾ ਹਾਂ ਇਹ ਗੱਲ ਪ੍ਰੈਕਟੀਕੇਬਲ ਨਹੀਂ, ਇਹ ਗੱਲ ਬਣੇਗੀ ਨਹੀਂ । ਠੀਕ ਹੈ ਕਿ ਕਹਿਣਾ ਬੜਾ ਸੌਖਾ ਹੈ, ਇਨ੍ਹਾਂ ਦੋਸਤਾਂ ਨੂੰ ਜਿਹੜੇ ਇਸ ਤਰ੍ਹਾਂ ਦੀਆਂ ਦਲੀਲਾਂ ਤੇ ਸੁਝਾਉ ਦਿੰਦੇ ਹਨ । ਸਾਨੂੰ ਕੁਝ ਕਰਨ ਦਾ ਅਜੇ ਮੌਕਾ ਤਾਂ ਦੇਣ । ਦੋ ਮਹੀਨੇ ਹੋਏ ਹਨ ਇਸ ਸਰਕਾਰ ਬਣੀ ਨੂੰ ਕਿਹਾ ਜਾਂਦਾ ਹੈ ਇਹ ਨਹੀਂ ਕੀਤਾ ਉਹ ਨਹੀਂ ਕੀਤਾ (ਵਿਘਨ) ਕੁਝ ਸਬਰ ਕਰੋ । ਅਸੀਂ ਲੋਕਾਂ ਦੀ ਵੱਧ ਤੋਂ ਵੱਧ ਇਮਦਾਦ ਕਰਨੀ ਚਾਹੁੰਦੇ ਹਾਂ ਇਸ ਦੇ ਨਾਲ ਹੀ ਇਹ ਵੀ ਸੋਚਦੇ ਹਾਂ ਕਿ ਉਹ ਕੁਝ ਕੀਤਾ ਜਾਵੇ ਜਿਸ ਦੇ ਨਾਲ ਕੋਈ ਹੋਰ ਕੰਪਲੀਕੇਸ਼ਨ ਨਾ ਪੈਦਾ ਹੋਵੇ । ਮੈਂ ਇਹ ਗੱਲ ਕਲੀਅਰ ਕਰ ਦਿਆਂ ਕਿ ਸਾਡਾ ਸਟੇਟ ਟਰੇਡਿੰਗ ਕਰਨ ਦਾ ਪੱਕਾ ਇਰਾਦਾ ਹੈ ਪਰ ਅਜੇ ਕੁਝ ਮੁਆਮਲੇ ਐਸੇ ਹਨ ਜਿਨ੍ਹਾਂ ਨੂੰ ਅਸੀਂ ਟਾਪ ਪਰਾਇਰਟੀ ਦੇਣੀ ਹੈ, ਜਿਹੜੇ ਕਿ ਬੜੀ ਦੇਰ ਤੋਂ ਲਟਕਦੇ ਚਲੇ ਆ ਰਹੇ ਹਨ । ਪਰ ਮੈਂ ਤੁਹਾਨੂੰ ਇਸ ਗੱਲ ਦਾ ਪੂਰਾ ਯਕੀਨ ਦਿਵਾਉਂਦਾ ਹਾਂ ਕਿ ਅਸੀਂ ਆਹਿਸਤਾ ਆਹਿਸਤਾ ਸਟੇਟ ਟਰੇਡਿੰਗ ਵੱਲ ਹੀ ਆ ਰਹੇ ਹਾਂ, ਇਹ ਗੱਲ ਮੈਂ ਬੜੇ ਜ਼ੋਰਦਾਰ ਲਫਜ਼ਾਂ ਦੇ ਵਿਚ ਕਹਾਂਗਾ ਕਿ 2–3 ਸਾਲ ਦੇ ਵਿਚ ਅਸੀਂ ਇਸ ਸੂਬੇ ਵਿਚ ਕੰਪਲੀਟ ਸਟੇਟ ਟਰੇਡਿੰਗ ਕਰਨ ਦੇ ਯੋਗ ਹੋ ਜਾਵਾਂਗੇ । ਪਿਛਲੇ 20 ਸਾਲ ਦੇ ਵਿਚ ਮੈਂ ਅਜੇ ਇਹੋ ਕਹਿ ਸਕਦਾ ਹਾਂ ਕਿ ਜੋ ਅਸੀਂ ਪ੍ਰਾਗਰੈਸ ਕੀਤਾ ਹੈ ਉਹ ਖਿਲਕੁਲ ਜ਼ੀਰੋ ਦੇ ਬਰਾਬਰ ਹੈ । ਮੈਂ

[ਲੋਕ ਕਾਰਜ ਅਤੇ ਵਿਦਿਆ ਮੰਤਰੀ]

ਬਹੁਤੀ ਦੂਰ ਨਹੀਂ ਜਾਂਦਾ ਪਿਛਲੇ ਸਾਲ ਦੇ ਵਿੱਚ ਜੋ ਕੁਝ ਹੋਇਆ ਉਸ ਦੀ ਗੱਲ ਮਿਸਾਲ ਦੇ ਤੌਰ ਤੇ ਆਪਦੇ ਸਾਹਮਣੇ ਰਖਾਂਗਾ । ਪਿਛਲੇ ਸਾਲ ਇਨ੍ਹਾਂ ਨੇ 50–55 ਰੁਪਏ ਦੇ ਹਿਸਾਬ ਨਾਲ ਕਣਕ ਖਰੀਦੀ ਅਤੇ ਉਹ ਸਾਲ ਦੇ ਅਖੀਰ ਵਿੱਚ ਆਕੇ ਇਸ ਸੂਬੇ ਵਿੱਚ 130 ਰੁਪਏ ਦੇ ਹਿਸਾਬ ਨਾਲ ਵਿਕੀ । ਮੈਂ ਇਹ ਗਲਾਂ ਉਨ੍ਹਾਂ ਲੋਕਾਂ ਨੂੰ ਦਸਦਾ ਹਾਂ ਜਿਹੜੇ ਅਜ ਸਾਨੂੰ ਸੁਝਾਉ ਦਿਦੇ ਹਨ, ਉਹ ਜ਼ਰਾ ਅੱਖਾਂ ਖੋਲ੍ਹ ਕੇ ਵੇਖਣ (ਵਿਘਨ) ਪਿੱਛੇ ਉਹ ਕੀ ਕੁਝ ਕਰਦੇ ਆਏ ਹਨ । ਅਸੀਂ ਇਸ ਤਰ੍ਹਾਂ ਦਾ ਇੰਤਜ਼ਾਮ ਕਰਨਾ ਚਾਹੁੰਦੇ ਹਾਂ ਕਿ ਖਰੀਦਦਾਰ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਨਾ ਹੋਵੇ, ਕਿਉਂਕਿ ਕਨਜ਼ੀਉਮਰ ਨੇ ਤਾਂ ਇਹ ਮੁੱਲ ਲੈਕੇ ਹੀ ਖਾਣੀ ਹੈ । (ਵਿਘਨ) ਪਿਛਲੇ ਦੋ ਮਹੀਨਿਆਂ ਦੇ ਵਿਚ ਮਾਰਕਿਟ ਰੇਟ 75–80 ਦੇ ਦਰਮਿਆਨ ਚਲ ਰਿਹਾ ਹੈ । (ਵਿਘਨ) ਇਹ ਇਕ ਰੀਜ਼ਨੇਬਲ ਰੇਟ ਹੈ ਮੈਂ ਛਪਾਉਂਦਾ ਨਹੀਂ, ਜਿਹੜੇ ਲੋਕ ਅਨਾਜ ਲੈਕੇ ਖਾ ਰਹੇ ਹਨ (ਵਿਘਨ) ਠੀਕ ਹੈ ਮੈਂ ਕਹਿੰਦਾ ਹਾਂ ਕਿ ਇਨ੍ਹਾਂ ਲੋਕਾਂ ਦੀ ਪੂਰੀ ਤੋਂ ਪੂਰੀ ਇਮਦਾਦ ਕੀਤੀ ਜਾਵੇ । (ਵਿਘਨ) ਮੈਂ ਨਹੀਂ ਚਾਹੁੰਦਾ ਹਾਂ ਕਿ ਤੁਹਾਡੀ ਹਰ ਗੱਲ ਦਾ ਜਵਾਬ ਦਿਆਂ । ਜੇ ਤੁਸੀਂ ਚਾਹੁੰਦੇ ਹੋ ਕਿ ਇਹ ਰੈਜ਼ੋਲਿਊਸ਼ਨ 2–3 ਦਿਨ ਤੱਕ ਚੱਲੇ ਬੇਸ਼ਕ ਹਫਤਾ ਚੱਲੇ, ਪਰ ਇਸ ਗੱਲ ਦਾ ਜ਼ਰੂਰ ਖਿਆਲ ਰਖਣਾ ਕਿ ਇਸ ਰੈਜ਼ੋਲਿਊਸ਼ਨ ਦੇ ਵਿਚ ਕੋਈ ਐਸੀ ਗੱਲ ਰਹਿ ਨਹੀਂ ਜਾਣੀ ਚਾਹੀਦੀ ਜਿਸ ਦੇ ਨਾਲ ਕਿ ਹੋਰ ਕੰਪਲੀਕੇਸ਼ਨਜ਼ ਹੋਣ । ਜੋ ਵੀ ਗੱਲ ਹੋਵੇ ਉਹ ਹਰ ਪਹਿਲੂ ਤੋਂ ਕੰਪਲੀਟ ਅਤੇ ਰੀਜ਼ਨੇਬਲ ਹੋਣੀ ਚਾਹੀਦੀ ਹੈ । ਸਟੇਟ ਟਰੇਡਿੰਗ ਦਾ ਮਕਸੂਦ ਕੁਝ ਏਹੋ ਜਿਹਾ ਹੈ, ਜਿਥੋਂ ਤਕ ਕਿ ਮੈਂ ਸਮਝ ਸਕਿਆ ਹਾਂ, ਕਿ ਅਨਾਜ ਪੈਦਾ ਕਰਨ ਵਾਲੇ ਨੂੰ ਵਾਜਬੀ ਕੀਮਤ ਮਿਲੇ ਇਸ ਦੇ ਨਾਲ ਹੀ ਖਾਣ ਵਾਲੇ ਨੂੰ ਕਨਜ਼ੀਉਮਰ ਨੂੰ ਵੀ ਵਾਜਬੀ ਰੇਟ ਤੇ ਖਰੀਦਣੀ ਪਵੇ, ਜਿਹੜਾ ਪ੍ਰਾਫਿਟ ਆਵੇ ਉਹ ਸਰਕਾਰ ਕੋਲ ਬੇਸ਼ਕ ਨਾ ਆਵੇ, ਇਨ੍ਹਾਂ ਦੋਨਾਂ ਦਾ ਫਾਇਦਾ ਜ਼ਰੂਰ ਹੋਵੇ। ਪੰਜਾਬ ਦੇ ਲੋਕਾਂ ਨੂੰ ਔਰ ਤੁਹਾਨੂੰ ਮੈਂ ਇਹ ਗੱਲ ਪੂਰੀ ਜ਼ਿੰਮੇਵਾਰੀ ਨਾਲ ਕਹਿੰਦਾ ਹਾਂ ਇਨ੍ਹਾਂ ਕੀਮਤਾਂ ਦੇ ਮੁਤਾਲ਼ਿਕ ਕਿਸੇ ਤਰ੍ਹਾਂ ਵੀ ਕੰਪਲੀਕੇਸ਼ਨਜ਼ ਨੂੰ ਆਉਣ ਨਹੀਂ ਦਿੱਤਾ ਜਾਵੇਗਾ । ਇਹ ਸਾਡੀ ਜ਼ਿੰਮੇਵਾਰੀ ਹੈ ਕਿ ਜੇ ਕੋਈ ਬੰਦਾ ਕਿਸੇ ਦੀ ਜੇਬ ਤੇ ਹੱਥ ਰਖੇ ਤਾਂ ਉਹ ਇਸ ਤਰ੍ਹਾਂ ਦੀ ਹਰਕਤ ਨਾ ਕਰੇ ਕਿ ਉਸ ਨੂੰ ਕਟ ਹੀ ਦਿੱਤਾ ਜਾਵੇ । (ਆਵਾਜ਼ਾਂ: ਇਹੋ ਅਸੀਂ ਚਾਹੁੰਦੇ ਹਾਂ) ਕੈਪਟਨ ਸਾਹਿਬ ਅਸੀਂ ਤਾਂ ਬੀਜ ਜਾਣਦੇ ਹਾਂ (ਹਾਸਾ)

ਕੈਪਟਨ ਰਤਨ ਸਿੰਘ : ਆਨ ਏ ਪਰਸਨਲ ਐਕਸਪਲੇਨੇਸ਼ਨ, ਸਰ ।

ਲੋਕ ਕਾਰਜ ਅਤੇ ਵਿਦਿਆ ਮੰਤਰੀ : ਇਹ ਗੱਲ ਤਾਂ ਮੈਂ ਮਜ਼ਾਕੀਆ ਹੀ ਕਹੀ ਹੈ ।

ਕੈਪਟਨ ਰਤਨ ਸਿੰਘ : ਜੇ ਮਜ਼ਾਕੀਆ ਕਹੀ ਹੈ ਤਾਂ ਮੈਂ ਬੈਠਦਾ ਹਾਂ ।

ਲੋਕ ਕਾਰਜ ਅਤੇ ਵਿਦਿਆ ਮੰਤਰੀ : ਇਤਨੇ ਚਿਰ ਦੇ ਹਾਊਸ ਵਿਚ ਬੈਠੇ ਹੋ , ਕੁਝ ਤਾਂ ਹਿਊਮਰ ਕਰੀਏਟ ਕਰ ਲੈਣ ਦਿਉ ।

ਮੈਂ ਇਹ ਬੇਨਤੀ ਕਰ ਰਿਹਾ ਸੀ ਕਿ ਕੰਮ ਬੜਾ ਚੰਗਾ ਹੈ । ਤੁਸੀਂ ਸਾਰੇ ਮੈਂਬਰ ਮਦਦ ਕਰੋ, ਰੁਪਿਆ ਪੈਦਾ ਕਰੀਏ, ਸਾਧਨ ਪੈਦਾ ਕਰੀਏ, ਦਰਮਿਆਨ ਵਿਚ ਹੋਰ ਕੋਈ ਨਾ ਹੋਵੇ, ਰੁਪਿਆ ਸਰਕਾਰ ਦੇ ਹੱਥ ਆਵੇ ਅਤੇ ਸਰਕਾਰ ਉਸ ਰੁਪੈ ਨੂੰ ਜਨਤਾ ਤੇ ਖਰਚ ਕਰੇ । ਜਿਹੜੀ ਅਮੈਂਡਮੈਂਟ ਗਵਰਨਰ ਦੇ ਐਡ੍ਰੈਸ ਤੇ ਦਿੱਤੀ ਗਈ ਹੈ ਉਸ ਨੂੰ ਮੰਨ ਲਈਏ ਅਤੇ ਇਸ ਰੈਜ਼ੋਲੂਸ਼ਨ ਨੂੰ ਪਾਸ ਕਰ ਲਈਏ । ਇਸ ਨਾਲ ਲੋਕਾਂ ਦਾ ਭਲਾ ਹੋਵੇਗਾ ।

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ (ਬੜਾ ਪਿੰਡ) : ਮੈਂ ਤੁਹਾਡੀ ਆਗਿਆ ਨਾਲ ਤਰਮੀਮ ਪੇਸ਼ ਕਰਨ ਲਈ ਖੜਾ ਹੋਇਆ ਹਾਂ.........

Shri Mohan Lal : On a Point of Order, Sir. My Point of Order is that this member has already spoken on this resolution for a sufficient time. He cannot be allowed another opportunity to speak.

ਸ਼੍ਰੀ ਸਪੀਕਰ : ਮੈਂ ਉਨ੍ਹਾਂ ਨੂੰ ਕੋਈ ਅਪਰਚੁਨਿਟੀ ਨਹੀਂ ਦੇ ਰਿਹਾ । ਉਹ ਆਪਣੀ ਅਮੈਂਡਮੈਂਟ ਮੂਵ ਕਰ ਰਹੇ ਹਨ । That is all. (I am not giving him any opportunity to speak. The hon. Member is moving his amendment and that is all.)

Shri Mohan Lal : It may be taken as read and moved.

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ : ਮੈਂ ਅਮੈਂਡਮੈਂਟ ਪੇਸ਼ ਕਰਨ ਲਈ ਆਪ ਦੀ ਆਗਿਆ ਚਾਹੁੰਦਾ ਹਾਂ ਕਿ ਸਤਰ 4 ਵਿੱਚ ਸ਼ਬਦਾਂ "ਸਰਕਾਰ ਨੂੰ" ਅਤੇ "ਅਨਾਜ" ਦੇ ਵਿਚਕਾਰ ਨਿਮਨ ਲਿਖਤ ਜੋੜ ਦਿੱਤਾ ਜਾਵੇ :—

"ਗਵਰਨਰ ਦੇ ਭਾਸ਼ਨ ਵਿੱਚ ਦੱਸੀ ਗਈ ਨੀਤੀ ਦੇ ਅਨੁਸਾਰ"

......

ਸ਼੍ਰੀ ਸਪੀਕਰ : ਸਿਰਫ ਐਕਸਪਲੇਨ ਕਰ ਦਿਉ । (The hon. Member may only explain it)

Shri Mohan Lal : I rise on a point of order, Mr. Speaker. You have ruled that he will be allowed only to move his amendment and will not be allowed to make a second statement.

Mr. Speaker: I am not going to allow him to make a second statement.

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ : ਆਪ ਦੀ ਰੂਲਿੰਗ ਦੇਣ ਤੋਂ ਪਹਿਲੇ ਮੈਂ ਚਾਹੁੰਦਾ ਹਾਂ ਕਿ ਆਨਰੇਬਲ ਮੈਂਬਰ ਇਹ ਦੱਸਣ ਕਿ ਕਿਹੜੇ ਰੂਲ ਦੇ ਮਾਤਹਿਤ ਮੈਨੂੰ ਇਹ ਬੋਲਣੋ ਰੋਕਣਾ ਚਾਹੁੰਦੇ ਹਨ । ਜਦ ਮੈਂ ਅਮੈਂਡਮੈਂਟ ਮੂਵ ਕਰਨੀ ਚਾਹੁੰਦਾ ਹਾਂ ਤਾਂ ਮੇਰਾ ਇਹ ਰਾਈਟ ਬਣਦਾ ਹੈ ਕਿ ਉਸ ਨੂੰ ਐਕਸਪਲੇਨ ਵੀ ਕਰਾਂ otherwise ਉਸ ਦਾ ਕੋਈ ਮਤਲਬ ਨਹੀਂ ਹੈ। ਮੈਂ ਚਾਹੁੰਦਾ ਹਾਂ ਕਿ ਇਹ ਕੋਈ ਰੂਲ ਕੋਟ ਕਰਨ ਕਿ ਜਦੋਂ ਕੋਈ ਮੈਂਬਰ ਅਮੈਂਡਮੈਂਟ ਮੂਵ ਕਰੇ ਤਾਂ ਉਸ ਨੂੰ ਰਾਈਟ ਨਹੀਂ ਹੈ ਕਿ ਉਹ ਐਕਸਪਲੇਨ ਕਰੇ । ਇਸ ਦੇ ਉਪਰ ਹਾਊਸ ਨੇ ਵੋਟ ਕਰਨਾ ਹੈ । ਇਹ ਬੜਾ ਇੰਪਾਰਟੈਂਟ ਮਸਲਾ ਹੈ । ਮੈਂ ਆਪਦੀ ਆਗਿਆ ਚਾਹੁੰਦਾ ਹਾਂ ਕਿ ਬਹੁਤਾ ਲੰਮਾ ਚੌੜਾ ਸਮਾਂ ਨਾ ਲੈਕੇ ਇਸ ਨੂੰ ਐਕਸਪਲੇਨ ਕਰ ਦੇਵਾਂ ।

Capt. Rattan Singh : The House has to be run according to the rules. (*Interruptions*). The rule of this House is that no hon. Member is allowed to speak twice on the same subject and on the same resolution.

ਸ਼੍ਰੀ ਸਪੀਕਰ : ਤੁਸੀਂ ਵੀ ਫੌਜੀਆਂ ਵਾਲੀ ਗੱਲ ਕੀਤੀ ਹੈ । (ਹਾਸਾ) Amendment ਉਨ੍ਹਾਂ ਨੇ ਮੂਵ ਕੀਤੀ ਹੈ । (The hon. Member has said these words like militarymen. (Laughter) Comrade Harkishan Singh Surjit has moved the amendment)

ਚੌਧਰੀ ਦਰਸ਼ਨ ਸਿੰਘ : ਜਰਨੈਲ ਸਾਹਿਬ ਬੈਠੇ ਹਨ, ਇਹ ਚੰਗਾ ਨਹੀਂ ਲਗਦਾ, ਤੁਸੀਂ ਕਹਿ ਦਿੱਤਾ ਹੈ ਕਿ ਫੌਜੀਆਂ ਵਾਲੀ ਗੱਲ ਕੀਤੀ ਹੈ ।

ਸ੍ਰੀ ਸਪੀਕਰ : ਮੈਂ ਆਪ ਫੌਜੀ ਹਾਂ । (I myself am a militaryman.)

ਲੈਫਟੀਨੈਂਟ ਭਾਗ ਸਿੰਘ : ਮੈਂ ਤੁਹਾਡੀ ਅਥਾਰਟੀ ਨੂੰ ਕਿਸੇ ਤਰ੍ਹਾਂ ਫਲਾਊਟ ਨਹੀਂ ਕਰਦਾ । ਆਪ ਦੀ ਰਿਸਪੈਕਟ ਕਰਦਾ ਹਾਂ । ਲੇਕਿਨ ਇਹ ਪੁੱਛਣਾ ਚਾਹੁੰਦਾ ਹਾਂ ਕਿ ਤੁਸਾਂ ਜਿਹੜਾ ਲਫਜ਼ ਫੌਜੀ ਵਰਤਿਆ ਹੈ ਉਹ ਕਿਸ ਸੈਂਸ ਵਿੱਚ ਵਰਤਿਆ ਹੈ ?

ਸ੍ਰੀ ਸਪੀਕਰ : ਅਸੀਂ ਸੋਚਦੇ ਬਾਦ ਵਿੱਚ ਹਾਂ ਕਹਿ ਪਹਿਲੇ ਦਿੰਦੇ ਹਾਂ । (ਹਾਸਾ) ਜੇਕਰ ਜਰਨੈਲ ਸਾਹਿਬ ਨੂੰ ਆਪਣੀ ਮੌਤ ਸਾਹਮਣੇ ਨਜ਼ਰ ਆਉਂਦੀ ਹੋਵੇ ਤੇ ਸੋਚਣ ਲਗ ਪੈਣ ਤਾਂ ਕਦੀ ਵੀ ਅੱਗੇ ਨਾ ਵਧਣ। ਇਸ ਵਾਸਤੇ ਉਹ ਸੋਚਦੇ ਬਾਅਦ ਵਿਚ ਹਨ ਅਤੇ ਅੱਗੇ ਪਹਿਲੇ ਵਧ ਜਾਂਦੇ ਹਨ। ਮੈਂ ਕੈਪਟਨ ਸਾਹਿਬ ਦੀ ਖਿਦਮਤ ਵਿੱਚ ਅਰਜ਼ ਕੀਤੀ ਸੀ ਕਿ ਉਹ ਅਮੈਂਡਮੈਂਟ ਮੂਵ ਕਰ ਰਹੇ ਹਨ । ਤੁਸੀਂ ਐਵੇਂ ਕੰਟਰੋਵਰਸੀ ਵਿਚ ਪੈ ਗਏ ਹੋ । [We militarymen speak out before we think over its implications. (laughter) If General Sahib were faced with death ahead and he started thinking he will never make any advance. The advance is made first and thinking is done thereafter. I told Capt. Sahib that the hon. Member was moving his amendment only. He has unnecessarily raised the controversy.]

ਕੈਪਟਨ ਰਤਨ ਸਿੰਘ : ਮੈਂ ਕੰਟਰੋਵਰਸੀ ਵਿਚ ਨਹੀਂ ਪੈਂਦਾ । ਮੈਂ ਸਿਰਫ ਇਹ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਰੂਲ ਹੈ—ਵੈਸੇ ਤਾਂ ਹਾਊਸ ਚਾਹੇ ਤਾਂ ਰੂਲ ਨੂੰ ਵੀ ਛੱਡ ਦੇਵੇ ਮੈਨੂੰ ਇਤਰਾਜ਼ ਨਹੀਂ ਹੈ । ਲੇਕਿਨ ਰੂਲ ਦੇ ਅੰਦਰ ਚਲਣਾ ਚਾਹੀਦਾ ਹੈ । ਜਿਹੜੇ ਸ਼ਬਦ ਤੁਸਾਂ ਮੇਰੇ ਲਈ ਵਰਤੇ ਹਨ ਉਹ ਤੁਸੀਂ ਖ਼ੁਦ ਵੀ ਕਰਦੇ ਰਹੇ ਹੋ । ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਰੂਲਜ਼ ਵਿਚ ਰਹਿਕੇ ਚਲੋ ।

ਸ੍ਰੀ ਮੋਹਨ ਲਾਲ : ਜਿਥੋਂ ਤਕ ਮੇਰੀ ਯਾਦਦਾਸ਼ਤ ਕੰਮ ਕਰਦੀ ਹੈ ਜਿਸ ਦਿਨ ਰੈਜ਼ੋਲੂਸ਼ਨ ਟੇਕ ਅਪ ਹੋਇਆ ਸੀ ਉਸੇ ਦਿਨ ਇਹ ਅਮੈਂਡਮੈਂਟ ਸਰਕੂਲੇਟ ਹੋ ਗਈ ਸੀ । ਜਿਸ ਦਿਨ ਮੈਂਬਰ ਸਾਹਿਬ ਬੋਲੇ ਸਨ ਉਸ ਦਿਨ ਪਹਿਲੇ ਸਰਕੂਲੇਟ ਹੋ ਗਈ ਸੀ । ਇਹ ਅਮੈਂਡਮੈਂਟ ਨੂੰ ਸਾਹਮਣੇ ਰਖ ਕੇ ਬੋਲੇ ਸਨ । ਦੋਬਾਰਾ ਨਹੀਂ ਬੋਲ ਸਕਦੇ । ਜੋ ਮਰਜ਼ੀ ਹੈ ਰੂਲਿੰਗ ਦਿਉ ਲੇਕਿਨ ਇਨ੍ਹਾਂ ਦਾ ਬੋਲਣ ਦਾ ਹੱਕ ਨਹੀਂ ਹੈ ।

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ : ਮੈਂ ਮੈਂਬਰ ਸਾਹਿਬ ਦੀ ਯਾਦਦਹਾਨੀ ਲਈ ਅਰਜ਼ ਕਰਨੀ ਚਾਹੁੰਦਾ ਹਾਂ ਕਿ ਜਿਸ ਦਿਨ ਮੈਂ ਬੋਲਿਆ ਸਾਂ ਉਸ ਦਿਨ ਇਹ ਅਮੈਂਡਮੈਂਟ ਨਹੀਂ ਸਰਕੂਲੇਟ ਹੋਈ ਸੀ। ਇਹ ਉਸ ਦਿਨ ਸਰਕੂਲੇਟ ਹੋਈ ਸੀ ਜਿਸ ਦਿਨ ਇਹ ਰੈਜ਼ੋਲੂਸ਼ਨ ਦੋਬਾਰਾ ਏਜੰਡੇ ਤੇ ਸੀ ਪਰ ਉਸ ਦਿਨ ਇਹ ਹਾਊਸ ਚਲ ਨਹੀਂ ਸੀ ਸਕਿਆ ।

ਸ੍ਰੀ ਸਪੀਕਰ : ਰੈਜ਼ੋਲਿਊਸ਼ਨ 31 ਤਰੀਕ ਨੂੰ ਪੇਸ਼ ਹੋਇਆ ਸੀ ਅਤੇ ਇਹ ਅਮੈਂਡਮੈਂਟ ਪੰਜ ਨੂੰ ਜਾਂ 6 ਨੂੰ ਸਰਕੂਲੇਟ ਹੋਈ ਸੀ । (The resolution was moved on 31st and this amendment was circulated on the 5th or 6th.)

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ : ਮੇਰਾ ਖਿਆਲ ਹੈ ਕਿ ਇਹ ਮੰਨ ਗਏ ਹਨ ਕਿ ਕਾਇਦੇ ਦੇ ਮੁਤਾਬਿਕ ਅਮੈਂਡਮੈਂਟ ਉਪਰ ਬੋਲਿਆ ਜਾ ਸਕਦਾ ਹੈ ।

Shri Mohan Lal : One hon. Member has crossed the floor, in your very presence, Mr. Speaker.

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ : ਮੈਂ ਸਪੀਕਰ ਸਾਹਿਬ ਦੀ ਆਗਿਆ ਨਾਲ ਬੋਲਣਾ ਚਾਹੁੰਦਾ ਹਾਂ। ਇਸ ਅਮੈਂਡਮੈਂਟ ਦੇ ਜ਼ਰੀਏ ਸਿਰਫ ਇਹ ਗੱਲ ਕਹਿਣਾ ਚਾਹੁੰਦਾ ਹਾਂ ਕਿ ਇਹ ਬਹੁਤ ਚੰਗੀ ਚੀਜ਼ ਹੈ ਇਸ ਨੂੰ ਸਰਵ ਸੰਮਤੀ ਨਾਲ ਪਾਸ ਕਰ ਦਿਉ ।

ਸ੍ਰੀ ਫ਼ਕੀਰ ਚੰਦ : ਸਪੀਕਰ ਸਾਹਿਬ, ਗੁਸਤਾਖੀ ਹੋ ਗਈ ਹੈ ਆਇੰਦਾ ਨਹੀ ਹੋਵੇਗੀ

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ : ਮੇਰੀ ਅਮੈਂਡਮੈਂਟ ਦਾ ਮਤਲਬ ਇਹ ਹੈ ਕਿ ਅਸੀਂ ਇਸ ਪ੍ਰਸਤਾਵ ਨੂੰ ਸਰਵਸੰਮਤੀ ਨਾਲ ਪਾਸ ਕਰ ਸਕੀਏ । ਇਹ ਅਮੈਂਡਮੈਂਟ ਦੋ ਗੱਲਾਂ ਕਰਦੀ ਹੈ ਇਕ ਤਾਂ ਇਹ ਸਾਰੇ ਹਾਊਸ ਨੂੰ ਇਸ ਗੱਲ ਤੇ ਕਮਿਟ ਕਰਦੀ ਹੈ ਕਿ ਸਟੇਟ ਟ੍ਰੇਡਿੰਗ ਠੀਕ ਗੱਲ ਹੈ । ਦੂਸਰੇ ਇਹ ਮਤੇ ਦੇ ਬੁਨੀਆਦੀ ਮੱਦੇ ਨੂੰ ਹਲ ਕਰਦੀ ਹੈ ਤਾਂ ਜੋ ਇਹ ਰੈਜ਼ੋਲੂਸ਼ਨ ਕੇਵਲ ਅੱਖਰ ਬਣ ਕੇ ਹੀ ਨਾ ਰਹਿ ਜਾਵੇ ਜਿਵੇਂ ਕਿ ਪਹਿਲੇ ਹੁੰਦਾ ਰਿਹਾ ਹੈ ਬਲਕਿ ਇਸ ਉਪਰ ਅਮਲ ਹੋਵੇ । ਇਨ੍ਹਾਂ ਨੇ ਰੈਜ਼ੋਲਿਊਸ਼ਨ ਵਿੱਚ ਲਿਖਿਆ ਹੈ ਕਿ—

"The Government should take immediate steps to take resort to State Trading."

"Immediate" ਸ਼ਬਦ ਜੋ ਇਨ੍ਹਾਂ ਨੇ ਲਿਖਿਆ ਹੈ, ਇਹ ਮੰਨਦਿਆਂ ਹੋਇਆਂ ਇਮੀਜਿਏਟ ਸ਼ਬਦ ਨੂੰ ਕੁਆਲੀਫਾਈ ਕਰਦਿਆਂ ਹੋਇਆਂ ਕਿ ਅਜ ਦੀ ਹਾਲਤ ਵਿੱਚ ਕੀ ਇਮੀਜੀਏਟ ਸਟੇਟ ਟ੍ਰੇਡਿੰਗ ਲਈ ਕੀ ਹੋ ਸਕਦਾ ਹੈ—ਇਸ ਲਈ ਇਹ ਅਮੈਂਡਮੈਂਟ ਦਿੱਤੀ ਹੈ । ਇਹ ਬੁਨਿਆਦੀ ਮਸਲੇ ਨੂੰ ਹਲ ਕਰਦੀ ਹੈ । ਮੈਂ ਆਪਣੀ ਗੱਲ ਦੁਹਰਾਣਾ ਨਹੀਂ ਚਾਹੁੰਦਾ । ਸਾਡੀ ਪਾਲਿਸੀ ਤਾਂ 15 ਸਾਲਾਂ ਤੋਂ ਹੀ ਇਹ ਹੈ ਕਿ ਸਟੇਟ ਟ੍ਰੇਡਿੰਗ ਹੋਵੇ । ਮੈਂ ਸ਼ ਹਾਂ ਕਿ ਇਸ ਨੂੰ ਸਾਰੇ ਮਿਲ ਕੇ ਪਾਸ ਕਰੀਏ । ਦਰਅਸਲ ਇਹ ਮਸਲਾ ਸਾਡੇ ਹੀ ਸੂਬੇ ਨਾਲ ਸਬੰਧ ਨਹੀਂ ਰਖਦਾ। ਸਾਰੇ ਹਿੰਦੁਸਤਾਨ ਨਾਲ ਸਬੰਧ ਰਖਦਾ ਹੈ ਅਤੇ ਕੇਂਦਰੀ ਸਰਕਾਰ ਅਜੇ ਤਕ ਇਸ ਬਾਤ ਤੇ ਸਟੈਂਡ ਨਹੀਂ ਲੈ ਸਕੀ। ਮੈਂ ਬਹੁਤ ਖੁਸ਼ ਹਾਂ ਕਿ ਕਾਂਗਰਸ ਪਾਰਟੀ ਨੇ ਇਸ ਵਾਰ ਉਸ ਗੱਲ ਨੂੰ ਵਾਜ਼ਿਹ ਕੀਤਾ ਹੈ ਜੋ ਕਿ ਉਹ ਪਿਛਲੇ 20 ਸਾਲਾਂ ਵਿੱਚ ਨਹੀਂ ਕਰ ਸਕੀ । ਇਹ ਗੱਲ ਸਾਰੇ ਹਿੰਦੁਸਤਾਨ ਵਿੱਚ ਕੇਂਦਰੀ ਸਰਕਾਰ ਨੂੰ ਇਸ ਗੱਲ ਤੇ ਲਿਆਉਣ ਲਈ ਸਾਡੀ ਮਦਦ ਕਰੇਗੀ ਕਿ ਜਿਹੜੀ ਹਾਲਤ ਫੂਡ ਦੀ ਹੋ ਗਈ ਹੈ ਸਟੇਟ ਟ੍ਰੇਡਿੰਗ ਉਸ ਵਾਸਤੇ essential ਹੈ । ਤਾਂ ਜੋ ਅਸੀਂ ਸਾਰੇ ਹਿੰਦੁਸਤਾਨ ਵਿੱਚ ਗੱਜ ਕੇ ਕਹਿ ਸਕੀਏ ਕਿ ਪੰਜਾਬ, ਜਿਹੜਾ ਸਰਪਲਸ ਅਨਾਜ ਪੈਦਾ ਕਰਨ ਵਾਲਾ ਸੂਬਾ ਹੈ, ਉਸ ਵਿੱਚ ਸਭ ਲੋਕ ਇਸ ਗੱਲ ਉੱਤੇ ਸਹਿਮਤ ਹਨ ਕਿ ਸਟੇਟ ਟ੍ਰੇਡਿੰਗ ਹੋਣੀ ਚਾਹੀਦੀ ਹੈ । ਸਪੀਕਰ ਸਾਹਿਬ, ਮੈਂ ਇਹ ਅਮੈਂਡਮੈਂਟ ਕਿਉਂ ਦਿੱਤੀ ਹੈ ? ਦੋ ਗੱਲਾਂ ਕਰਕੇ । ਪਹਿਲੀ ਗੱਲ ਤਾਂ ਇਹ ਹੈ ਕਿ 20 ਸਾਲ ਵਿੱਚ ਇਸ ਮੁਲਕ ਦੀ ਅਨਾਜ ਦੀ ਪ੍ਰੋਡਕਸ਼ਨ ਵਿੱਚ ਐਨਾ ਵਾਧਾ ਨਹੀਂ ਹੋ ਸਕਿਆ ਕਿ ਦੇਸ਼ ਦੇ ਵਸਨੀਕਾਂ ਨੂੰ ਢਿਡ ਭਰਕੇ ਖਾਣ ਲਈ ਅਨਾਜ ਦਿੱਤਾ ਜਾ ਸਕੇ ਔਰ ਦੂਸਰੀ ਗੱਲ ਇਹ ਹੈ ਕਿ ਅਸੀਂ ਅਜੇ ਤੱਕ ਇਹ ਵੀ ਨਹੀਂ ਕਰ ਸਕੇ ਕਿ ਜਿਹੜੀ ਵੀ ਪ੍ਰੋਡਕਸ਼ਨ ਅੰਨ ਦੀ ਹਿੰਦੁਸਤਾਨ ਵਿੱਚ ਹੁੰਦੀ ਹੈ, ਚਾਹੇ ਉਹ ਘਟ ਹੀ ਹੈ ਉਸ ਦੀ ਡਿਸਟ੍ਰੀਬਿਊਸ਼ਨ ਦਾ ਐਸਾ ਇੰਤਜ਼ਾਮ ਹੋ ਜਾਵੇ ਕਿ ਉਪਰ ਤੋਂ ਲੈ ਕੇ ਥੱਲੇ ਤਕ ਹਰ ਇਨਸਾਨ ਨੂੰ ਉਸ ਦੀ ਬਰਾਬਰ ਬਰਾਬਰ ਵੰਡ ਕਰ ਸਕੀਏ । ਡਿਸਟਰੀਬਿਊਸ਼ਨ ਵਿੱਚੋਂ ਲਾਜ਼ਮੀ ਤੌਰ ਤੇ ਇਕ

[ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ]

ਨੁਕਤਾ ਨਿਕਲਦਾ ਹੈ ਉਹ ਹੈ ਪ੍ਰੋਕਿਉਰਮੈਂਟ । ਇਕ ਨਹੀਂ ਲਗਾਤਾਰ ਸਾਲਹਾ ਸਾਲ ਤੋਂ ਹਾਲਤ ਐਸੀ ਪੈਦਾ ਹੋ ਚੁਕੀ ਹੈ ਕਿ ਇਸ ਗੱਲ ਦੀ ਅਕਸਰ ਜ਼ਰੂਰਤ ਮਹਿਸੂਸ ਹੋ ਰਹੀ ਹੈ ਕਿ ਜਦ ਤੱਕ ਅਸੀਂ ਅਨਾਜ ਦੀ ਟਰੇਡ ਆਪਣੇ ਹੱਥ ਵਿਚ ਨਹੀਂ ਲੈਂਦੇ ਉਤਨੀ ਦੇਰ ਤਕ ਡਿਸਟਰੀਬਿਊਸ਼ਨ ਦਾ ਸਵਾਲ ਹੱਲ ਹੋ ਨਹੀਂ ਸਕਦਾ । ਮੈਂ ਇਸ ਗੱਲ ਨਾਲ ਇਤਫਾਕ ਨਹੀਂ ਕਰਦਾ ਕਿ ਜੇਕਰ ਕਾਂਗਰਸ ਪਾਰਟੀ, ਜਿਹੜੀ ਹੁਣ ਆਪੋਜ਼ੀਸਨ ਵਿੱਚ ਹੈ ਕੋਈ ਚੰਗੀ ਗੱਲ ਕਹਿੰਦੀ ਹੈ ਤਾਂ ਅਸੀਂ ਉਸ ਨੂੰ ਨਾ ਮਨੀਏ । ਜੇ ਉਹ ਕੋਈ ਚੰਗੀ ਗੱਲ ਕਹਿੰਦੇ ਹਨ ਤਾਂ ਸਾਨੂੰ ਉਸ ਨੂੰ ਜੀ ਆਇਆਂ ਕਰਨਾ ਚਾਹੀਦਾ ਹੈ । ਇਧਰ ਬੈਠੇ ਹੋਏ ਸਾਥੀਆਂ ਨੂੰ ਵੀ ਪਿਛਲੀਆਂ ਰਵਾਇਤਾਂ ਤੋੜ ਦੇਣੀਆਂ ਚਾਹੀਦੀਆਂ ਹਨ ਜਿਹੜੀਆਂ ਕਿ ਕਾਂਗਰਸ ਦੀ ਗੌਰਮੈਂਟ ਵੇਲੇ ਆਪੋਜ਼ੀਸ਼ਨ ਕੋਈ ਚੰਗੀ ਗਲ ਕਹਿੰਦੀ ਸੀ ਤਾਂ ਉਹ ਉਸ ਨੂੰ ਪਰਵਾਨ ਨਹੀਂ ਸਨ ਕਰਦੇ । ਇਹ ਵਿਚਾਰਧਾਰਾ ਬਦਲ ਜਾਣੀ ਚਾਹੀਦੀ ਹੈ ਕਿ ਚੂੰਕਿ ਆਪੋਜ਼ੀਸ਼ਨ ਵਲੋਂ ਕੋਈ ਪ੍ਰੈਕਟੀਕਲ ਸੁਝਾਵ ਵੀ ਕਿਉਂ ਨਾ ਆਵੇ ਉਸ ਨੂੰ ਨਹੀਂ ਮੰਨਣਾ । ਸਾਨੂੰ ਡੈਮੋਕਰੇਸੀ ਵਿੱਚ ਅਜਿਹੀਆਂ ਕਨਵੈਨਸ਼ਜ਼ ਕਾਇਮ ਕਰਨੀਆਂ ਚਾਹੀਦੀਆਂ ਹਨ ਕਿ ਜੇ ਕਿਸੇ ਵੀ ਪਾਸਿਉਂ ਕੋਈ ਚੰਗੀ ਗੱਲ ਆਉਂਦੀ ਹੈ ਤਾਂ ਉਸ ਨੂੰ ਸਭਨਾਂ ਦੀ ਸਪੋਰਟ ਹਾਸਲ ਹੋਵੇ । ਮੈਂ ਇਹ ਚਾਹੁੰਦਾ ਹਾਂ ਕਿ ਅਜਿਹਾ ਕੋਈ ਖਿਆਲ ਸਾਡੇ ਰਸਤੇ ਵਿੱਚ ਹਾਇਲ ਨਹੀਂ ਹੋਣਾ ਚਾਹੀਦਾ । ਜਿੱਥੇ ਅੰਨ ਦੀ ਥੁੜ ਨੂੰ ਦੂਰ ਕਰਨ ਦਾ ਸਵਾਲ ਆਉਂਦਾ ਹੈ ਉੱਥੇ ਰੁਪੈ ਦਾ ਮਸਲਾ ਇਸ ਵਿਚ ਹਾਇਲ ਨਹੀਂ ਹੋਣਾ ਚਾਹੀਦਾ । ਹੋਰਨਾਂ ਪੱਖਾਂ ਵਿੱਚ ਭਾਵੇਂ ਰੁਪੈ ਦਾ ਮਸਲਾ ਰੁਕਾਵਟ ਬਣ ਜਾਵੇ ਪਰ ਇਸ ਨੂੰ ਅਨਾਜ ਦੇ ਲਈ ਸਾਡੇ ਸਾਹਮਣੇ ਨਹੀਂ ਆਉਣ ਦੇਣਾ ਚਾਹੀਦਾ । (ਵਿਘਨ) ਕਣਕ ਦੀ ਸਟੋਰੇਜ ਬਾਰੇ ਸਵਾਲ ਆਇਆ । ਅੱਜ ਦੇ ਇਕ ਸਵਾਲ ਦੇ ਜਵਾਬ ਵਿਚ ਦੱਸਿਆ ਗਿਆ ਸੀ ਕਿ ਸਟੋਰ ਕਰਨ ਦੀ ਕੁਲ ਕੈਪੇਸਿਟੀ ਸੂਬੇ ਵਿਚ ਚਾਹੇ ਉਹ ਪ੍ਰਾਈਵੇਟ ਹੈ ਜਾਂ ਵੇਅਰ ਹਾਊਸ ਇਕ ਲੱਖ ਅਤੇ ਕੁਝ ਟਨ ਦੀ ਹੈ ਔਰ ਸਾਡੇ ਖੁਰਾਕ ਦੇ ਵਜ਼ੀਰ ਸਾਹਿਬ ਨੇ ਸਾਡੇ ਸਾਹਮਣੇ ਸਪਸ਼ਟ ਦੱਸ ਦਿੱਤਾ ਹੈ ਕਿ ਜਿੱਥੋਂ ਵੀ ਇਸ ਹੋਰ ਅਨਾਜ ਦੇ ਸਟੋਰ ਦੀ ਕੈਪੇਸਿਟੀ ਮਿਲੀ ਹਾਸਲ ਕਰਨ ਦੀ ਪੂਰੀ ਕੋਸ਼ਿਸ਼ ਕਰਾਂਗੇ ਔਰ ਇਸ ਦਿਸ਼ਾ ਵਿਚ ਕਿਸੇ ਕਿਸਮ ਦੀ ਕਮੀ ਨਹੀਂ ਆਉਣ ਦਵਾਂਗੇ । ਮੈਂ ਚਾਹਾਂਗਾ ਕਿ ਖੁਰਾਕ ਮੰਤਰੀ ਫੇਰ ਵੀ ਆਪਣੀ ਪਾਲੀਸੀ ਨੂੰ ਸਪਸ਼ਟ ਰੂਪ ਵਿੱਚ ਵਾਜ਼ਿਆ ਕਰਨ ਔਰ ਮੈਂ ਇਸ ਗੱਲ ਨਾਲ ਸਹਿਮਤ ਹਾਂ—ਅੱਗੇ ਵੀ ਕਹਿ ਚੁੱਕਿਆ ਹਾਂ ਕਿ ਕੀਮਤਾਂ ਦੇ ਸਵਾਲ ਨੂੰ ਔਰ ਉਸ ਦੇ ਐਲਾਨ ਨੂੰ ਪਿੱਛੇ ਨਹੀਂ ਪਾਇਆ ਜਾ ਸਕਦਾ ਕਿਉਂਕਿ ਕੀਮਤਾਂ ਦੇ ਸਵਾਲ ਉੱਤੇ ਅਗਰ ਖਿਆਲ ਹੋਵੇ ਕਿ ਸ਼ਾਇਦ ਕਿਸੇ ਹਿੱਸੇ ਦੇ ਹਿੱਤ ਵਿੱਚ ਹੋਵੇ ਜਾਂ ਇਸ ਨਾਲ ਪੰਜਾਬ ਦੀ ਵਸੋਂ ਦਾ ਤਕੜਾ ਹਿੱਸਾ ਸਫ਼ਰ ਕਰ ਸਕਦਾ ਹੈ ਜੇ ਵਪਾਰੀਆਂ ਨੂੰ ਪਤਾ ਲਗ ਜਾਵੇ ਲੇਕਿਨ ਇਹ ਵੀ ਗੱਲ ਠੀਕ ਹੈ ਕਿ ਕੀਮਤਾਂ ਦੀ ਸਹੀ ਪੱਧਰ ਦਾ ਪਤਾ ਨਾ ਹੋਣ ਕਰਕੇ ਉਸ ਕਿਸਾਨ ਨੂੰ ਵੀ ਨੁਕਸਾਨ ਹੋ ਸਕਦਾ ਹੈ ਜਿਸ ਨੇ ਅਨਾਜ ਮੰਡੀਆਂ ਵਿੱਚ ਲਿਆ ਕੇ ਵੇਚਣਾ ਹੈ । ਉਸ ਨੂੰ ਪਤਾ ਹੋਵੇ ਕਿ ਘਟ ਤੋਂ ਘਟ ਕੀਮਤ ਕੀ ਮਿਲ ਸਕਦੀ ਹੈ (Cheers from the Opposition) ਇਸ ਲਈ ਕੀਮਤਾਂ ਦੇ ਸਵਾਲ ਉੱਤੇ ਐਲਾਨ ਕਰਨ ਵਾਸਤੇ ਸਰਕਾਰ ਨੂੰ ਕਿਸੇ ਕਿਸਮ ਦੀ ਢਿੱਲ ਨਹੀਂ ਕਰਨੀ ਚਾਹੀਦੀ । ਬਲਕਿ ਮੈਂ ਚਾਹੂੰਗਾ ਕਿ ਖੁਰਾਕ ਮੰਤਰੀ ਇਸ ਸਵਾਲ ਉੱਤੇ ਸਪਸ਼ਟ ਤੌਰ ਤੇ ਵਿਚਾਰ ਕਰਕੇ ਐਲਾਨ ਕਰਨ । (Renewed cheers from the Opposition) ਇਸ ਦੇ ਨਾਲ ਹੀ ਮੈਂ ਪੰਡਿਤ ਜੀ ਨੂੰ ਵੀ ਬੇਨਤੀ ਕਰਾਂਗਾ ਕਿ ਉਹ ਬੜੇ ਸਿਆਣੇ ਹਨ, ਤਜਰਬੇਕਾਰ ਹਨ, ਵਜ਼ਾਰਤ ਨੂੰ ਚਲਾਂਦੇ ਰਹੇ ਹਨ ਔਰ ਇਨ੍ਹਾਂ ਨੂੰ ਪਤਾ ਹੈ ਕਿ ਠੀਕ ਗੱਲ ਕਿਤਨੀ ਹੁੰਦੀ ਹੈ ਔਰ ਵਾਧੂ ਗੱਲ ਕਿਤਨੀ ਹੁੰਦੀ ਹੈ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਉਸ ਵਾਧੂ ਨੂੰ ਛੱਡ ਕੇ ਕੋਸ਼ਿਸ ਇਹ ਕਰਨ ਕਿ ਇਹ ਜਿਹੜਾ ਮਤਾ ਹੈ ਇਹ ਸਰਵਸੰਮਤੀ ਨਾਲ ਪਾਸ ਕਰਾਈਏ । ਪੰਜਾਬ

ਸਰਕਾਰ ਔਰ ਮੁੱਖ ਮੰਤਰੀ ਸਾਹਿਬ ਇਸ ਗੱਲ ਦਾ ਐਲਾਨ ਗਵਰਨਰਜ਼ ਐਡਰੈਸ ਵਿਚ ਰਚ ਚੁਕੇ ਹਨ ਕਿ ਉਹ ਇਸ ਦੇ ਹੱਕ ਵਿਚ ਹਨ । ਇਨ੍ਹਾਂ ਦਾ ਸ਼ਾਇਦ ਇਹ ਖਿਆਲ ਹੋਵੇ ਕਿ ਜਨਸੰਘ ਦੇ ਮੈਂਬਰ ਇਸ ਦੀ ਵਿਰੋਧਤਾ ਕਰਨ । ਉਹ ਵੀ ਐਲਾਨ ਕਰ ਚੁਕੇ ਹੋਏਹਨ ਕਿ ਜੇ ਸਮੂਚੀ ਜਨਤਾ ਦੀ ਇਸ ਵਿਚ ਭਲਾਈ ਹੁੰਦੀ ਹੈ ਤਾਂ ਸਾਨੂੰ ਕੋਈ ਇਤਰਾਜ਼ ਨਹੀਂ । ਸੋ ਹੁਣ ਰੌਲਾ ਕਿਸ ਬਾਤ ਦਾ ਹੈ ? ਇਕ ਪ੍ਰੈਕਟੀਕਲ ਹੱਲ ਤੁਹਾਡੇ ਸਾਹਮਣੇ ਆਇਆ ਹੈ ਉਸ ਨੂੰ ਸਰਵਸੰਮਤੀ ਨਾਲ ਪਾਸ ਕਰਕੇ, ਪਰਵਾਨ ਕਰਕੇ ਅਮਲ ਵਿਚ ਲਿਆਉ । ਉਲਾਂਭਾ ਕਿਸੇ ਨੂੰ ਨਹੀਂ ਦੇਣਾ ਚਾਹੀਦਾ । ਔਰ ਅਗਰ ਉਲਾਂਭਾ ਦੇਣਾ ਹੀ ਹੈ ਤਾਂ ਅਪਣੇ ਆਪ ਨੂੰ ਹੀ ਦਿਉ । ਪਿਛਲੇ 20 ਸਾਲਾਂ ਵਿੱਚ ਐਸੀ ਹਾਲਤ ਪੈਦਾ ਕਰ ਦਿੱਤੀ ਹੈ ਕਿ ਲੋਕ ਅਕਾਲ ਦਾ ਸ਼ਿਕਾਰ ਹੋ ਰਹੇ ਹਨ । ਹਿੰਦੁਸਤਾਨ ਦੇ ਕਈ ਥਾਵਾਂ ਤੇ ਤਾਂ ਐਸੀ ਹਾਲਤ ਪੈਦਾ ਹੋ ਚੁਕੀ ਹੈ ਕਿ 1942–43 ਦੇ ਦਿਨ ਯਾਦ ਕਰਾ ਦਿੱਤੇ ਕਈ ਇਲਾਕਿਆਂ ਨੂੰ ਅਕਾਲ ਪੀੜਤ ਡੀਕਲੇਅਰ ਕਰਨਾ ਪਿਆ ਫੇਰ ਵੀ ਸੈਂਟਰਲ ਗੌਰਮੈਂਟ ਨੇ ਇਹ ਨਹੀਂ ਕੀਤਾ ਕਿ ਮੁਲਕ ਵਿਚ ਕਿਸੇ ਇਕ ਯੂਨੀਫਾਰਮ ਫੂਡ ਪਾਲਿਸੀ ਨੂੰ ਅਪਣਾਏ ।

ਮੈਂ ਇਸ ਰੇਜ਼ੋਲਿਊਸ਼ਨ ਨੂੰ ਵੈਲਕਮ ਕਰਦਾ ਹਾਂ ਔਰ ਇਸ ਕਰਕੇ ਵੀ ਇਸ ਨੂੰ ਜੀ ਆਇਆਂ ਕਹਿੰਦਾ ਹਾਂ ਕਿ ਪੰਜਾਬ ਦੇ ਸਰਪਲਸ ਸੂਬੇ ਵਿੱਚ ਕਾਂਗਰਸ ਪਾਰਟੀ ਨੇ ਅਪਣੇ ਤਜਰਬੇ ਨੂੰ ਮੁੱਖ ਰਖਕੇ ਪੇਸ਼ ਕੀਤਾ ਹੈ ਕਿ ਸਾਡੇ ਸੂਬੇ ਵਿੱਚ ਵੀ 60 ਰੁਪੈ ਕੁਇੰਟਲ ਖਰੀਦ ਕਰਕੇ 150 ਰੁਪੈ ਕੁਇੰਟਲ ਤਕ ਕਣਕ ਵਿਕਦੀ ਰਹੀ ਹੈ । ਇਸ ਲਈ ਮੁਨਾਫ਼ਾਖ਼ੋਰੀ ਦੀ ਇਸ ਬਿਦੱਤ ਨੂੰ ਰੋਕਣ ਲਈ ਜ਼ਰੂਰੀ ਹੈ ਕਿ ਸੂਬੇ ਵਿੱਚ ਅਨਾਜ ਦੀ ਸਟੇਟ ਟਰੇਡਿੰਗ ਕੀਤੀ ਜਾਵੇ । ਬਲਕਿ ਮੈਂ ਤਾਂ ਇਹ ਵੀ ਕਹਾਂਗਾ ਕਿ ਇਸ ਰੈਜ਼ੋਲਿਊਸ਼ਨ ਨੂੰ ਮੇਰੀ ਇਸ ਅਮੈਂਡਮੈਂਟ ਨਾਲ ਪਾਸ ਕਰਕੇ ਸਾਨੂੰ ਸਾਰੇ ਦੇਸ਼ ਵਿੱਚ ਇਕ ਕੈਮਪੇਨ ਚਲਾਣੀ ਚਾਹੀਦੀ ਹੈ ਕਿ ਸਟੇਟ ਟਰੇਡਿੰਗ ਨੂੰ ਇਕ ਨੈਸ਼ਨਲ ਪਾਲਿਸੀ ਦੇ ਰੂਪ ਵਿੱਚ ਅਪਣਾਇਆ ਜਾਵੇ ਤਾਕਿ ਜਿਹੜੀ ਅਨਾਜ ਦੀ ਤਕਸੀਮ ਹੈ ਇਸ ਨੂੰ ਪਰਾਪਰ ਤਰੀਕੇ ਨਾਲ ਕੀਤਾ ਜਾਵੇ ।

ਮੈਂ ਆਪਣੇ ਆਪੋਜ਼ੀਸ਼ਨ ਦੇ ਭਰਾਵਾਂ ਨੂੰ ਬੇਨਤੀ ਕਰਾਂਗਾ ਕਿ ਤੁਸੀਂ ਅਪਣੇ ਆਪ ਨੂੰ ਇਕ ਸਿੱਧੀ ਪੁਜੀਸ਼ਨ ਵਿੱਚ ਬੰਨ੍ਹੋ । ਇਕ ਪਾਸੇ ਤਾਂ ਤੁਸੀਂ ਸਟੇਟ ਟਰੇਡਿੰਗ ਬਾਰੇ ਜ਼ੋਰ ਦੇ ਰਹੇ ਹੋ ਔਰ ਅਸੈਂਬਲੀ ਤੋਂ ਬਾਹਰ ਜਾਕੇ ਤੁਸੀਂ ਇਹ ਬਿਆਨ ਦਿੰਦੇ ਹੋ ਕਿ ਪੰਜਾਬ ਸਰਕਾਰ ਨੇ ਸਿੰਗਲ ਸਟੇਟ ਫੂਡ ਜ਼ੋਨ ਕਿਉਂ ਮੰਨਿਆ—ਇਹ ਕਹਿੰਦੇ ਹੋ ਕਿ ਇਸ ਤਰ੍ਹਾਂ ਕਰਕੇ ਇਸ ਨੇ ਪੰਜਾਬ ਦੇ ਕਿਰਸਾਨ ਨੂੰ ਮਾਰ ਦਿੱਤਾ ਹੈ । ਇਸ ਤਰ੍ਹਾਂ ਇਹ ਦੋ ਬਿਲਕੁਲ ਕੰਟਰਾਡਿਕਟਰੀ ਪੁਜੀਸ਼ੰਜ਼ ਹਨ । ਇਹ ਜਿਹੜਾ ਸਿੰਗਲ ਸਟੇਟ ਫੂਡ ਜ਼ੋਨ ਹੈ ਇਹ ਅੱਗੇ ਕੇਂਦਰੀ ਸਰਕਾਰ ਨਹੀਂ ਸੀ ਮੰਨਦੀ । ਪਰ ਪਿਛਲੀ ਫੂਡ ਮਿਨਿਸਟਰਾਂ ਦੀ ਮੀਟਿੰਗ ਵਿੱਚ ਉਨ੍ਹਾਂ ਨੇ ਇਸ ਅਸੂਲ ਨੂੰ ਪਰਵਾਨ ਕਰ ਲਿਆ ਹੈ ਤਾਕਿ ਸਾਰੇ ਸੂਬੇ ਇਕ ਬੰਧੇਜ ਵਿਚ ਬੰਧ ਜਾਣ । ਮੈਂ ਅਪਣੇ ਉਹਨਾਂ ਸਾਥੀਆਂ ਨੂੰ, ਜਿਹੜੇ ਇਸ ਦੀ ਮੁਖਾਲਫ਼ਤ ਕਰਦੇ ਹਨ ਕਾਂਗਰਸ ਪਾਰਟੀ ਵਿਚ ਵੀ ਹੋਕੇ ਕਿ ਤੁਹਾਡਾ ਇਹ ਬਿਆਨ ਸੈਂਟਰ ਦੀ ਸਰਕਾਰ ਦੇ ਫੈਸਲੇ ਦੇ ਖਿਲਾਫ ਜਾਂਦਾ ਹੈ—ਉਹ ਸੈਂਟਰ ਦੀ ਸਰਕਾਰ ਜਿਹੜੀ ਤੁਹਾਡੀ ਹੀ ਪਾਰਟੀ ਦੀ ਸਰਕਾਰ ਹੈ । ਇਸ ਲਈ ਮੈਂ ਨਹੀਂ ਸਮਝਦਾ ਕਿ ਇਤਨੇ ਗੰਭੀਰ ਸਵਾਲ ਨੂੰ ਕੇਵਲ ਮਾਤਰ ਇਕ ਪੁਲਿਟੀ-ਕਲ ਸਵਾਲ ਬਣਾ ਕੇ ਪ੍ਰਾਪੇਗੰਡੇ ਦੇ ਤੌਰ ਤੇ ਇਸਤੇਮਾਲ ਕੀਤਾ ਜਾਵੇ । ਇਹ ਸਵਾਲ ਇਕ ਨੈਸ਼ਨਲ ਸਵਾਲ ਬਣ ਚੁਕਿਆ ਹੈ । ਬਿਹਾਰ ਦੇ ਲੋਕ ਫਾਕਾਕਸ਼ੀ ਦਾ ਸ਼ਿਕਾਰ ਹੋ ਰਹੇ ਹਨ । ਸਾਡਾ ਫਰਜ਼ ਬਣਦਾ ਹੈ ਕਿ ਇਸ ਨੂੰ ਸੂਬੇ ਦਾ ਨਹੀਂ ਪਾਰਟੀ ਦਾ ਨਹੀਂ ਬਲਕਿ ਕੌਮੀ ਸਵਾਲ ਬਣਾ ਕੇ ਠੀਕ ਨਿਸ਼ਾਨੇ ਵੱਲ ਕਦਮ ਪੁਟੀਏ । ਇਸ ਲਈ ਸਾਨੂੰ ਇਸ ਰੈਜ਼ੋਲਿਊਸ਼ਨ ਵਿੱਚ ਸਪਸ਼ਟ ਤੌਰ ਤੇ ਇਕ ਪਾਲਿਸੀ ਇਨੀਸ਼ੀਏਟ ਕਰਨੀ ਚਾਹੀਦੀ ਹੈ । ਸਾਨੂੰ ਇਸ ਨਤੀਜੇ ਤੇ ਪੁਜਣ ਲਈ ਸਾਰੇ ਪਹਿਲੂਆਂ ਤੋਂ ਸੋਚਣਾ

[ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ]

ਪਵੇਗਾ । ਇਸ ਕਰਕੇ ਮੈਂ ਪੰਡਤ ਜੀ ਨੂੰ ਬੇਨਤੀ ਕਰਾਂਗਾ ਕਿ ਉਹ ਮੇਰੀ ਇਸ ਤਰਮੀਮ ਨੂੰ ਪਰਵਾਨ ਕਰ ਲੈਣ —ਇਸ ਨਾਲ ਤੁਹਾਡਾ ਸਿਧਾਂਤ ਵੀ ਪੂਰਾ ਹੋ ਜਾਂਦਾ ਹੈ । ਉਹ ਵੀ ਜਾਣਦੇ ਹਨ ਕਿ ਇਹ ਮਨਿਸਟਰੀ ਔਰ ਖੁਰਾਕ ਮੰਤਰੀ ਡਾਂਗ ਸਾਹਿਬ—ਇਨ੍ਹਾਂ ਤੋਂ ਤਵੱਕੋ ਕਰ ਹੀ ਨਹੀਂ ਸਕਦੇ ਕਿ ਗਾਰੰਟੀ ਨਾ ਕਰਨ ਕਿ ਲੋਕਾਂ ਕੋਲ ਸਾਰਾ ਸਾਲ ਭਰ ਅਨਾਜ ਪੁੱਜਦਾ ਰਹੇ । ਮੈਂ ਚਾਹਾਂਗਾ ਕਿ ਇਸ ਸਾਰੇ ਸਵਾਲ ਉੱਤੇ ਖੁਰਾਕ ਮੰਤਰੀ ਪੰਜਾਬ ਸਰਕਾਰ ਦੀ ਨੀਤੀ ਨੂੰ ਬਿਲਕੁਲ ਵਿਸਥਾਰ ਨਾਲ ਸਪਸ਼ਟ ਕਰ ਦੇਣ ਤਾਂ ਜੋ ਕੋਈ ਤੌਖਲਾ ਨਾ ਰਹੇ ਔਰ ਅਸੀਂ ਸਾਰੇ ਰਲ ਕੇ ਇਸ ਪ੍ਰਸਤਾਵ ਨੂੰ ਪਾਸ ਕਰੀਏ । ਇਸ ਵਿਚ ਕਿਸੇ ਇਕ ਜਾਂ ਦੂਸਰੀ ਪਾਰਟੀ ਦੇ ਵਕਾਰ ਦਾ ਸੌਵਾਲ ਨਹੀਂ । ਅਸੀਂ ਚਾਹੁੰਦੇ ਹਾਂ ਕਿ ਪੰਜਾਬ ਦੀ ਅਸੈਂਬਲੀ ਸਰਵਸੰਮਤੀ ਨਾਲ ਇਸ ਨੂੰ ਪਾਸ ਕਰੇ ਔਰ ਸਾਰੇ ਹਿੰਦੁ-ਸਤਾਨ ਨੂੰ ਦੱਸ ਦੇਵੀਏ ਕਿ ਸਮੁਚਾ ਪੰਜਾਬ ਸਟੇਟ ਟਰੇਡਿੰਗ ਦੇ ਹੱਕ ਵਿੱਚ ਹੈ ।

Mr. Speaker : Motion moved—

That the following be added at the end of the Resolution—

"In accordance with the policy laid down in Governor's Address."

Comrade Harkishan Singh Surjeet : You are correct, Sir. You have moved the Motion for discussion....

5.00 p. m.

Chaudhri Darshan Singh (Adampur) : Now this amendment is going to be discussed.

ਸਪੀਕਰ ਸਾਹਿਬ, ਪੰਡਤ ਮੋਹਨ ਲਾਲ ਜੀ ਨੇ ਜੋ ਮਤਾ ਪੇਸ਼ ਕੀਤਾ ਹੈ ਉਸ ਵਿੱਚ ਇਹ ਮੰਗ ਕੀਤੀ ਗਈ ਹੈ ਕਿ ਅਨਾਜ ਪੈਦਾ ਕਰਨ ਵਾਲੇ ਨੂੰ ਪੂਰੀ ਕੀਮਤ ਮਿਲੇ ਅਤੇ ਖਾਣ ਵਾਲੇ ਨੂੰ ਵਾਜਬੀ ਭਾ ਤੇ ਮਿਲੇ । ਦੂਜੀ ਗੱਲ ਇਹ ਕਹੀ ਹੈ ਕਿ ਸਰਕਾਰ ਫੌਰਨ ਸਟੇਟ ਟ੍ਰੇਡਿੰਗ ਕਰੇ । ਇਹ ਮਤਾ ਹੈ । ਇਸ ਹਾਊਸ ਵਿੱਚ ਅਗਰ ਮੈਂ ਮੁਗਾਲਤਾ ਨਹੀਂ ਕਰਦਾ ਤਾਂ 90 ਫੀਸਦੀ ਤੋਂ ਵਧ ਨੁਮਾਇੰਦੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਨੁਮਾਇੰਦਗੀ ਕਰਨ ਵਾਲੇ ਹਨ । ਇਸੇ ਤਰ੍ਹਾਂ ਦਾ ਮਤਾ ਪਿਛਲੀਆਂ ਅਸੈਂਬਲੀਆਂ ਵਿੱਚ ਵੀ ਪੇਸ਼ ਕੀਤਾ ਗਿਆ ਸੀ । ਕਾਂਗਰਸ ਪਾਰਟੀ ਨੇ ਇਸ ਮਤੇ ਤੇ ਵਿਚਾਰ ਰਖੇ ਹਨ ਕਿ ਸਟੇਟ ਟ੍ਰੇਡਿੰਗ ਹੋਣੀ ਚਾਹੀਦੀ ਹੈ । ਸਰਕਾਰ ਨੇ ਗਵਰਨਰ ਸਾਹਿਬ ਦੇ ਐਡਰੈਸ ਵਿੱਚ ਕਿਹਾ ਕਿ ਪਾਰਸ਼ਲ ਸਟੇਟ ਟ੍ਰੇਡਿੰਗ ਕਰਾਂਗੇ । ਇਸ ਮਤੇ ਰਾਹੀਂ ਕੰਪਲੀਟ ਸਟੇਟ ਟ੍ਰੇਡਿੰਗ ਦੀ ਮੰਗ ਕੀਤੀ ਗਈ ਹੈ । ਇਨ੍ਹਾਂ ਦੇ ਨਾਲ ਜੋ ਪ੍ਰੋਗਰੈਸਿਵ ਐਲੀਮੈਂਟ ਹੈ, ਕਮਿਊਨਿਸਟ ਪਾਰਟੀ ਦੇ ਮੈਂਬਰ, ਉਹ ਇਨ੍ਹਾਂ ਨੂੰ ਇਸ ਗੱਲ ਤਕ ਤਾਂ ਲੈ ਆਏ ਹਨ ਕਿ ਪਾਰਸ਼ਲ ਸਟੇਟ ਟ੍ਰੇਡਿੰਗ ਕੀਤੀ ਜਾਵੇ । ਇਸ ਤੋਂ ਅੱਗੇ ਨਹੀਂ ਕਰਵਾ ਸਕੇ ।

ਸਪੀਕਰ ਸਾਹਿਬ, ਖੇਤੀ ਬਾੜੀ ਦਾ ਕਿੱਤਾ ਜਾਂ ਇੰਡਸਟਰੀ ਕਈ ਹਜ਼ਾਰ ਸਾਲ ਪੁਰਾਣੀ ਇੰਡਸਟਰੀ ਹੈ। ਜਿਸ ਮੁਲਕ ਵਿੱਚ 80-85 ਫੀਸਦੀ ਜਨਤਾ ਖੇਤੀ ਦਾ ਕੰਮ ਕਰਦੀ ਹੋਵੇ ਅਤੇ 20 ਫੀਸਦੀ ਨੂੰ ਖਾਣ ਲਈ ਅੰਨ ਪੈਦਾ ਕਰਕੇ ਨਾ ਦੇ ਸਕੇ, ਇਸ ਤੋਂ ਵੱਡੀ ਸ਼ਰਮ ਵਾਲੀ ਗੱਲ ਕੀ ਹੋ ਸਕਦੀ ਹੈ ।

श्री श्र० विश्वनाथन : On a point of order, Sir, स्पीकर साहिब, चौधरी दर्शन सिंह इस रैज़ोल्यूशन पर बोल चुके हैं । अब यह......

ਚੌਧਰੀ ਦਰਸ਼ਨ ਸਿੰਘ : ਮੈਂ hon. Member ਦੀ ਜਾਣਕਾਰੀ ਲਈ ਦੱਸ ਦੇਵਾਂ ਕਿ ਮੈਂ ਇਸ ਰੈਜ਼ੋਲਿਊਸ਼ਨ ਤੇ ਅੱਜ ਤੱਕ ਨਹੀਂ ਬੋਲਿਆ ।

श्री श्र. विश्वनाथन: रिकार्ड देखा जाए, क्योंकि ऐसा अन्दाजा है कि यह बोल चुके हैं । (The hon Speaker consulted the record.)

ਸ਼੍ਰੀ ਸਪੀਕਰ : ਇਹ ਨਹੀਂ ਬੋਲੇ । (The hon. Member has not spoken on the resolution so far.)

ਚੌਧਰੀ ਦਰਸ਼ਨ ਸਿੰਘ : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਅਗਰ P.L. 480 ਦਾ ਪ੍ਰੋਗ੍ਰਾਮ ਨਾ ਹੁੰਦਾ ਅਤੇ ਇਸ ਦੇ ਤਹਿਤ ਅਮਰੀਕਾ ਤੋਂ ਕਣਕ ਨਾ ਆਉਂਦੀ ਤਾਂ ਮੈਂ ਦਾਅਵੇ ਨਾਲ ਕਹਿੰਦਾ ਹਾਂ ਕਿ ਸੈਂਕੜੇ ਨਹੀਂ, ਹਜ਼ਾਰਾਂ ਨਹੀਂ, ਲੱਖਾਂ ਇਨਸਾਨ ਭੁਖ ਨਾਲ ਮਰ ਜਾਂਦੇ, ਇੰਨੇ ਹਿੰਦੁਸਤਾਨ ਅਤੇ ਪਾਕਿਸਤਾਨ ਦੀ ਜੰਗ ਨਾਲ ਵੀ ਨਹੀਂ ਮਰੇ । 80 ਜਹਾਜ਼ ਅਮਰੀਕਾ ਤੋਂ ਦਿਨ ਰਾਤ ਹਿੰਦੋਸਤਾਨ ਦੀਆਂ ਬੰਦਰਗਾਹਾਂ ਤੇ 9 ਮਹੀਨੇ ਕਣਕ ਢੋਂਦੇ ਰਹੇ । ਉਹ ਹਿੰਦੋਸਤਾਨ, ਜਿਸ ਨੂੰ ਸੋਨੇ ਦੀ ਚਿੜੀਆ ਕਿਹਾ ਜਾਂਦਾ ਸੀ, ਜਿਸਦੀ ਆਬਾਦੀ ਦਾ 80 ਫੀਸਦੀ ਹਿੱਸਾ ਖੇਤੀਬਾੜੀ ਕਰਦਾ ਹੈ ਉਹ ਦੂਜੇ ਮੁਲਕਾਂ ਪਾਸ ਅਨਾਜ ਲਈ ਝੋਲੀ ਅੱਡੇ ਤਾਂ ਕਿੰਨੀ ਸ਼ਰਮ ਦੀ ਗੱਲ ਹੈ । (ਵਿਘਨ) ਅਗਰ ਕਾਂਗਰਸ 20 ਸਾਲ ਨਹੀਂ ਕਰ ਸਕੀ ਤਾਂ ਤੁਸੀਂ ਕਰੋ । ਕਾਂਗਰਸ ਤੋਂ ਗਰੀਬ ਕਿਸਾਨਾਂ ਲਈ ਜੋ ਕੁਝ ਹੋ ਸਕਿਆ ਉਸ ਨੇ ਕੀਤਾ.......(ਵਿਘਨ) ਇਹ ਗੱਲ ਸੁਣਨਾ ਹੀ ਨਹੀਂ ਚਾਹੁੰਦੇ । ਮੈਂ ਤੁਹਾਨੂੰ ਚਿਤਾਵਨੀ ਦੇਣਾ ਚਾਹੁੰਦਾ ਹਾਂ.....(ਵਿਘਨ) ਇਹ ਕਹਿੰਦੇ ਹਨ ਕਿ ਅੱਗੇ ਗੱਲ ਨਾ ਕਰੋ । ਇਹ ਸੁਣਨਾ ਹੀ ਨਹੀਂ ਚਾਹੁੰਦੇ । (ਵਿਘਨ) ਤੁਸੀਂ ਗਰੀਬ ਕਿਸਾਨਾਂ ਦਾ ਕੰਮ ਕਰੋ। ਮੈਂ ਸੁਝਾਉ ਦੇ ਰਿਹਾ ਹਾਂ, ਕੋਈ ਪਰਸਨਲ ਅਟੈਕ ਨਹੀਂ ਕਰਨਾ ਚਾਹੁੰਦਾ । (ਵਿਘਨ) ਗਿੱਲ ਸਾਹਿਬ ਨੇ ਸਟੇਟ ਟ੍ਰੇਡਿੰਗ ਦੀ ਬਜਾਏ ਮੈਂਬਰ ਟ੍ਰੇਡਿੰਗ ਤੇ ਲੈਕਚਰ ਦਿੱਤਾ ਸੀ । (ਵਿਘਨ) ਮੈਂ ਕਹਿੰਦਾ ਹਾਂ ਕਿ ਅਸੀਂ ਆਪਣੇ ਲੋਕਾਂ ਨੂੰ ਅੰਨ ਪੈਦਾ ਕਰਕੇ ਨਹੀਂ ਦੇ ਸਕੇ । ਮੌਜੂਦਾ ਅਵਾਮੀ ਸਰਕਾਰ ਕਹਿੰਦੀ ਹੈ ਕਿ ਅੰਨ ਦੀ ਕੀਮਤ ਡਿਸਕਲੋਜ਼ ਕਰਨੀ ਪਬਲਿਕ ਇੰਟਰੈਸਟ ਵਿੱਚ ਨਹੀਂ ਹੈ । ਪਰ ਮੁੱਖ ਮੰਤਰੀ ਜੀ ਅਤੇ ਫੂਡ ਮਿਨਿਸਟਰ ਮੈਨੂੰ ਇਕ ਵੀ ਪੰਜਾਬ ਦੇ ਵਪਾਰੀ ਦਾ ਨਾਂ ਦੱਸ ਦੇਣ ਜਿਸ ਨੂੰ ਇਨ੍ਹਾਂ ਵੱਲੋਂ ਮੁਕਰੱਰ ਕੀਤੇ ਭਾ ਨਾ ਪਤਾ ਹੋਣ । ਵਪਾਰੀ ਆਪ ਦੀ ਭੇਜੀ ਹੋਈ ਹਰ ਚਿੱਠੀ ਦੇਖ ਸਕਦੇ ਹਨ । ਆਪ ਦੇ ਸਰਕੂਲਰ ਦਾ ਹਰ ਵਪਾਰੀ ਨੂੰ ਪਤਾ ਹੈ । ਪੰਜਾਬ ਅਤੇ ਹਿੰਦੋਸਤਾਨ ਦੇ ਬਜਟ ਲੀਕ ਹੁੰਦੇ ਰਹੇ ਹਨ । ਇਹ ਭਾ ਗਰੀਬਾਂ ਮਜ਼ਦੂਰਾਂ ਕੋਲੋਂ ਹੀ ਸੀਕਰਿਟ ਹਨ । ਪੰਜਾਬ ਸਰਕਾਰ ਦੇ ਜੋ ਨੁਮਾਇੰਦੇ ਹਨ ਉਹ ਕਿਸਾਨ ਦੇ ਕੰਨ ਵਿੱਚ ਦਸਦੇ ਹਨ ਕਿ ਇਹ ਭਾ ਹੈ । ਪਰ ਵਪਾਰੀ ਅਤੇ ਖਰੀਦਦਾਰ ਨੂੰ ਨਹੀਂ ਦੱਸਦੇ । ਪਰ ਆਪ ਦੀ ਚਿੱਠੀ ਹਰ ਵਪਾਰੀ ਪਾਸ ਪਹੁੰਚ ਗਈ ਹੈ । ਸੀਕਰਿਟਸ ਨਹੀਂ ਰਹਿੰਦੇ । ਮੇਰੇ ਦੋਸਤਾਂ ਨੂੰ ਕੀ ਪਤਾ ਕਿ ਪਾਕਿਸਤਾਨ ਦੇ ਹਮਲੇ ਵੇਲੇ ਸੀਕਿਉਰਿਟੀ ਦੇ ਮੇਈਯਰਜ਼ ਬਾਰੇ ਕਿੰਨੀਆਂ ਗੱਲਾਂ ਬਾਹਰ ਗਈਆਂ । ਜਦ ਚੀਨ ਦਾ ਹਮਲਾ ਹੋਇਆ ....

Mr. Speaker : Let us not discusst his.

Chaudhri Darshan Singh : I close it, Sir.

ਸਾਡੀ ਸਰਕਾਰ ਕਹਿੰਦੀ ਹੈ ਕਿ ਇਹ ਭਾ ਵਪਾਰੀ ਨੂੰ ਦੱਸਣੇ ਪਬਲਿਕ ਇੰਟਰੈਸਟ ਵਿਚ ਨਹੀਂ। ਮੈਂ ਕਹਿੰਦਾ ਹਾਂ ਕਿ ਇਹ ਕੰਪਲੀਟ ਸਟੇਟ ਟ੍ਰੇਡਿੰਗ ਕਰਨ, ਭਾ ਬਾਰੇ ਨੋਟੀਫਿਕੇਸ਼ਨ ਕਰਨ ਤਾਕਿ

[ਚੌਧਰੀ ਦਰਸ਼ਨ ਸਿੰਘ]

ਛੋਟੇ ਮੋਟੇ ਹਰ ਕਿਸਾਨ ਨੂੰ ਪਤਾ ਲਗ ਜਾਵੇ ਕਿ ਕੋਈ ਉਸ ਪਾਸੋਂ ਘਟ ਭਾ ਤੇ ਤਾਂ ਕਣਕ ਨਹੀਂ ਖਰੀਦ ਰਿਹਾ। ਸੁਰਜੀਤ ਜੀ ਨੇ ਦੱਸਿਆ ..... *(Shri Lal Chand Suberwal, a member of the Panel of Chairman, occupied the Chair.)*

ਇਕ ਆਵਾਜ਼ : ਚੇਅਰਮੈਨ ਸਾਹਿਬ, ਹਾਊਸ ਵਿੱਚ ਕਰਾਸਿੰਗ ਹੋ ਰਹੀ ਹੈ।

Captain Rattan Singh : Sir, you were on the Chair and you decided that going from this side to that side is crossing of the floor...

ਸ੍ਰੀ **ਸਭਾਪਤੀ** (ਸ੍ਰੀ ਲਾਲ ਚੰਦ ਸਭਰਵਾਲ) : ਮੈਂ ਕੋਈ ਕਾਗਜ਼ ਪੜ੍ਹ ਰਿਹਾ ਸੀ। ਕੀ ਕਿਸੇ ਨੇ ਫਲੋਰ ਕਰਾਸ ਕੀਤਾ ਹੈ ? (I was going through some papers. Has any hon. Member crossed the floor of the House) ?

ਆਵਾਜ਼ਾਂ : ਹਾਂ ਜੀ, ਸ੍ਰੀ ਸਤਦੇਵ ਹੋਰਾਂ ਨੇ।

ਸ੍ਰੀ **ਸਭਾਪਤੀ** : ਲਉ ਜੀ ਸਤ ਦੇਵ ਜੀ ਤੁਸੀਂ ਮੁੜ ਕੇ ਜਾਉ। ਕੈਪਟਨ ਸਾਹਿਬ ਨੂੰ ਨਰਾਜ਼ ਨਹੀਂ ਕਰਨਾ। (The hon. Member Shri Satya Dev should go back to his seat. Capt. Sahib is not to be displeased.)

(Shri Satya Dev obeyed the order of the Chair.)

Shri A. Vishwanathan : On a Point of Order, Sir. Captain Rattan Singh has said that you were on the Chair. It is a disrespect to the Chair. Mr. Chairman is in the Chair.

ਚੌਧਰੀ ਦਰਸ਼ਨ ਸਿੰਘ : ਚੇਅਰਮੈਨ ਸਾਹਿਬ, ਇਨ੍ਹਾਂ ਨੂੰ ਭਾ ਛੇਤੀ ਮੁਕਰੱਰ ਕਰਨੇ ਚਾਹੀਦੇ ਨੇ। ਪਰ ਇਹ ਸੂਬੇ ਦੀ ਟ੍ਰੈਜੇਡੀ ਹੈ ਕਿ ਭਾ ਮੁਕਰੱਰ ਨਹੀਂ ਕੀਤੇ। ਨਾ ਗ੍ਰੋਅਰ ਨੂੰ ਪਤਾ ਤੇ ਨਾ ਪ੍ਰੋਡਿਊਸਰ ਨੂੰ ਪਤਾ ਹੈ। ਕਿਸੇ ਦੁਕਾਨਦਾਰ ਤੋਂ ਪੈਂਸਲ ਮੰਗੀਏ ਤਾਂ ਉਹ ਦੱਸਦਾ ਹੈ ਕਿ 10 ਪੈਸੇ ਜਾਂ ੨੦ ਪੈਸੇ ਇਸ ਦੀ ਕੀਮਤ ਹੈ। ਬੂਟਾਂ ਦਾ ਤਸਮਾ ਲੈਣ ਜਾਉ ਤਾਂ ਦੁਕਾਨਦਾਰ ਦੱਸਦਾ ਹੈ ਕਿ ਇਸ ਦੀ ਇਹ ਕੀਮਤ ਹੈ। ਹਰ ਛੋਟੀ ਤੋਂ ਛੋਟੀ ਚੀਜ਼ ਦਾ ਮੁਲ ਉਹ ਦੱਸਦਾ ਹੈ ਤੇ ਉਥੇ ਟਰਮ ਡਿਕਟੇਟ ਕਰਦਾ ਹੈ ਦੁਕਾਨਦਾਰ। ਪਰ ਇਥੇ ਕੀ ਹਾਲਤ ਹੈ ? ਗ੍ਰੋਅਰ ਨੂੰ ਨਹੀਂ ਪਤਾ ਕਿ ਕੀ ਮੁਲ ਹੈ। ਨਾ ਉਸ ਨੂੰ ਪਤਾ ਹੈ ਕਿ ਖ੍ਰੀਦ ਕਿਸ ਭਾ ਤੇ ਹੋਈ ਹੈ। ਮੈਂ ਤਾਂ ਕਹਾਂਗਾ ਕਿ ਕਾਸਟ ਆਫ ਪ੍ਰੋਡਕਸ਼ਨ ਦੇ ਨਾਲ ਉਸ ਨੂੰ 25 ਪਰਸੈਂਟ ਦਾ ਪ੍ਰੀਮੀਅਮ ਦਿਉ। (ਵਿਘਨ)

An hon. Member : You are confused.

ਚੌਧਰੀ ਦਰਸ਼ਨ ਸਿੰਘ : ਕਨਫਿਊਜ਼ਨ ਮੈਨੂੰ ਨਹੀਂ ਕਨਫਿਊਜ਼ਨ ਤਾਂ ਤੁਹਾਡੀ ਆਈਡਿ- ਆਲੋਜੀ ਵਿੱਚ ਹੈ। ਕਿੰਨੇ ਕਠੇ ਹੋਏ ਹੋਏ ਹੋ ? (ਵਿਘਨ)

ਮੈਂ ਅਰਜ਼ ਕਰਦਾ ਹਾਂ, ਚੇਅਰਮੈਨ ਸਾਹਿਬ, ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ 1960 ਵਿਚ ਉੱਜਲ ਸਿੰਘ ਕਮੇਟੀ ਬਣੀ ਸੀ ਅਤੇ ਕਾਸਟ ਆਫ ਪ੍ਰੋਡਕਸ਼ਨ ਉਸ ਕਢੀ ਸੀ ਪਰ ਉਸ ਵੇਲੇ ਫਰਟੇਲਾਇਜ਼ਰ ਦਾ ਭਾ 16 ਰੁਪਏ ਸੀ ਅੱਜ 22.50 ਰੁਪਏ ਹੈ। ਇਸੇ ਤਰ੍ਹਾਂ ਟ੍ਰੈਕਟਰ 15 ਹਜ਼ਾਰ ਦਾ ਆਉਂਦਾ ਸੀ। ਪਰ ਅੱਜ $22\frac{1}{2}$ ਹਜ਼ਾਰ ਦਾ ਆਉਂਦਾ ਹੈ। ਇਸੇ ਤਰ੍ਹਾਂ ਅੱਜ ਇਕ ਕਮੇਟੀ ਬਣਾ ਦਿੱਤੀ ਜਾਵੇ ਜੋ ਕੰਜ਼ਿਊਮਰ ਅਤੇ ਪ੍ਰੋਡਿਊਸਰ

ਦੇ ਪੱਖ ਨੂੰ ਸਾਹਮਣੇ ਰਖ ਕੇ ਕਾਸਟ ਆਫ ਪ੍ਰੋਡਕਸ਼ਨ ਕੱਢ ਲਏ ਤੇ ਇਸ ਤੇ 25 ਪਰਸੈਂਟ ਦਾ ਪਰੀਮਿਅਮ ਐਲਾਉ ਕੀਤਾ ਜਾਵੇ । ਮੈਂ 25 ਪਰਸੈਂਟ ਕਦੀ ਮੁਨਾਫਾ ਨਹੀਂ ਮੰਗਦਾ, ਇਹ ਇਸ ਲਈ ਹੈ ਕਿ ਚਾਰ ਸਾਲਾਂ ਵਿੱਚ ਕਿਸਾਨ ਦੀ ਇਕ ਫ਼ਸਲ ਮਾਰੀ ਜਾਂਦੀ ਹੈ। ਕਦੀ ਬਿਜਲੀ ਦੀ ਮੋਟਰ ਸੜ ਜਾਂਦੀ ਹੈ, ਕਦੇ ਗੜੇ ਦੀ ਮਾਰ ਨਾਲ ਨੁਕਸਾਨ, ਕਦੇ ਹੜ੍ਹਾਂ ਨਾਲ ਤਬਾਹੀ, ਕਦੇ ਡੰਗਰ ਮਰ ਜਾਂਦੇ ਹਨ । ਇਸ ਲਈ 25 ਪਰਸੈਂਟ ਰੱਖਿਆ ਹੈ । ਇਸ ਤਰ੍ਹਾਂ ਕਾਸਟ ਆਫ਼ ਪ੍ਰੋਡਕਸ਼ਨ ਕੱਢਣ ਵਿੱਚ ਸਰਕਾਰ ਨੂੰ ਕੋਈ ਇਤਰਾਜ਼ ਨਹੀਂ ਹੋਣਾ ਚਾਹੀਦਾ ।

ਫਿਰ ਜ਼ਿਮੀਂਦਾਰ ਨਾਲ ਕਿਉਂ ਧੱਕਾ ਕੀਤਾ ਜਾ ਰਿਹਾ ਹੈ ? ਉਹ ਕੋਈ ਸੇਲਜ਼ ਟੈਕਸ ਤਾਂ ਈਵੇਡ ਨਹੀਂ ਕਰਦਾ । ਕੋਈ ਬਲੈਕ ਮਾਰਕਿਟ ਨਹੀਂ ਕਰਦਾ, ਕੋਟਾ-ਹੋਲਡਰ ਨਹੀਂ । ਦੁਪੱਟੇ ਤੇ ਦੁਪੱਟਾ ਪਾ ਕੇ ਪੱਲੂ ਦੇ ਸੌਦੇ ਕਰਨ ਵਾਲਾ ਤਾਂ ਉਹ ਨਹੀਂ । ਕਾਣੀ ਡੰਡੀ ਤੇ ਤਕੜੀ ਤੇ ਕਿਸਾਨ ਕੋਲ ਨਹੀਂ ਸੀ । ਇਨ੍ਹਾਂ ਸਾਰੀਆਂ ਗੱਲਾਂ ਨੂੰ ਚਲਾਣ ਵਾਲੇ ਸਾਡੇ ਬਾਣੀਏ ਭਰਾ ਤਾਂ ਤੁਹਾਡੇ ਨਾਲ ਜਾ ਬੈਠੇ ਹਨ । (ਹਾਸਾ) (ਵਿਘਨ)

ਇਕ ਮਾਨਯੋਗ ਮੈਂਬਰ : ਤੇ ਮਾੜੇ ਉਧਰ ਜਾ ਬੈਠੇ ਨੇ ।

ਚੌਧਰੀ ਦਰਸ਼ਨ ਸਿੰਘ : ਮੈਂ ਤਾਂ ਕਹਾਂਗਾ ਕਿ ਇਹ ਵੀ ਮਾੜੇ ਤੇ ਤੁਸੀਂ ਵੀ ਮਾੜੇ ਹੋ । ਮੈਨੂੰ ਕੋਈ ਸੰਕੋਚ ਨਹੀਂ ਸਾਫ਼ ਗੱਲ ਕਰਨ ਵਿੱਚ । ਇਨ੍ਹਾਂ ਵੀ ਕਿਸਾਨ ਦਾ ਨਹੀਂ ਸੋਚਿਆ ਤੇ ਤੁਸੀਂ ਵੀ ਹੁਣ ਇਸੇ ਰਾਹ ਤੁਰ ਪਏ ਹੋ । ਪਰ ਕੀ ਮੈਂ ਤੁਹਾਨੂੰ ਪੁੱਛ ਸਕਦਾ ਹਾਂ ਕਿ ਇਧਰ ਕਿੰਨੇ ਮਿਡਲ-ਮੈਨ ਬੈਠੇ ਹਨ ਤੇ ਕਿੰਨੇ ਉਧਰ ਤੁਹਾਡੀ ਵੱਲ ਹਨ ? (ਵਿਘਨ)

Mr. Chairman : No interruptions please.

ਤੁਹਾਡਾ ਵਕਤ 15 ਮਿੰਟ ਸੀ ਉਹ ਹੋ ਗਿਆ ਹੈ । ਹੁਣ ਵਾਈਂਡ ਅਪ ਕਰੋ । ਇਸ ਤੋਂ ਜ਼ਿਆਦਾ ਮੈਂ ਤੁਹਾਨੂੰ ਨਹੀਂ ਬੋਲਣ ਦਿਆਂਗਾ । (No interruptions, please. The hon. Member was allotted 15 minutes and that time is over. He should please wind up now. I will not allow him to speak any more.)

ਚੌਧਰੀ ਦਰਸ਼ਨ ਸਿੰਘ : ਇਹ ਗੱਲਾਂ ਸ਼ਾਇਦ ਤੁਹਾਡੇ ਇੰਟਰੈਸਟ ਵਿੱਚ ਨਹੀਂ, ਇਸ ਲਈ ਤੁਸੀਂ ਰੋਕਦੇ ਹੋ । (ਵਿਘਨ) (ਸ਼ੋਰ)

Mr. Chairman : You should withdraw these words, Chaudhri Darshan Singh. You cannot say this thing when I am in the Chair. It is a disrespect to the Chair.

ਚੌਧਰੀ ਦਰਸ਼ਨ ਸਿੰਘ : ਮੈਂ ਪੁਰਜ਼ੋਰ ਸ਼ਬਦਾਂ ਵਿੱਚ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਗੱਲ ਜਨ ਸੰਘ ਦੇ ਖਿਲਾਫ ਹੈ ਉਨ੍ਹਾਂ ਦੇ ਇੰਟਰੈਸਟ ਦੇ ਖਿਲਾਫ਼ ਹੈ ਕਿ ਸਟੇਟ ਟ੍ਰੇਡਿੰਗ ਕਰ ਦਿੱਤੀ ਜਾਵੇ ।

I never meant any disrespect to the Chair. Sir, I withdraw it. I am sorry for this. I want to say that it is owing to the Jan Sangh member....

One Voice : You are sadly mistaken.

ਚੌਧਰੀ ਦਰਸ਼ਨ ਸਿੰਘ : ਚੇਅਰਮੈਨ ਸਾਹਿਬ, ਮੈਂ ਇਸ ਹਾਊਸ ਨੂੰ ਕਹਿਣਾ ਚਾਹੁੰਦਾ ਹਾਂ ਕਿ ਫੂਡ ਜ਼ੋਨ ਜਿਹੜਾ ਤੁਸੀਂ ਸਿੰਗਲ ਸਟੇਟ ਦਾ ਕਰ ਦਿੱਤਾ ਹੈ ਠੀਕ ਨਹੀਂ । ਛੋਟਾ ਕਰ ਦਿਤਾ

[ਚੌਧਰੀ ਦਰਸ਼ਨ ਸਿੰਘ]

ਹੈ ਅਤੇ ਇਹ ਕਿਹਾ ਹੈ ਕਿ ਭਾ ਸਾਰਾ ਸਾਲ ਇਕੋ ਜਿਹੇ ਰਹਿਣਗੇ । ਜੇਕਰ ਅੱਜ 70 ਹੈ ਤਾਂ ਸਾਲ ਨੂੰ ਵੀ 70–80 ਰੇਂਜ਼ ਵਿੱਚ ਰੇਟ ਰਹੇਗਾ । ਪਰ ਮੈਂ ਕੋਟ ਕਰਦਾ ਹਾਂ ਰੇਟਸ ਜੋ ਅਜ ਹਨ ਅਤੇ ਜਿਨ੍ਹਾਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜ਼ੋਨ ਕਿਥੇ ਤੱਕ ਚਲੇਗਾ । ਪੰਜਾਬ ਵਿੱਚ ਅੱਜ ਕੀ ਰੇਟ ਨੇ—ਦੜਾ $72\frac{1}{2}$ ਤੋਂ 75 ਰੁਪਏ ਤੱਕ ਤੇ ਸੁਪੀਰੀਅਰ 75 ਤੋਂ 80 ਤੱਕ । ਤੁਹਾਡੇ ਨਾਲ ਲੱਗਦੇ ਹਰਿਆਣੇ ਸਟੇਟ ਦਾ ਭਾਅ ਹੈ ਦੜਾ 95 ਰੁਪਏ ਤੇ ਫਾਰਮੀ ਕਣਕ 102 ਰੁਪਏ । ਇਨ੍ਹਾਂ ਵਿੱਚ ਫਰਕ ਕੋਈ ਨਹੀਂ , ਕੋਈ ਵਾਘਾ ਬਾਰਡਰ ਨਹੀਂ, ਇਕ line ਦਾ ਹੀ ਫਰਕ ਹੈ ।

ਸ੍ਰੀ ਚੇਅਰਮੈਨ : ਤੁਸੀਂ ਹੁਣ wind up ਕਰੋ । (ਵਿਘਨ)

(The hon. Member may now wind up) (*Interruption*)

Mr.Chair man : I cannot allow you more than 15 minutes. In this connection you can refer to rule 200 of the Rules of Procedure and Conduct of Business in the Punjab Vidhan Sabha.

ਚੌਧਰੀ ਦਰਸ਼ਨ ਸਿਘ : ਮੈਨੂੰ ਪਤਾ ਨਹੀਂ ਸੀ ।

Mr. Chairman : Mr. Darshan Singh you have taken 19 minutes. I can allow you only one minute more.

ਚੌਧਰੀ ਦਰਸ਼ਨ ਸਿੰਘ : ਮੈਂ ਕਿਸਾਨਾਂ ਵਾਸਤੇ ਬੋਲ ਰਿਹਾ ਹਾਂ ਮੈਨੂੰ time ਕੁਝ ਜ਼ਿਆਦਾ ਦੇ ਦਿਉ (ਵਿਘਨ) ਮੈਂ ਛੇਤੀ ਹੀ ਖਤਮ ਕਰਦਾ ਹਾਂ । ਦਿੱਲੀ ਦੇ ਨਾਲ ਨਰੇਲਾ ਮੰਡੀ ਦਾ ਭਾ ਦੇਖੋ, ਚੇਅਰਮੈਨ ਸਾਹਿਬ, ਦੜਾ 120 ਰੁਪਏ ਤੇ ਫਾਰਮੀ 125 । ਇਸ ਤੋਂ ਅਗਲੇ ਪਾਸੇ ਯੂ. ਪੀ. ਦੀਆਂ ਮੰਡੀਆਂ ਵਿੱਚ ਹਾਪੜ ਜੋ ਸਭ ਤੋਂ ਵੱਡੀ ਮੰਡੀ ਹੈ ਉੱਥੇ ਦਾ ਭਾ ਦੜਾ 115–119 ਤੇ ਫਾਰਮੀ 125 ਰੁਪਏ ਹੈ । ਇਹ ਕੁਰੈਕਟ ਫਿਗਰਜ਼ ਨੇ । (ਵਿਘਨ)

(*Mr. Chairman : No more time. Please wind up now.*)

ਚੌਧਰੀ ਦਰਸ਼ਨ ਸਿੰਘ : ਮੈਂ ਅਰਜ਼ ਕਰਦਾ ਹਾਂ ਕਿ ਸੁਰਜੀਤ ਜੀ ਨੇ ਆਖਿਆ ਕਿ ਸਾਡੀਆਂ ਗੱਲਾਂ ਵਿੱਚ ਇਨਕਨਸਿਸਟੈਂਸੀ ਹੈ । ਇਕ ਪਾਸੇ ਬਾਹਰ ਜਾਕੇ ਤਾਂ ਕਹਿੰਦੇ ਹਾਂ ਕਿ ਫੂਡ ਜ਼ੋਨ ਇਕ ਨਾ ਹੋਵੇ ਤਾਂ ਇਥੇ ਅੰਦਰ ਆਕੇ ਕਹਿੰਦੇ ਹਾਂ ਸਟੇਟ ਟ੍ਰੇਡਿੰਗ ਹੋਣੀ ਚਾਹੀਦੀ ਹੈ । ਮੈਨੂੰ ਇਹ ਸਮਝ ਨਹੀਂ ਆਈ ਕਿ ਇਨਕਨਸਿਸਟੈਂਸੀ ਕਿਸ ਤਰ੍ਹਾਂ ਹੈ । ਸਟੇਟ ਟ੍ਰੇਡਿੰਗ ਕਰ ਦਿਉ ਤੇ ਫੂਡ ਜ਼ੋਨ ਵੱਡਾ ਕਰ ਦਿਉ । ਇਸ ਦਾ ਤਾਂ ਪੈਦਾਵਾਰ ਦੀ ਕੀਮਤ ਨਾਲ ਤਅੱਲਕ ਹੈ, ਠੀਕ ਕਰ ਦਿਉ । ਭਾਵੇਂ ਜ਼ੋਨ ਵੱਡਾ ਹੋਵੇ ਜਾਂ ਛੋਟਾ ।

ਦੂਜੀ ਗੱਲ ਇਹ ਕਹਿਣੀ ਚਾਹੁੰਦਾ ਹਾਂ ਕਿ ਪੈਸੇ ਨਹੀਂ ਗੁਦਾਮ ਕਿੱਥੋਂ ਬਣਨ । ਤੁਸੀਂ ਇਸ ਲਈ 20 ਕਰੋੜ ਰੁਪਿਆ ਰਖਿਆ ਹੈ ਉਸ ਐਲੋਕੇਸ਼ਨ ਵਿੱਚੋਂ 8 ਕਰੋੜ ਇਸ ਸਾਲ ਦੇ 3 ਮਹੀਨੇ ਵਿੱਚ 2 ਲੱਖ ਵੀ ਖਰਚ ਨਹੀਂ ਕਰਨਾ । ਇਸ ਵਿੱਚੋਂ ਖਰਚ ਕਰੋ । ਇਕ ਹੋਰ ਮੈਂ ਤਜਵੀਜ਼ ਦਿੰਦਾ ਹਾਂ ਕਿ ਤੁਸੀਂ ਗੁਦਾਮਾਂ ਨੂੰ ਕੀ ਕਰੋਗੇ । ਤੁਹਾਨੂੰ ਗੁਦਾਮਾਂ ਦੀ ਲੋੜ ਨਹੀਂ । ਤੁਸੀਂ ਬਾਹਰਲੀਆਂ ਸਟੇਟਾਂ ਤੋਂ ਇਨਡੈਂਟ ਮੰਗ ਲਉ , ਯੂ. ਪੀ., ਦਿੱਲੀ., ਮੱਧ ਪ੍ਰਦੇਸ਼, ਇਹ ਸਭ ਤਿਆਰ ਹਨ ਤੁਹਾਨੂੰ ਐਡਵਾਂਸ ਪੈਸੇ ਦੇਣ ਲਈ । ਤੁਸੀਂ ਗੱਡੀਆਂ ਭਰ ਕੇ ਮਾਲ ਭੇਜੀ ਜਾਉ । ਨਾ ਤੁਹਾਨੂੰ ਗੁਦਾਮ

ਦੀ ਲੋੜ, ਨਾ ਕੈਸ਼ ਦੀ ਲੋੜ ਰਹੇਗੀ, ਨਾ ਸਟੋਰੇਜ ਦੀ ਕੋਈ ਪ੍ਰਾਬਲਮ ਰਹੇਗੀ । ਫਿਰ ਸਮਗਲਿੰਗ ਵੀ ਰੁਕ ਜਾਵੇਗੀ ।

ਇਕ ਮੈਂਬਰ : ਸਮੱਗਲਿੰਗ ਕਰਨ ਵਾਲੇ ਤਾਂ ਉਧਰ ਹਨ ।

ਚੌਧਰੀ ਦਰਸ਼ਨ ਸਿੰਘ : ਤੁਸੀਂ ਕੋਈ ਫਰਿਸ਼ਤੇ ਤਾਂ ਨਹੀਂ ਆ ਗਏ ।

ਇਸ ਲਈ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਪੈਸੇ ਦਾ ਮਸਲਾ ਨਹੀਂ ਰਹੇਗਾ । ਕਣਕ ਬਾਹਰ ਭੇਜੀ ਜਾ ਸਕਦੀ ਹੈ ਹੁਣ ਤੋਂ ਹੀ ਅਤੇ ਬਹੁਤ ਸਾਰੇ ਮਸਲੇ ਹਲ ਕੀਤੇ ਜਾ ਸਕਦੇ ਹਨ ।

ਮੈਂ ਸੁਰਜੀਤ ਜੀ ਨੂੰ ਕਹਾਂਗਾ ਕਿ ਇਸ ਤਰ੍ਹਾਂ ਦੇ ਲਾਰੇ ਲਾਉਣ ਦਾ ਕੋਈ ਫਾਇਦਾ ਨਹੀਂ । ਇਹ ਆਪੋ ਆਪਣੀਆਂ ਗੱਲਾਂ ਕਰਦੇ ਰਹੇ ਹਨ । ਸੁਰਜੀਤ ਜੀ ਨੇ ਕਿਹਾ ਕਿ ਸਟੇਟ ਟਰੇਡਿੰਗ ਕਰ ਦੇਣੀ ਲਾਜ਼ਮੀ ਹੈ, ਜਨ ਸੰਘੀ ਭਰਾ ਕਹਿੰਦੇ ਹਨ ਕਿ ਅਸੀਂ ਕਿਉਂਕਿ ਬਿਉਪਾਰੀਆਂ ਨੂੰ ਰਿਪਰੈਜ਼ੈਂਟ ਕਰਦੇ ਹਾਂ ਇਸ ਲਈ ਉਹ ਗੱਲ ਨਹੀਂ ਹੋਣ ਦੇਣੀ ਜੋ ਬਿਉਪਾਰੀਆਂ ਦੇ ਖਿਲਾਫ ਹੋਵੇ । ਮੈਂ ਇਸ ਰੈਜ਼ੋਲੀਊਸ਼ਨ ਦੀ ਇਸ ਲਈ ਤਾਈਦ ਕਰਦਾ ਹਾਂ ਕਉਂਕਿ ਇਹ ਕਿਸਾਨਾਂ ਦੇ ਭਲੇ ਲਈ ਹੈ । ਉਹ ਜਮਾਤ ਜਿਹੜੀ ਹੁਣ ਤਕ ਆਪਣੇ ਆਪ ਨੂੰ ਕਿਸਾਨਾਂ ਅਤੇ ਮਜ਼ਦੂਰਾਂ ਦੇ ਨੁਮਾਇੰਦੇ ਸਮਝਦੇ ਆਏ ਹਨ, ਉਨ੍ਹਾਂ ਨੂੰ ਮੈਂ ਕਹਾਗਾ ਕਿ ਇਸ ਰੈਜ਼ੋਲਿਊਸ਼ਨ ਨੂੰ ਪਾਸ ਕਰੋ ।

ਸ੍ਰੀ ਛਜੂ ਰਾਮ ਗੁਪਤਾ (ਪਠਾਨਕੋਟ) : ਚੇਅਰਮੈਨ ਸਾਹਿਬ, ਮੈਂ ਉਸ ਅਮੈਂਡਮੈਂਟ ਦਾ ਜੋ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਵਲੋਂ ਪੇਸ਼ ਹੋਈ ਹੈ ਕਿ ਗਵਰਨਰ ਸਾਹਿਬ ਨੇ ਇਸ ਐਡਰੈਸ ਦੇ ਅੰਦਰ ਅਵਾਮ ਦੇ ਮੁਤਾਲਿਕ ਆਪਣੀ ਪਾਲੀਸੀ ਦੀ ਵਜ਼ਾਹਤ ਨਹੀਂ ਕੀਤੀ, ਮੈਂ ਉਸ ਦਾ ਸਮਰਥਨ ਕਰਨ ਲਈ ਖੜਾ ਹੋਇਆ ਹਾਂ । ਮੈਂ ਦੋਨੋਂ ਪੱਖਾਂ ਨੂੰ ਬੜੇ ਧਿਆਨ ਦੇ ਨਾਲ ਸੁਣਿਆ ਹੈ, ਮੈਂ ਵੀ ਇਸ ਕਰਕੇ ਇਸ ਅਮੈਂਡਮੈਂਟ ਦਾ ਸਮਰਥਨ ਕਰਦਾ ਹਾਂ ਕਿ ਅਵਾਮ ਦੇ ਹਿਤਾਂ ਨੂੰ ਸਾਹਮਣੇ ਰਖਕੇ ਉਨ੍ਹਾਂ ਦੇ ਮੁਤਾਲਿਕ ਵੀ ਇਸ ਦੇ ਅੰਦਰ ਕੁਝ ਆਉਣਾ ਚਾਹੀਦਾ ਸੀ । ਏਥੇ ਬਹੁਤ ਸਾਰੇ ਮੇਰੇ ਦੋਸਤਾਂ ਨੇ ਸਟੇਟ ਟਰੇਡਿੰਗ ਦੇ ਮੁਤਾਲਿਕ ਗੱਲਾਂ ਕੀਤੀਆਂ ਹਨ ਪਰ ਅੰਦਰੋਂ ਕੋਸ਼ਿਸ਼ ਇਹ ਕੀਤੀ ਜਾ ਰਹੀ ਹੈ ਕਿ ਕਿਵੇਂ ਸ਼ਹਿਰੀ ਅਤੇ ਪੇਂਡੂ ਨੂੰ ਆਪਸ ਦੇ ਵਿਚ ਲੜਾਇਆ ਜਾਵੇ । ਉਹ ਚਾਹੁੰਦੇ ਹਨ ਕਿ ਕਿਵੇਂ ਐਸੇ ਹਾਲਾਤ ਇਸ ਸੂਬੇ ਵਿਚ ਹੋਣ ਜਿਸ ਦੇ ਨਾਲ ਖੋਈ ਹੋਈ ਤਾਕਤ ਵਾਪਸ ਆ ਜਾਵੇ ਅਤੇ ਕਿਵੇਂ ਮੁੜ ਕੇ ਉਨ੍ਹਾਂ ਗਦੀਆਂ ਤੇ ਉਨ੍ਹਾਂ ਦਾ ਕਬਜ਼ਾ ਹੋ ਜਾਵੇ । ਮੈਂ ਉਨ੍ਹਾਂ ਸਜਣਾਂ ਨੂੰ ਕਹਾਂਗਾ ਕਿ ਪੰਜਾਬ ਦੇ ਅੰਦਰ ਹੁਣ ਇਸ ਤਰ੍ਹਾਂ ਦੇ ਹਾਲਾਤ ਪੈਦਾ ਹੋਣ ਨਹੀਂ ਦਿਤੇ ਜਾਣਗੇ ਜਿਸ ਤਰ੍ਹਾਂ ਦੇ ਉਹ ਕਰਨਾ ਚਾਹੁੰਦੇ ਹਨ । ਅਵਾਮ ਦੀ ਭਲਾਈ ਦਾ ਜ਼ਿਕਰ ਕਰਦੇ ਹੋਏ ਏਥੇ ਸਾਡੇ ਫੂਡ ਮਨਿਸਟਰ ਸਾਹਿਬ ਨੇ ਐਲਾਨ ਕੀਤਾ ਕਿ ਅਸੀਂ ਮੁਨਾਸਿਬ ਭਾ ਤੇ ਸਾਰਾ ਸਾਲ ਲੋਕਾਂ ਨੂੰ ਅਨਾਜ ਦਿਆਂਗੇ ਅਤੇ ਅਨਾਜ ਦੀਆਂ ਕੀਮਤਾਂ ਪਿਛਲੇ ਸਾਲ ਦੀ ਤਰ੍ਹਾਂ ਚੜ੍ਹਨ ਨਹੀਂ ਦਿਤੀਆਂ ਜਾਣਗੀਆਂ । ਮੇਰੇ ਸਾਹਮਣੇ ਬੈਠੇ ਸੱਜਣ ਚੌਧਰੀ ਦਰਸ਼ਨ ਸਿੰਘ ਨੇ, ਜਿਹੜੇ ਆਪਣੇ ਆਪ ਨੂੰ ਮਜ਼ਦੂਰ ਅਤੇ ਕਿਸਾਨ ਦੇ ਹਮਾਇਤੀ ਦੱਸਦੇ ਹਨ, ਬੜੀਆਂ ਗੱਲਾਂ ਕੀਤੀਆਂ । ਮੈਂ ਉਨ੍ਹਾਂ ਨੂੰ ਇਕ ਗੱਲ ਪੁੱਛਦਾ ਹਾਂ ਕਿ ਇਨ੍ਹਾਂ ਦੀ ਹਕੂਮਤ ਪਿਛਲੇ 20 ਸਾਲ ਤੋਂ ਇਸ ਸੂਬੇ ਦੇ ਵਿੱਚ ਰਹੀ ਹੈ ਇਨ੍ਹਾਂ ਗੱਲਾਂ ਵਿੱਚੋਂ ਜਿਨ੍ਹਾਂ ਦੇ ਸੁਝਾਉ ਉਹ ਸਾਨੂੰ ਦਿੰਦੇ ਹਨ ਕੋਈ ਇਕ ਗੱਲ ਵੀ ਪਿਛਲੇ ਸਾਲਾਂ ਦੇ ਵਿੱਚ ਇਨ੍ਹਾਂ ਨੇ ਕੀਤੀ । ਕਰਨੀਆਂ ਤਾਂ ਦਰ-ਕਨਾਰ ਸਗੋਂ ਇਨ੍ਹਾਂ ਨੇ ਉਨ੍ਹਾਂ ਦੀ ਉਲੰਘਣਾ ਕੀਤੀ ਹੈ । ਜੇ ਉਨ੍ਹਾਂ ਨੇ ਕੁਝ ਕਰਨਾ ਸੀ ਤਾਂ ਉਹ ਕਿਸਾਨਾਂ ਨੂੰ ਖੇਤੀ ਦਾ ਕੰਮ ਚਲਾਉਣ ਲਈ ਚੰਗੇ ਕਰਜ਼ੇ ਦਿੰਦੇ । ਉਨ੍ਹਾਂ ਨੂੰ ਸਸਤੇ ਭਾਉ ਤੇ ਖਾਦ

[ਸ੍ਰੀ ਛਜੂ ਰਾਮ ਗੁਪਤਾ]

ਦਿੰਦੇ, ਚੰਗੇ ਬੀਜ ਸਪਲਾਈ ਕਰਦੇ । ਪਰ ਇਹ ਕਰ ਨਹੀਂ ਸਕੇ। ਜੇ ਕੁਝ ਕੀਤਾ ਹੈ ਤਾਂ ਉਹ ਇਹੋ ਕੀਤਾ ਹੈ ਕਿ 70 ਰੁਪਏ ਕੁਇੰਟਲ ਖਰੀਦੀ ਹੋਈ ਕਣਕ ਇਨ੍ਹਾਂ ਨੇ 100 ਰੁਪਏ ਕੁਇੰਟਲ ਦੇ ਭਾਉ ਤੇ ਲੋਕਾਂ ਨੂੰ ਵੇਚੀ ਹੈ । ਇਹ ਮੇਹਰਬਾਨੀ ਹੈ ਜੋ ਉਨ੍ਹਾਂ ਨੇ ਪਿੰਡਾਂ ਦੇ ਲੋਕਾਂ ਤੇ ਕੀਤੀ ਹੈ । ਮਤਾ ਤਾਂ ਜ਼ਰੂਰ ਪੰਡਿਤ ਜੀ ਨੇ ਪੇਸ਼ ਕਰ ਦਿੱਤਾ ਹੈ ਪਰ ਮੈਂ ਪੰਡਿਤ ਜੀ ਤੋਂ ਇਹ ਗੱਲ ਪੁੱਛਣੀ ਚਾਹੁੰਦਾ ਹਾਂ ਕਿ ਜਿੰਨਾ ਚਿਰ ਉਹ ਗੱਦੀਆਂ ਤੇ ਬੈਠੇ ਰਹੇ ਉਨ੍ਹਾਂ ਨੇ ਅਵਾਮ ਦੀ ਭਲਾਈ ਕਰਨ ਦੀ ਬਜਾਏ ਹੋਰ ਇਹੋ ਕੁਝ ਕੀਤਾ ਕਿ ਕਿਵੇਂ ਇਨ੍ਹਾਂ ਵਜ਼ਾਰਤ ਦੀਆਂ ਗੱਦੀਆਂ ਤੇ ਬੈਠੇ ਰਹੀਏ । ਮੈਂ ਸਰੀਹਨ ਇਨ੍ਹਾਂ ਲੋਕਾਂ ਤੇ ਇਲਜ਼ਾਮ ਲਗਾਉਂਦਾ ਹਾਂ ਕਿ ਇਨ੍ਹਾਂ ਨੇ ਦੋਨੋਂ ਹੱਥੀਂ ਲੋਕਾਂ ਨੂੰ ਬੜੀ ਬੇਰਹਿਮੀ ਦੇ ਨਾਲ ਲੁਟਿਆ ਹੈ ਚਾਹੇ ਇਹ ਵਜ਼ੀਰ ਜਲੰਧਰ ਦਾ ਸੀ ਤੇ ਚਾਹੇ ਉਹ ਗੁਰਦਾਸਪੁਰ ਦਾ ਸੀ। ਜਦੋਂ ਦੀ ਇਨ੍ਹਾਂ ਦੀ ਵਜ਼ਾਰਤ ਟੁੱਟੀ ਹੈ ਅਵਾਮ ਨੇ ਸੁਖ ਦਾ ਸਾਹ ਲਿਆ ਹੈ । ਅਗੋਂ ਨੂੰ ਹੁਣ ਇਕ ਭਾ ਤੇ ਕਣਕ ਮਿਲਣੀ ਹੈ । ਮੈਂ ਇਹ ਗੱਲ ਮਿਸਾਲ ਦੇ ਤੌਰ ਤੇ ਦਸਦਾ ਹਾਂ ਕਿ ਫੂਡ ਮਨਿਸਟਰ ਅਤੇ ਸਟੇਟ ਮਨਿਸਟਰ ਨੇ ਬਿਉਪਾਰੀਆਂ ਨਾਲ ਰਲ ਕੇ ਉਨ੍ਹਾਂ ਤੋਂ 85 ਰੁਪਏ ਕੁਇੰਟਲ ਦੇ ਭਾਉ 23 ਦਸੰਬਰ ਨੂੰ ਕਣਕ ਖਰੀਦੀ । 15 ਦਿਨ ਦੇ ਅੰਦਰ ਉਸ ਦੇ ਭਾਉ ਚੜ੍ਹ ਗਏ । ਇਸ ਤਰ੍ਹਾਂ ਹਜ਼ਾਰਾਂ ਨਹੀਂ ਬਲਕਿ ਲਖਾਂ ਰੁਪਿਆ ਬਿਉਪਾਰੀਆਂ ਨਾਲ ਮਿਲਕੇ ਇਨ੍ਹਾਂ ਨੇ ਕਮਾਇਆ , ਅਤੇ ਤਜੋਰੀਆਂ ਭਰੀਆਂ ਹਨ ਕਿਉਂਕਿ 85 ਰੁਪਏ ਖਰੀਦੀ ਹੋਈ ਕਣਕ ਦਾ ਭਾਉ 15 ਦਿਨ ਦੇ ਅੰਦਰ 112 ਰੁਪਏ ਕੁਇੰਟਲ ਹੋ ਗਿਆ ਸੀ । ਤੁਸੀਂ ਹੁਣ ਤਕ ਅਵਾਮ ਦੇ ਨਾਲ ਧੋਖਾ ਕੀਤਾ ਹੈ ਅਵਾਮ ਦੇ ਨਾਲ ਧੱਕਾ ਕੀਤਾ ਹੈ, ਤੁਹਾਡੀ ਜਨਤਾ ਨੂੰ ਲੁਟਣ ਦੀ ਸਕੀਮ ਹੁਣ ਸਿਰੇ ਨਹੀਂ ਚੜ੍ਹ ਸਕਦੀ । ਮੈਂ ਹੁਣ ਇਨ੍ਹਾਂ ਨੂੰ ਕਹਾਂਗਾ ਕਿ ਪਿਛਲੀਆਂ ਗੱਲਾਂ ਤਾਂ ਛੱਡੋ, ਜੇ ਚਾਹੁੰਦੇ ਹੋ ਤਾਂ ਚੰਗੀਆਂ ਗਲਾਂ ਵਲ ਹਥ ਵਧਾਉ। ਅਸੀਂ ਜਿਸ ਤਰ੍ਹਾਂ ਦੀ ਫੂਡ ਦੀ ਪਾਲਿਸੀ ਅਪਣਾਈ ਹੈ ਤੁਸੀਂ ਬਜਾਏ ਇਸ ਦੇ ਕਿ ਇਸ ਵਿਚ ਕੋਈ ਵਿਘਨ ਪਾਉ ਇਸ ਨੂੰ ਕਾਮਯਾਬ ਬਣਾਉਣ ਲਈ ਸਹਾਰਾ ਦਿਉ । ਇਸੇ ਵਿਚ ਹੀ ਪੰਜਾਬ ਦੀ ਭਲਾਈ ਹੈ, ਜਨਤਾ ਦੀ ਭਲਾਈ ਹੈ । ਇਨ੍ਹਾਂ ਲਫਜ਼ਾਂ ਨਾਲ ਮੈਂ ਇਸ ਮਤੇ ਦੀ ਅਮੈਂਡਮੈਂਟ ਦੀ ਤਾਈਦ ਕਰਦਾ ਹਾਂ।

(ਚੌਧਰੀ ਬਲਬੀਰ ਸਿੰਘ ਬੋਲਣ ਲਈ ਉਠੇ)

ਸ੍ਰੀ ਚੇਅਰਮੈਨ : ਮੇਰੇ ਪਾਸ ਇਸ ਵੇਲੇ 8-9 ਮਿੰਟ ਹਨ । ਤੁਸੀਂ 5 ਮਿੰਟ ਬੋਲ ਸਕਦੇ ਹੋ । (There are only 8-9 minutes more and the hon. Member may speak for 5 minutes only.)

ਚੌਧਰੀ ਬਲਬੀਰ ਸਿੰਘ (ਹੁਸ਼ਿਆਰਪੁਰ) : ਆਪਾਂ ਇਕ ਸੀਟ ਤੇ ਬੈਠਦੇ ਹਾਂ । ਤੁਸੀਂ ਏਥੇ ਹੁਣ ਦੋ ਭਾਉ ਨਾ ਕਰੋ, ਪਿੱਛੇ ਜੇਹੇ ਚੌਧਰੀ ਦਰਸ਼ਨ ਸਿੰਘ ਬੋਲੇ ਹਨ ਉਨ੍ਹਾਂ ਨੂੰ ਤੁਸੀਂ ਕਿਤਨਾ ਵਕਤ ਦਿਤਾ ਹੈ ਅਤੇ ਮੈਨੂੰ ਸਾਰੇ 5 ਮਿੰਟ ਦਿੰਦੇ ਹੋ । ਉਹ ਵੀ ਚੌਧਰੀ ਸੀ ਅਤੇ ਮੈਂ ਵੀ ਚੌਧਰੀ ਹੀ ਹਾਂ। ਚੇਅਰਮੈਨ ਸਾਹਿਬ, ਇਸ ਤਰ੍ਹਾਂ ਨਾ ਕਰੋ । ਸਾਡਾ ਵੀ ਲਿਹਾਜ਼ ਕਰੋ ।

ਸ੍ਰੀ ਚੇਅਰਮੈਨ : ਇਹ ਲਿਹਾਜ਼ ਦੀ ਗੱਲ ਨਹੀਂ ਹੈ ਇਹ ਤਾਂ ਰੂਲ ਦੀ ਗੱਲ ਹੈ । ਅਧਾ ਘੰਟਾ ਮਨਿਸਟਰ ਨੂੰ ਦੇਣਾ ਹੈ ਅਤੇ 15 ਮਿੰਟ ਵਿਚ ਪੰਡਿਤ ਜੀ ਨੇ ਵੀ ਜਵਾਬ ਦੇਣਾ ਹੈ। ਮੇਰੇ ਪਾਸ ਸਾਰੇ 8-9 ਮਿੰਟ ਹਨ ਜਿਸ ਵਿਚੋਂ 5 ਮਿੰਟ ਤੁਹਾਨੂੰ ਦੇ ਦਿਤੇ ਹਨ । ਇਸ ਲਈ ਹੋਰ ਵਕਤ ਜ਼ਾਇਆ ਕਰਨ ਦੀ ਬਜਾਏ ਤੁਸੀਂ ਆਪਣੀ ਸਪੀਚ ਸ਼ੁਰੂ ਕਰੋ । (It is not a matter of accommodation, it is all according to the rules. Half-an-hour is to be given to the hon. Minister and Panditji

will take 15 minutes to reply. There are only 8-9 minutes at my disposal out of which 5 minutes are allotted to the hon. Member. I therefore, instead of wasting more time the hon. Member may please start his speech.)

चौधरी बलबीर सिंह (हुशियारपुर) : यह जो रैज़ोल्यूशन कांग्रेस पार्टी की तरफ से पेश किया गया है इसके मुताल्लिक मैं पहले तो इतना ही अर्ज करना चाहता हूँ कि इनकी हकूमत सारे हिन्दुस्तान में रही और लगातार 20 साल तक रही मैं पूछता हूँ कि क्या उन्होंने आजतक हिन्दुस्तानियों की भलाई का कोई काम किया ? मुल्क की खुशकिस्मती है कि आज 1/3 हिस्सा मुल्क का इनके चंगुल में अब रह गया है बाकी का 2/3 हिस्सा इनके हाथों से आज़ाद हो गया है। इतने थोड़े से अरसा में जो कुछ भी मौजूदा सरकार कर सकी है वह हां जाने से काफी सुख महसूस हुआ है। आज हम अनाज के भाव मकर्रर करना चाहते हैं ताकि सारा साल इसी भाव पर अनाज लोगों को मिले। इससे कनज्यूमर भी खुश है और जिमींदार भी। मगर इनकी पार्टी की तरफसे से जिस तरह की नुकताचीनी की जा रही है कभी वह जिमींदार को खुश करने की बातें करते हैं और कभी हमें किसी तरह के सुझाव देते हैं। दर असल इनके दिमाग से अभी तक यह बात निकली नहीं कि यह हाकम कलास से हैं और दिल्ली में इनकी हकूमत है और अगर यह चाहेंगे तो साथ देंगे नहीं तो होने नहीं देंगे। यहां पर स्टेट ट्रेडिंग की बात हुई, मगर इन की तरफ से कहा गया कि हम किसी को भी इजाज़त नहीं देंगे। मैं यह कहना चाहता हूँ कि जिस पार्टी की सैंटर में हकूमत है उसकी पालिसी अभी तक समझ में नहीं आई कि आया वे लोग स्टेट ट्रेडिंग चाहते हैं या नहीं। अगर वे लोग स्टेट ट्रेडिंग चाहते हैं तो जिन प्रदेशों में इनका राज्य है वहां पर लागू करवाएं। उनका पिछले 20 साल तक देश में राज्य रहा है, इन बीस सालों में तो उनको इस बात का ख्याल नहीं आया। अब इनके हाथ से राज सत्ता छिन जाने के बाद इस बात का ख्याल आया है। जब से सैशन चल रहा है हमारी तरफ से बार बार चैलेंज हुआ कि आप ही बतायें कि कौन सा भाग्रा मुकर्रर किया जाए, आप क्या चाहते हैं तो यह चुप हो जाते हैं। आज अनाज का मसला लेकर ये चाहते हैं कि लोगों को बता सकें कि हमें तुम्हारे साथ बहुत हमदर्दी है। खुद 20 साल तक स्टेट ट्रेडिंग नहीं कर पाये। यूनाइटिड फ्रंट की सरकार ने पालिसी के तौर पर फैसला किया है कि इस सूबे में स्टेड ट्रेडिंग होगी। लेकिन जब तक उसके लिये साधन न हो जाएं स्टेट ट्रेडिंग कैसे हो सकती है ? जिस शक्ल में यह रैज़ोल्यूशन लाया गया है सिवाए इसके इनका कुछ और मकसद नहीं है कि हम में फूट डाली जाए। इनका विचार था कि इसी बात पर हममें फूट पड़ जायेगी और शायद इनको गद्दियां मिलने का चांस फिर से मिल जाए। इनको यह बात भूल जानी चाहिए, जिस जनता ने इनको ठुकराया है जब तक वह नहीं चाहती राज सत्ता इनके हाथ में नहीं जा सकती। अगर दोबारा ये चाहते हैं कि जनता इनको अपनाए तो इनको हेरा फेरी छोड़ कर सीधा रास्ता अपनाना चाहिए। हेरा फेरी के कारण ही जनता ने इनको राज गद्दियों से हटा कर आपोजीशन के बैंचों पर बिठाया है। इनको चाहिए कि हेरा फेरी को छोड़ कर जनता में जाएं, जनता के मसलों को हल करने की कोशिश करें। 20 साल तक तो यह लोग आसमान पर बैठे रहे, इनको दुनिया नज़र नहीं आई।

इन शब्दों के साथ मैं प्रार्थना करता हूँ कि गवर्नर के ऐड्रेस में फरंट की मिनिस्टरी ने जो सुझाव पेश किया है वह सही बात है कि स्टेट ट्रेडिंग के असूल को हम मानते हैं लेकिन इसके लिये

[चौधरी बलबीर सिंह]

जो साधन चाहिएं उनका प्रबंध हो जाने के बाद इसको पूरे तौर पर लागू कर दिया जाएगा। लेकिन बात यह नहीं है। अगर यूनाईटिड फ्रंट की सरकार स्टेट ट्रेडिंग को मुकम्मल तौर पर लागू करेगी तो पण्डित मोहनलाल या उनके साथी कोई और साहब रैजोल्यूशन पेश करेंगे कि मुकम्मल स्टेट ट्रेडिंग नहीं होनी चाहिए इससे व्यापारी तबाह हो जाएंगे। लोगों से आज़ादाना तजारत छिन जायेगी। इन्होंने गवर्नर के ऐड्रेस पर पंजाबी के प्यार का रैजोल्यूशन पेश किया था और आज प्रबोध जी ने हिन्दी के प्यार की बात की है। ये बातें इसलिये कर रहे हैं कि हिन्दुओं को तो जा कर कह सकेंगे कि हमने कोशिश की है कि हिन्दी को पूरा दर्जा मिलना चाहिए और सिखों को जाकर कह सकें कि हमारी पार्टी पंजाबी की पूरी तरह से वफादार है। इनकी पालिसी लगातार इसी तरह से चल रही है। इनका स्टैंड हर बात पर इनकंसिस्टैंट रहा है। इसलिये मैं कहूँगा कि कि जो अमैंडमेंट फ्रंट की तरफ से पेश की गई है उसको मंजूर करके रैज़ोल्यूशन पास करना चाहिए। जो बातें ये लोग कह रहे हैं ये सूबे के भले की बातें नहीं हैं। इनके अपने मन की खुशी है। जो अमैंडमेंट पेश की गई हैं मैं उसका समर्थन करता हूँ। धन्यवाद।

(श्री सभापति ने पण्डित मोहनलाल को बोलने के लिये कहा)

Shri Mohan Lal : Sir, I shall exercise my right of reply after the Minister has spoken.

ਸ੍ਰੀ ਸਭਾਪਤੀ : ਜਿਥੇ ਤਕ ਜਵਾਬ ਦਾ ਤਾਲੁੱਕ ਹੈ, ਉਸ ਬਾਰੇ ਇਥੇ ਰੂਲ ਵਿਚ ਕੁਝ ਨਹੀਂ ਦਿਤਾ ਹੋਇਆ ਸਿਰਫ ਐਨਾ ਹੀ ਹੈ ਕਿ ਸਪੀਚ ਦੇ ਬਾਅਦ।

Provided that the mover of a resolution when moving the same and the Minister concerned when speaking for the first time may speak for thirty minutes or for such longer time as the Speaker may permit....

(So far as the right of reply is concerned, nothing is given in the rules. Only this is laid down that after the speech—'Provided that the mover of a resolution when moving the same and the minister concerned when speaking for the first time may speak for thirty minutes or for such longer time as the Speaker may permit........)

Shri Mohan Lal : That right of reply I will have after the Minister has spoken. If he does not want to speak then I can reply but not earlier.

ਜੇਕਰ ਉਨ੍ਹਾਂ ਨੇ ਨਹੀਂ ਬੋਲਣਾ ਤਾਂ ਮੈਂ ਬੋਲ ਲੈਂਦਾ ਹਾਂ। ਪਰ ਜੇਕਰ ਉਨ੍ਹਾਂ ਨੇ ਬੋਲਣਾ ਹੈ ਤਾਂ ਮੇਰਾ ਰਾਈਟ ਬਣਦਾ ਹੈ ਕਿ ਉਨ੍ਹਾਂ ਦਾ ਜਵਾਬ ਸੁਣਨ ਦੇ ਬਾਦ ਬੋਲਾਂ।

(Mr. Chairman called upon Shri Satya Pal Dang to speak.)

ਵਿਕਾਸ ਅਤੇ ਸਥਾਨਕ ਸ਼ਾਸ਼ਨ ਮੰਤਰੀ (ਕਾਮਰੇਡ ਸਤਪਾਲ ਡਾਂਗ): ਚੇਅਰਮੈਨ ਸਾਹਿਬ, ਰੈਜ਼ੋਲਿਊਸ਼ਨ ਪੇਸ਼ ਕੀਤਾ ਗਿਆ ਹੈ ਕਿ ਅਨਾਜ ਦੀ ਤਜਾਰਤ ਸਰਕਾਰੀ ਹੋਣੀ ਚਾਹੀਦੀ ਹੈ। ਜ਼ੋਰ ਇਸ ਗੱਲ ਤੇ ਦਿਤਾ ਗਿਆ ਹੈ ਕਿ ਅਨਾਜ ਦੀ ਤਜਾਰਤ ਪੂਰੀ ਸਰਕਾਰੀ ਹੋਣੀ ਚਾਹੀਦੀ ਹੈ। ਮੇਰੇ ਕੁਝ ਦੋਸਤਾਂ ਨੇ ਮੇਰੀ ਪਾਰਟੀ ਨੂੰ ਇਸ ਗੱਲ ਦਾ ਟਰੀਬਿਊਟ ਦਿਤਾ ਹੈ ਕਿ ਸਾਡੇ ਕਰਕੇ ਫਰੰਟ ਦੀ ਸਰਕਾਰ ਜੇਕਰ ਪੂਰੇ ਤੌਰ ਤੇ ਨਹੀਂ ਤਾਂ ਜੁਜ਼ਵੀ ਤੌਰ ਤੇ ਅਨਾਜ ਦੀ ਤਿਜਾਰਤ ਸਰਕਾਰੀ

ਕਰ ਰਹੀ ਹੈ । ਪਰ ਅਸੀਂ ਇਹ ਗੱਲ ਸਰਕਾਰ ਨੂੰ ਨਹੀਂ ਮਨਾ ਸਕੇ ਕਿ ਅਨਾਜ ਦੀ ਤਜਾਰਤ ਪੂਰੀ ਸਰਕਾਰੀ ਹੋਵੇ । ਜਦੋਂ ਇਹ ਕਿਹਾ ਜਾਂਦਾ ਹੈ ਤਾਂ ਨਾਲ ਹੀ ਇਹ ਕਿਹਾ ਜਾਂਦਾ ਹੈ ਕਿ ਫਰੰਟ ਦੇ ਮਹਾਜ਼ ਵਿਚ ਇਕ ਪਾਰਟੀ ਹੈ ਜਿਹੜੀ ਅਨਾਜ ਦੀ ਤਜਾਰਤ ਸਰਕਾਰੀ ਕਰਨ ਦੇ ਵਿਰੁੱਧ ਹੈ । ਇਸ ਲਈ ਜਦ ਜੁਜ਼ਵੀ ਤਜਾਰਤ ਕਰਨ ਲਈ ਮਨਾਇਆ ਗਿਆ ਹੈ ਪੂਰੀ ਤਜਾਰਤ ਲਈ ਨਹੀਂ ਮਨਾਇਆ ਜਾ ਸਕਦਾ । ਇਸ ਦੇ ਪਿਛੇ ਦਲੀਲ ਇਹ ਹੈ ਕਿ ਕਾਂਗਰਸ ਪਾਰਟੀ ਅਨਾਜ ਦੀ ਤਜਾਰਤ ਮੁਕੰਮਲ ਤੌਰ ਤੇ ਸਰਕਰੀ ਚਾਹੁੰਦੀ ਹੈ ਅਤੇ ਉਨ੍ਹਾਂ ਨੂੰ ਬੜਾ ਦੁਖ ਹੈ ਕਿ ਅਸੀਂ ਆਪਣੇ ਕੁਝ ਦੋਸਤਾਂ ਨੂੰ ਨਹੀਂ ਮਨਾ ਸਕੇ । ਇਸ ਸਬੰਧ ਵਿਚ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡਾ ਦੇਸ਼ ਬਹੁਤ ਬੜਾ ਦੇਸ਼ ਹੈ । ਜੇਕਰ ਸਾਡੇ ਦੇਸ਼ ਦੇ ਪ੍ਰਾਂਤ–ਪ੍ਰਾਂਤ ਲਏ ਜਾਣ ਤਾਂ ਕਈ ਪ੍ਰਾਂਤ ਸਰਪਲਸ ਹਨ ਜਿਨ੍ਹਾਂ ਵਿਚੋਂ ਸਾਡਾ ਪ੍ਰਾਂਤ ਇਕ ਹੈ । ਪਰ ਕਈ ਪ੍ਰਾਂਤ ਡੈਫੀਸਿਟ ਹਨ । ਅਜ ਸਾਡਾ ਦੇਸ਼ ਇਕ ਹੈ । ਇਸ ਲਈ ਸਾਰੇ ਪ੍ਰਾਂਤਾਂ ਵਿਚ ਇਕੋ ਜਿਹੀ ਵੰਡ ਦੀ ਲੋੜ ਹੈ । ਇਸ ਲਈ ਕੁਰਬਾਨੀ ਦੀ ਲੋੜ ਹੈ । ਜੇਕਰ ਕੁਰਬਾਨੀ ਦੀ ਲੋੜ ਹੈ ਤਾਂ ਕੁਰਬਾਨੀ ਵੀ ਇਕੋ ਜਿਹੀ ਹੋਣੀ ਚਾਹੀਦੀ ਹੈ । ਇਸ ਲਈ ਇਹ ਚੀਜ਼ ਮੰਗ ਕਰਦੀ ਹੈ ਕਿ ਸਾਰੇ ਦੇਸ਼ ਵਿਚ ਨੈਸ਼ਨਲ ਫੂਡ ਬਜਟ ਬਣਾਇਆ ਜਾਵੇ ਅਤੇ ਉਸ ਦੇ ਤਹਿਤ ਕੰਪਲੀਟ ਸਟੇਟ ਟ੍ਰੇਡਿੰਗ ਕੀਤੀ ਜਾਵੇ । ਮੈਂ ਆਪਣੇ ਮੁਖਾਲਿਫ ਦੋਸਤਾਂ ਨੂੰ ਕਹਿੰਦਾ ਹਾਂ ਕਿ ਜਿਸ ਪਾਰਟੀ ਨੂੰ ਉਹ ਬੀਲਾਂਗ ਕਰਦੇ ਹਨ ਸੈਂਟਰ ਵਿੱਚ ਵੀ ਉਸੇ ਪਾਰਟੀ ਦੀ ਸਰਕਾਰ ਹੈ ਅੱਜ ਉਹ ਸੈਂਟਰ ਦੀ ਸਰਕਾਰ ਨੂੰ ਮਨਾਉਣ ਕਿ ਸਾਰੇ ਦੇਸ਼ ਵਿੱਚ ਨੈਸ਼ਨਲ ਫੂਡ ਬਜਟ ਬਣਾਇਆ ਜਾਵੇ ਅਤੇ ਕੰਪਲੀਟ ਸਟੇਟ ਟ੍ਰੇਡਿੰਗ ਕੀਤੀ ਜਾਵੇ । ਮੈਂ ਉਨ੍ਹਾਂ ਨੂੰ ਯਕੀਨ ਦਿਵਾਉਂਦਾ ਹਾਂ ਕਿ ਸਾਡੀ ਸਰਕਾਰ ਉਨ੍ਹਾਂ ਨਾਲ ਮਿਲ ਕੇ ਚਲੇਗੀ । ਇਸ ਗੱਲ ਦੀ ਗਾਰੰਟੀ ਅਸੀਂ ਦੇਣ ਲਈ ਤਿਆਰ ਹਾਂ । ਲੇਕਿਨ ਨਾ ਤਾਂ ਦੇਸ਼ ਵਿੱਚ ਨੈਸ਼ਨਲ ਫੂਡ ਬਜਟ ਬਣਾਇਆ ਗਿਆ ਹੈ, ਨਾ ਸਾਰੇ ਹਿੰਦੁਸਤਾਨ ਵਿੱਚ ਸਟੇਟ ਟ੍ਰੇਡਿੰਗ ਅਤੇ ਨਾ ਹੀ ਉਥੇ ਜਿਹੜੇ ਡਿਫਿਸਿਟ ਪ੍ਰਾਂਤ ਹਨ ਅਤੇ ਜਿਥੇ ਕਾਂਗਰਸ ਦੀ ਹਕੂਮਤ ਹੈ । ਜਿਥੇ ਕਾਂਗਰਸ ਦੀ ਹਕੂਮਤ ਹੈ ਉਥੇ ਕੰਪਲੀਟ ਸਟੇਟ ਟ੍ਰੇਡਿੰਗ ਨਾ ਹੋਵੇ, ਜਿਥੇ ਡਿਫਿਸਿਟ ਪ੍ਰਾਵਿੰਸਿਜ਼ ਹਨ ਉਥੇ ਕੰਪਲੀਟ ਸਟੇਟ ਟ੍ਰੇਡਿੰਗ ਨਾ ਹੋਵੇ ਤਾਂ ਇਥੇ ਸਾਡੇ ਦੋਸਤ ਰੈਜ਼ੋ-ਲੂਸ਼ਨ ਪੇਸ਼ ਕਰਨ ਅਤੇ ਸਾਨੂੰ ਉਲਾਂਭੇ ਦੇਣ ਕਿ ਇਥੇ ਕੰਪਲੀਟ ਸਟੇਟ ਟ੍ਰੇਡਿੰਗ ਕਿਉਂ ਨਹੀਂ ਕੀਤੀ ਜਾਂਦੀ ਤਾਂ ਇਹ ਗੱਲ ਉਨ੍ਹਾਂ ਨੂੰ ਫਬਦੀ ਨਹੀਂ ਹੈ ।

ਇਸ ਕਰਕੇ ਮੈਂ ਆਪਣੇ ਇਨ੍ਹਾਂ ਦੋਸਤਾਂ ਨੂੰ ਕਹਾਂਗਾ ਕਿ ਅਜ ਜਿਸ ਵਕਤ ਦੇਸ਼ ਦੇ ਵਿਚ ਅਨਾਜ ਦੀ ਇਕ ਗਭੀਰ ਸਮਸਿਆ ਬਣੀ ਹੋਈ ਹੈ ਉਸ ਵਕਤ ਸਿਆਸਿਆਤ ਨੂੰ, ਪਾਰਟੀਬਾਜ਼ੀ ਨੂੰ ਅਲਗ ਰਖ ਕੇ ਵਾਕਿਆਤ ਵਿਚ ਆਉ । ਅਗਰ ਸਾਰੇ ਦੇਸ਼ ਵਿਚ ਕੋਈ ਨੈਸ਼ਨਲ ਫੂਡ ਬਜਟ ਨਹੀਂ ਹੈ, ਅਗਰ ਸਾਰੇ ਦੇਸ਼ ਵਿਚ ਕੰਪਲੀਟ ਸਟੇਟ ਟਰੇਡਿੰਗ ਨਹੀਂ ਹੈ ਤਾਂ ਪੰਜਾਬ ਵਿਚ, ਜਿਹੜਾ ਕਿ ਅਨ ਦੇ ਖੇਤਰ ਵਿਚ ਇਕ ਸਰਪਲਸ ਸੂਬਾ ਹੈ, ਇਹ ਮਸਲਾ ਕਿਸ ਤਰ੍ਹਾਂ ਹਲ ਹੋਵੇ ਇਸ ਗੱਲ ਨੂੰ ਦੇਖਣਾ ਪਵੇਗਾ ਦੇਸ਼ ਦੀ ਮਜਮੂਈ ਹਾਲਤ ਨੂੰ ਮੱਦੇਨਜ਼ਰ ਰਖਕੇ ।

ਆਖਿਰ ਅਗਰ ਇਹ ਕੰਪਲੀਟ ਸਟੇਟ ਟਰੇਡਿੰਗ ਮੰਗਦੇ ਹਨ ਤਾਂ ਇਨ੍ਹਾਂ ਦਾ ਮਕਸਦ ਕੀ ਹੈ ? ਇਹੀ ਕਿ ਹਰ ਇਕ ਕਿਸਾਨ ਨੂੰ, ਪੈਦਾਵਾਰ ਕਰਨ ਵਾਲੇ ਨੂੰ ਅਨਾਜ ਦੀ ਜਾਇਜ਼ ਕੀਮਤ ਮਿਲੇ ਔਰ ਇਸ ਦੇ ਨਾਲ ਹੀ ਖਰੀਦਣ ਵਾਲੇ ਨੂੰ ਵੀ ਸਾਰਾ ਸਾਲ ਵਾਜਬ ਔਰ ਜਾਇਜ਼ ਕੀਮਤ ਦੀ ਸਹੂਲੀਅਤ ਹੋਵੇ । ਇਸ ਗੱਲ ਵਿਚ ਕਿਸੇ ਦਾ ਵੀ ਕੋਈ ਮਤਭੇਦ ਨਹੀਂ ਹੈ । ਇਸ ਰੈਜ਼ੋਲਿਊਸ਼ਨ ਦੀ ਬਹਿਸ ਦੇ ਦੌਰਾਨ ਔਰ ਬਜਟ ਦੀ ਜਨਰਲ ਡਿਸਕਸ਼ਨ ਦੇ ਦੌਰਾਨ ਵੀ ਆਪੋਜ਼ੀਸ਼ਨ ਬੈਂਚਿਜ਼ ਵਲੋਂ ਇਹ ਅਲਜ਼ਾਮ ਲਗਾਇਆ ਗਿਆ ਹੈ ਕਿ ਫਰੰਟ ਸਰਕਾਰ ਕਿਸਾਨਾਂ ਨੂੰ ਲੁਟ ਰਹੀ ਹੈ—ਕਿਸਾਨਾਂ ਨੂੰ

[ਵਿਕਾਸ ਅਤੇ ਸਥਾਨਕ ਸ਼ਾਸਨ ਮੰਤਰੀ]

ਅਨਾਜ ਦੀ ਵਾਜਬ ਕੀਮਤ ਨਹੀਂ ਦੇਣਾ ਚਾਹੁੰਦੀ । ਮੈਂ ਅਪਣੇ ਇਨ੍ਹਾਂ ਦੋਸਤਾਂ ਕੋਲੋਂ ਆਪ ਦੀ ਰਾਹੀਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਦਿਲੀ ਦੇ ਵਿਚ ਫ਼ਰੰਟ ਦੀ ਸਰਕਾਰ ਹੈ ਜਾਂ ਇੰਡਿਅਨ ਨੈਸ਼ਨਲ ਕਾਂਗਰਸ ਦੀ ? ਜ਼ਰਾ ਦੱਸਣ ਤਾਂ ਸਹੀ ਕਿ ਉਸ ਇਡਿਅਨ ਨੈਸ਼ਨਲ ਕਾਂਗਰਸ ਦੀ ਸਰਕਾਰ ਨੇ ਘੱਟੋ ਘੱਟ ਗਰੰਟਿਡ ਕੀਮਤਾਂ ਕੀ ਮੁਕਰੱਰ ਕੀਤੀਆਂ ਹਨ ? ਜ਼ਿਆਦਾ ਡਿਟੇਲਜ਼ ਵਿੱਚ ਨਾ ਜਾਂਦਾ ਹੋਇਆ ਸਿਰਫ਼ ਇਤਨੀ ਗੱਲ ਕਹਾਂਗਾ ਕਿ ਜੇ ਇਹ ਫਰੰਟ ਦੀ ਸਰਕਾਰ ਸੈਂਟਰ ਨਾਲ ਨੈਗੋਸ਼ੀਏਸ਼ੰਜ਼ ਕਰਕੇ ਕਿਸਾਨ ਨੂੰ ਉਸ ਨਾਲੋਂ ਵੱਧ ਕੀਮਤ ਨਾ ਦਿਵਾਏ ਤਾਂ ਉਸ ਹਾਲਤ ਵਿੱਚ ਬੇਸ਼ਕ ਤੁਸੀਂ ਕਹਿ ਸਕਦੇ ਹੋ ਕਿ ਇਹ ਸਰਕਾਰ ਕਿਸਾਨ ਦੀ ਛਿੱਲ ਲਾਹੇਗੀ । ਮੈਂ ਅੱਪਰ ਹਾਊਸ ਵਿੱਚ ਵੀ ਕਿਹਾ ਸੀ ਕਿ ਜੋ ਕੀਮਤਾਂ ਕੇਂਦਰੀ ਸਰਕਾਰ ਨੇ ਫ਼ਿਕਸ ਕੀਤੀਆਂ ਹਨ ਉਹ ਵਾਜਬ ਨਹੀਂ ਹਨ ਉਹ ਕਿਸਾਨ ਨਾਲ ਇਨਸਾਫ਼ ਨਹੀਂ ਕਰਦੀਆਂ । ਲੇਕਿਨ ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਹ ਆਪੋਜ਼ੀਸ਼ਨ ਵਿੱਚ ਬੈਠੇ ਹੋਏ ਦੋਸਤ ਉਸ ਚੀਜ਼ ਦੇ ਖਿਲਾਫ ਆਪਣੀ ਆਵਾਜ਼ ਉਠਾਂਦੇ ਨਹੀਂ ਸਿਰਫ ਨੁਕਤਾਚੀਨੀ ਕਰਨ ਦੀ ਖਾਤਰ ਇਸ ਫ਼ਰੰਟ ਸਰਕਾਰ ਦੀਂ ਨੁਕਤਾਚੀਨੀ ਕਰੀ ਜਾਂਦੇ ਹਨ । ਇਹ ਵਾਜਬ ਗਲ ਨਹੀਂ ।

ਇੱਥੇ ਇਹ ਵੀ ਦੂਸ਼ਨ ਲਗਾਇਆ ਗਿਆ ਕਿ ਹੁਣ ਤਕ ਇਸ ਹਾਊਸ ਨੂੰ ਕਾਨਫੀਡੈਂਸ ਵਿਚ ਨਹੀਂ ਲਿਆ ਗਿਆ ਕਿ ਕੀਮਤਾਂ ਕੀ ਮੁਕਰੱਰ ਕੀਤੀਆਂ ਹਨ ਔਰ ਇਸ ਸਬੰਧ ਵਿੱਚ ਸਾਡੀਆਂ ਚਿੱਠੀਆਂ ਪਏ ਲਭੱਦੇ ਹਨ । ਮੈਂ ਅਰਜ਼ ਕਰਦਾ ਹਾਂ ਕਿ ਰੋਜ਼ ਦੇ ਰੋਜ਼ ਇੱਥੋਂ ਚੰਡੀਗੜ੍ਹ ਤੋਂ ਇੰਸਟਰਕਸ਼ੰਜ਼ ਜਾਂਦੀਆਂ ਹਨ ਕਿ ਇਕ ਲੈਵਲ ਤੋਂ ਹੇਠਾਂ ਕੀਮਤਾਂ ਨਾ ਡਿੱਗਣ ਦਿੱਤੀਆਂ ਜਾਣ ਔਰ ਉਹ ਲੈਵਲ ਜਿਹੜਾ ਗੌਰਮੈਂਟ ਆਫ਼ ਇੰਡੀਆ ਨੇ ਮੁਕਰੱਰ ਕੀਤਾ ਹੈ ਇਸ ਨਾਲੋਂ ਕਾਫ਼ੀ ਅੰਤਰ ਤੇ ਹੈ । ਇਹ ਸਾਥੀ ਕਹਿੰਦੇ ਹਨ ਕਿ ਫਿਰ ਦੱਸਦੇ ਕਿਉਂ ਨਹੀਂ ? ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਗੱਲ ਤਾਂ ਹੈ ਨਹੀਂ ਕਿ ਸਿਰਫ ਇਕ ਹੀ ਕਿਸਮ ਦੀ ਚੀਜ਼ ਮੰਡੀਆਂ ਵਿੱਚ ਆਉਂਦੀ ਹੋਵੇ । ਇਕ ਉਹ ਵੀ ਕਿਸਮ ਹੈ ਜਿਸ ਨੂੰ ਫ਼ਾਰਮ ਦੀ ਕਣਕ ਕਿਹਾ ਜਾਂਦਾ ਹੈ । ਉਹ ਵੀ ਹੈ ਜਿਸ ਨੂੰ ਦੜਾ ਕਹਿੰਦੇ ਹੋ। ਭਾ ਦੇ ਵਿੱਚ ਫ਼ਰਕ ਤਾਂ ਰਹੇਗਾ ਹੀ ਪਰ ਇਕ ਗੱਲ ਜ਼ਰੂਰ ਹੈ ਕਿ ਅਸੀਂ ਇਹ ਐਨਸ਼ਿਉਰ ਕਰਾਂਗੇ ਕਿ ਇਕ ਖਾਸ ਲੈਵਲ ਤੋਂ ਥੱਲੇ ਨਾ ਡਿੱਗਣ ਦਈਏ । ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਮੰਡੀਆਂ ਵਿੱਚ ਜਿਹੜੀਆਂ ਐਰਾਈਵਲਜ਼ ਹੋਣਗੀਆਂ ਉਨ੍ਹਾਂ ਵਖਰੀਆਂ ਵਖਰੀਆਂ ਕੁਆਲੀਟੀਜ਼ ਦੀ ਕਣਕ ਦੀ ਰੈਮਨਰੇਟਿਵ ਪ੍ਰਾਈਸ ਕਿਸਾਨ ਨੂੰ ਮਿਲੇ ਔਰ ਉਸ ਲੈਵਲ ਤੋਂ ਥੱਲੇ ਕੀਮਤ ਨੂੰ ਨਾ ਡਿੱਗਣ ਦਿੱਤਾ ਜਾਵੇ । ਜਿਹੜੀ ਸਰਕਾਰ ਨੇ ਖਰੀਦ ਕਰਨੀ ਹੈ ਅਪਣੇ ਰੀਜ਼ਰਵ ਸਟਾਕ ਲਈ ਉਸ ਵਾਸਤੇ ਵੀ ਪ੍ਰੋਕਿਉਰਮੈਂਟ ਪ੍ਰਾਈਸ ਨਿਸ਼ਚਿਤ ਹੈ ਕਿ ਇਹ ਘੱਟੋ ਘੱਟ ਕੀਮਤ ਹੋਵੇਗੀ ਇਸ ਤੋਂ ਘੱਟ ਕਿਸਾਨ ਨੂੰ ਨਾ ਮਿਲੇ । (ਵਿਘਨ) ਇਨ੍ਹਾਂ ਨੂੰ ਪੁੱਛੋ ਤਾਂ ਦੱਸਦੇ ਨਹੀਂ ਜਵਾਬ ਹੀ ਨਹੀਂ ਦਿੰਦੇ ਕਿ ਤੁਸੀਂ ਕੀ ਚਾਹੁੰਦੇ ਹੋ ਕਿ ਘੱਟੋ ਘੱਟ ਕੀ ਕੀਮਤ ਹੋਣੀ ਚਾਹੀਦੀ ਹੈ । ਸਰਦਾਰ ਦਰਬਾਰਾ ਸਿੰਘ ਜੀ ਨੇ ਅਪਣੀ ਤਕਰੀਰ ਵਿੱਚ ਯੂ.ਪੀ. ਦੀਆਂ ਮੰਡੀਆਂ ਦੀਆਂ ਕੋਟੇਸ਼ੰਜ਼ ਪੜ੍ਹ ਕੇ ਦੱਸੀਆਂ । ਕਿਹਾ ਕਿ ਕਿਧਰੇ 95 ਕਿਧਰੇ 100 ਔਰ ਇਸੇ ਤਰ੍ਹਾਂ ਕਿਧਰੇ ਇਸ ਤੋਂ ਵੀ ਜ਼ਿਆਦਾ ਭਾ ਕਿਸਾਨ ਨੂੰ ਮਿਲਦਾ ਹੈ । ਅਗਰ ਮੇਰੇ ਦੋਸਤ ਇਹ ਚਾਹੁੰਦੇ ਹਨ ਕਿ ਪੰਜਾਬ ਵਿੱਚ ਵੀ ਘੱਟੋ ਘੱਟ 100 ਰੁਪਏ ਕੁਵਿੰਟਲ ਵਿਕੇ ਔਰ ਬਾਅਦ ਵਿੱਚ ਉਹੀ ਅਨਾਜ 150 ਰੁਪਏ ਕੁਵਿੰਟਲ ਵਿਕੇ ਤਾਂ ਮੈਂ ਐਲਾਨੀਆ ਕਹਿ ਦੇਣਾ ਚਾਹੁੰਦਾ ਹਾਂ ਕਿ ਇਹ ਸਰਕਾਰ ਐਸਾ ਨਹੀਂ ਹੋਣ ਦਵੇਗੀ । (ਸਰਕਾਰੀ ਪੱਖ ਵੱਲੋਂ ਤਾੜੀਆਂ) ਇਹ ਲੋਕ ਆਰਗੂਮੈਂਟ ਇਹ ਦਿੰਦੇ ਹਨ ਕਿ ਕਿਸਾਨ ਦਾ ਮਫ਼ਾਦ ਮੰਗ ਕਰਦਾ ਹੈ । ਕਿਸਾਨ ਦਾ ਨਹੀਂ ਬਲਕਿ ਮੈਂ ਸਮਝਦਾ ਹਾਂ ਕਿ ਵੱਡੇ ਵੱਡੇ ਲੈਂਡਲਾਰਡਜ਼ ਦੇ ਮਫ਼ਾਦ ਦੀ ਹੀ ਇਹ ਗੱਲ ਕਰਦੇ ਹਨ ਜਿਸ ਦੇ ਪਾਸ ਹੋਰਡਿੰਗ ਦੀ ਕੈਪੇਸਿਟੀ ਹੈ ਜੋ ਸਟਾਕ ਰਖ ਸਕਦਾ ਹੈ । ਉਸੇ ਪੱਖ ਦੀ ਦੂਸਰੀ ਆਵਾਜ਼ ਇਹ ਵੀ ਹੈ ਕਿ ਪੰਜਾਬ ਦਾ ਇਕ ਸਟੇਟ ਫ਼ੂਡ ਜ਼ੋਨ ਕਿਉਂ ਬਣਾ ਦਿੱਤਾ ਹੈ । ਇਹ ਲਾਜ਼ਮੀ ਤੌਰ ਤੇ ਉਸੇ

ਦੀ ਮੰਗ ਹੈ ਜਿਹੜਾ ਪਰਾਫ਼ੀਟੀਅਰਿੰਗ ਕਰਦਾ ਹੈ । ਇਹ ਗੱਲ ਸਾਨੂੰ ਸਮਝ ਲੈਣੀ ਚਾਹੀਦੀ ਹੈ ਕਿ ਕਿਸਾਨ ਦੀ ਅਕਸਰੀਅਤ ਦਾ ਮਫ਼ਾਦ ਸ਼ਹਿਰ ਦੇ ਕਨਜ਼ਿਊਮਰ ਦੇ ਨਾਲ ਕਿਸੇ ਤਰ੍ਹਾਂ ਟਕਰਾ ਨਹੀਂ ਖਾਂਦਾ । ਪੰਜਾਬ ਦਾ ਜਿਹੜਾ ਆਮ ਕਿਸਾਨ ਹੈ, ਗ਼ਰੀਬ ਹੈ ਉਸ ਦੀ ਇਹ ਮਜਬੂਰੀ ਹੈ— ਹਾਲਾਤ ਦੇ ਕਾਰਨ ਮਜ਼ਬੂਰੀ ਹੈ ਕਿ ਉਹ ਅੱਜ ਅਨਾਜ ਨੂੰ ਵੇਚਦਾ ਹੈ ਤਾਂ ਤਿੰਨ ਮਹੀਨਿਆਂ ਬਾਅਦ ਖਰੀਦਣਾ ਸ਼ੁਰੂ ਕਰ ਦਿੰਦਾ ਹੈ । ਤੁਸੀਂ ਵੇਖਿਆ ਕਿ ਇਲੈਕਸ਼ਨਾਂ ਦੇ ਦਿਨਾਂ ਵਿੱਚ ਡੇਢ਼ ਡੇਢ਼ ਰੁਪਏ ਕਿੱਲੋ ਆਟਾ ਵਿਕਦਾ ਰਿਹਾ ਔਰ ਸ਼ਹਿਰਾਂ ਨਾਲੋਂ ਪਿੰਡਾਂ ਵਿੱਚ ਜ਼ਿਆਦਾ ਹਾਹਾਕਾਰ ਮਚੀ ਹੋਈ ਸੀ । ਸਾਰੇ ਪਿੰਡਾਂ ਵਿੱਚ ਦੋ ਦੋ ਘਰ ਦੀ ਵੀ ਅਜਿਹੇ ਨਹੀਂ ਸਨ ਲਭਦੇ ਜਿਨ੍ਹਾਂ ਨੇ ਬੀਜ ਲਈ ਔਰ ਸਾਰਾ ਸਾਲ ਅਪਣੇ ਖਾਣ ਲਈ ਕਣਕ ਦਾ ਸਟਾਕ ਕੀਤਾ ਹੋਇਆ ਹੋਵੇ । ਇਸ ਲਈ ਕਿਸਾਨ ਦਾ ਮਫ਼ਾਦ ਇਹੀ ਮੰਗ ਕਰਦਾ ਹੈ ਕਿ ਹੁਣ ਵੀ ਉਸ ਨੂੰ ਵਾਜਬ ਕੀਮਤਾਂ ਮਿਲਣ ਔਰ ਬਾਅਦ ਵਿੱਚ ਜਦ ਕਿ ਉਸ ਨੇ ਅਪਣੇ ਖਾਣ ਲਈ ਆਟਾ ਖਰੀਦਣਾ ਹੈ ਉਸ ਵਕਤ ਵੀ ਉਸ ਨੂੰ ਇਤਨੇ ਮਹਿੰਗੇ ਭਾ ਤੇ ਨਾ ਮਿਲੇ ਜਿਸ ਤਰ੍ਹਾਂ ਕਿ ਇਸ ਦਫ਼ਾ ਹੋਇਆ ਹੈ । ਉਸ ਨੂੰ ਦੂਨੋਂ ਦੂਨੀ ਕੀਮਤ ਨਾ ਦੇਣੀ ਪਵੇ । ਫਰੰਟ ਦੀ ਸਰਕਰ ਇਸ ਨੀਤੀ ਤੇ ਕਾਇਮ ਹੈ ਔਰ ਗਾਰੰਟੀ ਕਰਦੀ ਹੈ ਕਿ ਇਸ ਸਬੰਧ ਵਿੱਚ ਕਿਸਾਨ ਨੂੰ ਕੋਈ ਸ਼ਿਕਾਇਤ ਨਹੀਂ ਹੋਣ ਦਿਆਂਗੇ । ਡੈਟਾ ਭਾਵੇਂ ਸਰਦਾਰ ਉੱਜਲ ਸਿੰਘ ਕਮੇਟੀ ਦਾ ਹੋਵੇ ਜਾਂ ਲੁਧਿਆਨੇ ਦੀ ਯੂਨੀਵਰਸਿਟੀ ਦਾ, ਇਸ ਗੱਲ ਦਾ ਪੂਰੀ ਤਰ੍ਹਾਂ ਧਿਆਨ ਰਖਿਆ ਜਾਵੇਗਾ ਕਿ ਕੀਮਤਾਂ ਕਿਤਨੀਆਂ ਵਧੀਆਂ ਹਨ ਔਰ ਜਿਹੜੀਆਂ ਖੇਤੀ ਬਾੜੀ ਦੀਆਂ ਜ਼ਰੂਰਤਾਂ ਹਨ ਉਨ੍ਹਾਂ ਨੂੰ ਮੁਖ ਰਖਦੇ ਹੋਏ ਔਰ ਇਸ ਗੱਲ ਦਾ ਵੀ ਖਿਆਲ ਰਖ ਕੇ ਕਿ ਪੰਜਾਬ ਦੇ ਕਿਸਾਨ ਨੇ ਅੱਜ ਕਣਕ ਵੇਚ ਕੇ ਤਿੰਨ ਮਹੀਨੀਆਂ ਪਿੱਛੋਂ ਫੇਰ ਖਰੀਦਣੀ ਵੀ ਹੈ. ਕੀਮਤਾਂ ਨੂੰ ਮੁਕਰੱਰ ਕਰਨਾ ਹੈ । ਪੰਜਾਬ ਦਾ ਵੱਡਾ ਫ਼ਾਰਮਰ ਜਿਹੜਾ ਕਿ ਬੜੀ ਭਾਰੀ ਪਰਾਫ਼ੀਟੀਅਰਿੰਗ ਦਾ ਸਾਧਨ ਹੈ ਔਰ ਸੁਤੰਤਰ ਪਾਰਟੀ ਜਿਸ ਦਾ ਪਰੈਸ ਵਿੱਚ ਕਾਫੀ ਚਰਚਾ ਹੈ ਉਹੀ ਇਹ ਮੰਗ ਕਰਦੇ ਹਨ ਕਿ 95 ਜਾਂ 100 ਰੁਪਏ ਕੁਇੰਟਲ ਤੱਕ ਕੀਮਤ ਫਿਕਸ ਕੀਤੀ ਜਾਵੇ ਜਿਹੜੀ ਤਜਵੀਜ਼ ਕਿ ਇਹ ਸਰਕਾਰ ਕਦੇ ਵੀ ਮੰਨਣ ਨੂੰ ਤਿਆਰ ਨਹੀਂ । ਇਸ ਸਰਕਾਰ ਦੇ ਸਾਹਮਣੇ, ਜਿਵੇਂ ਕਿ ਮੈਂ ਪਹਿਲਾਂ ਵੀ ਅਰਜ਼ ਕੀਤੀ ਹੈ, ਕਿਸਾਨ ਔਰ ਕਨਜ਼ਿਊਮਰ ਦੋਹਾਂ ਦਾ ਮਫ਼ਾਦ ਹੈ । ਇਸ ਸਰਕਾਰ ਨੇ ਆਪਣਾ ਮਨ ਬਣਾਇਆ ਹੋਇਆ ਹੈ ਮਗਰ ਉਹੋ ਜਦ ਤਕ ਇਹ ਸਮਝਦੀ ਹੈ ਕਿ ਇਨ੍ਹਾਂ ਦੇ ਦੱਸਣ ਨਾਲ ਟਰੇਡਰ ਨੂੰ ਹੀ ਫ਼ਾਇਦਾ ਹੋਵੇਗਾ —ਜਿਸ ਨੇ ਸਰਕਾਰ ਨੂੰ ਸੈਬੋਟੇਜ਼ ਕਰਨ ਦੀ ਕੋਸ਼ਿਸ਼ ਕਰਨੀ ਹੈ ਔਰ ਹਮੇਸ਼ਾ ਹੀ ਕਰਦਾ ਹੈ— ਉਸ ਨੂੰ ਇਹ ਸੈਬੋਟੇਜ਼ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਔਰ ਇਸ ਚੀਜ਼ ਨੂੰ ਵੀ ਸਾਹਮਣੇ ਰਖਦੇ ਹੋਏ ਉਦੋਂ ਹੀ ਕੀਮਤਾਂ ਦਾ ਐਲਾਨ ਕਰੇਗੀ ਜਦੋਂ ਇਹ ਸਮਝਿਆ ਜਾਵੇਗਾ ਕਿ ਮੁਨਾਸਿਬ ਟਾਇਮ ਹੈ ।

ਜਦੋਂ ਇਹ ਦੋਸਤ ਕੰਪਲੀਟ ਸਟੇਟ ਟਰੇਡਿੰਗ ਕਹਿੰਦੇ ਹਨ ਤਾਂ ਮੈਂ ਪੁੱਛਦਾ ਹਾਂ ਕਿ ਤੁਹਾਡੀ ਕੰਪਲੀਟ ਸਟੇਟ ਟਰੇਡਿੰਗ ਦੀ ਡੈਫ਼ੀਨੀਸ਼ਨ ਕੀ ਹੈ ? ਜਿਸ ਵਕਤ ਕਾਮਰੇਡ ਸੁਰਜੀਤ ਜੀ ਨੇ ਇਕ ਗੱਲ ਕਹੀ ਤਾਂ ਸਰਦਾਰ ਦਰਬਾਰਾ ਸਿੰਘ ਜੀ ਕਹਿਣ ਲੱਗੇ ਕਿ ਅਸੀਂ ਕੰਪਲੀਟ ਸਟੇਟ ਟਰੇਡਿੰਗ ਇਸ ਲਈ ਮੰਗਦੇ ਹਾਂ ਤਾਕਿ ਜਿਹੜਾ ਅਨਾਜ ਪੰਜਾਬ ਵਿੱਚੋਂ ਦੂਸਰੀਆਂ ਸਟੇਟਸ ਵਿੱਚ ਜਾਣਾ ਹੈ ਉਹ ਉਨ੍ਹਾਂ ਸੂਬਿਆਂ ਦੀਆਂ ਸਰਕਾਰਾਂ ਨੂੰ ਸਾਡੀ ਸਰਕਾਰ ਦੇ ਰਾਹੀਂ ਜਾਵੇ ਪ੍ਰਾਈਵੇਟਲੀ ਨਾ ਜਾਵੇ । ਮਗਰ ਮੈਨੂੰ ਹੈਰਾਨਗੀ ਇਹ ਹੁੰਦੀ ਹੈ ਕਿ ਨਾਲ ਹੀ ਇਹ ਆਰਗੂਮੈਂਟ ਵੀ ਦਿੰਦੇ ਹਨ ਕਿ ਪੰਜਾਬ ਦਾ ਇਕ ਫ਼ੂਡ ਜੋਨ ਕਿਉਂ ਬਣਾ ਦਿੱਤਾ ਹੈ । ਇਹ ਕਹਿੰਦੇ ਹਨ ਕਿ ਤਿੰਨ ,ਚਾਰ ਸਟੇਟਸ ਦਾ ਇਕੋ ਹੀ ਫੂਡ ਜ਼ੋਨ ਹੋਣਾ ਚਾਹੀਦਾ ਹੈ ਔਰ ਉਨ੍ਹਾਂ ਵਿੱਚ ਅਨਾਜ ਦੀ ਮੂਵਮੈਂਟ ਦੀ ਖੁਲ੍ਹੀ ਇਜ਼ਾਜ਼ਤ ਹੋਣੀ ਚਾਹੀਦੀ ਹੈ । ਇਨ੍ਹਾਂ ਦੇ ਇਨ੍ਹਾਂ ਦੋਹਾਂ ਸਟੈਂਡਜ਼ ਵਿੱਚ ਭਾਰੀ ਕੰਟਰਾਡਿਕਸ਼ਨ ਹੈ ।

[ਵਿਕਾਸ ਅਤੇ ਸ ਾਨਕ ਸ਼ਾਸਨ ਮੰਤਰੀ]

ਕਪੂਰ ਸਾਹਿਬ ਨੇ ਇਹ ਕਿਹਾ ਹੈ ਕਿ ਬਾਅਦ ਵਿੱਚ ਸਰਕਾਰ ਵਪਾਰੀਆਂ ਦੇ ਦਬਾ ਥੱਲੇ ਆਕੇ ਅਪਣੀ ਇਸ ਗੱਲ ਤੋਂ ਪਿਛੇ ਹਟ ਜਾਵੇਗੀ ਅਤੇ ਵਪਾਰੀਆਂ ਨੂੰ ਇਜਾਜ਼ਤ ਦੇ ਦਵੇਗੀ । ਮੈਂ ਅਪਣੇ ਇਨ੍ਹਾਂ ਦੋਸਤਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਉਹ ਮੇਰੇ ਕੋਲ ਵਪਾਰੀਆਂ ਨੂੰ ਲਿਆਉਣਾ ਬੰਦ ਕਰ ਦੇਣ ਜਿਤਨੇ ਵੀ ਲਿਆਉਂਦੇ ਰਹੇ ਹਨ ਮੈਂ ਉਨ੍ਹਾਂ ਦਾ ਨਾਂ ਨਹੀਂ ਲੈਣਾ ਚਾਹੁੰਦਾ ਪਰ ਇਥੇ ਹਾਊਸ ਵਿੱਚ ਉਨ੍ਹਾਂ ਤੋਂ ਪੁੱਛਦਾ ਹਾਂ ਕਿ ਕਿਉਂ ਉਨ੍ਹਾਂ ਨੂੰ ਨਾਲ ਲਿਆ ਲਿਆ ਕੇ ਕਹਿੰਦੇ ਹੋ ਕਿ ਉਨ੍ਹਾਂ ਨੂੰ ਇਸ ਫ਼ਰੰਟ ਦੀ ਸਰਕਾਰ ਵੱਲੋਂ ਪਰਮਿਟ ਦਿੱਤੇ ਜਾਣ ? ਮੈਂ ਆਪ ਦੀ ਰਾਹੀਂ ਉਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਵੀ ਅਨਾਜ ਅਸੀਂ ਅਪਣੇ ਸੂਬੇ ਤੋਂ ਬਾਹਰ ਭੇਜਾਂਗੇ ਭਾਵੇਂ ਉਹ ਕਸ਼ਮੀਰ ਜਾਵੇ ਜਾਂ ਹਿਮਾਚਲ ਵਿੱਚ, ਯੂ. ਪੀ. ਜਾਵੇ ਜਾਂ ਬਿਹਾਰ ਵਿੱਚ, ਉਹ ਗੌਰਮਿੰਟ ਟੂ ਗੌਰਮੈਂਟ ਲੈਵਲ ਤੇ ਹੀ ਜਾਵੇਗਾ ਔਰ ਇਸ ਵਿੱਚ ਪਰਾਫਿਟੀਅਰਿੰਗ ਨੂੰ ਨਹੀਂ ਆਉਣ ਦਿੱਤਾ ਜਾਵੇਗਾ ।

ਵੱਡੇ ਵੱਡੇ ਮਿਲ ਮਾਲਕ ਇਸ ਸਰਕਾਰ ਪਾਸ ਆਏ ਅਤੇ ਕਹਿਣ ਲੱਗੇ ਕਿ ਸਾਡੀ ਮਿਲ ਬੰਦ ਹੋ ਜਾਵੇਗੀ ਅਤੇ ਲੇਬਰ ਬੇਕਾਰ ਹੋ ਜਾਵੇਗੀ । ਉਨ੍ਹਾਂ ਦਾ ਖਿਆਲ ਸੀ ਕਿ ਟ੍ਰੇਡ ਯੂਨਿਅਨ ਲੀਡਰ ਤੇ ਇਹ ਆਰਗੂਮੈਂਟ ਚਲ ਜਾਵੇਗੀ । ਉਨ੍ਹਾਂ ਕਿਹਾ ਸਾਨੂੰ ਮੰਡੀ ਵਿੱਚੋਂ ਬਾਰਲੇ ਖਰੀਦਣ ਦਿਉ । ਇਸ ਸਰਕਾਰ ਨੇ ਜਵਾਬ ਦਿੱਤਾ ਕਿ ਤੁਸੀਂ ਆਪਣੇ ਸੂਬੇ ਦੀ ਸਰਕਾਰ ਨੂੰ ਕਹੋ ਕਿ ਉਹ ਸਾਥੋਂ ਲੈਕੇ ਤੁਹਾਨੂੰ ਦੇਵੇ ਅਸੀਂ ਅਨਾਜ ਉਸ ਸਰਕਾਰ ਨੂੰ ਦੇਵਾਂਗੇ । ਅਗਰ ਇਹ ਦੋਸਤ ਵਾਕਈ ਕੰਪਲੀਟ ਸਟੇਟ ਟਰੇਡਿੰਗ ਚਾਹੁੰਦੇ ਹਨ ਤਾਂ ਇਨ੍ਹਾਂ ਦਾ ਜੋ ਪ੍ਰਚਾਰ ਹੈ ਇਹ ਬੰਦ ਹੋ ਜਾਣਾ ਚਾਹੀਦਾ ਹੈ। ਫਿਰ ਮੇਰਾ ਖਿਆਲ ਹੈ ਕਿ ਕੰਪਲੀਟ ਸਟੇਟ ਟਰੇਡਿੰਗ ਬਾਰੇ ਕੁਝ ਕਨਫਿਊਜ਼ਨ ਹੈ । ਕੀ ਇਹ ਚਾਹੁੰਦੇ ਹਨ ਕਿ ਜੱਦ ਸਰਕਾਰ ਪਾਸ ਕਣਕ ਹੋਵੇ ਤਾਂ ਉਸ ਨੂੰ ਕਨਜ਼ਿਊਮਰ ਪਾਸ ਵੰਡਣ ਵਿੱਚ ਵੀ ਸਟੇਟ ਟਰੇਡਿੰਗ ਚਾਹੀਦੀ ਹੈ । ਕੀ ਇਹ ਚਾਹੁੰਦੇ ਹਨ ਕਿ ਛੋਟੇ ਛੋਟੇ ਦੁਕਾਨਦਾਰਾਂ ਤੋਂ ਇਹ ਅਨਾਜ ਲੈਕੇ ਸਰਕਾਰ ਆਪਣੀਆਂ ਦੁਕਾਨਾਂ ਤੇ ਵੰਡਣ ਦਾ ਪ੍ਰਬੰਧ ਕਰੇ, ਉਨ੍ਹਾਂ ਨੂੰ ਡਿਪੋ ਦੇਵੇ ? ਇਹ ਤਾਂ ਸਟੇਟ ਟਰੇਡਿੰਗ ਨਹੀਂ ਹੈ । (ਵਿਘਨ) ਇਹ ਤਾਂ ਕੋਈ ਵੀ ਨਹੀਂ ਚਾਹੁੰਦਾ ਕਿ ਪਰਾਈਵੇਟ ਟਰੇਡ ਨੂੰ ਅਲੀਮੀਨੇਟ ਕਰ ਦਿੱਤਾ ਜਾਵੇ, ਛੋਟੇ ਛੋਟੇ ਦੁਕਾਨਦਾਰਾਂ ਨੂੰ ਅਲੀਮੀਨੇਟ ਕਰ ਦਿੱਤਾ ਜਾਵੇ । ਇਹ ਤਾਂ ਇਹ ਵੀ ਨਹੀਂ ਚਾਹੁੰਦੇ ਅਤੇ ਅਸੀਂ ਵੀ ਨਹੀਂ ਚਾਹੁੰਦੇ । ਇਸ ਲਈ ਇਹ ਬੋਲਣ ਕਿ ਅਸੀਂ ਸਟੇਟ ਟ੍ਰੇਡਿੰਗ ਚਾਹੁੰਦੇ ਹਾਂ ਜ਼ਰਾ ਸੋਚ ਸਮਝ ਕੇ ਕਰਨਾ ਚਾਹੀਦਾ ਹੈ । ਮੈਂ ਕੁਝ ਛੁਪਾਉਣਾ ਨਹੀਂ ਚਾਹੁੰਦਾ । ਕਿਸਾਨ ਤੋਂ ਅਨਾਜ ਖਰੀਦਣ ਦੀ ਇਜਾਜ਼ਤ ਪਰਾਈਵੇਟ ਟਰੇਡਿੰਗ ਨੂੰ ਨਹੀਂ ਹੋਣੀ ਚਾਹੀਦੀ । ਮੇਰੀ ਪਾਰਟੀ ਦੇ ਸੰਬੰਧ ਵਿੱਚ ਬਹੁਤ ਕੁਝ ਕਿਹਾ ਗਿਆ । ਸਾਡੀ ਰਾਏ ਹੈ ਕਿ ਕਿ ਹਿੰਦੋਸਤਾਨ ਵਿੱਚ ਅਨਾਜ ਦਾ ਮਸਲਾ ਹਲ ਕਰਨ ਲਈ ਕਿਸਾਨ ਪਾਸੋਂ ਟਰੇਡਰ ਨੂੰ ਅਨਾਜ ਖਰੀਦਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ । (ਆਪੋਜ਼ੀਸ਼ਨ ਵੱਲੋਂ ਤਾੜੀਆਂ)

ਕਾਮਰੇ ਸਤਪਾਲ ਕਪੂਰ : On a point of order, Sir. ਮੈਂ ਡਾਂਗ ਸਾਹਿਬ ਤੋਂ ਪੁਛਣਾ ਚਾਹੁੰਦਾ ਹਾਂ ਕਿ ਹੁਣ ਪਰੋਕਿਉਰਮੈਂਟ ਹੋ ਰਹੀ ਹੈ ਉਹ ਸਰਕਾਰ ਖੁਦ ਕਰ ਰਹੀ ਹੈ ਜਾਂ ਆੜ੍ਹਤੀਆਂ ਦੀ ਮਾਰਫਤ ਕਰ ਰਹੀ ਹੈ ?

Mr. Chairman : This is no point of order.

ਵਿਕਾਸ ਅਤੇ ਸਥਾਨਕ ਸ਼ਾਸਨ ਮੰਤਰੀ : ਜਿਸ ਤਰ੍ਹਾਂ ਮੈਂ ਪਹਿਲਾਂ ਕਿਹਾ ਸੀ ਕਿ ਸਾਰੇ ਹਿੰਦੋਸਤਾਨ ਵਿੱਚ ਨੈਸ਼ਨਲ ਫੂਡ ਬਜਟ ਬਣੇ, ਕੰਪਲੀਟ ਸਟੇਟ ਟਰੇਡਿੰਗ ਹੋਵੇ, ਮਗਰ ਇਸ ਤਰ੍ਹਾਂ ਨਹੀਂ

ਹੁੰਦਾ । ਜੋ ਸੂਬਾ ਅਨਾਜ ਵੱਲੋਂ ਡਿਫੀਸਿਟ ਹੈ ਉਸ ਵਿੱਚ ਇਹ ਟੋਟਲੀ ਹੋਵੇ ਪਰ ਇਸ ਸਰਪਲਸ ਸੂਬੇ ਦਾ ਗੁਜ਼ਾਰਾ ਇਸ ਦੇ ਬਗੈਰ ਹੋ ਸਕਦਾ ਹੈ । ਹਾਂ ਅਗਰ ਨਹੀਂ ਹੋਇਆ ਤਾਂ ਸਾਡੇ ਖਜ਼ਾਨਾ ਮੰਤਰੀ ਹਾਊਸ ਵਿੱਚ ਦੋ ਤਿੰਨ ਦਫਾ ਐਲਾਨ ਕਰ ਚੁਕੇ ਹਨ ਕਿ ਅਗਰ ਇੱਥੇ ਵੀ ਗੁਜ਼ਾਰਾ ਨਹੀਂ ਹੋਵੇਗਾ, ਅਗਰ ਵੱਡੇ ਵਪਾਰੀ ਮੰਡੀਆਂ ਵਿੱਚ ਇਸ ਸਕੀਮ ਨੂੰ ਸੈਬੋਟੇਜ ਕਰ ਦੇਣਗੇ ਤਾਂ ਅਸੀਂ ਕੰਪਲੀਟ ਸਟੇਟ ਟ੍ਰੇਡਿੰਗ ਦਾ ਸਵਾਗਤ ਕਰਾਂਗੇ । ਇਸ ਬਿਆਨ ਦਾ ਸਵਾਗਤ ਹੋਣਾ ਚਾਹੀਦਾ ਹੈ । ਅਸੀਂ ਮੰਡੀਆਂ ਵਿੱਚ ਢਾਈ ਲੱਖ ਟਨ ਆਪਣੇ ਲਈ ਅਤੇ ਢਾਈ ਲੱਖ ਦੂਜੇ ਸੂਬਿਆਂ ਲਈ ਖਰੀਦਾਂਗੇ । ਬਾਕੀ ਪਰਾਈਵੇਟ ਟਰੇਡਰ ਖਰੀਦ ਸਕੇਗਾ । ਉਸ ਤੇ ਵੀ ਸਰਕਾਰ ਦਾ ਪੂਰਾ ਕੰਟਰੋਲ ਹੋਵੇਗਾ । ਇਹ ਚੰਗੀ ਗੱਲ ਹੈ । ਅਗਰ ਇਸ ਸਰਪਲਸ ਸਟੇਟ ਦਾ ਮਸਲਾ ਹਲ ਹੋ ਗਿਆ ਤਾਂ ਠੀਕ ਹੈ ਵਰਨਾ ਦੋ ਤਿੰਨ ਸਾਲ ਇੰਤਜ਼ਾਰ ਕਰਾਂਗਾ । ਅਤੇ ਅਗਰ ਜ਼ਰੂਰਤ ਪਈ ਤਾਂ ਆਉਣ ਵਾਲੇ ਸਾਲ ਵਿੱਚ ਹੀ ਕੰਪਲੀਟ ਸਟੇਟ ਟ੍ਰੇਡਿੰਗ ਹੋ ਜਾਵੇਗੀ ਅਗਰ ਤਜਰਬੇ ਨੇ ਦੱਸਿਆ ਕਿ ਇਹ ਮਸਲਾ ਹੱਲ ਨਹੀਂ ਹੋਇਆ । ਇਹ ਮੈਂ ਨਹੀਂ ਕਹਿ ਰਿਹਾ, ਸਰਕਾਰ ਦੀ ਪਾਲਸੀ ਹੈ, ਖਜ਼ਾਨਾ ਵਜ਼ੀਰ ਨੇ ਇਸ ਗੱਲ ਦਾ ਦੋ ਤਿੰਨ ਵਾਰ ਐਲਾਨ ਕੀਤਾ ਹੈ । ਕਈਆਂ ਦੋਸਤਾਂ ਨੇ ਕਿਹਾ ਕਿ ਤਿਆਰੀ ਦਾ ਸਵਾਲ ਹੀ ਨਹੀਂ ਹੈ, ਗੋਦਾਮਾਂ ਦੀ ਜ਼ਰੂਰਤ ਨਹੀਂ ਹੈ ਕਿਸਾਨ ਤੋਂ ਲਵੋ ਅਤੇ ਖਰੀਦਦਾਰ ਨੂੰ ਦੇ ਦਿਉ । ਪਰ ਇਹ ਦੋਸਤ ਜ਼ਰਾ ਜਵਾਬ ਦੇਣ ਕਿ ਇਨ੍ਹਾਂ ਕਿਨੀਆਂ ਸਰਕਾਰੀ ਮੰਡੀਆਂ ਬਣਾਈਆਂ ਸਨ । ਫਿਰ ਜਦ ਸਰਕਾਰ ਕੰਪਲੀਟ ਸਟੇਟ ਤੇ ਟ੍ਰੇਡਿੰਗ ਕਰ ਦਿੱਤੀ ਤਾਂ ਕੀ ਇਹ ਦੋਸਤ ਕੱਚੇ ਤੇ ਪੱਕੇ ਆੜ੍ਹਤੀਆਂ ਨੂੰ ਲੈ ਲੈ ਕੇ ਤਾਂ ਨਹੀਂ ਆਉਣਗੇ ਮੇਰੇ ਪਾਸ ਕਿ ਇਨ੍ਹਾਂ ਨੂੰ ਬੇਕਾਰ ਨਾ ਹੋਣ ਦਿਉ । (ਵਿਘਨ) ਮੈਂ ਤਜਰਬੇ ਦੇ ਆਧਾਰ ਤੇ ਕਹਿ ਰਿਹਾ ਹਾਂ ਕਿ ਮੇਰੇ ਪਾਸ ਕੱਚੇ ਆੜ੍ਹਤੀਆਂ ਅਤੇ ਪੱਕੇ ਆੜ੍ਹਤੀਆਂ ਦੇ ਰੀਪ੍ਰੈਜ਼ੈਂਟੇਟਿਵ ਨੂੰ ਇਹ ਲੈਕੇ ਆਏ । (ਵਿਘਨ) ਮੈਂ ਸਪੀਕਰ ਸਾਹਿਬ, ਇਹ ਕਹਿ ਰਿਹਾ ਹਾਂ ਕਿ ਤਿਆਰੀ ਦਾ ਵੀ ਮਸਲਾ ਹੈ ।

श्री प्रबोध चन्द्र : On a point of order, Sir. जनाब आली, इन्होंने इन्डायरैक्टली इनसिनूएशन लगाई है हर मैम्बर पर चाहे वह इधर हैं या उधर । हरेक की ईमानदारी पर शक की गुंजायश देती है इन की बात । मैं इनसे रिक्वैस्ट करूँगा कि कोई भी हो चाहे इन बैंचिज़ पर हो या उन बैंचिज़ पर हो यह केटेगोरीकली बता दें कि कौन व्यापारियों को इनके पास लेकर आता है । यह बात वेग न रहे ।

Mr. Chairman : The hon. Member should please resume his seat. This is no point of order.

ਵਿਕਾਸ ਅਤੇ ਸਥਾਨਕ ਸਾਸ਼ਨ ਮੰਤਰੀ : ਮੈਨੂੰ ਇਹ ਦੇਖ ਕੇ ਬੜਾ ਦੁਖ ਹੋਇਆ ਕਿ ਉਸ ਪਾਰਟੀ ਦੇ ਐਸੇ ਨੁਮਾਇੰਦੇ ਜੋ ਆਪਣੇ ਆਪਨੂੰ ਬੜਾ ਪ੍ਰੋਗਰੈਸਿਵ ਕਹਿੰਦੇ ਹਨ ਉਹ ਇਹ ਕਹਿਣ ਕਿ ਅਗਰ ਹਿੰਦੋਸਤਾਨ ਨੂੰ ਪੀ. ਐਲ. 480 ਦੀ ਕਣਕ ਨਾ ਮਿਲਦੀ ਤਾਂ ਹਿੰਦੋਸਤਾਨ ਦਾ ਬੇੜਾ ਗ਼ਰਕ ਹੋ ਜਾਂਦਾ । ਮੈਂ ਕਹਿੰਦਾ ਹਾਂ ਕਿ ਅਗਰ ਹਿੰਦ ਸਰਕਾਰ ਪੀ. ਐਲ. 480 ਨੂੰ ਆਪਣਾ ਆਧਾਰ ਨਾ ਬਣਾਉਂਦੀ ਤਾਂ ਅੱਜ ਹਿੰਦੋਸਤਾਨ ਦਾ ਬੇੜਾ ਪਾਰ ਹੁੰਦਾ । ਅਨਾਜ ਦੀ ਥੁੜ ਦਾ ਮਸਲਾ ਹੱਲ ਹੋ ਗਿਆ ਹੁੰਦਾ । ਅਗਰ ਸਰਕਾਰ ਨੇ ਵੱਡੇ ਵੱਡੇ ਲੈਂਡਲਾਰਡ ਅਤੇ ਟ੍ਰੇਡਰ ਨੂੰ ਕਾਨੂੰਨ ਬਣਾਕੇ ਨਕੇਲ ਪਾਈ ਹੁੰਦੀ, ਲੋਕਾਂ ਦਾ ਤੁਆਵਨ ਲਿਆ ਹੁੰਦਾ, ਉਨ੍ਹਾਂ ਨੂੰ ਦੱਸਿਆ ਹੁੰਦਾ ਕਿ ਅਨਾਜ ਦੀ ਕਮੀ ਹੈ, ਕੁਰਬਾਨੀ ਕਰੋ, ਖੇਤੀਬਾੜੀ ਦੀ ਤਰੱਕੀ ਕਰੋ, ਘਾਟਾ ਛੇਤੀ ਕੱਢੋ ਤਾਂ ਅੱਜ ਹਿੰਦੋਸਤਾਨ ਦੀ ਖੇਤੀਬਾੜੀ ਕਿਤੇ ਦੀ ਕਿਤੇ ਪਹੁੰਚ ਜਾਂਦੀ । ਮੈਂ ਕਹਿਣਾ ਚਾਹੁੰਦਾ ਹਾਂ ਕਿ ਅਗਰ ਇਸ ਪੀ. ਐਲ. 480 ਨੂੰ

[ਵਿਕਾਸ ਅਤੇ ਸਥਾਨਕ ਸ਼ਾਸਨ ਮੰਤਰੀ]

ਅਧਾਰ ਨਾ ਬਣਾਇਆ ਹੁੰਦਾ ਤਾਂ ਹਰ ਸਾਲ ਜੋ ਹਿੰਦੋਸਤਾਨ ਨੂੰ ਅਨਾਜ ਵੱਲੋਂ ਖੁਰਦਵੀਨ ਬਣਾਉਣ ਦੇ ਐਲਾਨ ਹੁੰਦੇ ਰਹਿੰਦੇ ਉਹ ਪੂਰੇ ਹੋ ਗਏ ਹੁੰਦੇ ਤੇ ਇਹ ਮਸਲਾ ਹੱਲ ਹੋ ਗਿਆ ਹੁੰਦਾ, ਇਨ੍ਹਾਂ ਦਾ ਵਾਅਦਾ ਪੂਰਾ ਹੋ ਜਾਂਦਾ ।

ਮੈਂ ਆਖੀਰ ਵਿੱਚ ਕਹਿਣਾ ਚਾਹੁੰਦਾ ਹਾਂ ਕਿ ਮੈਂ ਕਾਮਰੇਡ ਸੁਰਜੀਤ ਹੋਰਾਂ ਨਾਲ ਸਹਿਮਤ ਹਾਂ ਕਿ ਜੇ ਤੁਸੀਂ ਠੀਕ ਗੱਲ ਕਰੋਗੇ ਅਸੀਂ ਤੁਹਾਡੀ ਗੱਲ ਮੰਨਾਂਗੇ, ਤੁਹਾਡੇ ਨਾਲ ਹੋਵਾਂਗੇ ਪਰ ਜੇ ਕਹਿਣਾ ਕੁਝ ਤੇ ਕਰਨਾ ਕੁਝ ਤਾਂ ਫਿਰ ਵੇਖਣਾ ਪੈਂਦਾ ਹੈ ਕਿ ਇਨ੍ਹਾਂ ਦੀ ਗੱਲ ਦਾ ਮਕਸਦ ਕੀ ਹੈ । ਕਿਸਾਨ ਦੇ ਨਾਂ ਤੇ ਵੱਡੇ ਲੈਂਡਲਾਰਡ ਦੇ ਲਾਭ ਲਈ 95 ਰੁਪਏ ਜਾਂ 100 ਰੁਪਏ ਕਵਿੰਟਲ ਭਾ ਦੀ ਗੱਲ ਕੀਤੀ ਜਾਂਦੀ ਹੈ । ਬਲਕਿ ਇਸ ਡਿਬੇਟ ਵਿਚ ਇਨ੍ਹਾਂ ਦੇ ਇਕ ਸੱਜਨ ਨੇ ਕਹਿ ਹੀ ਦਿੱਤਾ ਕਿ ਅਸੀਂ ਤਾਂ ਇਹ ਰੈਜ਼ੋਲੂਸ਼ਨ ਲਿਆਏ ਹੀ ਇਸ ਲਈ ਹਾਂ ਕਿ ਤੁਹਾਡੇ ਵਿੱਚ ਵੰਡ ਪੈ ਜਾਵੇ, ਪਾੜ ਪੈ ਜਾਵੇ । ਮੈਂ ਕਹਿੰਦਾ ਹਾਂ ਕਿ ਕਾਂਗਰਸ 8 ਸੂਬਿਆਂ ਵਿੱਚ ਹਾਰੀ । ਉਨ੍ਹਾਂ ਸੂਬਿਆਂ ਦੀ ਆਬਾਦੀ 30 ਕਰੋੜ ਹੈ ਪਰ ਇਸ ਨੇ ਸਬਕ ਹਾਲੇ ਵੀ ਨਹੀਂ ਸਿਖਿਆ । (ਵਿਘਨ) ਬਜਾਏ ਆਪਣੀਆਂ ਨੀਤੀਆਂ ਨੂੰ ਦਰੁਸਤ ਕਰਨ ਦੇ ਕੋਸ਼ਿਸ਼ ਇਹ ਕੀਤੀ ਜਾ ਰਹੀ ਹੈ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਕਾਂਗਰਸ ਫਿਰ ਤਾਕਤ ਵਿੱਚ ਆ ਜਾਵੇ, ਨਾਨ ਕਾਂਗਰਸ ਮਿਨਿਸਟਰੀ ਨੂੰ ਤੋੜਿਆ ਜਾਵੇ । ਇਹ ਇਨ੍ਹਾਂ ਦੇ ਹਥਿਆਰ ਹਨ। ਬੰਬਈ ਵਿੱਚ ਸ਼ਿਵ ਸੇਨਾ ਬਣਾਈ, ਬੰਗਾਲ ਵਿੱਚ ਚਿੱਠੀ ਚਲਾਈ ਕਿ ਗੈਰ ਬੰਗਾਲੀਆਂ ਨੂੰ ਕੱਢਿਆ ਜਾਵੇ ਆਦਿ । ਅਗਰ ਵਾਕਈ ਇਹ ਕੰਪਲੀਟ ਸਟੇਟ ਟ੍ਰੇਡਿੰਗ ਚਾਹੁੰਦੇ ਹਨ ਤਾਂ ਸਰਕਾਰ ਦਾ ਇਨ੍ਹਾਂ ਨਾਲ ਕੋਈ ਮਤਭੇਦ ਨਹੀਂ ਅਸੀਂ ਜੋ ਕੁਝ ਕਿਹਾ ਹੈ ਇਹ ਵੱਡੇ ਪੈਮਾਨੇ ਤੇ State Trading ਹੈ ਅਤੇ ਮਸਲਾ ਹਲ ਨਾ ਹੋਇਆ ਤਾਂ ਕੰਪਲੀਟ ਸਟੇਟ ਟਰੇਡਿੰਗ ਵੱਲ ਜਾਵਾਂਗੇ । ਅਗਰ ਤਾਂ ਤੁਹਾਡਾ ਮਕਸਦ ਇਹੀ ਹੈ ਤਾਂ ਫਿਰ ਜਿਸ ਤਰ੍ਹਾਂ ਸੁਰਜੀਤ ਹੋਰਾਂ ਨੇ ਅਪੀਲ ਕੀਤੀ ਹੈ ਇਸ ਨੂੰ ਸਰਵਸੰਮਤੀ ਨਾਲ ਪਾਸ ਕਰੋ ਤਾਕਿ ਤਜਰਬੇ ਦੇ ਆਧਾਰ ਤੇ ਅੱਗੇ ਵੱਧਿਆ ਜਾਵੇ ।

ਸ੍ਰੀ ਮੋਹਨ ਲਾਲ (ਬਟਾਲਾ) : ਚੇਅਰਮੈਨ ਸਾਹਿਬ, ਇਸ ਤੋਂ ਪਹਿਲਾਂ ਕਿਮੈਂ ਚੰਦ ਜ਼ਰੂਰੀ ਪੁਆਇੰਟਸ ਜਿਹੜੇ ਉਠਾਏ ਗਏ ਹਨ ਇਸ ਰੈਜ਼ੋਲੂਸ਼ਨ ਦੇ ਸਬੰਧ ਵਿੱਚ ਉਨ੍ਹਾਂ ਦਾ ਜਵਾਬ ਦੇਵਾਂ ਮੈਂ ਸੁਰਜੀਤ ਸਾਹਿਬ ਵੱਲੋਂ ਜਿਹੜੀ ਅਮੈਂਡਮੈਂਟ ਪੇਸ਼ ਕੀਤੀ ਗਈ ਹੈ ਉਸ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ । ਚੇਅਰਮੈਨ ਸਾਹਿਬ ਇਨ੍ਹਾਂ ਦੀ ਅਮੈਂਡਮੈਂਟ ਇਹ ਹੈ ਕਿ ਇਨ੍ਹਾਂ ਲਫਜ਼ਾਂ ਨੂੰ ਹੋਰ ਇਸ ਰੈਜ਼ੋਲੂਸ਼ਨ ਵਿੱਚ ਐਡ ਕਰ ਦਿੱਤਾ ਜਾਵੇ ।

6 00 p.m.

"In accordance with policy laid down in the Governor's Address."

ਹੁਣ ਮੈਂਬਰ ਸਾਹਿਬਾਨ ਦੀ ਵਾਕਫੀਅਤ ਲਈ ਮੈਂ ਗਵਰਨਰ ਸਾਹਿਬ ਦੇ ਐਡਰੈਸ ਵਿੱਚ ਜਿਥੇ ਕਿ ਪਾਲੇਸੀ ਸਟੇਟਮੈਂਟ ਦਿੱਤੀ ਗਈ ਹੈ ਉਸ ਨੂੰ ਪੜ੍ਹਨਾ ਜ਼ਰੂਰੀ ਸਮਝਦਾ ਹਾਂ । ਇਸ ਐਡਰੈਸ ਦੇ ਸਫਾ ਤਿੰਨ ਦੀ ਟਾਪ ਤੇ ਇਹ ਲਿਖਿਆ ਹੈ—

"Steps will be taken by Government to purchase foodgrains along with the traders, the latter will, however, first offer their stocks to Government and dispose of them otherwise only, if Government have shown their inability to purchase those."

ਦੂਸਰਾ ਹਿੱਸਾ ਇਹ ਸੀ ਤੇ ਤੀਸਰੀ ਗੱਲ ਇਹ ਹੈ ਕਿ—

"Except this, it is not intended to place any restriction on free trade."

ਤਿੰਨ ਚੀਜ਼ਾਂ ਦਾ ਚੇਅਰਮੈਨ ਸਾਹਿਬ ਇਸ ਵਿੱਚ ਜ਼ਿਕਰ ਕੀਤਾ ਗਿਆ ਹੈ ਪਾਲੇਸੀ ਸਟੇਟ-ਮੈਂਟ ਵਿੱਚ ਤਿੰਨ ਲਾਈਨਾਂ ਇਸ ਸੰਬੰਧ ਵਿੱਚ ਲਿਖੀਆਂ ਗਈਆਂ ਹਨ । ਅਤੇ ਇਸ ਤੋਂ ਇਹ ਪਤਾ

ਲਗਦਾ ਹੈ ਕਿ ਬਹੁਤ ਵਾਜ਼ੇ ਗੱਲ ਹੈ ਕਿ ਇਨ੍ਹਾਂ ਵਲੋਂ ਫਰੀ ਟ੍ਰੇਡ ਤੇ ਕੋਈ ਪਾਬੰਦੀ ਨਹੀਂ ਹੋਵੇਗੀ। (ਘੰਟੀ) (ਵਿਘਨ)

ਇਹ ਇਸ ਲਈ ਵਿਘਨ ਪਾਂਦੇ ਨੇ ਸ਼ਾਇਦ ਇਨ੍ਹਾਂ ਨੂੰ ਕੋਈ ਨਵੀਆਂ ਉਮੀਦਾਂ ਸਰਕਾਰ ਨੇ ਦਿੱਤੀਆਂ ਹਨ । ਤੇ ਮੈਂ ਅਰਜ਼ ਕਰ ਰਿਹਾ ਸਾਂ ਕਿ ਇਨ੍ਹਾਂ ਨੇ ਫਰੀ ਟ੍ਰੇਡ ਦਾ ਜ਼ਿਕਰ ਕੀਤਾ ਹੈ। (ਵਿਘਨ)

ਲੈਫਟੀਨੈਂਟ ਭਾਗ ਸਿੰਘ : ਆਨ ੲੇ ਪੁਆਇੰਟ ਆਫ ਆਰਡਰ ਸਰ । ਕੀ ਜਦ ਹਾਊਸ ਵਿੱਚ ਡਿਪਟੀ ਸਪੀਕਰ ਮੌਜੂਦ ਹੋਵੇ ਤਾਂ ਚੇਅਰਮੈਨ ਪ੍ਰੀਜ਼ਾਈਡ ਕਰ ਸਕਦਾ ਹੈ ।

ਸ਼੍ਰੀ ਚੇਅਰਮੈਨ : ਹਾਂ ਕਰ ਸਕਦਾ ਹੈ ਜੇਕਰ ਇਜਾਜ਼ਤ ਹੋਵੇ ਤਾਂ । (ਵਿਘਨ) ਕੋਈ ਰੂਲ ਹੈ ਤਾਂ ਦੱਸੋ । (Yes, the Chairman can preside over the sitting if invited to do so. In case there is any rule to the contrary it may please be quoted.)

Shri Prabodh Chandra : I quote the rules.

"....in the absence of the Speaker....

(At this stage Mr. Deputy Speaker took his seat at the dais.)

(*Thumping from the Opposition*)

ਸ਼੍ਰੀ ਮੋਹਨ ਲਾਲ : ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸਾਂ ਕਿ ਜਿਸ ਸਟੇਟ ਪਾਲੇਸੀ ਦਾ ਇਨ੍ਹਾਂ ਨੇ ਆਪਣੀ ਅਮੈਂਡਮੈਂਟ ਵਿਚ ਇਨਹਸਾਰ ਕੀਤਾ ਹੈ ਉਸ ਵਿੱਚ ਇਹ ਲਿਖਿਆ ਹੋਇਆ ਹੈ ਕਿ—

'It is not intended to place any restriction on free trade.'

Mr. Deputy Speaker : This is what we mean by free trade.

ਸ਼੍ਰੀ ਮੋਹਨ ਲਾਲ : ਸਿਰਫ ਇਹ ਗੱਲ ਹੈ ਕਿ ਜਿਹੜੇ ਵਪਾਰੀ ਹਨ ਉਨ੍ਹਾਂ ਪਾਸੋਂ ਸਰਕਾਰ ਖ੍ਰੀਦ ਕਰੇਗੀ ਅਤੇ ਇਹੀ ਕੇਵਲ ਪਾਬੰਦੀ ਹੈ ਕਿ ਸਰਕਾਰ ਨੂੰ ਉਹ ਪਹਿਲਾਂ ਅਨਾਜ ਆਫਰ ਕਰਨ ਅਤੇ ਫਿਰ ਜੇਕਰ ਸਰਕਾਰ ਉਨ੍ਹਾਂ ਨੂੰ ਕਹੇ ਕਿ ਸਰਕਾਰ ਲੈਣ ਨੂੰ ਤਿਆਰ ਨਹੀਂ ਤਾਂ ਬਾਕੀ ਦਾ ਸਟਾਕ ਉਹ ਵਪਾਰੀ ਜਿਵੇਂ ਚਾਹੁੰਣ ਖਰਚ ਕਰ ਸਕਦੇ ਹਨ । ਜਿਵੇਂ ਚਾਹੁੰਣ ਅਤੇ ਜਿਸ ਭਾ ਤੇ ਚਾਹੁੰਣ ਫਰੋਖਤ ਕਰ ਸਕਦੇ ਹਨ । ਮੈਨੂੰ ਇਸ ਪਾਬੰਦੀ ਤੇ ਇਤਰਾਜ਼ ਵਿਖਾਈ ਦਿੰਦਾ ਹੈ । ਇਸ ਨਾਲ ਸਰਕਾਰ ਆਪਣੇ ਹਥ ਵਿੱਚ ਅਜੇਹੇ ਇਖਤਿਆਰ ਲੈਣਾ ਚਾਹੁੰਦੀ ਹੈ ਕਿ ਜਿਨ੍ਹਾਂ ਦੀ ਵਰਤੋਂ ਸਹੀ ਹੋਵੇਗੀ ਮੈਂ ਕਹਿ ਨਹੀਂ ਸਕਦਾ ਕਿਉਂਕਿ ਇਸ ਵਿੱਚ ਖੁਲ੍ਹ ਕਰ ਦਿੱਤੀ ਗਈ ਹੈ ਜਿਥੇ ਜਾਕੇ ਚਾਹੋ ਵੇਚ ਲਉ ਤੇ ਜਿਸ ਭਾ ਤੇ ਚਾਹੋ ਵੇਚ ਲਉ । ਭਾ ਅਜੇ ਤਕ ਨਾ ਮਿਨੀਮਮ ਫਿਕਸ ਕੀਤੇ ਗਏ ਹਨ ਨਾ ਮੈਕਸੀਮਮ ਫਿਕਸ ਕੀਤੇ ਗਏ ਹਨ । ਜਿਸ ਨੂੰ ਜੀ ਕਰੇ 125 ਜਾਂ 130 ਜਾਂ 150 ਰੁਪਏ ਤਕ ਵੇਚ ਲੈਣ । (ਵਿਘਨ)

ਸ਼੍ਰੀ ਡਿਪਟੀ ਸਪੀਕਰ : ਇਸ ਤਰ੍ਹਾਂ ਵਿਘਨ ਨਾ ਪਾਉ ਜੀ । (The hon. Members should not interrupt like that).

ਸ਼੍ਰੀ ਮੋਹਨ ਲਾਲ : ਮੈਨੂੰ ਇਸ ਗੱਲ ਤੇ ਸ਼ਕ ਹੈ ਕਿ ਇਸ ਇਖਤਿਆਰ ਵਿੱਚ ਕਈ ਤਰ੍ਹਾਂ ਦੀਆਂ ਕਨਸਿਡਰੇਸ਼ਨ ਆਉਣਗੀਆਂ ਕਿ ਕਿਸ ਵਪਾਰੀ ਨੂੰ ਇਜਾਜ਼ਤ ਦੇਣਗੇ ਅਤੇ ਕਿਸ ਦੀ

[ਸ਼੍ਰੀ ਮੋਹਨ ਲਾਲ]
ਇਜਾਜ਼ਤ ਨੂੰ ਵਿਦਹੋਲਡ ਕਰ ਦੇਣਗੇ । ਸੁਰਜੀਤ ਸਾਹਿਬ ਨੂੰ ਜੱਦ ਅਸੀਂ ਸਰਕਾਰ ਵਿੱਚ ਸਾਂ ਤਾਂ ਇਸੇ ਤਰ੍ਹਾਂ ਦੇ ਤੌਖਲੇ ਹੋਇਆ ਕਰਦੇ ਸਨ ਕਿ ਪਬਲਿਕ ਮੈਨ ਇਕ ਖਾਸ ਕਿਸਮ ਦੀ ਡਿਸਕ੍ਰੀਸ਼ਨ ਵਰਤਦੇ ਹਨ । ਇਸ ਲਈ ਇਹ ਠੀਕ ਨਹੀਂ ।

ਫਿਰ ਜੇਕਰ ਸੁਰਜੀਤ ਹੋਰਾਂ ਦੀ ਅਮੈਂਡਮੈਂਟ ਮੰਨ ਲਈ ਜਾਵੇ ਤਾਂ ਹੈਰਾਨੀ ਹੁੰਦੀ ਹੈ ਕਿ ਇਹ ਸੁਝਾਵ ਸੁਰਜੀਤ ਹੋਰਾਂ ਵੱਲੋਂ ਆਵੇ ਜਿਨ੍ਹਾਂ ਦੀ ਪਹਿਲਾਂ ਤੋਂ ਹੀ ਡੀਕਲੇਅਰਡ ਪਾਲੇਸੀ ਹੈ। ਮੈਨੂੰ ਤਾਂ ਇਹ ਤਰਮੀਮ ਵੇਖ ਕੇ ਬੜੀ ਮਾਯੂਸੀ ਹੋਈ ਹੈ । ਇਨ੍ਹਾਂ ਕੋਲੋਂ ਤਾਂ ਘੱਟੋਘੱਟ ਮੈਨੂੰ ਇਸ ਤਰ੍ਹਾਂ ਦੀ ਆਸ ਨਹੀਂ ਸੀ ਕਿ ਇਹ ਤਰਮੀਮ ਅਜੇਹੀ ਦੇਣਗੇ। (ਵਿਘਨ) (ਸ਼ੋਰ) ਗਿੱਲ ਸਾਹਿਬ ਹੋਰਾਂ ਤੋਂ ਦਿਵਾ ਦਿੰਦੇ, ਕੋਈ ਦਿੱਕਤ ਨਹੀਂ ਸੀ। ਇਧਰੋਂ ਹੋਰ ਕੋਈ ਦੇ ਦਿੰਦਾ ਤਾਂ ਦਿਕਤ ਨਹੀਂ ਸੀ ਪਰ ਇਨ੍ਹਾਂ ਵੱਲੋਂ ਜਦ ਇਹ ਤਰਮੀਮ ਆਈ ਤਾਂ ਅਫਸੋਸ ਹੋਇਆ। ਸਰਦਾਰ ਹਰਕਿਸ਼ਨ ਸਿੰਘ ਸੁਰਜੀਤ ਜਿਸ ਦਾ ਨਾਂ ਨਾ ਕੇਵਲ ਪੰਜਾਬ ਵਿਚ ਸਗੋਂ ਸਾਰੇ ਹਿੰਦੁਸਤਾਨ ਵਿੱਚ ਲਿਆ ਜਾਵੇ ਅਤੇ ਲੋਕੀਂ ਜਾਣਦੇ ਹੋਣ ਇਕ ਪਾਰਟੀ ਕਰਕੇ ਤੇ ਉਹ ਇਹ ਗੱਲ ਆਖਣ ਇਥੇ ਕਿ ਵਪਾਰੀ ਨੂੰ ਖੁੱਲੀ ਛੁੱਟੀ ਅਸੀਂ ਦੇਣਾ ਚਾਹੁੰਦੇ ਹਾਂ ਅਤੇ ਜਿਸ ਦੀ ਚਾਹੋ ਸੰਘੀ ਘੁੱਟਣ ਲਈ ਅਸੀਂ ਇਖ਼ਤਿਆਰ ਲੈਂਦੇ ਹਾਂ ਅਤੇ ਫਰੀ ਟ੍ਰੇਡ ਦੇ ਹੱਕ ਵਿੱਚ ਹਾਂ, (ਵਿਘਨ) ਤਾਂ ਸਿਵਾਏ ਅਫਸੋਸ ਦੇ ਹੋਰ ਕੁਝ ਨਹੀਂ ਕਹਿ ਸਕਦਾ । ਮੈਂ ਅਰਜ਼ ਕਰਦਾ ਹਾਂ ਕਿ ਗਵਰਨਰ ਸਾਹਿਬ ਦੇ ਐਡਰੈਸ ਵਿਚ ਜੋ ਪਾਲੇਸੀ ਲੇ ਕੀਤੀ ਹੈ ਉਹ ਨੀਗੇਸ਼ਨ ਹੈ ਸਟੇਟ ਟੇਡਿੰਗ ਦੀ । ਇਸ ਤਰਮੀਮ ਨਾਲ ਤਾਂ ਸਟੇਟ ਟ੍ਰੇਡਿੰਗ ਦੀ ਜਾਨ ਹੀ ਕੱਢ ਲਈ ਗਈ ਹੈ । ਗਵਰਨਰ ਸਾਹਿਬ ਨੇ ਜਿਹੜਾ ਆਪਣੇ ਐਡਰੈਸ ਵਿੱਚ ਕਿਹਾ ਹੈ ਸਟੇਟ ਟ੍ਰੇਡਿੰਗ ਬਾਰੇ ਉਸ ਨਾਲ ਇਸ ਤਰਮੀਮ ਦੀ ਡਿਲੂਯਨ ਲਗਾ ਦਿੱਤੀ ਗਈ ਹੈ । ਜੇਕਰ ਇਹ ਕਹਿ ਦੇਣ ਕਿ ਅਸੀਂ ਸਟੇਟ ਟ੍ਰੇਡਿੰਗ ਨੂੰ ਨਹੀਂ ਮੰਨਦੇ ਤਾਂ ਕੋਈ ਗੱਲ ਸਮਝ ਆ ਸਕਦੀ ਸੀ ।

(At this stage the hon. Speaker occupied the Chair.)

ਸਪੀਕਰ ਸਾਹਿਬ, ਚੰਦ ਦਿਕਤਾਂ ਦਾ ਜ਼ਿਕਰ ਕੀਤਾ ਹੈ । ਮਨਿਸਟਰ ਇੰਚਾਰਜ ਨੇ ਕਿਹਾ ਹੈ ਕਿ ਸਟੋਰੇਜ ਲਈ ਪੈਸੇ ਦੀ ਦਿੱਕਤ ਹੈ ਫਿਰ ਪੈਸੇ ਦੀ ਵੀ ਦਿਕਤ ਹੈ ਅਤੇ ਐਡਮਨਿਸਟ੍ਰੇਟਿਵ ਮਸ਼ੀਨਰੀ ਦੀ ਵੀ ਦਿੱਕਤ ਹੈ । ਮੈਂ ਇਸ ਸੰਬੰਧ ਵਿੱਚ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕੋਈ ਦਿੱਕਤ ਨਹੀਂ ਅਤੇ ਕੋਈ ਰੁਕਾਵਟਾਂ ਸਟੇਟ ਟ੍ਰੇਡਿੰਗ ਵਿੱਚ ਨਹੀਂ ਹਾਇਲ ਹੋ ਸਕੀਆਂ । ਪੈਸੇ ਦੀ ਇਨ੍ਹਾਂ ਨੇ ਗੱਲ ਕੀਤੀ ਹੈ ਡਾਂਗ ਸਾਹਿਬ ਨੂੰ ਪਤਾ ਹੋਣਾ ਹੈ ਕਿ ਤੁਸੀਂ ਜਿਨੀ ਅਨਾਜ ਚਾਹੋ ਖਰੀਦ ਕਰੋ ਬੈਂਕ ਤੁਹਾਨੂੰ ਪੈਸਾ ਦੇਣ ਨੂੰ ਤਿਆਰ ਹਨ । ਬੈਂਕ ਐਡਵਾਂਸ ਕਰਦੇ ਨੇ । ਜਿੱਥੋਂ ਤਕ ਸਟੋਰੇਜ ਦਾ ਜ਼ਿਕਰ ਕੀਤਾ ਗਿਆ ਹੈ ਜਿਥੋਂ ਤਕ ਮੈਨੂੰ ਯਾਦ ਹੈ ਸਰਕਾਰੀ ਬਿਨਜ਼ ਵਿੱਚ ਕਪੈਸਿਟੀ ਹੈ ਹੋ ਸਕਦਾ ਹੈ ਥੋੜੀ ਹੋਵੇ ਪਰ 75 ਹਜ਼ਾਰ ਟਨ ਤੋਂ ਘੱਟ ਨਹੀਂ। ਸਰਕਾਰ ਬਿਨਜ਼ ਵਿੱਚ ਸਟੋਰ ਕਰੇ ਫਿਰ ਜੇਕਰ ਵੱਧ ਥਾਂ ਦੀ ਲੋੜ ਹੋਵੇ ਤਾਂ ਇਨ੍ਹਾਂ ਨੂੰ ਕੋਈ ਕਿਸੇ ਕਿਸਮ ਦੀ ਦਿੱਕਤ ਨਹੀਂ, ਮੰਡੀਆਂ ਵਿੱਚ ਇਨ੍ਹਾਂ ਨੂੰ ਚੰਗੀ ਤਰ੍ਹਾਂ ਵਾਕਫੀ ਹੈ ਕਿ ਆੜ੍ਹਤੀਆਂ ਪਾਸ ਕਪੈਸਿਟੀ ਹੈ । ਅਸੀਂ ਵੀ ਦੋ ਤਿੰਨ ਸਾਲ ਪਾਰਸ਼ਲ ਸਟੇਟ ਟ੍ਰੇਡਿੰਗ ਕੀਤੀ ਸੀ ਪੰਜਾਬ ਵਿੱਚ ।

ਅਸੀਂ ਵੀ ਸਟੋਰੇਜ ਕਪੈਸਿਟੀ ਦੇ ਮੁਤੱਅਲਿਕ ਅਰਜ਼ ਕਰਦੇ ਰਹੇ ਹਾਂ ਕਿ ਇਹ ਜੇ ਵਧਾ ਦਿੱਤੀ ਜਾਵੇ ਤਾਂ ਇਸ ਦੇ ਵਿੱਚ ਕੋਈ ਹਰਜ਼ ਨਹੀਂ ਹੈ । ਪ੍ਰਾਈਵੇਟ ਸਟੋਰੇਜ਼ ਕਪੈਸਿਟੀ ਜੇ ਵਧਾ ਦਿੱਤੀ ਜਾਵੇ ਤਾਂ ਕਾਫੀ ਹੱਦ ਤੱਕ ਫੂਡ ਗਰੇਨਜ਼ ਦੀ ਸ਼ਾਰਟੇਜ਼ ਦੇ

ਫੀਅਰਜ਼ ਹਨ ਉਨ੍ਹਾਂ ਤੇ ਕਾਬੂ ਪਾਇਆ ਜਾ ਸਕਦਾ ਹੈ । (ਘੰਟੀ) ਬਸ ਜੀ 2–3 ਗੱਲਾਂ ਹਨ ਜਿਹੜੀਆਂ ਮੈਂ ਅਰਜ਼ ਕਰਨੀਆਂ ਚਾਹੁੰਦਾਂ ਹਾਂ ।

ਇਕ ਤਾਂ ਇਹ National Food Budget all-India Basis ਤੇ ਬਣਾਇਆ ਜਾਵੇ । ਇਸ ਦੇ ਮੁਤਾਬਕ ਜੇਕਰ ਆਲ ਇੰਡੀਆ ਬੇਸਿਜ਼ ਤੇ ਫੈਸਲਾ ਹੋ ਜਾਵੇ ਤਾਂ ਮੈਂ ਸਮਝਦਾ ਹਾਂ ਮੁਕੰਮਲ ਸਟੇਟ ਟਰੇਡਿੰਗ ਕਾਮਯਾਬ ਹੋ ਸਕਦੀ ਹੈ । ਮੇਰਾ ਖਿਆਲ ਹੈ ਹਾਊਸ ਦੇ ਬਹੁਤ ਸਾਰੇ ਮੈਂਬਰਾਂ ਨੇ ਉਹ ਸਾਰੀ ਕਾਰਵਾਈ ਪੜ੍ਹੀ ਹੋਵੇਗੀ ਜਿਸ ਵਿੱਚੋਂ ਹਿੰਦੁਸਤਾਨ ਦੇ ਫੂਡ ਮਨਿਸਟਰਜ਼ ਨੇ ਨਵੰਬਰ ਦੇ ਮਹੀਨੇ ਇਹ ਫੈਸਲਾ ਕੀਤਾ ਸੀ ਕਿ ਹਿੰਦੁਸਤਾਨ ਦੀ ਹਰ ਰਾਜ ਸਰਕਾਰਾਂ ਨੈਸ਼ਨਲ ਫੂਡ ਬਜਟ ਬਣਾਵੇ ਜਿਸ ਰਾਹੀਂ ਹਰ ਰਾਜ ਵਿੱਚ ਸਰਪਲਸ ਅਨਾਜ ਦਾ ਬਾਕਾਇਦਾ ਹਿਸਾਬ ਕਿਤਾਬ ਰੱਖਿਆ ਜਾਵੇ ਅਤੇ ਇਕ ਸਾਂਝੀ ਫੂਡ ਪਾਲਿਸੀ ਅਪਨਾ ਕੇ ਉਸਦੇ ਮੁਤਾਬਕ ਚਲਿਆ ਜਾਵੇ । ਨੈਸ਼ਨਲ ਫੂਡ ਜ਼ੋਨ ਬਣਾਉਣ ਦਾ ਉਸ ਵੇਲੇ ਫੈਸਲਾ ਹੋਇਆ ਸੀ ਜਦੋਂ ਰਾਜ ਸਰਕਾਰਾਂ ਕਾਂਗਰਸ ਪਾਰਟੀ ਦੀਆਂ ਸਨ । ਉਨ੍ਹਾਂ ਹਾਲਾਤ ਵਿੱਚ ਜਦੋਂ ਕਿ ਅਸੀਂ ਰਾਜ ਸਰਕਾਰ ਤੇ ਸਾਡੀ ਪਾਰਟੀ ਦਾ ਕਬਜ਼ਾ ਨਹੀਂ ਹੈ, ਹੁਣ ਤੁਹਾਡਾ ਫਰਜ਼ ਬਣਦਾ ਸੀ ਕਿ ਤੁਸੀਂ ਜਦੋਂ ਸਟੇਟ ਟਰੇਡਿੰਗ ਦੀ ਗੱਲ ਕਰਦੇ ਹੋ ਪਹਿਲਾਂ ਨੈਸ਼ਨਲ ਫੂਡ ਬਜਟ ਦਾ ਕੋਈ ਏਸਾ ਫੈਸਲਾ ਕਰਦੇ ਕਿ ਇਹ ਚਾਲੂ ਕੀਤਾ ਜਾਵੇ ।

ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ : ਮੈਂ ਪੰਡਿਤ ਜੀ ਤੋਂ ਆਪਦੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਕਿਹੜੀ ਸਰਕਾਰ ਸੀ ਜਿਸ ਨੇ ਨੈਸ਼ਨਲ ਫੂਡ ਬਜਟ ਨੂੰ ਅਪੋਜ਼ ਕੀਤਾ ?

ਸ਼੍ਰੀ ਮੋਹਨ ਲਾਲ : ਇਹ ਉਸ ਵੇਲੇ ਦੀਆਂ ਪਰੋਸੀਡਿੰਗਜ਼ ਦੇ ਵਿੱਚ ਮੌਜੂਦ ਹੈ, ਰੀਕਾਰਡ ਵੇਖਿਆ ਜਾ ਸਕਦਾ ਹੈ ਕਿ ਗੈਰ ਕਾਂਗਰਸੀ ਸਰਕਾਰਾਂ ਨੇ ਨੈਸ਼ਨਲ ਬਜਟ ਨੂੰ ਅਪੋਜ਼ ਕੀਤਾ ਹੈ, ਮੈਨੂੰ ਨਹੀਂ ਪਤਾ ਕਿਸ ਕਿਸ ਨੇ ਅਪੋਜ਼ ਕੀਤਾ ਅਤੇ ਕਿਸ ਕਿਸ ਨੇ ਨਹੀਂ ਕੀਤਾ । ਪਰ ਐਸਾ ਹੋਇਆ । ਸਪੀਕਰ ਸਾਹਿਬ ਮੈਂ ਅਰਜ਼ ਕਰਾਂਗਾ ਕਿ ਕੰਪਲੀਟ ਸਟੇਟ ਟਰੇਡਿੰਗ ਹੋਣੀ ਜ਼ਰੂਰੀ ਹੈ ਮੈਂ ਇਸ ਵਾਸਤੇ ਇਹ ਗੱਲ ਅਰਜ਼ ਕਰਦਾ ਹਾਂ ਕਿ ਉਨ੍ਹਾਂ ਦੇ ਦਿਮਾਗ਼ ਦੇ ਵਿੱਚ ਏਕ ਤਰ੍ਹਾਂ ਦੀ ਕਨਫਿਊਜ਼ਨ ਹੈ । ਮੈਂ ਫੂਡ ਮਨਿਸਟਰ ਸਾਹਿਬ ਦੇ ਉਸ ਆਈਡੀਏ ਨੂੰ ਬਿਲਕੁਲ ਐਪਰੀਸ਼ੀਏਟ ਨਹੀਂ ਕਰ ਪਾਇਆ ਜਿਹੜਾ ਕਿ ਉਨ੍ਹਾਂ ਨੇ ਕਿਹਾ ਹੈ :—

It is not in the public interest to disclose the procurement price fixed by the Government because any disclosure is bound to affect the procurement adversely.

ਕਾਮਰੇਡ ਛੁੰਮਣ ਸਿੰਘ : ਮੈਂ ਸਬੰਧਤ ਵਜ਼ੀਰ ਸਾਹਿਬ ਦਾ ਧਿਆਨ ਲੋਕ ਮਹਤਤਾ ਦੀ ਇਸ ਸਮੱਸਿਆ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਜਿਸ ਨੇ ਪੰਜਾਬ ਦੇ ਲੋਕਾਂ ਵਿੱਚ ਬੇਚੈਨੀ ਪੈਦਾ ਕਰ ਦਿੱਤੀ ਹੈ, ਉਹ ਹੈ ਦਿਨੋਂ ਦਿਨ ਵਧ ਰਹੀਆਂ ਕੀਮਤਾਂ ਜਿਵੇਂ ਗੁੜ ਦਾ ਭਾਅ ਦੋ ਰੁਪਏ ਕਿਲੋ ਹੋ ਗਿਆ ਹੈ, ਖੰਡ ਮਿਲਦੀ ਨਹੀਂ । ਇਸ ਵਲ ਤੁਰੰਤ ਧਿਆਨ ਦਿੱਤਾ ਜਾਵੇ ਤੇ ਸਰਕਾਰ ਇਸ ਦੇ ਉਤੇ ਬਿਆਨ ਦੇਵੇ ।

Mr. Deputy Speaker : This is admitted.

PAPERS LAID ON THE TABLE

Minister for Public Works and Education (Sardar Lachhman Singh Gill) : Sir, I beg to lay on the Table the Annual Financial Statement (Budget Estimates) of the Punjab State Electricity Board for the year 1967-68, as required under section 61-(3) of the Electricity (Supply) Act, 1948.

Minister for Finance (Dr. Baldev Parkash) : Sir, I beg to lay on the Table the Annual Reports on the working and affairs of the Punjab State Small Industries Corporation Ltd. for the years 1963-64 and 1964-65, as required under section 639 (2) of the Companies Act, 1956.

Chief Minister (Sardar Gurnam Singh) : Sir I beg to lay on the Table of the House a statement in reply to Call Attention Notice (No. 46) from Comrade Bhan Singh Bhaura M.L.A.

STATEMENT

CALL ATTENTION NOTICE

(*Serial No.* 46)

Comrade Bhan Singh Bhaura to draw the attention of the Government towards a great resentment among the candidates who appeared for the P.C.S. (Executive) and Allied Services Examination conducted in the year 1965, whose final result has not been declared uptil now. It is an encroachment upon the rights of the candidates who are eagerly waiting for appointments since long. The Government should explain the position and look into the matter of public importance immediately and remove the undesirable harassment and delay.

Sardar Gurnam Singh (Chief Minister) : The State Government are already seized of the matter and are doing everything possible to expedite the release of the results of the P.C.S. (Executive Branch) and other Allied Services Examinations held in 1965. However, along with the question of filling up the posts on the basis of the results when declared, it has also to be considered as to how the successful candidates are to be allocated between the States of Punjab and Haryana. While the Government of Punjab have finalised action in regard to their requirements, i. e. number of qualified candidates required to fill up the posts, the Government of Haryana have not done so as yet. Accordingly, necessary steps to release the results will be taken by our Government as soon as the Haryana Government have finalised their own requirements about the qualified candidates.

ਇਹ ਮਾਮਲਾ ਪਹਿਲਾਂ ਹੀ ਰਾਜ ਸਰਕਾਰ ਦੇ ਧਿਆਨ ਗੋਚਰੇ ਹੈ ਅਤੇ 1965 ਵਿੱਚ ਹੋਏ ਪੀ.ਸੀ.ਐਸ. (ਐਗਜ਼ੈਕਟਿਵ ਬ੍ਰਾਂਚ) ਐਂਡ ਅਦਰ ਐਲਾਈਡ ਸਰਵਸਿਜ਼ ਐਗਜ਼ਾਮੀਨੇਸ਼ਨ ਦਾ ਨਤੀਜਾ ਛੇਤੀ ਤੋਂ ਛੇਤੀ ਕੱਢਣ ਦਾ ਹਰ ਮੁਮਕਨ ਜਤਨ ਕਰ ਰਹੀ ਹੈ। ਐਪਰ, ਨਤੀਜਾ ਨਿਕਲਣ ਤੇ, ਨਤੀਜੇ ਦੇ ਆਧਾਰ ਤੇ ਆਸਾਮੀਆਂ ਨੂੰ ਭਰਨ ਦੇ ਸਵਾਲ ਦੇ ਨਾਲ ਨਾਲ ਇਹ ਵੀ ਵਿਚਾਰ ਕਰਨੀ ਹੈ ਕਿ ਸਫਲ ਉਮੀਦਵਾਰਾਂ ਨੂੰ ਪੰਜਾਬ ਅਤੇ ਹਰਿਆਨੇ ਵਿਚਕਾਰ ਕਿਸ ਤਰ੍ਹਾਂ ਵੰਡਿਆ ਜਾਵੇ ਜਦ ਕਿ ਪੰਜਾਬ ਸਰਕਾਰ ਨੇ ਆਪਣੀਆਂ ਲੋੜਾਂ ਬਾਰੇ ਅਰਥਾਤ ਆਸਾਮੀਆਂ ਨੂੰ ਭਰਨ ਲਈ ਯੋਗਤਾ–ਪ੍ਰਾਪਤ-ਉਮੀਦਵਾਰਾਂ ਦੀ ਗਿਣਤੀ ਬਾਰੇ ਆਪਣੀ ਕਾਰਵਾਈ ਪੂਰੀ ਕਰ ਲਈ ਹੈ, ਹਰਿਆਨਾ ਸਰਕਾਰ ਅਜੇ ਅਜਿਹਾ ਨਹੀਂ ਕਰ ਸਕੀ। ਚੁਨਾਂਚਿ ਜਿਸ ਵੇਲੇ ਹੀ ਹਰਿਆਨਾ ਸਰਕਾਰ ਨੇ ਯੋਗਤਾ–ਪ੍ਰਾਪਤ–ਉਮੀਦਵਾਰਾਂ ਬਾਰੇ ਆਪਣੀਆਂ ਲੋੜਾਂ ਦੀ ਕਾਰਵਾਈ ਪੂਰੀ ਕਰ ਲਈ, ਉਸੇ ਵੇਲੇ ਹੀ ਸਾਡੀ ਸਰਕਾਰ ਵਲੋਂ ਨਤੀਜਾ ਕਢਣ ਦੀ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।]

Chief Parliamentary Secretary (Sardar Gurcharan Singh) : Sir, I beg to lay on the Table of the House a statement in reply to Call Attention Notice (No. 76) regarding shortage of sugar in the State.

Statement made by Shri Satya Pal Dang, Development and Local Government Minister in regard to Call Attention Notice No. 76 regarding shortage of sugar in the State.

1. In the erstwhile Punjab State, monthly allocation of Sugar was 17550 tonnes, which worked out to 11,700 tonnes for the re-organised Punjab. This allocation was reduced further by the Government of India to 8,500 tonnes per month with effect from April, 1967, owing to the fall in the production of sugar in the country. We were, therefore, compelled to reduce our size of ration from 2 Kg. to 1½ Kg. per head per month in the urban areas in the State with effect from April, 1967. There was breakdown in the supply line in some of the towns because sugar was allocated to this State from some of the Mills of U.P. which are located on the meter gauge. All-out efforts were made to bring stocks from the meter gauge stations but there was some unavoidable delay The sugar syndicates have been authorised by the State Government to bring stocks in such situations by road so as to avoid any breakdowns. The District Food and Supplies Controllers/Officers have also been directed to take suitable action against those Syndicates which lift sugar from the nearer mills only, in the first instance and defer lifting of sugar from the U.P. Mills with a view to avoiding blocking ot their capital to the extent possible.

2. Prices of Khandsari, Gur and Shakkar have risen very high and are now more than the price of crystal sugar even. It is certainly a paradoxical situation that the price of crystal sugar is the lowest in this group. The demand for crystal sugar has, therefore, naturally gone high both in the urban and rural areas. As against this, our supply is limited to only 8,500 tonnes per month for the State. All-out efforts are being made to streamline the distribution of sugar so that everyone gets his fair and equitable share and the unscrupulous elements are unable to indulge in black-Marketing by taking advantage of the scarcity situation.

ਸਰਦਾਰ ਮਹਿੰਦਰ ਸਿੰਘ ਗਿੱਲ: ਆਨ ਏ ਪੁਆਇੰਟ ਆਫ ਆਰਡਰ ਸਰ, ਕਲ ਮੈਂ ਕਾਲ ਅਟੈਨਸ਼ਨ ਮੋਸ਼ਨ ਨੰਬਰ 62 ਔਰ 63 ਬਾਰੇ ਸਵਾਲ ਪੁਛਣਾ ਚਾਹੁੰਦਾ ਸੀ। ਮੈਂ ਲਿਖ ਕੇ ਸਪੀਕਰ ਸਾਹਿਬ ਨੂੰ ਭੇਜਿਆ ਸੀ ਮਗਰ ਉਨ੍ਹਾਂ ਨੇ ਕਿਹਾ ਸੀ ਕਿ ਅੱਜ ਕਰ ਲੈਣਾ।

ਸ਼੍ਰੀ ਡਿਪਟੀ ਸਪੀਕਰ : ਹੁਣ ਜਨਰਲ ਡਿਸਕਸ਼ਨ ਰਿਜ਼ਿਉਮ ਕਰਨੀ ਹੈ ਸੋਮਵਾਰ ਨੂੰ ਇਹ ਸਵਾਲ ਪੁਛ ਲੈਣਾ। (Now the general discussion of the budget is to be resumed. The hon. Member may ask this question tomorrow.)

GENERAL DISCUSSION OF THE BUDGET (RESUMPTION)

ਸ੍ਰੀ ਲਾਲ ਚੰਦ ਸੱਭਰਵਾਲ : ਆਨ ਏ ਪੁਆਇੰਟ ਆਫ ਆਰਡਰ, ਸਰ । ਇਹ ਬੜੀ ਇਮਪਾਰ– ਟੈਂਟ ਗੱਲ ਹੈ ਜ਼ਰਾ ਧਿਆਨ ਨਾਲ ਸੁਣੋਂ ।

ਸ੍ਰੀਡਿਪਟੀ ਸਪੀਕਰ : ਇਹ ਖਿਆਲ ਹੀ ਨਾ ਕਰਨਾ ਕਿ ਮੈਂ ਬੇਧਿਆਨਾ ਹੋ ਕੇ ਬੈਠਾ ਹਾਂ । (The hon. Member should not think that I am sitting in attentive.)

ਸ੍ਰੀ ਲਾਲ ਚੰਦ ਸਭਰਵਾਲ : 20 ਸਾਲਾਂ ਤੋਂ ਜਨਰਲ ਐਡਮਿਨਿਸਟਰੇਸ਼ਨ ਦੇ ਹੈੱਡ ਥੱਲੇ ਲੈਜਿਸਲੇਟਿਵ ਡਿਪਾਰਟਮੈਂਟ ਦੀ ਡਿਮਾਂਡ ਆਉਂਦੀ ਰਹੀ ਹੈ । ਹੈਰਾਨਗੀ ਦੀ ਗੱਲ ਹੈ ਕਿ ਇਸ ਦਫਾ ਫਾਇਨੈਂਸ ਡਿਪਾਰਟਮੈਂਟ ਨੇ ਇਸ ਡਿਮਾਂਡ ਨੂੰ ਜਨਰਲ ਐਡਮਿਨਿਸਟਰੇਸ਼ਨ ਨਾਲੋਂ ਜੁਦਾ ਕਰਕੇ 18 ਨੰਬਰ ਤੇ ਰਖਿਆ ਹੈ । ਬਿਜ਼ਨੈਸ ਐਡਵਾਈਜ਼ਰੀ ਕਮੇਟੀ ਔਰ ਹਾਊਸ ਦੇ ਮੈਂਬਰ ਸਾਹਿਬਾਨ ਦੇ ਨੋਟਿਸ ਵਿੱਚ ਇਹ ਚੀਜ਼ ਪਹਿਲੇ ਸ਼ਾਇਦ ਨਹੀਂ ਆਈ । ਜਨਰਲ ਐਡਮਿਨਿਸਟਰੇਸ਼ਨ ਦੀ ਡਿਮਾਂਡ ਉਤੇ ਸੋਮਵਾਰ ਨੂੰ ਬਹਿਸ ਸ਼ੁਰੂ ਹੋ ਰਹੀ ਹੈ । ਇਸ ਲਈ ਮੈਂ ਦਰਖਾਸਤ ਕਰਾਂਗਾ ਕਿ ਡਿਮਾਂਡ ਨੰਬਰ 18 ਨੂੰ ਵੀ ਇਸ ਦੇ ਨਾਲ ਲਿੰਕ ਕਰ ਦਿੱਤਾ ਜਾਵੇ ਤਾਂਕਿ ਇਸ ਉਤੇ ਵੀ ਬਹਿਸ ਹੋ ਸਕੇ ।

Mr. Deputy Speaker : I will give my ruling after consulting the Office.

श्री अ. विश्वनाथन (लुध्याना–दक्षिण) : उपाध्यक्ष महोदय, बजट पर काफी बहस हुई है और विरोधी दल की तरफ से बार बार यही कहा गया है कि यह घाटे का बजट है, यह सरकार पंजाब को दीवालिया बनाने पर तुली हुई है । मैं आपका ध्यान इस बात की तरफ दिलाना चाहता हूँ कि सन् 1947 में जब हमारा देश स्वतन्त्र हुआ तो उस समय हिन्दुस्तान के किसान को, देहातियों को, गरीब जनता को सुख सम्पन्नता पहुंचाने के लिए गांधीवादी ढांचे का नारा लगाया गया था । गान्धीयन इकनामिक्स का एलान किया गया था जिसमें इन्होंने कहा था कि हम इस मुल्क को एक डीसैन्ट्रेलाईज़ड इकनामिक स्टरक्चर देने जा रहे हैं लेकिन गांधी जी की आंख बन्द होते ही इन लीडरों ने अपना स्टैंड छोड़ दिया और उसके बाद मिक्स्ड इकानोमी का नारा लगाया गया—कभी नहीं बताया गया कि इस मिक्स्ड इकानोमी का तात्पर्य क्या है —Whether it is a mixture of sense and non-sense, hope and despair or whether it is a mixture of good intentions and bad actions. लेकिन इसके तुरन्त बाद इन्होंने अनुभव किया कि मिक्स्ड इकानोमी का नारा भी हमें आगे नहीं ले जा सकता तो मद्रास के आवडी सैशन के अवसर पर कांग्रेस पार्टी ने सोशलिस्टिक पैटर्न आफ सोसाइटी का नारा बुलन्द किया । इस सोशलिस्टिक पैटर्न आफ सोसाइटी के फलस्वरूप सारे देश के अन्दर जिस प्रकार का सोशलिज़्म इन्होंने लाने की कोशिश की और खास तौर से पंजाब के अन्दर जो कुछ हुआ उसी का यह फल है कि सोशलिज़्म का नारा लगाने वालों को, गरीब जनता को लाभ पहुंचाने का दावा करने वालों का, लोगों नें निकाल कर बाहर भेज दिया है—जो सोशलिज़्म के द्वारा गरीब जनता को लाभ पहुंचाने चले थे आज आपोजीशन के बैंचों पर बैठे हुए हैं ।

आज यही लोग सरकार पर आरोप लगाते हैं कि घाटे का बजट पेश किया गया है और पूछते हैं कि यह घाटा कैसे पूरा किया जाएगा । मैं पूछता हूँ कि अगर आज सरकार कालेज लैक्चरर्ज़ की वेतन वृद्धि करके, स्कूलों के अध्यापकों की वेतन-वृद्धि करके, सरकारी कर्म–

चारियों की वेतन वृद्धि करके,शहरी जायदाद पर लगे हुए दो किस्म के टैक्सों House Tax and Property Tax को मिला कर उसमें कमी कर के पांच एकड़ भूमि वाले छोटे किसानों का मालिया मुआफ करके और इसी तरह के अन्य जन हित के कार्य करके डिफिसिट बजट पेश करती है तो इस पर आपोज़ीशन वालों को भारी आपत्ति पैदा हो गई है। लेकिन जिस समय न तो अध्यापकों को छूट दी गई, न प्राध्यापकों के वेतन में वृद्धि की गई, न छोटे किसान का मालिया ही माफ किया गया था, न किसी मज़दूर की वेतन वृद्धि ही की गई थी और न, ही दफ्तरों में काम करने वाले बाबूओं की ही वेतन वृद्धि दी गई थी हां इनकी अपनी जेबों में कोटे और परमिट पड़ जाते थे इस लिये इन लोगों ने तब तो डेफिस्ट फिनांसिंग के बारे में एक शब्द भी नहीं कहा था। मै अर्थशास्त्र का विद्यार्थी होने के नाते यह मानता हूँ कि डिफिसिट फिनांसिंग कोई अच्छी चीज़ नहीं है। But there are certain particular conditions. There are certain emergencies under which this deficit financing has to be resorted to. अगर हम इनकी तरह से बड़े बड़े महल, ताज़िये खड़े करते, 30–30 लाख की झील बनाते, उस हिन्दोस्तान में जहां सूर्य के प्रकाश की कमी नहीं है वहां पर अंधेरे चेम्बर तैयार करते और फिर डिफिसिट फिनांसिंग करते तो हमारे ऊपर आक्षेप सही होता, अगर हम फज़ूल खर्ची करके वेस्टेज करके........

श्री उपाध्यक्ष : उन्होंने बना लिया है तो आनन्द अब आप ही ले रहे हैं। (If they have constructed huge buildings then you are enjoying living in them.)

श्री अ. विश्वनाथन : यदि आप मुझे कुछ थोड़ा सा कह लेने दें तो अच्छी बात हो। अगर जनहित के कार्यों पर खर्च करके, मज़दूरों और दफ्तर के बाबूओं के वेतन में वृद्धि करके, किसानों का मालिया माफ करके और दूसरे जन कल्याणकारी कार्यों पर खर्च करके सरकार डेफिस्ट फिनांसिंग कर रही है तो सरकार पर इसके लिये आक्षेप नहीं किया जा सकता कि यह डेफिस्ट फिनांसिंग क्यों कर रही है, क्योंकि इसमें कोई भी किसी तरह की फज़ूलखर्ची नहीं है।

एक बात और। आज हमारा बजट डेफिस्ट न होता यदि दिल्ली में बैठी इनकी कांग्रेस पार्टी की केंद्रीय सरकार ने डीवैल्यूशन न की होती। जितने वर्क्स, जितनी स्कीमें हाथ में ली हुई हैं उनमें हर चीज़-पैंसल से लेकर सीमेंट तक, विदेशी इंजीनियरों की तनखाहों, टैक्नीशियन्ज की तनखाहों में डीवेल्यूशन के कारण बढ़ौतरी हुई है, कीमत में इज़ाफ़ा हुआ है। एक तरफ इस तरह से स्कीमों पर खर्च बढ़ रहा है तो दूसरी तरफ जो काम यह खुद 20 वर्ष में नहीं कर पाये वही हम से 20 हफ्तों में करवाना चाहते हैं। डीवैल्यूएशन से कीमतें बढ़ीं और अगर अखबारों की खबरें सही हैं तो यह दोबारा डीवैल्यूशन करने जा रहे हैं इसलिये अभी से वित्त मंत्री उस डेफिस्ट के लिये तैयार रहें।

एक टाप हैवी एडमिनिस्ट्रेशन की बात है। मैं यह समझता हूं। आज सैक्रेटेरिएट में चले जाओ। एक मिनिस्टर है, उसका सैक्रेटरी है, एक जायंट सैक्रेटरी है, डिप्टी सैक्रेटरी है, अंडर

(श्री अ. विश्वनाथन)

सैक्रेटरी है, असिसटैंट सैक्रेटरी है और फिर इन सैक्रेटरीज़ के सैक्रेटरीज है। इसी तरह से डायरैक्टोरेट बना है; डायरैक्टर है, जाइएंट डायरेक्टर है, डिप्टी डायरैक्टर है, असिस्टैंट डायरेक्टर है और फिर उनके सैक्रेटरीज हैं। इस तरह से ऐडमिनिस्ट्रेशन में डुप्लीकेशन है। यह जो सैक्रेटरियों की फौज है यह नई भर्ती की हुई नहीं है, यह मजाक इन्होंने 20 साल से कर रखा है। यह फौज भरती की गई थी सीक्रेट्स को बाहर जाने से रोकने के लिये।

After all what is the job of a Secretary? The job of a Secretary is to keep the secrets of a Minister. If there is Secretary, then there is a Joint Secretary, Deputy Secreary, Assistant Secretary and a host of Secretaries to the Secretary. Then there is no secret, but it becomes a public scandal.

इस मिनिस्ट्री को इस बात का ध्यान करना पड़ेगा कि एक ही मिनिस्टर के नीचे इतना लम्बा चौड़ा डायरैक्टोरेट और उतना ही लम्बा चौड़ा सैक्रेटेरियेट जो है इन दोनों को रखने की जरूरत नहीं है इस हालत को सुधारा जाना चाहिए। इन लोगों ने अपने मन चहेतों को, हवारियों को, और रिश्तेदारों को नौकरियों देने के लिये यह डुप्लीकेशन पैदा की थी। आज यहां पर जनता की सरकार है, इसका यह फर्ज है कि वह इस डुप्लीकेशन को खत्म करे। सैक्रेटेरियेट को साफ किया जाए। हालत यह है कि फाइल नीचे से ऊपर और ऊपर से नीचे जाती है। अगर कहीं कोई टाइपिंग मिस्टेक हो जाये तो फिर वहीं चक्कर काटती है। जब कोई सैक्रेटेरियेट में आता है तो उसको यह मालूम नहीं होता कि कौन से फलोर पर कौन सा दफ्तर है। जनता को तो यह 20 साल तक लूप लगाते रहे हैं मगर सैक्रेटेरिट में लूप लगने के बजाए भीड़ बढ़ाते रहे हैं। यह नई सरकार सैक्रेटेरियेट में लूप लगाये, अफसरों की भीड़ को कम करे। आज तक उपर से नीचे फ़ाइल की वर्टीकल मूवमेंट होती रही है। इस बारे में मैंने यह कहना है कि कनसलटेशन अच्छी बात है। But there should be a horizontal consultation also. जो सैक्रेटरी दो ढाई हजार रुपया तनखाह लेता है वह क्या करता है? स्टेटमैंट क्लर्क तैयार करता है, कुरैक्शन हैड क्लर्क करता है, पालिसी सैक्शन आफिसर बनाता है और सैक्रेटरी सिर्फ दस्तखत करता है। दस्खत करने की इतनी ज्यादा कीमत नहीं देनी चाहिए। पिछले 20 साल दस्तखतों की इतनी ज्यादा कीमत रही और काम की कम कीमत रही। हमने बजट के ज़रिये काम करने वाले क्लर्क की कुछ ज्यादा कीमत लगाई है उसकी वेतन वृद्धि की है, काम की कीमत बढ़ाई है। दस्तखतों की कीमत घटानी पड़ेगी। सैक्रेटरियों की संख्या कम करनी पड़ेगी।

एक बात मुझे उस रवैये के बारे में कहनी है जिसकी वजह से खर्च बढ़ता है। खर्च इसलिये बढ़ता है कि ऐडमिनिस्ट्रेशन में इन्टरफियरेंस होती है। और इन्टरफियरेंस इस लिये होती है कि जो फैसला आज लिया जाता है उसकी इम्पलीमैंटेशन तीन महीने बाद होती है। अगर फैसलों की ऐक्सीक्यूशन तुरन्त हो जाये लोगों का चंडीगढ़ की तरफ भागना बंद हो जाए। मुझ कुछ ट्रांस्फर्ज के केसिज का पता है। जब कोई ट्रांस्फर की जाती है अगर तो उसी वीक में ट्रांस्फर हो जाए तो लोग चंडीगढ़ नहीं आएंगे। और ऐम. ऐल. ए. बेचारे क्या करते

हैं। अव्वल तो कई एक प्वायंट्स आफ आर्डरज़ से पता चलता है कि कुछ ऐम.ऐल. एज़ की काबलियत कितनी है, भगवान की कृपा ही है--मगर जो पढ़े लिखे ऐम. ऐल. एज. आए हैं.... they cannot devote any time to legislative work. उनको सैक्रेटेरियेट के चक्कर काटने पड़ते हैं और फल यह होता है कि जो कानून यहां बनते हैं हम उनको पढ़ नहीं पाते, यहां पर आकर बैठ जाते हैं और वह जल्दी से पास हो जाते हैं और फिर साल में 20 अमैंडमैंट्स आती हैं । अगर हम चाहते हैं कि ऐम.एल. एज. सैक्रेटेरियेट में न जाएं और लैजिसलेशन की तरफ ध्यान दें, अगर आप समझते हैं कि जनता का वक्त जाया होता है, जनता का पैसा ज़ाया होता है और सैक्रेटेरियेट में इन्टरफियरेंस होती है तो हमें सोचना पड़ेगा। कि दैट शुड बी प्रैक्टीकली एलिमीनेटिड। जब तक यह नहीं होता सैक्रेटेरियेट के अन्दर भीड़ रहेगी और जब तक ऐसा नहीं होगा कोई कन्स्ट्रक्टिव काम नहीं हो सकता। If you want to clear the administration,clear the corridors of the Secretariat, you will have to remove the files from the tables of the clerks in the Secretairat. These should be removed. The stagnant administration in the Secretariat causes the stinking of public life. वहां जो स्टैगनेशन होती है वह पब्लिक के अन्दर आती है। इसलिये मेरा कहना है कि सैक्रेटेरियेट के अन्दर इकोनौमी करनी है, ऐडमिनिस्ट्रेशन के अन्दर इकौनौमी करनी है और इसकी तरफ जल्दी ध्यान देना ज़रूरी है।

एक बात मुझे यह कहनी है कि आज पंजाब के अन्दर ऐसे काम हैं जिन में डुप्लोकेशन हो रही है, ट्रिप्लीकेशन और कुवाडरुप्लीकेशन और क्विनट्रिलीप्केशन हो रही है। आप म्युनिसिपैलिटी को ही लें ले जिसका थोड़ा सा काम होता है। उसमें एक इम्प्रूवमेंट ट्रस्ट बैठा हुआ है, पब्लिक हैल्थ वालों की भी एक टांग बीच में होती है, बिजली वालों का भी हाथ उनमें होता है, टाउन प्लैनर की भी सड़ी उंगली उसमें रहती है, टेलीफून वालों की भी वक्र दृष्टि उस पर लगी रहती है, पंजाब और केन्द्र की पी. डब्ल्यू. डी. भी उस पर फ्राउन करती है इस सारी मल्टीप्लीकेशन की वजह से वक्त ज़ाया होता है, ऐफिशियेंसी खत्म होती है और रुपया ज़ाया होता है। एक महकमा सड़क खोद जाता है, दूसरा बना जाता है और फिर तीसरा खोद जाता है। मेरा लोकल सैल्फ गवर्नमेंट के मन्त्री महोदय से कहना है कि 1911 का बना हुआ बोसीदा म्युनिसिपल ऐक्ट अंग्रेज़ों ने इसलिये बनाया था कि हिन्दोस्तान की जनता को स्वायत्तता के अधिकार न मिल जायें और देश को सुधारने की भावना जागृत न हो जाए। इस लिय उनसे कहूँगा कि जो म्युंनिसिपल ऐक्ट अमैंड हो रहा है उस को जल्दी से जल्दी इसी सैशन में पास करें और मल्टीप्लीकेशन को खत्म करने तथा इकौनोमी और ऐफीशियेंसी को बढ़ाने की तरफ कदम उठाएं।

एक बात मुझे यह कहनी है कि यह ठीक है कि मैं ट्रेयरी बैंचिज़ पर बैठा हूँ लेकिन मैं आपोजीशन के बैंचिज़ से इस बात से सहमत हूँ कि पंजाब में बहुत सा कन्फयूज़न इसलिये है कि हमारे मन्त्री बहुत अधिक स्टेटमैंट्स देते हैं। (आपोज़ीशन की ओर से तालियां) इतनी स्टेटमैंटस नहीं होनी चाहिये।

[श्री अ. विशवनाथन]
यह जनता की सरकार है और इसे हर कार्रवाई करने के लिये तैयार रहना चाहिए। पत्रकार इनकी बातों को, जो इन वजीरों के मुंह से निकलती है, घुमा कर और टेढ़ा करके पेश करते हैं। न तो कोई बात मुंह से निकाल सकते हैं, न गूंगे बन सकते हैं। खांड के बारे में यह खबर आती है कल यहां से, परसों वहां से कि इसके बारे में हम यह कर रहे हैं इसी तरह से अनाज के बारे में हैं कि हम हिमाचल को इतना दे रहे हैं। इतना रिजर्व है। कई कनफलिक्टिंग स्टेटमेंटस दी जाती हैं या निकलती हैं जिनसे भ्रम पैदा होता है। और इन कनफलिक्टिंग स्टेटमैंटों से स्टेट की इकानौमी पर बुरा असर पड़ता है,रैवेन्यू पर बुरा असर पड़ता है। इसलिये स्टेटमेंट की बजाये जो निर्णय किया जाय उसको बाहर प्रेस में आने देना चाहिए और हर स्थान से एक जैसा ही समाचार मिलना चाहिए।

इसके अलावा कुछ और बातें कहना चाहता हूँ। यह ठीक है कि जनता को छूट दी है। लेकिन प्राबलम्ज horizontal, vertical और geographical हैं।

श्री उपाध्यक्ष : आपका टाईम पूरा हो गया है। (Hon. Member's time is over now.)

श्री अ. विश्वनाथन : मैं जल्दी ही खत्म करता हूँ। इलाका जैजों का व्योपार इलाका की बांट के कारण खत्म हो गया है, नौकर, पल्लेदार, गड्डे वाले और मामूली काम करने वाले लाखों लोग बेकार हो गये हैं।

मैं खाद्य मन्त्री महोदय से और मुख्य मंत्री से प्रार्थना करूंगा कि हमाचल का फूड ज़ोन पंजाब के साथ एक बना दे ताकि सीमा के इलाकों, मुकेरियां, दसूआ आदि, जिनका व्यापार हिमाचल से होता था, बचाया जा सके और लोगों को बेरोज़गार होने से बचाया जा सके।

इसी तरह से छोटे छोटे 500 के करीब पताशा और मिसरी बनाने वाले और फिर इनके आगे 2000 के करीब नौकर काम करने वाले, छोटे छोटे दुकानदार बेकार हो गए हैं इनको बचाना चाहिए। इन्हें खांड दी जाए।

फिर बेकरी का काम है। हकूमत की तरफ से मैदा सूजी न मिलने की वजह से हज़ारों लोग बेकार हो गए हैं। इन्हें जल्दी मैदा देना चाहिए।

इसके अतिरिक्त गवर्नमेंट के कर्मचारियों के ग्रेड बांध देने चाहिएं। कई डिपार्टमेंट्स में कई तरह के ग्रेड हैं और उनकी भिन्न भिन्न नौमनकलेचर है। फिर अगर एक डिपार्टमेंट के कर्मचारियों का ग्रेड बढ़ाया जाता है तो दूसरा शोर मचाता है। पुलिस वाले, टीचर, और कई कर्मचारी असिस्टेंट क्लर्कस आदि हैं इनके मुख्तलिफ ग्रेड्ज को रैशनलाईज कर दिया जाए और आज कल जो स्टेट्स में फर्क है वह कम होना चाहिए। डिप्टी सैक्रेटरी, फिर एस. ओ.। स्टेटस अलग अलग पोस्टस का विचार करने के बाद रैशनलाईज़ होना चाहिए और रीवाईज़ होना चाहिए। आज पंजाब स्टेट इलैक्ट्रिसिटी बोर्ड के कर्मचारियों का अगर आप ग्रेड रीवाईज़ करेंगे तो कल इरीगेशन वाले कहेंगे। इस लिए मेरा यह निवेदन है कि वेतन वृद्धि एक जैसी होनी चाहिए, और जस्टिस और ईक्विटी के आधार पर होनी चाहिए। ग्रेड्स को रैशनलाईज़ करना चाहिए ताकि किसी तरह की गड़बड़ होने का खतरा न रहे।

इसी तरह से स्कूल मास्टरों का संबंध है। पोस्ट ग्रेजुएट कालेज में क्लास III पोस्टस और हायर सैकंडरी स्कूलज़ में क्लास II पोस्टस के वेतनों में फर्क है। इस तरह की जो अनामौलीज़ हैं उन्हें दूर किया जाए। इसमें लैक्चरारों का कसूर नहीं कि उनकी पोस्टिंग कहां पर है, और वेतन में फर्क हैं। This is against all laws of natural justice and equity.

अभी हाल ही में सर्विसिज़ को हरयाणा, हिमाचल और पंजाब में एलोकेट किया है और बगैर किसी की मर्ज़ी जाने के किया है। These allocations have been made purely arbitrarily by the Secretariat staff. कोई बेसिज नहीं बनाए गए और जिसको मर्ज़ी हरयाणा, हिमाचल और पंजाब में भेज दिया। फिर इस तरह की एलोकेशन को कैंसल करने के बारे में कोई फैसला नहीं किया गया। पती और पत्नी को एक जगह एलोकेट करने का सरकार ने फैसला किया है लेकिन बाकी तमाम एलोकेशन्ज रैशनल बेसिज़ पर नहीं की गई, या तो हरेक ग्रेडों और पोस्टस के स्लैब बना कर ग्रुपिंग की जाती और फिर ग्राड एंड इवन बेसिज़ पर एलोकेशन की जाती ताकि आरबिट्रेरीली जो फैसला किया गया है इसको ठीक किया जा सके। Those who were nearer to the Secretaries were kept here and the others were shunted out in disregard of the fact that their property was here. हाई कोर्ट में रिट पैटीशन्ज़ भी पैंडिंग पड़ी हैं। इस सरकार को चाहिए कि पिछली सरकार की गलतियों को दूर करे और जो अरबिट्रेरीली एलोकेशन की गई है उसको कैंसल किया जाए। (घंटी)

उपाध्यक्ष महोदय, मैं आखिर में यह कहना चाहता हूँ कि आज जरूरत इस बात की है कि जनता की सरकार आई है तो लोग महसूस करें कि जनता की ही सरकार है और सोशलिस्ट सरकार है। पिछली सरकार ने तो यह किया कि गोरे साहिब की जगह भूरे साहिब आकर बैठ गए। आज इस पुराने ब्योरोक्रेटिक ढांचे में परिवर्तन करने की जरूरत है। हमारे केस अदालतों में स्टेट Vs so and so चलते हैं लेकिन डैमाक्रेसी का तकाज़ा है कि State Vs so and so की जगह People Vs so and so होना चाहिए। अमेरिका के अन्दर मुकदमे इसी तरह से होते हैं People Vs so and so। हमारी thinking, glossary सब ब्योरोक्रेटिक है, क्लोकियल है और विचार और भाषा भी अपनी नहीं। इस सारे ढांचे को बदलने की ज़रूरत है।

श्री उपाध्यक्ष : पीपल लफ्ज़ कर देने से क्या इन्साफ ठीक होगा ? (हंसी) (Whether with the use of word 'people' justice will be equitable?) (Laughter).

Shri A. Vishwanathan : The State is a powerful body and the people are powerful.... (*Interruptions*)....The State is not the people but the people can form the State.

श्री उपाध्यक्ष : आपका टाईम हो गया है विश्वनाथन जी। (Vishwanathanji, your time is up now.)

श्री अ. विश्वनाथन : अंत में कुछ बातें कह कर खत्म करता हूँ। यहां पर बात कही गई कि कुछ लोग फ्लोर क्रास करते हैं और कहते हैं कि रबिश था। अगर यह बात है तो क्यों एतराज करते हैं। यह इसे पुलिटीकल कुरप्शन कहते हैं।

श्री उपाध्यक्ष : तो क्या आप सारा इनका रबिश लेने को तैयार हैं ? (Is the hon. Member prepared to take all the rubbish from their side?)

श्री अ. विश्वनाथन : मैं तो ज़हर भी पी सकता हूँ। लेकिन इन्हें बताना चाहता हूं जो इस तरह की बात करते हैं कि पुलिटीकल कुरप्शन इन्होंने नहीं की।

* * * * * * * *

* * * * * * * * *

(विघ्न)

Mr. Deputy Speaker : These remarks about Sardar Hukam Singh, Ex. Speaker of the Lok Sabha and other persons mentioned by Shri Vishwanathan should be expunged.

श्री अ. विश्वनाथन : मैं अंत में एक बात कह कर, उपाध्यक्ष महोदय, बैठ रहा हूँ। पुलिटीकल बातों के बारे में कहा गया है। आपने अखबारों में पढ़ा होगा कि पंजाब राज्य कांग्रेस कमेटी की एग्ज़ैक्टिव ने उन मैम्बरों को कहा है कि जो रुपया उन्हें इलैक्शन में दिया गया है वह वापिस कर दें। इस बात से आप अंदाज़ा लगा सकते हैं कि 104 कांस्टीचुएंसीज़ हैं और हरेक को इन्होंने इलैक्शन के वक्त पांच पांच हज़ार भी दिया हो तो 5 लाख 20 हज़ार बनता है तो यह रुपया इन के पास कहां से आया? यह तो खुद पुलिटीकल कुरप्शन करते हैं। आप का धन्यवाद।

ਸ੍ਰੀ ਡਿਪਟੀ ਸਪੀਕਰ : ਨਾਲੇ ਕੁਟਣਾ ਵੀ ਤੇ ਨਾਲੇ ਰੋਣ ਨਾ ਦੇਣਾ। (ਹਾਸਾ) (This is tantamount to hitting a person and then not allowing him to cry.)

ਗਿਆਨੀ ਬਖਤਾਵਰ ਸਿੰਘ ਰਾਏ : (ਗੁਰੂ ਹਰ ਸਹਾਏ) ਡਿਪਟੀ ਸਪੀਕਰ ਸਾਹਿਬ......

ਸ੍ਰੀ ਡਿਪਟੀ ਸਪੀਕਰ : ਸਾਡੇ ਪਾਸ ਡੇਢ ਵਜੇ ਤਕ ਟਾਈਮ ਹੈ। ਇਸ ਗੱਲ ਨੂੰ ਸਾਹਮਣੇ ਰਖਦੇ ਹੋਏ ਮੈਂ ਸਭ ਮੈਂਬਰ ਸਾਹਿਬਾਨ ਪਾਸ ਦਰਖਾਸਤ ਕਰਾਂਗਾ ਕਿ ਉਹ ਛੇਤੀ ਹੀ ਆਪਣੀ ਗੱਲ ਕਹਿ ਲੈਣ ਅਤੇ ਸਮੇਂ ਵਿੱਚ ਹੀ ਤਕਰੀਰਾਂ ਖਤਮ ਕਰ ਦੇਣ। ਡੇਢ ਵਜੇ ਫਿਨਾਂਸ ਮਨਿਸਟਰ ਸਾਹਿਬ ਨੇ ਬੋਲਣਾ ਹੈ। (The time at our disposal is upto 1.30 p.m. Therefore I would request the hon. Members make their observation straight away and finish their speeches in time. The Finance Minister has to commence his speech at 1.30 p.m.)

*Expunged as ordered by the Chair.

ਸ੍ਰੀ ਪ੍ਰਬੋਧ ਚੰਦਰ : ਡਿਪਟੀ ਸਪੀਕਰ ਸਾਹਿਬ, ਇਥੇ ਇਹ ਰਵਾਇਤ ਰਹੀ ਹੈ ਕਿ ਕੋਈ ਸਟੇਟਸਮੈਨ ਜਾਂ ਆਫੀਸਰ ਜੋ ਆਪਣੇ ਆਪ ਨੂੰ ਇਸ ਹਾਊਸ ਵਿੱਚ ਡੀਫੈਂਡ ਨਾ ਕਰ ਸਕੇ ਉਸ ਤੇ ਹਮਲਾ ਨਹੀਂ ਕਰਨਾ ਚਾਹੀਦਾ ਅਤੇ ਇਹ ਨਹੀਂ ਕਿ ਹਰ ਕਿਸੇ ਨੂੰ ਖੁੜੇ ਲਾਈਨ ਲਗਾ ਦਿੱਤਾ ।......(ਵਿਘਨ)

Mr. Deputy Speaker : What is your point of order?

ਸ੍ਰੀ ਪ੍ਰਬੋਧ ਚੰਦਰ : ਇਹ ਜੱਥੇਦਾਰ ਤਾਂ ਕੜਾਹ ਖਾਕੇ ਆਏ ਹਨ ਇਨ੍ਹਾਂ ਨੇ ਹੋਰ ਕੁਝ ਕੀ ਕਰਨਾ ਹੈ ਸਿਵਾਏ ਰੌਲਾ ਪਾਉਣ ਦੇ । ਹੋਰ ਕੁਝ ਨਹੀਂ ਤਾਂ ਸ਼ੋਰ ਤਾਂ ਨਾ ਕਰਨ । ਕਲ ਤਾਂ ਮਿੰਨਤਾ ਕਰਦੇ ਸਨ ਕਿ ਜਾਣ ਦਿਉ......(ਵਿਘਨ) (ਸ਼ੋਰ)

ਸਰਦਾਰ ਹਰਭਜਨ ਸਿੰਘ ਜਵਾਹਰਕੇ : ਆਨ ਏ ਪੁਆਇੰਟ ਆਫ ਆਰਡਰ । ਇਹ ਤਾਂ ਕਸ਼ਮੀਰੀ ਮੁਸਲਮਾਨਾਂ ਨਾਲ........(ਵਿਘਨ)

ਗਿਆਨੀ ਬਖਤਾਵਰ ਸਿੰਘ ਰਾਏ : ਡਿਪਟੀ ਸਪੀਕਰ ਸਾਹਿਬ, ਮੈਨੂੰ 10 ਮਿੰਟ ਟਾਈਮ ਦਿੱਤਾ ਗਿਆ ਹੈ ਜਿਹੜਾ ਕਿ ਬਹੁਤ ਥੋੜ੍ਹਾ ਹੈ । ਮੈਨੂੰ ਗਵਰਨਰ ਸਾਹਿਬ ਦੇ ਐਡਰੈਸ ਤੇ ਵੀ ਬੋਲਣ ਦਾ ਮੌਕਾ ਨਹੀਂ ਦਿੱਤਾ ਗਿਆ, ਘਟ ਤੋਂ ਘਟ ਮੈਨੂੰ ਅੱਧਾ ਘੰਟਾ ਮਿਲਣਾ ਚਾਹੀਦਾ ਹੈ ਤਾਂ ਜੋ ਮੈਂ ਉਨ੍ਹਾਂ ਗਰੀਬਾਂ ਦੇ ਦੁਖੜੇ ਜਿਹੜੇ ਗਰੀਬ ਪਛੜੀਆਂ ਸ਼ਰੇਣੀਆਂ ਦੇ ਹਨ ਆਪ ਜੀ ਦੇ ਸਾਹਮਣੇ ਪੇਸ਼ ਕਰ ਸਕਾਂ ।

ਸ੍ਰੀ ਡਿਪਟੀ ਸਪੀਕਰ : ਮੇਰੇ ਪਾਸ ਬੜਾ ਰਿਸਟਰਿਕਟਿਡ ਜਿਹਾ ਟਾਈਮ ਹੈ ਤੁਸੀਂ 10 ਮਿੰਟ ਵਿੱਚ ਹੀ ਆਪਣੀ ਗੱਲ ਮੁਕਾਉਣ ਦੀ ਕੋਸ਼ਿਸ਼ ਕਰਨੀ । (The time at my disposal is very restricted. The hon. Member should try to finish his speech in ten minutes.)

ਗਿਆਨੀ ਬਖਤਾਵਰ ਸਿੰਘ ਰਾਏ : ਨਹੀਂ ਜਨਾਬ, 10 ਮਿੰਟ ਨਹੀਂ ਇਸ ਦੇ ਲਈ 15 ਮਿੰਟ ਹੀ ਦੇ ਦਿਉ ।

ਸ੍ਰੀ ਡਿਪਟੀ ਸਪੀਕਰ : ਤੁਸੀਂ ਗੱਲ ਸ਼ੁਰੂ ਕਰੋ ਫੇਰ ਦੇਖ ਲਵਾਂਗੇ । (*Interruption*) (Let the hon. Member start his speech. It will be seen if more time could be allowed.)

ਗਿਆਨੀ ਬਖਤਾਵਰ ਸਿੰਘ ਰਾਏ : ਜਦੋਂ 6 ਸਤੰਬਰ, 1965 ਨੂੰ ਪਾਕਿਸਤਾਨ ਨੇ ਹਿੰਦੁਸਤਾਨ ਤੇ ਹਮਲਾ ਕੀਤਾ, ਬਾਰਡਰ ਤੇ ਰਹਿਣ ਵਾਲੇ ਲੋਕਾਂ ਦੀ ਜੋ ਹਾਲਤ ਹੋਈ ਉਹ ਕਿਸੇ ਤੋਂ ਭੁੱਲੀ ਹੋਈ ਨਹੀਂ । ਪਰ ਕਾਮਰੇਡ ਰਾਮ ਕਿਸ਼ਨ ਦੀ ਵਜ਼ਾਰਤ ਨੇ ਉਨ੍ਹਾਂ ਲੋਕਾਂ ਦੀ ਇਮਦਾਦ ਕਰਨ ਦੀ ਬਜਾਏ ਉਨ੍ਹਾਂ ਤੇ ਜ਼ੁਲਮ ਕੀਤੇ । ਮੈਂ ਆਪਣੀ ਸਾਰੀ ਸਿਆਸੀ ਜ਼ਿੰਦਗੀ ਕਾਂਗਰਸ ਵਿੱਚ ਲੰਘਾਈ ਹੈ ਪਰ ਜੋ ਹਾਲਤ ਇਨ੍ਹਾਂ ਨੇ ਪੰਜਾਬੀਆਂ ਦੀ ਕੀਤੀ, ਖਾਸ ਤੌਰ ਤੇ ਬਾਰਡਰ ਦੇ ਇਲਾਕੇ ਦੀ ਕੀਤੀ, ਉਹ ਭੁਲਾਈ ਨਹੀਂ ਜਾ ਸਕਦੀ । ਡਿਪਟੀ ਸਪੀਕਰ ਸਾਹਿਬ, ਫਿਰੋਜ਼ਪੁਰ ਦੇ ਜ਼ਿਲ੍ਹੇ ਵਿੱਚ ਜਾਕੇ ਵੇਖੋ ਕਿਸ ਤਰ੍ਹਾਂ ਦੀ ਸਰਕਾਰੀ ਅਫਸਰਾਂ ਨੇ ਪਾਲਿਸੀ ਇਖਤਿਆਰ ਕੀਤੀ ਹੋਈ ਹੈ ਕਿ ਜਿਧਰ ਵੀ ਲੋਕ ਜਾਂਦੇ ਹਨ ਉਨ੍ਹਾਂ ਨੂੰ ਲਾਲਚੀ ਲੋਕਾਂ ਨਾਲ ਹੀ ਵਾਸਤਾ ਪੈਂਦਾ ਹੈ । ਜਨਤਾ ਦੀ ਉਨ੍ਹਾਂ ਨੂੰ ਕੋਈ ਪਰਵਾਹ ਨਹੀਂ । ਕੋਈ ਮਰੇ ਕੋਈ ਜੀਵੇ ਉਥੇ ਦੇ ਸਰਕਾਰੀ ਅਫਸਰ ਆਪਣੇ ਐਸ਼ ਵਿੱਚ ਮਸਤ ਹਨ । ਇਹ ਉਹ ਲੋਕ ਹਨ ਜਿਨ੍ਹਾਂ ਨੇ ਆਪਣੇ ਮੁਲਕ ਦੇ ਬਚਾਉਣ ਵਾਸਤੇ ਜਿੰਦ ਜਾਨ ਵਾਰ ਦਿੱਤੀ । ਇਹ ਬਾਰਡਰ ਦੇ ਪਹਿਰੇਦਾਰ

[ਗਿਆਨੀ ਬਖਤਾਵਰ ਸਿੰਘ ਰਾਏ]

ਅਜੇ ਵੀ ਉਥੋਂ ਦੇ ਹਾਕਮਾਂ ਰਾਹੀਂ ਸਤਾਏ ਜਾ ਰਹੇ ਹਨ । ਸਰਕਾਰ ਨੇ ਉਨ੍ਹਾਂ ਨੂੰ ਇਸ ਕੁਰਬਾਨੀ ਦਾ ਫਲ ਇਹ ਦਿੱਤਾ ਹੈ ਕਿ ਫਾਜ਼ਿਲਕਾ ਦੇ ਇਲਾਕੇ ਉਤੇ ਬਰਦਾਸ਼ਤ ਨਾ ਹੋਣ ਵਾਲਾ ਜ਼ੁਲਮ ਅਤੇ ਅਤਿਆਚਾਰ ਸ਼ੁਰੂ ਕਰ ਦਿੱਤਾ ਹੈ । ਉਥੇ ਦੀਆਂ ਬੇਵਾ ਔਰਤਾਂ, ਬੁਢੇ ਬਜ਼ੁਰਗਾਂ ਅਤੇ ਛੋਟਿਆਂ ਛੋਟਿਆਂ ਮਾਸੂਮ ਬੱਚਿਆਂ ਨੂੰ ਬਦੋਬਦੀ ਦੂਸ਼ਨ ਲਾਕੇ ਕੁਟਿਆ ਜਾਂਦਾ ਹੈ । ਉਨ੍ਹਾਂ ਤੇ ਜ਼ੁਲਮ ਦੀਆਂ ਕਹਾਣੀਆਂ ਸੁਣੀਆਂ ਨਹੀਂ ਜਾ ਸਕਦੀਆਂ । ਮੈਂ ਜਾਕੇ ਜ਼ੁਲਮ ਦੀਆਂ ਦਾਸਤਾਨਾਂ ਉਸ ਵੇਲੇ ਕਾਮਰੇਡ ਰਾਮ ਕਿਸ਼ਨ ਜੀ ਨੂੰ ਲਿਖੀਆਂ ਅਤੇ ਲਿਖਿਆ ਕਿ ਇਹ ਜ਼ੁਲਮ ਹੁਣ ਅੰਤ ਤੇ ਪੁਜ ਗਿਆ ਹੈ ਇਹ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ । ਕਿਸੇ ਗੱਲ ਦੀ ਹੱਦ ਵੀ ਹੁੰਦੀ ਹੈ, ਉਸ ਤੋਂ ਅੱਗੇ ਫੇਰ ਅੰਤ ਹੀ ਹੋਇਆ ਕਰਦਾ ਹੈ। ਅਸੀਂ 28 ਅਕਤੂਬਰ, 1965 ਨੂੰ ਜਦੋਂ ਗਵਰਨਰ ਸਾਹਿਬ ਦੇ ਪਾਸ ਚੀਖੋ-ਪੁਕਾਰ ਕੀਤੀ ਤਾਂ ਉਨ੍ਹਾਂ ਨੇ ਇਸ ਗੱਲ ਦੀ ਸ਼ੋਅਰਟੀ ਦਿੱਤੀ ਕਿ ਅਸੀਂ ਦਫਾ 107 ਅਤੇ 151 ਦੇ ਵਿੱਚ ਗੁੰਡਿਆਂ ਦੀਆਂ ਜ਼ਮਾਨਤਾਂ ਕਰਾ ਦਿਆਂਗੇ ਤਾਂ ਜੋ ਉਸ ਇਲਾਕੇ ਦੇ ਲੋਕਾਂ ਦੀ ਇਜ਼ਤ ਮਹਿਫੂਜ਼ ਰਹੇ, ਪਰ ਰਾਮ ਕਿਸ਼ਨ ਦੀ ਸਰਕਾਰ ਨੇ ਬਜਾਏ ਜ਼ਮਾਨਤਾ ਕਰਨ ਦੇ 28 ਅਕਤੂਬਰ, 1965 ਦੀ ਰਾਤ ਨੂੰ 10 ਵਜੇ ਮੇਰੇ ਵਾਰੰਟ ਗਰਿਫਤਾਰੀ ਕੱਟ ਦਿੱਤੇ । ਫਿਰੋਜ਼ਪੁਰ ਥਾਨੇ ਦੀ ਪੁਲਿਸ ਮੇਰੀ ਗ੍ਰਿਫਤਾਰੀ ਲਈ ਭੇਜੀ ਗਈ ਪਰ ਮੈਂ ਕਿਵੇਂ ਨਾ ਕਿਵੇਂ (* * * * *) ਬਚ ਕੇ ਦਿਲੀ ਪਹੁੰਚ ਗਿਆ...... (ਵਿਘਨ)

ਸ਼੍ਰੀ ਡਿਪਟੀ ਸਪੀਕਰ : ਬਖਤਾਵਰ ਸਿੰਘ ਜੀ, ਸਰਕਾਰ ਬਾਰੇ ਵਰਤਿਆ ਸ਼ਬਦ ਅਨਪਾਰਲੀ-ਮੈਂਟਰੀ ਹੈ । So it may be expunged. (*Addressing Giani Bhkhtawar Singh Rai* : The word used in respect of the Government is unparlimentary. So it may be expunged.)

ਗਿਆਨੀ ਬਖਤਾਵਰ ਸਿੰਘ ਰਾਏ : ਡਿਪਟੀ ਸਪੀਕਰ ਸਾਹਿਬ, ਤੁਸੀਂ ਬੇਸ਼ਕ ਐਕਸਪੰਜ ਕਰ ਦਿਓ, ਮੈਂ ਮੁਆਫੀ ਮੰਗਣ ਵਾਸਤੇ ਤਿਆਰ ਹਾਂ, ਪਰ ਇਸ ਤਰ੍ਹਾਂ ਦੇ ਸ਼ਬਦ ਸਤਾਏ ਹੋਏ ਹਿਰਦੇ ਵਿੱਚੋਂ ਮੱਲੋਮੱਲੀ ਜਜ਼ਬਾਤ ਵਿੱਚ ਆ ਕੇ ਨਿਕਲ ਜਾਂਦੇ ਹਨ। ਟਾਈਮ ਵੀ ਬੜਾ ਥੋੜਾ ਹੈ । ਮੈਂ ਦੂਸਰੀਆਂ ਗੱਲਾਂ ਵੀ ਕਹਿਣਾ ਚਾਹੁੰਦਾ ਹਾਂ । ਪਾਕਿਸਤਾਨ ਦੀ ਲੜਾਈ ਖ਼ਤਮ ਹੋ ਜਾਣ ਤੋਂ ਬਾਅਦ ਸਰਕਾਰ ਦਾ ਫਰਜ਼ ਬਣਦਾ ਸੀ ਕਿ ਬਾਰਡਰ ਦੇ ਜਿਹੜੇ 50-55 ਹਜ਼ਾਰ ਘਰਾਣੇ ਬਰਬਾਦ ਹੋਏ ਸੀ, ਉਨ੍ਹਾਂ ਦੀ ਇਮਦਾਦ ਕਰਦੀ ਤਾਂ ਜੋ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਰਾਹਤ ਮਿਲਦੀ। ਇਨ੍ਹਾਂ ਤੋਂ ਜਦੋਂ ਪੁਛ ਕੀਤੀ, ਮੰਗ ਕੀਤੀ ਗਈ, ਤਾਂ ਇਸ ਤਰ੍ਹਾਂ ਦਾ ਜਵਾਬ ਦਿੱਤਾ ਕਿ ਇਨ੍ਹਾਂ ਦੀ ਆਬਾਦਕਾਰੀ ਲਈ 35 ਲੱਖ ਰੁਪਏ ਦਾ ਖਰਚ ਆਉਣਾ ਹੈ ਅਸੀਂ ਬੜੀ ਸਰਗਰਮੀ ਨਾਲ ਇਸ ਮੁਆਮਲੇ ਤੇ ਵਿਚਾਰ ਕਰ ਰਹੇ ਹਾਂ । ਦੂਸਰੇ ਪਾਸੇ ਉਸ ਇਲਾਕੇ ਵਾਲਿਆਂ ਨੇ ਜਿਹੜੇ ਬਕਾਇਆ ਦੇਣੇ ਸੀ ਉਨ੍ਹਾਂ ਦੀ ਉਗਰਾਹੀ ਦਾ ਜ਼ਬਰਦਸਤ ਹੁਕਮ ਦੇ ਦਿੱਤਾ । ਜਿਨ੍ਹਾਂ ਨੇ ਪੈਸੇ ਵਾਪਸ ਨਾ ਕੀਤੇ ਉਨ੍ਹਾਂ ਤੇ ਤਸ਼ਦਦ ਕੀਤਾ । ਜਿਨ੍ਹਾਂ ਨੇ ਫੇਰ ਵੀ ਨਾ ਦਿੱਤੇ ਤਾਂ ਉਨ੍ਹਾਂ ਨੂੰ ਉਨ੍ਹਾਂ ਦੀ ਜਾਇਦਾਦ ਤੋਂ ਬੇਦਖ਼ਲ ਕਰ ਦਿੱਤਾ ਗਿਆ । ਇਹ ਉਹ ਮੁਜ਼ਾਰੇ ਹਨ, ਉਹ ਗਰੀਬ ਲੋਕ ਉਜਾੜੇ ਗਏ ਹਨ ਜਿਨ੍ਹਾਂ ਨੇ ਕਿਸੇ ਵੇਲੇ ਅਨਫਰਟਾਈਲ ਲੈਂਡ ਨੂੰ ਆਬਾਦ ਕੀਤਾ ਸੀ, ਜੰਗਲਾਂ ਨੂੰ ਪੁਟ ਕੇ ਜ਼ਰਖੇਜ਼ ਬਣਾਇਆ ਸੀ ਅੱਜ ਉਨ੍ਹਾਂ ਨੂੰ ਉਥੋਂ ਮਜਬੂਰ ਹੋ ਕੇ ਆਉਣਾ ਪਿਆ ਹੈ । ਉਨ੍ਹਾਂ ਨੇ ਕੇਸ ਹਾਈਕੋਰਟ ਵਿੱਚ ਦਰਜ ਕਰਵਾਇਆ, ਅਪੀਲ ਕੀਤੀ । 5 ਮਈ ਨੂੰ ਹਾਈਕੋਰਟ ਨੇ ਸਟੇ ਦੇ ਆਰਡਰ ਦਿੱਤੇ । ਇਸ ਤਰ੍ਹਾਂ ਪਿੰਡ ਸਿਡਸਦੀ, ਪੁਲਿਸ ਨੇ ਪੁਰ ਅਮਨ ਲੋਕਾਂ ਤੇ ਗੋਲੀ ਚਲਾਈ, ਇਸੇ ਤਰ੍ਹਾਂ ਹੋਰ ਬੜੇ ਵਾਕਿਆਤ ਹੋਏ ਹਨ। 9 ਅਪਰੈਲ ਨੂੰ ਇਨ੍ਹਾਂ ਨੇ, ਸੁਲਤਾਨਪੁਰ ਲੋਧੀ ਪੁਲਿਸ ਨੇ ਤਸ਼ਦਦ ਕੀਤਾ, ਉਥੇ 6 ਆਦਮੀਆਂ ਦੀਆਂ ਜ਼ਮਾਨਤਾ ਨਾ ਹੋਣ ਤੇ 100 ਕੋਲੋਂ ਮੁਚਲਕੇ ਮੰਗੇ । ਸਰਕਾਰ ਨੂੰ ਮੈਂ ਬੇਨਤੀ ਕਰਾਂਗਾ ਕਿ ਉਹ ਗਰੀਬਾਂ ਨੂੰ ਇਤਨਾ ਹਾਰਡ

*Expunged as ordered by the Chair.

ਹਿਟ ਨਾ ਕਰੇ । ਮੈਂ ਵਿੱਤ ਮੰਤਰੀ ਜੀ ਦੀ ਖਿਦਮਤ ਦੇ ਵਿੱਚ ਅਰਜ਼ ਕਰਾਂਗਾ ਕਿ ਉਨ੍ਹਾਂ ਲੋਕਾਂ ਨਾਲ ਬੜਾ ਜ਼ੁਲਮ ਹੋ ਰਿਹਾ ਹੈ ਉਹ ਤੁਹਾਡੇ ਰਹਿਮ ਤੇ ਹਨ......... * * * * * (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਲਫ਼ਜ਼ ਐਕਸਪੰਜ ਕਰ ਦਿਉ । ਜੇ ਗੌਰਮੈਂਟ ਅਜਿਹੀ ਹੋਵੇ ਤਾਂ ਉਹ ਰਹਿ ਹੀ ਨਹੀਂ ਸਕਦੀ । (There words may be expunged. If it were so, it could not remain in office.)

ਗਿਆਨੀ ਬਖਤਾਵਰ ਸਿਘ : ਬਹੁਤ ਅੱਛਾ ਜਨਾਬ, ਮੈਂ ਅਰਜ਼ ਕਰ ਰਿਹਾ ਸੀ ਕਿ ਜਦੋਂ ਪਾਕਿਸਤਾਨ ਸਾਡੀਆਂ ਹੱਦਾਂ ਤੇ ਆਕੇ ਬੈਠਾ, ਉਸ ਵੇਲੇ ਪਹਿਲਾਂ ਜਦੋਂ ਜਲੋਕੀ ਦੇ ਮੁਕਾਮ ਤੇ ਗੋਲੀ ਚਲੀ, ਉਨ੍ਹਾਂ ਲੋਕਾਂ ਨੂੰ ਜਿਹੜੇ ਇਸ ਬਾਰਡਰ ਦੇ ਨਾਲ ਨਾਲ ਵਸਦੇ ਸੀ ਸਰਕਾਰ ਨੇ ਖੁਦ ਉਠਾਇਆ। ਹੁਣ ਤਕ ਨਾ ਉਨ੍ਹਾਂ ਨੂੰ ਆਬਾਦ ਕੀਤਾ ਹੈ ਅਤੇ ਨਾ ਹੀ ਕਿਸੇ ਹੋਰ ਢੰਗ ਨਾਲ ਸਪਲੀਮੈਂਟ ਕੀਤਾ ਹੈ। ਹੁਣ ਤਾਂ ਪਤਾ ਹੀ ਨਹੀਂ ਕਿ ਉਨ੍ਹਾਂ ਦਾ ਕੇਸ ਕਿਸ ਖੱਡੇ ਵਿੱਚ ਸੁਟ ਦਿੱਤਾ ਹੈ । ਮੈਂ ਡਾਕਟਰ ਬਲਦੇਵ ਪ੍ਰਕਾਸ਼ ਜੀ ਨੂੰ ਆਖਾਂਗਾ ਕਿ ਇਸ ਸਾਰੀ ਖਰਾਬੀ ਦੀ ਵਜਾ ਦੀ ਇਨਕੁਆਇਰੀ ਕਰਾਉਣ । ਜੇ ਮੈਂ ਝੂਠਾ ਸਾਬਤ ਹੋਵਾਂ ਤਾਂ ਮੈਂ ਅਸੈਂਬਲੀ ਦੀ ਮੈਂਬਰਸ਼ਿਪ ਛੱਡ ਦਿਆਂਗਾ ਨਹੀਂ ਤਾਂ ਸਾਰੇ ਮੁਆਮਲਿਆਂ ਵਿੱਚ ਇਨਸਾਫ ਦੇਣ ਲਈ ਗੌਰਮੈਂਟ ਨੂੰ ਹੋਰ ਦਿਲ ਨਹੀਂ ਕਰਨੀ ਚਾਹੀਦੀ ।

ਪੰਜਾਬ ਸਰਕਾਰ ਨੇ ਬਜਟ ਵਿੱਚੋਂ ਪੈਸਾ ਖਰਚ ਕੇ ਵੱਡੀਆਂ ਵੱਡੀਆਂ ਬਿਲਡਿੰਗਾਂ ਉਸਾਰੀਆਂ। ਭਾਖੜਾ ਨੰਗਲ ਵਰਗੇ ਡੈਮ ਬਣਾਏ । ਇਹ ਚੰਗੇ ਕੰਮ ਹਨ ਪਰ ਇਸ ਦੇਸ਼ ਦੇ ਅੰਦਰ ਜੋ ਹਾਲਾਤ ਹੋਏ ਹਨ ਉਹ ਅਜੇ ਤਕ ਕਦੇ ਵੀ ਨਹੀਂ ਹੋਏ । ਮੈਂ ਕਹਿੰਦਾ ਹਾਂ ਹਰ ਭਾਰਤੀ ਨੂੰ ਪੂਰੇ ਪੂਰੇ ਵਿਧਾਨਕ ਇਖਤਿਆਰ ਹਨ, ਉਸ ਦੀ ਲਿਮਿਟ ਹੈ, ਪਰ ਇਹ ਨਹੀਂ ਹੋਣਾ ਚਾਹੀਦਾ ਕਿ ਜੇ ਇਕ ਆਦਮੀ ਨੇ ਪੰਜਾ ਸਾਹਿਬ ਜਾਣਾ ਹੋਵੇ, ਜੇ ਤਾਂ ਗਵਰਨਮੈਂਟ ਉਸ ਤੇ ਖੁਸ਼ ਹੈ ਤਾਂ ਵੀਜ਼ਾ ਦੇ ਦਿੱਤਾ ਜਾਂਦਾ ਹੈ ਜੇ ਨਾਰਾਜ਼ ਹੋਵੇ ਤਾਂ ਨਹੀਂ ਮਿਲਦਾ । ਮੈਂ ਇਖਲਾਕੀ ਜੁਰਅਤ ਨਾਲ ਸਰਕਾਰ ਨੂੰ ਕਹਾਂਗਾ ਕਿ ਜੇ ਅਮਰੀਕਨ, ਰੂਸੀ, ਏਧਰ ਆ ਸਕਦੇ ਹਨ, ਕਾਫਲਿਆਂ ਦੇ ਕਾਫਲੇ ਫਿਰਦੇ ਹਨ, ਕੁਝ ਨਹੀਂ ਬਿਗੜਦਾ ਤਾਂ ਏਧਰਲੇ ਵੀ ਜਾ ਸਕਦੇ ਹਨ। ਹਾਂ ਜਿਸ ਤੇ ਕੋਈ ਸ਼ਕ ਹੋਵੇ ਬੇਸ਼ਕ ਉਸ ਨੂੰ ਰੋਕ ਲਉ। ਸਤੰਬਰ ਦੇ ਮਹੀਨੇ ਜਦੋਂ ਲੜਾਈ ਲੱਗੀ ਹੋਈ ਸੀ, ਫਿਰੋਜ਼ਪੁਰ ਦੇ ਜੋ ਹਾਲਾਤ ਹੋਏ ਉਸ ਨੂੰ ਦੁਨੀਆਂ ਵੇਖਦੀ ਹੁੰਦੀ ਸੀ, ਪਰ ਅੱਜ ਸਰਕਾਰ ਦਾ ਉਥੇ ਦਾ ਸਾਰਾ ਨਿਜ਼ਾਮ ਫੇਲ੍ਹ ਹੋਇਆ ਹੈ। ਲੋਕਾਂ ਨੂੰ ਇਸ ਵੇਲੇ ਵਧ ਤੋਂ ਵਧ ਸਹਾਇਤਾ ਦੇਣ ਦੀ ਜ਼ਰੂਰਤ ਹੈ, ਜਿੱਥੇ ਨਹਿਰਾਂ ਨਹੀਂ ਪਹੁੰਚਦੀਆਂ ਉਥੇ ਪਾਣੀ ਹਾਸਲ ਕਰਨ ਵਾਸਤੇ ਖੂਹ ਲਾਉਣ ਦੇ ਪ੍ਰਬੰਧਾਂ ਲਈ ਪੈਸੇ ਦਿੱਤੇ ਜਾਣ । ਲੋਕਾਂ ਨੂੰ ਖੂਹਾਂ ਲਈ ਪੈਸੇ ਦਿਉ । ਲੋਕਾਂ ਨੇ ਪਾਣੀ ਕਿਥੋਂ ਲੈਣਾ ਹੈ? ਆਪਨੇ ਪਿਛਲੇ ਸਾਲ ਦੇ ਕੀਤੇ ਮਜ਼ਾਹਰੇ ਵੇਖੇ ਹਨ । ਐਗਰੀਕਲਚਰ ਲਈ ਡੀਮਾਂਡ ਵਿੱਚ ਪੈਸੇ ਰੱਖੇ ਹਨ, ਬਿਆਸ ਲਿੰਕ ਬਣਾ ਰਹੇ ਹੋ । ਦੂਸਰੇ ਪਾਸੇ ਬਿਜਲੀ ਬੰਦ ਰਹਿਣ ਨਾਲ ਚਾਰ ਕਰੋੜ ਦਾ ਨੁਕਸਾਨ ਹੋਇਆ ਹੈ । ਜੇ ਕਰ ਮੈਂ ਹੁੰਦਾ ਤਾਂ ਹੜਤਾਲ ਕਰਨ ਵਾਲਿਆਂ ਨੂੰ ਕਦੀ ਮਾਫ ਨਾ ਕਰਦਾ । ਸਭ ਨੂੰ ਸਸਪੈਂਡ ਕਰ ਦਿੰਦਾ, ਨਵੀਂ ਭਰਤੀ ਕਰ ਲੈਂਦਾ ਤਾਂ ਜੋ ਬਿਜਲੀ ਵਾਲਿਆਂ ਨੂੰ ਦੋਬਾਰਾ ਸਟਰਾਈਕ ਕਰਨ ਦੀ ਹਿੰਮਤ ਨਾ ਪੈਂਦੀ । ਇਸ ਸਟਰਾਈਕ ਨਾਲ ਨੈਸ਼ਨਲ ਲਾਸ ਬਹੁਤ ਜ਼ਿਆਦਾ ਹੋਇਆ ਹੈ ਸੂਬੇ ਦੀ ਜ਼ਰਾਇਤ ਤਬਾਹ ਹੋ ਗਈ। ਇੰਡਸਟਰੀ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋ ਗਿਆ । ਕਈ ਗਰੀਬ ਲੋਕ ਬਿਜਲੀ ਨਾ ਮਿਲਣ

*Expunged as ordered by the Chair.

[ਗਿਆਨੀ ਬਖ਼ਤਾਵਰ ਸਿੰਘ ਰਾਏ]

ਕਰਕੇ ਵਿਹਲੇ ਬੈਠੇ ਰਹੇ । ਦੇਸ਼ ਦਾ ਕਰੋੜਾਂ ਰੁਪਏ ਦਾ ਨੁਕਸਾਨ ਹੋ ਗਿਆ। ਹੜਤਾਲ ਕਰਨ ਵਾਲਿਆਂ ਨੂੰ ਕਦੀ ਮਾਫ ਨਹੀਂ ਕਰਨਾ ਚਾਹੀਦਾ ।

ਸਾਡੇ ਸੂਬੇ ਵਿੱਚ ਟਾਪ ਹੈਵੀ ਐਡਮਿਨਿਸਟ੍ਰੇਸ਼ਨ ਹੈ । ਸੈਕਰੇਟਰੀਜ਼, ਜਾਇੰਟ ਸੈਕਰੇਟਰੀਜ਼, ਡਿਪਟੀ ਸੈਕਰੇਟਰੀਜ਼ ਅਤੇ ਅੰਡਰ ਸੈਕਰੇਟਰੀਜ਼ ਦੀਆਂ ਪੋਸਟਾਂ ਨੂੰ ਖਤਮ ਕਰ ਦੇਣਾ ਚਾਹੀਦਾ ਹੈ । ਇਸ ਤਰ੍ਹਾਂ ਨਾਲ ਗਰੀਬ ਸੂਬੇ ਦੇ ਪੈਸੇ ਬਚਾਏ ਜਾ ਸਕਦੇ ਹਨ ਅਤੇ ਲੋਕ ਭਲਾਈ ਦੇ ਕੰਮਾਂ ਤੇ ਖਰਚ ਕੀਤੇ ਜਾ ਸਕਦੇ ਹਨ। ਡਾਇਰੈਕਟਰ ਗਰੀਵੈਂਸਿਜ਼—ਸ਼ਿਕਾਇਤਾਂ ਦਾ ਮਹਿਕਮਾ, ਫਲਾਇੰਗ ਸੁਕੈਡ ਅਤੇ ਵਿਜੀਲੈਂਸ ਨੂੰ ਇਕੱਠਾ ਕਰ ਦਿੱਤਾ ਜਾਣਾ ਚਾਹੀਦਾ ਹੈ। ਇਹ ਸਾਰੀ ਡੁਪਲੀਕੇਸ਼ਨ ਆਫ ਵਰਕ ਹੈ। ਜਿਹੜੀਆਂ ਸ਼ਿਕਾਇਤਾਂ ਆਉਂਦੀਆਂ ਹਨ ਉਨ੍ਹਾਂ ਦਾ ਫੈਸਲਾ ਡਿਸਟ੍ਰਿਕਟ ਲੈਵਲ ਤੇ ਹੋਣਾ ਚਾਹੀਦਾ ਹੈ ਫਿਰ ਉਨ੍ਹਾਂ ਫੈਸਲਿਆਂ ਦੀ ਅਪੀਲ ਉਸ ਬੋਰਡ ਕੋਲ ਆਉਣੀ ਚਾਹੀਦੀ ਹੈ ਜਿਹੜਾ ਇਨ੍ਹਾਂ ਤਿੰਨਾਂ ਮਹਿਕਮਿਆਂ ਦਾ ਬਣੇ। ਉਹਦਾ ਨਾਂ ਭਾਵੇਂ ਕੋਈ ਰਖ ਲਉ । ਬੋਰਡ ਦੇ ਫੈਸਲੇ ਦੇ ਬਾਅਦ ਚੀਫ ਮਨਿਸਟਰ ਆਪਣੇ ਆਰਡਰਜ਼ ਉਨ੍ਹਾਂ ਕਾਗਜ਼ਾਂ ਉਪਰ ਦੇਵੇ ਅਤੇ ਉਹ ਕਾਗਜ਼ਾਤ ਫਿਰ ਜ਼ਿਲਿਆਂ ਦੇ ਐਗਜ਼ੈਕਟਿਵ ਮੈਜਿਸਟਰੇਟਸ ਦੇ ਪਾਸ ਪਹੁੰਚ ਜਾਣੇ ਚਾਹੀਦੇ ਹਨ, ਉਨ੍ਹਾਂ ਕੋਲ ਕੋਈ ਕੰਮ ਨਹੀਂ ਹੁੰਦਾ ਉਹ ਵਿਹਲੇ ਬੈਠੇ ਰਹਿੰਦੇ ਹਨ। ਸ਼ਿਕਾਇਤ ਕੁਨਿੰਦਗਾਨ ਅਤੇ ਕਰਮਚਾਰੀਆਂ ਦੋਨਾਂ ਨੂੰ ਆਪਣੀ ਸਫਾਈ ਦੇਣ ਦਾ ਮੌਕਾ ਮਿਲਣਾ ਚਾਹੀਦਾ ਹੈ । ਪਰ ਹੁਣ ਕੀ ਹੁੰਦਾ ਹੈ ਲੋਕੀਂ ਮਨਿਸਟਰਾਂ ਕੋਲ ਸ਼ਿਕਾਇਤਾਂ ਕਰਦੇ ਹਨ ਤੇ ਮਨਿਸਟਰ ਲਿਖ ਦਿੰਦੇ ਹਨ 'ਕਿ ਮੈਟਰ ਮੇ ਬੀ ਲੁਕਡ ਇਨ ਟੂ' ਅਤੇ ਦਰਖਾਸਤ ਸੈਕਰੇਟਰੀ ਤੋਂ ਹੁੰਦੀ ਹੋਈ, ਡੀ.ਸੀ. ਤਹਿਸੀਲਦਾਰ ਅਤੇ ਫਿਰ ਉਸੇ ਕਰਮਚਾਰੀ ਕੋਲ ਆ ਜਾਂਦੀ ਹੈ ਜਿਸ ਦੇ ਖ਼ਿਲਾਫ ਸ਼ਿਕਾਇਤ ਹੁੰਦੀ ਹੈ ਅਤੇ ਸਾਰਾ ਮਾਮਲਾ ਰੁਟੀਨ ਵਿੱਚ ਪੈ ਜਾਂਦਾ ਹੈ ਅਤੇ ਸ਼ਿਕਾਇਤ ਕੁਨਿੰਦਗਾਨ ਨੂੰ ਇਨਸਾਫ ਨਹੀਂ ਮਿਲਦਾ। ਇਸ ਲਈ ਮੇਰੀ ਦਰਖਾਸਤ ਹੈ ਕਿ ਡਿਸਟ੍ਰਿਕਟ ਲੈਵਲ ਤੇ ਵਿਜੀਲੈਂਸ ਦੇ ਮੈਂਬਰਾਂ, ਦੀ ਮੌਜੂਦਗੀ ਵਿੱਚ ਹੋਇਆ ਫੈਸਲਾ ਚੌਕਸੀ ਬੋਰਡ ਦੇ ਪਾਸ ਭੇਜ ਦੇਣਾ ਚਾਹੀਦਾ ਹੈ ਅਤੇ ਚੌਕਸੀ ਬੋਰਡ ਆਪਣਾ ਫੈਸਲਾ ਕਰਕੇ ਚੀਫ ਮਨਿਸਟਰ ਕੋਲ ਭੇਜ ਦੇਵੇ ।

ਇਸ ਸਬੰਧ ਵਿੱਚ ਮੈਂ ਇਹ ਵੀ ਅਰਜ਼ ਕਰਨੀ ਚਾਹੁੰਦਾ ਹਾਂ ਕਿ ਹੋਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਸੀਲਾ ਖੁਰਦ ਵਿੱਚ ਕੁਝ ਦਿਹਾਤੀਆਂ ਅਤੇ ਪੁਲਿਸ ਪਾਰਟੀ ਵਿੱਚ ਮੁਕਾਬਲਾ ਹੋਇਆ ਹੈ ਅਤੇ ਕਿਹਾ ਜਾਂਦਾ ਹੈ ਕਿ ਪੌਣਾ ਘੰਟਾ ਆਪਸ ਵਿੱਚ ਫਾਇਰਿੰਗ ਹੁੰਦੀ ਰਹੀ । ਨਹੀਂ ਪਤਾ ਲਗ ਸਕਦਾ ਕਿ ਪੁਲਿਸ ਪਾਰਟੀ ਠੀਕ ਹੈ ਜਾਂ ਨੰਬਰਦਾਰ, ਸਰਪੰਚ ਠੀਕ ਹਨ ਜਾਂ ਉਹ ਪਾਰਟੀਆਂ ਠੀਕ ਹਨ ਜਿਨ੍ਹਾਂ ਦਾ ਝਗੜਾ ਆਪਸ ਵਿੱਚ ਹੋਇਆ । ਇਹੋ ਜਿਹੇ ਮਾਮਲਿਆਂ ਵਿੱਚ ਚੌਕਸੀ ਕਮੇਟੀ ਜਾਂ ਫਲਾਇੰਗ ਸੁਕੈਡ ਨੂੰ ਚਾਹੀਦਾ ਹੈ ਕਿ ਚੀਫ ਮਨਿਸਟਰ ਦੇ ਆਰਡਰ ਲੈ ਕੇ ਇਮੀਜੀਏਟਲੀ ਉਥੇ ਪਹੁੰਚਣ ਅਤੇ ਅਸਲ ਹਾਲਾਤ ਦੀ ਇਤਲਾ ਫੌਰਨ ਚੀਫ ਮਨਿਸਟਰ ਨੂੰ ਦੇਣੀ ਚਾਹੀਦੀ ਹੈ ਤਾਂ ਜੋ ਜਸਟਿਸ ਡੀਲੇ ਨਾ ਹੋਵੇ ਅਤੇ ਜਸਟਿਸ ਲੋਕਾਂ ਨੂੰ ਫੌਰਨ ਮਿਲੇ ।

ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਤੂਫਾਨੀ ਦਲ ਦਾ ਸਬੰਧ ਸਿੱਧਾ ਚੀਫ ਮਨਿਸਟਰ ਨਾਲ ਹੋਣਾ ਚਾਹੀਦਾ ਹੈ ਤਾਂ ਜੋ ਉਹ ਸੂਬੇ ਦੇ ਹਾਲਾਤ ਤੋਂ ਵਾਕਫ ਰਹਿਣ ਅਤੇ ਲੋਕਾਂ ਦੇ ਗਰੀਵੈਂਸਿਜ਼ ਦੂਰ ਹੋ ਸਕਣ ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸਾਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ, ਸਮਾਂ ਬਹੁਤ ਥੋੜ੍ਹਾ ਸੀ। ਫਿਰ ਸਮਾਂ ਦਿਉਗੇ ਤਾਂ ਕੁਝ ਹੋਰ ਗੱਲਾਂ ਅਰਜ਼ ਕਰਾਂਗਾ।

ਸਰਦਾਰ ਜਾਗੀਰ ਸਿੰਘ ਦਰਦ (ਦਾਖਾ, ਐਸ. ਸੀ.) : ਕਾਬਲੇ ਇਹਤਰਾਮ ਡਿਪਟੀ ਸਪੀਕਰ ਸਾਹਿਬ, ਅੱਜ ਅਸੀਂ ਪੰਜਾਬ ਸਰਕਾਰ ਵਲੋਂ ਪੇਸ਼ ਕੀਤੇ ਗਏ ਬਜਟ ਤੇ ਬਹਿਸ ਕਰ ਰਹੇ ਹਾਂ । ਇਸ ਬਜਟ ਦੇ ਬਾਰੇ ਇਕ ਸ਼ੇਅਰ ਕਿਹਾ ਜਾ ਸਕਦਾ ਹੈ :—

ਲੂਟ ਲੀ ਰੋਸ਼ਨੀ, ਉਭਰੇ ਹੂਏ ਮੀਨਾਰੋਂ ਨੇ,
ਪਸਤ ਜ਼ਰੋਂ ਕੇ ਲੀਏ ਵੁਹੀ ਅੰਧੇਰੀ ਰਾਤ ਹੈ ।

ਇਸ ਬਜਟ ਵਿੱਚ ਹਰੀਜਨਾਂ ਅਤੇ ਗਰੀਬ ਕਿਸਾਨ ਵਾਸਤੇ ਕੁਝ ਵੀ ਨਹੀਂ ਰਖਿਆ ਗਿਆ । ਇਹ ਕੇਵਲ ਵੱਡੇ ਵੱਡੇ ਲੈਂਡ ਲਾਰਡਜ਼ ਅਤੇ ਇੰਡਸਟਰੀਅਲਿਸਟਸ ਦਾ ਬਜਟ ਹੈ । ਆਪ ਜਾਣਦੇ ਹੀ ਹੋ ਕਿ ਪੰਜਾਬੀ ਸੂਬਾ ਬਣਾਉਣ ਲਈ ਕਿੰਨੀ ਜਦੋ ਜਹਿਦ ਅਤੇ ਕੁਰਬਾਨੀਆਂ ਕੀਤੀਆਂ ਗਈਆਂ, ਅਤੇ ਹੱਦ ਉਥੇ ਮੁਕੀ ਜਦੋਂ ਪੰਜਾਬ ਦੇ ਬਹੁਤ ਵੱਡੇ ਦੇਸ਼ ਭਗਤ ਸੰਤ ਫਤਿਹ ਸਿੰਘ ਅਤੇ ਉਨ੍ਹਾਂ ਦੇ ਸੱਤ ਸਾਥੀਆਂ ਨੇ ਸੜ ਕੇ ਮਰ ਜਾਣ ਦਾ ਐਲਾਨ ਕਰ ਦਿੱਤਾ । ਇਸ ਦਾ ਨਤੀਜਾ ਇਹ ਹੋਇਆ ਕਿ ਪੰਜਾਬੀ ਸੂਬਾ ਵਜੂਦ ਵਿੱਚ ਆਇਆ । ਸੂਬਾ ਵੀ ਅਜਿਹਾ ਬਣਿਆ ਜਿਸ ਵਿੱਚ ਨਾ ਕੋਈ ਦਰਿਆ ਸੀ, ਨਾ ਕੋਈ ਪਹਾੜ ਨਾ ਡੈਮ ਅਤੇ ਨਾ ਹੀ ਆਪਣੀ ਜ਼ਬਾਨ ਦਾ ਜ਼ਿਕਰ, ਇਸ ਤਰ੍ਹਾਂ ਦਾ ਸੂਬਾ ਬਣਿਆ...

ਸ਼੍ਰੀ ਡਿਪਟੀ ਸਪੀਕਰ : ਵੈਸੇ ਦਰਿਆ ਤਾਂ ਦੋ ਤਿੰਨ ਵਗਦੇ ਹਨ । (There are two or three rivers flowing in the Punjabi Suba.)

ਸਰਦਾਰ ਜਾਗੀਰ ਸਿੰਘ ਦਰਦ : ਪੰਜਾਬੀ ਸੂਬੇ ਦੀ ਮੂਵਮੈਂਟ ਦੋ ਚੀਜ਼ਾਂ ਤੇ ਬੇਸਡ ਸੀ—ਇਕ ਤਾਂ ਇਹ ਕਿ ਸਿਖਾਂ ਦੇ ਨਾਲ ਡਿਸਕ੍ਰਿਮੇਨੇਸ਼ਨ ਹੋ ਰਹੀ ਹੈ, ਧੱਕਾ ਹੋ ਰਿਹਾ ਹੈ, ਦੂਸਰਾ ਇਹ ਹੈ ਕਿ ਅਸੀਂ ਹਿੰਦੂਆਂ ਦੇ ਗ਼ਲਬੇ ਵਿੱਚ ਨਹੀਂ ਰਹਿਣਾ । ਜਿਸ ਵੇਲੇ ਪੰਜਾਬੀ ਸੂਬੇ ਦੇ ਪਹਿਲੇ ਜਨਰਲ ਇਲੈਕਸ਼ਨ ਹੋਏ ਤਾਂ ਅਕਾਲੀ ਦਲ ਬਹੁਤ ਬੁਰੀ ਤਰ੍ਹਾਂ ਹਾਰਿਆ । 104 ਵਿੱਚੋਂ ਸਿਰਫ 24 ਸੀਟਾਂ ਜਿਤੀਆਂ । ਨਤੀਜਾ ਇਹ ਹੋਇਆ ਕਿ ਜਿਸ ਵਕਤ ਪਬਲਿਕ ਵਿੱਚ ਜਾਂਦੇ ਸਨ ਤਾਂ ਬਹੁਤ ਸ਼ਰਮ ਮਹਿਸੂਸ ਕਰਦੇ ਸਨ ਕਿ ਜਿੱਥੇ ਮਹਾਰਾਜਾ ਰਣਜੀਤ ਸਿੰਘ ਦੇ ਵਕਤਾਂ ਦੇ ਐਡੇ ਵੱਡੇ ਪੰਜਾਬੀ ਸੂਬੇ ਨੂੰ ਚੀਰ ਫਾੜ ਤੇ ਛੋਟੇ ਛੋਟੇ ਗਿਆਰਾਂ ਜ਼ਿਲ੍ਹਿਆਂ ਵਿੱਚ ਬੰਦ ਕਰ ਦਿੱਤਾ, ਅਸੈਂਬਲੀ ਵਿੱਚ ਆਪਣੀ ਮਨਸ਼ਾ ਦੇ ਬਣਾਏ ਹੋਏ ਸੂਬੇ ਵਿੱਚ ਵੀ ਤੁਸੀਂ ਮੈਜਾਰਿਟੀ ਵਿੱਚ ਨਹੀਂ ਆ ਸਕੇ । ਸਵਾਲ ਪੈਦਾ ਹੋਇਆ ਕਿ ਕੀ ਕੀਤਾ ਜਾਵੇ । ਇਨ੍ਹਾਂ ਨੇ ਡਾਕਟਰ ਬਲਦੇਵ ਪਰਕਾਸ਼ ਅਤੇ ਉਨ੍ਹਾਂ ਦੀ ਜਨਸੰਘ ਪਾਰਟੀ ਨੂੰ ਹੱਥ ਬੰਨ ਕੇ ਕਿਹਾ ਕਿ ਖੁਦਾ ਦੇ ਵਾਸਤੇ ਅਪਣਾ ਗ਼ਲਬਾ ਜਾਰੀ ਰਖੋ, ਅਸੀਂ ਤੁਹਾਡੇ ਗ਼ਲਬੇ ਦੇ ਬਿਨਾ ਜੀਂਦੇ ਨਹੀਂ ਰਹਿ ਸਕਦੇ । ਉਨ੍ਹਾਂ ਨੇ ਕਿਹਾ ਕਿ ਅਸੀਂ ਗ਼ਲਬਾ ਤਾਂ ਜ਼ਰੂਰ ਰਖਾਂਗੇਪ ਰ ਹੁਣ ਸ਼ਰਤਾਂ ਨਾਲ ਰਖਾਂਗੇ । ਇਸ ਤਰ੍ਹਾਂ ਬਲਰਾਮਜੀ ਦਾਸ ਟੰਡਨ ਨੇ ਅੰਮ੍ਰਿਤਸਰ ਵਿੱਚ ਕਿਹਾ ਕਿ ਅਸੀਂ 6 ਸ਼ਰਤਾਂ ਮਨਾ ਕੇ ਆਏ ਹਾਂ । ਪਹਿਲੀ ਸ਼ਰਤ ਇਹ ਰਖੀ ਕਿ ਅਸੀਂ ਪੰਜਾਬੀ ਜ਼ਬਾਨ ਸਟੇਟ ਲੈਵਲ ਤੇ ਬਿਲਕੁਲ ਬਰਦਾਸ਼ਤ ਨਹੀਂ ਕਰ ਸਕਦੇ । ਅਕਾਲੀਆਂ ਨੇ ਹੱਥ ਬੰਨ੍ਹ ਕੇ ਕਿਹਾ ਕਿ ਸਤਿ ਬਚਨ, ਨਾ **ਕਰੋ** । ਦੂਜੀ ਸ਼ਰਤ ਉਨ੍ਹਾਂ ਨੇ ਇਹ ਕਹੀ ਕਿ ਚੰਡੀਗੜ੍ਹ ਜਿਹੜਾ ਕਿ ਪੰਜਾਬ ਦਾ ਉਸੇ ਤਰ੍ਹਾਂ ਨਾਲ ਦਿਲ ਹੈ ਜਿਵੇਂ ਕਿ ਪੈਰਿਸ ਫਰਾਂਸ ਦਾ ਹੈ ਅਤੇ ਲੰਡਨ ਇੰਗਲੈਂਡ ਦਾ ਦਿਲ ਹੈ ਅਤੇ ਜਿਵੇਂ ਉਨ੍ਹਾਂ ਸ਼ਹਿਰਾਂ ਬਿਨਾਂ ਉਨ੍ਹਾਂ ਮੁਲਕਾਂ ਦੀ ਕੋਈ ਮਹੱਤਤਾ ਨਹੀਂ ਹੈ ਇਸੇ ਤਰ੍ਹਾਂ ਉਨ੍ਹਾਂ ਨੇ ਚੰਡੀਗੜ੍ਹ ਦੇ ਮੁਤੱਅਲਿਕ ਕਿਹਾ ਹੈ ਕਿ ਇਸ ਦੇ ਨਾਲ ਸਾਡਾ ਕੋਈ ਮਤਲਬ ਨਹੀਂ ਇਨ੍ਹਾਂ ਕਿਹਾ "ਸਤਿ ਬਚਨ" ।

Mr.. Deputy Speaker : Jan Sangh is supporting the policy for getting Chandigarh.

ਸਰਦਾਰ ਜਾਗੀਰ ਸਿੰਘ ਦਰਦ : ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਉਨ੍ਹਾਂ ਨੇ ਆਪਣੀਆਂ ਸ਼ਰਤਾਂ ਮਨਵਾ ਕੇ ਆਪਣਾ ਗ਼ਲਬਾ ਕਾਇਮ ਰਖਿਆ ! ਫਿਰ ਕਿਹਾ ਕਿ ਸਾਰਿਆਂ ਡੈਮਜ਼ ਵਿੱਚ ਤੁਹਾਨੂੰ ਕੋਈ ਦਖ਼ਲ ਨਹੀਂ ਦੇਣਾ ਚਾਹੀਦਾ ਇਨ੍ਹਾਂ ਕਿਹਾ 'ਸਤਿ ਬਚਨ" । ਤੀਜੀ ਸ਼ਰਤ ਵਿੱਚ ਜਨ ਸੰਘ ਨੇ ਕਿਹਾ ਕਿ ਸਟੇਟ ਟਰੇਡਿੰਗ ਅਸੀਂ ਨਹੀਂ ਹੋਣ ਦੇਣੀ ਇਨ੍ਹਾਂ ਕਹਿਾ "ਸਤਿ ਬਚਨ" । ਜਿਸ ਗ਼ਲਬੇ ਨੂੰ ਦੂਰ ਕਰਨ ਲਈ ਸਿੱਖ ਕੌਮ ਤੜਪ ਤੜਪ ਕੇ ਮਰ ਰਹੀ ਸੀ ਔਰ ਜਿਸ ਗ਼ਲਬੇ ਨੂੰ ਹਟਾਉਣ ਲਈ ਸੈਂਕੜੇ ਬੰਦੇ ਗੋਲੀਆਂ ਦੇ ਸ਼ਿਕਾਰ ਹੋਏ, ਲੱਖ ਦੋ ਲੱਖ ਦੇ ਕਰੀਬ ਇਸ ਮੂਵਮੈਂਟ ਵਿੱਚ ਕੈਦ ਹੋਏ ਪੰਜਾਬੀ ਸੂਬਾ ਬਨਣ ਤੋਂ ਬਾਅਦ ਇਨ੍ਹਾਂ ਅਕਾਲੀਆਂ ਨੇ ਅਪੀਲਾਂ ਕੀਤੀਆਂ ਜਨਸੰਘ ਨੂੰ ਹੀ ਨਹੀਂ ਸਗੋਂ ਉਸ ਪਾਰਟੀ ਨੂੰ ਵੀ ਜੋ ਪਰਮਾਤਮਾ ਵਿੱਚ ਵਿਸ਼ਵਾਸ਼ ਵੀ ਨਹੀਂ ਰਖਦੀ ਸੀ, ਔਰ ਇਸ ਤਰ੍ਹਾਂ ਇਨ੍ਹਾਂ ਦਾ ਯੂਨਾਈਟਿਡ ਫਰੰਟ ਬਣਿਆ । ਇਸ ਪਾਰਟੀ ਵਿੱਚ ਕੌਣ ਕੌਣ ਆ ਗਏ ਹਨ ? ਇਸ਼ ਵਿੱਚ ਦੁਸ਼ਮਨ ਵੀ ਆ ਗਏ ਹਨ ਦੋਸਤ ਵੀ ਆ ਗਏ ਹਨ । ਇਸ ਵਿੱਚ ਲੈਂਡ ਲਾਰਡ ਵੀ ਆ ਗਏ ਅਤੇ ਬੇਜ਼ਮੀਨੇ ਵੀ ਆ ਗਏ ਅਤੇ ਇਸ ਵਿੱਚ ਕੌਮ ਪ੍ਰਸਤ ਵੀ ਆ ਗਏ ਹਨ ਅਤੇ ਇਸ ਵਿੱਚ ਦੇਸ਼ ਧਰੋਹੀ ਵੀ ਹਨ ਔਰ ਸੋਸ਼ਲਿਜ਼ਮ ਦੇ ਹਿਮਾਇਤੀ ਵੀ ਜਿਹੜੇ ਕਹਿੰਦੇ ਹਨ ਕਿ ਸੋਸ਼ਲਿਜ਼ਮ ਵਿੱਚ ਫਰੀਡਮ ਹੋਣਾ ਚਾਹੀਦਾ ਹੈ—ਉਹ ਵੀ ਆ ਗਏ ਅਤੇ ਉਹ ਵੀ ਆ ਗਏ ਜਿਹੜੇ ਕਹਿੰਦੇ ਸਨ ਸੋਸਲਿਜ਼ਮ ਵਿੱਚ ਡਿਕਟੇਟਰਸ਼ਿਪ ਹੋਣੀ ਚਾਹੀਦੀ ਹੈ । ਇਸ ਤਰ੍ਹਾਂ ਇਨ੍ਹਾਂ ਸਾਰਿਆਂ ਐਲੀਮੈਂਟਸ ਨੂੰ ਰਲਾ ਕੇ ਇਹ ਯੂਨਾਈਟਿਡ ਫਰੰਟ ਬਣਾ ਕੇ ਪਾਰਟੀ ਦੀ ਗੌਰਮੈਂਟ ਵਜੂਦ ਵਿੱਚ ਆਈ ।

ਸਰਦਾਰ ਗਿਆਨ ਸਿੰਘ ਰਾੜੇਵਾਲਾ ਨੇ ਕਿਹਾ ਕਿ ਇਨ੍ਹਾਂ ਵਿੱਚ ਕਾਮਨ ਚੀਜ਼ ਕੋਈ ਨਹੀਂ । ਮੈਂ ਹੈਰਾਨ ਹਾਂ ਕਿ ਸਰਦਾਰ ਗਿਆਨ ਸਿੰਘ ਹੋਰਾਂ ਨੂੰ ਇਨ੍ਹਾਂ ਵਿੱਚ ਕਾਮਨ ਚੀਜ਼ ਨਜ਼ਰ ਕਿਉਂ ਨਹੀਂ ਆਈ । ਉਨ੍ਹਾਂ ਕਿਹਾ ਕਿ ਸਟੇਟ ਟਰੇਡਿੰਗ ਉੱਤੇ ਇਸ ਸਰਕਾਰ ਦੀਆਂ ਪਾਰਟੀਆਂ ਕਾਮਨ ਨਹੀਂ, ਲੈਂਡ ਰੀਫਾਰਮਜ਼ ਉੱਤੇ ਕਾਮਨ ਨਹੀਂ ਜਾਂ ਵਖਰੀਆਂ ਵਖਰੀਆਂ ਹਨ । ਨੈਸ਼ਨਲਾਈਜ਼ੇਸ਼ਨ ਦੇ ਸਵਾਲ ਉੱਤੇ ਕਾਮਨ ਨਹੀਂ, ਹਿੰਦੂ ਕੋਡ ਬਿਲ ਉਤੇ ਗਰਜ਼ੇਕੇ ਕਿਸੇ ਵੀ ਇੰਪਾਰਟੈਂਟ ਮਸਲੇ ਉੱਤੇ ਇਹ ਇਕੱਠੇ ਨਹੀਂ। ਮੈਂ ਕਿਹਾ ਕਾਮਨ ਨਹੀਂ ਹਨ ਪਰ ਦੋ ਚੀਜ਼ਾਂ ਇਨ੍ਹਾਂ ਵਿੱਚ ਕਾਮਨ ਹਨ । ਜਨਾਬ ਇਨ੍ਹਾਂ ਨੂੰ ਵੇਖ ਕੇ ਮੈਨੂੰ ਇਕ ਮਿਸਾਲ ਯਾਦ ਆ ਗਈ ਹੈ । ਕਿਸੇ ਜਗ੍ਹਾ ਸੜੀ ਹੋਈ ਤੂੜੀ ਪਈ ਹੋਈ ਸੀ । ਬੜੀ ਦੇਰ ਤੋਂ ਪਈ ਹੋਈ ਸੀ ਔਰ ਉਸ ਨੂੰ ਕੋਈ ਚੁਕਦਾ ਨਹੀਂ ਸੀ । ਉਥੋਂ ਇਕ ਝੋਟਾ ਨਿਕਲਿਆ ਜਿਹੜਾ ਬਹੁਤ ਦੇਰ ਤੋਂ ਭੁੱਖਾ ਮਰ ਰਿਹਾ ਸੀ । ਉਹ ਤੂੜੀ ਨੂੰ ਵੇਖ ਕੇ ਪਹਿਲਾਂ ਉਸ ਨੇ ਤੂੜੀ ਨੂੰ ਸਿਰ ਨਾਲ ਖਰਾਬ ਕੀਤਾ ਬਾਅਦ ਵਿੱਚ ਪੈਰਾਂ ਨਾਲ। ਉਹ ਬੜਾ ਖੁਸ਼ ਹੋਇਆ ਔਰ ਉਸ ਨੇ ਰੱਜ ਕੇ ਉਸ ਤੂੜੀ ਨੂੰ ਖਾਧਾ । ਝੋਟਾ ਬੜਾ ਖੁਸ਼ ਸੀ ਔਰ ਤੂੜੀ ਵੀ ਬੜੀ ਖੁਸ਼ ਸੀ। ਥੋੜੀ ਦੇਰ ਬਾਅਦ ਉਥੋਂ ਕੋਈ ਗੁਰਮੁਖ ਲੰਘਿਆ ਔਰ ਉਸ ਨੇ ਝੋਟੇ ਨੂੰ ਪੁਛਿਆ ਕਿ ਤੂੰ ਸੜੀ ਹੋਈ ਤੂੜੀ ਖਾ ਕੇ ਕਿਉਂ ਇਤਨਾ ਖੁਸ਼ ਹੈ ? ਉਸ ਨੇ ਜਵਾਬ ਦਿੱਤਾ ਕਿ ਮੈਂ ਕਈ ਸਾਲਾਂ ਦਾ ਭੁੱਖਾ ਸਾਂ ਮੈਨੂੰ ਰੱਜ ਕੇ ਖਾਣ ਨੂੰ ਤੂੜੀ ਮਿਲ ਗਈ ਇਸ ਲਈ ਮੈਂ ਖੁਸ਼ ਹਾਂ । ਉਸ ਨੇ ਤੂੜੀ ਨੂੰ ਵੀ ਇਹੋ ਸਵਾਲ ਕੀਤਾ ਕਿ ਤੂੰ ਕਿਉਂ ਖੁਸ਼ ਹੈਂ ? ਉਸ ਸੜੀ ਹੋਈ ਤੂੜੀ ਨੇ ਜਵਾਬ ਦਿੱਤਾ ਕਿ ਮੈਂ 20 ਸਾਲਾਂ ਤੋਂ ਸੜ ਰਹੀ ਸਾਂ ਮੇਰਾ ਕਲਿਆਣ ਹੋ ਗਿਆ । ਮੈਨੂੰ ਕੋਈ ਖਾਣ ਨੂੰ ਤਿਆਰ ਨਹੀਂ ਸੀ ਹੁੰਦਾ ਅੱਜ ਸ਼ੁਕਰ ਹੈ ਪਰਮਾਤਮਾ ਦਾ ਕਿ ਇਸ ਝੋਟੇ ਨੇ ਮੈਨੂੰ ਖਾਧਾ ਤੇ ਮੇਰਾ ਕਲਿਆਣ ਹੋ ਗਿਆ । (ਹਾਸਾ) ਇਹੀ ਹਾਲਤ ਇਸ ਸਾਂਝੇ ਦਲ ਦੀ ਹੈ । ਅਕਾਲੀ ਇਕਲੇ ਤਾਂ ਸਰਕਾਰ ਬਣਾ ਨਹੀਂ ਸਨ ਸਕਦੇ ਅਤੇ ਅਕਾਲੀ ਝੋਟਾ ਕਈ ਸਾਲਾਂ ਤੋਂ ਤਾਕਤ ਦਾ ਭੁੱਖਾ ਸੀ ਅਤੇ ਜਨਸੰਘ, ਕਮਿਊਨਿਸਟ ਅਤੇ ਰੀਪਬਲਿਕਨ ਪਾਰਟੀ ਦੀ ਹਾਲਤ ਸੜੀ ਹੋਈ ਤੂੜੀ ਵਰਗੀ ਸੀ । ਅਕਾਲੀ ਇਸ ਲਈ ਖੁਸ਼ ਹਨ ਕਿ ਉਨ੍ਹਾਂ ਨੇ ਗੌਰਮੈਂਟ ਬਣਾ ਲਈ ਅਤੇ ਇਹ ਪਾਰਟੀਆਂ ਇਸ ਲਈ ਖੁਸ਼ ਹਨ ਕਿ ਉਨ੍ਹਾਂ ਦਾ ਵਜ਼ਾਰਤ ਵਿੱਚ ਆ ਕੇ ਕਲਿਆਣ ਹੋ ਗਿਆ । ਇਹੋ ਹੀ ਇਨ੍ਹਾਂ ਵਿੱਚ ਨਿਗਰ ਸਾਂਝ ਹੈ । ਡਿਪਟੀ ਸਪੀਕਰ ਸਾਹਿਬ, ਤੁਸੀਂ ਅੰਦਾਜ਼ਾ ਲਗਾਓ ਕਿ ਕਦੇ ਜਨਸੰਘ

ਔਰ ਕਮਿਊਨਿਸਟ ਅਤੇ ਰੀਪਬਲਿਕਨ ਪਾਰਟੀ ਦੇ ਬੰਦੇ ਵੀ ਪੰਜਾਬ ਦੀ ਮਨਿਸਟਰੀ ਵਿੱਚ ਆ ਸਕਦੇ ਸਨ ? ਉਹ ਇਸੇ ਲਈ ਆ ਗਏ ਹਨ ਕਿ ਸੜੀ ਹੋਈ ਤੂੜੀ ਔਰ ਭੁੱਖਾ ਝੋਟਾ ਮਿਲ ਗਏ ਹਨ।

ਸ੍ਰੀ ਡਿਪਟੀ ਸਪੀਕਰ : ਤੁਸੀਂ ਅਕਾਲੀ ਦਲ ਨੂੰ ਸੜੀ ਹੋਈ ਤੂੜੀ ਨਾਲ ਤਸ਼ਬੀਹ ਦਿਤੀ ਹੈ ਬਜਾਏ ਇਸ ਦੇ ਤੁਸੀਂ ਉਸ ਨੂੰ ਕੜਾਹ ਪ੍ਰਸ਼ਾਦ ਨਾਲ ਤਸ਼ਬੀਹ ਦੇ ਸਕਦੇ ਸੋ । (The hon. Member has compared Akali Dal with the rotton chaff, instead he could refer the Dal as "Krhah Parshad.")

ਸਰਦਾਰ ਜਾਗੀਰ ਸਿੰਘ ਦਰਦ : ਇਕ ਤਾਂ ਕਾਮਨ ਚੀਜ਼ ਇਹ ਹੋਈ ਔਰ, ਡਿਪਟੀ ਸਪੀਕਰ ਸਾਹਿਬ, ਦੂਸਰੀ ਕਾਮਨ ਚੀਜ਼ ਇਨ੍ਹਾਂ ਵਿੱਚ ਕੀ ਹੈ ਉਹ ਵੀ ਮੈਂ ਆਪ ਨੂੰ ਦਸਣਾ ਚਾਹੁੰਦਾ ਹਾਂ। ਇਕ ਦਫ਼ਾ ਇੰਗਲੈਂਡ ਦੇ ਹਾਊਸ ਆਫ਼ ਕਾਮਨਜ਼ ਵਿੱਚ Foreign Affairs ਤੇ ਕੋਈ ਬਹਿਸ ਹੋ ਰਹੀ ਸੀ। ਲੇਬਰ ਪਾਰਟੀ ਦੇ ਇਕ ਮੈਂਬਰ ਨੇ ਸਰਕਾਰ ਤੇ ਦੂਸ਼ਨ ਲਗਾਇਆ ਕਿ ਸਰਕਾਰ ਦੀ ਗੈਰ ਮੁਲਕੀ ਪਾਲਿਸੀ ਸਾਡੀ ਸਮਝ ਵਿੱਚ ਨਹੀਂ ਆਈ ਅਤੇ ਨਾ ਹੀ ਇਹ ਪਤਾ ਲਗਦਾ ਹੈ ਕਿ ਇੰਗਲੈਂਡ ਦੇ ਦੋਸਤ ਕੌਣ ਹਨ ਔਰ ਦੁਸ਼ਮਨ ਕੌਣ ਹਨ ਔਰ ਸਾਡੀ ਫਾਰਨ ਪਾਲਿਸੀ ਕੀ ਹੈ । ਉਸ ਦੇ ਜਵਾਬ ਵਿੱਚ ਫਾਰਨ ਮਨਿਸਟਰ ਨੇ ਬੜੀ ਸਿੱਧੀ ਗੱਲ ਕਹੀ :—

"England has no permanent friends and no permanent enemies but its own interests are permanent."

ਅਤੇ ਇਨ੍ਹਾਂ ਦੇ ਵੀ ਜਿਹੜੇ ਆਪੋ ਆਪਣੇ ਇੰਟੱਟਰੈਸਟ ਹਨ ਉਹੀ ਪਰਮਾਨੈਂਟ ਹਨ ਔਰ ਇਹੀ ਇਨ੍ਹਾਂ ਵਿੱਚ ਦੂਜੀ ਕਾਮਨ ਚੀਜ਼ ਹੈ । ਜਨਤਾ ਵਾਲੀ ਗੱਲ ਤਾਂ ਐਵੇਂ ਹੀ ਹੈ । ਜਿਸ ਵਕਤ ਜਨਤਾ ਦੇ ਇੰਟਰੈਸਟ ਦੀ ਦੁਹਾਈ ਦਿੰਦੇ ਹਨ ਤਾਂ ਹੈਰਾਨੀ ਹੁੰਦੀ ਹੈ ਕਿ ਇਹ ਕਹਿ ਕੀ ਰਹੇ ਹਨ, ਮਤਲਬ ਤਾਂ ਇਨ੍ਹਾਂ ਨੂੰ ਆਪਣੇ ਆਪਣੇ ਇੰਟਰੈਸਟ ਦਾ ਹੈ ।

ਡਿਪਟੀ ਸਪੀਕਰ ਸਾਹਿਬ, ਅਗਰ ਅਕਾਲੀਆਂ ਨੇ ਇਹ ਬਜਟ ਪੇਸ਼ ਕੀਤਾ ਹੁੰਦਾ ਤਾਂ ਮੈਨੂੰ ਕੋਈ ਅਫ਼ਸੋਸ ਨਾ ਹੁੰਦਾ । ਸਗੋਂ ਇਹ ਬਜਟ ਜਨਸੰਘ ਦੇ ਵਜ਼ੀਰ ਸ੍ਰੀ ਬਲਦੇਵ ਪ੍ਰਕਾਸ਼ ਨੇ ਪੇਸ਼ ਕੀਤਾ ਜਿਨ੍ਹਾਂ ਦੀ ਪਾਰਟੀ ਹਰੀਜਨਾਂ ਦੀ ਭਲਾਈ ਦੀਆਂ ਬਹੁਤ ਡੀਂਗਾਂ ਮਾਰਦੀ ਹੈ । ਇਹ ਬਜਟ 1 ਅਰਬ 85 ਕਰੋੜ ਰੁਪਏ ਦੇ ਕਰੀਬ ਹੈ ਜੋ ਇਸ ਸਾਲ ਖਰਚਾ ਹੋਣਾ ਹੈ । ਮਗਰ, ਡਿਪਟੀ ਸਪੀਕਰ ਸਾਹਿਬ, ਜਿਸ ਬੰਦੇ ਨੇ ਇਸ ਬਜਟ ਨੂੰ ਪੇਸ਼ ਕੀਤਾ ਹੈ ਉਸ ਨੇ ਇਹ ਵੇਖਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਹਰੀਜਨਾਂ ਦੀ ਕੀ ਹਾਲਤ ਹੋਈ ਹੈ । 1 ਅਰਬ 85 ਕਰੋੜ ਰੁਪਏ ਦੇ ਬਜਟ ਵਿੱਚੋਂ ਸਿਰਫ 37 ਲਖ ਰੁਪਿਆ ਪਛੜੀਆ ਸ਼੍ਰੇਣੀਆਂ ਦੇ ਵਾਸਤੇ ਰਖਿਆ ਹੈ । ਇਸ ਨੂੰ ਦੇਖ ਕੇ ਸ਼ਰਮ ਆਉਂਦੀ ਹੈ ।

ਸ੍ਰੀ ਡਿਪਟੀ ਸਪੀਕਰ : ਸ਼ਰਮ ਆਉਂਦੀ ਹੈ ਜਾਂ ਤਰਸ ਆਉਂਦਾ ਹੈ । (Is it a matter of shame or pity?)

ਸਰਦਾਰ ਜਾਗੀਰ ਸਿੰਘ ਦਰਦ : ਸ਼ਰਮ ਮਹਿਸੂਸ ਹੁੰਦੀ ਹੈ ਕਿ 1 ਅਰਬ 85 ਕਰੋੜ ਰੁਪਏ ਦਾ ਬਜਟ ਹੋਵੇ ਔਰ ਉਸ ਵਿੱਚੋਂ ਸਾਨੂੰ ਸਿਰਫ 37 ਲਖ ਰੁਪਆ ਹੀ ਮਿਲੇ । ਸਾਡੀ ਆਬਾਦੀ ਇਸ ਸੂਬੇ ਵਿੱਚ 25 ਲਖ ਹੈ ਔਰ ਇਸ ਦਾ ਹਿਸਾਬ ਲਗਾਈਏ ਤਾਂ ਇਕ ਰੁਪਿਆ 7 ਆਨੇ ਪਰ ਹੈਡ ਬੈਠਦਾ ਹੈ। ਔਰ ਇਨ੍ਹਾਂ ਇਕ ਰੁਪਏ 7 ਆਨਿਆਂ ਵਿੱਚ ਇਨ੍ਹਾਂ ਨੇ ਐਲਾਨ ਕੀਤਾ ਹੈ ਕਿ ਅਸੀਂ ਹਰੀਜਨ ਭਰਾਵਾਂ ਦੀ ਸੋਸ਼ਲ, ਪੁਲੀਟੀਕਲ ਔਰ ਇਕਨਾਮਿਕ ਅਤੇ ਐਜੂਕੇਸ਼ਨਲ ਹਾਲਤ ਨੂੰ ਉਨ੍ਹਾਂ ਦੇ ਲਿਵਿੰਗ ਸਟੈਂਡਰਡ ਅਤੇ ਉਨ੍ਹਾਂ ਦੇ ਐਜੂਕੇਸ਼ਨਲ ਸਟੈਂਡਰਡ ਨੂੰ ਉਚਾ ਚੁਕਣਾ ਹੈ । ਇਹ ਸਭ ਕੁਝ ਇਨ੍ਹਾਂ ਨੇ ਇਕ ਰੁਪਿਆ

[ਸਰਦਾਰ ਜਾਗੀਰ ਸਿੰਘ ਦਰਦ]

ਔਰ 7 ਆਨਿਆਂ ਵਿੱਚ ਕਰਨਾ ਹੈ। ਡਿਪਟੀ ਸਪੀਕਰ ਸਾਹਿਬ, ਇਹ ਮੋਜਜ਼ਾ ਨਹੀਂ ਤਾਂ ਹੋਰ ਕੀ ਹੈ ? ਇਸ ਲਈ ਮੈਂ ਇਸ ਬਜਟ ਦੀ ਸਖਤ ਨਖੇਧੀ ਕਰਦਾ ਹਾਂ ।

ਸ੍ਰੀ ਡਿਪਟੀ ਸਪੀਕਰ : ਗੱਲ ਇਹ ਹੈ ਕਿ ਗਰੀਬ ਆਦਮੀ ਦਾ ਥੋੜੇ ਪੈਸਿਆਂ ਨਾਲ ਹੀ ਕੰਮ ਸਰ ਜਾਂਦਾ ਹੈ । (The fact is that a poor man can pull on with a little money.)

ਚੀਫ ਪਾਰਲੀਮੈਂਟਰੀ ਸੈਕਟਰੀ (ਸਰਦਾਰ ਗੁਰਚਰਨ ਸਿੰਘ) : ਪਿਛਲੀ ਦਫ਼ਾ ਕੀ ਰਖਿਆ ਸੀ ਜ਼ਰਾ ਇਹ ਵੀ ਦਸ ਦੇਣਾ ।

ਸਰਦਾਰ ਜਾਗੀਰ ਸਿੰਘ ਦਰਦ : ਮੈਂ ਉਸ ਵੇਲੇ ਵੀ ਉਸ ਹਕੂਮਤ ਦੇ ਇਸ ਕੰਮ ਦੀ ਹਿਮਾਇਤ ਨਹੀਂ ਸੀ ਕੀਤੀ । ਮੈਂ ਵਿਰੋਧਤਾ ਹੀ ਕੀਤੀ ਸੀ । ਤੁਸੀਂ ਮੇਰੀ ਸਪੀਚ ਪੜ੍ਹ ਕੇ ਦੇਖ ਲਓ ।

ਤੋ, ਡਿਪਟੀ ਸਪੀਕਰ ਸਾਹਿਬ, ਮੈਂ ਆਪ ਦੀ ਵਾਕਫੀਅਤ ਲਈ ਇਹ ਦਸ ਰਿਹਾ ਹਾਂ ਕਿ ਇਨ੍ਹਾਂ ਨੇ ਹਰੀਜਨ ਭਰਾਵਾਂ ਲਈ ਇਸ ਬਜਟ ਵਿੱਚ ਕੀ ਵਾਧਾ ਕੀਤਾ ਹੈ । ਇਨ੍ਹਾਂ ਨੇ ਇਕ ਆਫ਼ੀਸਰ ਆਨ ਸਪੈਸ਼ਲ ਡਿਊਟੀ ਮੁਕਰਰ ਕਰਨਾ ਹੈ ਜਿਹੜਾ ਇਹ ਵੇਖੇਗਾ ਕਿ ਸਰਵਿਸਿਜ਼ ਦੇ ਵਿੱਚ ਸ਼ੈਡਿਊਲਡ ਕਾਸਟਸ ਦੀ ਰੈਪਰੀਜ਼ੈਨਟੇਸ਼ਨ ਪੂਰੀ ਹੈ ਜਾਂ ਨਹੀਂ । ਮੈਂ ਉਨ੍ਹਾਂ ਨੂੰ ਪੁਛਦਾ ਹਾਂ ਕਿ ਇਸ ਅਫ਼ਸਰ ਦੀ ਕੀ ਲੋੜ ਸੀ ? ਇਸ ਦਾ ਰੈਂਕ ਕੀ ਹੋਵੇਗਾ, ਇਹ ਵੀ ਤੁਸਾਂ ਨਹੀਂ ਦਸਿਆ। ਇਸ ਬਾਰੇ ਮੈਂ ਆਪ ਦੇ ਸਾਹਮਣੇ ਇਕ ਤਜਵੀਜ਼ ਪੇਸ਼ ਕਰਦਾ ਹਾਂ। ਹੁਣ ਤਕ ਹਰੀਜਨ ਇਸ ਗੱਲ ਲਈ ਲੜਦੇ ਆਏ ਹਨ ਕਿ ਸਰਵਿਸਿਜ਼ ਵਿੱਚ ਸਾਡੇ ਨਾਲ ਧੱਕਾ ਹੁੰਦਾ ਰਿਹਾ ਹੈ । ਇਨ੍ਹਾਂ ਨੇ ਅੱਗੇ ਵੀ ਕਈ ਅਫ਼ਸਰ ਮੁਕੱਰਰ ਕੀਤੇ ਪਰ ਹੋਇਆ ਕੁਝ ਵੀ ਨਹੀਂ । ਪਰਨਾਲਾ ਉਥੇ ਦਾ ਉਥੇ ਹੀ ਰਿਹਾ । ਮੈਂ ਇਹ ਕਹਾਂਗਾ ਕਿ ਤੁਸੀਂ ਸਾਰੇ ਹੈਡਜ਼ ਆਫ਼ ਦੀ ਡਿਪਾਰਟਮੈਂਟਸ ਨੂੰ ਇਹ ਹਿਦਾਇਤਾਂ ਕਰੋ ਕਿ ਹਰ ਤਿੰਨ ਮਹੀਨੇ ਬਾਅਦ ਇਕ ਰੀਟਰਨ ਭੇਜਿਆ ਕਰਨ ਕਿ ਉਨ੍ਹਾਂ ਦੇ ਸਟਾਫ ਦੀ ਟੋਟਲ ਸਟਰੈਂਗਥ ਕਿਤਨੀ ਹੈ, ਉਸ ਵਿੱਚ ਹਰੀਜਨ ਕਿਤਨੇ ਹਨ, 21 ਪਰਸੈਂਟ ਦੀ ਰੀਜ਼ਰਵੇਸ਼ਨ ਦੇ ਮੁਤਾਬਿਕ ਕਿਤਨਾ ਘਾਟਾ ਹੈ ਔਰ ਉਸ ਘਾਟੇ ਨੂੰ ਪੂਰਾ ਕਰਨ ਲਈ ਉਹ ਕੀ ਉਪਾ ਕਰ ਰਹੇ ਹਨ । ਔਰ ਉਹ ਇਹ ਰਿਪੋਰਟ ਕਰਨ ਕੈਬਨਿਟ ਵਿੱਚ ਸ਼ੈਡਿਊਲਡ ਕਾਸਟ ਮਨਿਸਟਰ ਨੂੰ ।

ਡਿਪਟੀ ਸਪੀਕਰ ਸਾਹਿਬ, ਇਹ ਹਮੇਸ਼ਾ ਇਹ ਇਲਜ਼ਾਮ ਲਗਾਂਦੇ ਰਹੇ ਹਨ ਕਿ ਕਾਂਗਰਸ ਸਰਕਾਰ ਆਪਣੇ ਚਹੇਤਿਆਂ ਨੂੰ ਅਕਾਮੋਡੇਟ ਕਰਨ ਲਈ ਪੋਸਟਸ ਕ੍ਰਿਏਟ ਕਰਦੀ ਰਹੀ ਹੈ । ਪਰ ਹੁਣ ਇਹ ਕੀ ਕਰ ਰਹੇ ਹਨ ? ਹਰੀਜਨ ਵੈਲਫੇਅਰ ਡਿਪਾਰਟਮੈਂਟ ਵੀ ਇਨ੍ਹਾਂ ਨੇ ਬੜਾ ਅਜੀਬ ਡਿਪਾਰਟਮੈਂਟ ਬਣਾਇਆ ਹੋਇਆ ਹੈ। ਉਸ ਦਾ ਡਾਇਰੈਕਟਰ ਪੀ. ਸੀ. ਐਸ. ਆਫੀਸਰ ਹੁੰਦਾ ਹੈ । ਪਰ ਉਸ ਦਾ ਵਾਹ ਪੰਜਾਬ ਦੇ 11 ਡੀ. ਸੀ. ਜਿਹੜੇ ਕਿ ਆਈ. ਏ. ਐਸ. ਹੁੰਦੇ ਹਨ, ਨਾਲ ਪੈਂਦਾ ਹੈ । ਭਲੇ ਮਾਨਸੋ, ਤੁਸੀਂ ਜ਼ਰਾ ਸੋਚੋ ਕਿ ਇਕ ਪੀ. ਸੀ. ਐਸ. ਅਫ਼ਸਰ ਡੀ. ਸੀਜ਼ ਜਿਹੜੇ ਕਿ ਆਈ. ਏ. ਐਸ. ਹੁੰਦੇ ਹਨ ਉਨ੍ਹਾਂ ਤੋਂ ਕਿਵੇਂ ਕੰਮ ਲੈ ਸਕੇਗਾ ?

ਸ੍ਰੀ ਡਿਪਟੀ ਸਪੀਕਰ : ਇਨ੍ਹਾਂ ਨੇ ਚਿੜੀਆਂ ਤੋਂ ਬਾਜ਼ ਤੁੜਾ ਦੇਣੇ ਹਨ । (They will get the falcons killed by sparrows.)

ਸਰਦਾਰ ਜਾਗੀਰ ਸਿੰਘ ਦਰਦ : ਡਿਪਟੀ ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਉਹ ਸੀਨੀਅਰ ਗਰੇਡ ਦਾ ਆਈ. ਏ. ਐਸ. ਆਫੀਸਰ ਹੋਣਾ ਚਾਹੀਦਾ ਹੈ । ਇਥੇ ਹੀ

ਬਸ ਨਹੀਂ, ਇਨ੍ਹਾਂ ਦੀ ਨਾਅਹਿਲੀਅਤ ਦੀ ਕਿਹੜੀ ਕਿਹੜੀ ਗੱਲ ਦਸਾਂ । ਇਸ ਡਿਪਾਰਟਮੈਂਟ ਵਿੱਚ ਇਨ੍ਹਾਂ ਨੇ ਤਹਿਸੀਲ ਵੈਲਫੇਅਰ ਅਫ਼ਸਰ ਮੁਕਰਰ ਕੀਤੇ ਹੋਏ ਹਨ, ਜਿਹੜੇ ਪੈਪਸੂ ਵਿੱਚੋਂ ਆਏ ਸਨ ਉਨ੍ਹਾਂ ਦਾ ਗਰੇਡ ਕੁਝ ਹੋਰ ਹੈ ਔਰ ਪੰਜਾਬ ਵਾਲਿਆਂ ਦਾ ਹੋਰ । ਅਸੀਂ ਪਿਛਲੀ ਸਰਕਾਰ ਨੂੰ ਪਿਟ ਪਿਟ ਕੇ ਮਰ ਗਏ ਉਨ੍ਹਾਂ ਨੇ ਇਸ ਗਰੇਡ ਦੀ ਡਿਸਕ੍ਰਿਮੀਨੇਸ਼ਨ ਨੂੰ ਦੂਰ ਨਹੀਂ ਕੀਤਾ ।

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਇਨ੍ਹਾਂ ਦਾ ਵੀ ਸਿਆਪਾ ਕਰੋ ।

ਸਰਦਾਰ ਜਾਗੀਰ ਸਿੰਘ ਦਰਦ : ਹਾਲਾਂਕਿ ਇਨ੍ਹਾਂ ਦਾ ਡੈਜ਼ਿਗਨੇਸ਼ਨ ਅਤੇ ਇਨ੍ਹਾਂ ਦੀ ਡਿਊਟੀ ਇਕ ਹੈ। ਇਸ ਲਈ ਮੈਂ ਸਰਕਾਰ ਪਾਸੋਂ ਮੰਗ ਕਰਦਾ ਹਾਂ ਕਿ ਇਨ੍ਹਾਂ ਦੇ ਗਰੇਡ ਜਲਦੀ ਤੋਂ ਜਲਦੀ ਇਕ ਲੈਵਲ ਤਕ ਲਿਆਉਣੇ ਚਾਹੀਦੇ ਹਨ। ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਨੇ ਪੀ. ਸੀ. ਐਸ. ਔਰ ਆਈ. ਏ. ਐਸ. ਅਫ਼ਸਰਾਂ ਦੀ ਇਕ ਗਰੇਡੇਸ਼ਨ ਲਿਸਟ ਬਣਾਈ ਹੈ । ਮਿਸਾਲ ਵਜੋਂ ਜਿੱਥੇ ਸਰਦਾਰ ਗੁਰਚਰਨ ਸਿੰਘ ਦਾ ਨਾਂ ਹੈ ਉਸ ਦੇ ਅੱਗੇ ਕੁਝ ਨਹੀਂ ਲਿਖਿਆ, ਜਿੱਥੇ ਡਾਕਟਰ ਬਲਦੇਵ ਪ੍ਰਕਾਸ਼ ਦਾ ਨਾਂ ਹੈ ਉਸ ਦੇ ਅੱਗੇ ਕੁਝ ਨਹੀਂ ਲਿਖਿਆ ਮਗਰ ਜਿੱਥੇ ਜਾਗੀਰ ਸਿੰਘ ਦਾ ਨਾਂ ਆਇਆ ਉਸ ਦੇ ਨਾਲ ਲਿਖ ਦਿੱਤਾ "ਰਾਮਦਾਸੀਆ" । ਮੈਂ ਹੈਰਾਨ ਹਾਂ ਕਿ ਇਸ ਬਰਾਦਰੀ ਦੇ ਸ਼ਬਦ ਨਾਲ ਹਰੀਜਨਾਂ ਦਾ ਸ਼ਬਦ ਕਿਉਂ ਨਥੀ ਕੀਤਾ ਹੋਇਆ ਹੈ । ਇਸ ਵਧੀਕੀ ਨੂੰ ਜਲਦੀ ਤੋਂ ਜਲਦੀ ਖਤਮ ਕਰਨਾ ਚਾਹੀਦਾ ਹੈ ।

ਚੀਫ ਪਾਰਲੀਮੈਂਟਰੀ ਸੈਕਟਰੀ : ਇਸੇ ਦੀ ਬਦੌਲਤ ਤਾਂ ਤੂੰ ਐਮ. ਐਲ. ਏ. ਬਣ ਕੇ ਆਇਆ ਹੈਂ ।

ਸਰਦਾਰ ਜਾਗੀਰ ਸਿੰਘ ਦਰਦ : ਇਹ ਨਾਂ ਦੇਖ ਕੇ ਹੀ ਲੋਕ ਸਮਝ ਜਾਂਦੇ ਹਨ ਕਿ ਇਹ ਕੌਣ ਹੈ । ਮੈਂ ਬੇਨਤੀ ਕਰਾਂਗਾ ਕਿ ਖੁਦਾ ਦੇ ਵਾਸਤੇ ਸਾਡੇ ਨਾਂ ਦੇ ਨਾਲੋਂ ਇਸ ਚੀਜ਼ ਨੂੰ ਰਿਮੂਵ ਕਰੋ ।

ਇਕ ਗੱਲ ਹੋਰ ਕਹਿਣੀ ਚਾਹੁੰਦਾ ਹਾਂ । ਇਨ੍ਹਾਂ ਨੇ ਕਿਹਾ ਹੈ ਕਿ ਅਜੇ ਕਣਕ ਦੇ ਭਾ ਮੁਕਰਰ ਨਹੀਂ ਕਰਨੇ ਔਰ ਇਹ ਕਹਿੰਦੇ ਹਨ ਕਿ ਭਾ ਉਹੀ ਮੁਕਰਰ ਕਰਾਂਗੇ ਜਿਹੜੇ ਐਕਸੈਪਟੇਬਲ ਟੂ ਆਲ ਹੋਣਗੇ । (ਵਿਘਨ) ਸਰਦਾਰ ਗੁਰਨਾਮ ਸਿੰਘ ਵੀ ਇਕ ਸਿੱਖ ਹੈ ਇਹ ਐਕਸੈਪਟੇਬਲ ਟੂ ਆਲ ਹੈ । ਇਹ ਪਰਮਾਤਮਾ ਨੂੰ ਮੰਨਣ ਵਾਲਿਆਂ ਨੂੰ ਵੀ ਕਬੂਲ ਹੈ, ਜਿਹੜੇ ਪਰਮਾਤਮਾ ਨੂੰ ਨਹੀਂ ਮੰਨਦੇ ਉਨ੍ਹਾਂ ਨੂੰ ਵੀ ਕਬੂਲ ਹੈ। ਸੋਸ਼ਲਿਸਟਾਂ ਨੂੰ ਵੀ ਕਬੂਲ ਹੈ, ਜਨਸੰਘੀਆਂ ਨੂੰ ਵੀ ਕਬੂਲ ਹੈ, ਸੁਤੰਤਰਤਾ ਪਾਰਟੀ ਨੂੰ ਵੀ ਕਬੂਲ ਹੈ, ਰੀਪਬਲਿਕਨ ਔਰ ਆਜ਼ਾਦ ਮੈਂਬਰਾਂ ਨੂੰ ਵੀ ਕਬੂਲ ਹੈ । ਇਤਨਾ ਹੀ ਨਹੀਂ ਜਿਹੜੇ ਸਾਡੇ ਵਿੱਚੋਂ ਗਏ ਹਨ ਉਨ੍ਹਾਂ ਨੂੰ ਵੀ ਕਬੂਲ ਹੈ ਇਹ ਐਕਸੈਪਟੇਬਲ ਟੂ ਆਲ ਹੈ ਪਰ ਇਸ ਵਿੱਚ ਕੀ ਖੂਬੀ ਹੈ ?

* * * * *

Mr. Deputy Speaker : No aspersion against the Chief Minister. These remarks should be expunged.

1.00 P.M.

ਸਰਦਾਰ ਜਾਗੀਰ ਸਿੰਘ ਦਰਦ : ਸੁਣ ਤਾਂ ਲਉ । ਇਹ ਕੋਈ ਰਿਸੀਜ਼ਨ ਨਹੀਂ ਲੈ ਸਕਦੇ। ਅਗਰ ਡਿਸੀਜ਼ਨ ਲੈ ਵੀ ਲੈਣ ਤਾਂ ਇੰਪਲੀਮੈਂਟ ਨਹੀਂ ਕਰ ਸਕਦੇ । ਤੁਸੀਂ ਦੇਖੋ ਅਕਾਲੀ ਦਲ ਇਸ

*Expunged as ordered by the chair.

[ਸਰਦਾਰ ਜਾਗੀਰ ਸਿੰਘ ਦਰਦ]

ਗਲ ਤੇ ਕਨਵਿੰਸਡ ਸੀ ਕਿ ਪੰਜਾਬੀ ਸੈਕਰੇਟੇਰੀਏਟ ਲੈਵਲ ਤਕ ਹੋਣੀ ਚਾਹੀਦੀ ਹੈ। ਪਰ ਚੂੰਕਿ ਲੀਡਰ ਵਾਜ਼ ਐਕਸੈਪਟੇਬਲ ਟੂ ਆਲ ਇਸ ਲਈ ਇਹ ਗੱਲ ਸਿਰੇ ਨਹੀਂ ਚੜ੍ਹ ਸਕੀ। 20 ਸਾਲ ਤਕ ਇਹ ਪੰਜਾਬੀ ਲਈ ਲੜਦੇ ਰਹੇ। ਹੁਣ ਜਦ ਇਨ੍ਹਾਂ ਨੂੰ ਮੌਕਾ ਮਿਲਿਆ ਪੰਜਾਬੀ ਦੀ ਸੇਵਾ ਦਾ ਤਾਂ ਪੰਜਾਬੀ ਨੂੰ ਪੰਜਾਬ ਲੈਵਲ ਤਕ ਨਾ ਕਰ ਸਕੇ। ਸਗੋਂ ਜਿਹੜੇ ਲੋਕ ਸਰਦਾਰ ਬਲਦੇਵ ਸਿੰਘ ਐਮ. ਐਲ. ਏ. ਵਰਗੇ ਨੇ ਆਪਣੀ ਪਿਆਰੀ ਮਾਤਰ ਭਾਸ਼ਾ ਦੀ ਹਿਮਾਇਤ ਵਿੱਚ ਸਰਕਾਰ ਦੀ ਗਲਤ ਨੀਤੀ ਦੇ ਉਲਟ ਵੋਟ ਪਾਇਆ ਤਾਂ ਉਨ੍ਹਾਂ ਨੂੰ ਮਾਰ ਪਿਟ ਕਰਨ ਲਈ ਦਿਨ ਰਾਤ ਲਭਦੇ ਫਿਰਦੇ ਹਨ। ਉਨ੍ਹਾਂ ਦਾ ਦੋਸ਼ ਇਹ ਹੈ ਕਿ ਉਹ ਪੰਜਾਬੀ ਜ਼ਬਾਨ ਦੀ ਹਮੈਤ ਕਰਦੇ ਹਨ।

ਕੁਝ ਗੱਲਾਂ ਸਮਾਜ ਦੇ ਪਛੜੇ ਹੋਏ ਅੰਗ, ਹਰੀਜਨਾਂ ਬਾਰੇ ਇਸ ਸਰਕਾਰ ਦਾ ਕੀ ਵਤੀਰਾ ਹੈ, ਉਹ ਕਰਨੀਆਂ ਚਾਹੁੰਦਾ ਹਾਂ।

श्री अ. विश्वनाथन : On a point of order, Sir जनाब 5 मई को जब यह सरदार बलदेव सिंह वाली घटना हुई थी तो उन्होंने अपनी स्टेटमैंट में यह नहीं कहा था कि उनको जूते मारे गए। यह अब गलत बात कर रहे हैं, इन से विदड्रा करायें।

Mr. Deputy Speaker : This is no point of Order. There should be no controversy over this.

Shri A. Vishwanathan : Sir, this is a wrong allegation.

Mr. Deputy Speaker : No. please.

ਸਰਦਾਰ ਜਾਗੀਰ ਸਿੰਘ ਦਰਦ : ਇਨ੍ਹਾਂ ਨੇ ਆਪਣੀ ਬਜਟ ਸਪੀਚ ਅਤੇ ਗਵਰਨਰ ਐਡਰੈਸ ਵਿੱਚ ਜ਼ਮੀਨ ਬਾਰੇ ਹਰੀਜਨਾਂ ਨਾਲ ਜੋ ਸਲੂਕ ਕੀਤਾ ਉਹ ਇਹ ਹੈ ਕਿ ਜੋ ਵੇਸਟ ਲੈਂਡ ਹੈ ਉਹ ਪਹਿਲਾਂ ਕਾਂਗਰਸੀ ਰਾਜ ਵਿੱਚ ਸਿਰਫ ਹਰੀਜਨਾਂ ਨੂੰ ਹੀ ਮਿਲ ਸਕਦੀ ਸੀ ਪਰ ਹੁਣ ਇਨ੍ਹਾਂ ਨੇ ਸ਼ਬਦ ਸ਼ੈਡੀਊਲਡ ਕਾਸਟ ਨੂੰ ਕਟ ਕੇ ਉਸ ਦੀ ਥਾਂ ਤੇ ਲੈਂਡਲੈਸ ਐਗਰੀਕਲਚਰਲ ਲੇਬਰ ਕਰ ਦਿੱਤਾ। ਇਸ ਦਾ ਅਰਥ ਇਹ ਹੋਇਆ ਕਿ ਜਿਹੜੀ ਜ਼ਮੀਨ ਕੇਵਲ ਹਰੀਜਨਾਂ ਨੂੰ ਹੀ ਮਿਲਦੀ ਸੀ ਹੁਣ ਉਹ ਲੈਂਡਲੈਸ ਐਕਰੀਕਲਚਰਲ ਲੇਬਰ ਵਿੱਚ ਵੰਡੀ ਜਾਵੇਗੀ। ਤੁਸੀਂ ਜਾਣਦੇ ਹੋ ਕਿ ਜ਼ਮੀਨ ਤਾਂ ਜ਼ਿਮੀਂਦਾਰ ਦੇ ਬਾਪ ਦੇ ਨਾਂ ਹੀ ਹੁੰਦੀ ਹੈ ਲੜਕੇ ਦੇ ਨਾਂ ਨਹੀਂ ਇਸ ਲਈ ਹਰ ਜ਼ਿਮੀਂਦਾਰ ਦਾ ਲੜਕਾ ਬਾਪ ਦੀ ਜ਼ਿੰਦਗੀ ਵਿੱਚ ਲੈਂਡਲੈਸ ਐਗਰੀਕਲਚਰਲ ਲੇਬਰ ਹੁੰਦਾ ਹੈ। ਇਸ ਤਰ੍ਹਾਂ ਗਲਤ ਆਦਮੀਆਂ ਨੂੰ ਜ਼ਮੀਨ ਦੇ ਸਕਣਗੇ। (ਵਿਘਨ) ਰੀਕਲੇਮਡ ਲੈਂਡ ਹੈ, ਉਸ ਵਿੱਚ ਵੀ ਇਨ੍ਹਾਂ ਇਹ ਕਰ ਦਿੱਤਾ ਕਿ ਕਿਸੇ ਵੀ ਮੁਜ਼ਾਰੇ ਨੂੰ ਭਾਵੇਂ ਉਹ ਹਰੀਜਨ ਨਾ ਹੋਵੇ, ਜ਼ਮੀਨ ਉਸੇ ਨੂੰ ਹੀ ਦਿੱਤੀ ਜਾਵੇ। ਇਸੇ ਤਰ੍ਹਾਂ ਰੀਕਲੇਮਡ ਲੈਂਡ ਵੀ ਹਰੀਜਨਾਂ ਦੇ ਹੱਥੋਂ ਨਿਕਲ ਗਈ। ਇਸ ਵਾਸਤੇ ਇਹ ਜਿਹੜਾ ਸ਼ਬਦ "ਅਦਰ ਦੈਨ ਹਰੀਜਨ" ਹੈ ਕਟ ਦੇਣਾ ਚਾਹੀਦਾ ਹੈ ਤਾਂ ਕਿ ਉਹ ਜ਼ਮੀਨ ਜਿਸ ਉੱਤੇ ਤਕੜਿਆਂ ਨੇ ਧੱਕੇ ਨਾਲ ਕਬੋਜ਼ਾ ਕੀਤਾ ਹੋਇਆ ਹੈ ਛੁੜਾ ਕੇ ਹਰੀਜਨਾਂ ਵਿੱਚ ਤਕਸੀਮ ਕਰ ਦਿੱਤੀ ਜਾਵੇ। ਅਗਰ ਇਹ ਸਰਕਾਰ ਐਸਾ ਨਾ ਕਰ ਸਕੀ ਤਾਂ ਹਰੀਜਨਾਂ ਦਾ ਜ਼ਮੀਨ ਵਿੱਚੋਂ ਮਾਮਲਾ ਬਿਲਕੁਲ ਸਾਫ ਹੋ ਜਾਵੇਗਾ। ਜਿਸ ਤਰ੍ਹਾਂ ਪਿਆਰਾ ਰਾਮ ਜੀ, ਹਰੀਜਨ ਵਜ਼ੀਰ ਦੇ ਹਲਕੇ ਵਿੱਚੋਂ ਹਰੀਜਨਾਂ ਨੂੰ ਛਿੱਤਰ ਮਾਰ ਮਾਰ ਕੇ ਜ਼ਮੀਨ ਤੋਂ ਬੇਦਖਲ ਕਰ ਦਿੱਤਾ ਗਿਆ ਹੈ ਇਸ ਤਰ੍ਹਾਂ ਸਭ ਪਾਸੇ ਹਰੀਜਨਾਂ ਨਾਲ ਹੋ ਰਹੀ ਹੈ। ਇਸ ਢੰਗ ਨਾਲ ਇਹ ਜ਼ਮੀਨ ਹਰੀਜਨਾਂ ਦੀ ਥਾਂ ਸਰਕਾਰ ਕਿਸੇ ਹੋਰ ਨੂੰ ਵੀ ਦੇ ਸਕਦੀ ਹੈ। ਇਹ ਹਰੀਜਨਾਂ ਨਾਲ ਉਕਾ ਹੀ ਧੋਖਾ ਹੈ। ਇਸ ਲਈ ਮੈਂ ਸਰਕਾਰ ਤੋਂ ਮੰਗ ਕਰਦਾ ਹਾਂ ਕਿ 'ਲੈਂਡਲੈਸ" ਸ਼ਬਦ ਦੀ ਥਾਂ 'ਹਰੀਜਨ' ਰਖਿਆ ਜਾਵੇ।

ਸ੍ਰੀ ਡਿਪਟੀ ਸਪੀਕਰ : ਹੁਣ ਸਰਕਾਰ ਬੜੀ ਮਜ਼ਬੂਤ ਹੈ । ਇਹ ਛਿੱਤਰ ਮਾਰਨ ਵਾਲੀ ਗੱਲ ਦਿਲੋਂ ਕੱਢ ਦਿਉ । (The government is very strong now. The hon. Member should not entertain any idea of shoe beating).

ਸਰਦਾਰ ਜਾਗੀਰ ਸਿੰਘ ਦਰਦ : ਹੁਣ ਮੈਂ ਇਕ ਗੱਲ ਕਹਿ ਕੇ ਬੈਠ ਜਾਵਾਂਗਾ । ਜਨ ਸੰਘ ਅਤੇ ਸਵਤੰਤਰਤਾ ਪਾਰਟੀ ਭਾਰਤ ਦੀਆਂ ਫਾਸਿਸਟ ਪਾਰਟੀਆਂ ਹਨ । ਅਗਰ ਉਹ ਸੈਂਟਰ ਵਿੱਚ ਆ ਗਈਆਂ ਤਾਂ ਇਨ੍ਹਾਂ ਦਾ ਨਾਮੋ ਨਿਸ਼ਾਨ ਨਹੀਂ ਮਿਲਣਾ (ਵਿਘਨ) ਅਸੀਂ ਤਾਂ ਫਰੰਟ ਬਣਾ ਹੀ ਲਵਾਂਗੇ ਪਰ ਕਾਮਰੇਡਾਂ ਦਾ ਮਿਲਣਾ ਹੀ ਕੁਝ ਨਹੀਂ । ਅੱਜ ਜਿਨ੍ਹਾਂ ਨਾਲ ਤੁਸੀਂ ਸਾਂਝਾ ਮੋਰਚਾ......(ਘੰਟੀ) ਇਕ ਮਿੰਟ ਹੋਰ ਦਿਉ ।

ਸ੍ਰੀ ਡਿਪਟੀ ਸਪੀਕਰ: ਮੈਂ ਆਪ ਦੀ ਪਾਰਟੀ ਦੇ ਕਿਸੇ ਹੋਰ ਮੈਂਬਰ ਦਾ ਇਤਨਾ ਹੀ ਟਾਈਮ ਕਟ ਲਵਾਂਗਾ । (I will deduct this extra time from the time of other Member of his party when he rises to speak.)

श्री अ. विश्वनाथन: उन का नाम है श्री ओम प्रकाश सूद। मैं कह रहा था कि इन्होंने सूद साहिब को चिट्ठी लिखी। उस वक्त इन को कांग्रेस का टिकट नहीं मिल रहा था। उस समय इन्हों ने उन को चिट्ठी लिखी कि कांग्रेस में हिन्दुओं को टिकट नहीं मिल रहे हिन्दुओं पर बड़े अत्याचार हो रहे हैं, हिन्दुओं का कत्लेआम हो रहा है। आज यह हिन्दुओं के हित चिन्तक बन गये हैं और सिक्खों के हित चिन्तक बन गये हैं। हिन्दू और सिक्ख तो वास्तव में एक ही थे। एक वट वृक्ष की बहुत सी शाखाएं हैं—सिक्ख, सनातनी, आर्य समाजी, जैनी और बोद्ध। लेकिन हिन्दुओं और सिक्खों में इन्हीं लोगों ने 20 साल तक लड़ाई रखी। दोनों के बीच में एक लाईन खींच कर दोनों को अलग खड़ा कर दिया, आज यह हिन्दुओं और सिक्खों की वकालत करने चले हैं। इन मे लड़ाई डालने वाले भी यही थे। मैं प्रबोध जी से पूछना चाहता हूं कि वह उस समय कहां थे जब 1947 में देश का बटवारा हुआ। तब क्यों नहीं बोले? उस के बाद जो बटवारा हुआ तब वे कहां थे? आज यह जन संघ पर आक्षेप लगाने चले हैं कि जन संघ पंजाबी का विरोधी रहा है और सिक्खों का विरोधी रहा है। मैं चैलेंज करता हूं कि अब तक जन संघ ही एक वाहद पार्टी रही है जो अखण्ड भारत चाहती है। मैं पूछता हूं कि (* * * * * * * * *) * * * * * * * * *) आप की पार्टी अखण्ड भारत का विरोध करती है, अखण्ड पंजाब का विरोध करती है। (* * * * * * * * * * * * * * *) लेकिन आप नहीं चाहते। आप की नीति तो झुकने की नीति है, घुटने टेकने की नीति है, आप की नीति दण्डवत की है।

*Expunged as Ordered by the Chair.

....Your policy is of surrendering, your policy is of destruction; your policy is of national annihilation.

आज पाकिस्तान दनदना रहा है, आज पाकिस्तान के अंदर हिन्दोस्तान विरोधी प्रचार हो रहा है। पंजाब बार्डर का इलाका है, सीमा प्रान्त है, बजाए इस के कि प्रबोध जी ऐसे सुझाव पेश करें जिस से इस सरहदी सूबे की एडमिनिस्ट्रेशन में सुधार लाया जाए, वह कहते हैं जन संघी यह कहते हैं, अकाली यह कहते हैं, कम्युनिस्ट यह कहते हैं, यह ऐसा है यह वैसा है। लेकिन इन का कसूर नहीं है। भगवान ने इन को आंखें ही ऐसी दी हैं जो अन्दर की तरफ नहीं देखतीं, बाहर ही देखती हैं। इन को अपने अन्दर की गंदगी का ढेर भी दिखाई नहीं देता और दूसरे के गुलाब से भी बू आती है। यह कहते हैं कि We are not introverts. We are extroverts. We look out and everything smells bad and even the amount of filth which we carry in our stomachs seems to be of good smell. मैं अपने कांग्रेसी भाईयों से, खासकर सरदार दरबारा सिंह जी से चौधरी सुन्दर सिंह जी से कहना चाहता हूं कि आप कम अज़ कम अपने साथियों को समझाएं कि पंजाब सीमान्त का प्रान्त है। यह एक छोटा सा प्रान्त है, अभी तो हमने इस की पुनर्रचना करनी है, दोनों तरफ से सामने शत्रु खड़ा हुआ है और हमारी तरफ आंखें फाड़ फाड़ कर देख रहा है, इस के अन्दर सेम की समस्या है। बीस वर्ष से मैल-ऐडमिनिस्ट्रेशन चलती आ रही है। बीस वर्ष से यहां पर कुरप्शन का बोल बाला रहा है और इसी तरह से अन्यान्य समस्याएं हैं जिन का हमें समाधान करना है तथा जनता की सुख सम्पन्नता के लिए कई प्रकार के रचनात्मक कार्य करने हैं। उन को चाहिए कि इन सभी समस्याओं का हल करने के लिए और प्रदेश में से बुराइयों को दूर करने के लिए कोई सुझाव दें। किन्तु निहायत अफसोस के साथ कहना पड़ता है कि उन के मन में ईर्षा की ज्वाला भड़क रही है। प्रदेश की भलाई की कोई बात सूझती तक नहीं है।

प्रबोध जी के बारे में मैं ज्यादा कहना नहीं चाहता क्योंकि ऐसा प्रतीत होता है कि वह रोते रोते खत्म हो जाएंगे लेकिन यह सरकार खत्म नहीं होगी। (सरकारी बैंचों की तरफ से तालियाँ) यह सरकार सदा दृढ़ रहेगी और कोई भी शक्ति इसे तोड़ नहीं सकती इस बात का मैं उन को विश्वास दिला देना चाहता हूं (विघ्न) अगर बजट पर वह बोलते तो मैं उस वक्त भी उनकी सभी बातों का यहां पर जवाब देता। I am balancing his (pointing towards the hon. Member Shri Prabodh Chandra) budget.

[श्री अ. विश्वनाथन]

जो कुछ आज उन्होंने सदन में कहा है मैं तो इस वक्त उस का बैलेंस कर रहा हूं। उन्होंने इस बात का भी आरोप लगाया कि डाक्टर अमरजीत सिंह जी गुम हो गए हैं और यह सरकार उन को ढूंडने में असफल रही है। इन्होंने कहा कि दुनिया का एक बहुत बड़ा और मशहूर डाक्टर गायब हो गया है। मैं मानता हूं कि वह एक बहुत बड़े डाक्टर है लेकिन क्या उन को इस बात का पता नहीं है कि संसार के अन्दर कई जगहों पर ऐसे क्राईम्ज होते हैं जो अनट्रेस्ड रहते है? क्या उन का यह विचार है कि हमारी गवर्नमैंट के मन में पाप है जो हम उन को ढूंड नहीं रहे हैं ? उन्हों ने हर प्रकार से हमारे ऊपर मोटिवज़ इम्प्यूट करने की कोशिश की जब कि अखबारों में यह बात स्पष्ट हो चुकी है कि वह घरेलू समस्याओं के कारण कहां चले गए हैं और यह पता नहीं कि कहां चले गए हैं। मैं समझता हूं कि प्रबोध जी के मूंह में से ऐसी बात निकलती शोभा नहीं देती जिन की अपनी गवर्नमैंट के समय में जमुनानगर की दो मासूम लड़कियों को भट्टी में ज़िन्दा जला दिया गया था और उन का सुराग तक भी नहीं मिला था। मैं कहता हूं कि सूप तो बोले छलनी क्या बोले जिसमें छ: सौ छत्तीस छेद (सरकारी बैंचों की तरफ से तालियां) और आज वह लोग अखबारों की कटिंगज़ यहां पर लाकर हमें दिखाते हैं।

श्री प्रबोध चन्द्र : आप अपने मूंह के छेदों को भी गिनिए।

श्री अ. विश्वनाथन : आप अपने दिल में छेदों को गिनिए। You go down to the street level and I say that you are a street urchin. I congratulate you on your lowering of standards. I have no grudge. आज हमें अखबारों में से कोट करके सुनाते हैं, अखबारों की कटिंग्ज़ यहां पर कोट करते हैं। क्या मुझे उनको यह याद दिलाने की जरूरत है कि पिछले पंद्रह बीस वर्ष के अन्दर अखबारों के अन्दर जो कुछ लिखा जाता रहा, उस के दुवारा उन्होंने कांग्रेस को आकाश पर चढ़ाया हुआ था, लेकिन पिछले दो सालों से लगातार उन्हीं अखबारों के अन्दर एक नहीं, दो नहीं साल में 365 दिन होते हैं किन्तु उन्हों ने 366 ऐसे ऐसे ऐडीटोरियल लिखे जो कि कांग्रेस के खिलाफ थे, क्या वह उन ऐडीटोरियलज़ को नहीं पढ़ते थे ? क्या वह उन सभी बातों को भूल गए हैं ? आज वह किसी ऐसी अखबार का हवाला यहां पर देने आए है। We know who inspires these Editorials. इसका मतलब साफ है कि पिछले बीस वर्षों के अन्दर कुछ ऐसी अखबारों को, जो कि ए. बी. सी के मेम्बर नहीं थे, जो आई.ई.ऐन.एस. के सदस्य नहीं थे और जो ए.आई. ऐन.ई.सी के मेम्बर तक नहीं थे खुले दिल से सरकारी खजाने से पैसा दे दे कर

इस प्रकार पाला है जैसे मोटे मुर्गों को पाला जाता है। जिन समाचार पत्रों की, सरकुलेशन ही नहीं थी उन को आप न्यूजप्रिंट देते रहे, हश मनी उन को देते रहे वह लोग बलैक मार्किट के अन्दर उस कागज़ को बेचते रहे और आप चुप चाप बैठे देखते रहे। These papers are writing against the United Front now. कोई भी इम्पार्शल अखबार इस बात को जानता है कि पिछले बीस साल का समय कांग्रेस सरकार को मिला—Uninterrupted span of 20 long years when Pandit Jawahar Lal Nehru was the idol of the country, when the Congress had overwhelming majority and when the people could not raise their little finger against the administration. वह सदा उन की प्रशंसा करते रहे। लेकिन जनता की आवाज़ को सर्वोपरि समझने वाला अखबार कभी भी हालात की वास्तविकता से आंखें नहीं मूंद सकता। कोई भी इम्पार्शल अखबार इस बात को जानता है कि कांग्रेस को इतने साल का समय मिला देश का शासन करने के लिए, लेकिन उन्होंने किस तरह से अन्धेर गर्दी मचाई। इस पर जितना कम कहा जाए थोड़ा है। बीस साल का समय कांग्रेस सरकार को मिला। इतने वर्षों तक जो अखबार कांग्रेस की तारीफ के पुल बांधते नहीं थकते थे उन्हों ने पिछले एक दो वर्षों से अपने ऐडीटोरियल्ज़ के ज़रिए उन के खिलाफ़ भी आवाज़ उठाई है और उठा रहे हैं। कोई भी प्रैक्टिकल ऐप्रोच रखने वाला अखबार जनता के सही सैंटीमैंट्स की अवहेलना नहीं कर सकता। जनता का न्याय सब से बड़ा न्याय है। जनता जानती है कि देश में इस वक्त दो विचार धाराएं चल रही है.. एक पाज़ेटिव और दूसरी नैगेटिव। पाज़ेटिव वह है जिसे उन्होंने इन सरकारी बैंचों पर बैठने की आज्ञा दी है और नैगेटिव ऐप्रोच वाले उधर अपोज़ीशन में बैठे हैं जिन में महा नैगेटिव रूप वहां पर प्रबोध चन्द्र की शकल मे बैठा हुआ है। (सरकारी बैंचों की तरफ से प्रशंसा।)

इसके अतिरिक्त बार बार यहां पर इस बात की चर्चा की जाती है कि इस मन्त्रिमंडल से जनसंघ को निकाल दिया जाएगा। यह आरोप लगाया जाता है कि जन संघ झंडे पर बिक गया है, कार पर बिक गया है। मुझे यह बात भली प्रकार मालूम है कि जब यहां पर सरदार प्रताप सिंह कैरों के खिलाफ़ स्पीचिज़ की जाती थीं तो स्पीकरशिप की कुर्सी के लिए कौन बिक गया। वही जो आज झंडे और कार पर बिकने की बातें करते हैं। उन्हें मैं इस मौके पर यह बात साफ तौर पर बता देना चाहता हूं कि हमारी पार्टी झंडों और कारों के हासिल करने के लिए इलैक्शन नहीं लड़ी थी। हम तो यहां पर अपोज़ीशन में बैठने के लिए आए थे लेकिन वह तो आप के अपने पाप कर्म हैं जिन्होंने आप को आपोज़ीशन में बिठा दिया है और हमारे पुण्य कर्मों ने हमें यहां इधर टरैज़री बैंचों पर बिठा दिया है। (सरकारी बैंचों से प्रशंसा)

आचार्य पृथ्वी सिंह आज़ाद : स्पीकर साहिब, क्या कोई शख्स स्पीकर की कुर्सी के लिए बिक सकता है ?

मुख्य मंत्री : यह बात आप प्रबोध जी से पूछें ।

श्री अ. विश्वनाथन : यहां पर पुलिटीकल कुरप्शन और पुलिटीकल सैंक्टिटी की बातें हुई हैं । मैं उन से पूछता हूं कि क्या यही आप की पुलिटीकल सैंक्टिटी है कि जब सारे हिन्दुस्तान के वकील सरदार भगत सिंह के खिलाफ़ केस लड़ने के लिए बृटिश गवर्नमैंट की पेशकश को ठुकरा चुके थे, इनकार कर चुके थे तो उस वक्त जो इनसान बृटिश गवर्नमैंट के आगे बिक गया था उसे आपने टिकट देकर राज्य सभा का मैम्बर बना दिया ? क्या आप इसको पुलिटीकल सैंक्टिटी कहते हैं कि जब जलियाँवाला बाग में निरापराध जनता पर गोलियों की बौछाड़ हो रही थी उस वक्त जिन लोगों ने पुलिस वालों की मदद की, आप ने उन को लोक सभा का टिकट दिया । (सरकारी बैंचों की तरफ़ से तालियां) जिन लोगों ने अपना पेशा ही यह बना रखा था कि बहती गंगा में हाथ धोलें आप ने उन आदमियों को अपना पार्टी टिकट दिया । इस से बढ़कर पुलिटीकल कुरप्शन और क्या हो सकती है । यही लोग आज हमारे सामने पुलिटीकल मोरैलिटी की मांग करते हैं । मैं कहता हूं कि ठीक है कि ऐडमिनिस्ट्रेशन में सुधार होना चाहिए, इस बात से भी इनकार नहीं किया जा सकता कि इस समय हमारे प्रान्त के अन्दर टाप हैवी ऐडमिनिस्ट्रेशन है, ठीक है कि सूबे के अन्दर भ्रष्टाचार बहुत बढ़ा हुआ है और इस तरह अनेक कमियाँ हैं । लेकिन क्या ही अच्छा होता अगर वह साथ में यह भी बताते कि इन का हल कैसे करना है । मैं उनकी उस बात की सराहना करता अगर वह कोई पाज़ेटिव इनसटांस कोट करते । उस दिशा में मैं खुद उनका समर्थन करता अगर वह किसी एक भी स्पैसिफ़िक केस को हमारे सामने लाते कि यहां पर हार्डहैंडिडनेस हुई है, यहां पर इनटिमीडेशन हुई है, यहां पर प्रेशराईज़ेशन हुआ है तो मैं आप को यकीन दिलाता हूं कि मैं खुद प्रबोध जी के साथ चलता बावजूद इस बात के कि किसी भी कांग्रेसी के साथ चलने में मुझे शर्म महसूस होती है ।

उन्होंने मन्दिरों और गुरुद्वारों की पवित्रता का वर्णन करते हुए इस बात पर ज़ोर दिया था कि विधान सभा भी जम्हूरियत के अन्दर एक पवित्र मन्दिर के समान है । लेकिन मुझे अफसोस के साथ कहना पड़ता है कि इस पवित्र मन्दिर के अन्दर आज उन्होंने ऐसी स्पीच दी है जिसे पब्लिक स्टेज की ही स्पीच कहा जा सकता है । इस के अलावा मैं यह भी कहना चाहता हूं कि बावजूद इस बात के कि अपने आप को बुजुर्ग समझते हैं यह अपना बचपन छोड़ने को अभी भी तैयार नहीं हैं । वह बुज़ुर्ग तो कहते हैं लेकिन कुर्सियां छोड़ने को उन का मन नहीं मानता । मैं कहूंगा कि बुज़ुर्गों का काम है सन्यास लेना । जनता आप को सन्यास दे चुकी है । इसलिए मैं कहूंगा कि अच्छा होगा यदि आप अपनी मर्ज़ी से सन्यास ले लें और अगर आप ऐसा नहीं करेंगे तो जनता जबरदस्ती आप को भी सन्यास

लेने पर मजबूर कर देगी । इतना कह कर, स्पीकर साहिब, मैं आप का धन्यवाद करता हुआ अपनी सीट ग्रहण करता हूं ।

PERSONAL EXPLANATION BY SHRI PRABODH CHANDRA

श्री प्रबोध चन्द्र: आन ए प्वायंट आफ परसनल ऐक्सप्लेनेशन सर । जिन्होंने अभी अभी स्पीच दी है उन की स्पीच इस काबिल नहीं थी कि उसकी तरफ कोई तवज्जो दी जाए। लेकिन इन्होंने एक दो साफ इलजाम मेरी ज़ात पर लगाए हैं । पहली बात तो उन्होंने यह कही है कि वह कोई चिट्ठी पेश कर सकते हैं जो कि मैंने किसी को लिखी कि कांग्रेस के अन्दर हिन्दुओं के साथ ज़्यादती हो रही है । यह सरासर ग़लत बात है । अगर उनमें जुर्रत है तो हाउस के अन्दर वह चिट्ठी पेश करें । जो उन्होंने बार बार कहा यह बिल्कुल नाज़ेबा है । मैं शुरू से ही कांग्रेसमैन रहा हूं और कांग्रेस के साथ मेरा चालीस साल से रिश्ता है ।

उप वित मन्त्री (श्री विशम्बर नाथ मक्कड़) : आप इस बात से इनकार कीजिए कि क्या आप मेरे पास नहीं आए थे ? आप ईमानदारी से इनकार कीजिए ।

श्री प्रबोध चन्द्र: यह बात बिल्कुल ग़लत है ।

मुख्य मन्त्री: हिन्दुओं का वासता सब के सामने डाला आपने ।

श्री प्रबोध चन्द्र: दूसरा इन्होंने इलज़ाम लगाया कि मैंने यहीं पर किसी चीफ मनिस्टर के बारे में कुछ कहा था और यह कि मैंने स्पीकरशिप की कुर्सी के लिए कोई सौदा किया । जिन लोगों के साथ जरा भी ईमानदारी का तकाजा है, जिन में शराफत है वह इस बात के शाहद हैं कि ऐसी कोई बात नहीं थी । जो आज मुझ पर इलज़ामतराशी करते हैं । इन को मालूम होना चाहिए कि जब भी मेरी जमीर के साथ किसी बात का भी कोई क्लैश आया चाहे उस वक्त मैं चीफ पार्लियामैन्टरी सैक्रेटरी था, मनिस्टर था या स्पीकर के तौर पर काम करता था मैंने उस कुर्सी को ठोकर मारी । मैं तो उस वक्त यहां चन्डीगढ़ में था ही नहीं । बल्कि मुझे कशमीर में रेडियो से पता लगा और ओथ लेने के लिए भी यहां पर दो घंटे देर से पहुंचा । और जनाब, इन्हीं लोगों ने यह बात मानी थी कि मेरे जैसा स्पीकर न पंजाब को आगे मिला है और न मिलेगा । इस बात को दुनिया जानती है ।

ਮੁਖ ਮੰਤਰੀ : ਸਾਡੇ ਪਾਸ ਤਾਰ ਆ ਜਾਂਦਾ ਸੀ ਅਸੀਂ ਦਸਖਤ ਕਰ ਦਿੰਦੇ ਸੀ ।

ਸ੍ਰੀ ਸਪੀਕਰ : ਜਿੰਨੇ ਮੈਂਬਰ ਬੋਲਣਾ ਚਾਹੁੰਦੇ ਹਨ ਅਗਰ ਪਾਰਟੀਆਂ ਆਪਣੇ ਆਪਣੇ ਮੈਂਬਰਾਂ ਦੇ ਨਾਂ ਦੇ ਦੇਣ ਤਾਂ ਚੰਗਾ ਰਹੇਗਾ ਤਾਕਿ ਟਾਈਮ ਫਿਕਸ ਕਰ ਲਿਆ ਜਾਵੇ । (It would be better if the names of members who desire to speak are intimated by the parties concerned so that the time for them may be fixed accordingly.)

चौधरी बलबीर सिंह: On a point of Order, Sir.

[चौधरी बलबीर सिंह]

श्री विश्वनाथन जी ने अपनी स्पीच में कहा था कि* * * *मैं कहूँगा कि अगर ऐसी बात कहना इन्टरनैशनल तौर पर ठीक न हो तो यह शब्द ऐक्सपंज कर दिये जाएं। (विघ्न) यह बड़ी जरूरी चीज़ है। यह बात छपेगी तो हो सकता है कोई पार्टी इसे एक्सप्लायट करे। अगर आप मुनासिब समझें तो इस बात को एक्सपंज करा दें।

श्री अ. विश्वनाथन : मैंने यह नहीं कहा कि हम वहां पर तलवार के ज़ोर से जाएंगे। हो सकता है उन से दोस्ती हो जाए। यह भी हो सकता है कि अयूब साहब के मन में परिवर्तन हो जाए।

ਕਾਮਰੇਡ ਸੱਤਪਾਲ ਕਪੂਰ (ਰਾਇਪੁਰ) : ਜਨਾਬ ਸਪੀਕਰ ਸਾਹਿਬ, ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜ਼ਰੂਰਤ ਇਸ ਗੱਲ ਦੀ ਹੈ ਕਿ ਨਵਾਂ ਸੂਬਾ ਬਣਨ ਦੇ ਬਾਅਦ ਇਥੇ ਦੀ ਸਰ-ਕਾਰ ਨੂੰ ਇਹ ਵੇਖਣਾ ਚਾਹੀਦਾ ਸੀ ਕਿ ਸੂਬੇ ਦੀਆਂ ਬੁਨਿਆਦੀ ਮੁਸ਼ਕਿਲਾਤ ਕੀ ਹਨ ਅਤੇ ਸੂਬੇ ਨੂੰ ਕਿਸ ਤਰ੍ਹਾਂ ਚੰਗੇ ਢੰਗ ਨਾਲ ਚਲਾਣਾ ਹੈ। ਜਦੋਂ ਸੂਬਾ ਇਕੱਠਾ ਸੀ ਤਾਂ ਇਕ ਐਡਮਨਿਸ-ਟਰੇਟਿਵ ਰੀਫਾਰਮਜ਼ ਕਮਿਸ਼ਨ ਬਣਿਆ ਸੀ ਅਤੇ ਇਸ ਹਾਊਸ ਦਾ ਲੀਡਰ ਉਸ ਕਮਿਸ਼ਨ ਦਾ ਮੈਂਬਰ ਸੀ। ਉਸ ਕਮਿਸ਼ਨ ਨੇ ਕੁਝ ਸਿਫਾਰਸ਼ਾਂ ਕੀਤੀਆਂ ਸਨ। ਉਨ੍ਹਾਂ ਨੇ ਇਸ ਗੱਲ ਦੀ ਸਖਤ ਮਜ਼ੰਮਤ ਕੀਤੀ ਸੀ ਕਿ ਪੰਜਾਬ ਦੇ ਅੰਦਰ ਬਜਟ ਦਾ 32 ਫੀ ਸਦੀ ਐਡਮਿਨਿਸਟਰੇਸ਼ਨ ਤੇ ਖਰਚ ਹੋ ਰਿਹਾ ਹੈ। ਬਾਕੀ ਸੂਬਿਆਂ ਦੇ ਮੁਕਾਬਲੇ ਤੇ ਇਹ ਸਭ ਤੋਂ ਜ਼ਿਆਦਾ ਹੈ। (ਵਿਘਨ) (ਚੌਧਰੀ ਬਲਬੀਰ ਸਿੰਘ ਨੂੰ ਸੰਬੋਧਨ ਕਰਕੇ) ਚੌਧਰੀ ਜਾਨ ਦੇ ਇਨ੍ਹਾਂ ਗੱਲਾਂ ਦਾ ਕੀ ਫ਼ਾਇਦਾ ਹੈ। ਸਪੀਕਰ ਸਾਹਿਬ, ਕਮਿਸ਼ਨ ਨੇ ਕਿਹਾ ਕਿ ਪੰਜਾਬ ਵਿਚ ਇਹ ਜੋ ਐਡਮਨਿਸਟਰੇਸ਼ਨ ਦਾ ਖਰਚ ਹੈ ਇਹ ਘਟ ਹੋਣਾ ਚਾਹੀਦਾ ਹੈ। ਹੁਣ ਪੰਜਾਬ ਪਹਿਲੇ ਪੰਜਾਬ ਨਾਲੋਂ ਅੱਧਾ ਰਹਿ ਗਿਆ ਹੈ। ਉਸ ਕਮਿਸ਼ਨ ਦੀਆਂ ਬਹਿਸਾਂ ਵਿਚ ਹਿੱਸਾ ਲੈਂਦੇ ਹੋਏ ਸਰਦਾਰ ਗੁਰਨਾਮ ਸਿੰਘ ਨੇ ਕਿਹਾ ਕਿ ਸਰਕਾਰ ਬਹੁਤ ਰੁਪਿਆ ਫਜ਼ੂਲ ਖਰਚ ਕਰ ਰਹੀ ਹੈ। (ਵਿਘਨ) ਫਜ਼ੂਲ ਖਰਚ ਕਰ ਰਹੀ ਹੈ। ਉਦੋਂ 32 ਫੀ ਸਦੀ ਖਰਚ ਫਜ਼ੂਲ ਖਰਚ ਇਨ੍ਹਾਂ ਨੇ ਕਿਹਾ ਤੇ ਹੁਣ ਜਦ ਇਨ੍ਹਾਂ ਦੀ ਰਹਿਨੁਮਾਈ ਹੇਠ ਸਰਕਾਰ ਬਣੀ ਹੈ ਤਾਂ ਉਹ ਖਰਚ 40 ਫੀ ਸਦੀ ਹੋ ਗਿਆ ਹੈ। ਜਾਨੀ 8 ਪ੍ਰਤੀਸ਼ਤ ਖਰਚ ਵਧ ਗਿਆ ਹੈ। ਸੂਬਾ ਤਾਂ ਪਹਿਲਾਂ ਨਾਲੋਂ 55 ਪ੍ਰਤੀਸ਼ਤ ਰਹਿ ਗਿਆ ਪਰ ਖਰਚ 8 ਪ੍ਰਤੀਸ਼ਤ ਵਧ ਗਿਆ। (ਵਿਘਨ) ਕਮਿਸ਼ਨ ਨੇ ਰਿਕਮੈਂਡ ਕੀਤਾ ਸੀ ਕਿ 9-10 ਤੋਂ ਵਧ ਵਜ਼ੀਰ ਨਾ ਹੋਣ ਜੋ ਅਜ 17 ਹਨ। ਉਨ੍ਹਾਂ ਨੇ ਰਿਕਮੈਂਡ ਕੀਤਾ ਸੀ ਕਿ ਫਿਨਾਂਨਸ਼ਲ ਕਮਿਸ਼ਨਰ ਸੈਕਟਰੀਜ਼ ਟੂ ਗੌਰਮੈਂਟ ਅਤੇ ਹੇਠਲੇ ਅਮਲੇ ਦੇ ਸਾਰੇ ਕਾਡਰਜ਼ ਵਿਚ ਰੀਡਕਸ਼ਨ ਕੀਤੀ ਜਾਵੇ। ਪਰ ਸੂਬਾ ਅਧਾ ਹੋ ਗਿਆ ਮਗਰ ਉਹ ਅਫਸਰ ਵਗੈਰਾ ਉਨੇ ਦੇ ਉਨੇ ਹੀ ਹਨ। (ਵਿਘਨ) ਸੁਣੋ, ਘਬਰਾਉ ਨਾ। ਤੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਸੂਬੇ ਦੀ ਐਡਮਿਨਿਸਟ੍ਰੇਸ਼ਨ ਅੱਧੇ ਅਫਸਰਾਂ ਨਾਲ ਚਲ ਸਕਦੀ ਹੈ ਅਤੇ ਮੈਂ ਉਮੀਦ ਕਰਦਾ ਹਾਂ ਕਿ ਲੀਡਰ ਆਫ਼ ਦੀ ਹਾਊਸ ਇਸ ਗੱਲ ਵਲ ਧਿਆਨ ਦੇਣਗੇ ਕਿ ਇਥੇ ਐਡਮਿਨਿਸਟਰੇਸ਼ਨ ਦੀ ਸਟਰੈਂਗਥ ਵਿਚ ਕਮੀ ਕਰਨ ਦੀ ਲੋੜ ਹੈ। 40 ਪਰਸੈਂਟ ਤੋਂ ਘਟਾ ਕੇ ਖਰਚ 25 ਪਰਸੈਂਟ ਤਕ ਲਿਆਉਣਾ ਚਾਹੀਦਾ ਹੈ। ਮਦਰਾਸ ਜੋ ਹਿੰਦੁਸਤਾਨ ਦੀ ਬੈਸਟ ਐਡਮਿਨਿਸਟ੍ਰਡ ਸਟੇਟ ਹੈ, ਉਸ ਦਾ ਖਰਚ 24 ਪ੍ਰਤੀਸ਼ਤ ਹੈ ਅਤੇ ਸੂਬਾ ਸਾਥੋਂ ਚਾਰ ਗੁਣਾ ਹੈ। ਪੰਜਾਬ ਦਾ 40 ਪ੍ਰਤੀਸ਼ਤ ਖਰਚ ਇਕ ਅਨ-ਹੈਲਦੀ ਗੱਲ ਹੈ, ਗਲਤ ਗੱਲ ਹੈ, ਇਸਨੂੰ ਅਮੈਂਡ ਕਰੋ। ਐਡਮਿਨਿਸਟ੍ਰੇਟਿਵ ਰੀਫ਼ਾਰਮਜ਼

*Expunged as ordered by the Chair.

ਕਮਿਸ਼ਨ ਨੇ ਇਕ ਇਹ ਗੱਲ ਕਹੀ ਸੀ ਕਿ ਜਿੰਨੀਆਂ ਐਡਮਿਨਿਸਟ੍ਰੇਟਿਵ ਪੋਸਟਾਂ ਹਨ ਉਨ੍ਹਾਂ ਵਿੱਚ ਕੁਆਰਡੀਨੇਸ਼ਣ ਕਰਨ ਦੀ ਲੋੜ ਹੈ । ਚੀਫ ਇੰਜਨੀਅਰ ਦੇ ਉਪਰ ਸੈਕਰੇਟਰੀ, ਡਿਪਟੀ ਸੈਕਰੇਟਰੀ ਵਗੈਰਾ ਬੈਠਾਣ ਦੀ ਲੜ ਨਹੀਂ । ਚੀਫ਼ ਇੰਜਨੀਅਰ ਦੇ ਤਹਿਤ ਜੋ ਟੈਕਨੀਕਲੀ ਕੁਆਲੀਫਾਈਡ ਅਮਲਾ ਹੈ, ਐਸ. ਡੀ. ਓ., ਓਵਰਸੀਅਰ ਆਦਿ ਦਾ ਉਹ ਸਕੀਮਾਂ ਬਣਾਉਂਦਾ ਹੈ ਪਰ ਸੈਕ-ਰੇਟੇਰੀਏਟ ਵਿਚ ਬੈਠਾ ਇਕ ਆਰਡਨਰੀ ਕਲਰਕ ਉਸ ਵਿਚ ਕਾਂਟ ਛਾਂਟ ਕਰਦਾ ਹੈ, ਨੁਕਸ ਕਢਦਾ ਹੈ । ਉਸਨੇ ਕੋਈ ਨਾ ਕੋਈ ਰੁਕਾਵਟ ਪਾਉਣੀ ਹੁੰਦੀ ਹੈ, ਇਤਰਾਜ਼ ਕਰਨਾ ਹੁੰਦਾ ਹੈ । ਉਸ ਤੋਂ ਬਾਦ ਅਸਿਸਟੈਂਟ, ਡਿਪਟੀ ਸੁਪਰਿਨਟੈਨਡੈਂਟ ਅਤੇ ਉਪਰਲੇ ਅਫਸਰ ਤਕ ਉਸ ਨੂੰ ਡਿਟੋ ਕਰਦੇ ਹਨ । ਇਤਨਾ ਜੋ ਟੈਕਨੀਕਲ ਆਦਮੀਆਂ ਉਤੇ ਬੋਝ ਲਦਿਆ ਹੋਇਆ ਹੈ ਇਹ ਉਨ੍ਹਾਂ ਦੇ ਇਨੀਸ਼ਿਏਟਿਵ ਨੂੰ ਖਤਮ ਕਰ ਦਿੰਦਾ ਹੈ । (ਵਿਘਨ) ਮੇਰੀ ਬੇਨਤੀ ਹੈ ਕਿ ਜਦ ਤਕ ਇਸ ਸੂਬੇ ਦੀ ਐਡਮਨਿਸਟਰੇਸ਼ਨ ਦਾ ਤਰੀਕਾਕਾਰ ਨਹੀਂ ਬਦਲਿਆ ਜਾਂਦਾ, ਇਥੇ ਦੀ ਚੰਗੀ ਐਡ-ਮਿਨਿਸਟਰੇਸ਼ਨ ਨਹੀਂ ਹੋ ਸਕਦੀ । ਇਸ ਲਈ ਮੇਰੀ ਤਜਵੀਜ਼ ਹੈ ਕਿ ਜਿਹੜੇ ਟੈਕਨੀਕਲ ਮਹਿਕਮੇ ਹਨ ਜਿਵੇਂ P.W.D. (B&R), Health, Electricity, Forest, Medical Education, ਵਗੈਰਾ ਇਨ੍ਹਾਂ ਸਭਨਾਂ ਵਿੱਚ ਟੈਕਨੀਕਲ ਅਫ਼ਸਰਾਂ ਦੇ ਉਤੇ ਆਈ. ਏ. ਐਸ. ਅਤੇ ਆਈ. ਸੀ. ਐਸ., ਪੀ. ਸੀ. ਐਸ. ਦੀ ਜੋ ਫੌਜ ਹੈ, ਉਸ ਨੂੰ ਹਟਾਓ । ਉਸ ਨਾਲ ਸੂਬੇ ਦਾ ਭਲਾ ਹੋਵੇਗਾ । 40 ਪ੍ਰਤੀਸ਼ਤ ਖਰਚ ਇਸ ਲਈ ਹੈ ਕਿ ਤੁਸੀਂ 16-17 ਵਜ਼ੀਰ ਬਣਾਏ ਹੋਏ ਹਨ । ਤੁਹਾਨੂੰ ਦੇਖਕੇ ਕੋਈ ਹੋਰ ਹਕੂਮਤ 20 ਵਜ਼ੀਰ ਬਣਾ ਸਕਦੀ ਹੈ । ਇਸ ਨਾਲ ਖਰਚ 45 ਪ੍ਰਤੀਸ਼ਤ ਹੋ ਜਾਵੇਗਾ । ਫਿਰ ਸਟੇਟ ਦੀ ਡਿਵੈਲਪਮੈਂਟ ਨਹੀਂ ਹੋਵੇਗੀ । ਇਸ ਲਈ ਮੈਂ ਕਹਿੰਦਾ ਹਾਂ ਕਿ ਜਿਸ ਕਮਿਸ਼ਨ ਵਿਚ ਤੁਸੀਂ ਆਪ ਰਹੇ ਹੋ, ਉਸ ਦੀਆਂ ਸਿਫਾ-ਰਸ਼ਾਂ ਤੇ ਅਮਲ ਕਰੋ ।

4 P.M. ਜਿਥੋਂ ਤਕ ਇਸ ਗੱਲ ਦਾ ਤੁਅਲਕ ਹੈ ਕਿ ਸੂਬੇ ਵਿਚ ਲਾ ਐਂਡ ਆਰਡਰ ਦੀ ਕੀ ਹਾਲਤ ਹੈ ਮੈਂ ਦਸਣਾ ਚਾਹੁੰਦਾਂ ਹਾਂ ....

(ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਕੁਰਸੀ ਸੰਭਾਲੀ)

ਲਾ ਐਂਡ ਆਰਡਰ ਦਾ ਜੋ ਨਕਸ਼ਾ ਇਸ ਸਰਕਾਰ ਨੇ ਪੇਸ਼ ਕੀਤਾ ਹੈ ਮੈਂ ਤੁਹਾਡੇ ਰਾਹੀਂ ਹਾਊਸ ਨੂੰ ਦਸਣਾ ਚਾਹੁੰਦਾ ਹਾਂ । ਪਰਸੋਂ ਹੀ ਇਕ ਸਵਾਲ ਦੇ ਲਿਖਤੀ ਉਤਰ ਵਿੱਚ ਚੀਫ ਮਿਨਿਸਟਰ ਸਾਹਿਬ ਨੇ ਦਸਿਆ ਹੈ ਕਿ 1—½ ਮਹੀਨੇ ਵਿਚ 64 ਕਤਲ ਹੋਏ, 40 ਡਾਕੇ ਤੇ 215 ਚੋਰੀਆਂ ਹੋ ਚੁਕੀਆਂ ਹਨ ਅਤੇ ਇਹ ਜ਼ਿਲ ਹਨ, ਲੁਧਿਆਨਾ, ਫ਼ਿਰੋਜ਼ਪੁਰ ਤੇ ਅੰਮ੍ਰਿਤਸਰ ਜਿਥੇ ਡਾਕੇ, ਕਤਲ ਤੇ ਚੋਰੀਆਂ ਹੋਈਆਂ । (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਤਾਂ ਜੰਗਜੂ ਹੋਣ ਦਾ ਸਬੂਤ ਹੈ । (It is the sign of their bravery).

ਕਾਮਰੇਡ ਸਤਪਾਲ ਕਪੂਰ : ਜਨਾਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਅਜ ਲਾ ਐਂਡ ਆਰਡਰ ਦੀ ਕੀ ਹਾਲਤ ਹੈ । ਮੈਂ ਅਖ਼ਬਾਰਾਂ ਦੀਆਂ ਕਟਿੰਗਜ਼ ਵਿਚ ਨਹੀਂ ਜਾਣਾ ਚਾਹੁੰਦਾ । ਪਰ ਇਹ ਮਸਲਾ ਬੜਾ ਸੰਜੀਦਾ ਹੈ ਅਤੇ ਗੌਰਮਿੰਟ ਨੂੰ ਸੋਚਣਾ ਚਾਹੀਦਾ ਹੈ । ਹਾਊਸ ਨੂੰ ਪਤਾ ਹੈ ਕਿ ਕਿੰਨੀ ਖੋਖਲੀ ਹਾਲਤ ਲਾ ਐਂਡ ਆਰਡਰ ਦੀ ਹੈ । ਜਿੰਨੀ ਅਜ ਲਾ ਐਂਡ ਆਰਡਰ ਦੀ ਹਾਲਤ ਖਰਾਬ ਹੈ ਉਸ ਸਾਰੀ ਦੀ ਨਹੀਂ ਪਰ ਬਹੁਤ ਹਦ ਤਕ ਉਸ ਦੀ ਜ਼ਿੰਮੇਵਾਰੀ ਅਜ ਦੀ

[ਕਾਮਰੇਡ ਸਤਪਾਲ ਕਪੂਰ]

ਸਰਕਾਰ ਤੇ ਹੈ । ਸਰਕਾਰ ਦੇ ਵਜ਼ੀਰਾਂ ਦੇ ਸਿਰ ਹੈ । ਹਾਲਾਂ ਕਿ ਸਾਰਿਆਂ ਨੇ ਸਾਨੂੰ ਕੰਡੈਮ ਕੀਤਾ ਸੀ ਕਿ day to day administration ਵਿੱਚ ਕਾਂਗਰਸ ਵਾਲੇ ਮਦਾਖਲਤ ਕਰਦੇ ਰਹੇ ਪਰ ਮੈਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿੰਨਾ ਦਖਲ ਅਜ ਹੈ, ਪਹਿਲਾਂ ਕਦੇ ਨਹੀਂ ਸੀ । ਕਈ ਸਰਕਾਰੀ ਅਫਸਰਾਂ ਨਾਲ ਮੇਰੀ ਡਿਸਕਸ਼ਨ ਹੋਈ ਹੈ । ਕਈ ਦੋਸਤਾਂ ਨਾਲ ਬਾਤ ਚੀਤ ਕਰਦਿਆਂ ਪਤਾ ਲਗਾ ਹੈ ਕਿ ਕਿੰਨੀ ਅਜ ਕਲ ਮਦਾਖਲਤ ਕੀਤੀ ਗਈ ਹੈ। ਇਸ ਤਰੀਕਾਕਾਰ ਨੂੰ ਅਮੈਂਡ ਕਰਨ ਦੀ ਲੋੜ ਹੈ । ਸੀ. ਐਮ. ਸਾਹਿਬ ਨੂੰ ਆਪਣੇ ਵਜ਼ੀਰਾਂ ਨੂੰ ਲਗਾਮ ਪਾਣੀ ਪਏਗੀ ਕਿ ਉਹ ਮਦਾਖਲਤ ਨਾ ਕਰਨ । ਇਹ ਜ਼ਰੂਰੀ ਹੈ ।

ਜਿਥੇ ਤਕ ਐਫੀਸ਼ੈਂਸੀ ਦਾ ਤਅਲਕ ਹੈ ਰਾਮ ਕਿਸ਼ਨ ਸਰਕਾਰ ਨੇ ਇਕ ਕਮੇਟੀ ਬਣਾਈ ਸੀ, ਲੈਂਡ ਰੀਫਾਰਮਜ਼ ਕਮੇਟੀ ਪਰ ਅਜ ਲੈਂਡ ਰੀਫਾਰਮਜ਼ ਦੀ ਕੀ ਹਾਲਤ ਹੈ ? ਇਸ ਕਮੇਟੀ ਦੇ ਹੈਡ ਫਲੈਚਰ ਸਾਹਿਬ ਸਨ । ਅਤੇ ਉਨ੍ਹਾਂ ਨੇ ਲੈਂਡ ਰੀਫਾਰਮਜ਼ ਬਾਰੇ ਰਿਪੋਰਟ ਦਿਤੀ ਸੀ ਪਰ ਇਸ ਲੈਂਡ ਰੀਫਾਰਮਜ਼ ਦੇ ਮਸਲੇ ਨੂੰ ਹੱਲ ਕਰਨ ਲਈ ਕੋਈ ਕਦਮ ਨਹੀਂ ਚੁਕੇ ਗਏ । ਸਾਡੇ ਪਾਸ 10-11 ਤੋਂ ਲੈਕੇ 24 ਮਈ ਤਕ ਦਾ ਅਸੈਂਬਲੀ ਦਾ ਪਰੋਗਰਾਮ ਆਇਆ ਹੈ ਪਰ ਇਸ ਸਬੰਧੀ ਕੋਈ ਵਕਤ ਨਹੀਂ ਰਖਿਆ ਗਿਆ । ਪੰਜਾਬ ਦੇ ਮੁਜਾਰੇ ਤੇ ਜਿਹੜਾ ਕਾਲਾ ਕਾਨੂੰਨ ਸਿਕਉਰਿਟੀ ਆਫ ਲੈਂਡ ਟਿਨਿਉਰ ਐਕਟ ਲਾਗੂ ਹੈ ਉਸਨੂੰ ਅਮੈਂਡ ਕਰਨ ਬਾਰੇ ਕੋਈ ਪਰੋਗਰਾਮ ਨਹੀਂ ਦਿਤਾ ਗਿਆ । (ਵਿਘਨ) ਇਸ ਦਾ ਲਾ ਐਂਡ ਆਰਡਰ ਨਾਲ ਤਅਲੁਕ ਹੈ, ਮੈਂ ਦਸਦਾ ਹਾਂ ਕਿ ਕਿੰਨੇ ਹੀ ਬੇ ਦਖਲੀਆਂ ਦੇ ਕੰਮ ਚਲ ਰਹੇ ਹਨ । ਇਸ ਦਾ ਐਡਮਿਨਿਸਟਰੇਸ਼ਨ ਨਾਲ ਤਅਲੁਕ ਹੈ । ਜਿਥੇ ਮੁਜ਼ਾਰਾ ਕੇਸ ਜਿਤ ਜਾਏ ਉਥੇ ਕਬਜ਼ਾ ਹੀ ਨਹੀਂ ਦਿਵਾਇਆ ਜਾਂਦਾ, ਪਰ ਜਿਥੇ ਕੋਈ ਵਡਾ ਜ਼ਿਮੀਦਾਰ ਜਿਤ ਜਾਏ, ਉਥੇ ਤਸੀਲਦਾਰ ਨਾਲ, ਪਟਵਾਰੀ ਨਾਲ, ਪੁਲਿਸ ਨਾਲ, ਡੀ. ਸੀ. ਸਾਹਿਬ ਦੇ ਫੋਨ ਤੇ ਕਬਜ਼ਾ ਦਿਲਾ ਦਿਤਾ ਜਾਂਦਾ ਹੈ । ਇਹ ਸਭ ਫਿਰੋਜ਼ਪੁਰ ਫਾਜ਼ਿਲਕਾ, ਅਬੋਹਰ ਆਦਿ ਵਿਚ ਹੋ ਰਿਹਾ ਹੈ ਇਸਨੂੰ ਚੈਕ ਕਰਾ ਕੇ ਵੇਖ ਲਉ । ਬੇਦਖਲੀਆਂ ਨੂੰ ਰੋਕਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਅਤੇ ਕਬਜ਼ੇ ਗਰੀਬ ਮੁਜ਼ਾਰੇ ਨੂੰ ਦਿਲਾਉਣ ਦਾ ਵੀ।

ਜਿਥੇ ਤਕ ਪਿਉਰਿਟੀ ਇਨ ਪਬਲਕ ਲਾਈਫ ਦਾ ਸਬੰਧ ਹੈ ਇਸ ਮੌਜੂਦਾ ਸਰਕਾਰ ਦੇ ਬੜੇ ਲੰਮੇ ਦਾਹਵੇ ਹਨ ਕਿ ਅਸੀਂ ਪਿਉਰਿਟੀ ਇਨ ਪਬਲਿਕ ਲਾਈਫ ਕਾਇਮ ਰਖਾਂਗੇ ਪਰ ਹਾਲਤ ਇਸ ਦੇ ਬਿਲਕੁਲ ਬਰਕਸ ਹੈ । ਅਜ ਦੀ ਹਾਲਤ ਵੇਖਕੇ ਭਾਰੀ ਮਾਯੂਸੀ ਹੁੰਦੀ ਹੈ। ਕਿਸ ਤਰ੍ਹਾਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ ਮੈਂਬਰਾਂ ਨੂੰ ਲਿਜਾਣ ਲਈ । ਜਿਹੜੇ ਤਰੀਕੇ ਪਹਿਲੀ ਸਰਕਾਰ ਅਪਣਾਂਦੀ ਰਹੀ ਹੈ ਉਹ ਇਹੀ ਅਪਣਾ ਰਹੇ ਹਨ । ਲੋਕਾਂ ਨੇ ਇਸ ਵਾਸਤੇ ਇਨ੍ਹਾਂ ਨੂੰ ਨਹੀਂ ਚੁਣਿਆ ਕਿ ਸਾਫ ਤਰੀਕੇ ਨਾਲ ਅਮਲ ਨਾ ਕਰਨ, ਸਾਡਾ ਤਰੀਕਾ ਗਲਤ ਸੀ ਫਲੋਰ ਕਰਾਸ ਕਰਨ ਦੇ ਢੰਗ ਹਨ ਉਹ ਨਹੀਂ ਅਪਣਾਏ ਗਏ । ਇਨ੍ਹਾਂ ਨੇ ਦਸ ਦਿਤਾ ਹੈ ਕਿ ਵੋਟਰਾਂ ਦੇ ਵਿਸ਼ਵਾਸ਼ ਦੀ ਇਨ੍ਹਾਂ ਪਾਸ ਕੀ ਕਦਰ ਹੈ ।

ਜਿਥੋਂ ਤਕ ਪਿਛਲੀ ਸਰਕਾਰ ਦਾ ਤਅਲੱਕ ਸੀ ਇਹ ਕਿਹਾ ਜਾਂਦਾ ਰਿਹਾ ਕਿ ਜਿਹੜੇ ਇਲੈਕਸ਼ਨਾਂ ਹਾਰ ਗਏ ਉਨ੍ਹਾਂ ਨੂੰ ਪੋਲੀਟੀਕਲ ਬੇਸਿਜ਼ ਤੇ ਕਿਸੇ ਨੂੰ ਪਬਲਿਕ ਸਰਵਿਸ ਕਮਿਸ਼ਨ ਦਾ ਮੈਂਬਰ ਬਣਾ ਦਿਤਾ, ਕਿਸੇ ਨੂੰ ਬਿਜਲੀ ਬੋਰਡ ਦਾ ਤੇ ਕਿਸੇ ਨੂੰ ਹੋਰ ਕਿਸੇ ਤਰ੍ਹਾਂ ਐਕਮੋਡੇਟ ਕਰ ਲਿਆ ਪਰ ਇਹ ਕੀ ਕਰ ਰਹੇ ਹਨ, ਇਕ ਟਰਾਂਸਪੋਰਟ ਕੰਪਨੀ ਦੇ ਇਕ ਕਲਰਕ ਨੂੰ

ਮਨਿਸਟਰ ਦਾ ਪੀ. ਏ. ਲਾ ਦਿਤਾ ਤੇ ਫਿਰ ਬਿਜਲੀ ਬੋਰਡ ਦਾ ਮੈਂਬਰ ਲਾ ਦਿਤਾ 2250 ਰੁਪਏ ਮਹੀਨੇ ਤੇ । ਇਹ ਕੀ ਹੈ ?

ਇਕ ਮਾਨਯੋਗ ਮੈਂਬਰ : ਇਹ ਇਲੈਕਸ਼ਨ ਹਾਰ ਕੇ ਨਹੀਂ ਆਇਆ । (ਵਿਘਨ) (ਹਾਸਾ) ।

ਕਾਮਰੇਡ ਸਤਪਾਲ ਕਪੂਰ : ਪਰ ਇਹ ਉਨ੍ਹਾਂ ਦੇ ਬੂਟ ਸਾਫ ਕਰਦਾ ਰਿਹਾ ਹੈ (ਵਿਘਨ) ਜੇ ਕਰ ਇਹ ਤਰੀਕਾ ਅਪਣਾਕੇ ਅਤੇ ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਤੁਸੀਂ ਕੋਈ ਸਟੈਂਡਰਡ ਕਾਇਮ ਕਰਨਾ ਚਾਹੁੰਦੇ ਹੋ ਤਾਂ ਇਸਨੂੰ ਤੁਸੀਂ ਕੁਰਪਸ਼ਨ ਨਹੀਂ ਕਹੋਗੇ ? ਮੈਂ ਤਾਂ ਕਹਾਂਗਾ ਕਿ ਇਸ ਤਰ੍ਹਾਂ ਦੇ ਹਾਲਾਤ ਵਿਚ ਪੰਜਾਬ ਦੀ ਕਿਸਮਤ ਮਾੜੀ ਹੈ ਅਤੇ ਸਾਡੀ ਇਹ ਬਦਕਿਸਮਤੀ ਹੈ। ਅਜ ਪੰਜਾਬ ਵਿਚ ਨਵੀਂ ਸਰਕਾਰ ਬਣੀ ਹੈ ਇਸ ਲਈ ਇਸਨੂੰ ਪੁਰਾਣੀ ਸਰਕਾਰ ਦੇ ਤਰੀ-ਕਿਆਂ ਨੂੰ ਛੱਡ ਦੇਣਾ ਚਾਹੀਦਾ ਹੈ। ਅਜ ਉਹ ਮੈਂਬਰ ਇਨ ਪਾਵਰ ਹਨ ਜੋ ਇਨ੍ਹਾਂ ਬੈਂਚਾਂ ਤੇ ਬੈਠਕੇ ਇਸ ਤਰ੍ਹਾਂ ਦੀਆਂ ਗੱਲਾਂ ਦੀ ਮਜ਼ੱਮਤ ਕਰਦੇ ਰਹੇ ਹਨ ਅਤੇ ਕਨਡੈਮ ਕਰਦੇ ਰਹੇ ਅਜ ਆਪ ਹੀ ਅਜਿਹੀਆਂ ਗੱਲਾਂ ਕਰਨ ਲਗ ਪਏ ਹਨ । (ਵਿਘਨ) ਸਰਦਾਰ ਬਲਵੰਤ ਸਿੰਘ ਅਜ ਵਿਘਨ ਪਾ ਰਹੇ ਹਨ, ਮੈਂ ਇਨ੍ਹਾਂ ਦੇ ਬਾਰੇ ਵੀ ਦਸ ਦਿਆਂਗਾ । ਇਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਗੱਲਾਂ ਨਹੀਂ ਕਰਨੀਆਂ ਚਾਹੀਦੀਆਂ । ਅਜ ਪੰਜਾਬ ਦੇ ਚੀਫ ਮਨਿਸਟਰ ਕਲੇਮ ਤਾਂ ਇਹ ਕਰਦੇ ਹਨ ਕਿ ਪਿਊਰਿਟੀ ਇਨ ਪਬਲਿਕ ਲਾਈਫ ਅਸੀਂ ਕਾਇਮ ਕਰਾਂਗੇ, ਪਰ ਹੁੰਦਾ ਕੀ ਹੈ ? ਇਹ ਤੁਹਾਡੇ ਸਾਹਮਣੇ ਹੈ ।

ਮੈਂ ਇਕ ਮਿਸਾਲ ਦੇਵਾਂ ਕਿ ਇਥੇ ਕਮਿਊਨਿਸਟ ਭਰਾ ਸੁਰਜੀਤ ਜੀ, ਡਾਂਗ ਸਾਹਿਬ ਅਤੇ ਹੋਰ ਬੈਠੇ ਹਨ, ਜੋ ਇਸ ਗੱਲ ਤੇ ਬਜ਼ਿੱਦ ਸਨ ਕਿ ਬਿਰਲਾ ਦੀ ਸੀਡ ਫਾਰਮ ਦੇ ਲੀਜ਼ ਨੂੰ ਕੈਂਸਲ ਕਰ ਦਿਤਾ ਜਾਵੇ । ਅਤੇ ਇਹ ਕਹਿੰਦੇ ਸਨ ਕਿ ਕਾਂਗਰਸ ਵਾਲੇ ਬਿਰਲੇ ਦੇ ਏਜੰਟ ਹਨ ਅਤੇ ਪੈਸੇ ਖਾ ਗਏ ਹਨ । ਪਰ ਅਜੇ ਤਕ ਇਸ ਲੀਜ਼ ਨੂੰ ਕੈਂਸਲ ਨਹੀਂ ਕੀਤਾ ਜਾਂਦਾ । ਇਸ ਤੋਂ ਪਹਿਲਾਂ ਇਸ ਅਸੈਂਬਲੀ ਵਿਚ ਵੀ ਅਤੇ ਬਾਹਰ ਵੀ ਇਸ ਗੱਲ ਤੇ ਇਤਰਾਜ਼ ਕਰਦੇ ਰਹੇ ਹਨ। ਗਿੱਲ ਸਾਹਿਬ ਨੂੰ ਇਸ ਗੱਲ ਦਾ ਪਤਾ ਹੈ ਅਤੇ ਇਹ ਕਿਹਾ ਜਾਂਦਾ ਸੀ ਕਿ ਬਿਰਲੇ ਦੇ ਬੂਟ ਚੱਟਣ ਵਾਲੇ ਅਤੇ ਬਿਰਲੇ ਦੇ ਏਜੰਟ ਇਨ੍ਹਾ ਵਿਚ ਹਨ ਪਰ ਅਜ ਕੀ ਕੀਤਾ ਜਾ ਰਿਹਾ ਹੈ ? ਜਦ ਇਨ੍ਹਾਂ ਦੀ ਵਜ਼ਾਰਤ ਟੁਟਣ ਵਾਲੀ ਸੀ ਤਾਂ ਇਨ੍ਹਾਂ ਨੇ ਉਸੇ ਮੈਂਬਰ ਨੂੰ ਜਿਸਦਾ ਨਾਮ ਇਸ ਸਬੰਧ ਵਿਚ ਲਿਆ ਜਾਂਦਾ ਹੈ ਆਪਣੇ ਨਾਲ ਰਲਾ ਲਿਆ । ਸਕੈਂਡਲ ਕਰਨ ਤੇ ਮਜਬੂਰ ਹੋ ਗਏ । ਕੀ ਇਹ ਇਮਾਨ ਫਿਰੋਸ਼ੀ ਦੀ ਗੱਲ ਨਹੀਂ ਸੀ । ਸੀ. ਐਮ. ਸਾਹਿਬ ਨੂੰ ਖਤਰਾ ਮਹਿ-ਸੂਸ ਹੋਇਆ ਕਿ ਸਰਕਾਰ ਟੁਟ ਰਹੀ ਹੈ । ਇਨ੍ਹਾਂ ਨੇ ਇਸ ਹਾਊਸ ਦੇ ਇਕ ਆਨਰੇਬਲ ਮੈਂਬਰ ਨੂੰ ਇਹ ਝਾਂਸਾ ਦੇ ਕੇ ਕਿ ਬਿਰਲਾ ਡੀਲ ਨੂੰ ਕੈਂਸਲ ਨਹੀਂ ਕੀਤਾ ਜਾਵੇਗਾ, ਕਾਂਗਰਸ ਤੋਂ ਤੋੜ ਲਿਆ ਅਤੇ ਮਨਿਸਟਰ ਬਣਾ ਦਿਤਾ । ਮੈਂ ਸਮਝਦਾ ਹਾਂ ਕਿ ਕੁਰਪਸ਼ਨ ਦੀ ਇਹ ਹਾਈਟ ਹੈ ਅਤੇ ਇਕ ਭਾਰੀ ਸਕੈਂਡਲ ਹੈ । ਇਸਦੀ ਜੁਡੀਸ਼ਲ ਇਨਕੁਆਇਰੀ ਹੋਣੀ ਚਾਹੀਦੀ ਹੈ ਤਾ ਕਿ ਸੂਬੇ ਦੇ ਲੋਕਾਂ ਨੂੰ ਪਤਾ ਲਗ ਸਕੇ ।

ਸ੍ਰੀ ਡਿਪਟੀ ਸਪੀਕਰ : ਤੁਸੀਂ ਕਿਸ ਮੈਂਬਰ ਦੀ ਗੱਲ ਕਰ ਰਹੇ ਹੋ । ਇਸ ਦਾ ਨਾਮ ਤੁਹਾਨੂੰ ਦਸਣਾ ਪਏਗਾ। (The hon. Member will have to reveal the name of the Member referred to by him.)

ਕਾਮਰੇਡ ਸਤਪਾਲ ਕਪੂਰ : ਜੇ ਕਰ ਜ਼ਰੂਰਤ ਪਈ ਤਾਂ ਦਸ ਦਿਆਂਗਾ ।

ਸ੍ਰੀ ਡਿਪਟੀ ਸਪੀਕਰ : ਫਿਰ ਦਸ ਦਿਓ । (Then he should disclose his name.)

ਕਾਮਰੇਡ ਸਤਪਾਲ ਕਪੂਰ : ਇਹ ਹਨ ਸ੍ਰੀ ਬਾਲੂ ਰਾਮ । (ਵਿਘਨ) (ਸ਼ੋਰ)

ਡਿਪਟੀ ਸਪੀਕਰ ਸਾਹਿਬ, ਇਥੇ ਦਾਸ ਕਮਿਸ਼ਨ ਦੀ ਗੱਲ ਕੀਤੀ ਗਈ । ਸਰਦਾਰ ਪਰਤਾਪ ਸਿੰਘ ਨੇ ਗਲਤ ਕੰਮ ਕੀਤੇ ਪਰ ਇਸ ਤਰ੍ਹਾਂ ਦੇ ਗਲਤ ਕੰਮ ਜੋ ਕੀਤੇ ਜਾ ਰਹੇ ਹਨ ਇਨ੍ਹਾਂ ਤੇ ਕੋਈ ਕਮਿਸ਼ਨ ਨਹੀਂ । ਪਾਵਰ ਵਿਚ ਆਉਣ ਤੋਂ ਪਹਿਲਾਂ ਇਹ ਜੋ ਲੋਕਾਂ ਦਾ ਵਿਸ਼ਵਾਸ ਲੈ ਕੇ ਆਏ ਹਨ ਅਤੇ ਜੋ ਵਾਅਦੇ ਇਹ ਲੋਕਾਂ ਨਾਲ ਕਰਕੇ ਅਜ ਪਾਵਰ ਵਿਚ ਆ ਗਏ ਹਨ, ਇਨ੍ਹਾਂ ਨੂੰ ਚਾਹੀਦਾ ਹੈ ਕਿ ਇਸ ਤਰ੍ਹਾਂ ਦੇ ਸਿਆਸੀ ਸਕੈਂਡਲ ਨਾ ਕਰਨ । ਇਸ ਕੇਸ ਦੀ ਜੁਡੀਸ਼ਲ ਇਨਕੁਆਇਰੀ ਕੀਤੀ ਜਾਣੀ ਚਾਹੀਦੀ ਹੈ ਅਤੇ ਬਿਰਲਾ ਡੀਲ ਨੂੰ ਕੈਂਸਲ ਕਰਨਾ ਚਾਹੀਦਾ ਹੈ ਅਤੇ ਲੋਕਾਂ ਨਾਲ ਕੀਤੇ ਵਾਹਦੇ ਪੂਰੇ ਕਰਨੇ ਚਾਹੀਦੇ ਹਨ । (ਪ੍ਰਸ਼ੰਸਾ)

ਮੈਂ ਸਰਦਾਰ ਬਲਵੰਤ ਸਿੰਘ ਦੀ ਕੀ ਗੱਲ ਕਰਾਂ ਕਿ ਜਦ ਉਹ ਇਧਰ ਸਨ ਤਾਂ ਇਨ੍ਹਾਂ ਨੇ ਪੰਜਾਬੀ ਸੂਬਾ ਬਣਨ ਤੋਂ ਬਾਅਦ ਇਕ ਕਾਲ ਅਟੈਨਸ਼ਨ ਮੋਸ਼ਨ ਦਿਤੀ ਸੀ ਕਿ ਬਿਰਲਾ ਡੀਲ ਨੂੰ ਕੈਂਸਲ ਕੀਤਾ ਜਾਵੇ ਪਰ ਅਜ ਵਜ਼ਾਰਤ ਵਿਚ ਜਾ ਬੈਠੇ ਹਨ ਤੇ ਉਹ ਗੱਲ ਭੁਲ ਗਏ ਹਨ । ਫਿਰ ਇਨ੍ਹਾਂ ਨੇ ਐਸਟੀਮੇਟਸ ਕਮੇਟੀ ਵਿਚ, ਜਿਸਦੇ ਕਿ ਇਹ ਆਪ ਚੇਅਰਮੈਨ ਸਨ, ਇਹ ਰਿਕ-ਮੈਂਡ ਕੀਤਾ ਸੀ ਕਿ ਬਿਰਲੇ ਦੇ ਪਟੇ ਨੂੰ ਕੈਂਸਲ ਕੀਤਾ ਜਾਣਾ ਚਾਹੀਦਾ ਹੈ । ਅਜ ਪਤਾ ਨਹੀਂ ਗੱਦੀ ਸੰਭਾਲ ਕੇ ਇਨ੍ਹਾਂ ਨੂੰ ਬਿਰਲੇ ਨਾਲ ਕਿਸ ਤਰ੍ਹਾਂ ਰਾਤੋ ਰਾਤ ਹਮਦਰਦੀ ਜਾਗ ਪਈ । ਇਸ ਤਰ੍ਹਾਂ ਇਨ੍ਹਾਂ ਨੇ ਲੈਂਡ ਰੀਫਾਰਮਜ਼ ਨਾਲ ਦੁਸ਼ਮਣੀ ਕੀਤੀ ਕਿਉਂਕਿ ਬਿਰਲਾ ਫਾਰਮ ਲੈਂਡ ਰੀਫਾ-ਰਮਜ਼ ਦੇ ਬੇਸਕ ਅਸੂਲ ਦੇ ਖਿਲਾਫ ਹੈ ਅਤੇ ਬਿਰਲੇ ਫ਼ਾਰਮ ਨੂੰ ਤੋੜਨ ਲਈ ਇਨ੍ਹਾਂ ਨੇ ਕਾਲ ਅਟੈਨਸ਼ਨ ਮੋਸ਼ਨ ਦਿਤੀ ਸੀ ਤੇ ਬਤੌਰ ਚੇਅਰਮੈਨ ਐਸਟੀਮੇਟਸ ਕਮੇਟੀ ਦੇ ਰਿਕਮੈਨਡੇਸ਼ਨ ਕੀਤੀ ਸੀ । (ਵਿਘਨ)

ਸ੍ਰੀ ਡਿਪਟੀ ਸਪੀਕਰ : ਖਿਆਲਾਤ ਬਦਲਤੇ ਰਹਿਤੇ ਹੈਂ । (ਹਾਸਾ) (ideas go on changing) (Laughter)

ਕਾਮਰੇਡ ਸਤਪਾਲ ਕਪੂਰ : ਐਡਮਿਨਿਸਟਰੇਸ਼ਨ ਨੂੰ ਪਿਉਰ ਰਖਣ ਲਈ ਇਹ ਜ਼ਰੂਰੀ ਹੈ ਕਿ ਵਜ਼ੀਰ ਸਾਹਿਬਾਨ ਸਿਆਸੀ ਤੌਰ ਤੇ ਆਪਣਾ ਇਕ ਐਟੀਚੂਡ ਬਨਾਣ ਤਾਂ ਜੋ ਲੋਕਾਂ ਨੇ ਜਿਹੜਾ ਇਨ੍ਹਾਂ ਤੇ ਈਮਾਨ ਲਿਆਂਦਾ ਹੈ ਉਹ ਕਾਇਮ ਰਹਿ ਸਕੇ । ਆਪਣਾ ਈਮਾਨ ਤੇ ਆਪਣਾ ਧਰਮ ਕੁਰਸੀ ਲਈ ਜਾਂ ਮੋਟਰ ਤੇ ਕੋਠੀ ਲਈ ਵਾਰ ਨਹੀਂ ਦੇਣਾ ਚਾਹੀਦਾ । ਇਸ ਤਰ੍ਹਾਂ ਜੇ ਕਰ ਵਜ਼ੀਰ ਹੀ ਕਰਨ ਲਗ ਪੈਣ ਤਾਂ ਡਿਪਟੀ ਕਮਿਸ਼ਨਰ, ਪਟਵਾਰੀ, ਕਾਰਖਾਨੇਦਾਰ, ਕਰਮਚਾਰੀ, ਮਜ਼ਦੂਰ, ਵਪਾਰੀ ਅਤੇ ਆਮ ਜਨਤਾ ਤੇ ਕੀ ਅਸਰ ਪੈਂਦਾ ਹੈ । ਉਹ ਸਭ ਇਸ ਤਰ੍ਹਾਂ ਦੀਆਂ ਗੱਲਾਂ ਨੂੰ ਬੁਰਾ ਮਹਿਸੂਸ ਕਰਦੇ ਹਨ ਅਤੇ ਇਨ੍ਹਾਂ ਪਾਸੋਂ ਇਹ ਪੁਛਣ ਲਈ ਅਜ ਮਜਬੂਰ ਹਨ ਕਿ ਕੀ ਇਹ ਹੈ ਪਿਉਰਿਟੀ ਇਨ ਪਬਲਿਕ ਲਾਈਫ਼ ? ਕੀ ਇਸੇ ਲਈ ਤੁਹਾਡੇ ਵਲੋਂ ਇਹ ਕਿਹਾ ਗਿਆ ਕਿ ਐਡਮਨਿਸਟਰੇਸ਼ਨ ਨੀਟ ਐਂਡ ਕਲੀਨ ਹੋਵੇਗਾ ਅਤੇ ਬੈਸਟ ਹੋਵੇਗਾ ? ਪਰ ਜੋ ਸਾਹਮਣੇ ਆਇਆ ਹੈ ਇਹ ਇਸ ਦੇ ਬਿਲਕੁਲ ਉਲਟ ਹੈ ।

ਇਸ ਵਿਚੋਂ ਜਿਹੜੀ ਗੱਲ ਦਸਣ ਵਾਲੀ ਹੈ ਉਹ ਇਹ ਹੈ ਕਿ [* × × × × ×]

ਸ੍ਰੀ ਡਿਪਟੀ ਸਪੀਕਰ : Leader of the House commands great respect. ਮੈਂ ਆਨਰੇਬਲ ਮੈਂਬਰ ਨੂੰ ਕਹਾਂਗਾ ਕਿ ਉਹ ਕੋਈ ਐਸਾ ਲਫਜ਼ ਇਸਤੇਮਾਲ ਨਾ ਕਰਨ ਜਿਹੜਾ ਲੀਡਰ ਆਫ ਦੀ ਹਾਊਸ ਤੇ ਐਸਪਰਸ਼ਨ ਹੋਵੇ । (I would request the hon. Member that he should avoid using such words which amount to casting aspersion on the Leader of the House.)

ਕਾਮਰੇਡ ਸਤਪਾਲ ਕਪੂਰ : ਡਿਪਟੀ ਸਪੀਕਰ ਸਾਹਿਬ, ਤੁਸੀਂ ਮੈਨੂੰ ਮੁਆਫ ਕਰੋਗੇ ਜੇ ਮੈਂ ਇਹ ਕਹਾਂ ਕਿ ਜਿਸ ਤਰ੍ਹਾਂ ਇਹ ਗੱਲਾਂ ਕਰਦੇ ਹਨ ਕਿ ਕਲੀਨ ਐਡਮਨਿਸਟਰੇਸ਼ਨ ਦਿਆਂਗੇ, ਇਹ ਮੁਮਕਿਨ ਨਹੀਂ ਕਿ ਇਹ ਕੋਈ ਕਲੀਨ ਐਡਮਨਿਸਟਰੇਸ਼ਨ ਦੇ ਸਕਣ । ਇਹ ਮਹਿਜ਼ ਲੋਕਾਂ ਨੂੰ ਧੋਖੇ ਦੇ ਵਿਚ ਪਾਉਣ ਵਾਲੀ ਗੱਲ ਹੈ । (ਵਿਘਨ) ਮੈਂ ਕੋਈ ਨਾਮੀਨੇਟਿਡ ਹੋਕੇ ਇਥੇ ਨਹੀਂ ਆਇਆ, 6,000 ਵੋਟਾਂ ਤੇ ਜਿਤ ਕੇ ਆਇਆ ਹਾਂ । ਮੈਨੂੰ ਸਚੀ ਗੱਲ ਕਹਿਣ ਦੇ ਵਿਚ ਕੀ ਡਰ ਹੈ । *[× × × × × × × × ×] ਇਸ ਤਰ੍ਹਾਂ ਦੀਆਂ ਗਲਾਂ ਤੋਂ ਬਾਦ ਮੈਂ ਜੇ ਇਹ ਕਹਾਂ ਕਿ ਐਡਮਨਿਸਟਰੇਸ਼ਨ ਚੰਗੀ ਹੋ ਜਾਵੇਗੀ ਜਾਂ ਕਲੀਨ ਹੋ ਜਾਵੇਗੀ, ਜਾਂ ਇਸ ਸੂਬੇ ਦੀ ਲਾਇਫ ਬਿਲਕੁਲ ਕੁਆਇਟ ਅਤੇ ਕਾਮ ਹੋ ਜਾਵੇਗੀ, ਮੈਂ ਸਮਝਦਾ ਹਾਂ ਇਹ ਬਿਲਕੁਲ ਹੀ ਗਲਤ ਹੈ, ਇਕ ਬੇਹੂਦਾ ਜਿਹੀ ਗੱਲ ਹੈ ।

Chief Minister : Sir, how has this attack been allowed ? The Demands under discussion are totally different.

Mr. Deputy Speaker : I have reacted to it. I am thinking over it.

ਲੈਫਟੀਨੈਂਟ ਜਨਰਲ ਹਿਜ਼ ਹਾਈਨੈਸ ਮਹਾਰਾਜਾ ਯਾਦਵਿੰਦਰ ਸਿੰਘ (ਪਟਿਆਲਾ) : On a point of order, Sir. ਜਿਥੇ ਤਕ ਮੈਨੂੰ ਪਤਾ ਹੈ ਇਥੇ ਲਾ ਐਂਡ ਆਰਡਰ ਦੀ ਗੱਲ ਚਲੀ ਹੋਈ ਹੈ । Personal attacks do not become this House. ਲਾ ਐਂਡ ਆਰਡਰ ਤੇ ਬਹਿਸ ਹੋਵੇ ਅਤੇ ਲੀਡਰ ਆਫ ਦੀ ਹਾਊਸ ਦੇ ਮੁਤਾਲਿਕ ਕੋਈ ਗੱਲ ਕਹੀ ਜਾਵੇ ਮੈਂ ਮੁਨਾਸਬ ਨਹੀਂ ਸਮਝਦਾ ! ਜੇ ਉਨ੍ਹਾਂ ਨੂੰ ਕੋਈ ਐਸੀ ਤਕਲੀਫ ਹੈ ਤਾਂ ਉਹ ਕੋਈ ਵਖਰੀ ਮੋਸ਼ਨ ਲਿਆਉਂਦੇ, ਇਸ ਵੇਲੇ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਦਾ ਕੋਈ ਫ਼ਾਇਦਾ ਨਹੀਂ, ਇਸ ਦਾ ਕੋਈ ਵਾਸਤਾ ਨਹੀਂ ਉਨਾਂ ਨੂੰ ਮੁਨਾਸਿਬ ਅਤੇ ਪ੍ਰੀਮਾਈਜ਼ ਹੋਣਾ ਚਾਹੀਦਾ ਹੈ । Personal attackes do not become this House.

ਸਰਦਾਰ ਗੁਰਮੀਤ ਸਿੰਘ 'ਮੀਤ' (ਰਾਜ ਮੰਤਰੀ ਲਕ ਕਾਰਜ ਵਿਭਾਗ) : ਇਸ ਤਰ੍ਹਾਂ ਦੇ ਇਹ ਜੋ ਡਿਲਦੀ ਲਫਜ਼ ਆਏ ਗਏ ਹਨ, ਡਿਪਟੀ ਸਪੀਕਰ ਸਾਹਿਬ ਇਸ ਤੇ ਮੈਂ ਤੁਹਾਡੀ ਰੂਲਿੰਗ ਚਾਹੁੰਦਾ ਹਾਂ ਕਿ ਇਹ ਇਸ ਡਿਬੇਟ ਦਾ ਪਾਰਟ ਨਾ ਹੋਣ ਇਹ ਐਕਸਪੰਜ ਕੀਤੇ ਜਾਣ ।

ਸ੍ਰੀ ਸਾਧੂ ਰਾਮ : ਆਨ ਏ ਪੁਆਇੰਟ ਆਫ ਆਰਡਰ, ਸਰ ।

[* × × × × × × × ×]

*Expunged as ordered by the Chair.

Mr. Deputy Speaker : This is no point of order. It may be expunged from the record of the proceedings of the House.

Shri Prabodh Chandra : Sir, I seek your permission to raise a point of order about the speech of the hon. Member Sri A. Vishwanathan. He has said (* * * * * *

* * * * * *)

Sir, if these remarks are allowed to be printed in the debates of this House, these are likely to have inter-national repercussions. Such remarks will give handle to Pakistan and these are likely to provoke that country. These sentences, therefore, may be expunged from the speech of the hon. Member.

Mr. Deputy Speaker : Let me first give my ruling on the point of order raised by the Maharaja of Patiala. In my opinion, no personal remarks should be passed against any hon. Member of the House and the Leader of the House commands greater respect and much better behaviour is expected from the hon. Members as far as the Leader of the House is concerned. So, the remarks passed against the Leader of the House should be expunged. (Cheers).

ਸਰਦਾਰ ਬਲਵੰਤ ਸਿੰਘ : ਆਨਏਪੁਆਇੰਟ ਆਫ ਆਰਡਰ ਸਰ, ਮੈਂ ਆਪ ਜੀ ਦੇ ਧਿਆਨ ਦੇ ਵਿਚ ਇਹ ਗਲ ਲਿਆਉਣੀ ਚਾਹੁੰਦਾ ਹਾਂ ਕਿ ਇਥੇ ਸ੍ਰੀ ਪ੍ਰਬੋਧ ਚੰਦਰ ਜੀ ਨੇ ਅਤੇ ਸ੍ਰੀ ਵਿਸ਼ਵਾ ਨਾਥਨ ਜੀ ਨੇ ਹਾਉਸ ਵਿਚ ਇਹ ਗੱਲ ਕਹੀ ਕਿ ਸਾਡਾ ਅਖੰਡ ਭਾਰਤ ਦਾ ਪਰੋਗਰਾਮ ਹੈ । * * * * * *

* * * * * * *

ਮੈਂ ਸਮਝਦਾ ਹਾਂ ਕਿ ਇਹ ਚੀਜ਼ ਸਾਡੀ ਜਰਿਸਡਿਕਸ਼ਨ ਵਿਚ ਨਹੀਂ । ਇਸ ਤਰ੍ਹਾਂ ਦੀ ਰੈਫਰੈਂਸ ਇਸ ਹਾਉਸ ਵਿਚ ਨਹੀਂ ਕੀਤੀ ਜਾਣੀ ਚਾਹੀਦੀ ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਦੇ ਮੁਤਾਲਿਕ ਮੈਂ ਇਤਨਾਂ ਹੀ ਅਰਜ਼ ਕਰਾਂਗਾ ਕਿ ਪਹਿਲਾਂ ਰਿਕਾਰਡ ਵੇਖ ਲਿਆ ਜਾਵੇ । ਜੇ ਇਸ ਦੀ ਸੈਨਸ ਐਸੀ ਹੈ ਤਾਂ ਜ਼ਰੂਰ ਐਕਸਪੰਜ ਕੀਤਾ ਜਾਵੇ ।

Mr. Deputy Speaker : My ruling over the point of order raised by the hon. Member Shri Pradodh Chandra is that if there is anything which reflects on the defence of the country, it should be expunged from the record of the proceeding of the House. In this specific case, I will examine the record and if the sense goes that way, those sentences will be expunged.

ਕਾਮਰੇਡ ਸਤਪਾਲ ਕਪੂਰ : ਇਕ ਗੱਲ ਹੋਰ ਜਿਸ ਦਾ ਮੈਂ ਏਥੇ ਜ਼ਿਕਰ ਕਰਨਾ ਚਾਹੁੰਦਾ ਹਾਂ ਉਹ ਇਹ ਹੈ ਕਿ ਏਥੇ ਜਨਸੰਘ ਵਾਲਿਆਂ ਵਲੋਂ ਕਿਹਾ ਗਿਆ ਕਿ ਅਸੀਂ ਪੰਜਾਬ ਦੀ ਬੜੀ ਖਿਦਮਤ ਕਰਦੇ ਆ ਰਹੇ ਹਾਂ ਅਤੇ ਹੁਣ ਫੇਰ ਇਸ ਦੀ ਖਿਦਮਤ ਕਰਨਾ ਚਾਹੁੰਦੇ ਹਾਂ । ਸਰਦਾਰ ਲਛਮਣ ਸਿੰਘ ਗਿੱਲ ਹੋਰਾਂ ਨੇ ਵੀ ਇਕ ਬਿਆਨ ਦਿਤਾ, ਜਿਨ੍ਹਾਂ ਦੇ ਪਾਸ ਲੈਂਗੁਏਜ਼ ਡੀਪਾਰਟਮੈਂਟ

Expunged as ordered by the Chair.

ਹੈ । ਉਨ੍ਹਾਂ ਆਪਣੇ ਮਹਿਕਮੇ ਦਾ ਬਜਟ ਪੇਸ਼ ਕਰਦੇ ਹੋਏ ਕਿਹਾ ਕਿ ਅਸੀਂ ਹਿੰਦੀ ਉਤੇ ਬਹੁਤ ਕੁਝ ਖਰਚ ਕਰ ਰਹੇ ਹਾਂ । ਸ੍ਰੀ ਬਲਰਾਮਜੀ ਦਾਸ ਟੰਡਨ ਨੇ ਕਿਹਾ ਕਿ ਅਸੀਂ ਅਕਾਲੀਆਂ ਨਾਲ 6 ਸ਼ਰਤਾਂ ਰਖੀਆਂ ਸਨ, ਜਿਸ ਵਿਚ ਹਿੰਦੀ ਦੀ ਡੀਵੇਲਪਮੈਂਟ ਵਾਸਤੇ ਵੀ ਇਕ ਸ਼ਰਤ ਰਖੀ ਸੀ । ਇਹ ਕਹਿੰਦੇ ਸੀ ਕਿ ਕਾਫੀ ਪੈਸਾ ਖ਼ਰਚ ਕਰਾਂਗੇ, ਪਰ ਜਦੋਂ ਬਜਟ ਆਇਆ ਤਾਂ ਕਹਿਣ ਲਗੇ ਕਿ ਇਸ ਦੇ ਵਿਚ ਇਕ ਪੈਸਾ ਵੀ ਨਹੀਂ ਹੈ । ਇਹ ਉਨ੍ਹਾਂ ਦਾ ਅਪਣਾ ਕਹਿਣਾ ਹੈ। ਇਹ ਅਲੈਕਸ਼ਨਾਂ ਦੇ ਦਿਨਾਂ ਵਿਚ "ਗਊ ਹਤਿਆ ਬੰਦ ਹੋਣੀ ਚਾਹੀਦੀ ਹੈ" ਦਾ ਨਾਹਰਾ ਲਾਂਦੇ ਰਹੇ ਹਨ । ਵੋਟਾਂ ਗਊ ਹਤਿਆ ਦੇ ਨਾਉਂ ਤੇ ਹੀ ਮੰਗਦੇ ਰਹੇ ਹਨ । ਪਰ ਅਸੈਂਬਲੀ ਵਿਚ ਆ ਜਾਣ ਤੋਂ ਬਾਅਦ ਡਾਕਟਰ ਬਲਦੇਵ ਪ੍ਰਕਾਸ਼, ਸ੍ਰੀ ਬਲਰਾਮ ਜੀ ਦਾਸ ਟੰਡਨ ਅਤੇ ਹੋਰ ਇਨ੍ਹਾਂ ਦੇ ਸਾਥੀ ਗਊ ਹਤਿਆ ਦਾ ਜ਼ਿਕਰ ਵੀ ਨਹੀਂ ਕਰ ਸਕੇ । ਏਥੇ ਇਕ ਪ੍ਰਾਈਵੇਟ ਰੈਜ਼ੋਲੀਊਸ਼ਨ ਆਇਆ ਕਿ ਉਹ ਲੋਕਾਂ ਦੀ ਭਲਾਈ ਦੇ ਸਬੰਧ ਵਿਚ ਆਪੋ ਆਪਣੇ ਖਿਆਲਾਤ ਹੀ ਹਾਊਸ ਵਿਚ ਰਖਣਗੇ ਅਤੇ ਲੀਡਰ ਆਫ ਦੀ ਹਾਊਸ ਬੇਲਾਗ ਹੋਕੇ ਸੋਸਾਇਟੀ ਤੋਂ ਉਚਾ ਉਠਕੇ ਆਪਣੇ ਖਿਆਲਾਤ ਦਾ ਇਜ਼ਹਾਰ ਕਰਨਗੇ ਪਰ ਕੋਈ ਠੋਸ ਵਿਚਾਰ ਇਨ੍ਹਾਂ ਵਲੋਂ ਨਹੀਂ ਆਏ । ਇਹੋ ਗੱਲ ਮੈਂ ਕਹਿਣੀ ਸੀ ।

ਕਾਮਰੇਡ ਭਾਨ ਸਿੰਘ ਭੌਰਾ . (ਭਦੌੜ, ਐਸ. ਸੀ.) ਡਿਪਟੀ ਸਪੀਕਰ ਸਾਹਿਬ, ਅਜ ਅਸੀਂ ਆਮ ਰਾਜ ਪ੍ਰਬੰਧ ਤੇ ਬਹਿਸ ਕਰ ਰਹੇ ਹਾਂ । ਕਈ ਆਨਰੇਬਲ ਮੈਂਬਰ ਸਾਹਿਬਾਨ ਨੇ ਬੜੀਆਂ ਗਰਮਾਂ ਗਰਮੀ ਵਿਚ ਗੱਲਾਂ ਕੀਤੀਆਂ ਹਨ । ਸ੍ਰੀ ਪ੍ਰਬੋਧ ਚੰਦਰ ਜੀ ਨੇ ਵੀ ਕਾਫੀ ਹੀਟਿਡ ਡਿਸਕਸ਼ਨ ਕੀਤੀ ਹੈ । ਮੈਂ ਵੀ ਇਕ ਦੋ ਜ਼ਰੂਰੀ ਗੱਲਾਂ ਅਰਜ਼ ਕਰ ਦੇਣੀਆਂ ਚਾਹੁੰਦਾ ਹਾਂ (*Interruptions.*)

ਮੈਂ ਇਕ ਮਿਸਾਲ ਦਿੰਦਾ ਹਾਂ । ਜਿਸ ਤਰ੍ਹਾਂ—

ਸ੍ਰੀ ਡਿਪਟੀ ਸਪੀਕਰ : ਭੌਰਾ ਜੀ, ਹਾਊਸ ਦਾ ਵਕਤ ਬਚਾਓ । ਪਰਸਨਲ ਰਿਮਾਰਕਸ ਨਾ ਕਰੋ। (The hon. Member Comrade Bhan Singh Bhaura should avoide wasting time of the House. He should not pass personal remarks against any hon. Member.)

ਕਾਮਰੇਡ ਭਾਨ ਸਿੰਘ ਭੌਰਾ : ਜਿਹੜੀਆਂ ਚੀਜ਼ਾਂ ਉਨ੍ਹਾਂ ਨੇ ਕਹੀਆਂ ਹਨ ਉਨ੍ਹਾਂ ਦਾ ਜਵਾਬ ਤਾਂ ਦੇਣਾਂ ਹੁੰਦਾ ਹੈ । ਮੈਂ ਅਰਜ਼ ਕਰ ਰਿਹਾ ਸੀ ਕਿ ਬੱਚਾ ਰੋਣ ਲਗ ਪੈਂਦਾ ਹੈ ਤਾਂ ਉਸਦਾ ਪਿਤਾ ਪੁੱਛਦਾ ਹੈ ਕਿ ਕਿਉਂ ਰੋਂਦਾ ਏਂ ਬਈ । ਤਾਂ ਉਹ ਕਹਿੰਦਾ ਹੈ ਕਿ ਮੈਂ ਗਨੇਰੀਆਂ ਲੈਣੀਆਂ ਹਨ । ਪਿਉ ਨੇ ਉਸ ਨੂੰ ਗਨੇਰੀਆਂ ਲੈ ਦਿਤੀਆਂ । ਥੋੜੀ ਦੇਰ ਬਾਅਦ ਬੱਚਾ ਫਿਰ ਰੋਣ ਲਗ ਪਿਆ । ਪਿਉ ਫਿਰ ਕਹਿਣ ਲਗਾ ਕਿ ਬਈ ਹੁਣ ਤੂੰ ਕਿਉਂ ਰੋਨਾ ਏਂ । ਉਹ ਕਹਿਣ ਲਗਾ ਕਿ ਮੈਂ ਗੰਨਾ ਲੈਣਾ ਹੈ । ਉਸਨੂੰ ਗੰਨਾ ਲੈ ਦਿਤਾ ਤਾਂ ਕਹਿਣ ਲਗਾ ਕਿ ਗਨੇ ਦੀਆਂ ਗਨੇਰੀਆਂ ਬਣਾ ਦਿਉ । ਉਨ੍ਹਾਂ ਨੇ ਗਨੇਰੀਆਂ ਬਣਾ ਦਿਤੀਆਂ । ਥੋੜੀ ਦੇਰ ਪਿਛੋਂ ਬੱਚਾ ਫਿਰ ਰੋਣ ਲਗ ਪਿਆ । ਉਸ ਨੂੰ ਪੁਛਿਆ ਕਾਕਾ ਹੁਣ ਕਿਉਂ ਰੋਂਦਾਂ ਏਂ ਬਈ । ਤਾਂ ਉਹ ਕਹਿਣ ਲਗਾ ਕਿ ਇਨ੍ਹਾਂ ਗੰਨੇਰੀਆਂ ਦਾ ਗੰਨਾ ਬਣਾ ਦਿਉ । ਇਹੋ ਹੀ ਮਿਸਾਲ ਮੇਰੇ ਆਪੋਜ਼ੀਸ਼ਨ ਵਾਲੇ ਦੋਸਤਾਂ ਤੇ ਲਾਗੂ ਹੁੰਦੀ ਹੈ । ਪਰਬੋਧ ਹੋਰਾਂ ਨੇ ਤਾਂ ਰੋਣੋਂ ਨਹੀਂ ਹਟਣਾਂ ਹਿੰਦੂ ਅਤੇ ਸਿਖਾਂ ਦਾ ਰੋਣਾਂ ਰੋਂਦੇ ਹਨ । ਇਨ੍ਹਾਂ ਨੇ ਖੁਦ ਬਹੁਤ ਕੁਝ ਕੀਤਾ ਹੈ । ਇਹ ਅਗਾਂ ਲਗਾਉਣ ਵਾਲਿਆਂ ਵਿਚੋਂ ਹਨ । ਇਨ੍ਹਾਂ ਨੇ ਉਨ੍ਹਾਂ ਨੂੰ ਇਕ ਮਹੀਨੇ ਦੀ ਤਨਖਾਹ ਦਿਤੀ ।

Mr. Deputy Speaker : I am sorry to interrupt you. But you should discuss only law and order and General Administation.

ਕਾਮਰੇਡ ਭਾਨ ਸਿੰਘ ਭੌਰਾ : ਜਨਰਲ ਡਿਸਕਸ਼ਨ ਤੇ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਸਮੇਂ ਵਿਚ ਜਦੋਂ ਇਹ ਐਜੂਕੇਸ਼ਨ ਮਨਿਸਟਰ ਸਨ, ਤਾਂ ਸੋਨਾ ਇਕੱਠਾ ਹੋਇਆ। ਕਿਸ ਤਰ੍ਹਾਂ ਮਾਸਟਰਾਂ ਨੇ ਇਕੱਠਾ ਕੀਤਾ ਉਹ ਉਨ੍ਹਾਂ ਗਰੀਬ ਆਦਮੀਆਂ ਨੂੰ ਹੀ ਪਤਾ ਹੈ। ਇਨ੍ਹਾਂ ਨੇ ਫੋਰਸੀਬਲੀ ਸੋਨਾ ਇਕਠਾ ਕਰਨ ਦੇ ਆਰਡਰ ਦਿਤੇ। ਗਰੀਬ ਟੀਚਰਾਂ ਨੇ ਆਪਣੀ ਜੇਬ ਵਿਚੋਂ ਖਰੀਦ ਖਰੀਦ ਕੇ ਸੋਨਾ ਦਿਤਾ। ਲੇਕਿਨ ਉਹ ਕਿੰਨਾ ਸੋਨਾ ਇਕੱਠਾ ਹੋਇਆ, ਕਿਥੇ ਗਿਆ ਉਸ ਦਾ ਕੋਈ ਹਿਸਾਬ ਕਿਤਾਬ ਨਹੀਂ ਦਿਤਾ। ਮੈਂ ਮੁਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਸ ਦੀ ਇੰਨਕੁਆਇਰੀ ਕਰਾਓ ਤਾਂ ਜੋ ਪਤਾ ਲਗੇ ਕਿ ਕਿੰਨਾ ਸੋਨਾ ਇਕੱਠਾ ਹੋਇਆ ਸੀ ਅਤੇ ਉਸ ਦੀ ਵਰਤੋਂ ਕਿਵੇਂ ਹੋਈ। ਮੈਂ ਆਪਣੇ ਦੋਸਤ ਸਤਪਾਲ ਜੀ ਕਪੂਰ ਦੀਆਂ ਬਹੁਤ ਸਾਰੀਆਂ ਗੱਲਾਂ ਨਾਲ ਸਹਿਮਤ ਹਾਂ। ਉਹਨਾਂ ਨੂੰ ਬੜਾ ਦੁਖ ਹੈ ਕਿ ਸਾਡੀ ਰਿਸ਼ਤੇਦਾਰੀ ਬਿਰਲੇ ਨਾਲੋਂ ਕਿਉਂ ਟੁਟ ਗਈ। ਇਹ ਉਹ ਜਾਣਨ। ਪਿਛਲੇ ਇਲੈਕਸ਼ਨ ਵਿਚ ਜਦੋਂ ਉਹ ਮਹਾਰਾਜਾ ਪਟਿਆਲਾ ਦੇ ਖਿਲਾਫ ਲੜਦੇ ਸਨ, ਉਹ ਹਮੇਸ਼ਾ ਸੋਸ਼ਲਿਜ਼ਮ ਦਾ ਨਾਹਰਾ ਲਾਂਦੇ ਸਨ ਅਤੇ ਮਹਾਰਾਣੀ ਨਾਲ ਰਲ ਜਾਂਦੇ ਸਨ। ਇਨ੍ਹਾਂ ਦੇ ਸੋਸ਼ਲਿਜ਼ਮ ਤੋਂ ਪਤਾ ਲਗਦਾ ਹੈ ਕਿ ਇਨ੍ਹਾਂ ਨੇ ਵੋਟ ਕਿਸ ਤਰ੍ਹਾਂ ਲਏ।

ਅਜ ਰਾਜ ਪ੍ਰਬੰਧ ਨੂੰ ਦੇਖੀਏ ਤਾਂ ਉਹੀ ਹੈ ਜਿਹੜਾ ਕਿ ਕਾਂਗਰਸ ਦੀ ਹਕੂਮਤ ਦੇ ਵੇਲੇ ਸੀ। ਸਾਨੂੰ ਇਸ ਗਲ ਦਾ ਗਿਲਾ ਹੈ ਅਸੀਂ ਚੀਫ ਮਨਿਸਟਰ ਨੂੰ ਕਿਤਨੀ ਵਾਰੀ ਕਹਿ ਬੈਠੇ ਹਾਂ ਕਿ ਉਹ ਹੀ ਅਫ਼ਸਰ ਉਤੇ ਬੈਠੇ ਹਨ, ਜਿਹੜੇ ਕਾਂਗਰਸ ਸਰਕਾਰ ਦੇ ਵਕਤ ਸਨ। ਉਹ ਹਕੂਮਤ ਨੂੰ ਚਲਣ ਨਹੀਂ ਦਿੰਦੇ। ਇਹ ਗੱਲ ਸਾਡੇ ਨੋਟਿਸ ਵਿਚ ਹੈ ਕਿ ਕਾਂਗਰਸੀ ਉਨ੍ਹਾਂ ਨੂੰ ਆਪਣੇ ਘਰ ਬੁਲਾ ਲੈਂਦੇ ਹਨ ਅਤੇ ਬਾਕਾਇਦਾ ਹਿਦਾਇਤਾਂ ਦਿੰਦੇ ਹਨ ਕਿ ਇਹ ਕਰਨਾ ਹੈ ਜਾਂ ਉਹ ਕਰਨਾ ਹੈ।

ਗਿਲਾ ਤਾਂ ਸਾਨੂੰ ਹੋਣਾ ਚਾਹੀਦਾ ਹੈ, ਉਲਟਾ ਕਰਦੇ ਇਹ ਹਨ। ਅਸੀਂ ਚੀਫ ਮਨਿਸਟਰ ਨੂੰ ਕਿਹਾ ਹੈ ਕਿ ਹੁਣ 5 ਤਰੀਕ ਨਿਕਲ ਗਈ ਹੈ ਇਨ੍ਹਾਂ ਨੂੰ ਕਹੋ ਕਿ ਆਪਣਾ ਰਵਈਆ ਬਦਲ ਲੈਣ। ਕਾਂਗਰਸ ਨੇ ਜਿਹੜੇ ਅਫ਼ਸਰ ਭਰਤੀ ਕੀਤੇ ਹੋਏ ਸਨ, ਉਹ ਐਡਮਨਿਸਟਰੇਸ਼ਨ ਨੂੰ ਖਰਾਬ ਕਰ ਰਹੇ ਹਨ। ਮੈਨੂੰ ਆਸ਼ਾ ਹੈ ਕਿ ਚੀਫ ਮਨਿਸਟਰ ਸਾਹਿਬ ਇਸ ਪਾਸੇ ਧਿਆਨ ਦੇਣਗੇ।

ਸਾਨੂੰ ਇਕ ਗਿਲਾ ਇਹ ਵੀ ਹੈ ਔਰ ਸਾਰੀ ਐਡਮਨਿਸਟਰੇਸ਼ਨ ਇਸ ਗੱਲ ਤੇ ਸਾਥ ਨਹੀਂ ਦੇ ਰਹੀ। ਗੈਰਮਿਟ ਐਂਪਲਾਈਜ਼ ਇਹ ਮੰਗ ਕਰ ਰਹੇ ਸਨ ਕਿ ਸਾਨੂੰ ਪੇ-ਕਮਿਸ਼ਨ ਬਣਾ ਦਿਉ, ਸਾਡੀਆਂ ਤਨਖਾਹਾਂ ਸੈਂਟਰ ਦੇ ਬਰਾਬਰ ਕਰ ਦਿਉ। ਸੋ ਇਹ ਗੱਲ ਸਾਡੀ ਸਰਕਾਰ ਨੇ ਕਰ ਦਿਤੀ ਹੈ। ਇਹ ਗੱਲ ਉਹਨਾਂ ਅਫ਼ਸਰਾਂ ਨੂੰ ਅਛੀ ਨਹੀਂ ਲਗੀ। ਸਾਡੀ ਸਰਕਾਰ ਨੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਮੰਨ ਲਈਆਂ ਹਨ। ਇਹ ਗੱਲ ਠੀਕ ਹੈ ਕਿ ਐਡਮਨਿਸਟਰੇਸ਼ਨ ਦੇ ਕਈ ਪੱਖ ਇਸ ਗਲ ਤੇ ਰਾਜ਼ੀ ਨਹੀਂ ਹੋਣਗੇ ਕਿ ਕਿਉਂ ਤਨਖਾਹਾਂ ਵਧਾਈਆਂ ਹਨ ਜਾਂ ਕਿਉਂ ਪੇ-ਕਮਿਸ਼ਨ ਦਿਤੀ ਹੈ। ਜਿਹੜੇ ਮੇਰਿਆਂ ਦੋਸਤਾਂ ਨੂੰ ਇਸ ਗੱਲ ਦਾ ਦੁਖ ਹੈ ਅਸੀਂ ਉਨ੍ਹਾਂ ਦੀ ਮਦਦ ਨਹੀਂ ਕਰ ਸਕਦੇ। ਅਜ ਸਾਨੂੰ ਰਾਜ—ਪ੍ਰਬੰਧ ਵਿਚ ਸੁਧਾਰ ਲਿਆਉਣ ਦੀ ਜ਼ਰੂਰਤ ਹੈ।

ਜਿਹੜੀ ਪਾਲਿਸੀ ਸਰਕਾਰ ਬਣਾਉਂਦੀ ਹੈ ਦੇਖਣਾ ਪਏਗਾ ਕਿ ਕੋਈ ਇੰਪਲੀਮੈਂਟ ਹੁੰਦੀ ਹੈ ਜਾਂ ਨਹੀਂ। ਜਿਥੋਂ ਤਕ ਰੁਪਈਏ ਬਚਾਉਣ ਦਾ ਸਵਾਲ ਹੈ ਅਸੀਂ ਕਾਫੀ ਅਛੇ ਸੁਝਾਵ ਦਿਤੇ ਹਨ ਕਿ ਫਾਲਤੂ ਅਫਸਰਾਂ ਨੂੰ ਤੇ ਮਹਿਕਮਿਆਂ ਨੂੰ ਹਟਾ ਦੇਣਾ ਚਾਹੀਦਾ ਹੈ। ਲੈਂਗੁਏਜ ਡਿਪਾਰਟ-ਮੈਂਟ ਬਾਰੇ ਮੈਂ ਸਮਝਦਾ ਹਾਂ ਕਿ ਉਹ ਵਾਧੂ ਮਹਿਕਮਾਂ ਹੈ। ਜਦੋਂ ਇਕ ਪਾਸੇ ਐਜੂਕੇਸ਼ਨ ਡਿਪਾਰਟ-ਮੈਂਟ ਬਣਿਆ ਹੈ, ਪੰਜਾਬ ਯੂਨੀਵਰਸਿਟੀ ਹੈ, ਪੰਜਾਬੀ ਯੂਨੀਵਰਸਿਟੀ ਹੈ ਤਾਂ ਫਿਰ ਲੈਂਗੁਏਜ਼ ਡਿਪਾਰਟਮੈਂਟ ਦੀ ਕੀ ਜ਼ਰੂਰਤ ਹੈ। ਇੰਨੇ ਡਾਇਰੈਕਟਰ ਤੇ ਡਿਪਟੀ ਡਾਇਰੈਕਟਰ ਰਖਣੇ ਠੀਕ ਨਹੀਂ ਹਨ। ਇਨ੍ਹਾਂ ਨਾਲ ਸਟੇਟ ਐਕਸਚੈਕਰ ਤੇ ਭਾਰ ਪੈਂਦਾ ਹੈ। ਇਹ ਤੋੜ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਬਿਜਲੀ ਬੋਰਡ ਦਾ ਮਹਿਕਮਾ ਵੀ ਵਾਧੂ ਮਹਿਕਮਾ ਹੈ। ਇਹ ਗੱਲ ਚੀਫ ਮਨਿਸਟਰ ਸਾਹਿਬ ਵੀ ਮੰਨਦੇ ਹਨ। ਇਸ ਨੂੰ ਕਿਸ ਤਰ੍ਹਾਂ ਰੀਕੰਸਟੀਚੂਟ ਕੀਤਾ ਜਾਵੇ ਤਾਂ ਜੋ ਐਡਮਨਿਸਟਰੇਸ਼ਨ ਵਿਚ ਗਰਮਿੰਟ ਦਾ ਦਖਲ ਹੋਵੇ। ਬੋਰਡ ਆਪਣੀ ਮਰਜ਼ੀ ਕਰਦਾ ਹੈ। ਜਿਹੜੇ ਚੰਗੇ ਬੰਦੇ ਹਨ ਉਨ੍ਹਾਂ ਨੂੰ ਭਾਵੇਂ ਰਖ ਲਿਆ ਜਾਵੇ ਤੇ ਬਾਕੀ ਦਿਆਂ ਨੂੰ ਕਢ ਦਿਤਾ ਜਾਵੇ। ਜਦ ਤਕ ਅਟਾਨੋਮਸ ਬਾਡੀ ਬਣੀ ਰਹੇਗੀ ਉਸ ਵਕਤ ਤਕ ਇਸ ਵਿਚ ਸੁਧਾਰ ਨਹੀਂ ਆ ਸਕਦਾ। ਇਸ ਦੇ ਤੋੜਨ ਨਾਲ ਰੁਪਿਆ ਵੀ ਬਚ ਸਕਦਾ ਹੈ ਤੇ ਲੋਕ ਭਲਾਈ ਵੀ ਹੋ ਸਕਦੀ ਹੈ।

ਅਗੇ ਮੈਂ ਇਹ ਅਰਜ਼ ਕਰਨੀ ਚਾਹੁੰਦਾ ਹਾਂ ਕਿ ਸਾਡੇ ਸੂਬੇ ਵਿਚ ਇਕ ਸ਼ੈਡੂਲਡ ਕਾਸਟਸ ਦੀ ਭਲਾਈ ਦਾ ਮਹਿਕਮਾ ਬਣਿਆ ਹੋਇਆ ਹੈ। ਉਸ ਮਹਿਕਮੇ ਦੇ ਬਾਰੇ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ....

Mr. Deputy Speaker : This is not discussion on General Administration. It is discussion on a specific point.

Comrade Bhan Singh Bhaura : No, Sir. It comes within General Administration.

ਜਨਰਲ ਐਡਮਨਿਸਟਰੇਸ਼ਨ ਵਿਚ ਸਾਰੀ ਐਡਮਨਿਸਟਰੇਸ਼ਨ ਆ ਜਾਂਦੀ ਹੈ। ਤਾਂ ਮੈਂ ਅਰਜ਼ ਕਰ ਰਿਹਾ ਸੀ ਕਿ ਸ਼ੈਡਿਊਲਡ ਕਾਸਟ ਦਾ ਮਹਿਕਮਾ 20 ਸਾਲ ਤੋਂ ਬਣਿਆ ਹੋਇਆ ਹੈ। ਪਰ ਕਾਂਗਰਸ ਸਰਕਾਰ ਨੇ ਉਸ ਵਿਚ ਇਸ ਦੌਰਾਨ ਕੋਈ ਇੰਪਰੂਵਮੈਂਟ ਨਹੀਂ ਕੀਤੀ। ਡਿਸਟਰਿਕਟ ਵੈਲਫੇਅਰ ਆਫੀਸਰ ਸਾਰੇ ਜ਼ਿਲੇ ਦਾ ਅਫਸਰ ਹੁੰਦਾ ਹੈ ਪਰ ਉਸ ਵਿਚਾਰੇ ਦਾ ਦਫ਼ਤਰ ਇਕ ਖੂੰਜੇ ਵਿਚ ਬਣਾਇਆ ਹੋਇਆ ਹੁੰਦਾ ਹੈ। ਨਾ ਹੀ ਕੋਈ ਬੋਰਡ ਹੁੰਦਾ ਹੈ। ਉਸਦੇ ਪਾਸ ਕਲਰਕ ਜਿੰਨੀ ਵੀ ਤਾਕਤ ਨਹੀਂ ਹੈ। ਕਿਉਂਕਿ ਉਹ ਸ਼ੈਡਿਊਲਡ ਕਾਸਟ ਅਫਸਰ ਹੈ। ਤਹਿਸੀਲ ਵੈਲਫੇਅਰ ਅਫਸਰ ਦਾ ਵੀ ਇਹੋ ਹਾਲ ਹੈ। ਉਸ ਦੇ ਪਾਸ ਚਪੜਾਸੀ ਵੀ ਨਹੀਂ ਹੈ। ਉਸ ਨੇ ਆਪਣੇ ਘਰ ਵਿਚ ਹੀ ਫੱਟਾ ਲਾਇਆ ਹੋਇਆ ਹੈ ਅਤੇ ਦਫਤਰ ਬਣਾਇਆ ਹੋਇਆ ਜਾਂ ਕੋਈ 10 ਰੁਪਏ ਮਹੀਨਾ ਕਿਰਾਏ ਤੇ ਮਕਾਨ ਲੈਕੇ ਉਥੇ ਦਫਤਰ ਬਣਾਈ ਬੈਠਾ ਹੈ। ਇਹ ਕਿੰਨੀ ਸ਼ਰਮ ਨਾਕ ਬਾਤ ਹੈ। ਪਿਛਲੇ ਵੀਹਾਂ ਸਾਲਾਂ ਵਿਚ ਕਾਂਗਰਸ ਨੇ ਇਸ ਮਹਿਕਮੇ ਦੀ ਤਰੱਕੀ ਵਾਸਤੇ ਕੁਝ ਨਹੀਂ ਕੀਤਾ। ਜਿਨ੍ਹਾਂ ਕੋਲੋਂ ਇਹ ਵੋਟ ਲੈ ਕੇ ਆਉਂਦੇ ਰਹੇ ਹਨ, ਉਨ੍ਹਾਂ ਦੀ ਭਲਾਈ ਲਈ ਇਨ੍ਹਾਂ ਨੇ ਕੁਝ ਨਹੀਂ ਕੀਤਾ। ਮੈਂ ਕਹਿੰਦਾ ਹਾਂ ਕਿ ਅਗਰ ਜ਼ਿਲੇ ਦੇ ਅਫਸਰ ਨੂੰ ਰਖਣਾ ਹੈ ਤਾਂ ਉਸ ਦਾ ਸਟੇਟਸ ਜ਼ਿਲੇ ਦੇ ਅਫਸਰ ਜਿਡਾ ਰਖੋ। ਜੇਕਰ ਤਹਿਸੀਲ ਵੈਲ-ਫੇਅਰ ਅਫਸਰ ਰਖਣਾ ਹੈ ਤਾਂ ਉਸਦਾ ਸਟੇਟਸ ਤਹਿਸੀਲਦਾਰ ਦੇ ਬਰਾਬਰ ਰਖੋ। ਤਾਂ ਹੀ ਤੁਸੀਂ ਲੋਕਾਂ ਦੀ ਅਸਲ ਮਾਨਿਆ ਵਿਚ ਭਲਾਈ ਕਰ ਸਕਦੇ ਹੋ।

[ਕਾਮਰੇਡ ਭਾਨ ਸਿੰਘ ਭੌਰਾ]

ਇਸ ਤੋਂ ਅਗੇ ਮੈਂ ਸਟਾਈਪੈਂਡਜ਼ ਦੇ ਬਾਰੇ ਅਰਜ਼ ਕਰਨੀ ਚਾਹੁੰਦਾ ਹਾਂ । ਸਟਾਈ-ਪੰਡ 1950 ਦੇ ਫਿਕਸ ਕੀਤੇ ਹੋਏ ਰੇਟ ਤੇ ਦਿਤੇ ਜਾਂਦੇ ਹਨ । ਹੁਣ ਬੜੀ ਮਹਿੰਗਾਈ ਹੋ ਗਈ ਹੈ । ਵਜੀਫ਼ਿਆਂ ਦਾ ਰੇਟ ਰਿਵਾਈਜ਼ ਹੋਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀਆਂ ਨੂੰ ਲਾਭ ਪਹੁੰਚ ਸਕੇ । ਇਸ ਤੋਂ ਅਗੇ ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਸਬੰਧ ਵਿਚ ਅਸੀਂ ਪਹਿਲੇ ਵੀ ਸਰਕਾਰ ਨੂੰ ਬਹੁਤ ਸਾਰੇ ਸੁਝਾਵ ਦਿਤੇ ਹਨ । ਸਰਪਲਸ ਜ਼ਮੀਨਾਂ ਦਾ ਕਬਜ਼ਾ ਅਜ ਤਕ ਲੋਕਾਂ ਨੂੰ ਨਹੀਂ ਦਿਤਾ ਗਿਆ । ਉਨ੍ਹਾਂ ਜ਼ਮੀਨਾਂ ਦਾ ਕਬਜ਼ਾ ਦਿਵਾਉਣ ਵਾਸਤੇ ਸਰਕਾਰ ਨੂੰ ਇਮੀਜੇਟ ਸਟੈੱਪ ਲੈਣੇ ਚਾਹੀਦੇ ਹਨ । ਸਰਕਾਰ ਨੂੰ ਚਾਹੀਦਾ ਇਹ ਹੈ ਕਿ ਉਨ੍ਹਾਂ ਜ਼ਮੀਨਾਂ ਦਾ ਕਬਜ਼ਾ ਪਹਿਲਾਂ ਆਪ ਲਵੇ ਫਿਰ ਅਗੇ ਲੋਕਾਂ ਨੂੰ ਡਿਸਟਰੀਬਿਊਟ ਕਰੇ ਨਹੀਂ ਤਾਂ ਕਬਜ਼ਾ ਨਹੀਂ ਮਿਲਦਾ ਅਤੇ ਲੋਕੀਂ ਆਪੋ ਵਿਚ ਲੜਦੇ ਰਹਿੰਦੇ ਹਨ । ਮੈਂ ਲਿਸਟ ਦੇ ਸਕਦਾ ਹਾਂ, ਜਿਸ ਤੋਂ ਪਤਾ ਲਗੇਗਾ ਕਿ ਹਜ਼ਾਰਾਂ ਆਦਮੀ ਅਦਾਲਤਾਂ ਵਿਚ ਜਾ ਕੇ ਤਬਾਹ ਹੋ ਗਏ । ਜੇਕਰ ਸਰਕਾਰ ਉਨ੍ਹਾਂ ਦੀ ਮਦਦ ਕਰਨਾ ਚਾਹੁੰਦੀ ਹੈ ਤਾਂ ਲੈਂਡ ਲਾਰਡਜ਼ ਕੋਲੋਂ ਜ਼ਮੀਨ ਲੈ ਕੇ ਸਰਕਾਰ ਖੁਦ ਕਬਜ਼ਾ ਉਨ੍ਹਾਂ ਨੂੰ ਦਿਵਾਵੇ । ਇਸ ਤਰਫ ਮੈਂ ਸਰਕਾਰ ਦਾ ਫੌਰੀ ਧਿਆਨ ਦਿਵਾਉਣਾ ਚਾਹੁੰਦਾ ਹਾਂ । ਕਾਂਗਰਸ ਨੇ ਇਹ ਗੱਲ ਮੰਨੀ ਸੀ ਕਿ ਜਿਹੜਾ ਛੋਟਾ ਕਾਸ਼ਤਕਾਰ ਹੈ ਉਹ ਹਰੀਜਨ ਹੈ ਜਾਂ ਨਾਨ-ਹਰੀਜਨ ਹੈ ਆਪਣੇ ਹਥ ਨਾਲ ਵਾਹੀ ਕਰਦਾ ਹੈ, ਜ਼ਮੀਨ ਉਸ ਨੂੰ ਮਿਲਣੀ ਚਾਹੀਦੀ ਹੈ । ਸਤਲੁਜ਼ ਬੇਟ ਦੀ ਜ਼ਮੀਨ ਦੇਣ ਵਾਸਤੇ ਬੋਲੀ ਹੁੰਦੀ ਸੀ । ਉਥੇ ਬਹੁਤ ਸਾਰੀ ਹੇਰਾ ਫੇਰੀ ਹੁੰਦੀ ਰਹੀ । ਬਹੁਤ ਸਾਰੇ ਲੋਕਾਂ ਨੇ ਹੇਰਾ-ਫੇਰੀ ਕਰਕੇ ਜ਼ਮੀਨਾਂ ਆਪਣੇ ਨਾਂ ਅਲਾਟ ਕਰਾ ਲਈਆਂ, ਲੇਕਿਨ ਉਹ ਖੁਦ ਖੇਤੀ ਨਹੀਂ ਕਰਦੇ । ਮੇਰੀ ਇਹ ਅਰਜ਼ ਹੈ ਕਿ ਜਿਹੜਾ ਗਜ਼ਟਿਡ ਅਫ਼ਸਰ ਹੈ ਭਾਵੇਂ ਉਹ ਸ਼ੈਡਿਊਲਡ ਕਾਸਟ ਵੀ ਹੈ, ਖੁਦ ਖੇਤੀ ਨਹੀਂ ਕਰਦਾ ਤਾਂ ਉਸ ਨੂੰ ਜ਼ਮੀਨ ਨਹੀ ਮਿਲਣੀ ਚਾਹੀਦੀ । ਕਈਆਂ ਲੋਕਾਂ ਨੇ ਜਿਨ੍ਹਾਂ ਨੇ ਇਹੋ ਜਿਹੀਆਂ ਹੇਰਾ ਫੇਰੀਆਂ ਨਾਲ ਫ਼ਾਰਮ ਵਗੈਰਾ ਬਣਾਏ ਹੋਏ ਹਨ, ਉਹ ਸਭ ਕੈਂਸਲ ਹੋਣੇ ਚਾਹੀਦੇ ਹਨ । ਜੋ ਲੋਕ ਖੁਦ ਕਾਸ਼ਤ ਕਰਦੇ ਹਨ, ਜ਼ਮੀਨ ਉਨ੍ਹਾਂ ਨੂੰ ਮਿਲਣੀ ਚਾਹੀਦੀ ਹੈ । ਇਸ ਗੱਲ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ । ਜ਼ਮੀਨ ਜੋ ਖੁਦ ਵਾਹੁੰਦਾ ਹੈ, ਚਾਹੇ ਕੋਈ ਵੀ ਹੋਵੇ ਉਸ ਨੂੰ ਮਿਲਣੀ ਚਾਹੀਦੀ ਹੈਰਪ ਲੋਕਾਂ ਨੇ ਬੋਲੀਆਂ ਦਿਤੀਆਂ ਮਗਰ ਕਬਜ਼ਾ ਉਨ੍ਹਾਂ ਨੂੰ ਨਹੀਂ ਦਿਤਾ ਗਿਆ । ਉਹ ਸਟੇ ਕਰ ਦਿੱਤੇ ਹੋਏ ਹਨ । ਛੋਟੇ ਕਿਸਾਨਾਂ, ਹਰੀਜਨਾਂ ਨੂੰ ਜ਼ਮੀਨ ਮਿਲਣੀ ਚਾਹੀਦੀ ਹੈ । ਜਿਹੜੇ ਪਲਾਟ ਬਣੇ ਹੋਏ ਹਨ ਉਹ ਉਨ੍ਹਾਂ ਥਾਵਾਂ ਦੇ ਛੋਟੇ ਕਿਸਾਨਾਂ ਨੂੰ ਹਰੀਜਨ ਭਰਾਵਾਂ ਨੂੰ ਮਿਲਣੇ ਚਾਹੀਦੇ ਹਨ ਜੋ ਖੁਦ ਜ਼ਮੀਨ ਵਾਹੁੰਦੇ ਹਨ । ਜ਼ਿਲ੍ਹਾ ਔਰ ਤਹਿਸੀਲ ਵੈਲਫੇਅਰ ਕਮੇਟੀਆਂ ਬਣਾ ਕੇ ਲਾਟਰੀ ਸਿਸਟਮ ਨਾਲ ਉਨ੍ਹਾਂ ਨੂੰ ਉਹ ਜ਼ਮੀਨ ਅਲਾਟ ਹੋਣੀ ਚਾਹੀਦੀ ਹੈ । ਇਸ ਦੇ ਨਾਲ ਅਸੀਂ ਸਮਝਦੇ ਹਾਂ ਕਿ ਰਿਸ਼ਵਤਖੋਰੀ ਔਰ ਕੁੰਬਾਪਰਵਰੀ ਖਤਮ ਹੋਵੇਗੀ ।

ਇਸ ਤੋਂ ਅਲਾਵਾ ਮੈਂ ਇਕ ਹੋਰ ਜ਼ਰੂਰੀ ਗੱਲ ਵੱਲ ਆਪ ਦੀ ਤਵੱਜੁਹ ਦਿਲਾਣਾ ਚਾਹੁੰਦਾ ਹਾਂ । ਪਹਿਲੇ ਸ਼ੈਡੂਲਡ ਕਾਸਟਸ ਲਈ 10 ਪਰਸੈਂਟ ਪਰੋਮੋਸ਼ੰਜ਼ ਰੀਜ਼ਰਵ ਰਖੀਆਂ ਹੋਈਆਂ ਸਨ । ਗਵਰਨਰੀ ਰਾਜ ਦੇ ਸਮੇਂ ਇਸ ਆਰਡਰ ਨੂੰ ਵਾਪਿਸ ਲੈ ਲਿਆ ਗਿਆ ਸੀ । ਮੈਂ ਜ਼ੋਰਦਾਰ ਸ਼ਬਦਾਂ ਵਿਚ ਚੀਫ ਮਨਿਸਟਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਉਸ ਆਰਡਰ ਨੂੰ ਫ਼ਿਰ ਰੀਵਾਈਵ ਕੀਤਾ ਜਾਵੇ ।

ਇਕ ਇਵੈਲਿਊਏਸ਼ਨ ਕਮੇਟੀ ਬਣੀ ਸੀ, ਜਿਸ ਦੇ ਪਰਧਾਨ ਬਾਬੂ ਬ੍ਰਿਸ਼ ਭਾਨ ਜੀ ਸਨ । ਉਸ ਕਮੇਟੀ ਵਲੋਂ ਇਕ ਰਿਪੋਰਟ ਪੇਸ਼ ਕੀਤੀ ਗਈ ਸੀ । ਮੈਂ ਬੇਨਤੀ ਕਰਾਂਗਾ ਕਿ ਉਸਨੂੰ ਇੰਪਲੀਮੈਂਟ ਕੀਤਾ ਜਾਵੇ ਤਾਕਿ ਲੋਕਾਂ ਨੂੰ ਸੁਖ ਮਿਲੇ ।

ਪਿਛਲੀ ਗੌਰਮੈਂਟ ਗਰੀਬ ਹਰੀਜਨਾਂ ਨੂੰ ਖਾਸ ਤੌਰ ਤੇ ਇਲੈਕਸ਼ਨਾਂ ਦੇ ਸਮੇਂ ਬੜਾ ਲਾਰਾ ਦਿੰਦੀ ਸੀ ਕਿ ਉਨ੍ਹਾਂ ਨੂੰ ਜ਼ਮੀਨਾਂ ਦਿਤੀਆਂ ਜਾਣਗੀਆਂ । ਪਰ ਦਿੱਤਾ ਦਵਾਇਆ ਕੁਝ ਨਹੀਂ । ਮੈਂ ਸੁਝਾਵ ਦਿਆਂਗਾ ਕਿ ਇਕ ਕਮੇਟੀ ਬਣਾਈ ਜਾਵੇ ਜਿਹੜੀ ਕਿ ਸਮਾਲ ਸਕੇਲ ਇੰਡਸਟਰੀਜ਼ ਬਾਰੇ ਜਾਂਚ ਪੜਤਾਲ ਕਰੇ ਕਿ ਕਿਸ ਜਗ੍ਹਾ ਤੇ ਕਿਹੜੀ ਚੀਜ਼ ਦੀ ਇੰਡਸਟਰੀ ਚਾਲੂ ਕੀਤੀ ਜਾ ਸਕਦੀ ਹੈ । ਉਹ ਕਮੇਟੀ ਤਿੰਨ ਮਹੀਨਿਆਂ ਵਿਚ ਆਪਣੀ ਰਿਪੋਰਟ ਸਰਕਾਰ ਪਾਸ ਪੇਸ਼ ਕਰੇ । ਇਸ ਤਰ੍ਹਾਂ ਜਿਸ ਜਿਸ ਪਿੰਡ ਵਿਚ ਜਿਹੜੀ ਜਿਹੜੀ ਇੰਡਸਟਰੀ ਲਗ ਸਕਦੀ ਹੋਵੇ ਲਗਾਈ ਜਾਵੇ ਔਰ ਉਥੋਂ ਦੇ ਸ਼ੈਡਿਊਲਡ ਕਾਸਟਸ ਦਿਆਂ ਲੜਕਿਆਂ ਨੂੰ ਉਨ੍ਹਾਂ ਵਿਚ ਲਾਇਆ ਜਾਵੇ ਤਾਕਿ ਉਨ੍ਹਾਂ ਨੂੰ ਵਿਹਲੇ ਨਾ ਫਿਰਨਾ ਪਵੇ ਉਨ੍ਹਾਂ ਲਈ ਰੁਜ਼ਗਾਰ ਦਾ ਸਾਧਨ ਬਣ ਜਾਵੇ ।

ਇਸੇ ਤਰ੍ਹਾਂ ਮੈਂ ਸਮਝਦਾ ਹਾਂ ਕਿ ਪਬਲਿਕ ਸਰਵਿਸ ਕਮਿਸ਼ਨ ਵਿਚ ਵੀ ਸ਼ੈਡਿਊਲਡ ਕਾਸਟਸ ਦਾ ਇਕ ਮੈਂਬਰ ਜ਼ਰੂਰ ਹੋਣਾ ਚਾਹੀਦਾ ਹੈ ।

ਸਮਾਂ ਚੂੰਕਿ ਥੋੜ੍ਹਾ ਹੈ ਇਸ ਲਈ ਮੈਂ ਪੁਆਇੰਟਸ ਹੀ ਅਰਜ਼ ਕਰ ਰਿਹਾ ਹਾਂ । ਪਚਾਇਤ ਡਿਪਾਰਟਮੈਂਟ ਵਲੋਂ ਪੰਚਾਇਤਾਂ ਨੂੰ ਲਾਇਬਰੇਰੀਆਂ ਵਾਸਤੇ ਕੁਝ ਰੁਪਿਆ ਦਿੱਤਾ ਜਾਂਦਾ ਹੈ । ਉਹ 50 ਰੁਪਏ ਇਕ ਲਾਇਬਰੇਰੀ ਨੂੰ ਦਿੰਦੇ ਹਨ । ਤੁਸੀਂ ਆਪ ਹੀ ਅੰਦਾਜ਼ਾ ਲਗਾਓ ਕਿ 50 ਰੁਪਏ ਵਿਚ ਕੀ ਕਿਤਾਬਾਂ ਆ ਸਕਦੀਆ ਹਨ । ਫਿਰ ਉਥੇ ਪੰਚ ਔਰ ਸਰਪੰਚ ਅਪਣੀ ਥਾਂ ਹੇਰਾਫੇਰੀਆਂ ਕਰਦੇ ਹਨ । ਇਸ ਲਈ ਮੈਂ ਸਮਝਦਾ ਹਾਂ ਕਿ ਇਕ ਲਾਇਬਰੇਰੀ ਵਾਸਤੇ ਕਮ ਅਜ਼ ਕਮ 500 ਰੁਪਏ ਦਾ ਪ੍ਰਬੰਧ ਜ਼ਰੂਰੀ ਹੋਣਾ ਚਾਹੀਦਾ ਹੈ । ਜਿਹੜੇ ਪਿੰਡਾਂ ਦੇ ਲੋਕ ਲਾਇਬਰੇਰੀ ਲਈ ਬਿਲਡਿੰਗਜ਼ ਬਣਾ ਕੇ ਦੇਣ ਨੂੰ ਤਿਆਰ ਹੋਣ ਉਨ੍ਹਾਂ ਨੂੰ ਹੋਰ ਵੀ ਜ਼ਿਆਦਾ ਰੁਪਏ ਦੀ ਗਰਾਂਟ ਇਸ ਮਕਸਦ ਲਈ ਦਿਤੀ ਜਾਣੀ ਚਾਹੀਦੀ ਹੈ ।

ਇਕ ਸੋਸ਼ਲ ਵੈਲਫੇਅਰ ਡਿਪਾਰਟਮੈਂਟ ਸਰਕਾਰ ਨੇ ਖੋਲ੍ਹਿਆ ਹੈ । ਕਿਸੇ ਨੂੰ ਨਹੀਂ ਪਤਾ ਕਿ ਉਹ ਡਿਪਾਰਟਮੈਂਟ ਕਰਦਾ ਕੀ ਹੈ । ਐਵੇਂ ਹੀ ਇਸ ਉਤੇ ਪੈਸੇ ਜ਼ਾਇਆ ਹੋ ਰਹੇ ਹਨ । ਇਸ ਡਿਪਾਰਟਮੈਂਟ ਨੂੰ ਖਤਮ ਕਰ ਦੇਣਾ ਚਾਹੀਦਾ ਹੈ ਔਰ ਇਸ ਰੁਪਏ ਨੂੰ ਬਚਾ ਕੇ ਕਿਸੇ ਹੋਰ ਪਾਸੇ ਲਗਾਉਣਾ ਚਾਹੀਦਾ ਹੈ ।

ਜਿਥੋਂ ਤਕ ਟਰਾਂਸਪੋਰਟ ਦਾ ਤੁਅੱਲਕ ਹੈ ਉਸ ਬਾਰੇ ਪਹਿਲਾਂ ਸਾਡਾ ਸਟੈਂਡ ਇਹ ਸੀ ਕਿ ਇਸ ਨੂੰ ਕੰਪਲੀਟਲੀ ਨੈਸ਼ਨਲਾਈਜ਼ ਕਰ ਦਿੱਤਾ ਜਾਵੇ । ਪਰੰਤੂ ਇਸ ਬਾਰੇ ਇਸ ਮੌਕੇ ਉਤੇ ਮੈਂ ਜ਼ਿਆਦਾ ਨਹੀਂ ਕਹਿੰਦਾ, ਇਤਨਾ ਹੀ ਕਹਾਂਗਾ ਕਿ ਇਸ ਦਾ ਜਿਹੜਾ ਮਹਿਕਮਾ ਹੈ ਇਸ ਨੂੰ ਸਟਰੀਮਲਾਈਨ ਕਰਨ ਦੀ ਜ਼ਰੂਰਤ ਹੈ ।

Mr. Deputy Speaker : You should confine your speech to the Demands under discussion. It is not general discussion of the Budget. I cannot allow this. This is wastage of time of the House.

ਕਾਮਰੇਡ ਭਾਨ ਸਿੰਘ ਭੌਰਾ : ਡਿਪਟੀ ਸਪੀਕਰ ਸਾਹਿਬ, ਮੈਂ ਬੜੀ ਇੰਮਪਾਰਟੈਂਟ ਗੱਲ ਕਰ ਰਿਹਾ ਹਾਂ । ਟਰਾਂਸਪੋਰਟ ਬਾਰੇ ਬਹੁਤ ਸਾਰੀਆਂ ਸ਼ਿਕਾਇਤਾਂ ਹਨ. . . .

Mr. Deputy Speaker : I tell you again that this is irrelevant. It does not pertain to the demands under discussion. I have consulted the Secretary and for your information I can refer you to pages 101 and 102 of the Budget of the Punjab Government for the year 1967-68 according to which we can discuss only those items which fall under that sub-head. You cannot start general discussion. The House has already had an opportunity of discussing this thing.

चौधरी बलबीर सिंह : आन ए प्वायेंट आफ आर्डर सर । उपाध्यक्ष महोदय, जनरल ऐडमिनिस्ट्रेशन के नीचे सारे सैक्रेटरीज़ और उन के नीचे जितने डिपार्टमैंट हैं उन का खर्चा और उनकी तन्खाह का प्रोविज़न होता है । इस लिए, मैं समझता हूं कि उन सभी डिपार्टमैंट्स पर, जिन की तन्खाह उन सैक्रेटरीज़ को मिलती है, डिसकशन हो सकती है। जनरल ऐडमिनिस्ट्रेशन पर बजट की जनरल डिस्कशन की तरह ही बहस हो सकती है । ऐसा पहले होता रहा है ।

Mr. Deputy Seaker : My ruling over the point of order is that I have studied the sub-heads under this Demand and the discussion should be confined only to those sub-heads; which for the soference of the Members are :—

(A) Heads of State Cabinet and Ministers—

(a) Emoluments of the Governer (charged)

(i) Gross Amount
Rs. 66,000

(ii) Voluntary Cut at 10% Rs. 6,600.

(iii) Net Amount Rs. 59,400

(b) Secretariat staff of the Governor (charged)

(c) Staff and Household of the Governor (charged)

(d) Sumptuary Allowance of the Governor (charged)

(e) Entertainment and Hospitality Expenses (charged)

(f) Medical facilities to Governor, their family and staff (charged)

(g) Expenditure from Contract Allowance (charged)

(h) Tour Expenses (charged)

(i) Ministers.

(j) Miscellaneous.

(B) Zonal Council

(k) Administrative expenses.

(C) Secretariat and Attached Offices.

(l) Civil Secretariat.

(m) Public Service Commission (charged)

(n) Board of Revenue

Financial Commissioners and Establishments

(o) Local Fund Audit Establishment

(D) Commissioners

(p) Commissioners

(E) District Administration

(q) General Establishments

(r) Sub Divisional Establishments

(s) Other Establishment

(F) Works—

(t) Repairs.

चौधरी बलबीर सिंह : और उन के नीचे जितने भी अफसर है और दफतर हैं उन सब की बाबत डिस्कशन हो सकती है । आज तक जनरल ऐडमिनिस्ट्रेशन पर बजट पर जनरल की डिस्कशन की टाईप की डिस्कशन होती रही है । आखिर हर एक मनिस्टर के मातहत कोई महकमा है । जैसे भौरा साहिब ने अभी अभी कहा कि वैलफेयर डिपार्टमैंट को एबालिश कर दिया जाए । यह डिपार्टमैंट किसी मिनिस्टर के साथ ताल्लुक रखता है । तो लाजमी तौर पर वह डिपार्टमैंट मनिस्टर का हिस्सा बन जाता है । जैसे यहां पर फाईनैंशल कमिश्नर का महकमा है, चीफ सैक्रेटरी के दफतर हैं ।.....

Mr. Deputy Speaker : We cannot discuss the general conduct of every Minister.

Chaudhri Balbir Singh : We are not discussing the general conduct of the Ministers but the office they are holding.

Mr. Deputy Speaker : I have heard it. Discussion should only be confined to the demands.

Chaudhri Balbir Singh : It covers everything. I again assert my point.

ਕਾਮਰੇਡ ਭਾਨ ਸਿੰਘ ਭੌਰਾ : ਸੋ ਮੈਂ ਇਹ ਕਹਿਣ ਲਗਾ ਸੀ ਕਿ ਟਰਾਂਸਪੋਰਟ ਦੀ ਐਡਮਿਨਿਸਟਰੇਸ਼ਨ ਵਿਚ ਸੁਧਾਰ ਲਿਆਉਣ ਦੀ ਬੜੀ ਗੁੰਜਾਇਸ਼ ਹੀ ਨਹੀਂ, ਸਖਤ ਲੋੜ ਵੀ ਹੈ । ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਪਟਿਆਲੇ ਦੀ ਬਣੀ ਹੋਈ ਹੈ । ਉਸ ਦੀ ਐਡਮਿਨਿਸਟਰੇਸ਼ਨ ਸਾਰਿਆਂ ਤੋਂ ਗੰਦੀ ਰਹੀ ਹੈ । ਮੈਂ ਗੰਦੀ ਇਸ ਲਈ ਕਹਿੰਦਾ ਹਾਂ ਕਿ ਤੁਸੀਂ ਇਸ ਵਿਚ ਹੋਈਆਂ ਇਨਕੁਆਇਰੀਆਂ ਨੂੰ ਕਢਵਾ ਕੇ ਵੇਖੋ । ਤੁਹਾਨੂੰ ਪਤਾ ਲਗੇਗਾ ਕਿ ਕਿਧਰੇ ਵੀ ਕੋਈ ਐਕਸ਼ਨ ਨਹੀਂ ਲਿਆ ਗਿਆ । ਅਸਾਂ ਸਨ 1964 ਵਿਚ ਸਵਾਲ ਕੀਤਾ ਸੀ, ਜਿਸ ਦੇ ਜਵਾਬ ਵਿਚ ਸਰਕਾਰ ਨੇ ਖੁਦ ਮੰਨਿਆ ਸੀ ਕਿ ਬੈਟਰੀਆਂ ਚੋਰੀ ਹੋਈਆਂ । ਉਨ੍ਹਾਂ ਫ਼ਾਈਲਾਂ ਦੇ ਰਿਕਾਰਡ ਦੁਬਾਰਾ ਤਿਆਰ ਕੀਤੇ ਗਏ । ਉਨ੍ਹਾਂ ਫਾਈਲਾਂ ਦੀਆਂ ਅਸਾਂ ਫੋਟੋਸਟੈਟ ਕਾਪੀਆਂ ਪੇਸ਼ ਕੀਤੀਆਂ । ਅਜ ਤਕ ਕਸੂਰਵਾਰ ਅਫ਼ਸਰ ਨੂੰ ਸਜ਼ਾ ਨਹੀਂ ਦਿਤੀ ਗਈ, ਬਲਕਿ ਉਸ ਨੂੰ ਸਜ਼ਾ ਦੇਣ ਦੀ ਬਜਾਇ ਪ੍ਰੋਮੋਸ਼ਨ ਮਿਲ ਗਈ । ਇਸ ਤਰ੍ਹਾਂ ਦੀਆਂ ਬਹੁਤ ਸਾਰੀਆਂ ਹੋਰ ਵੀ ਗੱਲਾਂ ਇਸ ਟਰਾਂਸਪੋਰਟ ਦੇ ਮਹਿਕਮੇ ਵਿਚ ਚਲਦੀਆਂ ਹਨ । ਜਿਨ੍ਹਾਂ ਦੀ ਇਨਕੁਆਇਰੀ ਕਰਨੀ ਨਿਹਾਇਤ ਜ਼ਰੂਰੀ । ਮੈਂ ਸੀ. ਪੀ. ਐਸ. ਸਾਹਿਬ ਨੂੰ ਕਹਾਂਗਾ ਕਿ ਉਹ ਇਸ ਪਾਸੇ ਵਿਸ਼ੇਸ਼ ਧਿਆਨ ਦੇਣ ਔਰ ਜਿਸ ਕੇਸ ਦਾ ਮੈਂ ਜ਼ਿਕਰ ਕੀਤਾ ਹੈ ਉਸ ਦੇ ਕਾਗਜ਼ ਦੁਬਾਰਾ ਮੰਗਵਾ ਕੇ ਕਸੂਰਵਾਰ ਅਫ਼ਸਰ ਨੂੰ ਸਜ਼ਾ ਦੇਣ ।

ਇਸ ਤੋਂ ਅਲਾਵਾ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਾਡੇ ਸੂਬੇ ਵਿਚ ਟਾਪ ਹੈਵੀ ਐਡਮਿਨਿਸਟਰੇਸ਼ਨ ਹੈ । ਇਸ ਬਾਰੇ ਬਹੁਤ ਕੁਝ ਕਿਹਾ ਗਿਆ ਹੈ । ਮੈਂ ਜ਼ਿਆਦਾ ਡਿਟੇਲਜ਼ ਵਿਚ ਨਾ ਜਾਂਦਾ ਹੋਇਆ ਕਹਿਣਾ ਚਾਹੁੰਦਾ ਹਾਂ ਕਿ ਅਗਰ ਤੁਸਾਂ ਇਸ ਐਡਮਿਨਿਸਟਰੇਸ਼ਨ ਨੂੰ ਠੀਕ ਤਰ੍ਹਾਂ ਨਾਲ ਚਲਾਉਣਾ ਹੈ ਤਾਂ ਤੁਹਾਨੂੰ ਉਨ੍ਹਾਂ ਅਫ਼ਸਰਾਂ ਨੂੰ ਜ਼ਰੂਰ ਸੈਟਿਸਫ਼ਾਈ ਕਰਨਾ ਪਵੇਗਾ ਜਿਹੜੇ ਕਿ ਡਿਪਾਰਟਮੈਂਟਸ ਦੇ ਹੈਡ ਹਨ ।

ਇਸ ਵੇਲੇ ਜੋ ਟੈਕਨੀਕਲ ਡਿਪਾਰਟਮੈਂਟ ਹੈਡਜ਼ ਹਨ ਚੀਫ ਇੰਜੀਨੀਅਰ ਵਗੈਰਾ ਇਸ ਗੱਲ ਤੋਂ ਬੜੇ ਖਫ਼ਾ ਹਨ ਕਿ ਸਾਡੇ ਸਿਰਾਂ ਤੇ ਸੈਕਰੇਟਰੀ, ਡਿਪਟੀ ਸੈਕਰੇਟਰੀ ਅਤੇ ਉਨ੍ਹਾਂ ਦਾ ਅਮਲਾ ਬਠਾਇਆ ਹੋਇਆ ਹੈ । ਉਹ ਸਮਝਦੇ ਹਨ ਕਿ ਉਨ੍ਹਾਂ ਦਾ ਗਲ ਘੁਟਿਆ ਜਾ ਰਿਹਾ ਹੈ । ਅਗਰ ਫਿਨਾਂਸ਼ਲ ਰਾਏ ਦੀ ਲੋੜ ਹੁੰਦੀ ਹੋਵੇ ਤਾਂ ਹਰ ਮਹਿਕਮੇ ਵਿਚ ਇਕ ਫਿਨਾਂਸ਼ਲ ਐਡਵਾਈਜ਼ਰ ਬੈਠਾ ਦਿਉ, ਤਾਕਿ ਨਾਲ ਦੀ ਨਾਲ ਉਹ ਆਪਣੀ ਰਾਏ ਵੀ ਦੇ ਦਿਆ ਕਰੇ ਅਤੇ ਇਹ ਨਾ ਹੋਵੇ ਕਿ ਡਾਇਰੈਕਟੋਰੇਟ ਤੋਂ ਆਕੇ ਕੇਸ ਸੈਕਰੇਟੇਰੀਏਟ ਵਿਚ ਹੀ ਉਪਰ ਹੇਠਾਂ ਘੁੰਮਦਾ ਰਹੇ ।

ਡਿਪਟੀ ਸਪੀਕਰ ਸਾਹਿਬ, ਇਕ ਬੜੀ ਮਦ ਪ੍ਰੀਵੀ ਪਰਸਿਜ਼ ਦੀ ਹੈ ਜਿਸ ਵਿਚ ਰਾਜਿਆਂ ਮਹਾਰਾਜਿਆਂ ਨੂੰ ਪੰਜਾਬ ਸਰਕਾਰ ਪੈਸਾ ਦੇ ਰਹੀ ਹੈ । ਅਸੀਂ ਜਾਣਦੇ ਹਾਂ ਕਿ ਇਹ ਕਿਵੇਂ ਕਾਂਗਰਸੀਆਂ ਨਾਲ ਮਿਲੇ ਹੋਏ ਹਨ . . . . . .

Mr. Deputy Speaker: That is a separate Demand. That Demand has nothing to do with the Demand under discussion.

Comrade Bhan Singh Bhaura: Sir, that will not be discussed specifically.

Mr. Deputy Speaker: No. I won't allow this discussion. I have already read out the items upon which discussion can be raised to-day.

ਕਾਮਰੇਡ ਭਾਨ ਸਿੰਘ ਭੌਰਾ: ਡਿਪਟੀ ਸਪੀਕਰ ਸਾਹਿਬ, ਉਹ ਡਿਮਾਂਡ ਸੈਪੇਰੇਟ ਡਿਸਕਸ ਨਹੀਂ ਹੋਣੀ। ਇਸ ਲਈ ਉਹ ਜਨਰਲ ਐਡਮਿਨਿਸਟਰੇਸ਼ਨ ਦੀ ਬਹਿਸ ਵਿਚ ਡਿਸਕਸ ਹੋ ਸਕਦੀ ਹੈ। ਖੈਰ, ਮੈਂ ਥੋੜਾ ਜਿਹਾ ਹੀ ਕਹਿਣਾ ਹੈ। ਇਹ ਜੋ ਰਾਜਿਆਂ ਮਹਾਰਾਜਿਆਂ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੂੰ ਜੇਬ ਖਰਚ ਦਿਤਾ ਜਾ ਰਿਹਾ ਹੈ, ਇਹ ਨਹੀਂ ਦੇਣਾ ਚਾਹੀਦਾ। ਕਾਂਗਰਸੀ ਉਨ੍ਹਾਂ ਨੂੰ ਪਾਲਦੇ ਰਹੇ ਹਨ। ਜੋ ਪਹਿਲਾਂ ਮਹਾਰਾਜਾ ਪਟਿਆਲਾ ਸੀ ਉਸ ਨੂੰ ਹੁਣ ਯਾਦਵਿੰਦਰ ਸਿੰਘ ਐਮ: ਐਲ: ਏ: ਬਣਾ ਦਿਤਾ ਹੈ। ਇਹ ਸਭ ਵਿਹਲੇ ਨਵਾਬਾਂ ਲਈ ਜੋ 8 ਲਖ ਰੁਪਿਆ ਰਖਿਆ ਹੈ ਇਹ ਕਟ ਦੇਣਾ ਚਾਹੀਦਾ ਹੈ। *(At this stage Sardar Surjit Singh, a member of the Panel of Chairmen, occupied the Chair.)*

ਇਸ ਤੋਂ ਅਗੇ ਫੂਡ ਦੀ ਗਲ ਹੈ। ਇਸ ਦਾ ਤਅਲੱਕ ਐਡਮਿਨਿਸਟਰੇਸ਼ਨ ਨਾਲ ਬਹੁਤ ਹੈ। ਹਰ ਰੋਜ਼ ਚਾਰੇ ਪਾਸੇ ਇਸ ਤਰ੍ਹਾਂ ਦੀਆਂ ਗਲਾਂ ਸੁਣੀਆਂ ਜਾਂਦੀਆਂ ਹਨ ਕਿ ਕਿਤੇ ਟਰੱਕ ਭਰਕੇ ਸਮਗਲ ਕੀਤਾ ਗਿਆ, ਕਿਤੇ ਕੁਝ ਹੋ ਗਿਆ। ਮੈਂ ਸਮਝਦਾ ਹਾਂ ਕਿ ਇਨ੍ਹਾਂ ਗਲਾਂ ਦੇ ਪ੍ਰਬੰਧ ਲਈ ਅਲਗ ਸਟਾਫ ਹੋਣਾ ਚਾਹੀਦਾ ਹੈ। ਉਸ ਦਾ ਕੰਮ ਹੋਵੇ ਕਿ ਉਹ ਬਾਰਡਰ ਨੂੰ ਵਾਚ ਕਰੇ। ਅਗਰ ਕਿਤੇ ਕੋਈ ਟ੍ਰਕ ਸਮਗਲ ਕਰਦਾ ਫੜਿਆ ਜਾਵੇ ਤਾਂ ਆਰਡਰ ਹੋਵੇ ਕਿ ਉਹ ਟਰੱਕ ਹੀ ਨੀਲਾਮ ਕਰ ਦਿਤਾ ਜਾਵੇ। ਇਸ ਤਰ੍ਹਾਂ ਦੇ ਆਰਡਰ ਦੇ ਮਗਰੋਂ ਕਿਸੇ ਨੂੰ ਅਨਾਜ ਬਾਹਰ ਲੈ ਜਾਣ ਦੀ ਹਿੰਮਤ ਨਹੀਂ ਪਏਗੀ। ਇਸ ਤਰ੍ਹਾਂ ਦਾ ਇੰਤਜ਼ਾਮ ਕਰਨਾ ਬਹੁਤ ਜ਼ਰੂਰੀ ਹੈ ਵਰਨਾ ਸਿੰਗਲ ਸਟੇਟ ਜੋਨ ਬਣਾਉਣ ਦੇ ਬਾਵਜੂਦ ਕੀਮਤਾਂ ਵਿਚ ਇਜ਼ਾਫਾ ਹੋ ਜਾਵੇਗਾ ਅਤੇ ਵਡੇ ਲੈਂਡਲਾਰਡ ਜੋ ਰੌਲਾ ਪਾਉਂਦੇ ਰਹੇ ਹਨ ਕਿ ਸਿੰਗਲ ਸਟੇਟ ਜ਼ੋਨ ਭੈੜਾ ਹੈ ਉਹ ਨਾਜਾਇਜ਼ ਫਾਇਦਾ ਉਠਾ ਜਾਣਗੇ। ਇਹ ਗਲ ਸਰਕਾਰ ਨੂੰ ਬਦਨਾਮ ਕਰੇਗੀ।

PERSONAL EXPLANATION BY CHAUDHRI BALOO RAM BANTHS MINISTER OF STATE.

ਚੌਧਰੀ ਬਾਲੂ ਰਾਮ ਬੈਂਥ (ਰਾਜ ਮੰਤਰੀ) On a point of personal explanation, Sir ਚੇਅਰਮੈਨ ਸਾਹਿਬ, ਮੇਰੇ ਦੋਸਤ ਸ਼੍ਰੀ ਸਤਪਾਲ ਕਪੂਰ ਨੇ ਮੇਰਾ ਨਾਮ ਲੈਕੇ ਮੇਰੇ ਤੇ ਇਲਜ਼ਾਮ ਲਗਾਇਆ ਕਿ ਮੇਰਾ ਤੱਅਲਕ ਬਿਰਲਾ ਸੀਡ ਫਾਰਮ ਨਾਲ ਹੈ ਅਤੇ ਮੈਂ ਇਸ ਸ਼ਰਤ ਤੇ ਕਾਂਗਰਸ ਪਾਰਟੀ ਨੂੰ ਛਡ ਕੇ ਆਇਆ ਹਾਂ ਕਿ ਉਹ ਸੀਡ ਫਾਰਮ ਕੈਂਸਲ ਨਹੀਂ ਹੋਵੇਗਾ। ਮੈਂ ਇਨ੍ਹਾਂ ਦੀ ਵਾਕਫੀ ਲਈ ਦਸ ਦੇਵਾਂ ਕਿ ਦੋ ਸਾਲ ਹੋਏ ਕਾਂਗਰਸ ਸਰਕਾਰ ਨੇ ਇਹ ਫਾਰਮ ਉਨ੍ਹਾਂ ਨੂੰ ਦਿਤਾ ਸੀ। (ਵਿਘਨ) ਮੈਂ ਉਸ ਐਸਟੀਮੇਟਸ ਕਮੇਟੀ ਦਾ ਮੈਂਬਰ ਸੀ ਜਿਸ ਦੇ ਚੇਅਰਮੈਨ ਸਰਦਾਰ

(ਰਾਜ ਮੰਤਰੀ)

ਬਲਵੰਤ ਸਿੰਘ ਸਨ । ਉਸ ਕਮੇਟੀ ਨੇ ਯੂਨਾਨੀਮਸਲੀ ਇਹ ਗਲ ਕਹੀ ਸੀ ਕਿ ਇਹ ਸੀਡ ਫਾਰਮ ਕੈਂਸਲ ਹੋਣਾ ਚਾਹੀਦਾ ਹੈ । (ਤਾੜੀਆਂ) ਮੈਂ ਉਨ੍ਹਾਂ ਨੂੰ ਇਹ ਗਲ ਵਾਜ਼ਿਆ ਕਰ ਦੇਣਾ ਚਾਹੁੰਦਾ ਹਾਂ ਕਿ ਮੇਰਾ ਬਿਰਲਾ ਸੀਡ ਫਾਰਮ ਨਾਲ ਕਤਈ ਕੋਈ ਤਅੱਲਕ ਨਹੀਂ ਹੈ ਅਤੇ ਇਨ੍ਹਾਂ ਦਾ ਇਹ ਖਿਆਲ ਬਿਲਕੁਲ ਗਲਤ ਹੈ ਅਤੇ ਜੇ ਕੋਈ ਹੋਰ ਵੀ ਇਸ ਖਿਆਲ ਦਾ ਹੈ ਤਾਂ ਮੈਂ ਕਹਾਂਗਾ ਕਿ ਉਹ ਬਿਲਕੁਲ ਹਨੇਰੇ ਵਿਚ ਹੈ । (ਤਾੜੀਆਂ) ਇਸ ਤੋਂ ਅਗੇ ਮੈਂ ਕਹਾਂਗਾ ਕਿ ਮੇਰੇ ਇਹ ਦੋਸਤ ਇਸ ਫਾਰਮ ਨੂੰ ਕੈਂਸਲ ਕਰਨ ਦਾ ਰੈਜ਼ੋਲਿਊਸ਼ਨ ਲਿਆਉਣ ਮੈਂ ਇਨ੍ਹਾਂ ਦੇ ਨਾਲ ਵੋਟ ਪਾਵਾਂਗਾ । (ਵਿਘਨ) ਤੁਸੀ ਲਿਆਉ ਰੈਜ਼ੋਲਿਊਸ਼ਨ ਮੈਂ ਆਪ ਦੇ ਨਾਲ ਹੋਵਾਂਗਾ । ਮੇਰਾ ਇਸ ਸ਼ੀਡ ਫਾਰਮ ਨਾਲ ਕੋਈ ਤਅੱਲਕ ਨਹੀਂ ਹੈ ।

DEMANDS FOR GRANTS RESUMPTION OF DISCUSSION

ਸਰਦਾਰ ਸਿਕੰਦਰ ਸਿੰਘ : (ਸ਼੍ਰੀ ਹਰਗੋਬਿਂਦ ਪੁਰ) ਚੇਅਰਮੈਨ ਸਾਹਿਬ, ਮੈਂ ਆਪਦੇ ਰਾਹੀਂ ਹਾਊਸ ਦੇ ਸਾਹਮਣੇ ਜਨਰਲ ਐਡਮਨਿਸਟ੍ਰੇਸ਼ਨ ਦੀ ਡੀਮਾਂਡ ਤੇ ਕੁਝ ਅਰਜ਼ ਕਰਨ ਲਗਾ ਹਾਂ ।

ਪੁਲਿਸ ਕਮੀਸ਼ਨ ਦੀ ਜੋ ਰਿਪੋਰਟ ਹੈ ਉਹ ਇਨ ਪਾਰਟ ਇੰਪਲੀਮੈਂਟ ਹੋਈ ਹੈ। ਮੇਰੀ ਬੇਨਤੀ ਹੈ ਕਿ ਇਸ ਦਾ ਦੂਜਾ ਪਾਰਟ ਵੀ ਇੰਪਲੀਮੈਂਟ ਹੋਣਾ ਚਾਹੀਦਾ ਹੈ । ਇਕ ਸਿਪਾਹੀ ਅਤੇ ਸਬ-ਇੰਸਪੈਕਟਰ ਦੀਆਂ ਤਨਖਾਹਾਂ ਵਿਚ ਬਹੁਤ ਥੋੜਾ ਫਰਕ ਹੈ । ਉਸ ਵਿਚ ਇਹ ਜੋ ਪਖ ਹੈ ਇਸ ਵਲ ਧਿਆਨ ਦੇਣਾ ਚਾਹੀਦਾ ਹੈ । ਦੋਵਾਂ ਦਾ 125/–ਰੁਪਏ ਤੋਂ ਸਟਾਰਟ ਹੋਣਾ ਨਾਮੁਨਾਸਬ ਹੈ । ਇਸ ਬਾਰੇ ਰਿਪੋਰਟ ਦਾ ਜੋ ਪਖ ਹੈ ਉਹ ਇੰਪਲੀਮੈਂਟ ਹੋਣਾ ਚਾਹੀਦਾ ਹੈ । ਇਸ ਤਰ੍ਹਾਂ ਕਰਨ ਨਾਲ ਥਾਨੇਦਾਰ ਅਤੇ ਇੰਸਪੈਕਟਰ ਦੇ ਲੈਵਲ ਤੇ ਜੋ ਬੇਚੈਨੀ ਪਾਈ ਜਾਂਦੀ ਹੈ ਉਹ ਹਟੇਗੀ ਅਤੇ ਉਹ ਮਨ ਲਾਕੇ ਕੰਮ ਕਰਨਗੇ ਅਤੇ ਉਨ੍ਹਾਂ ਤੇ ਜੋ ਕੁਰੱਪਸ਼ਨ ਦਾ ਇਲਜ਼ਾਮ ਲਗਦਾ ਹੈ ਉਹ ਘਟ ਹੋਵੇਗਾ ।

ਫਿਰ ਚੇਅਰਮੈਨ ਸਾਹਿਬ, ਸਾਰੀ ਜਨਰਲ ਐਡਮਨਿਸਟ੍ਰੇਸ਼ਨ ਵਿਚ ਇਕ ਲਫਜ਼ 'ਐਡੀਸ਼ਨਲ' ਆਉਂਦਾ ਹੈ । ਐਡੀਸ਼ਨਲ ਸੈਕਟਰੀ, ਐਡੀਸ਼ਨਲ ਡਾਇਰੈਕਟਰ ਆਦਿ । ਮੈਂ ਚੀਫ ਮਿਨਿਸਟਰ ਸਾਹਿਬ ਦਾ ਧਿਆਨ ਇਸ ਗਲ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਸੂਬਾ ਹੁਣ ਛੋਟਾ ਹੋ ਗਿਆ ਹੈ ਐਡੀਸ਼ਨਲ ਅਫਸਰਾਂ ਨੂੰ ਕੋਈ ਹੋਰ ਕੰਮ ਸੌਂਪਣਾ ਚਾਹੀਦਾ ਹੈ, ਉਨ੍ਹਾਂ ਦੀ ਗਿਨਤੀ ਘਟਾਣੀ ਚਾਹੀਦੀ ਹੈ । ਤੁਹਾਨੂੰ ਪਤਾ ਹੈ ਕਿ 'ਐਡੀਸ਼ਨਲ' ਲਫਜ਼ ਦੇ ਨਾਲ ਕਿੰਨੇ ਅਫਸਰ ਆਉਂਦੇ ਹਨ ਮੈਂ ਤਾਂ ਬਰੀਫਲੀ ਇਕ ਇੰਪਾਰਟੈਂਟ ਗਲ ਹਾਊਸ ਦੇ ਸਾਹਮਣੇ ਰਖੀ ਹੈ ।

ਫਿਰ ਮੁੱਖ ਮੰਤਰੀ ਸਾਹਿਬ ਨੇ ਕਿਹਾ ਹੈ ਕਿ ਆਪੋਜ਼ੀਸ਼ਨ ਦੇ ਲੀਡਰ ਦਾ ਸਟੇਟਸ ਅਸੀਂ ਬਣਾਵਾਂਗੇ । ਇਸ ਤਰ੍ਹਾਂ ਕਰਕੇ ਤੁਸੀਂ ਬੜੀ ਹੈਲਦੀ ਟ੍ਰੇਡੀਸ਼ਨ ਕਾਇਮ ਕਰੋਗੇ । ਮੈਨੂੰ ਅਫਸੋਸ ਹੋਇਆ ਜਦ ਮੈਂ ਵੇਖਿਆ ਕਿ ਆਪੋਜ਼ੀਸ਼ਨ ਲੀਡਰ ਦੀ ਤਾਂ ਜਾਨ ਵੀ ਮਹਿਫੂਜ਼ ਨਹੀਂ । (ਵਿਘਨ) ਫਿਰ ਚੇਅਰਮੈਨ ਸਾਹਿਬ, ਇਕ ਵਾਰੀ ਗਿਆਨੀ ਕਰਤਾਰ ਸਿੰਘ ਹੋਰੀਂ ਵਜ਼ੀਰ ਬਣੇ ਸਨ । ਉਸ ਵੇਲੇ ਉਹ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਸਨ । ਕਿਉਂਕਿ

ਉਹ ਵਜ਼ੀਰ ਬਣ ਗਏ ਸਨ ਇਸ ਕਰਕੇ ਉਨ੍ਹਾਂ ਨੇ ਸੀਨੀਅਰ ਵਾਈਸ ਪ੍ਰੈਜ਼ੀਡੈਂਟਸ਼ਿਪ ਤੋਂ ਅਸਤੀਫਾ ਦੇ ਦਿਤਾ ਸੀ । ਇਸ ਹਾਊਸ ਦਾ ਇਕ ਬਜ਼ੁਰਗ ਆਨਰੇਬਿਲ ਮਨਿਸਟਰ ਸ਼੍ਰੋਮਣੀ ਗੁਰਦਵਾਰਾ ਕਮੇਟੀ ਦਾ ਜਨਰਲ ਸੈਕਟਰੀ ਵੀ ਹੈ । ਉਹ ਵੀ ਬੜੇ ਜ਼ਿੰਮੇਦਾਰ ਆਦਮੀ ਹਨ । ਚੇਅਰਮੈਨ ਸਾਹਿਬ, ਆਪੋਜ਼ੀਸ਼ਨ ਦੇ ਲੀਡਰ ਦੇ ਮਕਾਨ ਤੇ ਅਟੈਕ ਕਰਨ ਵਿਚ ਰੋਪੜ ਸਰਕਲ ਦਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਪ੍ਰਚਾਰਕ ਮਨੋਹਰ ਸਿੰਘ ਗ੍ਰਿਫਤਾਰ ਹੋਇਆ ਹੈ । (ਵਿਘਨ) ਇੰਟ੍ਰਪਟ ਨਾ ਕਰੋ, ਸ਼ੋਰ ਨਾ ਪਾਉ, ਇਹ ਬੜੀ ਨਾਮੁਨਾਸਬ ਗਲ ਹੈ । ਜਦੋਂ ਉਹ ਸ਼ਖਸ ਰੋਪੜ ਤੋਂ ਚਲਿਆ ਤਾਂ ਕੀ ਪੰਜਾਬ ਸਰਕਾਰ ਨੂੰ ਪਤਾ ਨਹੀਂ ਸੀ ਕਿ ਇਹ ਸਰਦਾਰ ਗਿਆਨ ਸਿੰਘ ਦੇ ਮਕਾਨ ਤੇ ਹਮਲਾ ਕਰਨ ਲਈ ਜਾ ਰਿਹਾ ਹੈ ਅਤੇ ਉਸ ਨੂੰ ਉਥੇ ਹੀ ਅਰੈਸਟ ਕਰਕੇ ਇਸ ਨਾਖੁਸ਼ਗਵਾਰ ਵਾਕਿਆ ਨੂੰ......

ਚੀਫ ਪਾਰਲੀਮੈਂਟਰੀ ਸੈਕਟਰੀ : (ਸਰਦਾਰ ਗੁਰਚਰਨ ਸਿੰਘ) On a point of order Sir, ਚੇਅਰਮੈਨ ਸਾਹਿਬ, ਸਰਦਾਰ ਗਿਆਨ ਸਿੰਘ ਨੇ ਸਰਕਾਰ ਤੇ ਕੁਝ ਐਲੀਗੇਸ਼ਨਜ਼ ਲਗਾਈਆਂ ਕਿ ਉਨ੍ਹਾਂ ਨਾਲ ਇਥੇ ਐਸਾ ਵਾਕਿਆ ਹੋਇਆ । ਇਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਸਰਦਾਰ ਗਿਆਨ ਸਿੰਘ ਕਾਂਗਰਸ ਗਵਰਨਮੈਂਟ ਦੀ ਟੈਰੀਟਰੀ ਵਿਚ ਰਹਿੰਦੇ ਹਨ । ਉਸ ਗਲ ਲਈ ਉਹੀ ਜ਼ਿੰਮੇਦਾਰ ਹੈ । (ਵਿਘਨ)

ਸਰਦਾਰ ਸਿਕੰਦਰ ਸਿੰਘ : I am making a submission about the status of the Leader of the Opposition. ਮੇਰਾ ਕਹਿਣਾ ਹੈ ਕਿ ਜੋ ਕੁਝ ਉਨ੍ਹਾਂ ਨਾਲ ਵਾਪਰਿਆ ਇਹ ਨਾਮੁਨਾਸਬ ਹੈ ਅਤੇ leader of the Opposition ਦਾ ਸਟੇਟੱਸ ਕਾਇਮ ਕਰਨ ਦਾ ਤਰੀਕਾ ਨਹੀਂ ਹੈ । ਫਿਰ ਲੀਡਰ ਦੇ ਬਾਅਦ ਦੂਜੇ ਨੰਬਰ ਤੇ ਇਕ ਡਿਪਟੀ ਲੀਡਰ ਹੁੰਦਾ ਹੈ । ਸ੍ਰੀ ਪ੍ਰਬੋਧ ਚੰਦਰ ਹੋਰਾਂ ਦੀ ਕਾਰ ਤੇ ਗੋਲੀ ਚਲਣ ਵਾਲਾ ਜੋ ਵਾਕਿਆ ਹੈ ਇਸ ਬਾਰੇ ਮੈਂ ਹੋਰ ਕੁਝ ਨਹੀਂ ਕਹਿਣਾ ਸਿਰਫ ਇਤਨਾ ਕਹਿਣਾ ਹੈ ਕਿ ਇਸ ਵਾਕਿਆ ਦੀ ਪੂਰੀ ਛਾਨਬੀਨ ਹੋਣੀ ਚਾਹੀਦੀ ਹੈ ਅਤੇ ਹਾਊਸ ਨੂੰ ਉਸ ਦਾ ਜੋ ਰਿਜ਼ਲਟ ਹੋਵੇ, ਉਸ ਤੋਂ ਜਾਣੂ ਕਰਾਉਣਾ ਚਾਹੀਦਾ ਹੈ । ਮੈਂ ਕਿਸੇ ਐਗਰੈਸਿਵ ਢੰਗ ਨਾਲ ਕੋਈ ਗਲ ਨਹੀਂ ਕਹਿੰਦਾ, ਆਪੋਜ਼ੀਸ਼ਨ ਦੇ ਲੀਡਰ ਦੇ ਸਟੇਟਸ ਬਾਰੇ ਕਹਿੰਦਾ ਹਾਂ ਕਿਉਂਕਿ ਇਨ੍ਹਾਂ ਤੋਂ ਐਸ਼ਿਉਰੈਂਸ ਮਿਲੀ ਸੀ ਕਿ ਉਨ੍ਹਾਂ ਦਾ ਸਟੇਟੱਸ ਇਥੇ ਵੀ ਫਾਰਨ ਕੰਟ੍ਰੀਜ਼ ਵਰਗਾ ਰਖਿਆ ਜਾਵੇਗਾ । ਇਸ ਲਈ ਇਹ ਗੱਲ ਕੀਤੀ ਹੈ ।

ਚੇਅਰਮੈਨ ਸਾਹਿਬ, ਚੀਫ ਮਿਨਿਸਟਰ ਸਾਹਿਬ ਨੇ ਹਾਊਸ ਵਿਚ ਜੋ ਸਟੇਟਮੈਂਟ ਬਾਬਾ ਨੰਦ ਸਿੰਘ ਹੋਰਾਂ ਦੇ ਜਲ ਜਾਣ ਦੇ ਸਬੰਧ ਵਿਚ ਦਿਤੀ ਉਸ ਵਿਚ ਇਕ ਇਹ ਫਿਕਰਾ ਆਇਆ ਹੈ ।

"it has also been alleged that Bhai Nand Singh committed suicide because of unrequired love affair with a married women...."

Sir, I am sorry for such a shameful sentence in the statement of the Leader of the House without any enquiry. ਮੈਂ ਇਹ ਅਰਜ਼ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਟੇਟਮੈਂਟ ਵਿਚ ਇਹ ਐਲੀਗੇਸ਼ਨ ਨਹੀਂ ਸੀ ਹੋਣੀ ਚਾਹੀਦੀ ਕਿਉਂਕਿ ਇਸ ਬਾਰੇ ਇਸ ਵੇਲੇ ਤਕ ਕਨਫਿਊਜ਼ਨ ਹੈ । 'ਪ੍ਰਭਾਤ' ਅਖਬਾਰ ਇਨ੍ਹਾਂ ਦੇ ਕੰਟ੍ਰੇਰੀ ਚਿੱਠੀਆਂ ਛਾਪ ਰਿਹਾ ਹੈ । ਇਕ ਮੁੱਖ ਮੰਤਰੀ ਦੇ ਬਿਆਨ ਵਿਚ

[ਸਰਦਾਰ ਸਿਕੰਦਰ ਸਿੰਘ]

ਇਸ ਤਰ੍ਹਾਂ ਦੀ ਗੱਲ ਠੀਕ ਨਹੀਂ । ਇਹ ਹਾਈ ਕੋਰਟ ਦੇ ਰਿਟਾਇਰਡ ਜਜ ਵੀ ਹਨ । ਮੈਂ ਅਰਜ਼ ਕਰਦਾ ਹਾਂ ਕਿ ਇਸ ਵਾਕਿਆ ਦੀ ਜੁਡੀਸ਼ਲ ਤਹਿਕੀਕਾਤ ਕਿਸੇ ਹਾਈ ਕੋਰਟ ਦੇ ਜੱਜ ਜਾਂ ਸੁਪ੍ਰੀਮ ਕੋਰਟ ਦੇ ਜੱਜ ਦਵਾਰਾ ਹੋਣੀ ਚਾਹੀਦੀ ਹੈ ਕਿ ਉਹ ਕਿਉਂ ਜਲ ਗਏ । ਅਗਰ ਮੈਂ ਕੋਈ ਆਰਗੂਮੈਂਟ ਪੇਸ਼ ਕਰਾਂ ਤਾਂ ਉਸ ਨੂੰ ਤਿਖਾ ਪ੍ਰਚਾਰ ਸਮਝਿਆ ਜਾਵੇਗਾ । ਇਸ ਲਈ ਮੈਂ ਕਹਿੰਦਾ ਹਾਂ ਕਿ ਇਸ ਵਾਕਿਆ ਦੀ ਇਨਕੁਆਇਰੀ ਕਰਾਉ ਤਾਕਿ ਇਨ੍ਹਾਂ ਦੇ ਬਿਆਨ ਬਾਰੇ ਜੋ ਕੁਝ 'ਪ੍ਰਭਾਤ' ਵਿਚ ਛਪ ਰਿਹਾ ਹੈ, ਉਸ ਕਾਰਨ ਜੋ ਕਨਫਿਊਜ਼ਨ ਜਨਤਾ ਦੇ ਮਨ ਵਿਚ ਪੈਦਾ ਹੋ ਗਿਆ ਹੈ, ਉਹ ਸਾਫ ਹੋ ਸਕੇ । ਉਨ੍ਹਾਂ ਬਾਰੇ ਜੋ ਚਰਚਾ ਚਲ ਪਈ ਹੈ ਇਹ ਬੰਦ ਹੋਣੀ ਚਾਹੀਦੀ ਹੈ । ਉਹ ਜੋ ਜਲ ਗਏ ਅਤੇ ਜੋ ਭਾਈ ਨਹੀਂ ਜਲੇ, ਸਾਡੇ ਹੀ ਭਰਾ ਹਨ । ਜੋ ਫਿਕਰਾ ਇਨ੍ਹਾਂ ਦੇ ਬਿਆਨ ਵਿਚ ਆਇਆ ਹੈ ਇਸ ਨਾਲ ਮੈਨੂੰ ਦੁਖ ਹੋਇਆ ਹੈ । ਐਸਾ ਇਲਜ਼ਾਮ ਇਕ ਜ਼ਿੰਮੇਦਾਰ ਸ਼ਖਸ ਜੋ ਸੂਬੇ ਦਾ ਮੁੱਖ ਮੰਤਰੀ ਹੋਵੇ ਦੇ ਮੂੰਹੋਂ ਨਹੀਂ ਸੀ ਆਉਣਾ ਚਾਹੀਦਾ, ਕਿਉਂਕਿ ਸਟੇਟ ਦੇ ਇੰਟਾਇਰ ਰਿਸੋਰਸਿਜ਼ ਇਨ੍ਹਾਂ ਪਾਸ ਹਨ, ਇਹ ਆਪਣੇ ਤਰੀਕੇ ਨਾਲ ਇਨਕੁਆਇਰੀ ਕਰ ਸਕਦੇ ਸੀ । ਖੁਦ ਪੂਰੀ ਤਰ੍ਹਾਂ ਕਨਫੀਡੈਂਟ ਹੋਕੇ ਹਾਊਸ ਵਿਚ ਕਹਿਣਾ ਚਾਹੀਦਾ ਸੀ ਕਿ ਇਹ ਗੱਲ ਹੈ । ਇਨ੍ਹਾਂ ਕਿਹਾ ਹੈ 'it has also been alleged' । ਇਲਜ਼ਾਮ ਦੀ ਕੀ ਗਲ ਹੈ, ਇਨਕੁਆਇਰੀ ਕਰਾਕੇ ਗਲ ਕਰਨੀ ਚਾਹੀਦੀ ਸੀ । ਮੈਂ ਅਰਜ਼ ਕਰਾਂਗਾ ਕਿ ਇਸ ਮਾਮਲੇ ਦੀ ਹੁਣ ਇਨਕੁਆਇਰੀ ਕਰਾਈ ਜਾਵੇ, ਕਿਸੇ ਜੱਜ ਪਾਸੋਂ ਜੋ ਹਾਈ ਕੋਰਟ ਦਾ ਜਾਂ ਸੁਪ੍ਰੀਮ ਕੋਰਟ ਦਾ ਜੱਜ ਹੋਵੇ । ਅਗਰ ਇਸ ਬਾਰੇ ਅਪੋਜ਼ੀਸ਼ਨ ਦੇ ਲੀਡਰ ਸਾਹਿਬ ਨੂੰ ਵੀ ਕਨਸਲਟ ਕਰ ਲਿਆ ਜਾਵੇ ਤਾਂ ਚੰਗਾ ਰਹੇਗਾ ਕਿਉਂਕਿ ਬਾਅਦ ਵਿਚ ਗਲਾਂ ਨਿਕਲਣਗੀਆਂ ਕਿ ਇਹ ਨਹੀਂ ਹੋਇਆ ਤੇ ਉਹ ਨਹੀਂ ਹੋਇਆ । ਇਸ ਲਈ ਅਪੋਜੀਸ਼ਨ ਨੂੰ ਕਾਨਫੀਡੈਂਸ ਵਿਚ ਲੈਕੇ ਕਿਸੇ ਐਸੇ ਸੱਜਨ ਨੂੰ ਇਸ ਇਨਕੁਆਇਰੀ ਤੇ ਨਿਯੁਕਤ ਕੀਤਾ ਜਾਵੇ ਤਾਂਜੋ ਉਹ ਇਸ ਮਾਹੌਲ ਨੂੰ ਸਾਫ ਕਰ ਸਕੇ ਅਤੇ ਇਹ ਚਰਚਾ ਬੰਦ ਹੋਵੇ ।

ਇਸ ਤੋਂ ਅਲਾਵਾ ਧੂਲਕਾ ਦਾ ਕੇਸ ਹੋਇਆ ਹੈ । ਹੋ ਸਕਦਾ ਹੈ ਕਿ ਇਹ ਕੇਸ ਅਦਾਲਤ ਵਿਚ ਹੋਵੇ ਇਸ ਲਈ ਮੈਂ ਸਿਰਫ ਇਹੀ ਕਹਿਣਾ ਹੈ ਕਿ ਜੋ ਐਗਰੀਵਡ ਪਰਸਨਜ਼ ਹਨ, ਜਿਸ ਗਰੀਬ ਦੀ ਬੇਇਜ਼ਤੀ ਹੋਈ ਅਤੇ ਜਿਸ ਬਾਪ ਦੀ ਬਾਂਹ ਕਟੀ ਗਈ ਹੈ, ਉਨ੍ਹਾਂ ਨੂੰ ਸਰਕਾਰ ਕੰਪੈਨਸੇਟ ਕਰੇ ।

ਫਿਰ ਚੇਅਰਮੈਨ ਸਾਹਿਬ, ਮੇਰੇ ਹਲਕੇ ਵਿਚ ਘੁਮਾਨ ਵਿਚ ਡਾਕਾ ਪਿਆ ਤੇ ਕਤਲ ਹੋਇਆ । ਉਸ ਵਿਚਾਰੇ ਦੇ ਨਾਬਾਲਿਗ ਬਚੇ ਅਤੇ ਵਿਡੋ ਹੈ । ਮੇਰੀ ਬੇਨਤੀ ਹੈ ਕਿ ਬੱਚੇ ਦੀ ਤਾਲੀਮ ਅਤੇ ਵਿਡੋ ਲਈ ਕੁਝ ਕੰਪੈਨਸੇਸ਼ਨ ਮਿਲਣੀ ਚਾਹੀਦੀ ਹੈ । ਠੀਕ ਹੈ ਲਾਅ ਵਿਚ ਕੰਪੈਨਸੇਸ਼ਨ ਦਾ ਇਕ ਤਰੀਕਾ ਹੈ । ਇਸ ਤਰ੍ਹਾਂ ਦੇ ਮੌਕੇ ਤੇ ਸਰਦਾਰ ਪ੍ਰਤਾਪ ਸਿੰਘ ਕੈਰੋਂ ਦੀ ਯਾਦ ਆਉਂਦੀ ਹੈ ਕਿ ਜਦੋਂ ਇਸ ਤਰ੍ਹਾਂ ਦੇ ਹਾਰਡ ਕੇਸਿਜ਼ ਹੁੰਦੇ ਸਨ ਤਾਂ ਉਹ ਪ੍ਰਾਪਰ ਪ੍ਰਬੰਧ ਕਰ ਦਿੰਦੇ ਹੁੰਦੇ ਸਨ । (ਵਿਘਨ) ਮੈਂ ਕਦੇ ਨਹੀਂ ਟੋਕਿਆ ਕਿਸੇ ਨੂੰ (ਵਿਘਨ) ਉਹ ਵੀ ਤੁਹਾਡਾ ਭਾਈ ਹੈ।

ਫਿਰ ਕੁਝ ਸੰਗੀਨ ਡਾਕੇ ਦੀਆਂ ਵਾਰਦਾਤਾਂ ਹਨ (ਵਿਘਨ) ਜੋ ਅਠਵਾਲ, ਤਰਧੇ, ਲਾਲਪੁਰਾ ਵਿਚ ਹੋਇਆ । ਰਈਏ ਦੇ ਕੋਲ ਇਕ ਪੈਟਰੋਲ ਪੰਪ ਲੁਟਿਆ ਗਿਆ । ਇਕ ਹੋਰ ਪੈਟਰੋਲ ਪੰਪ ਫਿਰੋਜ਼ਪੁਰ ਜ਼ਿਲੇ ਵਿਚ ਲੁਟਿਆ ਗਿਆ ਜਿਸ ਦਾ ਜ਼ਿਕਰ ਇਕ ਕਾਲ ਅਟੈਨਸ਼ਨ ਮੋਸ਼ਨ ਵਿਚ

ਆਇਆ ਸੀ । ਇਹ ਵਾਕਿਆਤ ਸਰਕਾਰ ਲਈ ਸ਼ੋਭਾਦਾਇਕ ਨਹੀਂ ਹਨ । ਜੋ ਸਰਕਾਰ ਕਲੀਨ ਐਡਮਨਿਸਟ੍ਰੇਸ਼ਨ ਦਾ ਦਾਅਵਾ ਕਰਦੀ ਹੋਵੇ ਉਸ ਨੂੰ ਬਹੁਤ ਵਿਜੀਲੈਂਟ ਹੋ ਕੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਇਸ ਤਰ੍ਹਾਂ ਦੀਆਂ ਗਲਾਂ ਨਾ ਹੋ ਸਕਣ ।

ਚੇਅਰਮੈਨ ਸਾਹਿਬ, ਮੇਰੇ ਮੁਹਤਰਿਮ ਦੋਸਤ ਸ਼੍ਰੀ ਵਿਸ਼ਵਾਨਾਥਨ ਜੀ ਆ ਗਏ ਹਨ ।

* * * * * *

ਮੈਂ ਖੁਸ਼ੀ ਮਹਿਸੂਸ ਕਰਾਂ ਅਗਰ ਇਹ ਦੋਸਤ ਜਿਨ੍ਹਾਂ ਦੀ ਇਸ ਵਕਤ ਸਰਕਾਰ ਹੈ ਅਤੇ ਜਿਨ੍ਹਾਂ ਦੀ ਵਿਸ਼ਵਾਨਾਥਨ ਜੀ ਨੇ ਵਕਾਲਤ ਕੀਤੀ ਹੈ ਇਹ ਸਾਨੂੰ ਸ਼੍ਰੀ ਚੰਦ ਗੋਇਲ ਹੋਰਾਂ ਤੋਂ ਅਤੇ ਰਾਉ ਬਰਿੰਦਰ ਸਿੰਘ ਹੋਰਾਂ ਕੋਲੋਂ ਚੰਡੀਗੜ੍ਹ ਹੀ ਲੈ ਦੇਣ * * *

* * * * * *

ਆਪਸ ਵਿਚ ਮਿਲਵਰਤਨ ਦੀਆਂ ਗੱਲਾਂ ਕਰਨੀਆਂ, ਇਤਫਾਕ ਦੀਆਂ ਗੱਲਾਂ ਕਰਨੀਆਂ ਇਹ ਸਭ ਫੋਕੇ ਨਾਹਰੇ ਹਨ । ਉਹ ਜੋਸ਼ ਵਾਲੀਆਂ ਗੱਲਾਂ ਨਾ ਕਰਨ । ਸਾਨੂੰ ਪਤਾ ਹੈ, ਉਹ ਲੋਕ ਜਿਹੜੇ ਸਦੀਆਂ ਤੋਂ ਉਨ੍ਹਾਂ ਨੂੰ ਕੋਆਪਰੇਸ਼ਨ ਦਿੰਦੇ ਚਲੇ ਆ ਰਹੇ ਸੀ, ਜਿਨ੍ਹਾਂ ਦੀਆਂ ਕੁਰਬਾਨੀਆਂ ਦੀ ਇਕ ਹਿਸਟਰੀ ਹੈ ਉਹ ਵੀ ਫਰੰਡ ਵਜ਼ਾਰਤ ਦੇ ਨਾਲੋਂ ਅਜ ਫਰੰਟ ਹੋ ਗਏ ਹਨ। ਸੰਤ ਚਨਣ ਸਿੰਘ ਨੇ ਵੀ ਜਿਸ ਤਰ੍ਹਾਂ ਕਿਹਾ ਸੀ ਕਿ ਅਜ ਕਲ ਦਾ ਫ਼ਰੰਟ ਵੀ ਕੋਈ ਫਰੰਟ ਹੈ । ਇਸ ਤਰੀਕੇ ਨਾਲ ਫਰੰਟ ਦਾ ਨਾਉਂ ਚਲਦਾ ਹੈ । ਇਸ ਫਰੰਟ ਵਿਚ ਉਹ ਵੀ ਸ਼ਾਮਲ ਹਨ ਜਿਨ੍ਹਾਂ ਨੇ ਅਖੰਡ-ਭਾਰਤ ਦਾ ਨਾਹਰਾ ਲਗਾਇਆ ਸੀ ਅਤੇ ਮਰਦਮਸ਼ਮਾਰੀ ਵੇਲੇ, ਪੰਜਾਬੀ ਜਿਹੜੀ ਵਿਧਾਨ ਅਨੁਸਾਰ 14 ਜ਼ਬਾਨਾਂ ਦੇ ਵਿਚੋਂ ਇਕ ਜ਼ਬਾਨ ਪੰਜਾਬ ਲਈ ਮੰਨੀ ਗਈ ਸੀ, ਉਸ ਦੀ ਮੁਖਾਲਫਤ ਕੀਤੀ ਅਤੇ ਨਾਹਰੇ ਬਾਜ਼ੀ ਕੀਤੀ ਅਤੇ ਇਸ ਦੇ ਖਿਲਾਫ਼ ਘਰ ਘਰ ਤੋਂ ਵੋਟਾਂ ਮੰਗੀਆਂ । ਅੱਜ ਅਖੰਡ ਭਾਰਤ ਵਾਲੇ ਕਿਧਰੋਂ ਦੇ ਇਨ੍ਹਾਂ ਦੇ ਆਪਣੇ ਬਣ ਗਏ, ਮਹਿਜ਼ ਵੋਟਾਂ ਲੈਣ ਖਾਤਰ । ਜਦੋਂ ਭਾਸ਼ਾ ਦਾ ਸਵਾਲ ਆਉਂਦਾ ਹੈ, ਪੰਜਾਬੀ ਦੀ ਤਾਂ ਹਮਾਇਤ ਹੁੰਦੀ ਹੈ, ਪਰ ਇਹ ਲਿੱਪੀ ਕਲੈਰੀਫਾਈ ਨਹੀਂ ਕਰ ਸਕੇ, ਲਿੱਪੀ ਬਾਰੇ ਇਹ ਕਹਿੰਦੇ ਹਨ ਕਿ ਭਾਵੇਂ ਭਾਸ਼ਾ ਪੰਜਾਬੀ ਹੈ ਪਰ ਇਸ ਦੀ ਲਿੱਪੀ ਦੇਵ ਨਾਗਰੀ ਹੋਵੇ । ਇਸ ਤਰ੍ਹਾਂ ਦੇ ਅਸੂਲ ਹਨ, ਇਸ ਫਰੰਟ ਦੇ ਜਿਹੜੇ ਭੁਲ ਕੇ ਵੀ ਇਕੱਠਾ ਹੋਣ ਨਹੀਂ ਦੇਣਗੇ । ਏਥੇ ਜ਼ਬਾਨ ਦੇ ਅਧਾਰ ਤੇ ਇਹ ਵੀ ਇਸ ਤਰ੍ਹਾਂ ਝਗੜਦੇ ਰਹੇ ਜਿਨ੍ਹਾਂ ਦੇ ਪਿਛੇ ਇਕ ਹਿਸਟਰੀ ਹੈ । ਮੈਂ ਉਨ੍ਹਾਂ ਨੂੰ ਕਹਾਂਗਾ ਤੁਸੀਂ ਜ਼ਰਾ ਆਪਣਾ ਮੈਨੀਫੈਸਟੋ ਤਾਂ ਵੇਖੋ ਕਿ ਤੁਸੀਂ ਕੀ ਮੰਗਦੇ ਸੀ, ਹੁਣ ਤੁਸੀਂ ਕਹਿੰਦੇ ਹੋ ਕਿ ਸਾਡੀ ਤਾਂ ਕੋਈ ਮੁਖ਼ਾਲਫ਼ਤ ਹੀ ਨਹੀਂ ਹੈ । ਸਾਨੂੰ ਤਾਂ ਖੁਸ਼ੀ ਹੈ ਕਿ ਤੁਹਾਡੇ ਵਿਚ ਏਕਤਾ ਹੋਵੇ । ਪਰ ਪਿਛਲੇ ਦਿਨਾਂ ਵਿੱਚ ਜਿਸ ਬੇਕਦਰੀ ਨਾਲ ਪਾਨੀਪਤ ਵਿੱਚ ਇਕ ਕਾਂਗਰਸੀ ਸ਼ਹੀਦ ਹੋਇਆ, ਇਹ ਗੱਲ ਤਾਂ ਕਿਸੇ ਤੋਂ ਲੁਕੀ ਛਿਪੀ ਨਹੀਂ । ਹੋਰ ਹਿੰਦੁਸਤਾਨ ਵਿਚ ਅੱਗਾਂ ਲਾਉਣ ਦੀਆਂ ਵਾਰਦਾਤਾਂ ਹੋਈਆਂ, ਮੈਂ ਪੁਛਦਾ ਹਾਂ ਉਹ ਕੌਣ ਹਨ ਜੋ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ ? (ਇਕ ਮਾਨਯੋਗ ਮੈਂਬਰ- ਇਸ ਦੇ ਮੁਤਾਲਿਕ ਕੋਰਟ ਦਾ ਫ਼ੈਸਲਾ ਹੈ) ਠੀਕ ਹੈ ਕੋਰਟ ਦਾ ਫ਼ੈਸਲਾ ਹੈ ਪਰ ਕੋਰਟਸ ਵਿਚੋਂ ਜਾਕੇ, ਬਹੁਤ ਸਾਰੇ ਬੈਨੀਫਿਟ ਆਫ ਡਾਊਟ ਵਿਚ ਨਿਕਲ ਜਾਇਆ ਕਰਦੇ ਹਨ । ਮੈਂ ਇਸ ਮੁਆਮਲੇ ਦੀ ਡੀਟੇਲ ਵਿੱਚ ਨਾ ਜਾਂਦਾ ਹੋਇਆ ਇਤਨਾ ਹੀ ਅਰਜ਼ ਕਰਾਂਗਾ ਕਿ ਤੁਸੀਂ ਜ਼ਰਾ ਝਾਤ ਮਾਰੋ ਇਸ ਦੀ ਬੈਕਗਰਾਉਂਡ ਕੀ ਸੀ, ਜਿਸ ਕਰਕੇ ਉਹ ਸ਼ਹੀਦ ਹੋਇਆ । ਪੰਜਾਬੀ ਸੂਬੇ ਦੀ ਹਿਸਟਰੀ ਵਿੱਚ ਉਸ ਦਾ ਨਾਉਂ ਰਹਿਣਾ ਹੈ (ਵਿਘਨ) ਮੈਂ ਜੋ ਕੁਝ ਵੀ ਕਹਾਂਗਾ ਉਹ ਬੜੀ ਜ਼ਿੰਮੇਵਾਰੀ ਦੇ ਨਾਲ ਕਹਾਂਗਾ ।

5-00 P.M.

+Expunged as ordered by the Chair.

[ਸਰਦਾਰ ਸਿਕੰਦਰ ਸਿੰਘ]

ਇਕ ਗੱਲ ਮੈਂ ਚੀਫ ਮਨਿਸਟਰ ਸਾਹਿਬ ਨੂੰ ਵੀ ਕਹਾਂਗਾ । ਮੈਂ ਇਕ ਚਿੱਠੀ ਚੀਫ ਮਨਿਸਟਰ ਸਾਹਿਬ ਨੂੰ ਇਸ ਗੱਲ ਬਾਰੇ ਲਿਖੀ ਸੀ ਕਿ ਮੈਨੂੰ ਐਡਮਨਿਸਟਰੇਟਿਵ ਰਿਫਾਰਮਜ਼ ਕਮਿਸ਼ਨ ਦੀ ਰੀਪੋਰਟ ਮਿਲਣੀ ਚਾਹੀਦੀ ਹੈ, ਜਾਂ ਇਹ ਹਾਊਸ ਦੀ ਟੇਬਲ ਤੇ ਰੱਖਣੀ ਚਾਹੀਦੀ ਹੈ । ਤਾਂ ਕਿ ਇਸ ਨੂੰ ਪੜ੍ਹ ਕੇ ਅਸੀਂ ਹਾਊਸ ਵਿੱਚ ਕੁਝ ਕਹਿ ਸਕੀਏ। ਇਹ ਚਿੱਠੀ ਸਪੀਕਰ ਸਾਹਿਬ ਦੀ ਮਾਰਫਤ ਭੇਜੀ ਸੀ। ਜਦੋਂ ਉਨ੍ਹਾਂ ਨੂੰ ਪੁਛਿਆ ਤਾਂ ਉਨ੍ਹਾਂ ਕਿਹਾ ਕਿ ਮੈਂ ਚੀਫ ਮਨਿਸਟਰ ਸਾਹਿਬ ਨੂੰ ਰੈਫਰ ਕਰ ਦਿੱਤਾ ਹੈ। ਪਰ ਮੈਂ ਇਹ ਬੇਨਤੀ ਕਰਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਉਸ ਰਿਪੋਰਟ ਨੂੰ ਵਿਚਾਰ ਵਿਚ ਰਖ ਕੇ ਇਸ ਹਾਊਸ ਨੂੰ ਯਕੀਨ ਦਿਵਾਣ ਕਿ ਇਸ ਪਖ ਵਿਚ ਸਪੀਡੀ ਐਕਸ਼ਨ ਲਿਆ ਜਾਵੇਗਾ ਅਤੇ ਉਸ ਅਨੁਸਾਰ ਜਨਰਲ ਐਡਮਨਿਸਟਰੇਸ਼ਨ ਵਿਚ ਤਬਦੀਲੀ ਲਿਆਂਦੀ ਜਾਵੇਗੀ ਅਤੇ ਮੈਨੂੰ ਯਕੀਨ ਹੈ ਕਿ ਤਬਦੀਲੀ ਜ਼ਰੂਰ ਲਿਆਂਦੀ ਜਾਵੇਗੀ । (ਵਿਘਨ)

PERSONAL EXPLANATION BY SHRI A. VISHWANATHAN

श्री अ. विश्वनाथन : ग्रान ए प्वायंट ग्राफ ग्रार्डर सर। मेरी सपीच में से ग्रखंड भारत के बारे में जो कुछ था उसे एक्सपंज किए जाने का हुक्म दिया गया है ।

I am quoting from the Election Manifesto of Bhartiya Jan Sangh, which is not an illegal document.

श्री चेयरमैन : ग्रखंड भारत के बारे में नहीं था यह तो जमरौद के किले पर झंडा लहराने के बारे में था जो कुछ ग्राप ने कहा है उस के बारे में रूलिंग दिया गया है (विघन) (That did not relate to Akhand Bharat. But the ruling was given on the observation of the hon. Member regarding unfurling of flag on the Fort of Jamraud.)

5.00 p. m.

श्री अ. विश्वनाथन : हम बरतन साफ नहीं करना चाहते, ग्रगर हम झंडा नहीं लहराएंगे तो ग्रौर क्या करेंगे ? (विघ्न)

DEMANDS FOR GRANTS (RESUMPTION OF DISCUSSION)

ਕਾਮਰੇਡ ਜੰਗੀਰ ਸਿੰਘ ਜੋਗਾ (ਮਾਨਸਾ) : ਚੇਅਰਮੈਨ ਸਾਹਿਬ, ਅਜ ਬਜਟ ਦੀਆਂ ਦੋ ਮਦਾਂ ਤੇ ਬਹਿਸ ਹੋ ਰਹੀ ਹੈ ਜਨਰਲ ਐਡਮਨਿਸਟਰੇਸ਼ਨ ਅਤੇ ਪੁਲਿਸ । ਜਿਥੋਂ ਤਕ ਤੁਅਲਕ ਹੈ ਕੰਮ ਕਾਜ ਦਾ ਮੈਂ ਸਮਝਦਾ ਹਾਂ ਕਿ ਜਿਥੇ ਤਕ ਹੋ ਸਕੇ ਇਸ ਹੈਵੀ ਐਡਮਨਿਸਟਰੇਸ਼ਨ ਨੂੰ ਹਲਕਾ ਕੀਤਾ ਜਾਵੇ ਤਾਂ ਚੰਗਾ ਹੈ । ਕਈ ਮਹਿਕਮਿਆਂ ਵਿਚ ਅਫਸਰ ਭਰੇ ਪਏ ਹਨ, ਸੈਕਟਰੀ, ਜਾਇੰਟ ਸੈਕਟਰੀ, ਡਿਪਟੀ ਸੈਕਟਰੀ, ਅੰਡਰ ਸੈਕਟਰੀ ਤੇ ਫਿਰ ਕਾਗਜ਼ ਘੁੰਮਦੇ ਰਹਿੰਦੇ ਹਨ, ਕਿਸੇ ਸਿਰੇ ਤਕ ਨਹੀਂ ਪਹੁੰਚਦੇ । ਪਰ ਇਸ ਨੂੰ ਘਟ ਕਰਨ ਲਈ ਕੋਈ ਪ੍ਰਬੰਧ ਨਹੀਂ ਕੀਤਾ ਗਿਆ। ਦੂਜੇ ਪਾਸੇ ਮੈਂ ਪਹਿਲਾਂ ਵੀ ਅਰਜ਼ ਕੀਤੀ ਸੀ ਕਿ ਸਾਰੀਆਂ ਰਿਪੋਰਟਾਂ ਸ਼ਾਇਆ ਕਰ ਦਿਤੀਆਂ ਗਈਆਂ

ਹਨ, ਮੈਂ ਕਹਾਂਗਾ ਕਿ ਇਨ੍ਹਾਂ ਦੀਆਂ ਸਿਫਾਰਸ਼ਾਂ ਤੇ ਅਮਲ ਹੋਣਾ ਚਾਹੀਦਾ ਹੈ। ਪੁਲਿਸ ਦੇ ਬਾਰੇ ਵਿਚ ਜਿਹੜਾ ਕਮਿਸ਼ਨ ਬਿਠਾਇਆ ਗਿਆ ਸੀ ਉਸ ਦੀ ਰਿਪੋਰਟ ਅਜੇ ਤਕ ਹਾਊਸ ਵਿਚ ਪੇਸ਼ ਨਹੀਂ ਕੀਤੀ ਗਈ। ਉਸ ਦੀ ਰਿਪੋਰਟ ਹਾਊਸ ਅਗੇ ਰਖੀ ਜਾਣੀ ਚਾਹੀਦੀ ਹੈ ਤਾਂ ਕਿ ਪੁਲਿਸ ਦੇ ਕਰਮਚਾਰੀਆਂ ਵਿਚ ਜੋ ਬੇਚੈਨੀ ਹੈ, ਉਹ ਦੂਰ ਹੋ ਸਕੇ ਇਕ ਤਾਂ ਉਨ੍ਹਾਂ ਨੂੰ ਪਤਾ ਲਗ ਸਕੇ ਕਿ ਸਿਫਾਰਸ਼ਾਂ ਕੀ ਹਨ ਅਤੇ ਦੂਜੇ ਉਨ੍ਹਾਂ ਤੇ ਅਮਲ ਕਰਾਇਆ ਜਾ ਸਕੇ। ਅਤੇ ਪੁਲਿਸ ਕਰਮਚਾਰੀ ਪੂਰੀ ਤਨਦੇਹੀ ਨਾਲ ਕੰਮ ਕਰਨ ਅਤੇ ਕਰਾਈਮ ਘਟਣ।

ਦੂਜੀ ਬੇਨਤੀ ਇਹ ਹੈ ਕਿ 10 ਸਾਲ ਕਾਂਗਰਸ ਦੇ ਰਾਜ ਨੂੰ ਲੰਘ ਗਏ ਅਤੇ ਹਜ਼ਾਰਾਂ ਰੁਪਏ ਇਸ ਤੇ ਖਰਚ ਕੀਤੇ ਗਏ। ਇਸ ਕਮਿਸ਼ਨ ਦੇ ਆਗੂ ਬਣਾ ਦਿਤੇ ਗਏ ਸ੍ਰੀ ਮਿਹਰ ਚੰਦ ਮਹਾਜਨ, ਜੋ ਸੁਪਰੀਮ ਕੋਰਟ ਦੇ ਜੱਜ ਰਹੇ ਹਨ। ਅਤੇ ਭਾਰੀ ਖਰਚ ਕਰਕੇ ਵੀ ਰਿਪੋਰਟ ਸ਼ਾਇਆ ਨਹੀਂ ਕੀਤੀ ਗਈ। ਮੈਂ ਸਮਝਦਾ ਹਾਂ ਕਿ ਇਸ ਵਿਚ ਕਾਂਗਰਸ ਪਾਰਟੀ ਦੀ ਕਮਜ਼ੋਰੀ ਸੀ ਕਿ ਆਪਣੀ ਹਕੂਮਤ ਵੇਲੇ ਪਤਾ ਨਹੀਂ ਕਿਨ੍ਹਾਂ ਕਾਰਨਾਂ ਕਰਕੇ ਇਸ ਰਿਪੋਰਟ ਨੂੰ ਸ਼ਾਇਆ ਨਹੀਂ ਸੀ ਕਰ ਸਕੀ। 10 ਸਾਲ ਤਕ ਇਸ ਰਿਪੋਰਟ ਨੂੰ ਦਬਾ ਕੇ ਰਖ ਲਿਆ। ਹੁਣ ਤਾਂ ਇਸ ਰਿਪੋਰਟ ਨੂੰ ਸ਼ਾਇਆ ਕਰ ਦੇਣਾ ਚਾਹੀਦਾ ਹੈ ਤਾਂ ਕਿ ਤਜਵੀਜ਼ਾਂ ਵਿਚ ਰੀਫਾਰਮ ਕੀਤਾ ਜਾ ਸਕੇ ਅਤੇ ਲੋਕਾਂ ਨੂੰ ਅਤੇ ਖਾਸ ਤੌਰ ਤੇ ਪੁਲਿਸ ਕਰਮਚਾਰੀਆਂ ਨੂੰ ਪਤਾ ਲਗ ਸਕੇ ਕਿ ਕੀ ਰਿਪੋਰਟ ਹੈ ਅਤੇ ਇਸ ਦੀ ਰੋਸ਼ਨੀ ਵਿਚ ਸੂਬੇ ਦੀ ਤਰੱਕੀ ਕੀਤੀ ਜਾ ਸਕੇ।

ਜਿਥੇ ਤਕ ਲਾ ਐਂਡ ਆਡਰ ਦਾ ਤਅੱਲਕ ਹੈ, ਸਾਡੇ ਜ਼ਿਲ੍ਹੇ ਵਿਚ ਕਦੇ 28 ਕਤਲਾਂ ਤੋਂ ਘਟ ਨਹੀਂ ਸਨ ਹੋਏ, ਪਰ ਹੁਣ ਇਕ ਮਹੀਨੇ ਵਿਚ ਸਿਰਫ ਇਕ ਕਤਲ ਹੋਇਆ ਹੈ (ਪ੍ਰਸੰਸਾ) ਇਹ ਪਿਛਲੇ 12-13 ਸਾਲ ਦਾ ਰੀਕਾਰਡ ਹੈ ਕਿ ਲਗਾਤਾਰ ਇਸ ਜ਼ਿਲੇ ਵਿਚ ਕਤਲ ਵਧਦੇ ਚਲੇ ਜ ਰਹੇ ਸਨ ਅਤੇ ਇਕ ਇਕ ਦਿਨ ਵਿਚ ਤਿੰਨ ਤਿੰਨ ਮੌਤਾਂ ਵੀ ਹੁੰਦੀਆਂ ਰਹੀਆਂ ਹਨ। ਕਦੇ ਵੀ ਐਨਾ ਇੰਤਜ਼ਾਮ ਨਹੀਂ ਸੀ ਜਿੰਨਾ ਕਿ ਹੁਣ ਹੈ। ਮੈਂ ਨਹੀਂ ਕਹਿੰਦਾ ਕਿ ਪੁਲਿਸ ਸੁਧਰ ਗਈ ਹੈ ਹੈ ਜਾਂ ਇਸ ਦੀ ਕੋਈ ਹੋਰ ਵਜ੍ਹਾ ਹੈ ਕਿ ਜਿਸ ਕਾਰਨ ਕਤਲ ਘਟ ਹੋਏ ਹਨ, ਪਰ ਮੈਂ ਇਹ ਸਮਝਦਾ ਹਾਂ ਕਿ ਸਾਡੇ ਜ਼ਿਲ੍ਹੇ ਦਾ ਜਿਥੇ ਤਕ ਤਅਲਕ ਹੈ, ਕਤਲ ਘਟ ਹੋਏ ਹਨ, ਡਾਕੇ ਘਟ ਹੋਏ ਹਨ ਅਤੇ ਹੋਰ ਨੁਕਸਾਨ ਘਟ ਹੋਇਆ ਹੈ। ਬਾਕੀ ਦੇ ਜ਼ਿਲ੍ਹਿਆਂ ਬਾਰੇ ਮੈਂ ਕਹਿ ਨਹੀਂ ਸਕਦਾ। ਪਰ ਇਹ ਮੈਂ ਸਮਝਦਾ ਹਾਂ ਕਿ ਜੇਕਰ ਕਮਿਸ਼ਨ ਦੀਆਂ ਸ਼ਿਫਾਰਸ਼ਾਂ ਨੂੰ ਸ਼ਾਇਆ ਕਰ ਦਿਤਾ ਜਾਵੇ ਤਾਂ ਪੁਲਿਸ ਵਿਚ ਹੋਰ ਵੀ ਸੁਧਾਰ ਕੀਤਾ ਜਾ ਸਕਦਾ ਹੈ। ਅਤੇ ਜਿਹੜੀਆਂ ਰੀਫਾਰਮਜ਼ ਕਮੇਟੀ ਨੇ ਸ਼ਿਫਾਰਸ਼ਾਂ ਕੀਤੀਆਂ ਹਨ, ਉਨ੍ਹਾਂ ਨੂੰ ਜੇਕਰ ਅਮਲ ਵਿਚ ਲਿਆਂਦਾ ਜਾਵੇ ਤਾਂ ਸੁਧਾਰ ਹੋਰ ਹੋ ਸਕਦਾ ਹੈ।

(ਇਸ ਸਮੇਂ ਡਿਪਟੀ ਸਪੀਕਰ ਸਾਹਿਬ ਨੇ ਕੁਰਸੀ ਸੰਭਾਲੀ)

ਹਰ ਯੁਗ ਨਾਲ ਸਾਇੰਸ ਵੀ ਬਦਲਦੀ ਹੈ ਅਤੇ ਕਰਾਇਮ ਵੀ ਬਦਲਦੇ ਹਨ ਅਤੇ ਕਰਾਇਮ ਨੂੰ ਰੋਕਣ ਦੇ ਹਥਿਆਰ ਵੀ ਬਦਲਦੇ ਰਹਿੰਦੇ ਹਨ। ਪਹਿਲਾਂ ਡਾਂਗ ਨਾਲ ਇੰਤਜ਼ਾਮ ਕਰ ਲਿਆ ਜਾਂਦਾ ਸੀ। ਬੰਦਾ ਮਰਦਾ ਨਹੀਂ ਸੀ ਪਰ ਹੁਣ ਗੋਲੀ ਦੀ ਲੋੜ ਪੈਂਦੀ ਹੈ। ਇਸੇ ਤਰ੍ਹਾਂ ਮੈਂ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਸਮੇਂ ਦੇ ਨਾਲ ਪੁਲਿਸ ਦੀ ਐਡਮਨਿਸਟਰੇਸ਼ਨ ਵਿਚ ਤਬਦੀਲੀ ਲਿਆਣ ਦੀ ਲੋੜ ਹੈ। ਅੱਜ ਘੋੜਿਆਂ ਤੇ ਖੱਚਰਾਂ ਦਾ ਜ਼ਮਾਨਾ ਨਹੀਂ। ਇਸ ਦੇ ਤਰੀਕੇ ਨੂੰ ਬਦਲਣਾ ਚਾਹੀਦਾ ਹੈ ਅਤੇ ਟ੍ਰਾਂਸਪੋਰਟ ਦੇ ਹੋਰ ਸਾਧਨ ਅਪਨਾਣੇ ਚਾਹੀਦੇ ਹਨ ਤਾਂ ਕਿ

[ਕਾਮਰੇਡ ਜੰਗੀਰ ਸਿੰਘ ਜੋਗਾ]

ਥਾਣੇਦਾਰ ਅਤੇ ਬਾਕੀ ਦੇ ਕਰਮਚਾਰੀ ਆਪਣੇ ਪਿੰਡਾਂ ਵਿਚ ਜਾ ਸਕਣ ਜਿਨ੍ਹਾਂ ਵਿਚ 50 ਜਾਂ 60 ਥਾਣੇ ਇਨ੍ਹਾਂ ਦੇ ਨਾਲ ਲਗਦੇ ਹਨ ਉਨ੍ਹਾਂ ਨੂੰ ਵੇਖ ਸਕਣ। ਇਨ੍ਹਾਂ ਨੂੰ ਕਨਵੇਅੰਸ ਦੀ ਸਹੂਲਤ ਮਿਲਣੀ ਚਾਹੀਦੀ ਹੈ ਤਾਂਕਿ ਬਾਕੀ ਦੇ ਥਾਣਿਆਂ ਦਾ ਜੋ ਇਨ੍ਹਾਂ ਦੇ ਮਾਤਹਿਤ ਹੋਣ, ਕੰਮ ਚੈਕ ਕਰ ਸਕਣ। ਘੋੜਿਆਂ ਦੀ ਥਾਂ ਤੇਜ਼ ਰਫਤਾਰ ਕਨਵੇਂਅੰਸ ਸਪਲਾਈ ਕੀਤੀ ਜਾਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਹੋਰ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕਈ ਅਜਿਹੇ ਅਫਸਰ ਹਨ, ਜਿਨ੍ਹਾਂ ਬਾਰੇ ਮੈਂ ਦਾਹਵੇ ਨਾਲ ਕਹਿ ਸਕਦਾ ਹਾਂ ਕਿ ਉਨ੍ਹਾਂ ਨੇ ਮਿਲ ਮਿਲਾ ਕੇ ਦਸ ਨੰਬਰ ਦੇ ਬਦਮਾਸ਼ਾਂ ਨੂੰ ਹਥਿਆਰ ਦੇ ਲਾਇਸੰਸ ਦਿਤੇ ਹੋਏ ਹਨ ਅਤੇ ਇਹ ਗੱਲ ਪੱਕੀ ਹੈ ਕਿ ਕਤਲ ਉਨ੍ਹਾਂ ਦੇ ਹਥੋਂ ਹੀ ਹੁੰਦੇ ਹਨ। ਤੁਸੀਂ ਕਰਾਈਮ ਵਾਲੇ ਜ਼ਿਲਿਆਂ ਦੀ ਰਿਪੋਰਟ ਤਲਬ ਕਰਕੇ ਵੇਖ ਲਉ। ਤੁਹਾਨੂੰ ਪਤਾ ਲਗੇਗਾ ਕਿ ਉਹ ਸਾਰੇ ਆਪ ਬੈਕ ਬੈਂਚਿਜ਼ ਵਿਚ ਰਹਿ ਕੇ ਕਤਲ ਕਰਾਂਦੇ ਹਨ। ਇਸ ਲਈ ਮੈਂ ਕਹਾਂਗਾ ਕਿ ਪੁਲਿਸ ਨੂੰ ਅਖਤਿਆਰ ਦਿਤੇ ਜਾਣ ਤਾਂਕਿ ਉਹ ਹਥਿਆਰਾਂ ਨੂੰ ਚੈੱਕ ਕਰ ਸਕੇ ਅਤੇ ਜਿਥੇ ਵੀ ਇਸ ਤਰ੍ਹਾਂ ਦੇ ਆਦਮੀਆਂ ਨੂੰ ਲਾਇਸੰਸ ਦਿਤੇ ਗਏ ਹਨ ਉਹ ਕੈਂਸਲ ਕਰ ਦਿਤੇ ਜਾਣ ਹੁਣ ਵਕਤ ਹੈ ਅਤੇ ਜ਼ਰੂਰਤ ਹੈ ਇਸ ਗੱਲ ਦੇ ਕਰਨ ਦੀ ਤਾਂਕਿ ਕਰਾਈਮ ਘਟ ਸਕੇ। ਕਿਉਂਕਿ ਪਹਿਲਾਂ ਕਿਸੇ ਤਰ੍ਹਾਂ ਦੀ ਫਾਰਮੈਲਿਟੀ ਵਿਚ ਨਹੀਂ ਸਨ ਅਫਸਰ ਜਾਂਦੇ ਅਤੇ ਬਿਨਾਂ ਪੜਤਾਲ ਕੀਤੇ ਦੇ ਲਾਇਸੰਸ ਦੇ ਦਿਤੇ ਜਾਂਦੇ ਸਨ ਇਸ ਦੀ ਪੂਰੀ ਚੈਕਿੰਗ ਹੋਣੀ ਚਾਹੀਦੀ ਹੈ।

ਫਿਰ ਸਾਡੇ ਕਾਨੂੰਨ ਵਿਚ ਕੁਝ ਖਾਮੀਆਂ ਹਨ। ਜਿਥੇ ਤਕ ਸਮਗਲਿੰਗ ਦਾ ਤਅੱਲਕ ਹੈ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਅਫੀਮ ਦੀ ਸਮਗਲਿੰਗ ਹੁੰਦੀ ਹੈ ਜੇਕਰ ਕੋਈ ਅਫੀਮ ਅਗੇ ਪਿਛੇ ਕਰਦਾ ਫੜਿਆ ਜਾਂਦਾ ਹੈ ਤਾਂ ਉਸ ਨੂੰ ਹਿਰਾਸਤ ਵਿਚ ਨਹੀਂ ਕੀਤਾ ਜਾਂਦਾ ਅਤੇ ਬੇਲੇਬਲ ਓਫੈਂਸ ਕਰਾਰ ਦਿਤਾ ਗਿਆ ਹੈ ਪਰ ਜੇਕਰ ਕੋਈ ਜ਼ੀਰਾ ਲਿਜਾਂਦਾ ਫੜਿਆ ਜਾਂਦਾ ਹੈ ਤਾਂ ਉਸ ਦੀ ਜ਼ਮਾਨਤ ਨਹੀਂ ਕੀਤੀ ਜਾਂਦੀ। ਦੂਜੇ ਪਾਸੇ ਜੇਕਰ ਅਫੀਮ 20 ਕਿਲੋ ਵੀ ਹੋਵੇ ਤਾਂ ਜ਼ਮਾਨਤ ਝੱਟ ਹੋ ਜਾਂਦੀ ਹੈ। ਇਸ ਤਰ੍ਹਾਂ ਸਮਗਲਿੰਗ ਕਰਨ ਵਾਲਿਆਂ ਦਾ ਹੌਂਸਲਾ ਵਧ ਜਾਂਦਾ ਹੈ। ਕਿ ਸਜ਼ਾ ਤਾਂ ਕੋਈ ਹੈ ਨਹੀਂ ਇਸ ਵਾਸਤੇ ਉਹ ਬੇਧੜਕ ਅਫੀਮ ਦੀ ਸਮਗਲਿੰਗ ਕਰਦੇ ਹਨ। ਇਸ ਗਲ ਦੀ ਅਸੀਂ ਪਹਿਲਾਂ ਵੀ ਸ਼ਿਕਾਇਤ ਕਰਿਆ ਕਰਦੇ ਸੀ, ਪਰ ਕਾਂਗਰਸ ਦੀ ਸਰਕਾਰ ਇਸ ਸਮਗਲਿੰਗ ਨੂੰ ਬੰਦ ਨਹੀਂ ਕਰ ਸਕੀ। ਪਤਾ ਨਹੀਂ ਇਸ ਦੇ ਕੀ ਕਾਰਨ ਸਨ। ਪਰ ਤੁਸੀਂ ਹੁਣ ਦੋ ਮਹੀਨੇ ਤੋਂ ਇਸ ਸਰਕਾਰ ਵਿਚ ਆਏ ਹੋ, ਤੁਸੀਂ ਇਸ ਨੂੰ ਬੰਨ੍ਹ ਲਗਾ ਦਿਉ। ਅਤੇ ਅਫੀਮ ਫੜੇ ਜਾਣ ਤੇ ਵੀ ਜ਼ਮਾਨਤ ਨਾ ਕੀਤੀ ਜਾਵੇ ਅਤੇ ਤਲਾਸ਼ੀ ਕੀਤੀ ਜਾ ਸਕੇ। ਤਾਂਕਿ ਇਸ ਤਰ੍ਹਾਂ ਦੇ ਓਫੈਂਸ ਨੂੰ ਰੋਕਿਆ ਜਾ ਸਕੇ।

ਇਸ ਸਬੰਧ ਵਿਚ ਮੈਂ ਇਕ ਹੋਰ ਬੇਨਤੀ ਕਰਾਂ ਕਿ ਸਮਗਲਰ ਵੀ ਕਾਫੀ ਹੁਸ਼ਿਆਰ ਹੋ ਗਏ ਹਨ। ਜੇਕਰ ਕਾਂਗਰਸੀਆਂ ਦਾ ਰਾਜ ਸੀ, ਤਾਂ ਖਦਰ ਦੇ ਕਪੜੇ ਪਾ ਲੈਂਦੇ ਸਨ ਅਤੇ ਹੁਣ ਫਰੰਟ ਦੀ ਸਰਕਾਰ ਬਣੀ ਹੈ ਤਾਂ ਨੀਲੀ ਬੰਨ੍ਹ ਲੈਂਦੇ ਹਨ (ਹਾਸਾ) ਜਿਹੜਾ ਰਾਜਾ ਉਸੇ ਦਾ ਤੇਜ, ਅਤੇ ਇਸ ਤਰ੍ਹਾਂ ਭੁਲਾਵਾ ਦੇ ਕੇ ਬਚ ਨਿਕਲਦੇ ਹਨ। ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਇਸ ਤਰ੍ਹਾਂ ਦੀ ਸਮਗਲਿੰਗ ਦੀ ਚੰਗੀ ਤਰ੍ਹਾਂ ਨਾਲ ਚੈਕਿੰਗ ਹੋਣੀ ਚਾਹੀਦੀ ਹੈ। ਇਸ ਵਿਚ ਦਿੱਕਤਾਂ ਆ ਰਹੀਆਂ ਹਨ। ਪੁਲਿਸ ਤੇ ਖਰਚ ਕੀਤਾ ਜਾ ਰਿਹਾ ਹੈ। ਤਾਦਾਦ ਵਧਾਈ ਜਾ ਰਹੀ ਹੈ। ਪਰ ਉਨ੍ਹਾਂ ਨੂੰ ਪੂਰੀਆਂ ਸਹੂਲਤਾਂ ਦਿਤੀਆਂ ਜਾਣੀਆਂ ਚਾਹੀਦੀਆਂ ਹਨ-

ਤਾਂਕਿ ਉਹ ਕਰਾਈਮ ਨੂੰ ਰੋਕਣ ਵਿਚ ਤਤਪਰ ਰਹਿਣ । ਕੋਈ ਕੁਆਰਟਰ ਨਹੀਂ ਜਿਥੇ ਕਿ ਉਹ ਰਹਿ ਸਕਣ । ਹੋਰ ਤਾਂ ਹੋਰ, ਥਾਣਿਆਂ ਲਈ ਵੀ ਇਮਾਰਤਾਂ ਪੂਰੀਆਂ ਨਹੀਂ । ਮੇਰੇ ਇਲਾਕੇ ਮਾਨਸਾ ਵਿਚ ਥਾਣਾ ਇਕ ਮੰਡੀ ਦੇ ਮਕਾਨ ਵਿਚ ਬਣਿਆ ਹੋਇਆ ਹੈ ਜਿਥੇ ਕੋਈ ਹੋਰ ਇਮਾਰਤ ਇਨ੍ਹਾਂ ਲਈ ਨਹੀਂ ਅਤੇ ਸਰਕਾਰ ਨੇ ਕੋਈ ਇੰਤਜ਼ਾਮ ਅਜ ਤਕ ਨਹੀਂ ਕੀਤਾ । ਥਾਣਾ ਵਡਾ ਕਰ ਦਿਤਾ ਹੈ ਪਰ ਕੁਆਟਰ ਵੀ ਨਾਲ ਨਹੀਂ ਅਜ ਕਲ ਥਾਣਾ ਜਿਸ ਇਮਾਰਤ ਵਿਚ ਹੈ ਇਹ ਰਿਆਸਤ ਦੇ ਵੇਲੇ ਧਰਮਸਾਲਾ ਮਹਾਰਾਜ ਨੇ ਬਣਾਈ ਹੋਈ ਸੀ । ਇਸ ਲਈ ਮੈਂ ਕਹਾਂਗਾ ਕਿ ਇਨ੍ਹਾਂ ਨੂੰ ਕੁਆਟਰ ਦੇਣੇ ਚਾਹੀਦੇ ਹਨ, ਜੇਕਰ ਕਰਾਈਮ ਨੂੰ ਘਟ ਕਰਨਾ ਹੈ ਤਾਂ ਮੈਂ ਕਹਾਂਗਾ ਕਿ ਜਿਸ ਥਾਣੇ ਵਿਚ ਕਤਲ ਹੋਏ ਜਵਾਬ ਤਲਬੀ ਉਸ ਥਾਣੇਦਾਰ ਦੀ ਹੋਣੀ ਚਾਹੀਦੀ ਹੈ ਉਸ ਇਲਾਕੇ ਦੇ ਡੀ. ਐਸ. ਪੀ. ਦੀ ਹੋਣੀ ਚਾਹੀਦੀ ਹੈ ਐਸ. ਪੀ. ਦੀ ਹੋਣੀ ਚਾਹੀਦੀ ਹੈ ਕਿ ਕਿਉਂ ਕਤਲ ਹੋਇਆ ਅਤੇ ਉਸ ਦੀ ਇਨਕੁਆਇਰੀ ਵਿਚ ਕੀ ਰੁਕਾਵਟ ਹੈ ।

ਜਿਹੜੇ ਐਸ. ਐਚ. ਓ. ਬਾਹਰ ਜਾ ਕੇ ਪਾਰਟੀਆਂ ਵਿਚ ਸਮਝੌਤੇ ਕਰਵਾ ਕੇ ਫੈਸਲੇ ਕਰਵਾ ਦਿੰਦੇ ਹਨ, ਉਨ੍ਹਾਂ ਦੀ ਹੌਂਸਲਾ ਅਫਜ਼ਾਈ ਹੋਣੀ ਚਾਹੀਦੀ ਹੈ । ਜਿਹੜੇ ਥਾਣੇਦਾਰ ਅਪਣਿਆਂ ਥਾਣਿਆਂ ਵਿਚ ਕੋਈ ਕਤਲ ਨਹੀਂ ਹੋਣ ਦਿੰਦੇ, ਕੋਈ ਡਾਕਾ ਨਹੀਂ ਪੈਣ ਦਿੰਦੇ, ਕੋਈ ਕੇਸ 107 ਤੇ 151 ਦਾ ਨਹੀਂ ਹੋਣ ਦਿੰਦੇ ਅਤੇ ਲੋਕਾਂ ਦਾ ਆਪਸ ਵਿਚ ਸਮਝੌਤਾ ਕਰਵਾ ਦਿੰਦੇ ਜਿਸ ਤਰ੍ਹਾਂ ਪੰਚਾਇਤਾਂ ਵਿਚ ਫੈਸਲੇ ਹੁੰਦੇ ਹਨ, ਉਸ ਤਰ੍ਹਾਂ ਝਗੜੇ ਨਿਪਟਾ ਦਿੰਦੇ ਹਨ, ਝਗੜੇ ਵਧਣ ਨਹੀਂ ਦਿੰਦੇ, ਉਨ੍ਹਾਂ ਲੋਕਾਂ ਦੀ ਮਦਦ ਹੋਣੀ ਚਾਹੀਦੀ ਹੈ । ਵੈਸੇ ਤਾਂ ਗੁੰਡੇ ਸਾਰੇ ਹਿੰਦੁਸਤਾਨ ਵਿਚ ਹੀ ਫੈਲੇ ਹੋਏ ਹਨ, ਪੰਜਾਬ ਵਿਚ ਜ਼ਿਆਦਾ ਨਹੀਂ ਹਨ, ਪਹਿਲੇ ਤਾਂ ਉਨ੍ਹਾਂ ਨੂੰ ਸੁਧਾਰਨ ਦੀ ਖਾਤਰ 10 ਨੰਬਰ ਦੀ ਦਫਾ ਨੂੰ ਰਖਿਆ ਹੋਇਆ ਸੀ । ਅਜ ਕਲ ਇਸ ਕਿਸਮ ਦੇ ਕੇਸ ਨਹੀਂ ਹੁੰਦੇ, ਘਟ ਹੀ ਕੇਸ ਦੇਖਣ ਵਿਚ ਆਉਂਦੇ ਹਨ । ਇਹੋ ਜਿਹੇ ਕਈ ਆਦਮੀ ਪੁਲਿਸ ਦੇ ਟਾਊਟ ਬਣ ਜਾਂਦੇ ਹਨ । ਇਨ੍ਹਾਂ ਪੇਸ਼ਾਵਰ ਗੁੰਡਿਆਂ ਨੂੰ ਸਖਤੀ ਨਾਲ ਦਬਾਉਣਾ ਚਾਹੀਦਾ ਹੈ । ਇਹ ਪੁਲਿਸ ਨੂੰ ਰਿਸ਼ਵਤ ਦਿਵਾਉਣ ਵਿਚ ਮਦੱਦਗਾਰ ਸਾਬਤ ਹੁੰਦੇ ਹਨ । ਦੋ ਤਿੰਨ ਮਹਿਕਮੇ ਰਿਸ਼ਵਤ ਦੇ ਘਰ ਬਣੇ ਹੋਏ ਹਨ । ਇਕ ਰੈਵੀਨਿਯੂ ਡਿਪਾਰਟਮੈਂਟ, ਦੂਸਰਾ ਇਰੀਗੇਸ਼ਨ ਅਤੇ ਤੀਸਰਾ ਪੁਲਿਸ ਡਿਪਾਰਟਮੈਂਟ । ਮੈਂ ਇਸ ਸਬੰਧ ਵਿਚ ਇਕ ਮਿਸਾਲ ਹਾਊਸ ਦੇ ਸਾਹਮਣੇ ਰਖਦਾ ਹਾਂ । ਸਾਡੀ ਪਾਰਟੀ ਦਾ ਇਕ ਉਘਾ ਵਰਕਰ ਸਾਈਕਲ ਤੇ ਜਾ ਰਿਹਾ ਸੀ । ਉਸ ਪਿੰਡ ਦਾ ਇਕ ਟਰਾਂਸਪੋਰਟਰ ਸੀ, ਉਨ੍ਹਾਂ ਨੇ ਉਸ ਨੂੰ ਕੁਟ ਕੁਟ ਕੇ ਮਰਵਾ ਦਿਤਾ । ਸਾਡੀ ਕਮਿਊਨਿਸਟ ਪਾਰਟੀ ਦੀ ਐਗਜ਼ੈਕਟਿਵ ਕਮੇਟੀ ਦਾ ਉਹ ਇਕ ਅੱਛਾ ਵਰਕਰ ਸੀ । ਜਦੋਂ ਉਸ ਦੀ ਬਾਬਤ ਥਾਣੇ ਵਿਚ ਰਿਪੋਰਟ ਦਰਜ ਕਰਵਾਉਣ ਗਏ ਤਾਂ ਥਾਣੇ ਵਾਲੇ ਰਿਪੋਰਟ ਨਾ ਲਿਖਣ । ਮੈਨੂੰ ਟੈਲੀਫੂਨ ਆਇਆ । ਮੈਂ ਜਾਕੇ ਡੀ.ਐਸ.ਪੀ. ਨੂੰ ਮਿਲਿਆ । ਡੀ.ਐਸ.ਪੀ. ਨੇ ਟੈਲੀਫੂਨ ਕਰਕੇ ਰਿਪੋਰਟ ਦਰਜ ਕਰਵਾਈ । ਉਨ੍ਹਾਂ ਨੇ ਕਿਹਾ ਕਿ ਮੇਰੇ ਆਏ ਬਿਨਾਂ ਮੋਟਰਕਾਰ ਵੀ ਨਾ ਉਠਾਉ । ਇਹ ਬੁਢਲਾਡਾ ਥਾਣੇ ਦਾ ਵਾਕਿਆ ਹੈ । ਜਿਹੜੇ ਲੋਕ ਪਾਵਰ ਵਿਚ ਹੁੰਦੇ ਹਨ ਜਾਂ ਸਰਮਾਇਆਦਾਰ ਹੁੰਦੇ ਹਨ, ਪੁਲਿਸ ਉਨ੍ਹਾਂ ਨਾਲ ਮਿਲੀ ਹੋਈ ਹੁੰਦੀ ਹੈ । ਇਥੇ ਚੈਕ ਹੋਣਾ ਚਾਹੀਦਾ ਹੈ । ਪੁਲਿਸ ਵਾਲਿਆਂ ਨੂੰ ਹਿਦਾਇਤ ਹੋਣੀ ਚਾਹੀਦੀ ਹੈ ਕਿ ਰਿਪੋਰਟ ਚਾਹੇ ਸਹੀ ਹੋਵੇ ਚਾਹੇ ਗਲਤ ਹੋਵੇ ਦਰਜ ਹੋਣੀ ਚਾਹੀਦੀ ਹੈ । ਰਿਪੋਰਟ ਦਾ ਇੰਦਰਾਜ ਜ਼ਰੂਰੀ ਹੈ । ਪੁਲਿਸ ਤੇ ਜਿਹੜਾ ਖਰਚ ਹੁੰਦਾ ਹੈ ਉਹ ਸਹੀ ਢੰਗ ਨਾਲ ਨਹੀਂ ਹੁੰਦਾ ਜਿੰਨੀ ਪੁਲਿਸ ਵਧੀ ਹੈ ਉਨ੍ਹਾਂ ਦੀ ਨਫਰੀ ਸਿਸਟੇਮੈਟਕਲੀ ਨਹੀਂ ਵਧੀ । ਕਈ ਤਰ੍ਹਾਂ ਦਾ ਅਮਲਾ ਫੈਲਾ ਤੁਰਿਆ ਫਿਰਦਾ ਹੈ । ਸੀ.ਆਈ.ਡੀ. ਕਈਆਂ ਕਿਸਮਾਂ ਦੀ ਹੈ । ਇਕ ਜ਼ਿਲ੍ਹੇ ਦੀ ਹੈ,

[ਕਾਮਰੇਡ ਜੰਗੀਰ ਸਿਘ ਜੋਗਾ]

ਥਾਣੇ ਦੀ ਹੈ, ਸੈਂਟਰ ਦੀ ਹੈ ਅਤੇ ਪੰਜਾਬ ਦੀ ਅਲਗ ਹੈ। ਉਤਨਾ ਸਟਾਫ਼ ਥਾਣਿਆਂ ਵਿਚ ਨਹੀਂ ਹੁੰਦਾ ਜਿਤਨਾ ਸੀ.ਆਈ.ਡੀ. ਵਿਚ ਹੁੰਦਾ ਹੈ। ਸਿਵਾਏ ਗਲਤ ਰਿਪੋਰਟਾਂ ਕਰਨ ਦੇ ਉਹ ਕੋਈ ਕੰਮ ਨਹੀਂ ਕਰਦੇ। ਜੇ ਕੋਈ ਤੋਖਲਾ ਹੋਵੇ ਤਾਂ ਇਤਨਾ ਸਟਾਫ਼ ਰਖਣਾ ਚਾਹੀਦਾ ਹੈ ਨਹੀਂ ਤਾਂ ਇਹ ਸਟਾਫ਼ ਘਟਾ ਦੇਣਾ ਚਾਹੀਦਾ ਹੈ। ਇਕ ਅਰਜ਼ ਮੈਂ ਹੋਰ ਕਰਦਾ ਹਾਂ ਕਿ ਜੇ ਕੋਈ ਗਰੀਬ ਦਾ ਲੜਕਾ ਬੀ.ਏ. ਜਾਂ ਐਮ.ਏ. ਪਾਸ ਕਰਕੇ ਕਾਂਸਟੇਬਲ ਭਰਤੀ ਹੋ ਜਾਵੇ ਤਾਂ ਉਸਦੀ ਜਲਦੀ ਤਰੱਕੀ ਨਹੀਂ ਹੁੰਦੀ। ਕਈਆਂ ਸਾਲਾਂ ਤੋਂ ਬਾਅਦ ਐਸ.ਐਚ.ਓ. ਬਣਦਾ ਹੈ। ਕਈ ਮੁੰਡੇ ਨਵੇਂ ਸਿਧੇ ਆਉਂਦੇ ਨੇ ਤੇ ਉਹ ਐਸ.ਐਚ.ਓ. ਬਣ ਜਾਂਦੇ ਹਨ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਕੋਈ ਅਜਿਹਾ ਫਾਰਮੂਲਾ ਬਣਾ ਲਉ ਜਿਸ ਦੇ ਨਾਲ ਜੇਕਰ ਕੋਈ ਗਰੀਬ ਦਾ ਲੜਕਾ ਵੀ ਪੜ੍ਹ ਲਿਖ ਕੇ ਕਾਂਸਟੇਬਲ ਭਰਤੀ ਹੋਵੇ ਤਾਂ ਉਸ ਦੀ ਵੀ ਤਰੱਕੀ ਹੋ ਜਾਵੇ। ਸਟਾਫ਼ ਨੂੰ ਹੇਠੋਂ ਉਤੇ ਚੁਕਣਾ ਚਾਹੀਦਾ ਹੈ। ਉਪਰ ਵਾਲਿਆਂ ਨੂੰ ਤਜਰਬਾ ਨਹੀਂ ਹੁੰਦਾ। ਕਾਲਿਜ ਵਿਚੋਂ ਆਏ ਹੋਏ ਨਵਿਆਂ ਮੁੰਡਿਆਂ ਨੂੰ ਪੁਲਿਸ ਦਾ ਕੀ ਤਜਰਬਾ ਹੋ ਸਕਦਾ ਹੈ। ਇਸ ਕਿਸਮ ਦੇ ਰੂਲ ਵੀ ਸਖਤੀ ਨਾਲ ਲਾਗੂ ਕਰਨੇ ਚਾਹੀਦੇ ਹਨ।

ਸ਼੍ਰੀ ਡਿਪਟੀ ਸਪੀਕਰ : ਤੁਹਾਡਾ ਕੀ ਮਤਲਬ ਹੈ ? ਪ੍ਰੋਬੇਸ਼ਨ ਪੀਰੀਅਡ ਜਿਹੜਾ ਹੈ ਉਸ ਨੂੰ ਘਟ ਕਰ ਦੇਣਾ ਚਾਹੀਦਾ ਹੈ। (What does the hon Member mean by this ? Should the probation period which exists at present, be reduced ?)

ਕਾਮਰੇਡ ਜੰਗੀਰ ਸਿੰਘ ਜੋਗਾ : ਜੀ ਹਾਂ ਉਹ ਬਹੁਤ ਘਟ ਹੋਣਾ ਚਾਹੀਦਾ ਹੈ। ਮੈਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ ਕਿ ਇਕ ਮੁੰਡਾ ਅਜ ਕਾਲਿਜ ਵਿਚੋਂ ਨਿਕਲ ਕੇ ਆਵੇ ਤੇ ਤੁਸੀਂ ਉਸ ਨੂੰ ਮਨਿਸਟਰ ਬਣਾ ਦਿਉ ਤਾਂ ਉਹ ਕਾਮਯਾਬੀ ਨਾਲ ਕੰਮ ਕਰ ਲਵੇਗਾ। ਕਿਉਂ ਕਿ ਉਹ ਤਾਂ ਕੰਮ ਹੀ ਨਹੀਂ ਜਾਣਦਾ। ਲੇਕਿਨ, ਹਾਂ, ਜੇ ਕੋਈ ਲੋਕਾਂ ਦੀ ਸੇਵਾ ਕਰਦਾ ਹੋਵੇ ਤਾਂ ਉਹ ਫਾਇਦੇਮੰਦ ਸਾਬਤ ਹੋ ਸਕਦਾ ਹੈ। ਮੈਂ ਕਹਿੰਦਾ ਹਾਂ ਕਿ ਇਥੇ ਵੀ ਉਹ ਕੰਮ ਨਹੀਂ ਹੋ ਰਿਹਾ....(ਵਿਘਨ) ਭੌਰਾ ਸਾਹਿਬ ਨੇ ਟਰਾਂਸਪੋਰਟ ਦਾ ਜ਼ਿਕਰ ਕੀਤਾ ਸੀ। ਮੈਨੂੰ ਜ਼ਾਤੀ ਇਲਮ ਹੈ ਕਿ ਪਬਲਿਕ ਸੈਕਟਰ ਵਿਚ ਜਿਹੜੀ ਟਰਾਂਸਪੋਰਟ ਚਲਦੀ ਹੈ, ਉਨ੍ਹਾਂ ਨੂੰ ਕਿਸ ਤਰ੍ਹਾਂ ਫੇਲ੍ਹ ਕਰਨ ਦੇ ਯਤਨ ਕੀਤੇ ਜਾਂਦੇ ਹਨ। ਟਰਾਂਸਪੋਰਟਰਜ਼ ਮੈਨੇਜਰ ਨਾਲ ਮਿਲੇ ਹੋਏ ਹੁੰਦੇ ਹਨ, ਉਨ੍ਹਾਂ ਦੇ ਰੂਟਸ ਇਸ ਤਰ੍ਹਾਂ ਲਗੇ ਹੋਏ ਹੁੰਦੇ ਹਨ ਕਿ ਇਕ ਬਸ ਪਹਿਲਾਂ ਚਲਾ ਦਿੰਦੇ ਹਨ ਅਤੇ ਇਕ ਬਸ ਪਿਛੋਂ ਚਲਾਉਂਦੇ ਹਨ, ਦਰਮਿਆਨ ਦੇ ਵਿਚ ਪਬਲਿਕ ਸੈਕਟਰ ਦੀ ਬਸ ਚਲਦੀ ਹੈ ਜਿਸ ਦੇ ਨਾਲ ਉਸ ਨੂੰ ਕੋਈ ਸਵਾਰੀ ਨਹੀਂ ਮਿਲਦੀ। ਉਨ੍ਹਾਂ ਦੇ ਖਿਲਾਫ਼ ਭੈੜੀ ਪਰਚਾਰ ਕੀਤਾ ਜਾਂਦਾ ਹੈ। ਲੋਕਾਂ ਨੂੰ ਦਸਦੇ ਹਨ ਕਿ ਪਬਲਿਕ ਸੈਕਟਰ ਵਿਚ ਟਰਾਂਸਪੋਰਟ ਇਸ ਤਰ੍ਹਾਂ ਫੇਲ ਹੁੰਦੀ ਹੈ। ਪਬਲਿਕ ਸੈਕਟਰ ਵਿਚ ਕੋਈ ਬੱਚਤ ਨਹੀਂ ਹੁੰਦੀ। ਮੈਂ ਸਰਕਾਰ ਦਾ ਧਿਆਨ ਇਸ ਪਾਸੇ ਵਲ ਦਿਵਾਉਣਾ ਚਾਹੁੰਦਾ ਹਾਂ ਕਿ ਇਸ ਉਤੇ ਕੋਈ ਚੈਕਿੰਗ ਹੋਣੀ ਚਾਹੀਦੀ ਹੈ। ਇਸ ਵਾਸਤੇ ਵੀ ਇਕ ਸੀ.ਆਈ.ਡੀ. ਦੀ ਬਰਾਂਚ ਕਾਇਮ ਕੀਤੀ ਜਾਵੇ ਕਿ ਜਿਹੜੇ ਮੈਨੇਜਰ ਪਬਲਿਕ ਸੈਕਟਰ ਨੂੰ ਫੇਲ ਕਰਨ ਦੀ ਕੋਸ਼ਿਸ਼ ਕਰਦੇ ਹਨ ਉਨ੍ਹਾਂ ਦੀ ਕਾਰਵਾਈ ਦੇ ਉਤੇ ਚੈਕ ਰਖਿਆ ਜਾਵੇ। ਖਰਚ ਦੇ ਘਟ ਕਰਨ ਦੇ ਸਬੰਧ ਵਿਚ ਮੈਂ ਕਹਿਣਾ ਚਾਹੁੰਦਾ ਹਾਂ ਕਿ ਰੀਫਾਰਮਜ਼ ਕਮਿਸ਼ਨ ਦੀ ਰਿਪੋਰਟ ਨੂੰ ਦੇਖਿਆ ਜਾਵੇ ਤੇ ਕਮੇਟੀਆਂ ਦੀ ਰਿਪੋਰਟ ਜਿਹੜੀ ਛਪਣੀ ਹੈ, ਸਪੀਕਰ ਸਾਹਿਬ, ਹਰਬੰਸ ਲਾਲ ਨੇ ਆਪਣੀ ਰਿਪੋਰਟ ਛਾਪੀ ਸੀ, ਉਸ ਨੂੰ ਵੀ ਦੇਖ ਲਿਆ ਜਾਵੇ।

ਮਹਾਜਨ ਸਾਹਿਬ ਦੀ ਰਿਪੋਰਟ ਵੀ ਦੇਖ ਲਈ ਜਾਵੇ ਅਤੇ ਇਨ੍ਹਾਂ ਦੀ ਰੋਸ਼ਨੀ ਵਿਚ ਪੁਲਿਸ ਦਾ ਕਾਫ਼ੀ ਸੁਧਾਰ ਹੋ ਸਕਦਾ ਹੈ, ਖਰਚ ਘਟ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ । ਬਜਟ ਦੇ ਉਤੇ ਇਸ ਡਿਮਾਂਡ ਤੇ ਕਈ ਚੀਜ਼ਾਂ ਕਹੀਆਂ ਗਈਆਂ ਹਨ । ਮੈਂ ਉਸ ਬਹਿਸ ਵਿਚ ਨਹੀਂ ਪੈਣਾ ਚਾਹੁੰਦਾ। ਜੇਕਰ ਮੈਂ ਇਸ ਗੱਲ ਵਲ ਜਾਵਾਂ ਕਿ ਇਹ ਕੀ ਕਰਦੇ ਰਹੇ ਹਨ ਤਾਂ ਫਿਰ ਬਹਿਸ ਤੋਂ ਲਾਂਭੇ ਚਲੇ ਜਾਈਦਾ ਹੈ ਤੇ ਸਮਾਂ ਵੇਸਟ ਹੁੰਦਾ ਹੈ । ਜਿਥੋਂ ਤਕ ਚੋਰੀਆਂ ਦਾ ਤਅੱਲਕ ਹੈ ਉਹ ਇਨ੍ਹਾਂ ਦਿਨਾਂ ਵਿਚ ਘਟ ਹੋਈਆਂ ਹਨ । ਡਾਕੇ ਨਾਂ ਦੇ ਬਰਾਬਰ ਹੀ ਹੋਏ ਹਨ । ਜਦੋਂ ਪੈਪਸੂ ਵਿਚ ਡਾਕੇ ਪੈਂਦੇ ਸਨ ਤਾਂ ਮੈਨੂੰ ਅਛੀ ਤਰ੍ਹਾਂ ਯਾਦ ਹੈ ਕਿ ਉਹ ਡਾਕੇ ਮਨਿਸਟਰ ਮਰਵਾਇਆ ਕਰਦੇ ਸਨ । ਸਾਨੂੰ ਪੈਪਸੂ ਵੇਲੇ ਦਾ ਯਾਦ ਹੈ ਕਿ ਕਿਵੇਂ ਦੋਨੋਂ ਪਾਸਿਆਂ ਦੇ ਮਨਿਸਟਰ ਡਾਕੇ ਮਰਵਾਉਂਦੇ ਸਨ-ਡਾਕੂ ਮਨਿਸਟਰਾਂ ਨੇ ਛਡੇ ਹੋਏ ਹੁੰਦੇ ਸਨ ਪਰ ਬਦਨਾਮ ਕਮਿਊਨਿਸਟਾਂ ਨੂੰ ਕੀਤਾ ਜਾਂਦਾ ਸੀ । ਜਦੋਂ ਰਾਉ ਸਾਹਿਬ ਆ ਗਏ ਤਾਂ ਸਾਰੇ ਡਾਕੂ ਮਰਵਾ ਦਿੱਤੇ ਗਏ ਤਾਕਿ ਉਹ ਨੰਗੇ ਨਾ ਹੋ ਸਕਣ (ਵਿਘਨ)।

ਸਾਡੀ ਬੜੀ ਬਦਕਿਸਮਤੀ ਰਹੀ ਹੈ ਕਿ ਭਾਵੇਂ ਪੰਜਾਬ ਵਡਾ ਰਿਹਾ ਹੈ ਜਾਂ ਛੋਟਾ ਸਾਡੇ ਨਾਲ ਵਿਤਕਰਾ ਹੀ ਹੁੰਦਾ ਰਿਹਾ ਹੈ । ਪਿਛਲੇ 12 ਸਾਲਾਂ ਤੋਂ ਪੈਪਸੂ ਪੰਜਾਬ ਵਿਚ ਮਰਜ ਹੋਇਆ ਹੋਇਆ ਹੈ, ਮਗਰ ਅਜੇ ਤਕ ਕਾਨੂੰਨ ਨੂੰ ਇਕਸਾਰ ਨਹੀਂ ਕੀਤਾ ਗਿਆ । ਚਾਹੇ ਉਹ ਮਿਊਂਸਪੈਲਟੀਜ਼ ਦਾ ਕਾਨੂੰਨ ਹੈ ਜਾਂ ਟੈਨੈਂਸੀ ਐਕਟ—ਉਹ ਪਿਛਲੇ ਪੈਪਸੂ ਏਰੀਆ ਵਿਚ ਅਲਗ ਹੈ ਔਰ ਪੰਜਾਬ ਵਿਚ ਅਲਗ । ਦੋ ਰੰਗੀ ਪਾਲੀਸੀ ਹੁਣ ਤਕ ਚਲਦੀ ਆ ਰਹੀ ਹੈ । ਇਹ ਖ਼ਤਮ ਹੋਣੀ ਚਾਹੀਦੀ ਹੈ । ਜ਼ਮੀਨੀ ਸੁਧਾਰ ਵਿਚ ਜਿਤਨਾ ਗੋਲ ਮਾਲ ਹੋ ਰਿਹਾ ਹੈ ਉਤਨਾ ਕਿਸੇ ਹੋਰ ਪਾਸੇ ਨਹੀਂ । ਉਸ ਦਾ ਨਤੀਜਾ ਇਹ ਹੈ ਕਿ ਦੋਨੋਂ ਪਾਸਿਆਂ ਦੀਆਂ ਪਾਵਰਜ਼ ਨੂੰ ਵਰਤ ਕੇ ਗਰੀਬ ਕਿਸਾਨ ਨੂੰ, ਮੁਜ਼ਾਰੇ ਨੂੰ ਚੱਕੀ ਵਿਚ ਪੀਸਿਆ ਜਾ ਰਿਹਾ ਹੈ । ਕਤਲ ਖੂਨ ਹੁੰਦੇ ਹਨ । ਜਿਨ੍ਹਾਂ ਨੂੰ ਸਰਪਲਸ ਜ਼ਮੀਨ ਅਲਾਟ ਹੁੰਦੀ ਹੈ ਉਨ੍ਹਾਂ ਨੂੰ ਨਵੀਆਂ ਮੁਸੀਬਤਾਂ ਵਿਚ ਪਾਇਆ ਜਾਂਦਾ ਹੈ । ਪਿਛਲੀ ਗੌਰਮਿੰਟ ਦੀ ਇਹ ਪਾਲਿਸੀ ਰਹੀ ਹੈ ਕਿ ਰੋਪੜ ਦਾ ਜਿਹੜਾ ਹਰੀਜਨ ਹੈ ਉਸ ਨੂੰ ਬਠਿੰਡੇ ਬਠਾ ਦਿੱਤਾ ਔਰ ਰੋਪੜ ਲੈ ਆਂਦਾ ਉਹ ਆਦਮੀ ਜਿਹੜਾ ਅੰਮ੍ਰਿਤਸਰ ਰਹਿੰਦਾ ਸੀ । ਨਵੀਂ ਜਗ੍ਹਾ ਉਤੇ ਨਾ ਉਸ ਦੀ ਕੋਈ ਜਾਣ ਪਹਿਚਾਣ ਵਾਲਾ ਹੁੰਦਾ ਹੈ, ਔਰ ਨਾ ਕੋਈ ਮਦਦਗਾਰ—ਨਤੀਜਾ ਇਹ ਹੁੰਦਾ ਹੈ ਕਿ ਉਸ ਨੂੰ ਜ਼ਮੀਨ ਦਾ ਕਬਜ਼ਾ ਹੀ ਨਹੀਂ ਮਿਲਦਾ । ਉਸ ਨੂੰ ਮਾਰਕੁੱਟ ਦੇ ਪਿੰਡੋਂ ਬਾਹਰ ਨਿਕਾਲ ਦਿੱਤਾ ਜਾਂਦਾ ਹੈ ਔਰ ਜ਼ਮੀਨ ਉਥੇ ਉਸੇ ਪਹਿਲੇ ਮਾਲਕ ਦੇ ਕਬਜ਼ੇ ਵਿਚ ਰਹਿੰਦੀ ਹੈ । ਜਿਹੜਾ ਉਸ ਪਿੰਡ ਦਾ ਲੋਕਲ ਟੈਨੇਂਟ ਜਾਂ ਹਰੀਜਨ ਹੁੰਦਾ ਹੈ ਉਸ ਨੂੰ ਕਾਂਗਰਸੀ ਸਰਕਾਰ ਦੇ ਇਨ੍ਹਾਂ 20 ਸਾਲਾਂ ਦੇ ਵਿਚ ਅਪਣੇ ਪਿੰਡ ਵਿਚ ਹੀ ਜ਼ਮੀਨ ਨਹੀਂ ਮਿਲੀ । ਇਹ ਚੀਜ਼ ਹੁਣ ਖ਼ਤਮ ਹੋਣੀ ਚਾਹੀਦੀ ਹੈ ਤਾਕਿ ਲੋਕਾਂ ਨੂੰ ਇਨਸਾਫ਼ ਮਿਲੇ ਔਰ ਜਿਹੜੇ ਰੇਵੀਨੀਊ, ਮਿਊਨਿਸਪਲ ਅਤੇ ਟੈਨੈਂਸੀ ਦੇ ਵਖਰੇ ਵਖਰੇ ਕਾਨੂੰਨ ਪੰਜਾਬ ਅਤੇ ਪੈਪਸੂ ਦੇ ਇਲਾਕਿਆਂ ਵਿਚ ਚਾਲੂ ਹਨ ਉਨ੍ਹਾਂ ਨੂੰ ਮਿਲਾਕੇ ਇਕ ਤਰ੍ਹਾਂ ਦਾ ਕਰਨਾ ਚਾਹੀਦਾ ਹੈ—ਚਾਹੇ ਤੁਸੀਂ ਪੰਜਾਬ ਵਾਲੇ ਕਾਨੂੰਨ ਨੂੰ ਹੀ ਚਾਲੂ ਕਰੋ ਜਾਂ ਪੈਪਸੂ ਵਾਲੇ ਨੂੰ, ਪਰ ਕਰੋ ਸਾਰੇ ਇਲਾਕੇ ਵਿਚ ਇਕ ਹੀ ਤਰ੍ਹਾਂ ਦਾ ਕਾਨੂੰਨ ਤਾਂ ਜੋ ਕਿਸੇ ਨਾਲ ਵਿਤਕਰਾ ਨਾ ਹੋਵੇ ।

ਡਿਪਟੀ ਸਪੀਕਰ ਸਾਹਿਬ, ਆਪ ਨੂੰ ਪਤਾ ਹੈ ਕਿ ਜਿਹੜਾ ਪੈਪਸੂ ਵਿਚ ਇਸ਼ਤਮਾਲ ਅਰਾਜ਼ੀ ਦਾ ਕਾਨੂੰਨ ਬਣਿਆ ਸੀ ਉਹ ਪੰਜਾਬ ਨਾਲੋਂ ਵੀ ਬੈਸਟ ਸੀ । ਪਰ ਪੰਜਾਬ ਦਾ ਹੀ ਲਾਗੂ ਕਰ ਦਿੱਤਾ । ਨਤੀਜਾ ਇਹ ਨਿਕਲਿਆ ਹੈ ਕਿ ਸਤ ਸਤ ਸਾਲਾਂ ਤੋਂ ਸੌ ਸੌ ਪਿੰਡਾਂ ਵਿਚ ਲੜਾਈ

[ਕਾਮਰੇਡ ਜੰਗੀਰ ਸਿੰਘ ਜੋਗਾ]

ਝਗੜੇ ਚਲ ਰਹੇ ਹਨ । ਇਸ ਵਿਚ ਦੁਬਾਰਾ ਸੁਧਾਰ ਕਰਨ ਦੀ ਲੋੜ ਹੈ । ਇਸ ਨੂੰ ਚੰਗਾ ਬਣਾਇਆ ਜਾਵੇ ਤਾਕਿ ਲੋਕਾਂ ਨੂੰ ਚੈਨ ਦਾ ਸਾਹ ਆਵੇ । (ਘੰਟੀ) ਭਾਵੇਂ ਇਸ ਡਿਮਾਂਡ ਨਾਲ ਇਸ ਗੱਲ ਦਾ ਕੋਈ ਤੁਅੱਲਕ ਨਹੀਂ ਪਰ ਚੂੰਕਿ ਬਜਟ ਦੀਆਂ ਸਿਰਫ ਦੋ ਚਾਰ ਡਿਮਾਂਡਾਂ ਬਾਰੇ ਹੀ ਬਹਿਸ ਹੋਣੀ ਹੈ, ਇਸ ਲਈ ਇਕ ਗੱਲ ਵੱਲ ਮੈਂ ਆਪਦੇ ਜ਼ਰੀਏ ਗੌਰਮਿੰਟ ਦਾ ਧਿਆਨ ਜ਼ਰੂਰੀ ਦਵਾਉਣਾ ਚਾਹੁੰਦਾ ਹਾਂ । ਸਾਡੇ ਰਾਜੇ ਮਹਾਰਜਿਆਂ ਨੂੰ ਸੈਂਟਰਲ ਗੌਰਮਿੰਟ ਪੈਸੇ ਦਿੰਦੀ ਹੈ ਉਨ੍ਹਾਂ ਨੂੰ ਬੰਦ ਕਰਨਾ ਜਾਂ ਨਾ ਕਰਨਾ ਸਾਡਾ ਕੰਮ ਨਹੀਂ । ਪਰ ਉਨ੍ਹਾਂ ਦੇ ਕੁਝ ਰਿਸ਼ਤੇਦਾਰ ਹਨ ਉਨ੍ਹਾਂ ਨੂੰ ਅਸੀਂ ਇਸ ਬਜਟ ਵਿਚੋਂ 8 ਲੱਖ ਰੁਪਿਆ ਦਿੰਦੇ ਹਾਂ । ਮੈਂ ਕਹਾਂਗਾ ਇਸ ਨੂੰ ਫੌਰਨ ਕੈਂਸਲ ਕਰ ਦੇਣਾ ਚਾਹੀਦਾ ਹੈ ਤਾਕਿ ਸਾਡੇ ਸਿਰ ਤੇ ਪਲ ਕੇ ਸਾਡੇ ਹੀ ਜੁਤੀਆਂ ਨਾ ਮਾਰ ਸਕਣ। ਇਹ ਜਿਹੜੀ ਗਰੀਬ ਜਨਤਾ ਦੇ ਖੂਨ ਪਸੀਨੇ ਦੀ ਕਮਾਈ ਉਨ੍ਹਾਂ ਵੇਹਲੜਾਂ ਨੂੰ ਦਿੰਦੇ ਹਨ ਉਸ ਨੂੰ ਫੌਰਨ ਬੰਦ ਕਰ ਦਿਉ । ਇਨ੍ਹਾਂ ਸ਼ਬਦਾਂ ਨਾਲ, ਡਿਪਟੀ ਸਪੀਕਰ ਸਾਹਿਬ, ਆਪ ਦਾ ਧੰਨਵਾਦ ਕਰਦਾ ਹਾਂ ।

ਸ੍ਰੀ ਸਾਧੂ ਰਾਮ : (ਫਗਵਾੜਾ-ਐਸ. ਸੀ) : ਅਜ ਤਕ ਜੋ ਕੁਝ ਇਸ ਸਰਕਾਰ ਦੇ ਕੰਮ ਨੂੰ ਦੇਖਿਆ ਹੈ ਉਸਦੇ ਬਾਵਜੂਦ ਭਾਵੇਂ ਮੈਂ ਇਸ ਨੂੰ ਵੈਲਕਮ ਕਰਦਾ ਹਾਂ ਪਰ ਜਨਤਾ ਇਸ ਨੂੰ ਬਿਲਕੁਲ ਵੈਲਕਮ ਨਹੀਂ ਕਰਦੀ। (ਵਿਘਨ) ਜਦੋਂ ਇਹ ਮੈਂਬਰ ਬਣਦੇ ਹਨ ਤਾਂ ਦੋ ਮਹੀਨਿਆਂ ਤੋਂ ਬਾਅਦ ਇਨ੍ਹਾਂ ਨੂੰ ਦਿਸਣਾ ਬੰਦ ਹੋ ਜਾਂਦਾ ਹੈ ਔਰ ਜਦੋਂ ਦੋ ਮਹੀਨੇ ਹੋਰ ਗੁਜ਼ਰ ਜਾਂਦੇ ਹਨ ਤਾਂ ਇਨਾਂ ਨੂੰ ਸੁਨਣਾ ਵੀ ਬੰਦ ਹੋ ਜਾਂਦਾ ਹੈ । ਜਦੋਂ ਸਾਡੀ ਸਰਕਾਰ ਸੀ ਤਾਂ ਫਗਵਾੜੇ ਹਲਕੇ ਵਿਚ ਬੰਬ ਘਟਨਾ ਹੋਈ ਜਿਸ ਵਿਚ ਸਾਰੀਆਂ ਪਾਰਟੀਆਂ ਨੇ ਮਿਲਕੇ ਰਲ ਕੇ ਸ਼ਾਹੂਕਾਰ ਦਾ ਮੁਕਾਬਲਾ ਕੀਤਾ । ਉਸ ਵਿਚ ਸਾਨੂੰ ਅਛੀ ਕਾਮਯਾਬੀ ਹੋਈ । ਉਥੇ ਡਾਂਗ ਸਾਹਿਬ ਔਰ ਸਾਰੇ ਮਨਿਸਟਰ ਜਾਂਦੇ ਰਹੇ ਔਰ ਉਨ੍ਹਾਂ ਨੇ ਸਾਡੀ ਮਦਦ ਕੀਤੀ । ਜਿੱਥੇ ਸਾਡੇ ਮਾਸੂਮ ਬਚੇ ਸ਼ਹੀਦ ਹੋਏ ਸੀ ਉਥੇ ਥੜਾ ਬਣਾ ਦਿਤਾ । ਜਦੋਂ ਸਾਡੇ ਮਨਿਸਟਰ ਸਾਹਿਬ ਬਣੇ ਤਾਂ ਮੱਥਾ ਟੇਕਣ ਲਈ ਗਏ, ਫੁਲਾਂ ਦੇ ਹਾਰ ਪਾਏ । ਪਰ ਮੈਂ ਪੁਛਦਾ ਹਾਂ ਕਿ ਕੀ ਉਹ ਹਾਰ ਇਸ ਲਈ ਪਾਏ ਸਨ ਕਿ ਥੜੇ ਨੂੰ ਢਾਉਣਾ ਸੀ ? ਕੀ ਜਿਹੜਾ ਸਿਨਮਾਂ ਬਣਿਆ ਹੋਇਆ ਹੈ ਉਸ ਦੇ ਨੇੜੇ ਐਕਸੀਡੈਂਟ ਨਹੀਂ ਹੁੰਦੇ ? ਕੀ ਸਰਕਾਰ ਨੇ ਕਦੇ ਖਿਆਲ ਕੀਤਾ ਕਿ ਉਸ ਸਿਨਮੇ ਦੇ ਫਰਸ਼ ਨੂੰ ਵੀ ਉਥੋਂ ਢਾਇਆ ਜਾਵੇ ਤਾਕਿ ਐਕਸੀਡੈਂਟ ਨਾ ਹੋਣ ?

ਸ੍ਰੀ ਡਿਪਟੀ ਸਪੀਕਰ : ਜ਼ਰਾ ਅਪਣੀ ਗਲ ਕਲੀਅਰ ਕਰ ਦਿਉ ਮੈਨੂੰ ਕੁਝ ਸਮਝ ਨਹੀਂ ਆਇਆ । (The hon. Member should make himself clear. I have not been able to follow him). (ਵਿਘਨ)

ਸਰਦਾਰ ਪ੍ਰਕਾਸ਼ ਸਿੰਘ ਗਿੱਲ : ਡਿਪਟੀ ਸਪੀਕਰ ਸਾਹਿਬ, ਸ਼ਹੀਦਾਂ ਦੀਆਂ ਯਾਦਗਾਰਾਂ ਹੁੰਦੀਆ ਹਨ, ਥੜੇ ਨਹੀਂ ਹੁੰਦੇ । ਇਨ੍ਹਾਂ ਨੂੰ ਸ਼ਹੀਦਾਂ ਦੀ ਯਾਦ ਵਿਚ ਜ਼ਰਾ ਤਹਿਜ਼ੀਬ ਨਾਲ ਗਲ ਕਰਨੀ ਚਾਹੀਦੀ ਹੈ । ਥੜੇ ਤਾਂ ਆਮ ਲੋਕਾਂ ਦੇ ਹੁੰਦੇ ਹਨ, ਸ਼ਹੀਦਾਂ ਦੇ ਨਹੀਂ ।

ਸ੍ਰੀ ਸਾਧੂ ਰਾਮ : ਯਾਦਗਾਰਾਂ ਬਨਾਉਣ ਦੀ ਕੋਸ਼ਿਸ਼ ਭਾਵੇਂ ਕਰ ਰਹੇ ਹੋਣ ਪਰ ਫਿਲਹਾਲ ਉਹ ਥੜਾ ਹੀ ਹੈ, ਕਿਉਂ ਕਿ ਗਰੀਬ ਦਾ ਤਾਂ ਥੜਾ ਹੀ ਹੁੰਦਾ ਹੈ ਅਗਰ ਕੋਈ ਅਮੀਰ ਸ਼ਹੀਦ ਹੋਵੇ ਤਾਂ ਉਸ ਦੀ ਯਾਦਗਾਰ ਹੁੰਦੀ ਹੈ (ਵਿਘਨ) ਸੋ ਮੈਂ ਇਹ ਕਹਿ ਰਿਹਾ ਸੀ ਕਿ ਕਈ ਫੈਕਟਰੀਆਂ ਹਨ, ਜਿਨ੍ਹਾਂ ਨੇ ਅਪਣੇ ਆਲੇ ਦੁਆਲੇ ਫਰਸ਼ ਬਣਾਏ ਹੋਏ ਹਨ, ਤਾਰਾਂ ਲਗਾਈਆਂ ਹੋਈਆਂ ਹਨ । ਕੀ ਉਥੇ ਐਕਸੀਡੈਂਟ ਹੋਣ ਦਾ ਖ਼ਤਰਾ ਨਹੀ ? (ਵਿਘਨ)

ਇਕ ਮਾਨਯੋਗ ਮੈਂਬਰ : ਸਾਨੂੰ ਕੁਝ ਸਮਝ ਨਹੀਂ ਆ ਰਹੀ ਕਿ ਇਹ ਕਹਿਣਾ ਕੀ ਚਾਹੁੰਦੇ ਹਨ।

ਸ਼੍ਰੀ ਸਾਧੂ ਰਾਮ : ਜਦੋਂ ਉਸ ਵਕਤ ਉਹ ਥੜ੍ਹਾ ਬਣਾਇਆ ਸੀ ਤਾਂ ਕੀ ਇਧਰ ਸਾਡੀ ਸਰਕਾਰ ਦਾ ਧਿਆਨ ਨਹੀਂ ਸੀ ਗਿਆ ਕਿ ਉਥੇ ਐਕਸੀਡੈਂਟ ਹੋ ਸਕਦੇ ਹਨ ? ਕਹਿੰਦੇ ਹਨ ਕਿ ਅਸੀਂ ਉਨ੍ਹਾਂ ਦਾ ਮਾਣ ਕਰਦੇ ਹਾਂ, ਸਤਿਕਾਰ ਕਰਦੇ ਹਾਂ। ਪਰ ਇਹ ਚੀਜ਼ ਬਿਲਕੁਲ ਗ਼ਲਤ ਹੈ। ਐਸੀ ਕੋਈ ਗੱਲ ਨਹੀਂ। (ਵਿਘਨ)

ਸ਼੍ਰੀ ਡਿਪਟੀ ਸਪੀਕਰ : ਕੀ ਮੈਂ ਇਹ ਸਮਝਾਂ ਕਿ ਉਸ ਨੂੰ ਉਖੇੜ ਦਿੱਤਾ ਹੈ ? (Should I infer that the said monument has been dismantled?)

ਸ਼੍ਰੀ ਸਾਧੂ ਰਾਮ : ਉਥੇ ਦਸ, ਪੰਦਰਾਂ, ਵੀਹ ਸਿਪਾਹੀ ਹਰ ਵਕਤ ਬੈਠੇ ਰਹਿੰਦੇ ਹਨ, ਜਿਨ੍ਹਾਂ ਨੂੰ ਹੁਕਮ ਨਹੀਂ ਕਿ ਚਾਹ ਵੀ ਪੀਣ ਜਾ ਸਕਣ। ਕੀ ਉਹ ਸਾਰਾ ਖਰਚਾ ਸਾਡੀ ਜਨਤਾ ਉਤੇ ਨਹੀਂ ਪੈਂਦਾ ? (ਵਿਘਨ) ਗਰੀਬਾਂ ਦੇ ਮਸਲੇ ਉਸੇ ਤਰ੍ਹਾਂ ਬਣੇ ਹੋਏ ਹਨ ਕੋਈ ਇਧਰੋਂ ਉਧਰ, ਕੋਈ ਉਧਰੋਂ ਇਧਰ ਆਂਦਾ ਹੈ, ਪਰ ਸਾਡੇ ਗਰੀਬਾਂ ਦਾ ਭਲਾ ਕਈ ਨਹੀਂ ਸੋਚਦਾ। ਸਾਡੇ ਵਲ ਕੋਈ ਧਿਆਨ ਹੀ ਨਹੀਂ ਦਿੰਦਾ।

Shri Lal Chand Suberwal : On a point of order, Sir.

Mr. Deputy Speaker : What is your point of order ?

ਸ਼੍ਰੀ ਲਾਲ ਚੰਦ ਸਬਰਵਾਲ : On a point of order, Sir. ਅਰਜ਼ ਇਹ ਹੈ ਕਿ ਇਹ ਜਦੋਂ ਸਪੀਚ ਕਰਦੇ ਸੀ ਤਾਂ ਡਿਪੱਰ ਮਾਰਦੇ ਸੀ, ਰੋਸ਼ਨੀ on, off ਕਰਦੇ ਸੀ। (ਹਾਸਾ)

ਸ਼੍ਰੀ ਸਾਧੂ ਰਾਮ : ਕਹਾਣੀ ਇਹ ਹੈ ਕਿ ਇਨ੍ਹਾਂ ਨੂੰ ਬਗੈਰ ਐਨਕਾਂ ਦੇ ਨਜ਼ਰ ਨਹੀਂ ਆਉਂਦਾ।

ਸ਼੍ਰੀ ਡਿਪਟੀ ਸਪੀਕਰ : ਆਪ ਨੇ ਵਡੇ ਵਡੇ ਡਰਾਮਿਆਂ ਦੀਆਂ ਸਟੇਜਾਂ ਵੇਖੀਆਂ ਹੋਣਗੀਆਂ ਉਥੇ ਵੀ light ਬਦਲਦੀ ਰਹਿੰਦੀ ਹੈ। (ਹਾਸਾ) (The hon. Member must have seen big stages of dramas where the light often goes on changing.)

ਸ਼੍ਰੀ ਸਾਧੂ ਰਾਮ : ਰਹੀ ਗੱਲ ਗਰੀਬਾਂ ਦੀ। ਸਰਕਾਰ ਅਤੇ ਵਜ਼ੀਰ ਸਾਹਿਬ ਤਾਂ ਮੈਂਬਰਾਂ ਨੂੰ ਇਧਰੋਂ ਤੋੜਨ ਵਿਚ ਹੀ ਲਗੇ ਰਹੇ। ਝਗੜਾ ਹੀ ਕਰਦੇ ਰਹੇ ਹਨ, ਇਨ੍ਹਾਂ ਨੇ ਗਰੀਬ-ਹਰੀਜਨਾਂ ਦਾ ਕੀ ਕਰਨਾ ਸੀ। ਤੁਸੀਂ ਜਾਣਦੇ ਹੋ ਹਰ ਮੈਂਬਰ 100 ਪਿਛੇ 55 ਵੋਟਾਂ ਹਰੀਜਨਾਂ ਦੀਆਂ ਲੈ ਕੇ ਆਇਆ ਹੈ, ਪਰ ਹੁਣ ਉਨ੍ਹਾਂ ਲਈ ਇਹ ਸਰਕਾਰ ਧਿਆਨ ਦੇਣ ਨੂੰ ਵੀ ਤਿਆਰ ਨਹੀਂ। ਰਿਹਾ ਜ਼ਮੀਨ ਦਾ ਝਗੜਾ। ਉਨ੍ਹਾਂ ਗਰੀਬਾਂ ਨੂੰ ਜ਼ਮੀਨ ਨਹੀਂ ਦਿਤੀ। ਤੁਸੀਂ ਇੰਡਸਟ੍ਰੀਅਲ ਏਰੀਆ ਵੀ ਨਹੀਂ ਦਿੰਦੇ ਤਾਂ ਫਿਰ ਉਨ੍ਹਾਂ ਨੂੰ ਬੀਕਾਨੇਰ, ਆਸਾਮ ਜਾਂ ਮਦਰਾਸ ਭੇਜ ਦਿਉ।

ਸ਼੍ਰੀ ਡਿਪਟੀ ਸਪੀਕਰ : ਤੁਸੀਂ ਕਹਿਣਾ ਕੀ ਚਾਹੁੰਦੇ ਹੋ। (ਵਿਘਨ) Let me understand first. (What does the hon. Member want to say, let me understand first.) (*Laughter*).

ਸ੍ਰੀ ਸਾਧੂ ਰਾਮ : ਤੁਸੀਂ ਉਨ੍ਹਾਂ ਨੂੰ ਜ਼ਮੀਨ ਦਿਉ ।

ਸਰਦਾਰ ਹਰਭਜਨ ਸਿੰਘ: On a point of order, Sir. ਮੈਂਬਰ ਸਾਹਿਬ ਜੋ ਕੁਝ ਬੋਲ ਰਹੇ ਹਨ ਉਹ ਹਾਊਸ ਨੂੰ ਪਤਾ ਨਹੀਂ ਲਗਦਾ । ਮੈਂ ਬੇਨਤੀ ਕਰਦਾ ਹਾਂ ਕਿ ਇਹ ਜ਼ਰਾ ਕਲੀਅਰ ਕਰ ਦਿਉ ।

ਸ੍ਰੀ ਡਿਪਟੀ ਸਪੀਕਰ : ਮੈਨੂੰ ਵੀ ਸਮਝ ਨਹੀਂ ਆਈ, Let me first understand then I will let you know. (I too do not understand. Let me first understand, then I will let you know.) (ਵਿਘਨ)

ਸ੍ਰੀ ਸਾਧੂ ਰਾਮ : ਜਦੋਂ ਅਸੀਂ ਮੈਂਬਰ ਬਣ ਜਾਂਦੇ ਹਾਂ ਤਾਂ ਸਾਨੂੰ ਨਜ਼ਰ ਘਟ ਆਉਣ ਲਗ ਪੈਂਦਾ ਹੈ । (ਵਿਘਨ) ਹਰੀਜਨਾਂ ਨੂੰ ਜ਼ਮੀਨ ਨਹੀਂ ਦਿੰਦੇ, ਇੰਡਸਟਰੀ ਲਈ ਪੈਸਾ ਨਹੀਂ ਦਿੰਦੇ ਤਾਂ ਆਉਣ ਵਾਲੀਆਂ ਸਰਦੀਆਂ ਵਿਚ ਉਨ੍ਹਾਂ ਦੇ ਬੱਚੇ ਭੁਖੇ ਮਰਨਗੇ ਕਿ ਨਹੀਂ । ਮੈਂ ਕਹਾਂਗਾ ਕਿ ਘਟੋ ਘਟ 500 ਰੁਪਿਆ ......

चौधरी बलबीर सिंह : यह कहां बोल रहे हैं ? यह 22 सैक्टर में स्पीच कर लें और वह यहां रिकार्ड पर लिखवा दी जाए।

ਸ੍ਰੀ ਸਾਧੂ ਰਾਮ : ਅਸੀਂ 22 ਸੈਕਟਰ ਵਿਚ ਸਪੀਚਾਂ ਨਹੀਂ ਕਰਨੀਆਂ । ਸਾਨੂੰ ਤਾਂ ਜਨਤਾ ਦੀ ਸੇਵਾ ਲਈ ਤਿਆਰ ਹੋਣਾ ਚਾਹੀਦਾ ਹੈ । ਘਟੋ ਘਟ ਇੰਨਾ ਪੈਸਾ ਤਾਂ ਦਿਉ, ਜਿਸ ਨਾਲ ਜ਼ਮੀਨ ਲੈ ਸਕੀਏ । ਇਸ ਦੇ ਨਾਲ ਹੀ ਘਟੋ ਘਟ 500 ਤੇ ਵਧ ਤੋਂ ਵਧ 1,500 ਰੁਪਏ ਦੀ ਰਕਮ ਉਨ੍ਹਾਂ ਨੂੰ ਦੇਣੀ ਚਾਹੀਦੀ ਹੈ ਤਾ ਕਿ ਉਹ ਕਣਕ ਖਰੀਦ ਕਰ ਲੈਣ ਅਤੇ ਆਉਣ ਵਾਲੇ ਸਮੇਂ ਵਿਚ ਵਰਤ ਸਕਣ ਕਿਉਂ ਕਿ ਪਤਾ ਨਹੀਂ ਆਉਣ ਵਾਲੇ ਸਮੇਂ ਵਿਚ ਇਹ ਸਰਕਾਰ ਕਿਸ ਦੇ ਹਥ ਜਾਣੀ ਹੈ । ਸਰਦਾਰ ਗੁਰਨਾਮ ਸਿੰਘ ਦੇ ਹਥ ਤਾਂ ਰਹਿਣੀ ਨਹੀਂ ਹੋਰ ਕਿਸੇ ਦੇ ਹਥ ਚਲੀ ਜਾਵੇਗੀ (ਵਿਘਨ) ਇਹ ਰਕਮ ਇਕ ਸਾਲ ਵਿਚ ਕਿਸ਼ਤਾਂ ਰਾਹੀਂ ਕਟ ਲਈ ਜਾਵੇ, ਨਾਲ ਹੀ ਮੈਂ ਇਹ ਕਹਾਂਗਾ ਕਿ ਇਸ ਰਕਮ ਤੇ ਕੋਈ ਸੂਦ ਨਹੀਂ ਲੈਣਾ ਚਾਹੀਦਾ ਹੈ ।

ਸ੍ਰੀ ਡਿਪਟੀ ਸਪੀਕਰ : ਇਹ ਮਜ਼ਦੂਰ ਲਈ ਜਾਂ ਸਰਕਾਰੀ ਮੁਲਾਜ਼ਮ ਲਈ ਰੁਪਿਆ ਮੰਗ ਰਹੇ ਹੋ ? (Does the hon. Member demand money for the labourers or Government employees ?)

ਸ੍ਰੀ ਸਾਧੂ ਰਾਮ : ਨਹੀਂ ਜੀ ਇਹ ਹਰੀਜਨਾਂ ਲਈ ਮੰਗ ਰਿਹਾ ਹਾਂ ਤਾ ਕਿ ਉਹ ਕਣਕ ਖਰੀਦ ਸਕਣ ਅਤੇ ਸਾਲ ਭਰ ਉਨ੍ਹਾਂ ਨੂੰ ਕਿਸੇ ਕਿਸਮ ਦੀ ਤਕਲੀਫ ਰੋਟੀ ਦੀ ਥੁੜ ਕਾਰਨ ਨਾ ਹੋਵੇ ।

ਸ੍ਰੀ ਡਿਪਟੀ ਸਪੀਕਰ : ਕਿਆ ਹਮ ਭੀ ਉਸ ਜ਼ੁਮਰੇ ਮੇਂ ਆ ਸਕੇਂਗੇ ਯਾ ਨਹੀਂ (ਹਾਸਾ) (Would I be also included in that category ?) (*Laughter*)

ਸ੍ਰੀ ਸਾਧੂ ਰਾਮ : ਇਸੇ ਤਰ੍ਹਾਂ ਡਿਪਟੀ ਸਪੀਕਰ ਸਾਹਿਬ ਖੰਡ ਦੀ ਕਿੱਲਤ ਹੈ, ਪਹਿਲਾਂ ਇਹ ਦੋ ਰੁਪਏ ਜਾਂ ਡੇਢ ਰੁਪਏ ਕਿਲੋ ਮਿਲ ਜਾਂਦੀ ਸੀ ਪਰ ਹੁਣ ਬਲੈਕ ਵਿਚ ਇਹ 5 ਰੁਪਏ ਕਿਲੋ ਤਕ ਪਹੁੰਚ ਗਈ ਹੈ ਅਤੇ ਇਹ ਸਾਰਾ ਬਲੈਕ ਦਾ ਰੁਪਿਆ ਕਿਥੇ ਜਾ ਰਿਹਾ ਹੈ ਜਨ ਸਘੀਆਂ ਦੀਆਂ ਜੇਬਾਂ ਵਿਚ ਜਾਂ ਹੋਰ ਕਿਥੇ ਜਾ ਰਿਹਾ ਹੈ । (ਵਿਘਨ)

ਸਰਦਾਰ ਗੁਰਦੇਵ ਸਿੰਘ : ਡਿਪਟੀ ਸਪੀਕਰ ਸਾਹਿਬ, ਮੈਂ ਤਾਂ ਇਹ ਕਹਾਂਗਾ ਕਿ ਚੌਧਰੀ ਸਾਧੂ ਰਾਮ ਜੀ ਬੋਲ ਰਹੇ ਹਨ ਅਤੇ ਚੌਧਰੀ ਸੁੰਦਰ ਸਿੰਘ ਜੀ ਵੀ ਬੋਲਦੇ ਹਨ। ਪਰ ਕੋਈ ਸਮਝ ਨਹੀਂ ਪੈਂਦੀ ਕਿ ਕੀ ਆਖ ਰਹੇ ਹਨ। ਇਹ ਸਾਡੇ ਭਾਈ ਚਾਰੇ ਵਿਚ ਹਨ। ਸਾਨੂੰ ਇਨ੍ਹਾਂ ਨੂੰ ਵੇਖ ਵੇਖ ਕੇ ਸ਼ਰਮ ਆਉਂਦੀ ਹੈ ਕਿ ਕਿਸ ਤਰ੍ਹਾਂ ਬੋਲਦੇ ਹਨ। ਕਿਸੇ ਨੂੰ ਵੀ ਸਮਝ ਨਹੀਂ ਪੈਂਦੀ (ਵਿਘਨ) (ਹਾਸਾ)

ਸ੍ਰੀ ਸਾਧੂ ਰਾਮ : ਮੈਂ ਤਾਂ ਪਹਿਲਾਂ ਹੀ ਕਿਹਾ ਹੈ ਕਿ ਜੇ ਮੈਂਬਰ ਬਣ ਜਾ ਤਾਂ ਉਨ੍ਹਾਂ ਨੂੰ ਨਾ ਦਿਸਦਾ ਹੈ ਤੇ ਨਾ ਸੁਣਦਾ ਹੈ।

ਇਕ ਮਾਨਯੋਗ ਮੈਂਬਰ : ਜੇ ਕਰ ਗੂੰਗੇ ਵੀ ਹੋ ਜਾਓ ਤਾਂ ਘਰ ਪੂਰਾ ਹੋ ਜਾਵੇ। (ਹਾਸਾ)।

ਸ੍ਰੀ ਡਿਪਟੀ ਸਪੀਕਰ : ਇਹ ਤੁਸੀਂ ਸਾਰੇ ਮੈਂਬਰਾਂ ਦੇ ਬਾਰੇ ਵਿਚ ਕਹਿ ਰਹੇ ਹੋ ਜਾਂ ਸਿਰਫ ਹਰੀਜਨਾਂ ਬਾਰੇ ਹੀ ? (Is the hon. Member making this remark in relation to Harijan M.L.As. or all the members?)

ਸ੍ਰੀ ਸਾਧੂ ਰਾਮ : ਇਹ ਹਰੀਜਨ ਮੈਂਬਰਾਂ ਬਾਰੇ ਕਹਿ ਰਿਹਾ ਹਾਂ। ਮੈਂ ਤਾਂ ਇਹ ਕਿਹਾ ਹੈ ਕਿ ਇਨ੍ਹਾਂ ਨੂੰ ਨਾ ਸੁਣਦਾ ਹੈ ਨਾ ਦਿਸਦਾ ਹੈ। ਇਹ ਤਾਂ ਤੁਹਾਡਾ ਕਹਿਣਾ ਵੀ ਨਹੀਂ ਸੁਣਦੇ। (ਵਿਘਨ) (ਹਾਸਾ) ਇਹ ਰਿਸ਼ਵਤ ਅਤੇ ਕੁਰਪਸ਼ਨ ਦੀ ਗਲ ਕਰਦੇ ਕਹਿੰਦੇ ਹਨ ਕਿ ਕਾਂਗਰਸ ਵਾਲਿਆਂ ਨੇ ਕੀਤੀ ਪਰ ਮੈਂ ਇਨ੍ਹਾਂ ਤੋਂ ਪੁਛਦਾ ਹਾਂ। (× × × ×)

ਮੁਖ ਮੰਤਰੀ : ਮੈਨੂੰ ਇਹ ਨਾਉਂ ਲਿਖ ਕੇ ਦੇ ਦੇਣ, I will hold the enquiry.

ਸ੍ਰੀ ਸਾਧੂ ਰਾਮ : ਇਸ ਵਿਚ ਲਿਖ ਕੇ ਦੇਣ ਵਾਲੀ ਕਿਹੜੀ ਗਲ ਹੈ [× × × × ×] (ਵਿਘਨ)

ਮੁਖ ਮੰਤਰੀ : ਹੁਣ ਇਹ ਲਿਖ ਕੇ ਦੇਣ ਨੂੰ ਵੀ ਤਿਆਰ ਨਹੀਂ। (ਵਿਘਨ) ਮੈਨੂੰ ਕੀ ਪਤਾ ਹੋ ਸਕਦਾ ਹੈ ਕਿ ਕਿਹੜਾ ਹੈ (ਵਿਘਨ)

Mr. Deputy Speaker: These remarks of the hon. Member are expunged from the record.

ਸਰਦਾਰ ਕਰਨੈਲ ਸਿੰਘ (ਵੇਰਕਾ-ਐਸ.ਸੀ.) ਡਿਪਟੀ ਸਪੀਕਰ ਸਾਹਿਬ ਮੈਂ ਦੋ ਬੇਨਤੀਆਂ ਕਰਨੀਆਂ ਚਾਹੁੰਦਾ ਹਾਂ ਬਜਟ ਦੇ ਬਾਰੇ ਵਿਚ ਕੁਝ ਸਜਨਾਂ ਨੇ ਇਸ ਪਾਸੇ ਤੋਂ ਕਿਹਾ ਹੈ ਅਤੇ ਕੁਝ ਅਪੋਜ਼ੀਸ਼ਨ ਦੇ ਮੈਂਬਰਾਂ ਨੇ ਇਸ ਨੂੰ ਮਾੜਾ ਆਖਿਆ ਹੈ। ਮੇਰੀ ਰਾਏ ਵਿਚ ਇਹ ਬਹਿਸ ਬੱਜਟ ਤੇ ਹੀ ਹੋ ਰਹੀ ਸੀ (ਵਿਘਨ)

ਸ੍ਰੀ ਡਿਪਟੀ ਸਪੀਕਰ : ਇਹ ਬਹਿਸ ਡੀਮਾਂਡਜ਼ ਤੇ ਹੈ (The di cussion is on the Demands for Grant.)

---

*Expunged as ordered by the Chair.

ਸਰਦਾਰ ਕਰਨੈਲ ਸਿੰਘ (ਮਰੜੀ): ਮੈਂ ਇਨ੍ਹਾਂ ਡੀਮਾਂਡਜ਼ ਦੇ ਬਾਰੇ ਵਿਚ ਹੀ ਬੇਨਤੀਆਂ ਕਰਨੀਆਂ ਹਨ । ਜ਼ਿਲਾ ਅੰਮ੍ਰਿਤਸਰ ਦੀ ਜਨਤਾ ਅਤੇ ਜ਼ਿਮੀਦਾਰਾਂ ਦੀ ਹਾਲਤ ਬਹੁਤ ਮਾੜੀ ਹੈ । ਇਸ ਪਖ ਵਿਚ ਮੈਂ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਜਦ ਜੰਗ ਸੀ ਤਾਂ .... (ਵਿਘਨ)

ਚੌਧਰੀ ਬਲਬੀਰ ਸਿੰਘ : ਆਨ ਏ ਪੁਆਇੰਟ ਆਫ ਆਰਡਰ ਸਰ । ਮਨਿਸਟਰ ਸਾਹਿਬ ਬੋਲ ਰਹੇ ਮੈਂਬਰ ਦੇ ਵਿਚਾਲੇ ਤੋਂ ਲੰਘ ਗਏ ਨੇ ਅਤੇ ਆਪਣੀ ਸੀਟ ਤੇ ਬੈਠ ਗਏ ਨੇ। ਇਨ੍ਹਾਂ ਨੇ ਕਰਾਸ ਕੀਤਾ ਹੈ ।

ਸ਼੍ਰੀ ਡਿਪਟੀ ਸਪੀਕਰ : ਸਹਿਜ ਸੁਭਾ ਇਨ੍ਹਾਂ ਪਾਸੋਂ ਇਸ ਤਰ੍ਹਾਂ ਹੋ ਗਿਆ ਹੈ ਅਗੇ ਨੂੰ ਇਸ ਤਰ੍ਹਾਂ ਨਹੀਂ ਕਰਨਗੇ। (ਵਿਘਨ) (He has done so inadvertantly. However, in future, he will not do so.) (Interruption).

ਸਰਦਾਰ ਕਰਨੈਲ ਸਿੰਘ (ਮਰੜੀ) : ਮੈਂ ਡਿਪਟੀ ਸਪੀਕਰ ਸਾਹਿਬ, ਅਰਜ਼ ਕਰਨ ਲਗਾ ਸਾਂ ਕਿ ਜ਼ਿਲ੍ਹਾ ਅੰਮ੍ਰਿਤਸਰ ਦੇ ਇਲਾਕੇ ਵਿਚ ਜ਼ਿਮੀਦਾਰਾਂ ਦਾ ਬਹੁਤ ਨੁਕਸਾਨ ਹੋਇਆ। ਜਦ ਜੰਗ ਲਗੀ ਸੀ 10-10 ਮੀਲ ਦੇ ਇਲਾਕੇ ਵਿਚ ਬਹੁਤ ਨੁਕਸਾਨ ਹੋਇਆ । ਸੜਕਾਂ ਪੁਟ ਦਿਤੀਆਂ ਗਈਆਂ ਬੁਰਾ ਹਾਲ ਹੋਇਆ । ਜੰਗ ਵਿਚ ਫਸਲ ਨਾ ਹੋ ਸਕੀ ਇਥੇ ਜਿਨ੍ਹਾਂ ਜ਼ਿਮੀਦਾਰਾਂ ਨੂੰ ਕਰਜ਼ੇ ਦਿਤੇ ਹੋਏ ਹਨ ਅਤੇ ਤਕਾਵੀਆਂ ਦਿਤੀਆਂ ਗਈਆਂ ਸਨ, ਉਹ ਉਨ੍ਹਾਂ ਨੂੰ ਹਾਲਾਤ ਦੇ ਮੁਤਾਬਿਕ ਅਜ ਪੇ ਨਹੀਂ ਕਰ ਸਕਦੇ, ਅਦਾ ਨਹੀਂ ਕਰ ਸਕਦੇ। ਇਸ ਲਈ ਉਨ੍ਹਾਂ ਤੇ ਜ਼ੋਰ ਨਾ ਦਿਤਾ ਜਾਵੇ ਕਿ ਉਹ ਇਨ੍ਹਾਂ ਕਰਜ਼ਿਆਂ ਨੂੰ ਵਾਪਸ ਕਰਨ । ਜੇਕਰ ਤੁਸੀਂ ਵਸੂਲੀ ਕਰਨੀ ਹੈ ਜੇਕਰ ਮਾਫ ਨਹੀਂ ਕੀਤੀਆਂ ਜਾ ਸਕਦੀਆਂ ਤਾਂ ਉਨ੍ਹਾਂ ਨੂੰ ਇਹ ਹੁਕਮ ਦਿਤਾ ਜਾਵੇ ਕਿ ਇਹ ਵਸੂਲੀਆਂ ਪੰਜ ਸਤ ਸਾਲ ਅਗਾਂਹ ਪਾ ਦਿਤੀਆਂ ਜਾਣ। ਇਹ ਉਹ ਜ਼ਿਮੀਦਾਰ ਨੇ ਜਿਨ੍ਹਾਂ ਨੇ ਦੇਸ਼ ਦੀ ਸੇਵਾ ਕੀਤੀ ਅਤੇ ਦੇਸ਼ ਦੇ ਹਿਤ ਲਈ ਲੜਦੇ ਨੌਜਵਾਨਾਂ ਨੂੰ ਘਰੋਂ ਰੋਟੀਆਂ ਪਕਾ ਕੇ ਦੁਧ ਦੇ ਗੜਵੇ ਤੇ ਲੱਸੀ ਦੀਆਂ ਚਾਟੀਆਂ ਪਹੁਚਾਂਦੇ ਰਹੇ । ਇਸ ਪੱਖ ਵਿਚ ਇਨ੍ਹਾਂ ਦੀ ਮਹਾਨ ਕੁਰਬਾਨੀ ਨੂੰ ਸਾਹਮਣੇ ਰਖਕੇ ਇਨ੍ਹਾਂ ਦੀਆਂ ਤਕਾਵੀਆਂ ਦੀਆਂ ਵਸੂਲੀਆਂ ਅਗਾਂਹ ਪਾ ਦੇਣੀਆਂ ਚਾਹੀਦੀਆਂ ਹਨ ਅਤੇ ਇਸ ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ।

ਇਸ ਤੋਂ ਇਲਾਵਾ, ਮੈਂ ਇਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿੰਡਾਂ ਵਿਚ ਜਾ ਕੇ ਵੇਖਣਾ ਚਾਹੀਦਾ ਹੈ ਕਿ ਹਰੀਜਨ ਗਰੀਬਾਂ ਨਾਲ ਕੀ ਸਲੂਕ ਕੀਤਾ ਜਾਂਦਾ ਹੈ । ਇਹ ਲੋਕ ਹਾੜ੍ਹੀ ਦੀ ਫ਼ਸਲ ਤੇ ਜਦ ਕਣਕਾਂ ਹੁੰਦੀਆਂ ਹਨ ਤਾਂ ਦਸ ਪੰਜ ਭਰੀਆਂ ਲੈ ਲੈਂਦੇ ਸਨ ਅਤੇ ਪੰਜ ਛੇ ਮਹੀਨੇ ਲਈ ਦਾਣੇ ਇਕਠੇ ਕਰ ਲੈਂਦੇ ਸਨ । ਪਰ ਅਜ ਇਨ੍ਹਾਂ ਨੂੰ ਮਜ਼ਦੂਰੀ ਨਹੀਂ ਮਿਲਦੀ ਜ਼ਿਮੀਦਾਰ ਨੂੰ ਤਾਂ ਸਹੂਲਤਾਂ ਦਿਤੀਆਂ ਜਾਂਦੀਆਂ ਹਨ ਟਰੈਕਟਰ ਲਈ ਉਨ੍ਹਾਂ ਨੂੰ ਕਰਜ਼ਾ ਦਿਤਾ ਜਾਂਦਾ ਹੈ, ਫਿਰ ਹੁਣ ਥਰੈਸ਼ਰ ਆ ਗਏ ਹਨ ਕਣਕ ਕੁਤਰਨ ਲਈ, ਜਿਸ ਨਾਲ ਮਜ਼ਦੂਰ ਵਿਚਾਰੇ ਬੇਕਾਰ ਹੋ ਗਏ ਹਨ ਅਤੇ ਉਨ੍ਹਾਂ ਦਾ ਹਾਲ ਬੁਰਾ ਹੈ । ਖ਼ਾਸ ਤੌਰ ਤੇ ਹਰੀਜਨਾਂ ਦਾ। ਮੈਂ ਇਹ ਦਸਣਾ ਚਾਹੁੰਦਾ ਹਾ ਕਿ ਜਦ ਪੰਜਾਬੀ ਸੂਬਾ ਬਣਿਆਂ ਤਾਂ 21 ਮੈਂਬਰਾਂ ਦੀ ਇਕ ਕਮੇਟੀ ਬਣੀ. ਉਸ ਵਿਚ ਇਹ ਸਵਾਲ ਆਇਆ ਕਿ ਪੰਜਾਬੀ ਸੂਬਾ ਬਣਨ ਨਾਲ ਹਰੀਜਨਾਂ ਦੀ ਹਾਲਤ ਮਾੜੀ ਹੋ ਜਾਵੇਗੀ । ਮੈਂ ਰਾਏ ਦਿਤੀ ਕਿ ਇਸ ਤਰ੍ਹਾਂ ਨਹੀਂ ਹੋ ਸਕਦਾ, ਕਿਉਂਕਿ ਪੰਜਾਬੀ ਸੂਬੇ ਵਿਚ ਗਰੀਬ ਹਰੀਜਨ ਤਾਂ ਪਾਸਕੂ ਹੋਣਗੇ ਅਤੇ ਜਿਹੜਾ ਵੀ ਰਾਜ ਭਾਗ ਸੰਭਾਲੇਗਾ ਉਸ ਨੂੰ ਵੇਖਣਗੇ ਅਤੇ ਜੇਕਰ ਅਪੋਜੀਸ਼ਨ ਨੇ ਵਜ਼ਾਰਤ ਸੰਭਾਲੀ ਤਾਂ ਵੇਖ ਲਵਾਂਗੇ ਕਿ ਉਹ ਕਿਸ ਤਰ੍ਹਾਂ ਨਾਲ ਕੰਮ ਕਰਦੇ ਹਨ । ਇਸ ਲਈ ਸਾਨੂੰ ਆਪਣੇ ਹਕਾਂ ਨੂੰ

ਮਨਾਣ ਲਈ ਤਤਪਰ ਰਹਿਣਾ ਚਾਹੀਦਾ ਹੈ ਅਤੇ ਕਿਸੇ ਕਿਸਮ ਦਾ ਕੋਈ ਖਤਰਾ ਨਹੀਂ ਹੋ ਸਕਦਾ (ਪ੍ਰਸ਼ੰਸਾ) ਜੇਕਰ ਕਾਂਗਰਸ ਰਾਜ ਭਾਗ ਨੂੰ ਚੰਗੀ ਤਰ੍ਹਾਂ ਚਲਾਵੇਗੀ ਤਾਂ ਅਸੀਂ ਉਸ ਨੂੰ ਸਹਿਯੋਗ ਦਿਆਂਗੇ, ਜੇਕਰ ਲੋੜ ਪਈ ਤਾਂ ...... (ਪ੍ਰਸ਼ੰਸਾ)

ਸ੍ਰੀ ਡਿਪਟੀ ਸਪੀਕਰ : ਪਾਸਕੂ ਵੀ ਤਾਂ ਪਾਰਟੀ ਦੇ ਹਥ ਵਿਚ ਹੈ (ਹਾਸਾ) (The balance of power is also in the hands of the party.) (Laughter)

ਸਰਦਾਰ ਕਰਨੈਲ ਸਿੰਘ ਮਰੜੀ : ਡਿਪਟੀ ਸਪੀਕਰ ਸਾਹਿਬ ਮੈਂ ਬੇਨਤੀ ਕਰ ਰਿਹਾ ਸਾਂ ਕਿ ਜਿੰਨੀਆਂ ਮੁਸ਼ਕਲਾਤ ਗਰੀਬ ਜ਼ਿਮੀਦਾਰ ਨੂੰ ਅਤੇ ਹਰੀਜਨਾਂ ਨੂੰ ਹਨ, ਉਨ੍ਹਾਂ ਨੂੰ ਫੌਰੀ ਤੌਰ ਤੇ ਦੂਰ ਕਰਨਾ ਚਾਹੀਦਾ ਹੈ । ਇਥੇ ਵੱਡੇ ਵੱਡੇ ਜ਼ਿਮੀਦਾਰਾਂ ਦੀ ਗਲ ਚਲਦੀ ਹੈ ਜਾਂ ਵੱਡੇ ਵਪਾਰੀਆਂ ਦੀ ਗਲ ਚਲਦੀ ਹੈ । ਮੈਂ ਅਪੋਜ਼ੀਸ਼ਨ ਅਤੇ ਇਧਰ ਦੇ ਬੈਠੇ ਸਜਣਾਂ ਦੀਆਂ ਤਕਰੀਰਾਂ ਨੂੰ ਸੁਣਿਆ ਹੈ, ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਕਿਸੇ ਨੇ ਵੀ ਮਜ਼ਦੂਰ ਗਰੀਬ ਦੀ ਗਲ ਨਹੀਂ ਕੀਤੀ ਕਿ ਕਿਸਤਰ੍ਹਾਂ ਉਸ ਗਰੀਬ ਨੂੰ ਰੋਟੀ ਦੇਣੀ ਹੈ । ਉਸ ਪਾਸ ਕਪੜਾ ਨਹੀਂ, ਪੈਸਾ ਨਹੀਂ, ਹੋਰ ਜੀਵਨ ਦੀ ਕੋਈ ਸਹੂਲਤ ਨਹੀਂ। ਜਦ ਤਕ ਤੁਸੀਂ ਗਰੀਬ ਦੀ ਬਿਹਤਰੀ ਨਹੀਂ ਕਰਦੇ, ਸੁਧਾਰ ਕਿਸ ਤਰ੍ਹਾਂ ਹੋ ਸਕਦਾ ਹੈ ? ਇਸ ਨਾਲ ਤਾਂ ਹੋਰ ਮੁਸ਼ਕਲਾਂ ਪੈਦਾ ਹੋ ਸਕਦੀਆਂ ਹਨ । ਅਜ ਅੰਮ੍ਰਿਤਸਰ ਵਿਚ ਇਨ੍ਹਾਂ ਗਰੀਬਾਂ ਦੀ ਕੀ ਹਾਲਤ ਹੈ । ਇਸ ਵਿਚ ਕਿੰਨੀ ਥਾਈਂ ਮੰਡੀਆਂ ਲਗਦੀਆਂ ਹਨ । ਇਕ ਮੰਡੀ ਲਗਦੀ ਹੈ ਸਾਹਮਣੇ ਇਕਠੇ ਹੁੰਦੇ ਨੇ ਗਰੀਬ ਅਤੇ ਅਮੀਰ ਉਨ੍ਹਾਂ ਨੂੰ ਨਾਲ ਲੈ ਜਾਂਦੇ ਨੇ ਕੰਮ ਕਰਾਉਣ ਲਈ । ਜਿਨ੍ਹਾਂ ਨੂੰ ਕੰਮ ਨਹੀਂ ਮਿਲਦਾ ਉਹ ਮਾਯੂਸ ਹੋ ਕੇ ਵਾਪਸ ਚਲੇ ਜਾਂਦੇ ਨੇ । ਦੂਜੀ ਮੰਡੀ, ਡਿਪਟੀ ਸਪੀਕਰ ਸਾਹਿਬ, ਲਗਦੀ ਹੈ ਬਾਬਾ ਅਟਲ ਸਾਹਿਬ ਦੇ ਬਾਹਰ । ਇਥੇ ਮੰਗਤੇ ਆਂਦੇ ਨੇ ਅਤੇ ਇਸ ਵਿੱਚ ਚੰਗੇ ਆਦਮੀ ਵੀ ਹੁੰਦੇ ਨੇ ਜਿਨ੍ਹਾਂ ਨੂੰ ਕੋਈ ਕੰਮ ਨਹੀਂ ਮਿਲਦਾ ਤੇ ਇਥੇ ਰੋਟੀ ਮਿਲ ਜਾਂਦੀ ਹੈ ਇਸ ਤਰ੍ਹਾਂ ਪੇਟ ਪਾਲਦੇ ਨੇ । ਤੀਜੀ ਮੰਡੀ ਬੀਬੀਆਂ ਦੀ ਸੁਲਤਾਨ ਵਿੰਡ ਗੇਟ ਦੇ ਬਾਹਰ ਲਗਦੀ ਹੈ । ਉਥੇ ਸਬਜ਼ੀਆਂ ਦਾ ਕੰਮ, ਕਾਰਖਾਨੇ ਵਿੱਚ ਕੰਮ ਕਰਨ ਲਈ ਇਕੱਠੀਆਂ ਹੁੰਦੀਆਂ ਹਨ । ਅੱਜ ਗਰੀਬ ਦੀ ਇਹ ਹਾਲਤ ਹੈ । ਇਸ ਸਰਕਾਰ ਨੂੰ 20 ਸਾਲ ਹੋ ਗਏ ਅਤੇ ਇਹ ਗਰੀਬ ਨਾਲ ਇਸ ਤਰ੍ਹਾਂ ਦਾ ਸਲੂਕ ਚਲਿਆ ਆ ਰਿਹਾ ਹੈ । ਕਾਂਗਰਸ ਦੀ ਸਰਕਾਰ ਨੇ ਇਸ ਨੂੰ ਠੀਕ ਕਰਨ ਲਈ ਕੋਈ ਕਦਮ ਨਹੀਂ ਚੁਕੇ । ਇਸ ਸਰਕਾਰ ਨੂੰ ਇਸ ਲਾਹਨਤ ਤੋਂ ਗਰੀਬ ਨੂੰ ਬਚਾਣ ਲਈ ਤਤਪਰ ਰਹਿਣਾ ਚਾਹੀਦਾ ਹੈ ਅਤੇ ਕਾਰਵਾਈ ਕਰਨੀ ਚਾਹੀਦੀ ਹੈ । (ਪ੍ਰਸ਼ੰਸਾ) ਸੂਬੇ ਦੀ ਸਰਕਾਰ ਨੇ ਕੋਈ ਕਾਰਵਾਈ ਪਿਛਲੇ 20 ਸਾਲ ਵਿਚ ਨਹੀਂ ਕੀਤੀ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਗਰੀਬ ਜਨਤਾ ਦਾ ਬੁਰਾ ਹਾਲ ਹੈ ਅਗੇ ਉਨ੍ਹਾਂ ਦਾ ਜਿਨ੍ਹਾਂ ਨੇ ਪੰਜਾਬੀ ਸੂਬਾ ਅਜੇ ਨਹੀਂ ਸੀ ਬਣਿਆ ਤਾਂ ਮੋਰਚੇ ਲਗਾਏ ਸਨ ਅਤੇ ਜਿਨ੍ਹਾਂ ਲਈ ਸੰਤ ਬਾਬਾ ਫ਼ਤਿਹ ਸਿੰਘ ਜੀ ਨੇ ਜਾਨ ਦੀ ਬਾਜ਼ੀ ਲਗਾ ਦਿੱਤੀ ਸੀ ਤੇ ਉਹ ਕਾਂਗਰਸੀ ਭਰਾ ਜਿਹੜੇ ਕਹਿੰਦੇ ਸਨ ਕਿ ਪੰਜਾਬੀ ਸੂਬਾ ਸਾਡੀਆਂ ਲਾਸ਼ਾਂ ਤੇ ਬਣੇਗਾ, ਅੱਜ ਇਥੇ ਬੈਠੇ ਹਨ । ਇਨ੍ਹਾਂ ਦੀ ਜ਼ਿੰਮੇਦਾਰੀ ਹੈ ਸੂਬਾ ਬਨਾਉਣ ਵਿਚ ਸਾਨੂੰ ਸੰਤ ਬਾਬਾ ਫਤਿਹ ਸਿੰਘ ਜੀ ਦਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਹੈ, ਜਿਨ੍ਹਾਂ ਨੇ ਸਾਡੇ ਲਈ ਐਨੀ ਮਹਾਨ ਕੁਰਬਾਨੀ ਕੀਤੀ ਅਤੇ ਉਨ੍ਹਾਂ ਨੂੰ ਸ਼ਾਬਾਸ਼ ਦੇਣੀ ਚਾਹੀਦੀ ਹੈ । (ਵਿਘਨ)

ਸ੍ਰੀ ਡਿਪਟੀ ਸਪੀਕਰ : ਕੁਝ ਜਨਰਲ ਐਡਮਨਿਸਟ੍ਰੇਸ਼ਨ ਬਾਰੇ ਵੀ ਕਹਿ ਦਿਉ । (The hon. Member should also say something on the General Administration.)

ਸਰਦਾਰ ਕਰਨੈਲ ਸਿੰਘ ਮਰੜੀ : ਮੈਂ ਤਾਂ ਇਨ੍ਹਾਂ ਨੂੰ ਕਹਾਂਗਾ ਕਿ ਕਾਹਲੇ ਨਹੀਂ ਪੈਣਾ ਚਾਹੀਦਾ। ਪੰਜਾਬੀ ਸੂਬੇ ਵਿੱਚ ਇਨ੍ਹਾਂ ਅਪੋਜ਼ੀਸ਼ਨ ਵਾਲਿਆਂ ਨੂੰ ਘਬਰਾਣ ਦੀ ਲੋੜ ਨਹੀਂ। ਇਕ ਬੇਨਤੀ ਮੈਂ ਹੋਰ ਕਰਨੀ ਚਾਹੁੰਦਾ ਹਾਂ ਕਿ ਸਰਕਾਰ ਇਹ ਨਾ ਸਮਝੇ ਕਿ ਉਹ ਕਮਜ਼ੋਰ ਹੈ ਅਤੇ ਇਸ ਨੂੰ ਅਜਿਹੇ ਕਦਮ ਚੁਕਣੇ ਚਾਹੀਦੇ ਹਨ, ਜਿਨ੍ਹਾਂ ਕਾਰਨ ਇਹ ਮਜ਼ਬੂਤ ਹੋਵੇ ਅਤੇ ਜਨਤਾ ਦਾ ਵਿਸ਼ਵਾਸ ਇਨ੍ਹਾਂ ਨੂੰ ਪ੍ਰਾਪਤ ਹੋਵੇ। ਮੈਂ ਇਨ੍ਹਾਂ ਨੂੰ ਕਹਾਂਗਾ ਕਿ ਪਿਛਲੀ ਸਰਕਾਰ ਨੇ ਜਨਤਾ ਦਾ ਖ਼ੂਨ 20 ਸਾਲ ਤਕ ਚੂਸਿਆ ਸੀ, ਇਸ ਲਈ ਉਨ੍ਹਾਂ ਦੀ ਇਨਕੁਆਇਰੀ ਹੋਣੀ ਚਾਹੀਦੀ ਹੈ। ਮੈਂ ਖਿਮਾਂ ਦਾ ਯਾਚਕ ਹਾਂ ਜਦ ਮੈਂ ਇਹ ਕਹਾਂ ਕਿ ਇਨਕੁਆਇਰੀ ਕੀਤੀ ਜਾਵੇ ਤਾਂ ਕਿ ਬੈਲੰਸ ਬਰਾਬਰ ਹੋ ਸਕੇ ਅਤੇ ਜਿਨ੍ਹਾਂ ਨੇ ਗਾਰਡਰ ਖਾਧੇ ਹਨ, ਸੀਮਿੰਟ ਖਾਧਾ ਹੈ ਅਤੇ ਗਰੀਬ ਲੋਕਾਂ ਦਾ ਖ਼ੂਨ ਚੂਸਿਆ ਹੈ, ਉਨ੍ਹਾਂ ਨੂੰ ਜੇਲ੍ਹਾਂ ਵਿਚ ਬੰਦ ਕਰ ਦੇਣਾ ਚਾਹੀਦਾ ਹੈ।

चौधरी राधा कृष्ण (फाजिलका) : डिप्टी स्पीकर साहिब, हाऊस के सामने इस वक्त जनरल ऐडमिनिस्ट्रेशन और पुलिस की मांगें ज़ेरे बहस हैं।

जैसे जोगा साहिब ने कहा है कि पुलिस वालों के लिये सवारी का बंदोबस्त नहीं है, मैं भी उनकी इस बात का समर्थन करता हूं और चीफ मनिस्टर साहिब के नोटिस में यह बात लाना चाहता हूं कि ज़िला पुलिस के कर्मचारियों के लिये, जीप या घोड़ों का प्रबंध होना चाहिये। उनके पास तसल्लीबख्श सवारी का इंतज़ाम न होने के कारण वह लोग मुलज़मों का अच्छी तरह से पीछा नहीं कर सकते। मेरी इस बात को नोट कर लिया जावे। मैं इसके मुताल्लिक एक मिसाल आपकी खिदमत में पेश करना चाहता हूँ कि पिछले दिनों अबोहर की पुलिस मुक्तसर के पास से मुलजमों को पकड़ने के लिये गई। उनके पास पुलिस का कोई घोड़ा भी न था। वह किसी का ट्रक लेकर पीछा करने लगे। मगर वह रेलवे लाईन के साथ हो लिये, इस तरह जब उनके मुकाबिला में आये तो दो सिपाही मारे गये। मैं इस लिये कहूंगा कि अगर उनके लिये घोड़ा गाड़ी या मोटर का प्रबंध कर दिया जाये, या जीप्स दे दी जायें तो इस से पुलिस वालों का इंतज़ाम अच्छा हो सकता है।

मैं सरदार गुरनाम सिंह को मुबारिकबाद देता हूं और जैसे रैवीन्यू मनिस्टर साहिब ने कहा था कि यह सप्त ऋषि की सरकार है क्योंकि इस में 7 किस्म की पार्टियां हैं। मैं तो कहूंगा कि अब आप सात ऋषि नहीं रहे, 8 हो गये हैं क्योंकि आठवीं पार्टी कांग्रेस के कुछ नुमांयदे भी इसमें शामिल हो गये हैं। यह एक बड़ी सीधी सी बात है, अब अगर इनके हाथ सरकार आई है, तो अच्छे अच्छे काम करें तो बहुत अच्छी बात है। काम करने वालों को जरूर मौका मिलना चाहिये। मगर 20 साल की बात कह कर, कांग्रेस का नाम लेकर, यहां पर कीचड़ उछालना अच्छी बात नहीं है। अगर कुछ काम पूरी तरह से इस अर्सा में कांग्रेस पार्टी कर हो नहीं पाई तो कुछ काम ऐसे भी किये हैं जो बहुत ही अच्छे हैं। एक बात इनको ध्यान में रखनी चाहिए कि अगर कांग्रेस अच्छे अच्छे काम न करती तो यह भाखड़ा डेम न होता। इतनी आलीशान बिल्डिंग्ज़ न होतीं। इतनी सड़कों का जाल और बिजली की लाइनों का जाल न होता। यह कैसे हो सकता है कि पिछले 20 साल में जो

काम हुए वह बुरे ही हुए। यह भी मुनासिब नहीं देता कि यह कहा जाये कि गुरनाम सिंह मनिस्टरी जो कुछ भी करेगी, वह अच्छे काम ही करेगी और बुरे कामों की जिम्मेवारी कांग्रेस पार्टी पर ठोस दी जाये । सरदार गुरनाम सिंह अब अपोजीशन को गाईड नहीं कर रहे अब आप इस हाऊस को लीड कर रहे हैं उनको ट्रैजरी बैंचिज को याद रखना चाहिये । जहां तक पुलिटिकल कुरप्शन का सवाल है, वजारत की कुरसियों की, उस वक्त भी थी, आज भी है.......

एक माननीय सदस्य : आप भी चले आइये, इधर । मगर अब कोटा-परमिट खत्म हो गये हैं ।

चौधरी राधा कृष्ण : अब शायद और भी ज्यादा हों । मैं अब अपने हलका फिरोजपुर की बात पर आता हूं । एक ब्यान कुरप्शन के मुताल्लिक मैंने 15 मार्च, 1965 की अखबार में कामरेड राम किशन का पढ़ा था । इस की पुष्टी 4 एम०एल०ऐज़० ने भी की थी । मैं इस बात पर नहीं आता कि कुरप्शन घट गई है या बढ़ गई है, मगर इतना जरूर कहूंगा कि आज भी वही पुलिटीकल कुरप्शन है । इधर से उधर अब भी एम० एल० ऐज़० की आमद बरामद है । पुलिस की ऐडमनिस्ट्रेशन के मुताल्लिक भी सरदार गुरनाम सिंह जी को एक ब्यान देना चाहिये कि उनके ख्याल के मुताबिक कैसे काम हो रहा है । मगर मेरे अपने हलके का जहां तक ख्याल है, पुलिस ऐडमनिस्ट्रेशन के मुताल्लिक मैं इतना ही अर्ज करूंगा कि जहां तक हमारे अपने हलके का सवाल है, वहां पर मुजारों की जमीन जबरदस्ती काशत की गई और मालिकान ने डंडे के जोर से की है । इसके मुताल्लिक पुलिस में भी परचा दर्ज करवाया गया । इसको एक महीना हो गया है मगर इस तरफ कोई ध्यान नहीं दिया गया । मैं पुलिस के मुताल्लिक इतना ही कहूंगा कि सरकार को कोई ऐसी चीजें पुलिस के मुताल्लिक करनी चाहिए, जिस से पुलिस ऐफीशैंटली काम करे ।

श्री हरबंस लाल खन्ना (अमृतसर दक्षिण) : डिप्टी स्पीकर साहिब, मैं आपके द्वारा इस हाऊस को यह बताना चाहता हूं कि आज हम जनरल ऐडमनिस्ट्रेशन पर विचार कर रहे हैं । पिछले 20 साल से हमें जनरल ऐडमनिस्ट्रेशन के मुताल्लिक लोगों के जो फीलिंग्ज़ मिले हैं, उनसे यह जाहिर होता है कि there was no administration. इस सरकार के साथ पिछले सालों से कुछ ऐसा ऐलीमैंट था जैसे समगलर्ज और कुरप्ट लोग, शामिल करके सरकार ने अपना प्रबन्ध चलाया हुआ था, जिसे यह आज तक जनरल ऐडमनिस्ट्रेशन कहते हैं, अवाम ऐसा महसूस करते थे जैसे वह अंग्रेजों की गुलामी से निकलकर किसी और गुलामी में फँस गये हों। वह उन कारनामों पर जो उन्होंने आजादी हासिल करने के लिये किये, पर पछता रहे थे। They were repenting over that. इस लिये डिप्टी स्पीकर साहिब, मैं आपके द्वारा अपनी सरकार से कहूंगा कि आज ऐसा वातावरण

[श्री हरबंस लाल खन्ना]

बनाने की जरूरत है कि लोग उस गंदे वातावरण को भूल जायें। जो लोग आज तक अपने आपको सिक्योर महसूस नहीं करते थे, वह कुछ रिलीफ महसूस करें। मासिज को जरूरी है कि ऐसे गंदे वातावरण से बचाया जाये। आज तक कांग्रेस के सामने एक ही उद्देश्य रहा है कि उसने लोगों को अपने ही विचारों के पक्ष में, हक में, रखने के लिये सब कुछ किया मासिज का हरगिज कोई ख्याल नहीं रखा। ऐसे प्रोग्राम बनाये जो लोगों के हितों के totally against थे and there was no check on that. डिप्टी स्पीकर साहिब, आपके द्वारा मैं हाऊस की खिदमत में यह अर्ज कर देनी चाहता हूं कि हमें इस मुल्क में कोई ऐसी चेंज लानी चाहिये, जिस से दुखी लोगों को रिलीफ महसूस हो। लोग तरह तरह से तंग हैं और ज्यादा तर इस ऐडमनिस्ट्रेटिव निजाम की वजह से तंग हैं। और तो और अगर आपको किसी केस के मुताल्लिक थाना में जाना पड़े, तो वहां कोई जिम्मेवार आदमी ही नहीं मिलेगा। न थानेदार न ए. ऐस. आई. और न कोई और जिम्मेवार शख्स। मगर अगर हाजरी देखनी हो तो कागजात में बड़ा भारी स्टाफ दिखाया जाता है जो रोजाना रैगुलर्ली हाजर होता है। प्रैक्टीकली वक्त पड़ने पर सब गायब नजर आते हैं। पिछले दिनों मुझे ऐसा तजरुबा होता रहा है ......

श्री उपाध्यक्ष: पिछले दिनों से आपकी क्या मुराद है। (What does the hon. Member mean by sometime back ?)

श्री हरबंस लाल खन्ना: पिछले दिनों से मेरा मतलब है जी कांग्रेस हकूमत।

(ਇਸ ਵੇਲੇ ਸ: ਦਰਬਾਰਾ ਸਿੰਘ ਉਪ ਮੰਤਰੀ, ਡਿਪਟੀ ਸਪੀਕਰ ਅਤੇ ਸ਼੍ਰੀ ਹਰਬੰਸ ਲਾਲ ਖੰਨਾ ਜੀ ਦੇ ਵਿਚਕਾਰ ਲਾਈਨ ਕਰਾਸ ਕਰ ਗਏ।)

ਲੈਫਟੀਨੈਂਟ ਭਾਗ ਸਿੰਘ ; On a point of order Sir, ਇਕ ਵਜ਼ੀਰ ਸਾਹਿਬ ਤੁਹਾਡੇ ਅਤੇ ਮੈਂਬਰ ਸਾਹਿਬ ਦੇ ਵਿਚਕਾਰ ਦੀ ਲਾਈਨ ਕਰਾਸ ਕਰਕੇ ਬੈਠੇ ਹਨ।

Mr. Deputy Speaker : I will request that no hon. Member should pass through the line between the Chair and a Member speaking.

श्री हरबंस लाल खन्ना: अब मैं आपकी खिदमत में एडमिनिस्ट्रेशन के सम्बंध में कुछ सुझाव पेश करना चाहता हूं। पुलिस स्टेशनों के मुताल्लिक मेरा यही सुझाव है कि एक एस. एच. ओ. और एक ए. एस. आई. हर थाने में हर वक्त बैठा रहना चाहिये। इस से हर केस के मुताल्लिक मौके पर जाकर इतमीनान से फैक्टस फ़ाईन्ड आऊट किये जा सकते हैं। हम ने अमृतसर के अन्दर इस चीज को प्रैकटीकल शेप देने की कोशिश की है। We have given it a practical shape. इस से एस. एच. ओ. को अगर बाहर जाना पड़े तो साथ ही ए. एस. आई. काम संभाल लेता है इसको भी रिलीफ मिलता है और कम्पलेनैंट की भी शुनवाई होती रहती है। ऐसे ऐलीमैंट जो हकूमत से मिलकर पब्लिक के कामों में दखल अंदाज होते हैं, उन को दबाना चाहिये। उन पर कोई चैक किया जाये। There should be change in that out-look. ताकि लोगों को पता लगे कि अब जनता का, अवाम का, अपना राज है।

इसके इलावा मैं यह भी अर्ज करूंगा कि अगर किसी देश को अपने पांव पर खड़ा करना है तो उसके दो ही पहलू हैं एक तो यह कि एडमिनिस्ट्रेशन को ठीक ढंग से चलाया जाये और हमें पुलिस का साथ अगर किसी मामला में देना पड़े, तो बगैर किसी रू-रियायत के साथ देना चाहिये इसके इलावा मेहर चन्द महाजन के पुलिस कमिशन ने जितनी सिफारिशात की हैं वह अभी तक लागू नहीं की गई, इसमें से महज 10% लागू हो पाई हैं, अभी 90% बाकी हैं। यह जल्दी से जल्दी लागू होनी चाहियें। थाने में 24 घंटे तक कोई न कोई अफसर रहना चाहियें जो शिकवे-शिकायतें सुने और लोगों को सैटिसफ़ाई करे। लोगों को सैटिस्फाई करने के लिये पुलिस है, यह तभी सैटिस्फाई होंगे जब हकूमत इनको सैटिसफाई करेगी।

इस के इलावा मैं भी इस बात का समर्थन करता हूं जैसे और कई मैंबर साहिबान ने कहा है कि पुलिस वालों के लिये सवारी का ज़रूर कोई न कोई इन्तज़ाम होना चाहिये। घोड़ा वगैरा यह इस लिये नहीं रखते क्योंकि यह इन को महँगा पड़ता है। इस लिये सरकार को चाहिये कि इन के लिये सवारी के साधन सरकार की तरफ से दिये जायें ताकि मौका पर पहुँच कर यह फौरन तफतीश कर सकें और डाकुओं का मुकाबला भी कर सकें। मेरी आप से यही प्रार्थना है कि पुलिस आफिसर्ज़ को और जो छोटे छोटे पुलिस के मुलाज़मीन हैं उन को पुलिस कमिशन को रिकमैंडेशन के मुताबिक सैटिसफाई किया जाये। इस के इलावा एजूकेशन पर मैं अर्ज करूं ... ...

Mr. Deputy speaker: This is a separate demand.

6.00 p.m. **श्री हरबंस लाल खन्ना :** इन मास्टरों का होना ज़रूरी है। ऐसे मास्टर———

श्री उपाध्यक्ष : खन्ना जी, वह सैपरेट डीमांड है। (The hon. Member Shri Khanna should know that it is a separate demand.)

श्री हरबंस लाल खन्ना : अच्छा जी, मैं ऐडमिनिस्ट्रेशन के बारे में यह कह रहा था कि पिछले बीस साल के अरसा में पंजाब में इस तरह की एडमिनिस्ट्रेशन चलती रही, जिस में कुरप्शन को बढ़ावा मिला। हर डिपार्टमेंट में ऐसा सिस्टम अपनाया गया जिस से किये जाने वाले काम को डीले किया गया। दिनों में किये जाने वाले कामों में महीने लगते रहे। इस प्रकार की धांधली मचाई गई, जिस से लोगों को अपना काम करवाने के लिये रिश्वत देनी पड़ती थी। ऐसी

[श्री हरबंस लाल खन्ना]

गन्दी एडमिनिस्ट्रेशन पिछले 20 साल में चलती रही। मैं आप के द्वारा मिनिस्टरी से कहना चाहता हूं कि इस बुरे सिस्टम में चेंज आनी चाहिये। हर कंनसर्ण्ड आदमी को मालूम होना चाहिए कि उस के काम में कितनी देर लगेगी। मेरा यह सुझाव है कि ऐप्लीकेंट चाहे छोटा हो चाहे बड़ा मैरिट्स पर उस की अर्ज़ी पर डिसीज़न ले कर तिथि निश्चित की जाए ....10 दिन की या 15 दिन की जैसी काम की नेचर हो। सम्बन्धित आदमी को पता लग जाएगा कि उस के काम में कितनी देर लगेगी। गलत प्रोसीजर के फालो करने से लोगों को कितने चक्र लगाने पड़ते हैं। उन को इतना तंग किया जाता है कि वह महसूस करते हैं कि काम करवाना हो तो रिश्वत दो। चुनांचि आखिर में रिश्वत दे कर काम करवा कर ले जाते हैं। इस प्रोसीजर में रैडीकल चेंज आनी चाहिए। मेरा सुझाव है कि ऐसी तिथियों की लिस्ट लग जानी चाहिये ताकि हर एक को पता लग जाए कि इतने दिनों में मेरा काम होगा। अगर उतने दिनों में उस का काम नहीं होता तो जिस पर इस ढीले की जिम्मेदारी आती है उस के बारे में पूछ ताछ कर के उस की डांट डपट होनी चाहिये। पिछले दिनों मुझे किसी दफ़तर में जाने का मौका मिला। मैं ने देखा कि कांग्रेस ने अपने आदमियों को खुश करने के लिये लगा रखा है, वे लोग काम कुछ नहीं करते। पौलिटिक्स में हिस्सा लेते हैं। उस दफतर में 50 आदमियों की स्ट्रेंग्थ है लेकिन काम कुछ नहीं केवल कागज़ी कार्यवाही हो रही है— इधर से उधर और उधर से इधर। अगर स्टाफ कम हो तो काम में ऐफिशैंसी आ सकती है, क्लीन एडमिनिस्ट्रेशन आ सकती है ....

ਸ਼੍ਰੀ ਡਿਪਟੀ ਸਪੀਕਰ : ਤੁਹਾਡਾ ਕੀ ਮਤਲਬ ਹੈ ਕਿ ਹੰਗਲੌਂਦੀ ਕਿਉਂ ਹੈ ਮੁੰਗਲੀ ਵਾਲਾ ਕੋਈ ਨਹੀਂ ? (Does the hon. Member mean that in the absence of check-rod administration cannot be cleaned and made efficient.?)

श्री हरबंस लाल खन्ना : मेरा मतलब है कि स्टाफ का एक्सट्रा नम्बर होने से ऐक्सट्रा खर्च हो रहा है। इस ऐक्सट्रा खर्च को रोकना चाहिये, बंद करना चाहिये। लोगों को सहूलियत देने के लिये एडमिनिस्ट्रेशन में चेंज आनी ज़रुरी है। क्लीन एडमिनिस्ट्रेशन के लिये चेंज आनी लाज़मी है।

मैं आप का धन्यवाद करता हूं कि आप ने मुझे अपने विचार हाऊस के सामने रखने का समय दिया।

ਸਰਦਾਰ ਗਿਰਧਾਰਾ ਸਿੰਘ (ਫਿਰੋਜ਼ਪੁਰ) ; ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਖ਼ਿਆਲਾਤ ਹਾਊਸ ਦੇ ਅੰਦਰ ਰਖਣਾ ਚਾਹੁੰਦਾ ਹਾਂ । ਜੋ ਲਫ਼ਜ਼ ਕਹਾਂਗਾ ਬੜੀ ਜ਼ਿੰਮੇਵਾਰੀ ਨਾਲ ਕਹਾਂਗਾ । ਕਈਆਂ ਭਰਾਵਾਂ ਨੇ, ਹੋ ਸਕਦਾ ਹੈ ਕਿ ਆਪਣੇ ਖ਼ਿਆਲਾਤ ਹਾਓਸ ਦੇ ਸਾਹਮਣੇ

ਨਾ ਰਖੇ ਹੋਣ। ਲੇਕਿਨ ਮੈਂ ਆਪਣੇ ਹੀ ਖਿਆਲਾਤ ਹਾਊਸ ਦੇ ਸਾਹਮਣੇ ਰਖਾਂਗਾ। ਯੂਨਾਇਟਿਡ ਫਰੰਟ ਦੀ ਜਿਹੜੀ ਹਕੂਮਤ ਸਾਮ੍ਹਣੇ ਬੈਂਚਾਂ ਤੇ ਬੈਠੀ ਹੈ ਉਹਦੀ ਵਜ੍ਹਾ ਨਾਲ ਪਿਛਲੇ ਦਸਾਂ ਵੀਹਾਂ ਦਿਨਾਂ ਤੋਂ ਪੰਜਾਬ ਵਿਚ ਨਵਾਂ ਹੀ ਢੰਗ ਦੇਖਣ ਵਿਚ ਆਇਆ ਹੈ। ਉਹ ਜਨਰਲ ਨਿਜ਼ਾਮ ਨੂੰ ਬਦਲਣਾ ਚਾਹੁੰਦੇ ਹਨ। ਸੂਬੇ ਦੇ ਨਿਜ਼ਾਮ ਨੂੰ ਸਾਫ਼ ਕਰਨਾ ਚਾਹੁੰਦੇ ਹਨ। ਰਿਸ਼ਵਤ ਖੋਰੀ ਦੂਰ ਕਰਨਾ ਚਾਹੁੰਦੇ ਹਨ ਔਰ ਰੇਡ-ਟੇਪਇਜ਼ਮ ਨੂੰ ਵੀ ਖਤਮ ਕਰਨਾ ਚਾਹੁੰਦੇ ਹਨ। ਜੇ ਕਰ ਸਕੂਲ ਦਾ ਹੈਡਮਾਸਟਰ ਜਾਂ ਪ੍ਰਿੰਸੀਪਲ ਅਛੇ ਕਰਕਟਰ ਦਾ ਹੋਵੇਗਾ ਤਾਂ ਸਟੂਡੈਂਟ ਵੀ ਉਥੋਂ ਬੜੇ ਅਛੇ ਬਣ ਕੇ ਨਿਕਲਣਗੇ ਕੋਈ ਆਈ. ਏ. ਐਸ. ਬਣੇਗਾ ਅਤੇ ਕੋਈ ਪੀ. ਸੀ. ਅਸ. ਬਣਗਾ। ਸਾਡੇ ਹਾਊਸ ਦੇ ਲੀਡਰ ਸਰਦਾਰ ਗਰਨਾਮ ਸਿੰਘ ਜੀ ਹਨ। ਮੈਂ ਉਨ੍ਹਾਂ ਦਾ ਬੜੀ ਦੇਰ ਤੋਂ ਇਹਤਰਾਮ ਕਰਦਾ ਹਾਂ। ਚੰਦ ਇਕ ਗੱਲਾਂ ਬਤੌਰ ਇਕ ਜ਼ਿੰਮੇਦਾਰ ਮੈਂਬਰ ਦੇ ਮੈਂ ਕਹਿਣਾ ਚਾਹੁੰਦਾ ਹਾਂ। ਕੋਈ ਨੁਕਤਾ ਚੀਨੀ ਨਹੀਂ ਕਰਾਂਗਾ। ਇਹ ਗੌਰਮਿੰਟ ਪਾਕਿਸਤਾਨ ਵਿਚੋਂ ਨਹੀਂ ਆਈ। ਆਪੋਜ਼ੀਸ਼ਨ ਬੈਂਚਾਂ ਤੋਂ ਉਠ ਕੇ ਗੌਰਮਿੰਟ ਬੈਂਚਾਂ ਤੇ ਆਈ ਹੈ, ਸਾਡੀ ਆਪਣੀ ਗੌਰਮਿੰਟ ਹੈ। ਪੰਜਾਬ ਦੀ ਗੌਰਮਿੰਟ ਹੈ। ਮੈਂ ਇਹ ਨਹੀਂ ਕਹਾਂਗਾ ਕਿ ਸਰਦਾਰ ਗੁਰਨਾਮ ਸਿੰਘ ਦੀ ਗੌਰਮਿੰਟ ਹੈ। ਇਸ ਸਾਰੇ ਪੰਜਾਬ ਦੀ ਗੌਰਮਿੰਟ ਹੈ। ਮੈਨੂੰ ਆਸ਼ਾ ਹੈ ਕਿ ਸਹੀ ਢੰਗ ਨਾਲ ਕੰਮ ਕਰੇਗੀ। ਹਾਊਸ ਵਿਚ ਦੋਨਾਂ ਪਾਸਿਆਂ ਤੋਂ ਬਹੁਤ ਸਾਰੀਆਂ ਗੱਲਾਂ ਕਹੀਆਂ ਗਈਆਂ ਹਨ, ਕੁਰੱਪਸ਼ਨ ਦੇ ਬਾਰੇ ਨੁਕਤਾ ਚੀਨੀ ਕੀਤੀ ਗਈ ਹੈ। ਕੁਰੱਪਸ਼ਨ ਦਾ ਪਹਿਲਾ ਕਾਇਦਾ ਹੈ, ਮੈਂ ਨੁਕਤਾ ਚੀਨੀ ਦੇ ਖਿਆਲ ਨਾਲ ਨਹੀਂ ਬਲਕਿ ਆਪਣੇ ਫਰਜ਼ ਦੀ ਅਦਾਇਗੀ ਲਈ ਆਪਣੇ ਕਾਂਸ਼ਟੀਚੂਐਂਸ ਦੇ ਜਿਹੜੇ ਖਿਆਲਾਤ ਹ ਨ ਉਨ੍ਹਾਂ ਦੀਆਂ ਜਿਹੜੀਆਂ ਤਕਲੀਫ਼ਾਂ ਹਨ ਉਹਨਾਂ ਨੂੰ ਹਾਊਸ ਦੇ ਸਾਹਮਣੇ ਰਖਣ ਦੀ ਕੋਸ਼ਿਸ਼ ਕਰਾਂਗਾ। ਕਿਸੇ ਸਟੇਟ ਜਾਂ ਕਿਸੇ ਦੇਸ਼ ਦਾ ਨਿਜ਼ਾਮ ਸਹੀ ਤਰੀਕੇ ਨਾਲ ਚਲਾਣ ਲਈ ਤਿੰਨਾਂ ਚੀਜ਼ਾਂ ਦਾ ਕੰਬੀਨੇਸ਼ਨ ਜ਼ਰੂਰੀ ਹੁੰਦਾ ਹੈ। ਉਹ ਹਨ ਗੌਰਮਿੰਟ, ਪਬਲਿਕ ਅਤੇ ਆਫ਼ੀਸਰਜ਼। ਜਿਸ ਮੁਲਕ ਦੇ ਇਹ ਤਿੰਨੇ ਅਦਾਰੇ ਠੀਕ ਢੰਗ ਨਾਲ ਚਲਣਗੇ ਉਥੇ ਨਾ ਆਪੋਜ਼ੀਸ਼ਨ ਨੂੰ, ਨਾ ਲੋਕਾਂ ਨੂੰ ਅਤੇ ਨਾ ਗੌਰਮਿੰਟ ਨੂੰ ਕੋਈ ਤਕਲੀਫ਼ ਪਹੁੰਚੇਗੀ। ਮੇਰੇ ਦੋਸਤਾਂ ਨੇ ਕਿਹਾ ਕਿ ਅਫ਼ਸਰ ਰਿਸ਼ਵਤ ਲੈਂਦੇ ਹਨ। ਮੇਰੇ ਦੋਸਤਾਂ ਨੇ ਕਿਹਾ ਹੈ ਕਿ ਕਾਂਗਰਸ ਬੜੀ ਗੰਦੀ ਜਮਾਤ ਸੀ, ਮੈਂ ਕਾਂਗਰਸ ਦੀ ਹਿਮਾਇਤ ਨਾ ਕਰਦਾ ਹੋਇਆ ਆਪਣੇ ਫਰਜ਼ ਦੀ ਕੁਤਾਹੀ ਨਹੀਂ ਕਰਾਂਗਾ। ਜੇਕਰ ਇਹ ਕਹਿ ਦਿੰਦੇ ਕਿ ਕਾਂਗਰਸ ਨੇ ਕੰਮ ਕੀਤਾ ਹੈ, ਕਈ ਭੈੜੇ ਕੰਮ ਵੀ ਕੀਤੇ ਹਨ ਇਸ ਲਈ, ਇਨ੍ਹਾਂ ਨੂੰ ਆਪੋਜ਼ੀਸ਼ਨ ਦੇ ਬੈਂਚਾਂ ਤੇ ਬੈਠਣਾ ਪੈ ਰਿਹਾ ਹੈ ਤਾਂ ਗੱਲ ਹੋਰ ਸੀ। ਲੇਕਿਨ ਇਹੀ ਕਹੀ ਜਾਣਾ ਕਿ ਕਾਂਗਰਸ ਬੜੀ ਖਰਾਬ ਜਮਾਤ ਸੀ, ਇਸ ਦਾ ਕਰੈਕਟਰ ਬੜਾ ਭੈੜਾ ਸੀ ਮੈਂ ਸਮਝਦਾ ਹਾਂ ਕਿ ਕਹਿਣ ਵਾਲੇ ਵੀ ਦਿਲ ਤੋਂ ਮਹਿਸੂਸ ਕਰਦੇ ਹਨ ਕਿ ਇਹ ਗੱਲ ਠੀਕ ਨਹੀਂ ਹੈ। ਲੇਕਿਨ ਉਹ ਇਹ ਸਮਝਦੇ ਹਨ ਕਿ ਜੇਕਰ ਉਹ ਇਹ ਗੱਲਾਂ ਨਾ ਕਰਨਗੇ ਤ ਹਾਊਸ ਵਿਚ ਵਾਹ ਵਾਹ ਨਹੀਂ ਹੋਵੇਗੀ। ਇਸ ਖਾਤਰ ਉਹ ਵਾਹਵਾਹ ਲੈਣ ਲਈ ਬੇਸੀਕਲੀ ਇਹ ਕਹਿੰਦੇ ਹਨ ਕਿ ਕਾਂਗਰਸ ਨੇ ਦੇਸ਼ ਦਾ ਭਲਾ ਨਹੀਂ ਕੀਤਾ। ਕਾਂਗਰਸ ਜਿਸ ਵਕਤ ਸਟਾਰਟ ਹੋਈ ਤਾਂ ਇਸ ਦੇਸ਼ ਦੇ ਬਸ਼ਿੰਦਿਆਂ ਨੇ ਇਕੱਠੇ ਹੋ ਕੇ ਕੰਮ ਕੀਤਾ। ਉਨ੍ਹਾਂ ਵਿਚ ਬਹੁਤ ਸਾਰੇ ਸਜਣ ਉਹ ਵੀ ਸਨ, ਜਿਹੜੇ ਸਾਹਮਣੇ ਬੈਠੇ ਹੋਏ ਹਨ। ਉਨ੍ਹਾਂ ਨੇ ਇਕ ਮੁੱਠ ਹੋ ਕੇ ਕੰਮ ਕੀਤਾ, ਲੇਕਿਨ ਉਸ ਦੇ ਬਾਅਦ ਕਾਂਗਰਸ ਵਿਚ ਕੁਝ ਖਾਮੀਆਂ ਆ ਗਈਆਂ, ਕਮਜ਼ੋਰੀਆਂ ਆ ਗਈਆਂ। ਮੈਂ ਅਰਜ਼ ਕਰ ਰਿਹਾ ਸੀ ਕਿ ਤਿੰਨਾਂ ਦੇ ਕੰਬੀਨੇਸ਼ਨ ਵਿਚੋਂ ਜੇ ਕੋਈ ਇਕ ਦੂਸਰੇ ਨਾਲ ਕੂਆਪ੍ਰੇਟ ਨਾ ਕਰੇ, ਇਕ ਦੂਸਰੇ ਨਾਲ ਸਹਿਮਤ ਨਾ ਹੋਵੇ ਤਾਂ ਦੇਸ਼ ਦਾ ਨਿਜ਼ਾਮ ਨਹੀਂ

[ਸਰਦਾਰ ਗਿਰਧਾਰਾ ਸਿੰਘ]

ਚਲੇਗਾ । ਅਫ਼ਸਰ ਉਸ ਵਕਤ ਕੁਰੱਪਟ ਹੁੰਦੇ ਹਨ ਜਿਸ ਵਕਤ ਸੂਬੇ ਦੀ ਗੌਰਮਿੰਟ ਕੁਰੱਪਟ ਹੁੰਦੀ ਹੈ । ਗੌਰਮਿੰਟ ਦਾ ਕਰੱਪਟ ਹੋਣਾ ਇਹ ਨਹੀਂ ਕਿ ਕੋਈ ਪੈਸਾ ਲੈਂਦਾ ਹੈ ਜਾਂ ਕੋਈ ਰੁਪੱਈਆ ਲੈਂਦਾ ਹੈ । ਇਕ ਅਫ਼ਸਰ ਦਿਆਨਤਦਾਰੀ ਨਾਲ ਕੰਮ ਨਹੀਂ ਕਰਦਾ ਤਾਂ ਉਹ ਪਬਲਿਕ ਵਿਚ ਬੇਈਮਾਨ ਸਾਬਤ ਹੋਵੇਗਾ । ਕੋਈ ਅਫ਼ਸਰ ਪਬਲਿਕ ਦੇ ਆਦਮੀ ਕੋਲੋਂ ਪੈਸਾ ਲੈਕੇ ਉਸ ਦਾ ਕੰਮ ਕਰ ਦੇਵੇ, ਉਸ ਦਾ ਵਕਤ ਬਚ ਜਾਵੇ । ਜੇਕਰ ਉਹ 10 ਰੁਪਈਏ ਦੇ ਕੇ ਆਪਣਾ ਕੰਮ ਕਰਵਾ ਲਵੇ ਅਤੇ ਇਕ ਘੰਟਾ ਪਹਿਲਾਂ ਚਲਾ ਜਾਵੇ ਤਾਂ ਮੇਰੀਆਂ ਨਜ਼ਰਾਂ ਵਿਚ ਉਹ ਅਫ਼ਸਰ ਬੇਈਮਾਨ ਨਹੀਂ ਹੈ, ਦਿਆਨਤਦਾਰ ਹੈ । ਪਬਲਿਕ ਵੀ ਉਸ ਨੂੰ ਦਿਆਨਤਦਾਰ ਸਮਝੇਗੀ । ਪਿਛਲੇ ਦੋ ਮਹੀਨਿਆਂ ਵਿਚ ਸਾਡੀ ਗੌਰਮਿੰਟ ਨੇ ਜੋ ਕੁਝ ਕੀਤਾ ਜਾਂ ਉਨ੍ਹਾਂ ਨੂੰ ਕਰਨਾ ਪਿਆ ਜਾਂ ਹਾਲਾਤ ਐਸੇ ਸਨ, ਮੈਂ ਨਹੀਂ ਕਹਿਣਾ ਚਾਹੁੰਦਾ ਕਿ ਉਨ੍ਹਾਂ ਨੂੰ ਆਪਣੀ ਗੌਰਮਿੰਟ ਨੂੰ ਬਚਾਣ ਲਈ ਕੀ ਕੁਝ ਕਰਨਾ ਪਿਆ। ਮਜਬੂਰੀ ਸੀ, ਇਸ ਲਈ ਉਨ੍ਹਾਂ ਨੇ ਇਹ ਸਭ ਕੁਝ ਕੀਤਾ। ਮੈਂ ਡੀਟੇਲ ਵਿਚ ਨਹੀਂ ਜਾਣਾ ਚਾਹੁੰਦਾ । ਜਿਸ ਵਕਤ ਸਾਡੇ ਮਨਿਸਟਰ ਕੁਰੱਪਸ਼ਨ ਕਰਦੇ ਹਨ ਤਾਂ ਅਫ਼ਸਰਾਂ ਨੂੰ ਵੀ ਜੁਰਅੱਤ ਹੋ ਜਾਂਦੀ ਹੈ ਕਿ ਸਰਕਾਰ ਇਹ ਕੁਝ ਕਰਦੀ ਹੈ, ਤੁਸੀਂ ਕਰੋ । ਜਿਹੜੇ ਕੰਮ ਹਕੂਮਤ ਕਰਦੀ ਹੋਵੇ, ਅਫ਼ਸਰ ਹਕੂਮਤ ਦੇ ਹਰ ਇਸ਼ਾਰੇ ਤੇ ਚਲਣ ਦੀ ਕੋਸ਼ਿਸ਼ ਕਰਦੇ ਹਨ । ਅਗਰ ਮਨਿਸਟਰ ਜਾਂ ਕੋਈ ਡਿਪਟੀ ਮਨਿਸਟਰ ਕੋਈ ਨਾਜਾਇਜ਼ ਕੰਮ ਅਫਸਰਾਂ ਨੂੰ ਕਹਿਣ ਤਾਂ ਮੈਨੂੰ ਐਸਾ ਦਲੇਰ ਕੋਈ ਅਫ਼ਸਰ ਨਜ਼ਰ ਨਹੀਂ ਆਉਂਦਾ ਜਿਹੜਾ ਵਕਤ ਦੀ ਹਕੂਮਤ ਨਾਲ ਮਿਲ ਕੇ ਨਹੀਂ ਚਲੇਗਾ । ਅਸੀਂ ਵੇਖਿਆ ਹੈ ਕਿ ਚੰਦ ਇਕ ਅਫ਼ਸਰ ਜਿਨ੍ਹਾ ਨੇ ਹਕੂਮਤ ਦੇ ਖਿਲਾਫ਼ ਚਲਣ ਦੀ ਕੋਸ਼ਿਸ਼ ਕੀਤੀ, ਉਨ੍ਹਾਂ ਦਾ ਕੀ ਹਾਲ ਹੋਇਆ । ਜਿਹੜਾ ਹਸ਼ਰ ਉਨ੍ਹਾਂ ਦਾ ਹੋਇਆ ਉਹ ਕਿਸੇ ਕੋਲੋਂ ਭੁਲਿਆ ਹੋਇਆ ਨਹੀਂ ਹੈ ।

ਮੈਂ ਮੌਜੂਦਾ ਗੌਰਮੈਂਟ ਨੂੰ ਇਹ ਗਲ ਕਹਾਂਗਾ ਕਿ ਤੁਹਾਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਫਲਾਨੇ ਅਫ਼ਸਰ ਨੇ ਫਲਾਨੀ ਹਕੂਮਤ ਦੇ ਵੇਲੇ ਫਲਾਨੀ ਪਾਰਟੀ ਨਾਲ ਰਲ ਕੇ ਫਲਾਨੇ ਦੀ ਮਦਦ ਕੀਤੀ । ਮੈਂ ਸਮਝਦਾ ਹਾਂ ਕਿ ਉਨ੍ਹਾਂ ਦੀ ਇਹ ਸੋਚ ਅੱਛੇ ਢੰਗ ਦੀ ਨਹੀਂ ਹੈ ਕਿਉਂਕਿ ਅਫ਼ਸਰ ਮਜਬੂਰ ਹੁੰਦੇ ਹਨ ਔਰ ਜਿਹੜੀ ਵਕਤ ਦੀ ਗੌਰਮੈਂਟ ਹੁੰਦੀ ਹੈ ਉਸ ਦੇ ਹੁਕਮ ਮੁਤਾਬਕ ਅਫ਼ਸਰ ਚਲਦੇ ਹਨ । ਜਿਹੜੀ ਗੌਰਮੈਂਟ ਆਵੇ ਉਸ ਨੂੰ ਅਫ਼ਸਰਾ ਨੂੰ ਨੇਕ ਸਮਝਣਾ ਚਾਹੀਦਾ ਹੈ ਉਨ੍ਹਾਂ ਤੋਂ ਨੇਕ ਕੰਮ ਲੈਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਔਰ ਇਹ ਮਹਿਸੂਸ ਨਹੀਂ ਹੋਣ ਦੇਣਾ ਚਾਹੀਦਾ ਕਿ ਗੌਰਮੈਂਟ ਦਾ ਰਵੱਈਆ ਵਿੰਡਿਕਟਿਵ ਹੈ ।

ਇਕ ਮਾਨਯੋਗ ਮੈਂਬਰ: ਜ਼ਰਾ ਖੋਲ੍ਹ ਕੇ ਦੱਸੋ ।

ਸਰਦਾਰ ਗਿਰਧਾਰਾ ਸਿੰਘ: ਮੈਂ ਇਮਾਨਦਾਰੀ ਨਾਲ ਕਹਿੰਦਾ ਹਾਂ ਕਿ ਕਿਸੇ ਅਫ਼ਸਰ ਦੀ ਜ਼ਾਤ ਨਾਲ ਮੇਰਾ ਕੋਈ ਤੁਅੱਲਕ ਨਹੀਂ । ਮੈਂ ਬੜੀ ਈਮਾਨਦਾਰੀ ਨਾਲ ਉਹੀ ਗੱਲ ਕਹਿ ਰਿਹਾ ਹਾਂ ਜੋ ਮੈਂ ਦਿਲੋਂ ਮਹਿਸੂਸ ਕਰਦਾ ਹਾਂ । ਅਗਰ ਕੋਈ ਮਿਨਿਸਟਰ ਕਿਸੇ ਅਫ਼ਸਰ ਕੋਲੋਂ ਇਕ ਨਾਜਾਇਜ਼ ਕੰਮ ਕਰਾਉਂਦਾ ਹੈ ਤਾਂ ਦਸ ਕੰਮ ਉਹ ਉਸ ਦੇ ਨਾਲ ਆਪਣੇ ਵੀ ਕਰ ਲਵੇਗਾ । ਜਿਸ ਵਕਤ ਪਬਲਕ ਨੂੰ ਪਤਾ ਲਗ ਜਾਵੇ ਕਿ ਫ਼ਲਾਨਾ ਅਫ਼ਸਰ ਕੰਮ ਕਰ ਸਕਦਾ ਹੈ ਤਾਂ ਉਹ ਉਸ ਕੋਲੋਂ ਨਾਜਾਇਜ਼ ਢੰਗ ਨਾਲ ਵੀ ਕੰਮ ਕਰਵਾਉਣੇ ਸ਼ੁਰੂ ਕਰ ਦਿੰਦੇ ਹਨ । ਇਸ ਲਈ, ਜ਼ਰੂਰੀ ਹੈ ਕਿ ਐਡਮਿਨਿਸਟਰੇਸ਼ਨ ਨੂੰ ਕਲੀਨ ਰਖਣ ਲਈ ਚਾਰਾਂ ਨੂੰ– ਪਹਿਲਾਂ ਮੈਂ

ਤਿੰਨ ਕਹੇ ਸਨ ਹੁਣ ਲੈਜਿਸਲੇਟਰਜ਼ ਨੂੰ ਵੀ ਸ਼ਾਮਿਲ ਕਰਦਾ ਹਾਂ—ਮਨਿਸਟਰਜ਼ ਨੂੰ, ਲੈਜਿਸਲੇਟਰਜ਼ ਨੂੰ, ਪਬਲਿਕ ਨੂੰ ਔਰ ਅਫ਼ਸਰਾਂ ਨੂੰ ਪਰੀ ਤਰ੍ਹਾਂ ਨਾਲ ਈਮਾਨਦਾਰ ਹੋਣਾ ਪਵੇਗਾ । ਅਗਰ ਇਹ ਚਾਰੋਂ ਪਾਵੇ ਠੀਕ ਕੰਮ ਕਰਨਗੇ ਤਾਂ ਸਾਨੂੰ ਇਥੇ ਇਸ ਤਰ੍ਹਾਂ ਦੀਆਂ ਨੁਕਤਾਚੀਨੀ ਵਾਲੀਆਂ ਤਕਰੀਰਾਂ ਕਰਨ ਦੀ ਜ਼ਰੂਰਤ ਮਹਿਸੂਸ ਨਹੀਂ ਹੋਵੇਗੀ ।

ਬਜਟ ਬਣ ਗਿਆ । ਉਸ ਉਤੇ ਡਿਸਕਸ਼ਨ ਵੀ ਪੂਰੀ ਹੋ ਜਾਵੇਗੀ, ਵੋਟਿੰਗ ਵੀ ਹੋ ਜਾਵੇਗੀ । ਇਹ ਸਿਰਫ਼ ਫਾਰਮੇਲਿਟੀਜ਼ ਹੋਇਆ ਕਰਦੀਆਂ ਹਨ । ਬਜਟ ਕੋਈ ਜ਼ਿਆਦ ਸੂਝਬੂਝ ਨਾਲ ਨਹੀਂ ਬਣਿਆਂ ਕਰਦੇ । ਜਿਹੜਾ ਬਜਟ ਇਕ ਵੇਰ ਬਣ ਗਿਆ, ਸਾਲ ਸਾਲ ਉਸੇ ਦੀ ਕਾਪੀ ਹੁੰਦੀ ਚਲਦੀ ਆਈ ਹੈ । ਇਕ ਮਿਨਿਸਟਰ ਜਿਸ ਨੂੰ ਆਇਆਂ 15 ਦਿਨ ਹੋਏ ਹੋਣ, ਬਜਟ ਵਿਚ ਕੀ ਤਬਦੀਲੀ ਕਰ ਸਕਦਾ ਹੈ । ਬਤੌਰ ਮਿਨਿਸਟਰ ਉਸ ਦੇ ਸਾਹਮਣੇ ਉਹ ਪੇਸ਼ ਕਰ ਦਿੱਤਾ ਗਿਆ । ਉਹ ਸਪੀਚ ਨੂੰ ਪੜ੍ਹ ਕੇ ਬੈਠ ਗਏ । ਉਹ ਪਾਸ ਵੀ ਹੋ ਜਾਵੇਗਾ ਔਰ ਚਾਲੂ ਵੀ ਹੋ ਜਾਵੇਗਾ (ਵਿਘਨ) ਇਸ ਵਿਚ ਜ਼ਰੂਰਤ ਹੈ ਕਿ ਤਰੀਕਾਕਾਰ ਵਿਚ ਤਬਦੀਲੀਆਂ ਕੀਤੀਆਂ ਜਾਣ ।

ਡਿਪਟੀ ਸਪੀਕਰ ਸਾਹਿਬ, ਰਿਸ਼ਵਤ ਹਟਾਉਣੀ ਚਾਹੀਦੀ ਹੈ । ਇਸ ਦਾ ਵਾਵੇਲਾ ਤਾਂ ਹੁੰਦਾ ਰਹਿੰਦਾ ਹੈ ਪਰ ਇਸ ਲਈ ਸਾਧਨ ਕੀ ਹੋਣੇ ਚਾਹੀਦੇ ਹਨ ? ਹੁਣ ਮੈਂ ਤੁਹਾਨੂੰ ਦੋ ਚਾਰ ਗੱਲਾਂ ਇਸ ਬਾਰੇ ਦਸਣਾ ਚਾਹੁੰਦਾ ਹਾਂ ਕਿ ਮੈਂ ਬਾਹਰਲੇ ਮੁਲਕਾਂ ਵਿਚ ਕੀ ਵੇਖਿਆ ।

ਮੈਨੂੰ 20 ਦਿਨ ਯੂਰਪ ਵਿੱਚ ਜਾਣ ਦਾ ਮੌਕਾ ਮਿਲਿਆ । ਸਭ ਤੋਂ ਪਹਿਲੀ ਚੀਜ਼ ਮੈਂ ਇਹ ਦੇਖੀ ਕਿ ਅਦਾਲਤਾਂ ਵਿਚ ਜਿਹੜਾ ਸਭ ਤੋਂ ਵਡਾ ਅਫ਼ਸਰ ਹੈ ਜਿਸ ਨੇ ਕੇਸ ਸੁਣਨੇ ਹੁੰਦੇ ਹਨ ਉਹ ਵਕਤ ਸਿਰ ਪਹੁੰਚ ਜਾਂਦਾ ਹੈ । ਤੁਸੀਂ ਵੀ ਅਜਿਹੇ ਅਫ਼ਸਰਾਂ ਉਪਰ ਇਹ ਪਾਬੰਦੀ ਲਗਾਓ ਕਿ ਟਾਈਮ ਤੋਂ ਪੰਜ ਮਿੰਟ ਪਹਿਲਾਂ ਦਫ਼ਤਰ ਵਿਚ ਆਉਣ ਔਰ ਟਾਈਮ ਤੋਂ ਪੰਜ ਮਿਨਟ ਬਾਅਦ ਵਿਚ ਹੀ ਜਾਉਣ ਪਹਿਲਾਂ ਨਹੀਂ । ਹੁਣ ਕੀ ਹੁੰਦਾ ਹੈ ? ਅਗਰ ਦਫ਼ਤਰ ਦਸ ਵਜੇ ਖੁਲ੍ਹਦਾ ਹੈ ਤਾਂ ਉਹ ਤਿੰਨ ਤਿੰਨ ਘੰਟੇ ਕੋਰਟ ਵਿਚ ਨਹੀਂ ਆਉਂਦੇ । ਪਬਲਿਕ ਨੂੰ ਕਈ ਘੰਟੇ ਇੰਤਜ਼ਾਰ ਹੀ ਕਰਨਾ ਪੈਂਦਾ ਹੈ । ਅਫ਼ਸਰ ਅਪਣੇ ਰੀਟਾਇਰਿੰਗ ਰੂਮ ਵਿਚ ਕਈ ਕਈ ਘੰਟੇ ਬੈਠਾ ਰਹਿੰਦਾ ਹੈ । ਇਹ ਸਭ ਤੋਂ ਵਡੀ ਕੁਰੱਪਸ਼ਨ ਹੈ ਕਿ ਪਬਲਕ ਦੇ ਟਾਈਮ ਨੂੰ ਜ਼ਾਇਆ ਕੀਤਾ ਜਾਂਦਾ ਹੈ । ਅਗਰ ਉਹ ਅਫ਼ਸਰ ਸਮੇਂ ਸਿਰ ਅਦਾਲਤ ਵਿਚ ਆ ਜਾਣ ਤਾਂ ਲੋਕਾਂ ਨੂੰ ਆਏ ਦਿਨ ਦੀਆਂ ਤਾਰੀਖਾਂ ਸੁਣਨੀਆਂ ਪੈਂਦੀਆਂ ਹਨ ਉਹ ਨਾ ਹੋਵੇ-ਔਰ ਉਨ੍ਹਾਂ ਦਾ ਰੁਪਿਆ ਅਤੇ ਸਮਾਂ ਜ਼ਾਇਆ ਨਾ ਹੋਵੇ । ਅਗਰ ਉਸ ਮੁਅਕੱਲ ਦੇ ਬਾਰ ਬਾਰ ਅਦਾਲਤ ਵਿਚ ਆਉਣ ਲਈ 15, 15 ਯਾਂ 20, 20 ਰੁਪਏ ਖ਼ਰਚ ਹੁੰਦੇ ਹੋਣ ਤਾਂ ਉਹ 10 ਯਾਂ 15 ਰੁਪੇ ਕਲਰਕ ਨੂੰ ਦੇਕੇ ਅਪਣਾ ਕੰਮ ਛੇਤੀ ਕਰਾਉਣ ਲਈ ਗੁਰੇਜ਼ ਨਹੀਂ ਕਰੇਗਾ । ਮੈਂ ਸਮਝਦਾ ਹਾਂ ਕਿ ਇਹ ਚੰਗੀ ਗੱਲ ਨਹੀਂ । ਇਹ ਸਭ ਤੋਂ ਵਡੀ ਰਿਸ਼ਵਤ ਹੈ । ਇਸ ਲਈ, ਉਨ੍ਹਾਂ ਨੂੰ ਸਮੇਂ ਤੋਂ ਪੰਜ ਮਿੰਟ ਪਹਿਲਾਂ ਆਉਣਾ ਚਾਹੀਦਾ ਹੈ ਔਰ ਸਮਾਂ ਖਤਮ ਹੋਣ ਤੋਂ 5 ਮਿੰਟ ਬਾਅਦ ਹੀ ਜਾਣਾ ਚਾਹੀਦਾ ਹੈ ।

ਇਕ ਗੱਲ ਮੈਂ ਜ਼ਾਤੀ ਤਜਰਬੇ ਤੋਂ ਕਹਿ ਸਕਦਾ ਹਾਂ ਕਿ ਕੋਰਟਾਂ, ਕਚਹਿਰੀਆਂ ਅਤੇ ਦਫ਼ਤਰਾਂ ਵਿਚ ਜਿਹੜਾ ਮੌਜੂਦਾ ਸਿਸਟਮ ਹੈ, ਕਮ ਕਰਨ ਦਾ ਅਗਰ ਤੁਸੀਂ ਇਸ ਨੂੰ ਹੀ ਤਬਦੀਲ ਕਰ ਦਿਉ ਤਾਂ ਬਹੁਤ ਸਾਰੀ ਰਿਸ਼ਵਤ ਖੋਰੀ ਬੰਦ ਹੋ ਸਕਦੀ ਹੈ । ਇਕ ਆਦਮੀ

[ਸਰਦਾਰ ਗਿਰਧਾਰਾ ਸਿੰਘ]

ਇਕ ਰੁਪਿਆ ਦੇ ਕੇ ਅਪਣਾ ਇਕ ਕਾਗਜ਼ ਟਾਈਪ ਕਰਾਉਂਦਾ ਹੈ । ਉਸ ਦੀ ਉਹ ਦਰਖਾਸਤ ਪਹਿਲੇ ਤਾਂ ਦਫ਼ਤਰ ਦੇ ਡਾਇਰਿਸਟ ਕੋਲ ਜਾਂਦੀ ਹੈ । ਉਹ ਉਸ ਨੂੰ ਹੈਡ ਕਲਰਕ ਪਾਸ ਭੇਜਦਾ ਹੈ ਉਹ ਅਪਣੀ ਰਿਪੋਰਟ ਕਰਕੇ ਅਸਿਸਟੈਂਟ ਨੂੰ, ਅਸਿਸਟੈਂਟ ਹੈਡ ਅਸਿਸਟੈਂਟ ਨੂੰ ਜਿਥੋਂ ਕਿ ਉਹ ਕਾਗਜ਼ ਸੁਪਰਿੰਟੈਂਨਡੈਂਟ, ਅਸਿਸਟੈਂਟ ਸੈਕਟਰੀ, ਡਿਪਟੀ ਸੈਕਟਰੀ, ਜਾਇੰਟ ਸੈਕਟਰੀ ਕੋਲੋਂ ਹੁੰਦੀ ਹੋਈ ਸੈਕਟਰੀ ਪਾਸ ਪੁੱਜਦੀ ਹੈ । ਉਹ ਉਸ ਨੂੰ ਮਿਨਿਸਟਰ ਪਾਸ ਭੇਜਦਾ ਹੈ । ਉਥੋਂ "but" ਲਗਕੇ ਵਾਪਸ ਆ ਜਾਂਦੀ ਹੈ ਅੌਰ ਇਸੇ ਤਰ੍ਹਾਂ ਸਾਰੀਆਂ ਸਟੇਜਿਜ਼ ਤੋਂ ਹੋ ਕੇ ਉਹ ਕਾਗਜ ਵਾਪਸ ਪਹਿਲੀ ਸਟੇਜ ਉਤੇ ਆਉਂਦਾ ਹੈ । ਇਹ ਚੀਜ਼ ਕੁਰੱਪਸ਼ਨ ਅੌਰ ਰਿਸ਼ਵਤ ਦਾ ਭਾਰੀ ਮੰਬਾ ਹੈ । ਇਕ ਕੰਮ ਕਰਵਾਉਣ ਵਾਸਤੇ "but" ਨੂੰ ਹਟਾਉਣ ਵਾਸਤੇ ਉਸ ਆਦਮੀ ਨੂੰ 10 ਆਦਮੀਆਂ ਕੋਲ ਅੈਪਰੋਚ ਕਰਨੀ ਪੈਂਦੀ ਹੈ । ਅਗਰ ਇਨ੍ਹਾਂ ਸਟੇਜਿਜ਼ ਨੂੰ ਘਟ ਕੀਤਾ ਜਾਵੇ ਤਾਂ 'but' ਲਗ ਵੀ ਜਾਵੇ ਤਾਂ ਉਸ ਨੂੰ ਕਲੀਅਰ ਕਰਨ ਲਈ ਬਹੁਤ ਜ਼ਿਆਦਾ ਸਮਾਂ ਨਹੀਂ ਲਗੇਗਾ । ਇਸ ਦੇ ਨਾਲ ਐਡਮਿਨਿਸਟਰੇਸ਼ਨ ਕਲੀਨ ਹੋ ਜਾਵੇਗੀ, ਰਿਸ਼ਵਤ ਦਾ ਸਕੋਪ ਘਟ ਜਾਵੇਗਾ ਅੌਰ ਲੋਕਾਂ ਦੇ ਕੰਮ ਵੀ ਜਲਦੀ ਹੋ ਜਾਇਆ ਕਰਨਗੇ ।

ਮੁਖ ਮੰਤਰੀ: It means stages should be cut. ਠੀਕ ਹੈ, ਬੜੀ ਅੱਛੀ ਗੱਲ ਹੈ।

ਸਰਦਾਰ ਗਿਰਧਾਰਾ ਸਿੰਘ : ਮੈਂ ਤੁਹਾਡੀ ਸਰਕਾਰ ਦੀ ਨੁਕਤਾ ਚੀਨੀ ਕਰਨ ਦੀ ਕੋਸ਼ਿਸ਼ ਨਹੀਂ ਕਰ ਰਿਹਾ ਜੋ ਸਹੀ ਗੱਲ ਮੇਰੇ ਮਨ ਵਿਚ ਹੋਵੇਗੀ ਉਹੀ ਕਹਾਂਗਾ (ਵਿਘਨ) ਮੇਰੇ ਦੋਸਤ ਨੇ ਤੁਹਾਡੀ ਪੁਲਿਸ ਦੇ ਮੁਤਅਲੱਕ ਬਹੁਤ ਕੁਝ ਕਿਹਾ ਹੈ ਕਿ ਰਿਸ਼ਵਤ ਲੈਂਦੇ ਹਨ । ਠੀਕ ਹੋਵੇਗਾ, ਦਰੁਸਤ ਹੋਵੇਗਾ ਕਿਉਂਕਿ ਖਲਕ ਦੀ ਜ਼ਬਾਨ ਹੈ, ਕਮ ਅਜ਼ ਕਮ 50 ਫ਼ੀਸਦੀ ਤਾਂ ਸਚਾਈ ਜ਼ਰੂਰ ਹੋਵੇਗੀ । ਪਰ ਤੁਸੀਂ ਇਸ ਦੇ ਕਾਰਨ ਜਾਨਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਰਿਸ਼ਵਤ ਕਿਉਂ ਚਲਦੀ ਹੈ । ਲੋਕ ਮਜਬੂਰ ਹੋਕੇ ਦਿੰਦੇ ਹਨ ਅੌਰ ਲੈਣ ਵਾਲੇ ਵੀ ਮਜਬੂਰ ਹੋ ਕੇ ਲੈਂਦੇ ਹਨ । (ਹਾਸਾ) ਅਗਰ ਕੋਈ ਰਿਸ਼ਵਤ ਦੇਂਦਾ ਹੈ ਅੌਰ ਲੈਣ ਵਾਲਾ ਇਨਕਾਰ ਕਰਦਾ ਹੈ ਤਦ ਵੀ ਜਿਸ ਨੂੰ ਕੰਮ ਹੈ ਉਹ ਮਜਬੂਰ ਹੋ ਕੇ ਅਪਣੇ ਹਾਲਾਤ ਦੇ ਮੁਤਾਬਕ ਪੈਸੇ ਦੇਣ ਦੀ ਕੋਸ਼ਿਸ਼ ਕਰੇਗਾ । ਇਕ ਈਮਾਨਦਾਰ ਆਦਮੀ ਵੀ ਉਨ੍ਹਾਂ ਹਾਲਾਤ ਵਿਚ ਬੇਈਮਾਨ ਬਣ ਜਾਂਦਾ ਹੈ, ਕਿਉਂਕਿ ਉਸ ਦੇ ਹਾਲਾਤ ਉਸ ਨੂੰ ਮਜਬੂਰ ਕਰ ਦਿੰਦੇ ਹਨ । (ਵਿਘਨ) ਮੈਂ ਅਰਜ਼ ਕਰਦਾ ਹਾਂ ਕਿ ਇਕ ਸਰਕਲ ਜਿਹਾ ਬਣਿਆ ਹੋਇਆ ਹੈ । ਜ਼ਿਲ੍ਹੇ ਵਿਚ ਅਸਲਾਹ ਅੌਰ ਆਬਕਾਰੀ ਵੀ ਰਿਸ਼ਵਤ ਦੇ ਸਾਧਨ ਬਣੇ ਹੋਏ ਹਨ । ਇਸ ਤੋਂ ਇਲਾਵਾ 107, 151, 109 ਦੀ ਦਫ਼ਾ ਦਾ ਇਸਤੇਮਾਲ ਵੀ ਬੜੀ ਗਲਤ ਤੌਰ ਤੇ ਹੁੰਦਾ ਹੈ । (ਵਿਘਨ) ਇਹ ਇੰਸਟਰੱਕਸ਼ਿਜ਼ ਉਪਰੋਂ ਜਾਰੀ ਕੀਤੀਆਂ ਜਾਂਦੀਆਂ ਹਨ ਕਿ ਇਕ ਥਾਨੇਦਾਰ ਨੇ ਹਫ਼ਤੇ ਵਿਚ ਇਤਨੇ ਕੇਸਿਜ਼ ਜ਼ਰੂਰ ਦੇਣੇ ਹਨ-ਭਾਵੇਂ ਹੋਣ ਜਾਂ ਨਾ ਹੋਣ ਦਿਖਾਣੇ ਜ਼ਰੂਰ ਹਨ । ਲਾਜ਼ਮੀ ਤੌਰ ਤੇ ਇਸ ਵਿਚ ਰਿਸ਼ਵਤ ਆ ਜਾਂਦੀ ਹੈ । ਅਗਰ ਕੋਈ ਪਰਸੈਨਟੇਜ ਮੁਕਰੱਰ ਹੀ ਕੀਤੀ ਹੈ ਤਾਂ ਉਹ ਕਿਸੇ ਨਾ ਕਿਸੇ ਤਰੀਕੇ ਨਾਲ ਪੂਰੇ ਕਰਨਗੇ ਹੀ ।

ਮੁਖ ਮੰਤਰੀ : ਘਟਾ ਦੇਵਾਂਗੇ ।

ਸਰਦਾਰ ਗਿਰਧਾਰਾ ਸਿੰਘ : ਯੂਰੂਪ ਵਿਚ ਕੀ ਹੁੰਦਾ ਹੈ ? ਉਥੇ ਟਰੈਫਿਕ ਪੁਲਿਸ ਰੈਵੀਨਿਊ ਇਕੱਠਾ ਨਹੀਂ ਕਰਦੀ ਉਹ ਲੋਕਾਂ ਦੀ ਹਿਫਾਜ਼ਤ ਦੇ ਲਈ ਹੁੰਦੀ ਹੈ । ਇਥੇ ਸਾਡੀ ਪੁਲਿਸ ਲਈ ਤਾਂ ਕੇਸਿਜ਼ ਦਾ ਨੰਬਰ ਮੁਕਰੱਰ ਕੀਤਾ ਹੋਇਆ ਹੈ ਕਿ ਇਤਨੇ ਚਾਲਾਨ ਜ਼ਰੂਰ ਕਰਨੇ ਹਨ ਤਾਕਿ ਗੌਰਮੈਂਟ ਦੇ ਖਜ਼ਾਨੇ ਵਿਚ ਪੈਸੇ ਆਉਣ । ਅਗਰ ਤੁਸੀਂ ਕੋਈ ਖਿਆਲ ਬਣਾ ਲੈਂਦੇ ਹੋ ਕਿ ਇਤਨਾ ਪੈਸਾ ਜ਼ਰੂਰ ਚਾਲਾਨਾਂ ਦੇ ਜ਼ਰੀਏ ਬਨਾਉਣਾ ਹੈ, ਇਹ ਵੀ ਕੁਰੱਪਸ਼ਨ ਦੀ ਫਾਊਂਡੇਸ਼ਨ ਹੈ । (ਘੰਟੀ ਦੀ ਆਵਾਜ਼) ਜੇਕਰ ਇਸ ਚੀਜ਼ ਨੂੰ ਬੰਦ ਕਰ ਦਿੱਤਾ ਜਾਵੇ ਤਾਂ ਮੈਂ ਸਮਝਦਾ ਹਾਂ ਕਿ ਆਏ ਦਿਨ ਇਥੇ ਜੋ ਕ੍ਰਿਟਿਸਿਜ਼ਮ ਹੁੰਦਾ ਹੈ ਉਹ ਸਪੀਚਾਂ ਵਗੈਰਾ ਕਰਨ ਦੀ ਜ਼ਰੂਰਤ ਹੀ ਨਾ ਪਵੇ । ਇਸ ਲਈ ਮੈਂ ਸਰਕਾਰ ਨੂੰ ਕਹਾਂਗਾ ਕਿ ਤੁਸੀਂ ਅਪਣੇ ਤੌਰ ਤੇ ਇਹ ਮਨ ਬਣਾ ਲਓ ਕਿ ਤੁਸਾਂ ਸਾਰੇ ਕੰਮ ਚੰਗੇ ਕਰਨੇ ਹਨ । ਅਗਰ ਤੁਸੀਂ ਇਹ ਫੈਸਲਾ ਕਰ ਲਉਗੇ ਤਾਂ ਖ਼ੁਦਾ ਵੀ ਤੁਹਾਡੀ ਸਰਕਾਰ ਨੂੰ ਤੋੜ ਨਹੀਂ ਸਕੇਗਾ—ਤੁਸੀਂ ਪਰਵਾਹ ਨਾ ਕਰੋ ਕਿਸੇ ਦੀ । ਅਗਰ ਤੁਸੀਂ ਚੰਗੇ ਕੰਮ ਕਰੋਗੇ ਤਾਂ ਮੈਂ ਯਕੀਨ ਦਵਾਉਂਦਾ ਹਾਂ ਕਿ ਮੇਰੇ ਨਾਲ ਹੋਰ ਸਾਥੀ ਤੁਹਾਡੀ ਸਰਕਾਰ ਨੂੰ ਤੋੜਨ ਲਈ ਕਿਸੇ ਦਾ ਸਾਥ ਨਹੀਂ ਦੇਣਗੇ ।

ਕਾਮਰੇਡ ਹਰਦਿੱਤ ਸਿੰਘ ਭਠਲ : (ਧਨੌਲਾ) ਡਿਪਟੀ ਸਪੀਕਰ ਸਾਹਿਬ, ਅੱਜ ਅਸੀਂ ਬਜਟ ਦੀ ਮਦ ਉਤੇ ਵਿਚਾਰ ਕਰ ਰਹੇ ਹਾਂ । 5 ਕਰੋੜ ਰੁਪਿਆ ਪੁਲਿਸ ਲਈ ਮੰਗਿਆ ਗਿਆ ਹੈ । ਠੀਕ ਹੈ ਪੁਲਿਸ ਬਹੁਤ ਭਰਤੀ ਹੋਈ ਹੈ ਪਰ ਉਹ ਸਹੀ ਇੰਤਜ਼ਾਮ ਨਹੀਂ ਕਰ ਸਕੀ ਅਤੇ ਇਸ ਵਿਚ ਬਿਲਕੁਲ ਫੇਲ੍ਹ ਰਹੀ ਹੈ । ਜਦੋਂ ਅੰਗਰੇਜ਼ਾਂ ਦਾ ਰਾਜ ਸੀ ਕਾਂਗਰਸ ਕਹਿੰਦੀ ਹੁੰਦੀ ਸੀ ਕਿ ਅਸੀਂ ਪੁਲਿਸ ਨੂੰ ਸੇਵਾਦਾਰ ਬਣਾ ਦਿਆਂਗੇ । ਪਰ ਹੋਇਆ ਇਹ ਕਿ ਸੇਵਾਦਾਰ ਬਣਦੀ ਬਣਦੀ ਉਹ ਲੁਟੇਰੇ ਅਤੇ ਡਾਕੂ ਬਣ ਗਏ ਹਨ ਲੋਕਾਂ ਨੂੰ ਲੁਟਣ ਲਈ । (ਵਿਘਨ) ਮੈਂ ਕਾਂਗਰਸ ਦੇ ਰਾਜ ਦੀ ਗਲ ਕਰ ਰਿਹਾ ਹਾਂ । ਸਾਡੀ ਸਰਕਾਰ ਨੂੰ ਤੇ ਬਣੀ ਨੂੰ ਹੀ 20 ਦਿਨ ਹੋਏ ਹਨ । (ਵਿਘਨ)

ਪਹਿਲੀ ਗੱਲ ਮੈਂ ਅਫੀਮ ਬਾਰੇ ਆਪ ਨੂੰ ਦਸਣਾ ਚਾਹੁੰਦਾ ਹਾਂ । ਮੈਂ ਇਸ ਦੇ ਇਸਤੇਮਾਲ ਦੇ ਬਹੁਤ ਖਿਲਾਫ ਹਾਂ ਇਹ ਨਹੀਂ ਹੋਣਾ ਚਾਹੀਦਾ । ਸਰਕਾਰ ਨੇ ਹੁਣ ਅਫੀਮ ਦੇ ਠੇਕੇ ਬੰਦ ਕਰ ਦਿਤੇ ਹਨ ਪਰ ਜਿਥੇ ਪਹਿਲੇ ਪਿੰਡ ਵਿਚ ਇਕ ਇਕ ਠੇਕਾ ਸੀ ਉਥੇ ਹੁਣ ਦਸ, ਦਸ ਠੇਕੇ ਹਨ। ਫਿਰ ਜੋ ਠੇਕਾ ਹੁੰਦਾ ਸੀ ਉਸ ਤੇ ਚੰਗੀ ਅਫੀਮ ਮਿਲਦੀ ਸੀ । ਹੁਣ ਉਥੇ ਅਫੀਮ ਨਹੀਂ ਮਿਲਦੀ ਬਲਕਿ ਕੂੜੇ ਵਿਚ ਕੁਚਲੇ, ਸੌਂਫ ਅਤੇ ਕੁਤੇ ਮਾਰ ਗੋਲੀਆਂ ਕੁਟ ਕੇ ਜਾਂ ਕੋਈ ਹੋਰ ਨਸ਼ੀਲੀ ਚੀਜ਼ ਰਲਾਕੇ ਅਤੇ ਇੰਜਨ ਦੀ ਕਾਲਕ ਪਾਕੇ ਅਫੀਮ ਦੇ ਨਾਂ ਤੇ ਵੇਚੀ ਜਾਂਦੀ ਹੈ । ਹੁਣ ਤੋਲਣ ਦੀ ਬਜਾਏ ਇਹਨਾਂ ਠੇਕਿਆਂ ਤੇ ਲੋਕਾਂ ਨੂੰ ਮੋਮੀ ਕਾਗਜ਼ ਵਿਚ ਅਫੀਮ ਦੇ ਪੈਕਟ ਅਠ ਆਨੇ, ਚਾਰ ਆਨੇ ਅਤੇ ਦੋ ਆਨੇ ਦੇ ਦਿਤੇ ਜਾਂਦੇ ਹਨ । ਇਹ ਜੋ ਕੁਝ ਅਮਲੀਆਂ ਨੂੰ ਵੇਚਿਆ ਜਾ ਰਿਹਾ ਹੈ ਉਸ ਨਾਲ ਉਨ੍ਹਾਂ ਦੀਆਂ ਜਾਨਾਂ ਨਾਲ ਖੇਡਿਆ ਜਾ ਰਿਹਾ ਹੈ, ਉਨ੍ਹਾਂ ਦੀਆਂ ਜ਼ਿੰਦਗੀਆਂ ਬਰਬਾਦ ਹੋ ਰਹੀਆਂ ਹਨ । ਜ਼ਿਥੇ ਇਸ ਤਰ੍ਹਾਂ ਅਫੀਮ ਵਿਕਦੀ ਹੈ ਉਨ੍ਹਾਂ ਸਾਰੇ ਅੱਡਿਆਂ ਦਾ ਪੁਲਿਸ ਨੂੰ ਪਤਾ ਹੈ ਕਿ ਇਥੇ ਮਣਾਂ ਅਤੇ ਪਨਸੇਰੀਆਂ ਦੇ ਹਿਸਾਬ ਨਾਲ ਅਫੀਮ ਵਿਕਦੀ ਹੈ ਪਰ ਪੁਲਿਸ ਉਨ੍ਹਾਂ ਨੂੰ ਪਕੜਦੀ ਨਹੀਂ । ਦੂਜੇ ਪਾਸੇ ਪੁਲਿਸ ਦੇ ਟਾਊਟ ਸ਼ਰੇ ਆਮ ਅਫੀਮ ਵੇਚ ਰਹੇ ਹਨ ਅਤੇ ਇਨ੍ਹਾਂ ਵਿਚ 50 ਫੀਸਦੀ ਨੰਬਰਦਾਰ

[ਕਾਮਰੇਡ ਹਰਦਿੱਤ ਸਿੰਘ ਭੱਠਲ]

50 ਫੀ ਸਦੀ ਸਰਪੰਚ, ਬਲਾਕ ਸੰਮਤੀਆਂ ਦੇ ਚੇਅਰਮੈਨ ਸ਼ਾਮਿਲ ਹਨ । ਜੋ ਮਣਾਂ ਅਤੇ ਪਨਸੇਰੀਆਂ ਦੇ ਹਿਸਾਬ ਅਫੀਮ ਵੇਚਦਾ ਹੈ ਉਸ ਨੂੰ ਕੋਈ ਨਹੀਂ ਫੜਦਾ ਪਰ ਜੋ ਤੋਲਾ ਦੋ ਤੋਲੇ ਲੈਕੇ ਜਾਂਦਾ ਹੈ ਟਾਊਟ ਪਾਸੋਂ, ਟਾਊਟ ਉਸੇ ਨੂੰ ਫੜਾ ਦਿੰਦਾ ਹੈ । ਅਗਰ ਚਲਾਨ ਪੂਰੇ ਨਾ ਹੋਣ ਤਾਂ ਕਿਸੇ ਵੀ ਗਰੀਬ ਨੂੰ , ਖੇਤ ਮਜ਼ਦੂਰ ਨੂੰ ਜਿਸ ਦੇ ਕਪੜੇ ਮੈਲੇ ਦੇਖੇ ਉਸੇ ਨੂੰ ਪਾਸ ਸਦਕੇ ਪੁਲਿਸ ਵਾਲਾ ਕਹਿੰਦਾ ਹੈ ਤੂੰ ਘੋਰੀ ਹੈਂ ਅਫੀਮੀ ਹੈਂ, ਤੇਰੇ ਕਪੜੇ ਮੈਲੇ ਹਨ—ਭਾਵੇਂ ਉਸ ਗਰੀਬ ਨੂੰ ਸੋਢਾ ਸਾਬਣ ਨਹੀਂ ਮਿਲਦਾ । ਕਪੜੇ ਧੋਵ ਕਿਵੇਂ, ਪੈਸੇ ਨਹੀਂ ਕਿ ਸੋਢਾ ਸਾਬਣ ਲਵੇ—ਉਸੇ ਦਾ ਚਾਲਾਨ ਕਰ ਦਿੰਦਾ ਹੈ । ਅਗਰ ਤਾਂ ਉਸ ਗਰੀਬ ਨੇ ਕਿਤੋਂ ਫੜ ਫੜਾ ਕੇ ਪੈਸੇ ਦੇ ਦਿਤੇ ਤਾਂ ਛਡ ਦਿਤਾ, ਨਹੀਂ ਤਾਂ ਆਪਣੇ ਕੋਲੋਂ ਅਫੀਮ ਪਾ ਕੇ ਚਲਾਨ ਕਰ ਦਿਤਾ । ਇਹ ਹਾਲਤ ਹੋ ਰਹੀ ਹੈ ਲੋਕਾਂ ਦੀ ।

ਦੂਜੇ ਪਾਸੇ ਪੋਸਤ ਦੇ ਟੱਕਾਂ ਦੇ ਟ੍ਰੱਕ ਭਰੇ ਆਉਂਦੇ ਹਨ ਕੋਈ ਨਹੀਂ ਫੜਦਾ । ਚੰਡੀਗੜ੍ਹ ਨੂੰ ਆਉਂਦੇ ਹੋਏ 10, 10 ਜਾਂ 12, 12 ਮੀਲ ਤੇ ਟਿਕਾਣੇ ਬਣੇ ਹੋਏ ਹਨ, ਜਿਥੋਂ ਪੋਸਤ ਮਿਲ ਸਕਦਾ ਹੈ । ਐਸ. ਪੀ., ਡੀ. ਐਸ. ਪੀ. ਸਭ ਨੂੰ ਪਤਾ ਹੈ ਕਿ ਇਸ ਤਰ੍ਹਾਂ ਪੋਸਤ ਵਿਕਦਾ ਹੈ ਉਨ੍ਹਾਂ ਨੂੰ ਕੋਈ ਨਹੀਂ ਫੜਦਾ ਪਰ ਕਿਸੇ ਛੋਟੇ ਮੋਟੇ ਅਮਲੀ ਤੇ ਛਾਪਾ ਮਾਰਕੇ ਚਲਾਨ ਕਰ ਦਿੰਦੇ ਹਨ । ਜਾਂ ਕਿਸੇ ਮੈਲੇ ਕਪੜੇ ਵਾਲੇ ਗਰੀਬ ਨੂੰ ਬੁਲਾਕੇ ਪਕੜ ਲੈਂਦੇ ਹਨ ਅਤੇ ਆਪਣੇ ਕੋਲੋਂ ਸ਼ਰਾਬ ਦੀ ਬੋਤਲ ਜਾਂ ਅਫੀਮ ਪਾਕੇ ਕੇਸ ਬਣਾ ਦਿੰਦੇ ਹਨ । ਪਿੰਡ ਸੇਖੇ ਵਿਚ ਹੁਣੇ ਜਿਹੇ ਇਕ ਕੇਸ ਹੋਇਆ ਹੈ । ਪੁਲੀਸ ਨੇ ਸ਼ਰਾਬ ਦਾ ਇਕ ਢੋਲ ਫੜਿਆ । ਜਿਸ ਪਾਸੋਂ ਢੋਲ ਫੜਿਆ ਗਿਆ ਉਸ ਨੂੰ ਕਿਹਾ ਗਿਆ ਕਿ ਤੇਰੇ ਨਾਂ ਘਟ ਬੋਤਲਾਂ ਪਾਕੇ ਚਲਾਨ ਕਰ ਦਿੰਦੇ ਹਾਂ। ਇਹ ਆਖ ਕੇ ਉਸ ਤੋਂ ਪੁਲੀਸ ਨੇ 100 ਰੁਪਿਆ ਲੈ ਲਿਆ ਅਤੇ ਬਾਕੀ ਰਹਿੰਦੇ ਢੋਲ ਦੀ ਸ਼ਰਾਬ ਨਾਲ ਹੋਰ ਕੇਸ ਬਨਾਉਣ ਲਈ ਕੁਝ ਖੇਤ ਮਜ਼ਦੂਰ ਫੜ ਲਏ ਤੇ ਉਨ੍ਹਾਂ ਨੂੰ ਇਹ ਆਖਿਆ ਗਿਆ ਕਿ ਜੇ ਤੁਹਾਡੇ ਉਤੇ ਅਫੀਮ ਦਾ ਕੇਸ ਬਣਾਇਆ ਤਾਂ ਤੁਹਾਡੀ ਜ਼ਮਾਨਤ ਨਹੀਂ ਹੋਣੀ। ਇਸ ਲਈ ਅਸੀਂ ਤੁਹਾਡੇ ਤੇ ਦੋ ਦੋ ਬੋਤਲਾਂ ਸ਼ਰਾਬ ਦੇ ਕੇਸ ਦਰਜ ਕਰ ਦਿੰਦੇ ਹਾਂ । ਤੁਸੀਂ ਮੰਨ ਜਾਉ ਅਤੇ ਇੰਜ ਤੁਹਾਡੀ ਜ਼ਮਾਨਤ ਹੋ ਜਾਵੇਗੀ । ਇਸ ਤਰ੍ਹਾਂ ਧੱਕੇ ਨਾਲ ਚਲਾਨ ਕਰਾਕੇ 20, 20 ਰੁਪਏ ਜੁਰਮਾਨਾ ਕਰਾ ਲਿਆ ।

ਇਹ ਹਾਲਤ ਹੋ ਰਹੀ ਹੈ। ਲੋਕਾਂ ਨੂੰ ਲੁਟਿਆ ਜਾਂਦਾ ਹੈ । ਮੂੰਗਫਲੀ ਦੇ ਛਿਲੜਾਂ ਨੂੰ ਕੁਟ ਬਰੀਕ ਪੀਹਕੇ ਵੇਚਿਆ ਜਾਂਦਾ ਹੈ । ਜਦੋਂ ਅਮਲੀ ਲੈਣ ਆਉਂਦਾ ਹੈ ਤਾਂ ਉਸ ਨੂੰ ਕਿਹਾ ਜਾਂਦਾ ਹੈ ਕਿ ਇਹ ਯੂ. ਪੀ. ਦੀ ਬਹੁਤ ਸ਼ਾਨਦਾਰ ਭੁਕੀ ਹੈ ....

ਸ੍ਰੀ ਡਿਪਟੀ ਸਪੀਕਰ : ਭੱਠਲ ਸਾਹਿਬ, ਬੜੀਆਂ ਬਰੀਕੀ ਦੀਆਂ ਆਬਜ਼ਰਵੇਸ਼ਨਜ਼ ਕਰ ਰਹੇ ਹੋ । (The hon. Member Comrade Bhathal is making very delicated observations).

ਕਾਮਰੇਡ ਹਰਦਿਤ ਸਿੰਘ ਭੱਠਲ ਇਹ ਪੁਲਿਸ ਦੀਆਂ ਕਰਤੂਤਾਂ ਦਸਦਾ ਹਾਂ । ਮੈਂ ਕਹਿੰਦਾ ਹਾਂ ਕਿ ਇਹ ਗੱਲਾਂ ਸਖਤੀ ਨਾਲ ਬੰਦ ਕਰਨ, ਸਭ ਨੂੰ ਫੜ ਕੇ ਜੇਲ੍ਹ ਵਿਚ ਪਾਉਣ । ਜਿਥੇ ਢਲਾਂ ਵਿਚ ਸ਼ਰਾਬ ਨਿਕਲਦੀ ਹੈ ਉਨ੍ਹਾਂ ਲੋਕਾਂ ਨੂੰ ਕੋਈ ਨਹੀਂ ਪਕੜਦਾ ਪਰ ਜੋ ਪੀਂਦੇ ਵੀ ਨਹੀਂ ਉਨ੍ਹਾਂ ਦੇ ਖੇਤ ਵਿਚ ਸ਼ਰਾਬ ਰਖਾਕੇ ਉਨ੍ਹਾਂ ਨੂੰ ਫੜ ਲਿਆ ਜਾਂਦਾ ਹੈ । ਇਹ ਗੱਲਾਂ ਸਖਤੀ ਨਾਲ

ਬੰਦ ਕਰੋ । ਜਾਂ ਤਾਂ ਅਫੀਮ ਅਤੇ ਪੋਸਤ ਦੇ ਸਰਕਾਰੀ ਠੇਕੇ ਖੋਲ੍ਹੋ, ਨਹੀਂ ਤਾਂ ਖੁਲ੍ਹੀ ਕਰ ਦਿਉ ਤਾਂ ਜੋ ਲੋਕੀ ਲੁਟ ਤਾਂ ਨਾ ਹੋਣ, ਅਤੇ ਪੁਲਿਸ ਲੋਕਾਂ ਤੇ ਕੇਸ ਤੇ ਨਾ ਬਣਾਵੇ । ਉਨ੍ਹਾਂ ਨੂੰ ਇਹ ਚੀਜ਼ਾਂ ਚੰਗੀਆਂ ਤਾਂ ਮਿਲਣ।

ਇਕ ਗੱਲ ਪੁਲਿਸ ਬਾਰੇ ਹੋਰ ਕਹਿਣੀ ਹੈ । ਕਿਸੇ ਆਦਮੀ ਤੇ ਕੇਸ ਬਣ ਜਾਂਦਾ ਹੈ, ਉਸ ਨੂੰ ਸਜ਼ਾ ਹੋ ਜਾਂਦੀ ਹੈ, ਉਹ ਜੇਲ੍ਹ ਚਲਾ ਜਾਂਦਾ ਹੈ । ਜਦੋਂ ਉਸ ਦੀ ਰਿਹਾਈ ਦੇ ਜਾਂ ਛੁੱਟੀ ਦੇ ਉਸ ਦੇ ਕਾਗਜ਼ ਪਿੰਡ ਜਾਂਦੇ ਹਨ ਕਿ ਪੁਲਿਸ ਤਹਿਕੀਕਾਤ ਕਰੇ । ਅਗਰ ਕਿਸੇ ਆਦਮੀ ਨੂੰ ਜੇਲ੍ਹ ਗਏ ਨੂੰ 10 ਸਾਲ ਹੋ ਗਏ ਹੋਣ ਤਾਂ ਉਨ੍ਹਾਂ 10 ਸਾਲਾਂ ਵਿੱਚ 20 ਥਾਨੇਦਾਰ ਬਦਲ ਚੁਕੇ ਹੁੰਦੇ ਹਨ । ਨਵੇਂ ਥਾਨੇਦਾਰ ਨੂੰ ਉਸ ਬਾਰੇ ਕੁਝ ਨਹੀਂ ਪਤਾ ਹੁੰਦਾ । ਸੋ ਜਿਸ ਵੇਲੇ ਪੁਲਿਸ ਪਿੰਡ ਵਿਚ ਉਸ ਦੇ ਚਲਨ ਬਾਰੇ ਪਤਾ ਕਰਨ ਜਾਂਦੀ ਹੈ ਤਾਂ ਅਗਰ ਤਾਂ ਉਸ ਬੰਦੇ ਦਾ ਕੋਈ ਦੁਸ਼ਮਨ ਪਹਿਲਾਂ ਮਿਲ ਗਿਆ ਤਾਂ ਉਸ ਦਾ ਚਾਲਚਲਨ ਭੈੜਾ ਹੋ ਗਿਆ ਤੇ ਜੇ ਕੋਈ ਦੋਸਤ ਮਿਲ ਗਿਆ ਤਾਂ ਚੰਗਾ ਹੋ ਗਿਆ । ਇਹ ਗੰਦ ਚਲ ਰਿਹਾ ਹੈ । ਅਸੀਂ ਕਹਿੰਦੇ ਹਾਂ ਕਿ ਉਸ ਦਾ ਜੋ ਜੇਲ੍ਹ ਦਾ ਅਫਸਰ ਹੈ ਉਸ ਨੂੰ ਪੁਛਿਆ ਜਾਵੇ ਕਿ ਉਸ ਦਾ ਚਾਲ ਚਲਨ ਕੈਸਾ ਹੈ ਪਹਿਲਾਂ ਨਾਲੋਂ ਠੀਕ ਹੋ ਗਿਆ ਜਾਂ ਨਹੀਂ, ਇਹ ਅਧਿਕਾਰ ਪੁਲਿਸ ਨੂੰ ਨਹੀਂ ਹੋਣੇ ਚਾਹੀਦੇ, ਜੇਲ੍ਹ ਵਾਲਿਆਂ ਨੂੰ ਹੋਣੇ ਚਾਹੀਦੇ ਹਨ ।

ਫਿਰ ਇਕ ਗੱਲ ਮੈਂ ਇਹ ਕਹਿਣੀ ਹੈ ਕਿ ਸੰਨ 62 ਤੋਂ ਪਹਿਲਾਂ ਅਗਰ ਕਿਸੇ ਨੂੰ ਹਾਈ ਕੋਰਟ ਜਾਂ ਸੈਸ਼ਨ ਦੀ ਅਦਾਲਤ ਵਲੋਂ 20 ਸਾਲ ਦੀ ਸਜ਼ਾ ਹੁੰਦੀ ਸੀ ਤਾਂ ਨੇਕ ਚਲਨ ਕਰਕੇ ਜਾਂ ਰਹਿਮ ਦਿਲੀ ਦੀ ਦਰਖਾਸਤ ਤੇ 10 ਸਾਲਾਂ ਪਿਛੋਂ ਰਿਹਾਈ ਹੋ ਜਾਂਦੀ ਸੀ । ਹੁਣ ਸੰਨ 62 ਤੋਂ ਇਹ ਹੋ ਗਿਆ ਹੈ ਕਿ ਜੇ ਰਹਿਮ ਦਿਲੀ ਕਰਕੇ ਕਿਸੇ ਦੀ ਸਜ਼ਾ ਟੁਟੇ ਤਾਂ ਉਸ ਨੂੰ ਤਾਰੀਖੀ 14 ਸਾਲ ਕਟਣੇ ਪੈਂਦੇ ਹਨ । ਇਸ ਤਰ੍ਹਾਂ ਦੇ ਕਾਨੂੰਨ ਨਹੀਂ ਹੋਣੇ ਚਾਹੀਦੇ, ਇਕ ਹੋਣਾ ਚਾਹੀਦਾ ਹੈ ਕਿ 62 ਤੋਂ ਪਹਿਲਾਂ ਦਾ ਹੀ ਕਾਨੂੰਨ ਚਲਣਾ ਚਾਹੀਦਾ ਹੈ ....

Mr. Deputy Speaker: The House stands adjourned till 9.30. a.m. tomorrow.

6-30 p.m. | *(The Sabha then adjourned till 9.30 a.m. on Tuesday, the 16th May, 1967)*

586—305—5.5.68—Pb., Govt. Press, Patiala.

APPENDIX I

to

Punjab Vidhan Sabha Debate Vol. I No. 20 dated the 15th May, 1967.

CASES DECIDED BY PEPSU LAND COMMISSION

***250 Sardar Jagir Singh Dard**: Will the Minister for Revenue be pleased to state—

(a) the number of cases decided by the PEPSU Land Commission but which have not yet been disposed of by the Collectors concerned;

(b) the names of the persons whose cases have not yet been disposed of with their addresses and the details of their total holdings ?

Major General Rajinder Singh : (a) 12.

(b) A statement is laid on the Table of the House.

Statement showing the names of persons whose cases have been decided by the Pepsu Land Commission but have not yet been disposed of by the Collectors concerned

S. No.	Name and address of the landowner	Total Holding S. A. Units.
1.	Shri Sukhinder Paul Singh s/o Pritam Singh, of village Jai Nagar, tahsil Rajpura, district Patiala.	94.60
2.	Shri Sukhdarshan Singh s/o Sukhdev Singh, of village Bathli, tahsil Sirhind, distirct Patiala	48.89
3.	Smt. Sant Kaur widow of Rajkumar Singh of village Gharuan, tehsil Sirhind, district Patiala.	85.59
4.	Shri Puran Singh son of Prem Singh, Village and Post Office Himatana, Tahsil Malerkotla District Sangrur,	32.14
5.	Shri Arjan Singh son of Mihan Singh, of Faridkot District Bhatinda.	84.07
6.	Shri Hardyal Singh son of Gurbax Singh, of village Ramgarh, Tahsil Faridkot, District Sangrur	111.82
7.	Shri Inder Singh s/o Maluk Singh of village Ghuduwala, Tahsil Faridkot, District Bhatinda	54.87
8.	Shri Pritam Singh s/o Vir Singh of village Bargari, Tahsil Faridkot, District Bhatinda	77.94
9.	Shri Ujjagar Singh s/o Sadda Singh of village Dhaipai. Tahsil Faridkot, District Bhatinda	58.20
10.	Shri Ranjit Singh, s/o Bahal Singh of village Sarawan, Tahsil Faridkot, District Bhatinda.	73.67
11.	Shri Pala Singh, s/o Kesar Singh, of village Kila Nau, Tahsil Faridkot, District Bhatinda	35.39
12.	Shri Harbhagwan Singh, s/o Ghugga Singh, of village Jhakharwala, Tahsil Faridkot, District Bhatinda.	169.47

ISSUE OF ARMS LICENCES IN THE STATE

47. **Sardar Gurdev Singh Sidhu**: Will the Chief Minister be pleased to state—

(a) the method prescribed by the Government for the issue of arms licences in the State;

(b) whether the Government has issued any orders that such licences be issued to those persons only who submit Lambardar's report, together with the details of their immovable property;

(c) whether it is a fact that a landless person of good character is not considered fit for the issue of an arms licence;

(d) whether a Panch or a Sarpanch is also required to submit Lambardar's report;

(e) whether any time limit has been prescribed for the disposal of applications for the issue of arms licences ?

Sardar Gurnam Singh: (a) An application for the grant of an arms licence has to be submitted to the licensing authority in Form 'A' appended to the Arms Rules, 1962, accompanied by the fee according to the rates given in Form III appended to the said rules. The licensing authority gets character and antecedents of the applicant verified through the Police and obtains a report on his fitness to hold a licences. After taking these reports into consideration the licensing authority takes a decision whether or not to issue the licence applied for.

(b) No. The Government instructions issued in 1963 are only to the effect that while verifying the character and antecedents of the applicants from the rural areas, the subordinate Police officers should also consult the Lambardar. These instructions were issued in order to enhance the prestige of the Lambardars in the eyes of the general public.

(c) No. Section 14(2) of the Arms Act, 1959 specifically lays down that "the licensing authority shall not refuse to grant any licence to any person merely on the ground that such person does not own or possess sufficient property".

(d) No.

(e) Yes.

RESOLUTIONS PASSED BY PANCHAYAT SAMITI MALERKOTLA

***241 Comrade Bhan Singh Bhaura** : Will the Minister for Development and Local Government be pleased to state—

(a) whether it is a fact that the resolutions passed by the Panchayat Samiti, Malerkotla since 1965 regarding the extending of help to it for constructing link roads has not been sanctioned;

(b) whether it is also a fact that a resolution passed by the said Samiti, regarding help for the construction of a Harijan Dharamsala is pending with the Government since 1965;

(c) if the answer to parts (a)&(b) above be in the affirmative, the reasons therefor?

Shri Satya Pal Dang : (a) No.

(b) No.

(c) Question does not arise.

CONFIRMATION OF CLERKS WORKING IN THE PUNJAB IRRIGATION DEPARTMENT

***253 Jathedar Hardit Singh Bhathal,** : Will the Minister for Public Works and Education be pleased to state—

(a) the total number of clerks belonging to Irrigation Department of the erstwhile Pepsu State at present working in the Irrigation department;

(b) whether the officials referred to in para (a) above have been confirmed on their posts, if not, the number of those who have not been confirmed so far, together with the reasons therefor and the time by which they are likely to be confirmed ?

S. Lachhman Singh Gill : (a) 45.

(b) Out of these 45 Clerks, 29 Clerks have already been confirmed and the remaining 16 are yet to be confirmed. The additional permanent cadre for Irrigation Branch was sanctioned by Government on 21st October, 1966, i. e., 10 days before Reorganisation. As the data with regard to the officials to be confirmed was to be collected from field offices throughout the State, the confirmation against the additional cadre could not be taken up due to shortage of time. Action with regard to the confirmation of these 16 clerks, with reference to their seniority amongst other colleagues, has now been taken up alongwith other clerks of Punjab.

RUNNING GRADE TO THE PANCHAYAT SECRETARIES IN THE STATE

49. **Sardar Gurdev Singh Sidhu** : Will the Minister for Development and Local Government be pleased to state—

(a) whether there is any proposal under the consideration of the Government to give a running grade to the Panchayat Secretaries in the State;

(b) whether any dearness allowance is paid to the Panchayat Secretaries; if not, the reasons therefor ?

Shri Satya Pal Dang : (a) The request of the Union of Secretaries that their present grade should be revised is under examination.

(b) No. Because a consolidated grade of Rs. 80-5-130 has been given.

UPGRADING OF SCHOOLS IN DISTRICT BHATINDA

50. **Sardar Gurdev Singh Sidhu** : Will the Minister for Public Works and Education be pleased to state—

(a) the number of primary and middle schools in district Bhatinda which are being upgrade to the Middle, High or Higher Secondary standard, separately;

(b) the number of primary and middle schools in the Budhlada are proposed to be up graded to the Middle High and Higher Secondary Standard.

Shri Lachhman Singh Gill : (a) (i) Primaryto Middle Standard: 3.

(ii) Middle to High Standard : 3.

(b) None.

CONSTRUCTION OF BRIDGES OVER DRAIN SIRHIND CHOE IN DISTRICT BHATINDA

51. **Sardar Gurdev Singh Sidhu** M. L. A. : Will the Minister for Public Works and Education be pleased to state whether there is any proposal under consideration of the Government to construct bridges over the Sirhind Choe drain in district Bhatinda, if so, the details thereof and the time by which those are likely to be constructed ?

S. Lachhman Singh Gill : Yes. V. R. Bridges have been provided in the scheme, but the exact sites will be decided in consultation with the Deputy Commissioner at the time of construction. Due to the paucity of funds, it can not, however, be said as to when the construction will be taken up.

CONSTRUCTION OF ROADS IN DISTRICT BHATINDA

53. **Sardar Gurdev Singh Sidhu M. L. A.** : Will the Minister for Public Works and Education be pleased to state the time by which the Budhlada-Mansa, Budhlada-Jhaneer and Bhudhlada-Suman Road in district Bhatinda as included in the Fourth Five Year Plan, are likely to be constructed ?

Shri Gurmit Singh : These roads which were tentatively proposed for inclusion in the IV Five Year Plan before re-organisation could not be accommodated in the Plan now drawn up for re-organised Punjab owing to the limited scope of funds.

COMPENSATION TO CULTIVATORS IN DISTRICT BHATINDA.

54. **Sardar Gurdev Singh Sidhu, M L.A.** : Will the Minister for Public Works and Education be pleased to state—

(a) the details of the amount of compensation which is yet to be paid to the cultivators of the land covered by the Sem/drains, i. e. Sirhind Choe, Bahadursinghwala Drain and Bretta Drain in district Bhatinda;

(b) the names of those villages whose residents are yet to be paid the said compensation along with the reasons for which compensation has not been paid to them so far ?

Sardar Lachhman Singh Gill : (a) About Rs. 3,47,000 are due to be paid to the land owners whose land was acquired for the widening of Sirhind Choe and about Rs. 1,12,000 are due to be paid to the owners of land coming under Bhadur Singh Wala Drain.

No compensation is due to the cultivator whose land was acquired for the excavation of Bretta Drain as the compensation for the same has since been made.

(b) Statement is attached. The payment to them has not yet been made as the land documents are under scrutiny.

(a) **Canalising of Sirhind Cho from R. D. 61,000 to 161,815 in district Bhatinda.**

Sr. No.	*Village*	*Sr. No.*	*Village*
1.	Akanwali	8.	Gurney Khurd
2.	Mandhali	9.	Gurney Kalan
3.	Sharan	10.	Fafra Bhaika
4.	Pilion	11.	Bhorawal
5.	Barah	12.	Dhalewan
6.	Ahmedpur	13.	Hodla Kalan
7.	Hassanpur	14.	Samundgarh (Alies). (Khewa Miban Singh)
		15.	Hiron Khurd.

Total land from S. No. 1 to 15=347 Acres. Approximate cost of land = 347x1000 = 3,47,000

(b) **Widening Bahadur Singh Wala Drain from R.D.O. 25,000**

1. Bohrawal
2. Budhpura
3. Bhikhi

} Total area 111.47 say 112 acres.

Approximate cost of land = 112 x 1,000=1,12,000/—
Grand total (a&b)= 3,47,000+ 1,12,000= 4,59.000/—



Published under the Authority of the Punjab Vidhan Sabha and Printed by the Controller, Printing & Stationery, Punjab, at the Govt. Press, Patiala.

PUNJAB VIDHAN SABHA

DEBATES

16th May, 1967

Vol. I—No. 21

OFFICIAL REPORT



CONTENTS

Tuesday, the 16th May, 1967

Punjab Vidhan Sabha Secretariat, Chandigarh.

Rs. 4 65 p.

ERRATA

Punjab Vidhan Sabha Debates, 16th May, 1967

Vol. I-No. 21

Read	*For*	*Page*	*Line*
Anant Kumar	Anant Kuma'	(21)3	Bottom
Delete word 'ਤੇ' found between words 'ਵਿਚ' and 'ਜਿੰਨੇ'			15
has supplied	hars upplied	(21)5	10th from below
ਹਨ	ਧਨ	(21)8	13
ਚਾਹੁੰਦਾ	ਚਾਹੁਦਾ	(21)9	8th from below
ਪ੍ਰਿਥਵੀ	ਪ੍ਰਿਥਵੀ	(21)9	10
ਇੰਜਨੀਅਰ	ਇੰਜਨੀਅਚ	(21)11	1
Stamp	Stampel	(21)11	16
ਐਕਸਪਲਾਇਟ	ਐਕਸਪਲਾਇਟ	(21)12	3
employees	mployees	(21)14	18
police	polic	(21)14	22nd from below
call	cabl	(2)15	Heading
ਕੋਰਸ	ਕਰਸ	(21)15	1
ਹਾਂ	ਹੈ	(21)15	3rd from below
ਪੂਰੀਆਂ	ਪਰੀਆਂ	(21)16	6th from below
ਹੋਇਆ	ਹੋਈਆ	(21)20	14th from below
ਵਾਲੀਆਂ	ਵਾਲਿਆਂ	(21)20	7th from below
ਲੜਕੀਆਂ	ਲੜਕਿਆਂ	(21)20	4th from below
Speech	Slieech	(21)21	6th from below
ਲੈ ਕੇ	ਲ ਕੇ	(21)21	Last
ਮਨ	ਮੰਨ	(21)23	5th from below

Read	*For*	*Page*	*Line*
ਡੈਫਿਸਿਟ	ਡੈਿ ਤਸਿਟਾਂ	(21)24	16th from below
ਰੀਆਰਗੇਨਾਈਜ਼	ਰੀਆਰਗੇਨਾਈਜ਼ਨ	(21)25	7th from below
ਸਰਦਾਰ ਗਿਆਨ ਸਿੰਘ ਰਾੜੇਵਾਲਾ	ਸਰਦਾਰ ਗਿਆਨ ਸਿੰਘ ਰਾੜਵਾਲਾ	(21)26	6
Chair	Chairs	(21)31	11
ਅਪੀਲੇਂ	ਅਪੀਲ	(21)31	31
ਹੋਵ	ੇਵ	(2)34	1 th from below
ਕਿਤਨੀ	ਕਤਨੀ	(21)41	15
ਹਨ	ਹਠ	(21)42	15
ਹੋਤੀ	ਹਤੀ	(21)47	19
ਗੁਰੂ ਗੋਬਿੰਦ ਸਿੰਘ	ਗੁਰੂ ਗੋਬਿਦ ਸਿੰਘ	(21)49	9
ਫੈਸਲਾ	ਫ਼ਸਲਾ	(2)49	3rd from below
ਦੂਸਰੇ	ਦਸਰੇ	(21) 0	2nd from below
ਸ਼੍ਰੀ	ਸੀ	(21)51	9
ਟਿੰਪਰੂਵਮੈਂਟ	ਟਿੰਪਰਵਸੈਂਟ	(2)52	3
ਮੈਂ	ਮਂ	(21)53	16
ਚੁਕਾ	ਚਕਾ	(2)53	Last
ਛਪੀ	ਪੀ	(21)60	8
ਗਈ	ਗਟੀ	(1)63	2nd from below
ਜਾਵੇਗਾ	ਜਾਵਗਾ	(21)64	9
Add the word "ਹੈ"	before the word "ਉਨ੍ਹਾਂ"	(21)64	3rd from below
ਸਿੰਪਤੀ	ਸਿੰਧਥੀ	(21)67	2
ਐਨਾਊਨਸਮੈਂਟ	ਐਨਾਉਮੈਂਟ	(21)67	12
ਜੋ	ਜ	(21)67	22
ਬੁਲਾਈ	ਬਲਾਈ	(21) 8	3rd from below

PUNJAB VIDHAN SABHA

Tuesday, the 16th May, 1967

The Sabha met in the Hall, of Punjab Vidhan Bhavan, Sector I, Chandigarh, at 9.00 a.m. of the Clock. Mr. Speaker (Lieut. Col. Joginder Singh Mann) in the Chair.

STARRED QUESTIONS AND ANSWERS

Mr. Speaker : The hon. Minister concerned has asked for extension in respect of Starred Question No. 198. The next question stands in the name of Comrade Phuman Singh. M.L.A.

CASES WITHDRAWN FROM 8TH MARCH, 1967 TO DATE.

*197. 1. **Comrade Phuman Singh**
2. **Comrade Jangir Singh Joga** } : Will the Chief Minister be pleased to state .—

(a) the total number of cases pending in courts in the State in connection with recent agitations which have been withdrawn by the Government during the period from 8th March, 1967 to-date together with the names of the persons concerned;

(b) the date of registration of each of the said cases and provision of law under which each was registered;

(c) the details of the cases connected with recent agitations which are still pending in the courts district-wise and have not been with-drawn together with the reasons therefor ?

Sardar Gurnam Singh : (a) Six cases arising out of anti-Punjabi Suba Agitation and three cases arising out of the Nangal Fertilizer Agitation. Lists showing names of persons involved in each of the cases pertaining to the two agitations are placed on the table of the House (Annexures A and B).

(b) Information is laid on the table of the House (Annexure C).

(c) Only two cases viz. F. I. R. No. 280, dated 16th March, 1966 U/Ss 307/332/353/148/149 I. P.C. and No. 281 dated 16th March, 1966 U/Ss 307/332/353/148/149/147/188/I.P.C. of P.S. City Jullundur, registered in connection with the anti-Punjabi Suba Agitation have not been withdrawn as counter complaints have been lodged against a police officer in these cases.

Nine cases referred to at (a) and (b) above were pending in courts and information regarding their having been actually withdrawn from the courts is still awaited from the District authorities.

ANNEXURE 'A'

[Chief Minister]

List showing names of persons involved in each of the six cases pending in courts in connection with the Anti-Punjabi Suba Agitation which have been decided to be withdrawn

Details of Cases	Names of persons involved.
1. FIR No. 97 dated 12th March, 1966 U/Ss 307/332/188/147/149, IPC, P.S. 'D', Division, Amritsar.	1. Mulkha Bhushan 2. Girdhari Lal 3. Bhagwan Dass 4. Tilak Raj 5. Mohni 6. Kasturi Lal 7. Kishan Chand
2. FIR No. 262. dated 13th March, 1966 U/Ss 457/380, IPC, P. S. City Jullundur.	1. Vijay Kumar 2. Inderjit 3. Chhote Lal 4. Satpal 5. Chuni Lal 6. Ram Lal 7. Raj Kumar 8. Mehnga Ram 9. Sukhpal 10 Ashok Kumar 11. Bachan Chand 12. Jagdish Chand 13. Madan Lal 14. Rattan Chand
3. FIR No. 259, dated 13th March, 1966 U/Ss 436/148/149, IPC, P. S. City Jullundur,	1. Kuldip Singh 2. Satnam Singh 3. Devinder Singh 4. Maniit Singh 5. Surjit Singh 6. Harnam Singh 7. Surinderpal Singh 8. Ajit Singh 9. Parduman Singh 10. Maluk Singh 11. Pritam Singh 12. Jaswant Singh 13. Arjan Singh
4. FIR No. 267, dated 14th March, 1966 U/Ss 436/380/148/149, IPC, City Jullundur.	1. Gulshan Kumar
5. FIR No. 73, dated 15th March, 1966 U/Ss 147/151/152/153/114/124-A, IPC, P. S. Malout, Ferozepore.	1. Shagan Lal 2. Dharam Parkash

	3. Jagan Nath 4. Krishan Kumar 5. Mohan Lal 6. Sohan lal 7. Sunder Lal 8. Sain Dass 9. Ram Chand 10. Pritam Singh 11. Puran Chand 12. Des Raj 13. Harbhajan Dass 14. Ravinder Sharma 15. Amar Nath 16. Chuni Lal
6. FIR No. 103, dated 25th March, 1966 U/Ss 395/436/307/452/148/149 IPC, P.S. City Kotwali, Amritsar.	1. Wazir Chand 2. Sharna 3. Joginder Singh 4. Gogi Parshotam 5. Tilak 6. Subhash Chander 7. Surrinder Kumar 8. Santa 9. Kalia Saiwinda 10. Janak Raj 11. Ashok Kumar 12. Budhu

ANNEXURE 'B'

List showing names of the persons involved in each of the three cases pending in court in connection with Nangal Fertilizer agitation.

1. FIR No. 145, dated 25th October, 1966 U/Ss 506/341/148/149, IPC., P. S. Anandpur Sahib District Rupar.	1. Swaran Kumar 2. Kundan Singh 3. Avtar Singh 4. Jagat Ram 5. Om Parkash
2. FIR No. 146, dated 28th October, 1966, U/Ss 506/323/148/149, IPC, P. S. Anandpur Sahib, District Rupar.	1. Mohinder Singh 2. Jaginder Singh 3. Ram Singh
3. FIR No. 147, dated 3rd November, 1966 U/Ss 506/323/148/149, IPC, P. S. Anandpur Sahib, District Rupar.	1. Mohinder Singh 2. Sat Pal 3. Kailash Chand 4. Shiv Kumar 5. Mangat Ram 6. Anant Kumar

[Chief Minister]

ANNEXURE C

1. Cases relating to the anti-Punjabi Suba Agitation.

(i) 12-3-66 U/Ss 307/332/188/147/149, IPC, of Amritsar.

(ii) 13-3-66 U/Ss 457/380, IPC, of Jullundur.

(iii) 13-3-66 U/Ss 436/148/149, IPC, of Jullundur,

(iv 14-3-66 U/Ss 436/380/148/149, IPC, of Jullundur.

(v) 15-3-66 U/Ss 147/151/152/114/124-A, IPC, of Ferozepur.

(vi) 25-3-66 U/Ss 395/436/307/452/148/149, IPC, of Amritsar,

2. Cases relating to the Nangal Fertilizer Agitation.

(i) 25-10-66 U/Ss 506/341/148/149, IPC, of Rupar District.

(ii) 28-10-66 U/Ss 506/323/148/149, IPC, of Rupar District.

(iii) 3-11-66 U/Ss 506/323/148/149, IPC, of Rupar District.

ਚੌਧਰੀ ਦਰਸ਼ਨ ਸਿੰਘ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਸੀਰੀਅਲ ਨੰਬਰ 3 ਐਫ.ਆਈ. ਆਰ 259 ਵਿੱਚ ਤੇ ਜਿੰਨੇ ਆਦਮੀ ਫੜੇ ਗਏ ਹਨ ਇਹ ਐਂਟੀ ਪੰਜਾਬੀ ਸੂਬਾ ਐਜੀਟੇਸ਼ਨ ਦੇ ਐਕਯੂਜ਼ਡ ਸਨ ਅਤੇ ਸਿਖ ਕਮਿਊਨਿਟੀ ਦੇ ਸਨ They all belong to Sikh community. Did they agitate against the Punjabi Suba formation?

Chief Minister : All those parties which were participating in that agitation were arrested and the cases were registered.

ਚੌਧਰੀ ਦਰਸ਼ਨ ਸਿੰਘ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਸੀਰੀਅਲ ਨੰਬਰ 4 ਐਫ.ਆਈ.ਆਰ. 267, ਵਿੱਚ ਇਕ ਹੀ ਮੁਲਜ਼ਮ ਗੁਲਸ਼ਨ ਕੁਮਾਰ ਹੈ ਤਾਂ ਇਸ ਤੇ ਕਿਸ ਤਰ੍ਹਾਂ ਦਫ਼ਾ 148/149 ਦਾ ਕੇਸ ਬਣ ਗਿਆ ਜਦ ਕਿ ਇਹ ਦਫ਼ਾ ਪੰਜ ਤੋਂ ਘਟ ਆਦਮੀਆਂ ਤੇ ਨਹੀਂ ਲਗਾਈ ਜਾ ਸਕਦੀ ? Why the case under this section against him ?

ਮੁੱਖ ਮੰਤਰੀ : ਸਵਾਲ ਤਾਂ ਬਿਲਕੁਲ ਸਾਦਾ ਸੀ। ਇਹ ਤਾਂ ਆਪ ਵਕੀਲ ਹਨ ਮੈਨੂੰ ਖਿਆਲ ਸੀ ਕਿ ਇਹ ਸਮਝ ਜਾਣਗੇ ਕਿ ਜਦ ਮਾਬ ਆਉਂਦਾ ਹੈ ਤਾਂ ਸਾਰਿਆਂ ਨੂੰ ਆਈ-ਡੈਂਟਿਫ਼ਾਈ ਨਹੀਂ ਕੀਤਾ ਜਾ ਸਕਦਾ। ਇਸ ਲਈ ਕੋਈ ਇਕ ਆ ਜਾਂਦਾ ਹੈ ਬਾਕੀ ਰਹਿ ਜਾਂਦੇ ਹਨ। ਪਰ ਦਫ਼ਾ ਉਹ ਹੀ ਲਗਦੀ ਹੈ। ਮੈਂ ਹੈਰਾਨ ਹਾਂ ਇਨ੍ਹਾਂ ਦੀ ਸਮਝ ਤੇ। (ਹਾਸਾ)

आचार्य पृथ्वी सिंह आज़ाद : क्या मुख्य मंत्री महोदय बताने की कृपा करेंगे कि ऐंटी पंजाबी सूबा एजीटेशन के जालंधर से बाहर दूसरे जिलों में भी कुछ केसिज़ पैंडिग हैं ?

मुख्य मंत्री : अगर आप नोटिस देंगे तो पता करके बता दूंगा।

ARMS LICENCES ISSUED IN CERTAIN AREAS OF DISTRICT SANGRUR.

***207 Comrade Jangir Singh Joga** : Will the Chief Minister be pleased to state

(a) the total number of arms licences issued during January

and February, 1967, in the areas falling under the jurisdiction of Police Stations Munak and Lehra respectively in district Sangrur,

(b) the total number of licences issued upto December, 1966 in the said areas, respectively ?

Sardar Gurnam Singh : (a) Police Station Munak : 78
Police Station Lehra : 49

(b) Police Station Munak : 201
Police Station Lehra : 142

ਕਾਮਰੇਡ ਭਾਨ ਸਿੰਘ ਭੌਰਾ : ਮੈਂ ਚੀਫ ਮਨਿਸਟਰ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਇੰਨੇ ਲਾਇਸੰਸ ਇਕੋ ਮਹੀਨੇ ਵਿੱਚ ਮੂਨਕ ਅਤੇ ਲਹਿਰਾਗਾਗਾ ਵਿੱਚ ਦਿੱਤੇ ਗਏ ਇਸ ਦੇ ਕੀ ਕਾਰਨ ਸਨ ?

ਮੁੱਖ ਮੰਤਰੀ : ਜੇ ਕਰ ਕਹੋਗੇ ਅਤੇ ਇਸ ਸਵਾਲ ਨੂੰ ਪੈਂਡਿੰਗ ਕਰ ਦਿਉਗੇ ਤਾਂ ਪਤਾ ਮੰਗਵਾ ਦਿਆਂਗਾ ।

ਕਾਮਰੇਡ ਭਾਨ ਸਿੰਘ ਭੌਰਾ : ਕੀ ਮੁੱਖ ਮੰਤਰੀ ਸਾਹਿਬ ਇਹ ਪਤਾ ਮੰਗਵਾਣ ਲਗਿਆਂ ਇਹ ਇਨਕੁਅਇਰੀ ਵੀ ਕਰਨਗੇ ਕਿ ਕੀ ਇਨ੍ਹਾਂ ਲਾਇਸੰਸਾਂ ਨੂੰ ਦੇਣ ਲੱਗਿਆਂ ਸਾਰੀਆਂ ਫਾਰਮੈਲਿਟੀਜ਼ ਪੂਰੀਆਂ ਕੀਤੀਆਂ ਗਈਆਂ ਸਨ ਜਾਂ ਨਹੀਂ ?

ਮੁੱਖ ਮੰਤਰੀ : ਇਹ ਪ੍ਰਿਜ਼ਿਊਮ ਕੀਤਾ ਜਾਂਦਾ ਹੈ ਕਿ ਇਲੈਕਸ਼ਨਾਂ ਦੇ ਦਿਨਾਂ ਵਿੱਚ ਛੇਤੀ ਵੀ ਲਾਇਸੰਸ ਦਿੱਤੇ ਜਾ ਸਕਦੇ ਹਨ ਅਤੇ ਅਫਸਰ ਕੋਤਾਹੀ ਵੀ ਕਰ ਸਕਦੇ ਹਨ।

ਚੌਧਰੀ ਦਰਸ਼ਨ ਸਿੰਘ : ਕੀ ਮੁੱਖ ਮੰਤਰੀ ਦਸਣਗੇ ਕਿ what are those formalities which are to be completed before issuing the licences?

Chief Minister : I am thankful to the honourable member for the information he hass upplied to me. ਇਹ ਤਾਂ ਇਸ਼ੂਇੰਗ ਅਥਾਰਟੀ ਦੀ ਡਿਸਕ੍ਰੀਸ਼ਨ ਤੇ ਹੁੰਦਾ ਹੈ ।

ਲੈਫਟੀਨੈਂਟ ਭਾਗ ਸਿੰਘ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਕੀ ਇਸ ਗੱਲ ਦੀ ਕੋਈ ਪਾਬੰਦੀ ਹੈ ਕਿ ਲਾਇਸੰਸ ਕਿਸੇ ਇਕ ਮਹੀਨੇ ਵਿੱਚ ਕਿੰਨੇ ਦਿੱਤੇ ਜਾਣ ਜਾਂ ਕੁਆਟਰਲੀ ਜਾਂ ਹਾਫ ਯੀਅਰਲੀ ਜਾਂ ਯੀਅਰਲੀ ਕਿੰਨੇ ਦਿੱਤੇ ਜਾਣ ?

ਮੁੱਖ ਮੰਤਰੀ : ਅਜਿਹੀ ਗੱਲ ਨਹੀਂ, ਪਰ ਸਵਾਲ ਕਰਨ ਵਾਲੇ ਅਲੈਜ ਕਰਦੇ ਹਨ ਕਿ ਇਲੈਕਸ਼ਨਾ ਦੇ ਦਿਨਾਂ ਵਿਚ ਲਾਇਸੰਸ ਜ਼ਿਆਦਾ ਕਿਉਂ ਦਿੱਤੇ ਗਏ ।

चौधरी बलबीर सिंह : क्या मुख्या मंत्री बताएँगे कि कंडी का इलाका है जहां पर जंगली जानवर बहुत पाए जाते हैं क्या आप वहां पर लाइसैंस लिबरली देने के लिए कोई तरीका अख्तियार करेंगे ?

मुख्य मंत्री : जी हां, जरूर ।

श्री अ. विश्वनाथन : क्या मुख्य मंत्री बताएंगे कि संगरूर जिला में इतने ज्यादा लाइसैंस दिए गए हैं तो क्या इस में बसता 'बे' के मेम्बरों को भी लाइसैंस दिए गए हैं ?

मुख्य मंत्री : अगर आप कहेंगे तो इस को एगजामिन कर लेंगे ।

CASES OF MURDER AND DACOITY IN THE STATE.

***237 Chaudhri Darshan Singh** : Will the Chief Minister be pleased to state :—

(a) the total number of cases of murder and dacoity that took place district-wise in the State from 1st March, 1967 to 20th April, 1967;

(b) the total number of such cases that occurred in the corresponding period during the last year in the said districts;

(c) the total number of cases out of those mentioned in part (a) above which have not been traced out so far ?

Sardar Gurnam Singh :

(a)	Murder	.. 45	District-wise statement is laid on the table of the House.
	Dacoity	.. 2	
(b)	Murder	.. 49	
	Dacoity	.. 1	
(c)	Murder	.. 7	About the second dacoity some very useful clue have come to light.
	Dacoity	. 1	

[(ਕ)	ਕਤਲ	.. 45	ਜ਼ਿਲੇਵਾਰ ਸਟੇਟਮੈਂਟ ਸਭਾ ਦੇ ਸਾਮ੍ਹਣੇ ਪੇਸ਼ ਹੈ
	ਡਕੈਟੀ	.. 2	
(ਖ)	ਕਤਲ	.. 49	
	ਡਕੈਟੀ	.. 1	
(ਗ)	ਕਤਲ	.. 7	
	ਡਕੈਟੀ	.. 1	ਦੂਜੀ ਡਕੈਟੀ ਬਾਰੇ ਵੀ ਕੁਝ ਬਹੁਤ ਮੁਫ਼ੀਦ ਗੱਲਾਂ ਦਾ ਸੁਰਾਗ ਮਿਲਿਆ ਹੈ।]

DISTRICT-WISE STATEMENT

Sl. No.	District	Total No. of cases reported from 1st March, 1967 to 20th April, 1967 (a)		Total No. of cases which were reported in the corresponding period of 1966 (b)		Total No. of cases mentioned at (a) which have not been traced out so far (c)		Remarks
		Murder	Dacoity	Murder	Dacoity	Murder	Dacoity	
1.	Hoshiarpur	1	—	4	—	—	—	
2.	Jullundur	4	1*	4	—	—	—	*Traced
3.	Ludhiana	5(a)	—	9	—	1	—	(a) One case cancelled
4.	Kapurthala	2	—	3	—	—	—	
5.	Ferozepur	9	—	7	—	—	—	
6.	Amritsar	10	—	9	—	2	—	
7.	Gurdaspur	2	—	1	—	1	—	
8.	Patiala	5	1	5	—	2	1	(b) very tangible clues have come to hand which are being verified.
9.	Sangrur	1	—	2	—	—	—	
10.	Bhatinda	6	—	4		1	—	
11.	Rupar	—	—	1	—	—	—	
	Total	45	2	49	1	7	1	

ਚੌਧਰੀ ਦਰਸ਼ਨ ਸਿੰਘ : ਕੀ ਮੁੱਖ ਮੰਤਰੀ ਸਾਹਿਬ ਦਸਣਗੇ ਕਿ ਕਾਮਰੇਡ ਸਤਪਾਲ ਕਪੂਰ ਨੇ ਇਕ ਸਵਾਲ ਪੁਛਿਆ ਸੀ ਅਤੇ The Honourable Chief Minister in reply to his question stated that there were 64 cases of murder, dacoity, etc. Now the Chief Minister has stated that the number of these cases is 45 during the same period. Sir, how does the Honourable Chief Minister reconcile this?

Chief Minister : I cannot remember everything.

Mr. Speaker: This is a different period.

ਮੁੱਖ ਮੰਤਰੀ : ਮੈਂ ਜਵਾਬ ਵਿਚ ਅਰਜ਼ ਕੀਤੀ ਹੈ ਕਿ ਇਹ 1st March, 1967 ਤੋਂ ਲੈ ਕੇ 20th April, 1967 ਤੱਕ ਦੇ ਹਨ ।

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਸਪੀਕਰ ਸਾਹਿਬ, ਇਨ੍ਹਾਂ ਨੇ ਸਵਾਲ ਨੰ: 49 ਦੇ ਜ਼ਵਾਬ ਵਿਚ 6 ਮਾਰਚ ਤੋਂ ਕਤਲ 64 ਦੱਸੇ ਹਨ ਪਰ ਹੁਣ ਇਹ ਪਹਿਲੀ ਮਾਰਚ ਤੋਂ 45 ਦਸਦੇ ਧਨ ।

ਚੌਧਰੀ ਬਲਬੀਰ ਸਿੰਘ: ਲਉ ਜੀ, ਇਹ ਕਤਲਾਂ ਵਿਚ ਵੀ ਘਾਟਾ ਵਿਖਾਉਂਦੇ ਹਨ । ਇਹ ਕਿਵੇਂ ਪੂਰਾ ਹੋਵੇਗਾ । (ਹਾਸਾ)

ਲੈਫਟੀਨੈਂਟ ਭਾਗ ਸਿੰਘ : ਇਹ ਕਿਵੇਂ ਹੋ ਸਕਦਾ ਹੈ ਕਿ 1st March, 1967 ਤੋਂ ਤਾਂ 64 ਅਤੇ 6th March, 1967 ਤੋਂ 45 ਹੋਵੇ ?

Mr. Speaker: This is repetition.

Lieut. Bhag Singh: Please listen to me.

Mr. Speaker: I have heard it.

ਲੈਫਟੀਨੈਂਟ ਭਾਗ ਸਿੰਘ: ਤੁਹਾਨੂੰ ਕੀ ਪਤਾ ਹੈ ਮੈਂ ਕੀ ਕਹਿਣਾ ਚਾਹੁੰਦਾ ਹਾਂ ।

Mr. Speaker: I can anticipate what you want to say,

ਲੈਫ਼ਟੀਨੈਂਟ ਭਾਗ ਸਿੰਘ: ਮੈਂ ਇਹ ਚੀਜ਼ ਕਲੈਰੀਫਾਈ ਕਰਾਉਣੀ ਚਾਹੁੰਦਾ ਹਾਂ ਕਿ 1st March, 1967 ਤੋਂ ਲੈ ਕੇ ਤਾਂ 64 ਕੇਸਿਜ਼ ਹੋਏ ਅਤੇ 6th March, 1967 ਤੋਂ ਲੈ ਕੇ 45 ਕੇਸ ਦਸੇ ਗਏ ਹਨ । ਕੀ 19 ਕੇਸਿਜ਼ ਇਨ੍ਹਾਂ 6 ਦਿਨਾਂ ਦੇ ਵਿਚ ਹੋਏ ਹਨ ।

ਸ੍ਰੀ ਬਲਰਾਮ ਜੀ ਦਾਸ ਟੰਡਨ: ਆਨਰੇਬਲ ਮੈਂਬਰ ਫ਼ੈਕਟਸ ਤੋਂ ਉਲਟ ਗੱਲ ਕਰ ਰਹੇ ਹਨ। ਇਕ ਸਵਾਲ ਦੀ ਡੇਟ 1st March 1967 ਹੈ ਅਤੇ ਦੂਸਰੇ ਵਿਚ 6th March 1967 ਹੈ

Minister for Education and Public Works : It is quite irrelevant. The hon. Member should not waste the time of the House.

ਸ੍ਰੀ ਬਲਰਾਮ ਜੀ ਦਾਸ ਟੰਡਨ : ਪਹਿਲਾਂ ਕਿਤਨਾ ਨੰਬਰ ਹੁੰਦਾ ਸੀ ਅਤੇ ਹੁਣ ਇਹ ਕਿਤਨਾ ਰਹਿ ਗਿਆ ਹੈ । ਘਟਦਾ ਘਟਦਾ 64 ਆ ਗਿਆ ਹੈ । ਫੇਰ ਵੀ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹੋ ।

Chaudhri Darshan Singh : I read the question.

Mr. Speaker : Yes, come out with your question.

ਚੌਧਰੀ ਦਰਸ਼ਨ ਸਿੰਘ : ਇਹ ਪੁਛਿਆ ਗਿਆ ਸੀ :

"Will the Chief Minister be pleased to state the total number of cases of murder and dacoity that took place, district-wise in the State since 6th March, 1967 till 30th April, 1967,? "

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ 10 ਦਿਨ ਦਾ ਫਰਕ ਦਸਦੇ ਹਨ, ਮੈਂ ਕਹਿੰਦਾ ਹਾਂ 18 ਦਿਨ ਦਾ ਫਰਕ ਹੈ । 10 ਦਿਨ ਤਾਂ ਪਹਿਲੇ ਅਤੇ ਫੇਰ ਪਹਿਲੀ ਮਾਰਚ ਤੋਂ 8 ਮਾਰਚ ਤਾਂਈ 8 ਦਿਨ ਫੇਰ ।

आचार्य प्रिथ्वी सिंह आजाद : क्या मुख्य मंत्री जी तारीख़वार मरडर केसिज की तफ़सील मुहैया करेंगे ?

मुख्य मंत्री : जब आप ऐसा कोई सवाल करेंगे तो जवाब दे दिया जायेगा ।

BREACHES IN JOGA DISTRIBUTARY OF KOTLA BRANCH, SIRHIND CANAL

***209. Comrade Jangir Singh Joga** : Will the Minister for Public Works and Education be pleased to state—

(a) the number of breaches that occurred in the Joga Distributary of the Kotla Branch, Sirhind Canal during the months of January, February and March, 1966.,

(b) the reasons for the said breaches ;

(c) the steps, if any, being taken by the Government to check the recurrence of these breaches ?

Sardar Lachhman Singh Gill : (a) Nil.

(b & c) Question does not arise.

ਕਾਮਰੇਡ ਜੰਗੀਰ ਸਿੰਘ ਜੋਗਾ : ਮੈਂ ਇਹ ਪੁਛਣਾ ਚਾਹੁੰਦਾ ਹਾਂ ਕਿ ਆਇਆ ਐਕਸ. ਈ. ਐਨ. ਸਾਹਿਬ ਨੇ ਇਸ ਦੇ ਮੁਤਾਬਿਕ ਕੋਈ ਜਸਟੀਫੀਕੇਸ਼ਨ ਦਿੱਤੀ ਹੈ ਕਿ ਕੱਟ ਕਿਉਂ ਹੋਏ ?

ਲੋਕ ਕਾਰਜ ਅਤੇ ਵਿਦਿਆ ਮੰਤਰੀ : ਮੈਂ ਸਾਰਾ ਮੁਆਮਲਾ ਐਗਜ਼ਾਮਿਨ ਕੀਤਾ ਹੈ। ਮੇਰਾ ਖ਼ਿਆਲ ਹੈ ਇਹ ਸਹੀ ਹੀ ਟੁੱਟੇ ਹਨ ।

ਕਾਮਰੇਡ ਜੰਗੀਰ ਸਿੰਘ ਜੋਗਾ : ਮੈਂ ਮਨਿਸਟਰ ਸਾਹਿਬ ਨੂੰ ਚੈਲੰਜ ਕਰਦਾ ਹਾਂ । ਉਨ੍ਹਾਂ ਦਾ ਇਹ ਖ਼ਿਆਲ ਬਿਲਕੁਲ ਗਲਤ ਹੈ । ਰਜਵਾਹਾ ਦੋ ਮਹੀਨੇ ਚਲਿਆ ਹੈ ਅਤੇ 16 ਦਫਾ ਟੁਟਿਆ ਹੈ । (ਵਿਘਨ) ਐਕਸ. ਈ. ਐਨ. ਨੇ ਜਾਣ ਬੁਝ ਕੇ ਤੁੜਵਾਇਆ ਹੈ। ਅਸੀਂ ਕਹਿੰਦੇ ਹਾਂ ਕਿ ਜਿਸ ਨੇ ਇਸ ਤਰ੍ਹਾਂ ਜਾਣ ਬੁਝ ਕੇ ਕਰਵਾਇਆ ਹੈ ਉਸ ਨੂੰ ਸਸਪੈਂਡ ਕੀਤਾ ਜਾਵੇ ।

ਮੰਤਰੀ : ਘਬਰਾਉਂਦੇ ਕਿਉਂ ਹੋ ? I am replying । ਮੈਂ ਉਨ੍ਹਾਂ ਨੂੰ ਮਹੀਨਾ ਪੁਛਿਆ ਹੈ ਕਿਹੜਾ ਸੀ । ਜੇ ਕਰ ਉਹ ਕੋਈ ਰਾਂਗ ਇਨਫਰਮੇਸ਼ਨ ਦੇਣਗੇ ਤਾਂ drastic action will be taken against those officials.

ਕਾਮਰੇਡ ਜੰਗੀਰ ਸਿੰਘ ਜੋਗਾ : ਮੈਂ ਕਹਿੰਦਾ ਹਾਂ ਕਿ ਕਟਸ ਜੋ ਵੀ ਕਰਵਾਏ ਜਾਂਦੇ ਹਨ ਇਹ ਅਫਸਰ ਜਾਣ ਬੁਝ ਕੇ ਕਰਵਾਉਂਦੇ ਹਨ ।

Minister : The officer will have to face the serious consequences.

ਸਰਦਾਰ ਹਰਬੰਸ ਸਿੰਘ ਸਿੱਧੂ : ਕੀ ਨਹਿਰ ਵਾਲਿਆਂ ਵਲੋਂ ਲਗਾਤਾਰ ਖਰਾਬੀਆਂ ਕਰਨ ਕਰਕੇ ਇਹ ਸਰਕਾਰ ਕੋਈ ਸਖ਼ਤ ਕਦਮ ਉਠਾਉਣ ਦੇ ਵਾਸਤੇ ਤਿਆਰ ਹੈ ?

ਮੰਤਰੀ : ਮੇਰੇ ਨੋਟਿਸ ਵਿਚ ਵੀ ਕੈਨਾਲ ਦੇ ਮਹਿਕਮੇ ਨੇ ਇਹ ਗੱਲ ਲਿਆਂਦੀ ਹੈ ਕਿ ਕਟ ਅਗੇ ਨਾਲੋਂ ਜ਼ਿਆਦਾ ਹੁੰਦੇ ਹਨ । ਮੈਂ ਇਸ ਮੁਆਮਲੇ ਤੇ ਅਜੇ ਮਹਿਕਮੇ ਨਾਲ ਵਿਚਾਰ ਕਰ ਰਿਹਾ ਹਾਂ ਕਿ ਕਿਵੇਂ ਕਟ ਘਟ ਹੋਣ ।

BRIDGE ON SUNAM BHATINDA ROAD

*208 **Comrade Jangir Singh Joga** : Will the Minister for Public Works and Education be pleased to state —

(a) the date since when the bridge on the Sunam-Bhatinda Road over the drain near Sunam has been in a damaged condition;

(b) whether any scheme has been formulated by the Government for the re-construction or repair to the said bridge; if so, the time by which it is likely to be implemented ?

Sardar Lachhman Singh Gill : (a) The bridge got damaged in July/August, 1964.

(b) It is proposed to construct a new bridge after the project is administratively approved by Government.

ਕਾਮਰੇਡ ਜੰਗੀਰ ਸਿੰਘ ਜੋਗਾ : ਪਿਛਲੇ ਸਾਲ ਜਿਹੜੇ ਮਨਿਸਟਰ ਸਾਹਿਬ ਏਧਰ ਬੈਠਦੇ ਹੁੰਦੇ ਸਨ ਉਨ੍ਹਾਂ ਨੇ ਇਹ ਜਵਾਬ ਦਿੱਤਾ ਸੀ ਕਿ ਇਹ ਪੁਲ ਇਸ ਸਾਲ ਦੇ ਅੰਦਰ ਅੰਦਰ ਬਣਾ ਦਿੱਤਾ ਜਾਵੇਗਾ । ਹੁਣ ਉਨ੍ਹਾਂ ਨੇ ਕਿਹਾ ਹੈ ਕਿ ਅਗਲੀ ਪਰਵਾਨਗੀ ਵਿਚ ਫੈਸਲਾ ਹੋਵੇਗਾ । ਮੈਂ ਪੁਛਦਾ ਹਾਂ ਕਿ ਮੈਨੂੰ ਸਹੀ ਜਵਾਬ ਦਿੱਤਾ ਜਾਵੇ ਕਿ ਕਦੋਂ ਤਕ ਬਣਾਇਆ ਜਾਵੇਗਾ ? ਇਸ ਸਵਾਲ ਦਾ ਜਵਾਬ ਇਸ ਬਜਟ ਸੈਸ਼ਨ ਵਿਚ ਹੀ ਦੇਣ ।

ਲੋਕ ਕਾਰਜ ਅਤੇ ਵਿਦਿਆ ਮੰਤਰੀ : ਉਹ ਵਜ਼ੀਰ ਸਾਹਿਬ ਤਾਂ ਚਲੇ ਗਏ ਜਿਹੜੇ ਵਾਹਦੇ ਕਰਦੇ ਹੁੰਦੇ ਸੀ । ਹੁਣ ਤਾਂ ਤੁਹਾਡਾ ਆਪਣਾ ਵਜ਼ੀਰ ਹੈ । ਗੱਲ ਕਰੋ, ਜਿਵੇਂ ਰਾਏ ਦਿਉਗੇ, ਕਰਾਂਗੇ ।

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ : ਕੀ ਇਹ ਅਮਰ ਵਾਕਾ ਹੈ ਕਿ ਜਿਹੜੀ

ਪ੍ਰਪੋਜ਼ਲ ਇੰਜਨੀਅਰ ਨੇ ਭੇਜੀ ਸੀ ਉਹ ਅਜੇ ਮਨਿਸਟੀਰੀਅਲ ਲੈਵਲ ਤੇ ਨਹੀਂ ਗਈ ਅਤੇ ਅਜੇ ਦਫਤਰੀ ਚੱਕਰ ਵਿਚ ਹੈ ?

ਮੰਤਰੀ: ਠੀਕ ਹੈ ਕਿ ਉਹ ਪ੍ਰਪੋਜ਼ਲ ਮਨਿਸਟੀਰੀਅਲ ਲੈਵਲ ਤੇ ਆਈ ਸੀ ਪਰ ਸੈਂਕਸ਼ਨ ਨਹੀਂ ਹੋਈ। ਇਸ ਵਿਚ ਕੁਝ ਕਮੀ ਸੀ। ਇਹ ਦੁਬਾਰਾ ਕੇਸ ਬਣਾਕੇ ਭੇਜਣ ਵਾਸਤੇ ਲਿਖਿਆ ਹੈ।

ਕਾਮਰੇਡ ਜੰਗੀਰ ਸਿੰਘ ਜੋਗਾ: ਕੀ ਵਜ਼ੀਰ ਸਾਹਿਬ, ਉਸ ਇੰਜ਼ੀਨੀਅਰ ਦੇ ਖਿਲਾਫ਼ ਐਕਸ਼ਨ ਲੈਣਗੇ ਜਿਸਨੇ ਢਾਈ ਲੱਖ ਦਾ ਠੇਕਾ ਪੁਲ ਬਨਾਣ ਦਾ ਦਿੱਤਾ ਅਤੇ ਇਹ ਪੁਲ ਦੋ ਸਾਲ ਦੇ ਅੰਦਰ ਅੰਦਰ ਟੁਟ ਗਿਆ ?

ਮੰਤਰੀ: ਅਸੀਂ ਜ਼ਰੂਰ ਇਨਕੁਆਇਰੀ ਕਰਾਂਗੇ, ਜੇਕਰ ਕੋਈ ਅਫ਼ਸਰ ਜਿਸ ਨੇ ਇਸ ਮੈਟਰ ਵਿਚ ਮਿਸਹੈਂਡਲ ਕੀਤਾ ਹੋਵੇਗਾ, ਉਸ ਨੂੰ ਜ਼ਰੂਰ ਪਨਿਸ਼ਮੈਂਟ ਦਿੱਤੀ ਜਾਵੇਗੀ।

ਕਾਮਰੇਡ ਭਾਨ ਸਿੰਘ ਭੌਰਾ: ਕੀ ਇਸ ਤਰ੍ਹਾਂ ਦੀ ਕਿਸੇ ਪਹਿਲੇ ਕੇਸ ਦੀ ਮਿਸਾਲ ਹੈ ਕਿ ਜੋ ਪੁਲ ਕਿਸੇ ਦੀ ਅਣਗਹਿਲੀ ਨਾਲ ਟੁਟ ਗਿਆ ਹੋਵੇ ਤਾਂ ਉਸ ਤੇ ਕੀਮਤ ਪਾਈ ਗਈ ਹੋਵੇ ?

ਮੰਤਰੀ: ਤੁਸੀਂ ਪਹਿਲਾਂ ਕੁਐਸਚਨ ਪੁਟ ਕਰੋ ਫੇਰ ਦਸ ਦਿਆਂਗਾ।

INADEQUATE SUPPLY OF JUDICIAL STAMPED PAPERS IN AMRITSAR.

*196 1. **Comrade Phuman Singh**
2. **Comrade Jangir Singh Joga** : Will the Minister for Revenue be pleased to state whether the Government is aware of the fact that inadequate supply of judicial stamp papers in Amritsar has led to widespread blackmarketing in the same ; if so, the steps, if any, proposed to be taken by the Government to prevent the same ?

Major General Rajinder Singh: Part I— Yes

Part II—Some time back, licences of stamp vendors reported to be indulging in mal-practices at Amritsar were cancelled by the Collector (D.C.) after the enquiry. Fresh licences in place of these stamp-vendors have also since been issued to deserving persons. More frequent checking of their work and the stocks is now being carried out through the Excise and Taxation Officer, Amritsar. No complaint in this regard has since been received.

ਚੌਧਰੀ ਬਲਬੀਰ ਸਿੰਘ: ਕੀ ਵਜ਼ੀਰ ਸਾਹਿਬ ਦਸਣ ਦੀ ਖੇਚਲ ਕਰਨਗੇ ਕਿ ਇਹ ਤਕਲੀਫ ਲੋਕਾਂ ਨੂੰ ਜੁਡੀਸ਼ਲ ਸਟੈਂਪ ਦੀ ਕਮੀ ਦੀ ਵਜ੍ਹਾ ਨਾਲ ਹੋਈ ਜਾਂ ਵੈਂਡਰਜ਼ ਦੀ ਸ਼ਰਾਰਤ ਦੀ ਵਜ੍ਹਾ ਨਾਲ ?

ਮਾਲ ਮੰਤਰੀ: ਸਰ ਇਹ ਦੋਨੋਂ ਵਜੂਹਾਤ ਸਨ । ਇਕ ਤਾਂ ਸਟੈਂਪ ਪੇਪਰ ਦੀ ਕਮੀ ਸੀ, ਕਿਉਂਕਿ ਇਹ ਸਾਮਾਨ ਬਾਹਰੋਂ ਆਉਂਦਾ ਹੈ ਇਸ ਵਿਚ ਫਾਰੇਨ ਐਕਸਚੇਂਜ ਇਨਵਾਲਵਡ ਹੈ । ਸਟੈਂਪ ਪੇਪਰ ਦੀ ਕਮੀ ਹੋਣ ਦੀ ਵਜ੍ਹਾ ਕਰਕੇ ਵੈਂਡਰਜ਼ ਨੇ ਪੋਜ਼ੀਸ਼ਨ ਨੂੰ ਐਕਸਪਲਾਇਟ ਕੀਤਾ । ਹੁਣ ਪਰਬੰਧ ਹੋ ਗਿਆ ਹੈ ਜਿਸ ਤਰ੍ਹਾਂ ਕਿ ਮੈਂ ਪਹਿਲੇ ਦਸਿਆ ਹੈ ।

ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ: ਕੀ ਇਹ ਅਮਰ ਵਾਕਿਆ ਨਹੀਂ ਕਿ ਸਟੈਂਪ ਪੇਪਰ ਦੀ ਕਮੀ ਅੰਮ੍ਰਿਤਸਰ ਵਿਚ ਅਕੇਲੇ ਇਸ ਵਜਾ ਕਰਕੇ ਨਹੀਂ ਆਈ ਕਿ ਨਾਸਿਕ ਵਿਚ ਇਸ ਪੇਪਰ ਦੀ ਕਮੀ ਸੀ ਬਲਕਿ ਇਸ ਵਜਾ ਕਰਕੇ ਵੀ ਆਈ ਕਿ ਪੰਜਾਬ ਗੌਰਮਿੰਟ ਨੇ ਇੰਡੈਂਟ ਜ਼ਰੂਰਤ ਦੇ ਮੁਤਾਬਿਕ ਨਹੀਂ ਕੀਤਾ ?

ਮੰਤਰੀ: ਸਰ, ਐਸੀ ਬਾਤ ਸ਼ਾਇਦ ਹੋਵੇ । ਮੇਰੇ ਪਾਸ ਇਸ ਵੇਲੇ ਇਹ ਇਨਫਰਮੇਸ਼ਨ ਨਹੀਂ ਹੈ ਜੇਕਰ ਡੀਟੇਲਜ਼ ਚਾਹੁੰਦੇ ਹਨ ਤਾਂ ਅਲਗ ਸਵਾਲ ਪੁਛ ਲੈਣ ।

ਚੌਧਰੀ ਬਲਬੀਰ ਸਿੰਘ: ਮਿਨਿਸਟਰ ਸਾਹਿਬ ਨੇ ਹੁਣੇ ਦਸਿਆ ਹੈ ਕਿ ਇਹ ਵੀ ਹੋ ਸਕਦਾ ਹੈ । ਮੈਂ ਪੁਛਣਾ ਚਾਹੁੰਦਾ ਹਾਂ ਕਿ ਕੀ ਇਸ ਕਿਸਮ ਦਾ ਜਵਾਬ ਅਲਾਊਡ ਹੈ । ਉਨ੍ਹਾਂ ਨੂੰ ਡੈਫੀਨਿਟ ਜਵਾਬ ਦੇਣਾ ਚਾਹੀਦਾ ਹੈ ।

ਸ਼੍ਰੀ ਅ. ਵਿਸ਼ਵਨਾਥਨ: ਕੀ ਮਿਨਿਸਟਰ ਸਾਹਿਬ ਨੂੰ ਮਾਲੂਮ ਹੈ ਕਿ ਸਾਰੇ ਪੰਜਾਬ ਵਿਚ 6 ਪੈਸੇ ਵਾਲਾ ਜੁਡੀਸ਼ਲ ਪੇਪਰ ਦਸ ਪੈਸੇ ਵਿਚ ਵਿਕਦਾ ਰਿਹਾ ਹੈ, ਲੇਕਿਨ ਇਸ ਦੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ?

ਮੰਤਰੀ: ਮੁਖ ਮੰਤਰੀ ਸਾਹਿਬ ਨੇ ਦਸਿਆ ਹੈ ਕਿ ਉਸ ਦਾ ਫ਼ੈਸਲਾ ਹੋ ਚੁਕਿਆ ਹੈ । ਉਸ ਦੀ ਕੀਮਤ 6 ਪੈਸੇ ਦੀ ਥਾਂ ਪੰਜ ਪੈਸੇ ਕਰ ਦਿੱਤੀ ਗਈ ਹੈ । ਲੋਕਾਂ ਕੋਲ ਟੁਟੇ ਹੋਏ ਪੈਸੇ ਨਹੀਂ ਹੁੰਦੇ ਸਨ ਇਸ ਲਈ ਆਮ ਤੌਰ ਤੇ ਉਹ ਦਸ ਪੈਸੇ ਦਾ ਕਾਇਨ ਦੇ ਦਿੰਦੇ ਸਨ । ਹੁਣ ਉਸ ਦੀ ਪ੍ਰਾਈਸ ਰੀਡਿਊਸ ਕਰ ਕੇ ਪੰਜ ਪੈਸੇ ਕਰ ਦਿੱਤੀ ਗਈ ਹੈ ਤਾਂ ਜੋ ਲੋਕਾਂ ਨੂੰ ਆਸਾਨੀ ਹੋਵੇ । ਖਰੀਦਣ ਵਾਲੇ ਪੰਜ ਪੈਸੇ ਦਾ ਕਾਇਨ ਦੇਣ ਅਤੇ ਖਰੀਦ ਲੈਣ ।

ਸ਼੍ਰੀ ਅ. ਵਿਸ਼ਵਨਾਥਨ: ਪਹਿਲੇ ਤੇ ਖਰੀਦਣ ਵਾਲੇ ਨੂੰ ਚਾਰ ਪੈਸੇ ਜ਼ਿਆਦਾ ਦੇਣੇ ਪੈਂਦੇ ਸਨ । ਹੁਣ ਵਜ਼ੀਰ ਸਾਹਿਬ ਨੇ ਦਸਿਆ ਹੈ ਕਿ ਕੀਮਤ 6 ਪੈਸੇ ਤੋਂ ਘਟਾ ਕੇ ਸਰਕਾਰ ਨੇ ਪੰਜ ਪੈਸੇ ਕਰ ਦਿੱਤੀ ਹੈ । ਹੁਣ ਸਰਕਾਰ ਨੂੰ ਇਕ ਪੈਸੇ ਦਾ ਘਾਟਾ ਪੈ ਰਿਹਾ ਹੈ । ਵਜ਼ੀਰ ਸਾਹਿਬ ਦਾ ਇਸ ਲਈ ਕੀ ਐਕਸਪਲੇਨੇਸ਼ਨ ਹੈ?

ਮਾਲ ਮੰਤਰੀ: ਸਰ, ਘਾਟੇ ਦਾ ਸੁਆਲ ਅਲਗ ਹੈ ਇਥੇ ਘਾਟਾ ਡਿਸਕਸ ਨਹੀਂ ਹੋ ਰਿਹਾ ।

ਸ਼੍ਰੀ ਅ. ਵਿਸ਼ਵਨਾਥਨ: ਮੈਂ ਜਾਣਨਾ ਚਾਹੁੰਦਾ ਹਾਂ ਕਿ ਬਲੈਕ ਮਾਰਕੀਟ ਨੂੰ ਰੋਕਣ ਵਾਸਤੇ ਸਰਕਾਰ ਕੀ ਕਦਮ ਉਠਾ ਰਹੀ ਹੈ ?

Mr. Speaker: They have reduced one paisa.

Shri A. Vishwanathan: Is it reducing the profit margin?

ਕਾਮਰੇਡ ਜੰਗੀਰ ਸਿੰਘ ਜੋਗਾ: ਕੀ ਵਜ਼ੀਰ ਸਾਹਿਬ ਨੂੰ ਇਹ ਮਾਲੂਮ ਹੈ ਕਿ ਕਈਆਂ ਜ਼ਿਲਿਆਂ ਦੇ ਵਿਚ ਦਫਤਰ ਤਾਂ ਸਵੇਰੇ ਦਸ ਵਜੇ ਖੁਲਦੇ ਹਨ ਲੇਕਿਨ ਬੈਂਕ ਇਕ ਵਜੇ

ਬੰਦ ਹੋ ਜਾਂਦੇ ਹਨ । ਕਿਸੇ ਕਿਸਾਨ ਨੇ 200 ਤੋਂ ਜ਼ਿਆਦਾ ਸਟੈਂਪ ਲੈਣੇ ਹੋਣ ਤਾਂ ਉਨ੍ਹਾਂ ਨੂੰ ਖ਼ਜ਼ਾਨੇ ਵਿਚੋਂ ਅਪਰੂਵ ਕਰਾ ਕੇ ਫਿਰ ਬੈਂਕ ਜਾਣਾ ਪੈਂਦਾ ਹੈ, ਉਨੇ ਚਿਰ ਨੂੰ ਬੈਂਕ ਬੰਦ ਹੋ ਜਾਂਦੇ ਹਨ, ਇਸ ਤਰ੍ਹਾਂ ਨਾਲ ਉਨ੍ਹਾਂ ਦੇ ਦੋ ਦੋ, ਤਿੰਨ ਤਿੰਨ ਦਿਨ ਖਰਾਬ ਹੋ ਜਾਂਦੇ ਹਨ । ਕੀ ਸਰਕਾਰ ਉਨ੍ਹਾਂ ਨੂੰ ਵੀ ਸੇਲਜ਼ਮੈਨ ਦੀ ਤਰ੍ਹਾਂ ਸਟੈਂਪ ਸਪਲਾਈ ਕਰਨ ਦਾ ਪ੍ਰਬੰਧ ਕਰਨ ਲਈ ਤਿਆਰ ਹੈ?

ਮੁਖ ਮੰਤਰੀ : ਇਨ੍ਹਾਂ ਦੀ ਸੁਜੈਸ਼ਨ ਤੇ ਗ਼ੌਰ ਕਰ ਲਵਾਂਗੇ ।

ਸ੍ਰੀ ਅ. ਵਿਸ਼ਵਨਾਥਨ: ਕੀ ਮੈਂ ਜਾਣ ਸਕਦਾ ਹਾਂ ਕਿ ਜਨਵਰੀ ਅਤੇ ਫ਼ਰਵਰੀ ਵਿਚ ਅਠ ਆਨੇ ਦੇ ਸਟੈਂਪ ਪੇਪਰ ਦੀ ਵੈਸੇ ਹੀ ਕਮੀ ਸੀ ਜਾਂ ਪੁਰਾਣੀ ਸੁਰਕਾਰ ਨੇ ਵੈਂਡਰਜ਼ ਨੂੰ ਪਰੇਸ਼ਾਨ ਕਰਨ ਲਈ ਸਟਾਕ ਨੂੰ ਰੋਕ ਲਿਆ ਸੀ?

ਮਾਲ ਮੰਤਰੀ : ਇਸ ਸਵਾਲ ਲਈ ਅਲਗ ਨੋਟਿਸ ਦਿਉ ਤਾਂ ਪਤਾ ਕਰ ਦਿਆਂਗਾ ।

Mr. Speaker ; Starred question No. 286 is postponed.

Mr. Speaker : Now the questions are over.

ਚੌਧਰੀ ਸੱਤ ਦੇਵ : ਸਪੀਕਰ ਸਾਹਿਬ, ਇਸ ਸਵਾਲ ਦਾ ਜਵਾਬ ਨਾ ਦੇਣ ਨਾਲ ਲੋਕਾਂ ਨਾਲ ਬੜੀ ਜ਼ਿਆਦਤੀ ਹੋ ਰਹੀ ਹੈ......

ਸ੍ਰੀ ਸਪੀਕਰ : ਇਹ ਸਵਾਲ ਪੋਸਟਪੋਨ ਹੋ ਗਿਆ ਹੈ । (This question is postponed.)

ਚੌਧਰੀ ਸੱਤ ਦੇਵ : ਜੇ ਲੋਕਾਂ ਨੂੰ ਪੱਟੇ ਤੇ ਜ਼ਮੀਨਾਂ ਨਹੀਂ ਦਿਤੀਆਂ ਗਈਆਂ ਉਥੇ ਸੀਡ ਫ਼ਾਰਮ ਵਿਚ ਇਕ ਕਨਕੂਟ ਸਿਸਟਮ ਲਾਗੂ ਕੀਤਾ ਹੋਇਆ ਹੈ ਜਿਹੜਾ ਕਿ ਬੜਾ ਡਿਫੈਕਟਿਵ ਹੈ। ਲੋਕ ਕਪਾਹ ਨਹੀਂ ਬੀਜ ਸਕਣਗੇ......

ਸ੍ਰੀ ਸਪੀਕਰ : ਇਹ ਜਲਦੀ ਹੀ ਆ ਜਾਵੇਗਾ । (This reply will come soon.)

UNSTARRED QUESTIONS AND ANSWERS

Dearness Allowance for Panchayat Secretaries.

---

61. **Sardar Harbhagwan Singh** ; Will the Minister for Development and Local Government be pleased to state whether it is a fact that the Panchayat Secretaries in the State are not being given any dearness allowance; if so, the reasons there for?

Shri Satya Pal Dang ; According to S. No. 27 of appendix 'A' to the Punjab Panchayat Samitis and Zila Parishads Services Rules, 1965, the pay-scales of the Panchayat Secretaries is Rs. 80-5-130 (Consolidated). According to the rule dearness allowance is not admissible. The request of the Union of Secretaries that their present grade should be

[Minister for Development and Local Government]

revised is under examination. However, the case regarding the Panchayat Secretaries of the Panchayat Samiti, Mansa, is subjudice.

REVISED PAY SCALES FOR EMPLOYEES OF PANCHAYATI RAJ INSTITUTIONS.

62. **Sardar Harbhagwan Singh** : Will the Minister for Finance be pleased to State whether it is a fact that the revised pay-scales agreed to by the Government for the employees working in the Panchayati Raj Institutions in the State have been withdrawn; if so, the reasons therefor?

Shri Satya Pal Dang : Yes, the Instructions accepting the pay-scales of the employees working in the Panchayati Raj institutions were issued on 23rd July, 1965 after the publication of the Punjab Panchayat Samitis and Zila Parishads Services Rules, 1965. But afterwards it was felt that these instructions might create confusion as some Panchayat Samitis began to give higher pay-scales to their mployees than the pay scales mentioned in the said services rules. As such these instructions were withdrawn by Government on 18th November, 1965 to avoid any complications.

CALL ATTENTION NOTICES

Mr Speaker : Now we take up Call Attention Notice No. 94 given by Pt. Mohan Lal.

Pandit Mohan Lal: Sir, I beg to draw the attention of the Government towards a matter of urgent public importance, namely, the detention by the Amritsar Polic of S. Jai Inder Singh, Ex-M.L.A. for four hours after he had been ordered to be released on bail by a competent Magistrate. S. Jai Inder Singh is reported to have been arrested from his residence at about 8.00 A.M. on the basis of a complaint made in the Police about 2½ years ago. His bail application was accepted at about 2.00 P.M. by a competent Magistrate; nevertheless the Police deliberately kept him in their custody till 6.00 P.M. This was also done, after a large number of people, having collected before the City Kotwali, where S. Jai Inder Singh was kept, held a strong demonstration for the release of S. Jai Inder Singh. It is being understood that S. Jai Inder Singh was deliberately put to this disgrace even after his release order on bail, presumably under instructions from the high-ups for political reasons. This is a matter which has caused widespread resentment in the people and it requires an immediate statement by the Chief Minister to explain the circumstances under which it so happened. He may, therefor, be requested to make the statement at the earliest opportunity.

Mr. Speaker: It is admitted. The Chief Minister will please make a statement.

ਚੌਧਰੀ ਬਲਬੀਰ ਸਿੰਘ : ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਮੇਰਾ ਪੁਆਇੰਟ ਆਫ਼ ਆਰਡਰ ਇਹ ਹੈ ਕਿ ਪੰਡਤ ਮੋਹਨ ਲਾਲ ਹੋਰਾਂ ਨੇ ਜਿਸ ਕਾਲ ਅਟੈਨਸ਼ਨ ਮੋਸ਼ਨ ਦਾ ਨੋਟਿਸ ਦਿਤਾ ਹੈ ਉਹ ਐਡਮਿਟ ਨਹੀਂ ਹੋਣੀ ਚਾਹੀਦੀ ਕਿਉਂ ਕਿ

ਇਸ ਲਈ ਤਾਂ ਲੀਗਲ ਕੋਰਸ ਓਪਨ ਹੈ । ਅਗਰ ਇਲ-ਲੀਗਲ ਡੀਟੈਨਸ਼ਨ ਦੇ ਵਿਚ ਰਖਿਆ ਗਿਆ ਹੈ ਤਾਂ ਬਾਕਾਇਦਾ ਚਾਰਾਜੋਈ ਹੋ ਸਕਦੀ ਹੈ, ਐਕਸ਼ਨ ਲਿਆ ਜਾ ਸਕਦਾ ਹੈ । ਹਾਊਸ ਵਿਚ ਤਾਂ ਸਿਰਫ ਜਵਾਬ ਹੀ ਦਿੱਤਾ ਜਾਵੇਗਾ । ਅਗਰ ਵਾਕਿਆ ਦਰੁਸਤ ਹੈ ਤਾਂ ਕਾਨੂੰਨੀ ਐਕਸ਼ਨ ਲਿਆ ਜਾ ਸਕਦਾ ਹੈ ਅਤੇ ਨਾਜ਼ਾਇਜ਼ ਤੌਰ ਤੇ ਹਵਾਲਾਤ ਵਿਚ ਰਖਣ ਵਾਸਤੇ ਜਿਹੜੇ ਆਦਮੀ ਜ਼ਿੰਮੇਦਾਰ ਹਨ, ਉਨ੍ਹਾਂ ਦੇ ਖਿਲਾਫ ਕਾਨੂੰਨੀ ਐਕਸ਼ਨ ਲਿਆ ਜਾ ਸਕਦਾ ਹੈ । ਇਸ ਵਾਸਤੇ ਇਹ ਹਾਊਸ ਵਿਚ ਐਡਮਿਟ ਨਹੀਂ ਹੋਣੀ ਚਾਹੀਦੀ ।

Mr. Speaker: Factual informatic n is required. It can be asked in the House.

Shri A. Vishwanathan: The Call Attention Motion given notice of by Pt. Mohan Lal is not clearly worded. It has not been mentioned as to when the arrest was effected, when he was detained and when he was released on bail. It is wastage of time of the House.

Mr. Speaker: All this will come in the Chief Minister's statement.

Shri A. Vishwanathan: It must be brought on record.

Pandit Mohan Lal: I very strongly resent these remarks of the Hon. Member. He says that there has been some cleverness after you have admitted the Call Attention Motion. It is very questionable for a Member to say here that some time is being wasted, after you have admitted the Call Attention Motion.

Mr. Speaker: Now next Call Attention Notice (No. 95) stands in the name of Sardar Mohinder Singh Gill.

ਸਰਦਾਰ ਮਹਿੰਦਰ ਸਿੰਘ ਗਿੱਲ: ਮੈਂ ਪੰਜਾਬ ਸਰਕਾਰ ਦੇ ਲੇਬਰ ਮੰਤਰੀ ਦਾ ਇਕ ਅਤਿਅੰਤ ਜ਼ਰੂਰੀ ਸਮਸਿਆ ਵੱਲ ਧਿਆਨ ਦੁਆਉਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਅਖਬਾਰਾਂ ਵਿਚ ਕੰਮ ਕਰਨ ਵਾਲੇ ਕਾਮਿਆਂ ਭਾਵ ਵਰਕਿੰਗ ਜਰਨਲਿਸਟ ਅਤੇ ਹੋਰ ਦਫਤਰਾਂ ਵਿਚ ਕੰਮ ਕਰਨ ਵਾਲਿਆਂ ਵਾਸਤੇ 1963 ਵਿਚ ਇਕ ਲੇਬਰ ਕਾਨੂੰਨ ਬਣਿਆ ਸੀ ਜਿਸ ਨਾਲ ਕਾਮਿਆਂ ਨੂੰ ਕਾਫੀ ਲਾਭ ਹੋ ਸਕਦਾ ਹੈ । ਪਰੰਤੂ ਹੁਣ ਤਕ ਉਸ ਤੇ ਪੰਜਾਬ ਦੇ ਲੇਬਰ ਮਹਿਕਮੇ ਵਲੋਂ ਕੋਈ ਅਮਲ ਸ਼ੁਰੂ ਨਹੀਂ ਕੀਤਾ ਗਿਆ ਜਿਸ ਨਾਲ ਵਰਕਿੰਗ ਜਰਨਲਿਸਟ ਤੇ ਦੂਜੇ ਕਰਮਚਾਰੀ ਬੜੀ ਹੀ ਪਰੇਸ਼ਾਨੀ ਵਿਚ ਹਨ ? ਕੀ ਲੇਬਰ ਮੰਤਰੀ ਸਾਹਿਬ ਹਾਊਸ ਨੂੰ ਦਸਣਗੇ ਕਿ ਇਸ ਨੂੰ ਹੁਣ ਤਕ ਲਾਗੂ ਨਾਂ ਕਰਨ ਦੇ ਕੀ ਕਾਰਨ ਹਨ । ਹੁਣ ਕਦੋਂ ਤਕ ਲਾਗੂ ਕਰਵਾ ਦਿਤਾ ਜਾਵੇਗਾ ਤਾਂਕਿ ਸਬੰਧਤ ਜਰਨਲਿਸਟਾਂ ਤੇ ਕਰਮਚਾਰੀਆਂ ਦੀ ਪਰੇਸ਼ਾਨੀ ਦੂਰ ਹੋ ਸਕੇ ।

Mr. Speaker: This is admitted. The Minister concerned may please make a statement. The next Call Attention Motion (No. 96) stands in the name of Giani Kundan Singh,

ਸਰਦਾਰ ਕੁੰਦਨ ਸਿੰਘ: ਸਪੀਕਰ ਸਾਹਿਬ, ਮੈਨੂੰ ਪੰਜਾਬੀ ਵਿਚ ਮਿਲਣੀ ਚਾਹੀਦੀ ਹੈ । ਮੈਂ ਪੰਜਾਬੀ ਵਿਚ ਪੜ੍ਹ ਸਕਦਾ ਹੈ । ਮੇਰੇ ਪਾਸ ਪੰਜਾਬੀ ਵਿਚ ਨਹੀਂ ਆਈ ।

ਲੋਕ ਕਾਰਜ ਅਤੇ ਵਿਦਿਆ ਮੰਤਰੀ: ਇਨ੍ਹਾਂ ਨੂੰ ਪੰਜਾਬੀ ਵਿਚ ਮਿਲਣੀ ਚਾਹੀਦੀ ਹੈ ।

ਸ੍ਰੀ ਸਪੀਕਰ : ਫੇਰ ਮੈਂ ਹੀ ਪੜ੍ਹ ਦਿੰਦਾ ਹਾਂ । (Then I myself read it out.)

ਸਰਦਾਰ ਜੰਗੀਰ ਸਿੰਘ ਫਗੂਵਾਲੀਆ : ਤੁਸੀਂ ਤਾਂ ਪੜ੍ਹ ਦਿਓਗੇ ਪਰ ਅਸੀਂ ਕਿਸ ਵਾਸਤੇ ਬੈਠੇ ਹਾਂ । ਮਾਫ਼ ਕਰਨਾ, ਕ੍ਰਿਪਾ ਕਰਕੇ ਜਿਸ ਤਰ੍ਹਾਂ ਇਥੇ ਅੰਗਰੇਜ਼ੀ ਵਿਚ ਮੇਜ਼ ਉਤੇ ਸਵਾਲਾਂ ਦੇ ਜਵਾਬ ਰਖੇ ਜਾਂਦੇ ਹਨ ਇਹ ਸਾਰੀਆਂ ਚੀਜ਼ਾਂ ਸਾਨੂੰ ਪੰਜਾਬੀ ਵਿਚ ਮਿਲਣੀਆਂ ਚਾਹੀਦੀਆਂ ਹਨ ਔਰ ਇਨ੍ਹਾਂ ਦੀਆਂ ਕਾਪੀਆਂ ਵੀ ਪੰਜਾਬੀ ਵਿਚ ਟੇਬਲ ਤੇ ਰਖੀਆਂ ਜਾਣੀਆਂ ਚਾਹੀਦੀਆਂ ਹਨ । ਕਿਰਪਾ ਕਰਕੇ ਇਸ ਤਰ੍ਹਾਂ ਕਰ ਦਿਉ ਔਰ ਪੰਜਾਬੀ ਵਿਚ ਦਿਆ ਕਰੋ ।

ਲਕ .. ਤੇ ਵਿਦਿਆ ਮੰਤਰੀ : ਠੀਕ ਹੈ, ਇਹ ਮੈਂਬਰਜ਼ ਦਾ ਪ੍ਰਾਇਰ ਰਾਈਟ ਹੈ । ਇਹ ਚੀਜ਼ਾਂ ਟੇਬਲ ਆਫ਼ ਦੀ ਹਾਊਸ ਤੇ ਪੰਜਾਬੀ ਵਿਚ ਵੀ ਮਿਲਣੀਆਂ ਚਾਹੀਦੀਆਂ ਹਨ ।

ਸ੍ਰੀ ਸਪੀਕਰ : ਠੀਕ ਹੈ, ਜਿਹੜੇ ਪੰਜਾਬੀ ਵਿਚ ਮੰਗਦੇ ਸਨ ਉਨ੍ਹਾਂ ਨੂੰ ਪੰਜਾਬੀ ਵਿਚ ਦੇ ਦਿਆਂਗੇ । ਉਨ੍ਹਾਂ ਨੂੰ ਨਹੀਂ ਪਹੁੰਚੀ ਇਸ ਕਰਕੇ ਮੈਂ ਉਨ੍ਹਾਂ ਦੀ ਕਾਲ ਅਟੈਨਸ਼ਨ ਮੋਸ਼ਨ ਪੜ੍ਹ ਦਿੰਦਾ ਹਾਂ । (Yes, Punjabi version would be supplied to those hon. Members who demanded it. The hon. Member has not received his copy of the Call Attention Motion, so I read it out)

"**Giani Kundan Singh Patang :** Sir I beg to draw the attention of the Government towards a matter of urgent public importance that the scholarships to the Scheduled Castes Students Studying in the Schools and Colleges of the State have not been disbursed to them. An inordinate delay has come into my notice. There is a great resentment and disturbance over this matter among the Scheduled Castes Community. The Government should keenly look into the matter and make an explicit statement in regard to the expeditious disbursement of scholarships among the students belonging to the Scheduled Castes."

This is admitted. The Minister concerned may please make a statement. The next Call Attention Motion No. 99 stands in the name of Sardar Mohinder Singh Gill.

ਸਰਦਾਰ ਮਹਿੰਦਰ ਸਿੰਘ ਗਿੱਲ : ਮੈਂ ਪੰਜਾਬ ਸਰਕਾਰ ਦਾ ਇਕ ਬਹੁਤ ਹੀ ਜ਼ਰੂਰੀ ਮਸਲੇ ਵੱਲ ਧਿਆਨ ਦੁਆਉਣਾ ਚਾਹੁੰਦਾ ਹਾਂ । ਪੰਜਾਬ ਵਿਚ ਜਦੋਂ ਕਾਂਗਰਸ ਦਾ ਰਾਜ ਸੀ ਉਸ ਵਕਤ ਕੁਝ ਵਿਰੋਧੀ ਕਮਿਊਨਿਸ਼ਟਾਂ, ਅਕਾਲੀਆਂ ਵਲੋਂ ਮੰਗ ਕੀਤੀ ਗਈ ਸੀ ਕਿ ਬਿਰਲਾ ਬੀਜ ਫਾਰਮ ਦਾ ਪਟਾ ਨਾਮਾ ਮਨਸੂਖ ਕੀਤਾ ਜਾਵੇ । ਹੁਣ ਜਦੋਂ ਇਹ ਪਾਰਟੀਆਂ ਰਾਜ ਕਰਨ ਵਾਲੀ ਸਰਕਾਰ ਵਿਚ ਪਰੀਆਂ ਪੂਰੀਆਂ ਭਾਈਵਾਲ ਹਨ ਹੁਣ ਹਾਊਸ ਵਿਚ ਸਪੱਸ਼ਟ ਤੌਰ ਤੇ ਦਸਿਆ ਜਾਵੇ ਕਿ ਕੀ ਇਹ ਪਟਾਨਾਮਾ ਮਨਸੂਖ ਕੀਤਾ ਜਾ ਰਿਹਾ ਹੈ ਕਿ ਨਹੀਂ । ਜੇ ਕੀਤਾ ਜਾ ਰਿਹਾ ਹੈ ਤਾਂ ਕਦੋਂ ਤਕ । ਇਸ ਬਾਰੇ ਸਰਕਾਰ ਹਾਊਸ ਨੂੰ ਪੂਰੀ ਪੂਰੀ ਜਾਣਕਾਰੀ ਦੇਣ ਦੀ ਕ੍ਰਿਪਾਲਤਾ ਕਰੇ ।

Mr. Speaker : This is admitted. The Minister concerned may please make a statement.

POINT OF ORDER

ਸ੍ਰੀ ਬਲਰਾਮ ਜੀ ਦਾਸ ਟੰਡਨ: ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ ਤੇ ਮੈਂ ਇਕ ਗੱਲ ਤੁਹਾਡੇ ਨੋਟਿਸ ਵਿਚ ਲਿਆਉਣੀ ਚਾਹੁੰਦਾ ਹਾਂ। ਜਿਹੜੇ ਬਾਹਰੋਂ ਲੋਕ ਕਿਸੇ ਆਨਰੇਬਲ ਮੈਂਬਰ ਨੂੰ ਮਿਲਣ ਲਈ ਆਉਂਦੇ ਹਨ ਉਹ ਚਿਟ ਭੇਜਦੇ ਹਨ। ਕਈ ਵੇਰ ਉਹ ਚਿਟ ਘੰਟਾ ਘੰਟਾ ਦੋ ਦੋ ਘੰਟੇ ਉਸ ਮੈਂਬਰ ਨੂੰ ਨਹੀਂ ਮਿਲਦੀ। ਮੈਂ ਸਮਝਦਾ ਹਾਂ ਕਿ ਕੋਈ ਸਪੈਸ਼ਲ ਬੰਦਾ ਇਸੇ ਡਿਊਟੀ ਲਈ ਹੋਣਾ ਚਾਹੀਦਾ ਹੈ ਔਰ ਇਹ ਪ੍ਰਬੰਧ ਹੋਣਾ ਚਾਹੀਦਾ ਹੈ ਕਿ ਉਹ ਉਨ੍ਹਾਂ ਲੋਕਾਂ ਨੂੰ ਬੜਾ ਕਾਰਡੀਅਲੀ ਰੀਸੀਵ ਕਰੇ। ਪਾਰਲੀਮੈਂਟ ਵਿਚ ਲੋਕਾਂ ਦੇ ਮਿਲਣ ਲਈ ਸੈਂਟਰਲ ਹਾਲ ਵਿਚ ਬਾਕਾਇਦਾ ਬੰਦੋਬਸਤ ਹੈ ਔਰ ਮੈਂਬਰ ਕਨਸਰੰਡ ਨੂੰ ਇਮੀਜੀਏਟਲੀ ਇਨਫਾਰਮ ਕੀਤਾ ਜਾਂਦਾ ਹੈ। ਅਗਰ ਕੋਈ ਬੰਦਾ ਵਿਧਾਨ ਸਭਾ ਨੂੰ ਵੇਖਣ ਲਈ ਆਉਂਦਾ ਹੈ ਜਾਂ ਮੈਂਬਰ ਨੂੰ ਮਿਲਣ ਲਈ ਆਉਂਦਾ ਹੈ ਤਾਂ ਉਸ ਲਈ ਇਥੇ ਕੋਈ ਸੁਵਿਧਾ ਹੋਣੀ ਚਾਹੀਦੀ ਹੈ। ਇਹ ਨਹੀਂ ਹੋਣਾ ਚਾਹੀਦਾ ਕਿ ਉਹ ਧੁਪ ਵਿਚ ਖਲੋਤਾ ਰਹੇ। ਇਸ ਲਈ ਮੈਂ ਪ੍ਰਾਰਥਨਾ ਕਰਾਂਗਾ ਕਿ ਇਸ ਮਕਸਦ ਲਈ ਫੌਰਨ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਭਾਵੇਂ ਇਕ ਟੇਬਲ ਲਗਾ ਲਉ ਤਾਕਿ ਉਹ ਆਰਾਮ ਦੇ ਨਾਲ ਜਿਸ ਮੈਂਬਰ ਨੂੰ ਮਿਲਣਾ ਚਾਹੁੰਦਾ ਹੈ ਮਿਲ ਸਕੇ। ਕਈ ਵੇਰ ਬੜੀਆਂ ਅਰਜੈਂਟ ਕਾਲ ਹੁੰਦੀਆਂ ਹਨ ਪਰ ਦੋ ਦੋ ਘੰਟੇ ਮੈਂਬਰਾਂ ਨੂੰ ਪਰਚੀ ਨਹੀਂ ਮਿਲਦੀ। ਚਾਹੇ ਸ਼ਾਮਿਆਨਾ ਲਗਾਉ ਪਰ ਕੋਈ ਨਾ ਕੋਈ ਅਰੇਂਜਮੈਂਟ ਇਮੀਜੀਏਟਲੀ ਹੋਣਾ ਚਾਹੀਦਾ ਹੈ।

ਲੈਫਟੀਨੈਂਟ ਭਾਗ ਸਿੰਘ : ਉਨਾਂ ਲਈ ਜਲ ਛਕਣ ਦਾ ਵੀ ਪ੍ਰਬੰਧ ਹੋਣਾ ਚਾਹੀਦਾ ਹੈ।

ਕਾਮਰੇਡ ਭਾਨ ਸਿੰਘ ਭੌਰਾ : ਜਿਹੜੀ ਪੁਲਿਸ ਬਾਹਰ ਲਗੀ ਹੋਈ ਹੈ ਉਸ ਦਾ ਰਵੈਯਾ ਵੀ ਠੀਕ ਨਹੀਂ ਹੈ। ਉਹ ਲੋਕਾਂ ਨੂੰ ਧੱਕੇ ਮਾਰਦੇ ਹਨ। ਉਨਾਂ ਨੂੰ ਵੀ ਕਹੋ ਕਿ ਉਹ ਸਾਡੇ ਵੋਟਰਜ਼ ਹਨ। ਉਨ੍ਹਾਂ ਨਾਲ ਇਸ ਤਰਾਂ ਭੈੜੇ ਤਰੀਕੇ ਨਾਲ ਟਰੀਟ ਨਾ ਕਰਿਆ ਕਰਨ।

ਸ੍ਰੀ ਸਪੀਕਰ : ਇਸ ਸਬੰਧ ਵਿਚ ਜ਼ਰੂਰੀ ਇੰਤਜ਼ਾਮਾਤ ਕੀਤੇ ਜਾਣਗੇ। (In this connection proper arrangements will be made.)

श्री अ. विश्वनाथन: आन ए प्वायंट आफ आर्डर सर। स्पीकर साहिब, मेरी काल अटैनशन मोशन्ज 54,60 और 61 आप ने एडमिट की थी मगर उन का जवाब अभी तक नहीं मिला। अगर जल्दी जवाब न दिया जाए तब तो काल अटैनशन मोशन का परपज़ ही डिफीट हो जाता है।

Mr. Speaker · The Ministers concerned may please make statements as early as possible.

ਚੌਧਰੀ ਦਰਸ਼ਨ ਸਿੰਘ : ਇਸ ਬਾਰੇ ਕੋਈ ਟਾਈਮ ਮੁਕੱਰਰ ਕਰ ਲੈਣਾ ਚਾਹੀਦਾ ਹੈ ਕਿ 6 ਜਾਂ 7 ਦਿਨਾਂ ਦੇ ਅੰਦਰ ਅੰਦਰ ਮਨਿਸਟਰ ਕਨਸਰੰਡ ਉਸ ਦਾ ਜਵਾਬ ਦੇ ਦੇਵੇ।

ਮੁਖ ਮੰਤਰੀ : ਚੌਧਰੀ ਸਾਹਿਬ, ਤੁਸੀਂ ਕਰ ਲਉ ਆਪਣੇ ਮਨ ਵਿਚ।

ਡਾਕਟਰ ਗੁਰਚਰਨ ਸਿੰਘ. ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨ ਦਾ ਨੋਟਸ ਦਿਤਾ ਸੀ ਜਿਸ ਵਿਚ ਲੋਕਾਂ ਨੂੰ ਬਹੁਤ ਤਕਲੀਫ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹ ਤੁਸਾਂ ਰੂਲ ਆਊਟ ਕਰ ਦਿਤੀ ਹੈ। ਮੈਂ ਤਾਂ ਇਸ ਵਿਚ ਸਿਰਫ ਗੌਰਮੈਂਟ ਦੀ ਪਾਲੀਸੀ ਪੁਛੀ ਸੀ।

ਸ੍ਰੀ ਸਪੀਕਰ: ਉਸ ਦਾ ਜਵਾਬ ਮੈਂ ਤੁਹਾਨੂੰ ਭੇਜ ਦਿੱਤਾ ਹੈ। ਅਗਰ ਤੁਸਾਂ ਕੋਈ ਫ਼ਰਦਰ ਗੱਲ ਕਰਨੀ ਹੈ ਤਾਂ ਮੇਰੇ ਨਾਲ ਆਕੇ ਮੇਰੇ ਚੈਂਬਰ ਵਿਚ ਡਿਸਕਸ ਕਰ ਲਓ। I have sent the reply thereof to the hon. Member. In case any further clarification is required he may come to my Chamber and discuss tthe matter with me,)

ਕਾਮਰੇਡ ਸਤਪਾਲ ਕਪੂਰ: ਆਨ ਏ ਪੁਆਇੰਟ ਆਫ਼ ਆਰਡਰ, ਸਰ। ਸਪੀਕਰ ਸਾਹਿਬ, ਕਲ ਮੈਂ ਇਕ ਪ੍ਰਿਵਿਲੇਜ ਮੋਸ਼ਨ ਦਿੱਤੀ ਸੀ।

ਸ੍ਰੀ ਸਪੀਕਰ: ਉਸ ਦਾ ਜਵਾਬ ਆਪ ਨੂੰ ਮਿਲ ਗਿਆ ਹੈ। (The hon. Member must have received the reply thereof.)

ਕਾਮਰੇਡ ਸਤਪਾਲ ਕਪੂਰ: ਮੈਨੂੰ ਨਹੀਂ ਪਹੁੰਚਿਆ।

ਸ੍ਰੀ ਸਪੀਕਰ: ਪਹੁੰਚ ਜਾਏਗਾ। (It will reach you).

PAPERS LAID ON THE TABLE

ਚੀਫ਼ ਪਾਰਲੀਮੈਂਟਰੀ ਸੈਕਰੇਟਰੀ (ਸਰਦਾਰ ਗੁਰਚਰਨ ਸਿੰਘ): ਸਪੀਕਰ ਸਾਹਿਬ, ਮੈਂ ਕਾਲ ਅਟੈਨਸ਼ਨ ਮੋਸ਼ਨ ਨੰਬਰ 79 ਔਰ 81 ਬਾਰੇ ਸਟੇਟਮੈਂਟਸ ਹਾਊਸ ਦੀ ਟੇਬਲ ਉਤੇ ਲੇ ਕਰਦਾ ਹਾਂ।

CALL ATTENTION NOTICE NO. 79

The Employees of Panchayat Samiti, Valtoha, District Amritsar were attacked by Sarvshri Balwant Singh, Member, Block Samiti Valtoha and its President Jarmej Singh on 28th April, 1967 while they were on duty. All the representations and telegrams by the employees and Subordinate Services Federation Valtoha have been left unheard. The B. D. O. Valtoha instead of helping the employees, is threatening them. This has created panicky situation amongst the employees working on the border. They are demanding protection of life and impartial enquiry including the transfer of the present B. D. O.

Dated 8-5-1967.

Sd/—Balbir Singh,
M. L. A.

SH. SATYA PAL DANG, MINISTER FOR DEVELOPMENT & LOCAL GOVT. PUNJAB.

A copy of the complaint addressed to the Deputy Commissioner, Amritsar, by some members of the Block staff Valtoha has been received

by Government. The main allegation is that on 28th April, 1967, at about 10.30 A. M. the Agriculture Sub-Inspector, Shri Kishan Chand was assaulted in his office at Valtoha by Panchayat Samiti Member Shri Balwant Singh and the Panchayat Samiti Chairman Shri Jarmej Singh. The said Sub-Inspector is alleged to have been mercilessly abused and beaten as a result of which he remained unconclous for about two hours. It is further alleged that the B. D. P. O. Valtoha, Shri Gurmukh Singh, was responsible for all this although he remained behind the scene. He did not even come out from his office room to help the said Sub-Inspector, It has also been stated that the B.D.P.O. did not even allow the Sub-Inspector to lodge a complaint with the local police or to see the Deputy Commissioner. His leave application for the purpose was also rejected.

2. A telegram has been sent to the Deputy Commissioner asking for a detailed report and the action taken by him. The matter will be further looked into on the receipt of his report.

STATEMENT BY SHRI SATYAPAL DANG, DEVELOPMENT AND LOCAL GOVERNMENT MINISTER, PUNJAB, IN CONNECTION WITH THE CALL ATTENTION NOTICE NO. 81, DATED 10-5-1967.

Government have drawn up an ambitious programme for agricultural development for the year 1967—68. It is extremely important that the Extension Agency in the field should be strengthened and streamlined to meet fully the requirements of the programme. In the same context, it is essential to review the working of the present set-up at the block and village level with a view to making it more effective, keeping in view the need for efficiency as well as economy. The entire matter is as yet under the consideration of Government.

DEMANDS FOR GRANTS

ਸ੍ਰੀ ਸਪੀਕਰ ਹੁਣ ਡਿਸਕਸ਼ਨ ਸ਼ੁਰੂ ਕਰੋ । ਭਠੱਲ ਸਾਹਿਬ, ਤੁਸੀਂ ਕਲ ਖਾਸਾ ਬੋਲ ਲਿਆ ਹੈ, ਹੁਣ ਵਾਈਂਡ ਅਪ ਕਰੋ । ਦੋ ਮਿਨਟਾਂ ਵਿਚ ਖਤਮ ਕਰੋ । (Now the House will resume discussion on the demands for grant. The hon. Member, Bhathal sahib had his say in detail yesterday, now he should please wind up within two minutes.)

ਕਾਮਰੇਡ ਹਰਦਿਤ ਸਿੰਘ ਭੱਠਲ: ਮੈਂ ਤਾਂ ਸਿਰਫ 5 ਮਿਨਟ ਹੀ ਬੋਲਿਆ ਹਾਂ ।

ਸ੍ਰੀ ਸਪੀਕਰ: ਇਥੇ ਮੇਰੇ ਪਾਸ ਟਾਈਮ ਲਿਖਿਆ ਹੈ । ਤੁਸੀਂ 12 ਮਿਨਟ ਬੋਲ ਚੁਕੇ ਹੋ । (The hon. Member spoke for 12 minutes according to the information supplied to me).

ਕਾਮਰੇਡ ਹਰਦਿਤ ਸਿੰਘ ਭੱਠਲ (ਧਨੌਲਾ) ਅਫੀਮ ਦੇ ਮੁਤੱਲਕ ਅਜ ਮੈਂ ਇਤਨਾਂ ਹੀ ਕਹਿਣਾ ਹੈ ਕਿ ਅਫੀਮ ਦੀ ਜੋ ਸਮਗਲਿੰਗ ਹੋ ਰਹੀ ਹੈ ਉਸ ਨੂੰ ਤੁਸੀਂ ਬੰਦ ਨਹੀਂ ਕਰ ਸਕਦੇ ਕਿਉਂਕਿ ਇਸ ਵਿਚ ਪੁਲਿਸ ਦਾ ਬੜਾ ਭਾਰੀ ਹਥ ਹੈ । ਮੇਰੀ ਬੇਨਤੀ ਹੈ ਕਿ ਅਫੀਮ ਅਤੇ ਪੋਸਤ ਦੇ ਠੇਕੇ ਕਾਇਮ ਕੀਤੇ ਜਾਣ । ਅਮਲੀਆਂ ਨੂੰ ਪਰਮਿਟ ਦਿਤੇ ਜਾਣ ਅਤੇ ਉਨ੍ਹਾਂ ਨੂੰ ਚੰਗੀ ਅਫੀਮ ਮਿਲੇ ਅਤੇ ਚੰਗੇ ਡੋਡੇ ਮਿਲਣ ਨਾ ਕਿ ਦਰਖਤਾਂ ਦੇ ਪਤੇ ਕੁਟਕੇ ਵਿਚ ਕੁਚਲੇ ਵਗੈਰਾ ਪਾਕੇ ਉਨ੍ਹਾਂ ਨੂੰ ਲੁਟਿਆ ਜਾਵੇ ।

ਇਕ ਗੱਲ ਜੋ ਹੋਰ ਕਹਿਣੀ ਹੈ ਉਹ ਇਹ ਹੈ ਕਿ ਸਾਡੇ ਸਿਪਾਹੀਆਂ ਨੂੰ ਅਫਸਰ ਪਾਸ ਕੰਮ ਕਰਨ ਲਈ ਜਾਣਾ ਪੈਂਦਾ ਹੈ । ਅਗਰ ਕੋਈ ਅਣਖੀ ਸਿਪਾਹੀ ਨਾ ਜਾਵੇ ਤਾਂ ਉਸ ਤੇ ਕੇਸ ਬਣਾ ਦਿਤਾ ਜਾਂਦਾ ਹੈ ਅਤੇ ਉਸ ਨੂੰ ਕੱਢ ਦਿਤਾ ਜਾਂਦਾ ਹੈ । ਉਹ ਰਿਟ ਕਰ ਦਿੰਦਾ ਹੈ ਤਾਂ 2, 4 ਸਾਲਾਂ ਮਗਰੋਂ ਉਸ ਦੀ ਰਿਟ ਕਾਮਯਾਬ ਹੋ ਜਾਂਦੀ ਹੈ ਅਤੇ ਇਸ ਨਾਲ ਖਜ਼ਾਨੇ ਤੇ ਭਾਰ ਪੈ ਜਾਂਦਾ ਹੈ ਜੋ ਨਾਜਾਇਜ਼ ਹੁੰਦਾ ਹੈ । ਮੇਰੀ ਬੇਨਤੀ ਹੈ ਕਿ ਅਗਰ ਇਸ ਤਰ੍ਹਾਂ ਕਿਸੇ ਦੀ ਰਿਟ ਕਾਮਯਾਬ ਹੋ ਜਾਵੇ ਤਾਂ ਉਸ ਅਫਸਰ ਦੀ ਤਨਖਾਹ ਵਿਚੋਂ ਉਹ ਰੁਪਿਆ ਕਟਿਆ ਜਾਵੇ ਜਿਸ ਨੇ ਨਾਜਾਇਜ਼ ਪਾਰਟੀਬਾਜ਼ੀ ਨਾਲ ਕੇਸ ਬਣਾਇਆ ਸੀ ।

ਦੂਜੀ ਗੱਲ ਪੁਲਿਸ ਕਾਨੂੰਨ ਦੀ ਹੈ ਜੋ ਅਜ ਤੋਂ 300 ਸਾਲ ਪਹਿਲਾਂ ਬਣਿਆ ਸੀ । ਸਿਪਾਹੀ ਦੀ ਤਰੱਕੀ ਵਗੈਰਾ ਸਭ ਕੁਝ ਐਸ. ਪੀ. ਦੇ ਹਥ ਹੈ, ਉਹ ਜੋ ਮਰਜ਼ੀ ਕਰ ਸਕਦਾ ਹੈ ਮੇਰੀ ਅਰਜ਼ ਹੈ ਕਿ ਇਕ ਨਵਾਂ ਕਾਨੂੰਨ ਬਣਨਾ ਚਾਹੀਦਾ ਹੈ । ਇਕ ਬੋਰਡ ਬਣੇ ਜੋ ਚੰਗੇ ਆਦਮੀਆਂ ਨੂੰ ਤਰੱਕੀ ਦੇਵੇ ।

ਇਕ ਹੋਰ ਗੱਲ ਬੀ੦ ਡੀ੦ ਓ੦ ਦੇ ਮਹਿਕਮੇ ਦੀ ਹੈ । ਇਹ ਮਹਿਕਮਾਂ ਬਣਾਇਆ ਤਾਂ ਚੰਗੇ ਕੰਮ ਲਈ ਸੀ ਮਗਰ ਇਸ ਮਹਿਕਮੇ ਨੇ ਭੈੜੀਆਂ ਗੱਲਾਂ ਫੈਲਾਈਆਂ ਹਨ । ਕਾਂਗਰਸ ਸਰਕਾਰ ਨੇ ਪਿੰਡਾਂ ਦੀ ਬਿਹਤਰੀ ਲਈ ਇਹ ਬਣਾਇਆ ਮਗਰ ਨਤੀਜਾ ਉਲਟ ਨਿਕਲਿਆ । ਕਾਂਗਰਸ ਦਾ ਲਫਜ਼ ਤਾਂ ਪਵਿੱਤਰ ਸੀ ਪਰ ਇਸ ਨੂੰ ਬਹੁਤ ਸਾਰੇ ਗੰਦੇ ਆਦਮੀਆਂ ਨੇ ਬਦਨਾਮ ਕਰ ਦਿਤਾ । ਇਹੀ ਹਾਲ ਇਸ ਮਹਿਕਮੇ ਦਾ ਹੋਇਆ ਹੈ । (ਵਿਘਨ) ਬਰਨਾਲੇ ਵਿਚ ਬੀ੦ ਡੀ੦ ਓ੦ 1955 ਵਿਚ ਲਾਇਆ ਗਿਆ ਸੀ । ਉਸ ਨੇ ਬਹੁਤ ਭੈੜੀਆਂ ਗੱਲਾਂ ਕੀਤੀਆਂ । ਉਸ ਤੇ ਕੇਸ ਚਲਿਆ । ਉਸਨੇ ਸਾਡੇ ਪਿੰਡ ਦੀ ਇਕ ਲੜਕੀ ਨੂੰ ਜੋ ਉਥੇ ਦਫਤਰ ਵਿਚ ਕੰਮ ਕਰਦੀ ਸੀ ਆਪਣੇ ਘਰ ਸਦਿਆ । ਲੜਕੀ ਨੇ ਜਵਾਬ ਦੇ ਦਿਤਾ ਅਤੇ ਕਿਹਾ ਕਿ ਮੇਰਾ ਕੰਮ ਦਫਤਰ ਵਿਚ ਹੈ ਤੁਹਾਡੇ ਘਰ ਮੇਰਾ ਕੋਈ ਕੰਮ ਨਹੀਂ । ਉਹ ਨਾਰਾਜ਼ ਹੋ ਗਿਆ । ਅਸੀਂ ਲੜਕੀ ਦਾ ਅਸਤੀਫਾ ਦਿਵਾ ਦਿਤਾ । ਉਹ ਬੀ੦ ਡੀ੦ ਓ੦ ਜਾਂਦਾ ਹੋਇਆ ਗੁੱਸੇ ਕਰਕੇ ਸਾਡੇ ਪਿੰਡ ਦਾ ਸਾਮਾਨ ਕਿਤੇ ਹੋਰ ਪਹੁੰਚਾ ਗਿਆ ਜੋ ਹਾਲਾਂ ਤਾਂਈ ਸਾਨੂੰ ਮੁੜ ਨਹੀਂ ਮਿਲਿਆ । ਇਥੇ ਹੀ ਬਸ ਨਹੀਂ । ਸਾਡੇ ਪਿੰਡ ਦੀਆਂ ਚੁਲ੍ਹੇ ਚੌਂਤੜੇ ਬਣਾਉਣ ਵਾਲਿਆਂ ਦੋ ਲੜਕੀਆਂ ਮੁਲਾਜ਼ਮ ਹਨ । ਉਨ੍ਹਾਂ ਦੀ ਜਿਹੜੀ ਸੁਪਰਵਾਈਜ਼ਰ ਹੈ, ਜਿਸ ਨੂੰ ਛੋਟਾ ਬੀ੦ ਡੀ੦ ਓ੦ ਕਹਿੰਦੇ ਨੇ ਉਹ ਇਕ ਰਾਤ ਜੀਪ ਲੈਕੇ ਨਾਲ ਬਲਾਕ ਸਮਿਤੀ ਦਾ ਚੇਅਰਮੈਨ, ਬਲਾਕ ਸਮਿਤੀ ਦੀ ਇਕ ਮੈਂਬਰ ਜਨਾਨੀ ਅਤੇ ਦੋ ਤਿੰਨ ਹੋਰ ਆਦਮੀ ਰਾਤ ਨੂੰ ਜੀਪ ਵਿਚ ਉਨ੍ਹਾਂ ਲੜਕਿਆਂ ਨੂੰ ਜ਼ਬਰਦਸਤੀ ਲੈ ਜਾਣ ਲਗੇ । ਉਨ੍ਹਾਂ ਨੇ ਸ਼ਰਾਬ ਪੀਤੀ ਹੋਈ ਸੀ । ਲੜਕੀਆਂ ਨੇ ਸ਼ੋਰ ਪਾ ਦਿਤਾ, ਲੋਕ ਇਕਠੇ ਹੋ ਗਏ ਅਤੇ ਉਨ੍ਹਾਂ ਲੜਕੀਆਂ ਨੂੰ ਜ਼ਬਰਦਸਤੀ ਲੈ ਜਾਣ ਅਤੇ ਉਨ੍ਹਾਂ ਦੀ ਮਿਟੀ ਪਲੀਤ ਕਰਨ ਤੋਂ ਉਨ੍ਹਾਂ ਨੂੰ ਰੋਕ ਦਿਤਾ। ਐਸ੦ ਡੀ੦ ਐਮ੦ ਪਾਸ ਕੇਸ ਦਿਤਿਆਂ ਰਵਾਹੀਆਂ ਹੋਈਆਂ

ਪਰ ਉਸ ਸੁਪਰਵਾਈਜ਼ਰ ਦੀ ਉਪਰ ਪਹੁੰਚ ਹੋਣ ਕਰਕੇ ਉਹ ਕੇਸ ਰਫਾ ਦਫਾ ਕਰਾ ਦਿਤਾ। ਇਹ ਹੈ ਕਾਰਨਾਮੇ ਬੀ. ਡੀ. ਉ. ਦੇ ਮਹਿਕਮੇ ਦੇ। ਫਿਰ ਇਥੇ ਹੀ ਬਸ ਨਹੀਂ। ਕੋਈ ਮਹੀਨਾ ਡੇਢ ਮਹੀਨਾ ਹੋਇਆ ਉਹ ਸੁਪਰਵਾਈਜ਼ਰ ਲੜਕੀ ਜੋ ਸਾਡੇ ਬਲਾਕ ਵਿਚ ਲਗੀ ਹੋਈ ਹੈ ਇਕ ਚਪੜਾਸੀ ਦੀ ਘਰਵਾਲੀ ਨੂੰ ਪਿਆਰ ਦਿਲਾਸੇ ਨਾਲ ਵਰਗਲਾ ਕੇ ਲੇ ਗਈ ਅਤੇ ਉਸ ਨੂੰ ਡਰਾ ਧਮਕਾ ਕੇ ਉਸ ਤੋਂ ਪੇਸ਼ਾਂ ਕਰਾਇਆ। ਉਹ ਔਰਤ ਹੁਣ ਬਿਆਨ ਦੇ ਰਹੀ ਹੈ ਕਿ ਮੇਰੇ ਨਾਲ ਜ਼ਬਰਦਸਤੀ ਕੀਤੀ ਗਈ। ਸੋ ਇਹ ਹੈ ਬੀ.ਡੀ.ਉ. ਦਾ ਮਹਿਕਮਾ ਅਤੇ ਇਸ ਦੀਆਂ ਕਰਤੂਤਾਂ। ਬਣਾਇਆ ਇਹ ਕਿਸ ਕੰਮ ਲਈ ਗਿਆ ਸੀ ਪਰ ਇਹ ਕਰ ਕੀ ਰਿਹਾ ਹੈ। ਕਾਂਗਰਸ ਸਰਕਾਰ ਨੇ ਸ਼ਹਿਰਾਂ ਦੀ ਬਦਮਾਸ਼ੀ ਖ਼ਤਮ ਕਰਕੇ ਇਸ ਸ਼ਕਲ ਵਿਚ ਪਿੰਡਾਂ ਵਿਚ ਲੈ ਆਂਦੀ ਹੈ। ਬੀ. ਡੀ. ਉ. ਦਫਤਰ ਨਹੀ ਕੰਜਰਖਾਨੇ ਹਨ, ਬਦਮਾਸ਼ੀ ਦੇ ਅੱਡੇ ਹਨ। ਬੀ. ਡੀ. ਓ, ਪਿੰਡਾਂ ਵਿਚ ਹਰ ਤਰ੍ਹਾਂ ਦੀਆਂ ਨਾਜਾਇਜ਼ ਹਰਕਤਾਂ ਕਰਦੇ ਹਨ। ਇਹ ਮਹਿਕਮਾ ਖਤਮ ਕਰੋ। ਪੰਚਾਇਤਾਂ ਦਾ ਕੰਮ ਤਸੀਲਦਾਰ ਵੀ ਕਰ ਸਕਦਾ ਹੈ ਜਾਂ ਬਲਾਕ ਸੰਮਤੀ ਦੇ ਚੇਅਰਮੈਨ ਨੂੰ ਕੰਮ ਦਿਤਾ ਜਾਵੇ। ਇਸ ਬੀ. ਡੀ. ਉ. ਦੇ ਮਹਿਕਮੇ ਨੂੰ ਖਤਮ ਕਰੋ।

ਸ੍ਰੀ ਸਪੀਕਰ: ਬਸ ਜੀ ਖ਼ਤਮ ਕਰੋ (Please wind up now)

ਕਾਮਰੇਡ ਹਰਦਿਤ ਸਿੰਘ ਭੱਠਲ: ਦੋ ਮਿਨਟ ਦਿਉ।

ਇਕ ਦੋ ਗਲਾਂ ਨਹਿਰਾਂ ਦੇ ਮਹਿਕਮੇ ਦੀਆਂ ਵੀ ਕਰਨੀਆਂ ਹਨ। ਜੋ ਇਸ ਮਹਿਕਮੇ ਨੇ ਨਹਿਰਾਂ ਪੁਟੀਆਂ ਹਨ ਉਹ ਸਹੀ ਨਹੀਂ ਪੁਟੀਆਂ। ਬੜਾ ਨਿਕੰਮਾ ਕੰਮ ਕੀਤਾ ਹੈ। ਬਠਿੰਡੇ ਸੰਗਰੂਰ ਵਿਚ ਨਹਿਰਾਂ ਪੁਟਣੀਆਂ ਸਨ, ਡਰੇਨਾ ਬਣਾਈਆਂ ਹਨ, ਮਾਈਨਰ ਦੋ ਤਿੰਨ ਬਣਾਏ ਹਨ ਪਰ ਠੀਕ ਨਹੀਂ। ਟਾਊਟਾਂ ਦੇ ਕਹਿਣ ਤੇ ਪੈਸੇ ਖਾਕੇ ਬਣਾ ਦਿਤੇ, ਆਮ ਫਾਇਦੇ ਦਾ ਕੰਮ ਨਹੀਂ ਕੀਤਾ। ਸਾਈਫਨ ਨਹੀਂ ਬਣਾਏ ......(ਘੰਟੀ)।

ਸ੍ਰੀ ਸਪੀਕਰ: ਬਸ ਜੀ। ਬੈਠ ਜਾਉ। ਤੁਸੀਂ ਜੈਨਰਲ ਐਡਮਿਨਿਸਟਰੇਸ਼ਨ ਹੇਠ ਹੀ ਇਹ ਸਭ ਕੁਝ ਲੈ ਆਏ। ਹੁਣ ਬੈਠੋ।

ਮੈਂ ਇਕ ਗੱਲ ਹਾਊਸ ਨੂੰ ਦਸਣਾ ਚਾਹੁੰਦਾ ਹਾਂ ਕਿ ਹੁਣ $2\frac{1}{4}$ ਘਟੇ ਬਾਕੀ ਰਹਿ ਗਏ ਹਨ। 12 ਬਜੇ ਲੀਡਰ ਆਫ ਦੀ ਹਾਊਸ ਤਕਰੀਰ ਸ਼ੁਰੂ ਕਰਨਗੇ। ਇਸ ਕਰਕੇ 5, 5 ਜਾਂ 10 10 ਮਿਨਟ ਤੋਂ ਵਧ ਮੈਂਬਰ ਸਾਹਬ ਸਮਾਂ ਨਾ ਲੈਣ। ਇਸ ਤੋਂ ਵਧ ਟਾਈਮ ਨਹੀਂ ਹੈ। (The hon. Member should now resume his seat, He has tried to discuss everything under "General Administration."

I would like to bring to the notice of the House that the time left at our disposal is only two hours and fifteen minutes. The Leader of the House would start his sheech at 12 noon. Therefore no Member should take more than 5 or 10 minutes. There is no scope for more time.)

ਸਰਦਾਰ ਗਿਆਨ ਸਿੰਘ ਰਾੜੇਵਾਲਾ (ਪਾਇਲ): ਸਪੀਕਰ ਸਾਹਿਬ, ਜਿਸ ਮਦ ਤੇ ਅਜ ਹਾਊਸ ਗੌਰ ਕਰ ਰਿਹਾ ਹੈ ਉਹ ਹੈ ਜਨਰਲ ਐਡਮਨਿਸਟਰੇਸ਼ਨ ਅਤੇ ਲਾ ਐਂਡ ਆਰਡਰ ਜਿਥੋਂ ਤਕ ਮੈਨੂੰ ਯਾਦ ਹੈ 1956 ਤੋਂ ਲਕੇ ਹਾਊਸ ਵਿਚ ਇਸ ਮਜ਼ਮੂਨ ਤੇ ਬਹੁਤ

[ਸਰਦਾਰ ਗਿਆਨ ਸਿੰਘ ਰਾੜੇਵਾਲਾ]

ਕੁਝ ਕਿਹਾ ਗਿਆ ਹੈ ਅਤੇ ਮੈਂ ਵੀ ਕਾਫ਼ੀ ਤੋਂ ਜ਼ਿਆਦਾ ਇਸ ਵਿਚ ਹਿੱਸਾ ਲੈਂਦਾ ਰਿਹਾ ਹਾਂ ਅਤੇ ਇਸ ਗਲ ਵਲ ਹਰ ਗਵਰਨਮੈਂਟ ਦਾ ਧਿਆਨ ਦਿਵਾਉਂਦਾ ਰਿਹਾ ਹਾਂ ਕਿ ਇਥੇ ਟਾਪ ਹੈ ਵੀ ਐਡਮਨਿਸਟਰੇਸ਼ਨ ਹੈ। ਇਸ ਨੂੰ ਸਟਰੀਮਲਾਈਨ ਕਰਨ ਦੀ ਲੋੜ ਹੈ, ਸੈਕਰੇਟੇਰੀਏਟ ਨੂੰ ਘਟ ਕਰਨ ਦੀ ਲੋੜ ਹੈ। ਅਗਰ ਆਪ ਇਸ ਹਾਊਸ ਦੇ ਰਿਕਾਰਡ ਦਾ ਮੁਲਾਹਿਜ਼ਾ ਫਰਮਾਉ ਤਾਂ ਇਸ ਮਜ਼ਮੂਨ ਤੇ ਕਾਫ਼ੀ ਕੁਝ ਕਿਹਾ ਹੋਇਆ ਮਿਲੇਗਾ। ਕਾਫ਼ੀ ਤਗੋਂ ਦੌ ਦੇ ਮਗਰੋਂ 1964 ਵਿਚ ਇਸ ਗਲ ਤੇ ਗੌਰ ਕਰਨ ਅਤੇ ਸਿਫਾਰਿਸਾਂ ਕਰਨ ਲਈ ਇਕ ਕਮਿਸ਼ਨ ਬਣਿਆ। ਐਡਮਿਨਿਸਟਰੇਟਿਵ ਰੀਫਾਰਮਜ਼ ਕਮਿਸ਼ਨ ਦੀ ਰੀਪੋਰਟ ਨੂੰ ਪੇਸ਼ ਹੋਏ ਕਾਫ਼ੀ ਅਰਸਾ ਹੋ ਗਿਆ ਹੈ ਪਰ ਉਸ ਦੀਆਂ ਤਜਵੀਜ਼ਾਂ ਤੇ ਕਿੰਨਾ ਅਮਲ ਹੋਇਆ ਕਿੰਨਾਂ ਨਹੀਂ ਹੋਇਆ ਇਸ ਹਾਊਸ ਨੂੰ ਪਤਾ ਨਹੀਂ ਹੈ। ਇਸ ਕਮਿਸ਼ਨ ਦੀ ਰਿਪੋਰਟ ਦਾ ਜ਼ਿਆਦਾ ਹਵਾਲਾ ਮੈਂ ਇਸ ਕਰਕੇ ਵੀ ਦੇਣਾ ਚਾਹੁੰਦਾ ਹਾਂ ਕਿਉਂਕਿ ਇਸ ਕਮਿਸ਼ਨ ਦਾ ਇਕ ਆਲਾ ਰੁਕਨ ਅਜ ਸਾਡੇ ਪੰਜਾਬ ਦਾ ਮੁਖ ਮੰਤਰੀ ਹੈ। ਇਸ ਦੀ ਰਿਪੋਰਟ ਮੈਂ ਬੜੇ ਗੌਰ ਨਾਲ ਪੜ੍ਹੀ ਹੈ ਅਤੇ ਇਹ ਤਸਲੀਮ ਕਰਦੇ ਹੋਏ ਕਿ ਇਹ ਵਨ ਆਫ਼ ਦੀ ਆਥਰਜ਼ ਹਨ ਮੈਂ ਕਹਾਂਗਾ ਕਿ ਉਸ ਵਿਚ ਇਨ੍ਹਾਂ ਨੇ ਬਹੁਤ ਚੰਗੀਆਂ ਤਜਵੀਜ਼ਾਂ ਕੀਤੀਆਂ ਹਨ। ਲੇਕਿਨ ਸਾਡਾ ਇਹ ਭਾਰਤ ਦੇ ਅੰਦਰ ਤਜਰਬਾ ਹੈ ਕਿ ਕਮਿਸ਼ਨ ਨਿਯੁਕਤ ਕੀਤੇ ਜਾਂਦੇ ਨੇ ਮੁਕੱਰਰ ਕੀਤੇ ਜਾਂਦੇ ਨੇ ਅਤੇ ਉਨ੍ਹਾਂ ਦੀਆਂ ਰਿਪੋਰਟਾਂ ਮੌਸੂਲ ਹੁੰਦੀਆਂ ਹਨ ਲੇਕਿਨ ਮੈਂ ਅਰਜ਼ ਕਰਦਾ ਹਾਂ ਕਿ ਇਸ ਰਿਪੋਰਟ ਨੂੰ ਤਾਕੇ ਨਸੀਹ ਤੇ ਰਖ ਦਿਤਾ ਗਿਆ ਹੈ ਅਤੇ ਇਸ ਨੂੰ ਦੇਖਣ ਦੀ ਵੀ ਕੋਸ਼ਿਸ਼ ਨਹੀਂ ਕੀਤੀ ਗਈ, ਅਮਲ ਕਰਨਾ ਤਾਂ ਇਕ ਪਾਸੇ ਰਿਹਾ ਇਸ ਵਿਚ ਕੋਈ ਗਲਤ ਗੱਲ ਨਹੀਂ ਹੋਵੇਗੀ ਜੇਕਰ ਉਸ ਰਿਪੋਰਟ ਨੂੰ, ਜਿਸ ਵਿਚ ਐਡਮਿਨਿਸ਼ਟਰੇਸ਼ਨ ਸਟਰੀਮ ਲਾਈਨ ਦਾ ਜ਼ਿਕਰ ਹੈ ਜਿਸ ਵਿਚ ਐਡਮਨਿਸਟਰੇਸ਼ਨ ਨੂੰ ਠੀਕ ਕਰਨ ਦਾ ਜਿਕਰ ਹੈ, ਇੰਪਲੀਮੈਂਟ ਕੀਤਾ ਜਾਵੇ। ਇਹ ਰਿਪੋਰਟ ਉਹ ਹੈ ਜਿਸ ਦੇ ਆਥਰ ਹਨ ਸਾਡੇ ਮੌਜੂਦਾ ਚੀਫ ਮਨਿਸਟਰ ਸਾਹਿਬ, ਇਸ ਵਿਚ ਜਿਹੜੀ ਗੱਲ ਮੁੱਖ ਤੌਰ ਤੇ ਕਹੀ ਗਈ ਹੈ ਅਤੇ ਜਿਥੋਂ ਸ਼ੁਰੂ ਹੁੰਦੀ ਹੈ ਉਹ ਕੌਂਸਲ ਆਫ਼ ਮਨਿਸਟਰਜ਼ ਬਾਰੇ ਹੈ। ਕਿਉਂਕਿ ਮਨਿਸਿਟਰ ਚਾਹੀਦੇ ਹਨ। ਇਸ ਦੇ ਮੁਤਲਿਕ, ਸਪੀਕਰ ਸਾਹਿਬ, ਮੈਂ ਇਸ ਰਿਪੋਰਟ ਦੇ ਸਿਰਫ਼ ਇਕ ਪੇਰਾਗਰਾਫ਼ ਨੂੰ ਪੜ੍ਹ ਕੇ ਸੁਨਾਣਾ ਚਾਹੁੰਦਾ ਹਾਂ ਜਿਸ ਦੀ ਤਰਫ਼ ਗੌਰਮੈਂਟ ਦੀ ਤਵੱਜੋ ਜਾਣੀ ਚਾਹੀਦੀ ਹੈ। ਇਸ ਹਾਊਸ ਦੀ ਵੀ ਤਵਜੋਹ ਇਸ ਵਲ ਮੈਂ ਦਿਵਾਂਦਾ ਹਾਂ। ਇਸ ਵਿਚ ਇਹ ਲਿਖਿਆ ਹੈ ਕਿ—

"......If Punjab is to have a streamlined and efficient administration the cabinet strength should not exceed 10 ministers. We have suggested this number on the basis of distribution of portfolios, corresponding to a rational distribution of departments amongst ten Administrative Secretaries. The details of this distribution are given in Chapter VI "The Secretariat." The splitting up of portfolios periodically, to oblige incoming ministers and evolve combinations to suit the demands of individual ministers is not conducive to orderly progress of the State or its good administration. There is a proverb that shoes must be made to the measurement of the feet and the feet cannot be cut to fit the shoes. Administrative needs must, therefore, determine the strength of the Ministry, Individual aspirations and political claim should not be allowed to determine the strength of the Ministry or the distribution and fragmentation of portfolios. We are firmly of the view that the formation of a compact and competent cabinet and the proper allocation of portfolios will by themselves be a major contribution towards good administration."

ਸਪੀਕਰ ਸਾਹਿਬ, ਇਸ ਸਾਰੇ ਪਹਿਰੇ ਨੂੰ ਮੈਂ ਇਸ ਵਾਸਤੇ ਪੜ੍ਹਿਆ ਹੈ ਕਿ ਜੋ ਕੁਝ ਮੈਂ ਇਸ ਦੇ ਮੁਤਅਲਕ ਕਹਿਣਾ ਚਾਹੁੰਦਾ ਸਾਂ ਇਸ ਵਿਚ ਸਮ ਅਪ ਕੀਤਾ ਹੋਇਆ ਹੈ । ਮੈਂ ਇਸ ਦੇ ਬਾਰੇ ਵਿਚ ਜਿਵੇਂ ਕਿ ਪਹਿਲਾਂ ਵੀ ਅਰਜ਼ ਕੀਤਾ ਹੈ, ਸੀ. ਐਮ. ਸਾਹਿਬ ਨੂੰ ਇਸ ਰਿਪੋਰਟ ਨੂੰ ਅਧਾਰ ਮੰਨਣਾ ਚਾਹੀਦਾ ਸੀ । ਉਨ੍ਹਾਂ ਤੋਂ ਕੰਮ ਸੇ ਕੰਮ ਇਹ ਤਾਂ ਐਕਸਪੈਕਟ ਕੀਤਾ ਜਾਂਦਾ ਸੀ ਅਤੇ ਬਜਾ ਤੌਰ ਤੇ ਕਰ ਸਕਦੇ ਹਾਂ ਕਿਉਂਕਿ ਆਪਣੀਆਂ ਹੀ ਰੈਕਮੈਂਡੇਸ਼ਨਾਂ ਦਾ ਤਾਂ ਉਹ ਆਪ ਜ਼ਰੂਰ ਹੀ ਖ਼ਿਆਲ ਕਰਨਗੇ । ਉਮੀਦ ਹੈ ਕਿ ਉਹ ਇਸ ਪਾਸੇ ਧਿਆਨ ਦੇਣਗੇ ਅਤੇ ਉਨ੍ਹਾਂ ਸਿਫ਼ਾਰਸ਼ਾਂ ਤੇ ਅਮਲ ਕਰਨ ਦੀ ਕੋਸ਼ਿਸ਼ ਕਰਨਗੇ । ਮੈਂ ਇਸ ਨੁਕਤਾ ਨਿਗਾਹ ਤੋਂ ਹੀ ਇਹ ਅਰਜ਼ ਕਰ ਰਿਹਾ ਹਾਂ, ਹੋਰ ਕੋਈ ਕਤਅਨ ਕਿਸੇ ਪਾਰਟੀ ਜਾਂ ਕਿਸੇ ਹੋਰ ਮੋਟਿਵ ਨਾਲ ਨਹੀਂ ਕਹਿ ਰਿਹਾ । ਮੈਂ ਇਹ ਸਮਝਦਾ ਹਾਂ ਕਿ ਪੰਜਾਬ ਵਿਚ ਅਜ ਸਭ ਤੋਂ ਵਡੀ ਇਸ ਗੱਲ ਦੀ ਜ਼ਰੂਰਤ ਸੀ ਕਿ ਪੰਜਾਬ ਦੇ ਅੰਦਰ ਰਿਸੋਰਸਿਜ਼ ਹਨ । ਪੰਜਾਬ ਦੇ ਪਾਸ ਪੋਟੈਨਸ਼ੀਐਲਿਟੀਜ਼ ਹਨ ਜਿਸ ਨਾਲ ਪੰਜਾਬ ਦੀ ਡਿਵੈਲਪਮੈਂਟ ਹੋ ਸਕੇ । ਲੇਕਿਨ ਅਗਰ ਇਹ ਚੀਜ਼ ਮੁਯੱਸਰ ਨਹੀਂ ਅਤੇ ਕੋਈ ਚੀਜ਼ ਮੁਹੱਈਆ ਨਹੀਂ ਕਰ ਸਕੇ ਤਾਂ ਕਿਸ ਤਰ੍ਹਾਂ ਚੀਫ਼ ਮਨਿਸਟਰ ਸਾਹਿਬ ਇਹ ਪੱਦਵੀ ਸੰਭਾਲਣ ਦੇ ਹੱਕਦਾਰ ਹੋ ਸਕਦੇ ਹਨ ? (ਵਿਘਨ) ਕੀ ਪਬਲਿਕ ਇਹ ਨਹੀਂ ਕਹੇਗੀ ਕਿ ਕੀ ਕਲੀਨ ਐਡਮਨਿਸਟਰੇਸ਼ਨ ਦੀ ਇਹੀ ਮਿਸਾਲ ਹੈ ਜਿਹੜੀ ਇਹ ਕਾਇਮ ਕਰ ਰਹੇ ਹਨ ? ਅਜੇ ਤਾਂ ਇਬਤਦਾ ਸੀ ਅਤੇ ਇਨ੍ਹਾਂ ਦਾ ਇਮਤਿਹਾਨ ਸੀ ਪਬਲਿਕ ਦੇ ਸਾਹਮਣੇ ਲੇਕਿਨ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਹ ਪਹਿਲੇ ਹੀ ਇਮਤਿਹਾਨ ਵਿੱਚ ਪੂਰਾ ਨਹੀਂ ਉਤਰ ਸਕੇ ਅਤੇ ਨਾ ਹੀ ਇਨ੍ਹਾਂ ਪੂਰਾ ਉਤਰਨ ਦੀ ਕੋਸ਼ਿਸ਼ ਕੀਤੀ ਹੈ ।

ਸਪੀਕਰ ਸਾਹਿਬ, ਚੀਫ਼ ਮਨਿਸਟਰ ਸਾਹਿਬ ਨੇ ਪਬਲਿਕ ਸਟੇਟਮੈਂਟ ਦਿੱਤਾ ਅਤੇ ਪੰਜਾ-ਬੀਆਂ ਨੂੰ ਕਾਨਫ਼ੀਡੈਂਸ ਵਿੱਚ ਲੈਂਦੇ ਹੋਏ ਕਿਹਾ ਕਿ ਮੈਂ ਪੰਜ ਮਨਿਸਟਰਾਂ ਨਾਲ ਕੰਮ ਚਲਾਵਾਂਗਾ, ਇਸ ਤੋਂ ਬਾਦ ਪਬਲਿਕ ਸਟੇਟਮੈਂਟ ਹੋਈ ਕਿ ਮੈਂ 10 ਮਨਿਸਟਰਾਂ ਨਾਲ ਕੰਮ ਚਲਾਵਾਂਗਾ 10 ਤੋਂ ਵਧ ਮਨਿਸਟਰ ਨਹੀਂ ਰਖਾਂਗਾ ਲੇਕਿਨ ਅਜ ਹਰ ਪੰਜਾਬੀ ਜਾਣਦਾ ਹੈ ਕਿ ਇਹ ਗੱਲਾਂ ਕਿਥੇ ਤਕ ਠੀਕ ਨਿਕਲੀਆਂ । ਇੰਨੇ ਥੋੜੇ ਅਰਸੇ ਵਿੱਚ ਕਿੰਨੀ ਦਫਾ ਇਸ ਮਨਿਸਟਰੀ ਦੀ ਰੀਸ਼ਫ਼ਲ ਕੀਤੀ ਗਈ, ਕਿੰਨੀ ਦਫਾ ਇਸ ਵਿਚ ਐਡੀਸ਼ਨ ਕੀਤੀ ਗਈ ਅਤੇ ਕਿੰਨੀ ਦਫਾ ਇਸ ਵਿੱਚ ਰਦੋ ਬਦਲ ਕੀਤਾ ਗਿਆ ਅਤੇ ਰੱਦੋ ਬਦਲ ਕਰਨ ਦੇ ਤਰੀਕੇ ਇਸਤੇਮਾਲ ਕੀਤੇ ਗਏ ? ਇਨ੍ਹਾਂ ਗੱਲਾਂ ਤੋਂ ਮੈਂ ਇਹ ਯਕੀਨੀ ਕਹਿ ਸਕਦਾ ਹਾਂ ਕਿ ਇਨਟੈਲੀਜੈਂਟ ਪਬਲਿਕ ਆਫ ਪੰਜਾਬ ਨਾਵਾਕਿਫ਼ ਨਹੀਂ, ਸਾਰੇ ਇਹ ਸਮਝ ਰਹੇ ਹਨ ਕਿ ਚੀਫ਼ ਮਨਿਸਟਰ ਸਾਹਿਬ ਤੋਂ ਜਿਨ੍ਹਾਂ ਗੱਲਾਂ ਦੀ ਉਮੀਦ ਸੀ ਅਤੇ ਜਿਹੜੀਆਂ ਗੱਲਾਂ ਕਰਕੇ ਉਹ ਆਏ ਹਨ ਜਿਹੜੀਆਂ ਉਨ੍ਹਾਂ ਦੀਆਂ ਆਪਣੀਆਂ ਰੀਕਮੈਂਡੇਸ਼ਨਜ਼ ਸਨ ਉਨ੍ਹਾਂ ਨੇ ਉਨ੍ਹਾਂ ਦਾ ਡੀਪਾਰਚਰ ਕੀਤਾ ਹੈ, ਇਸ ਲਈ ਮੈਂ ਇਨ੍ਹਾਂ ਪਾਸ ਕਹਾਂਗਾ ਕਿ ਇਹ ਇਸ ਹਾਊਸ ਵਿੱਚ ਇਸ ਗੱਲ ਦੀ ਮਾਕੂਲ ਵਜਾਹ ਦਸਣ ਕਿ ਕਿਉਂ ਮਨਿਸਟਰੀ ਨੂੰ ਵਧਾਇਆ ਗਿਆ ਹੈ।

ਮੈਂ, ਸਪੀਕਰ ਸਾਹਿਬ, ਕੁਝ ਦਿਨ ਹੋਏ ਅਨਕਰੀਬ ਹੀ ਪੇਪਰਜ਼ ਵਿੱਚ ਪੜ੍ਹਿਆ ਅਤੇ ਮੈਂ ਸਮਝਦਾ ਹਾਂ ਕਿ ਇਨ੍ਹਾਂ ਦੇ ਮੰਨ ਤੇ ਉਹ ਚੀਜ਼ ਹੈਂਗ ਕਰ ਰਹੀ ਹੈ ਕਿਉਂ ਕਿ ਇਹ ਹੋ ਨਹੀਂ ਸਕਦਾ ਕਿ ਮੌਜੂਦਾ ਚੀਫ਼ ਮਨਿਸਟਰ ਸਾਹਿਬ ਵਰਗੇ ਸ਼ਖਸ਼ ਜਿਹੜੇ ਹਾਈ ਕੋਰਟ ਦੇ ਜੱਜ ਰਹੇ ਹੋਣ ਅਤੇ ਜਿਨ੍ਹਾਂ ਦਾ ਜੁਡੀਸ਼ਲ ਮਾਈਂਡ ਹੋਵੇ, ਜਿਹੜੇ ਐਨਾਂ ਐਕਸਪੀਰੀਐਂਸ ਰਖਦੇ ਹੋਣ, ਉਹ ਮਹਿਸੂਸ ਨਾ ਕਰਦੇ ਹੋਣ ਕਿ ਕੀ ਹੋ ਰਿਹਾ ਹੈ ਅਤੇ ਕਿਸ ਤਰ੍ਹਾਂ ਹੋ ਰਿਹਾ ਹੈ । ਅਜੇ ਦੋ ਤਿੰਨ ਦਿਨਾਂ ਦੀ ਹੀ ਗੱਲ ਹੈ ਕਿ ਪੇਪਰਜ਼ ਵਿੱਚ ਪੜ੍ਹਿਆ ਸੀ । ਇਨ੍ਹਾਂ ਨੇ ਐਕਸਪਲੇਨੇਸ਼ਨ

[ਸਰਦਾਰ ਗਿਆਨ ਸਿੰਘ ਰਾੜੇਵਾਲਾ]

ਦਿਤੀ ਹੈ ਅਤੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਮੈਨੂੰ ਤਾਂ ਜਨਤਾ ਨੇ ਵਜ਼ੀਰ ਵਧਾਣ ਲਈ ਕਿਹਾ ਹੈ ਅਤੇ ਮੈਂ ਉਨ੍ਹਾਂ ਦੀ ਵਿਸ਼ਿਜ਼ ਨੂੰ ਸਾਹਮਣੇ ਰਖ ਕੇ ਹੀ ਵਜ਼ਾਰਤ ਵਿਚ ਤੌਸੀਹ ਕੀਤੀ ਹੈ । ਮੈਨੂੰ ਸਮਝ ਨਹੀਂ ਆਈ ਕਿ ਉਨ੍ਹਾਂ ਨੇ ਜਨਤਾ ਤੋਂ ਕਿਸ ਤਰੀਕੇ ਨਾਲ ਪੁੱਛਿਆ, ਜਨਤਾ ਨੂੰ ਕਿਸ ਤਰ੍ਹਾਂ ਕਨਸਲਟ ਕੀਤਾ ਸੀ । ਕੀ ਕੋਈ ਰੈਫਰੈਂਡਮ ਕੀਤਾ ਸੀ ? ਮੈਨੂੰ ਤਾਂ ਪਤਾ ਨਹੀਂ ਕਿ ਇਸ ਪੱਖ ਵਿਚ ਕੋਈ ਰੈਫ਼ਰੈਂਡਮ ਇਸ ਸਟੇਟ ਵਿਚ ਹੋਇਆ ਹੋਵੇ । ਮੈਂ ਚੀਫ ਮਨਿਸਟਰ ਸਾਹਿਬ ਨੂੰ ਪੁੱਛਦਾ ਹਾਂ ਕਿ ਜਦ ਉਹ ਖੁਦ ਇਨ੍ਹਾਂ ਕੁਰਸੀਆਂ ਤੇ ਬੈਠਦੇ ਸੀ ਤਾਂ ਬੜੇ ਸ਼ੱਦੋ ਮਦ ਨਾਲ ਇਹ ਤਕਰੀਰ ਕਰਦੇ ਸੀ ਅਤੇ ਅਸੀਂ ਇਨ੍ਹਾਂ ਨਾਲ ਹਮ ਅਵਾਜ਼ ਹੁੰਦੇ ਸੀ ਕਿ ਵਡੀ ਵਜ਼ਾਰਤ ਨੂੰ ਬਰਦਾਸ਼ਤ ਨਹੀਂ ਕਰਾਂਗੇ ।

ਚੀਫ਼ ਮਨਿਸਟਰ ਸਾਹਿਬ ਨੇ ਭਾਵੇਂ ਲੋਕਾਂ ਨੂੰ ਇਸ ਗੱਲ ਦਾ ਯਕੀਨ ਦਿਲਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਹਾਲਾਤ ਦੇ ਮੁਤਾਬਿਕ ਮੈਂ ਇਨ ਟਾਈਮ ਬਜਟ ਡਿਟੇਲਜ਼ ਪੇਸ ਨਹੀਂ ਕਰ ਸਕਿਆ ਹਾਂ ਅਤੇ ਪਹਿਲਾਂ ਜਿਹੜਾ ਬਜਟ ਆਇਆ ਸੀ ਉਹ ਇਨ ਡੈਫਿਸਿਟ ਸੀ ਅਤੇ ਇਹ ਉਸ ਨਾਲੋਂ ਹੋਰ ਇਨਕਰੀਜ਼ ਹੋ ਗਿਆ ਹੈ । ਇਹ ਡੇਫਿਸਿਟ ਐਸਾ ਹੈ ਜਿਹੜਾ ਕਦੇ ਵੀ ਪੂਰਾ ਹੋ ਸਕਣ ਵਾਲਾ ਨਹੀਂ ਹੈ । ਅੱਜ ਹੀ ਉਨ੍ਹਾ ਦੇ ਮੂਹੋਂ ਇਸ ਤਰ੍ਹਾਂ ਦੀਆਂ ਗੱਲਾਂ ਆਉਣ ਲੱਗ ਪਈਆਂ ਹਨ ਕਿ ਸੈਂਟਰ ਉਨ੍ਹਾਂ ਦੀ ਇਮਦਾਦ ਨਹੀਂ ਕਰ ਰਿਹਾ । ਮੈਂ ਇਥੇ ਇਹ ਗੱਲ ਵਾਜ਼ੇ ਕਰ ਦਿਆਂ ਕਿ ਭਾਵੇਂ ਗਵਰਨਮੈਂਟ ਕਿਸੇ ਦੀ ਕਿਉਂ ਨਾ ਹੋਵੇ, ਸੈਂਟਰ ਕੋਈ ਫ਼ਰਕ ਰਖ ਨਹੀਂ ਸਕਦਾ । ਸੈਂਟਰ ਨੇ ਜੋ ਕੁਝ ਵੀ ਕਰਨਾ ਹੈ ਉਹ ਇਕ ਸਟੇਟ ਦੀ ਪਾਲਿਸੀ ਦੇ ਮੁਤਾਬਕ ਨਹੀਂ ਕਰਨਾ ਬਲਕਿ ਉਨ੍ਹਾਂ ਨੇ ਆਲ ਇੰਡੀਆ ਪਾਲਿਸੀ ਦੇ ਮੁਤਾਬਿਕ ਹੀ ਕਰਨਾ ਹੈ । ਜੋ ਦੂਸਰੀਆਂ ਸਟੇਟਾਂ ਦੇ ਨਾਲ ਹੋਵੇਗਾ, ਉਹੀ ਪੰਜਾਬ ਦੇ ਨਾਲ ਹੋਣਾ ਹੈ । (ਵਿਘਨ)

ਮੁੱਖ ਮੰਤਰੀ : ਕਈਆਂ ਨੂੰ ਸੈਂਟ ਪਰਸੈਂਟ ਕਿਵੇਂ ਦਿੱਤਾ ਜਾਂਦਾ ਹੈ ?

ਸਰਦਾਰ ਗਿਆਨ ਸਿਘ ਰਾੜੇਵਾਲਾ: ਤੁਸੀਂ ਭਾਵੇਂ ਕੁਝ ਕਹੋ ਮੈਂ ਇਸ ਡੀਟੇਲ ਦੇ ਵਿਚ ਜਾ ਨਹੀਂ ਸਕਦਾ ਕਿਉਂਕਿ ਟਾਈਮ ਇਜਾਜ਼ਤ ਨਹੀਂ ਦਿੰਦਾ । ਇਤਨਾ ਮੈਂ ਜ਼ਰੂਰ ਕਹਾਂਗਾ ਕਿ ਇਹ ਡੈਫ਼ਿਸਿਟਾਂ ਐਸਾ ਹੈ ਜਿਹੜਾ ਅਗੋਂ ਨੂੰ ਵਧਦਾ ਹੀ ਜਾਣਾ ਹੈ । ਉਹਨਾਂ ਸਾਹਮਣੇ ਮਨਿਸਟਰੀ ਤੇ ਖਰਚ ਦਾ ਸਵਾਲ ਸੀ, ਪਰ ਕਈ ਕਿਸਮ ਦੀਆਂ ਮਜ਼ਬੂਰੀਆਂ ਆ ਹੀ ਜਾਂਦੀਆਂ ਹਨ ਜਿਨ੍ਹਾਂ ਦੇ ਤਹਿਤ ਸ਼ਾਇਦ ਉਹ ਆਪਣੀ ਮਰਜ਼ੀ ਦੇ ਖਿਲਾਫ਼ ਵੀ ਇਜ਼ਾਦੀ ਕਰਨ ਤੇ ਮਜ਼ਬੂਰ ਹੋ ਜਾਂਦੇ ਹਨ । ਪਹਿਲੇ ਮਹੀਨੇ ਦੇ ਵਿੱਚ ਕੁਝ ਹੋਰ ਬਣਦਾ ਹੈ, ਦੋ ਮਹੀਨੇ ਦੇ ਬਾਅਦ ਰੀਕਨਸਲਟੇਸ਼ੰਜ਼ ਹੋਕੇ ਕੁਝ ਹੋਰ ਬੁਨਿਆਦਾਂ ਕਾਇਮ ਹੁੰਦੀਆਂ ਹਨ । ਹੁਣ 5 ਮਹੀਨੇ ਬਾਅਦ ਇਸ ਤਰ੍ਹਾਂ ਦੀਆਂ ਅਖਬਾਰਾਂ ਦੀਆਂ ਖ਼ਬਰਾਂ ਆ ਰਹੀਆਂ ਹਨ ਕਿ ਹੋਰ ਤੌਸੀਹ ਹੋ ਰਹੀ ਹੈ । ਇਸ ਤਰ੍ਹਾਂ ਦੇ ਕੁਝ ਪਬਲਿਕ ਵਿੱਚ ਸਟੇਟਮੈਂਟ ਵੀ ਆਏ ਹਨ । ਸਾਡੇ ਚੀਫ ਮਨਿਸਟਰ ਸਾਹਿਬ ਦੀ ਜਦੋਂ ਸੰਤ ਫਤਿਹ ਸਿੰਘ ਜੀ ਨਾਲ ਮੁਲਾਕਾਤ ਹੋਈ ਤਾਂ ਉਨ੍ਹਾਂ ਨੇ ਆਪਣੀ ਹਾਈ ਕਮਾਂਡ ਨੂੰ ਸਾਰੀ ਪੁਜੀਸ਼ਨ ਦੱਸੀ । ਮੈਂ ਇਸ ਸਾਰੇ ਮੁਆਮਲੇ ਵਿੱਚ ਖਾਸ ਤੌਰ ਤੇ ਜਨ-ਸੰਘ ਨੂੰ ਕਾਮਿਆਬ ਸਮਝਦਾ ਹਾਂ ਅਤੇ ਵਧਾਈ ਦਿੰਦਾ ਹਾਂ ਕਿ ਭਾਵੇਂ ਅੱਪਰ ਹਾਊਸ ਦੀ ਮਜ਼ਬੂਰੀ ਕਰਕੇ, ਭਾਵੇਂ ਚੇਅਰਮੈਨ ਦੇ ਮਜਬੂਰ ਕਰਨ ਕਰਕੇ, ਇਨ੍ਹਾਂ ਨੂੰ ਇਕ ਮਨਿਸਟਰ ਦੀ ਤੌਸੀਹ ਕਰਨੀ ਪਈ । ਮੈਂ ਸਮਝਦਾ ਹਾਂ ਕਿ ਹਾਲਾਤ ਦੇ ਮੁਤਾਬਿਕ ਇਨ੍ਹਾਂ ਨੂੰ, ਬਾਵਜੂਦ ਇਸ ਗੱਲ ਦੇ ਕਿ ਇਨ੍ਹਾਂ ਨੇ ਬਾਰ ਬਾਰ ਐਲਾਨ ਕੀਤੇ ਕਿ ਅਸੀਂ ਕੋਈ ਮਨਿਸਟਰੀ ਵਿਚ ਤੌਸੀਹ ਨਹੀਂ ਕਰਨੀ, ਫੇਰ ਵੀ ਕਰਨੀ ਪਈ । (ਵਿਘਨ)

ਇਸ ਵਿੱਚ ਹੱਸਣ ਦੀ ਕੋਈ ਗੱਲ ਨਹੀਂ । ਮੈਂ ਇਕ ਇਕ ਲਫਜ਼ ਬੜੀ ਜ਼ਿੰਮੇਵਾਰੀ ਦੇ ਨਾਲ ਇਸ ਹਾਊਸ ਦੇ ਵਿੱਚ ਕਹਿ ਰਿਹਾ ਹਾਂ। ਜਿਸ ਦੀ ਤਾਈਦ ਪਰੈਸ ਰਿਪੋਰਟਸ ਤੋਂ

ਹੋ ਜਾਵੇਗੀ । ਮੈਨੂੰ ਨਹੀਂ ਪਤਾ ਇਨ੍ਹਾਂ ਦੀ ਕੀ ਗੱਲ ਸੰਤ ਫਤਿਹ ਸਿੰਘ ਹੋਰਾਂ ਦੇ ਨਾਲ ਹੋਈ ਪਰ ਜੋ ਮੈਂ ਗੱਲ ਕਰਦਾ ਹਾਂ ਉਹ ਅਖਬਾਰਾਂ ਦੀ ਰੀਪੋਰਟ ਤੇ ਮਬਨੀ ਹੈ । ਮੈਂ ਅਰਜ਼ ਕਰਾਂ ਕਿ ਇਸ ਗੱਲ ਦੇ ਮੁਤਾਲਿਕ ਕਲ੍ਹ ਵੀ ਇਸ ਹਾਊਸ ਦੇ ਵਿੱਚ ਚਰਚਾ ਹੋਇਆ ਸੀ ਕਿ ਕਈ ਕਈ ਦਿਨ ਤਕ ਇਹ ਆਪਸ ਵਿੱਚ ਮਹਿਕਮਿਆਂ ਦੀ ਵੰਡ ਵੀ ਨਹੀਂ ਕਰ ਸਕੇ ਹਨ । 5 ਮਈ ਨੂੰ ਇਸ ਮਨਿਸਟਰੀ ਵਿੱਚ 5 ਵਜ਼ੀਰਾਂ ਦੀ ਤੌਸੀਹ ਹੋਈ, ਤੁਸੀਂ ਖੁਦ ਅੰਦਾਜ਼ਾ ਲਗਾਉ ਕਿ 16 ਤਾਰੀਖ ਤੱਕ, ਇਨ੍ਹਾਂ ਤੋਂ ਮਹਿਕਮਿਆਂ ਦੀ ਤਕਸੀਮ ਹੀ ਨਹੀਂ ਹੋ ਸਕੀ, ਉਨ੍ਹਾਂ ਦੀਆਂ ਕੋਈ ਡਿਊਟੀਜ਼ ਨਹੀਂ ਲਗੀਆਂ ਅਤੇ ਨਾ ਹੀ ਕੋਈ ਮਹਿਕਮਾ ਸਪੁੱਰਦ ਕੀਤਾ ਗਿਆ । ਇਹ ਗੱਲ ਮੈਨੂੰ ਸਮਝ ਨਹੀਂ ਆਈ ਕਿ ਉਹ ਵਜ਼ੀਰ ਜਿਨ੍ਹਾਂ ਨੂੰ ਲਾਇਆਂ ਅੱਜ 11 ਦਿਨ ਹੋ ਗਏ ਹਨ ਕੀ ਕੰਮ ਕਰ ਰਹੇ ਹਨ । ਮੈਂ ਚੀਫ਼ ਮਨਿਸਟਰ ਸਾਹਿਬ ਤੋਂ ਕੀ ਇਸ ਗੱਲ ਦਾ ਜਵਾਬ ਪੁੱਛ ਸਕਦਾ ਹਾਂ ਕਿ ਜਿਨ੍ਹਾਂ ਦਿਨਾਂ ਵਿਚ ਉਨ੍ਹਾਂ ਨੂੰ ਕੋਈ ਮਹਿਕਮਾ ਹੀ ਨਹੀਂ ਦਿੱਤਾ ਅਤੇ ਨਾ ਹੀ ਉਨ੍ਹਾਂ ਨੂੰ ਪਤਾ ਸੀ ਕਿ ਕਿਸ ਮਹਿਕਮੇ ਦਾ ਕੰਮ ਕਰਨਾ ਹੈ, ਕੀ ਉਹ ਇਨ੍ਹਾਂ ਦਿਨਾਂ ਦੀ ਤਨਖਾਹ ਲੈਣ ਲਈ ਜਸਟੀਫਾਈਡ ਹਨ । ਇਹ ਇਸ ਦਫਾ ਹੀ ਨਹੀਂ ਪਹਿਲਾਂ ਵੀ ਜਦੋਂ ਤੌਸੀਹ ਕੀਤੀ ਗਈ ਕਈ ਕਈ ਦਿਨ ਤਕ ਫੈਸਲਾ ਨਹੀਂ ਕਰ ਸਕੇ । ਪਰ ਮੈਂ ਉਨ੍ਹਾਂ ਦੀਆਂ ਮੁਸ਼ਕਲਾਤ ਨੂੰ ਸਮਝਦਾ ਹਾਂ । ਪਰ ਇਸ ਗੱਲ ਲਈ ਉਨ੍ਹਾਂ ਨੂੰ ਦਾਦ ਦਿੰਦਾ ਹਾਂ ਕਿ ਉਨ੍ਹਾਂ ਨੇ ਦੋ ਡਾਈਵਰਜੈਂਟ ਐਲੀਮੈਂਟਸ ਨੂੰ, ਦੋ ਕਨਫਲਿਕਟਿੰਗ ਆਈਡੀਆਲੋਜੀਜ਼ ਨੂੰ ਇਕੱਠਾ ਕਰਕੇ ਇਸ ਸੂਬੇ ਨੂੰ ਗਵਰਨਮੈਂਟ ਦਿੱਤੀ ਹੈ । ਕਿਤੇ ਵੀ ਰੀਲੀਜਨ ਨੂੰ ਮੰਨਣ ਵਾਲੇ ਅਤੇ ਐਥੀਸਟ ਇਕੱਠੇ ਹੋਏ ਹੋਨ, ਇਹ ਵੇਖਣ ਵਿਚ ਨਹੀਂ ਆਇਆ । ਮੈਂ ਸਮਝਦਾ ਹਾਂ ਇਹ ਬੜੇ ਥੋੜੇ ਅਰਸੇ ਲਈ ਹੀ ਹੋ ਸਕਦਾ ਹੈ ਕਿ ਇਹ ਮੇਲ ਰਹੇ, ਨਹੀਂ ਤਾਂ ਇਹ ਇਕ ਮਿਰੇਕਲ ਹੋਵੇਗਾ, ਇਕ ਮੋਜਿਜ਼ਾ ਸਮਝਿਆ ਜਾ ਸਕਦਾ ਹੈ ।

ਇਥੇ ਬਹੁਤਾ ਇਸੇ ਗਲ ਤੇ ਜ਼ਿਕਰ ਕੀਤਾ ਗਿਆ ਹੈ ਕਿ ਸਰਕਾਰ ਨੇ 5 ਏਕੜ ਦੇ ਮਾਲਕਾਂ ਤੋਂ ਮਾਲੀਆ ਮੁਆਫ ਕਰ ਦਿੱਤਾ ਹੈ, ਅਤੇ ਦੋ ਹੋਰ ਟੈਕਸ ਵੀ ਮੁਆਫ ਕੀਤੇ ਹਨ, ਪਰ ਅਜੇ ਤਕ ਅਮਲ ਵਿਚ ਨਹੀਂ ਆ ਸਕੇ । ਇਹ ਬੇਸਕ ਪੰਜਾਬ ਦੇ ਲਈ ਇਕ ਬੇਹਤਰੀਨ ਕੰਮ ਹੋਇਆ ਹੈ ਕਿ ਬਾਵਜੂਦ ਇਤਨੇ ਇਖਤਲਾਫ ਦੇ, ਦੋ ਡਾਈਵਰਜੈਂਟ ਵੀਊਜ਼ ਦੇ ਲੋਕੀ ਕਿਸੇ ਇਕ ਪੁਆਂਇਟ ਤੇ ਇਕਠੇ ਜ਼ਰੂਰ ਹੋਏ ਹਨ । ਪਰ ਇਨ੍ਹਾਂ ਦੀ ਇਕ ਗੱਲ ਮੈਨੂੰ ਸਮਝ ਨਹੀਂ ਆਈ ਕਿ ਇਤਨੇ ਦਿਨ ਤੱਕ ਉਹ ਕਿਸੇ ਇਕ ਫੈਸਲੇ ਤੇ ਪਹੁੰਚ ਨਹੀਂ ਸਕੇ । ਕੀ ਮੈਂ ਉਨ੍ਹਾਂ ਤੋਂ ਇਹ ਗੱਲ ਪੁਛ ਸਕਦਾ ਹਾਂ ? (ਵਿਘਨ) ਸਪੀਕਰ ਸਾਹਿਬ, ਇਸਤੋਂ ਬਾਅਦ ਮੈਂ ਤੁਹਾਡੀ ਤਵਜੋ ਇਸ ਪਾਸੇ ਦਿਲਾਉਂਦਾ ਹਾਂ ਕਿ ਉਨ੍ਹਾਂ ਨੇ ਅਜੇ ਤੱਕ ਇਸ ਸਟੇਟ ਦੀ ਐਡਮਿਨਿਸਟਰੇਸ਼ਨ ਨੂੰ ਸਟਰੀਮ ਲਾਈਨ ਕਰਨ ਵਾਸਤੇ ਕੀ ਕੰਮ ਕੀਤਾ ਹੈ ਇਸ ਦੇ ਮੁਤਾਲਿਕ ਮੈਂ ਅਰਜ਼ ਕਰਾਂਗਾ ਕਿ ਚੀਫ ਮਨਿਸਟਰ ਸਾਹਿਬ ਨੇ ਖੁਦ ਇਕ ਰਿਪੋਰਟ ਦੇ ਵਿਚ ਜ਼ਿਕਰ ਕੀਤਾ ਹੈ ਕਿ ਸਾਨੂੰ ਮਦਰਾਸ ਦੀਆਂ ਲਾਈਨਜ਼ ਤੇ ਰੀਆਰਗੇਨਾਈਜ਼ਨ ਕਰਨੀ ਚਾਹੀਦੀ ਹੈ ।

1947 ਤੋਂ ਲੈਕੇ ਅੱਜ ਤਕ ਇਹ ਵੇਖਿਆ ਹੈ ਕਿ ਇਨ੍ਹਾਂ ਦਾ ਆਗਾਜ਼ ਸ਼ਾਇਦ ਇਹ ਸੀ ਕਿ ਚੀਫ਼ ਮਨਿਸਟਰ ਸਾਹਿਬ ਦੇ ਪਾਸ ਇਕ ਪੀ. ਏ., ਇਕ ਪ੍ਰਾਈਵੇਟ ਸੈਕਟਰੀ ਤੇ 2 ਸਟੈਨੋ-ਗ੍ਰਾਫਰਜ਼ ਹੋਇਆ ਕਰਦੇ ਸਨ । ਲੇਕਿਨ ਵਧਦੇ ਵਧਦੇ ਚੀਫ਼ ਮਨਿਸਟਰ ਸਾਹਿਬ ਦਾ ਪਰਸਨਲ ਸੈਕਟਰੀਏਟ, ਸਿਵਲ ਸੈਕਟਰੀਏਟ ਤੋਂ ਵੱਖਰਾ ਕਾਇਮ ਹੋ ਗਿਆ । ਲੇਟੈਸਟ ਫ਼ਿਗਰਜ਼ ਅਨੁਸਾਰ ਇਨ੍ਹਾਂ ਦੇ ਪਰਸਨਲ ਸਟਾਫ਼ ਦੀ ਗਿਣਤੀ 32 ਹੈ । ਇਨ੍ਹਾਂ ਨੇ ਐਡਮਨਿਸਟਰੇਸ਼ਨ ਨੂੰ ਤਾਂ ਸਟ-ਰੀਮ ਲਾਈਨ ਕੀ ਕਰਨਾ ਸੀ ਅਜੇ ਤਕ ਪਰਸਨਲ ਸੈਕਟੇਰੀਏਟ ਵਿੱਚ ਵੀ ਕੋਈ ਤਬਦੀਲੀ ਨਹੀਂ

[ਸਰਦਾਰ ਗਿਆਨ ਸਿੰਘ ਰਾੜੇਵਾਲਾ]

ਕਰ ਸਕੇ । ਜਦ ਇਹ ਆਪੋਜ਼ੀਸ਼ਨ ਦੇ ਬੈਂਚਾਂ ਤੇ ਹੁੰਦੇ ਸਨ ਤਾਂ ਇਹ ਖੁਦ ਫਰਮਾਇਆ ਕਰਦੇ ਸਨ ਕਿ ਨਿਹਾਇਤ ਨਾਵਾਜਬ ਤਰੀਕੇ ਨਾਲ ਜ਼ਰੂਰਤ ਤੋਂ ਜ਼ਿਆਦਾ ਸੈਕਟਰੀਜ਼ ਦੇ ਅਹੁਦਿਆਂ ਨੂੰ ਕਮਿਸ਼ਨਰਾਂ ਦੇ ਵਿੱਚ ਅਪ-ਗਰੇਡ ਕੀਤਾ ਗਿਆ ਹੈ ।

ਇਕ ਆਵਾਜ਼ : ਅਸਾਂ ਨਹੀਂ ਬਣਾਏ ।

ਸਰਦਾਰ ਗਿਆਨ ਸਿੰਘ ਰਾੜਵਾਲਾ : ਆਪ ਦੇ ਵਕਤ ਵਿੱਚ ਇਹ ਹੋ ਰਿਹਾ ਹੈ । ਇਨ੍ਹਾਂ ਦੀ ਤਵੱਜੋਹ ਹੋਰ ਬਾਤਾਂ ਵਲ ਜ਼ਿਆਦਾ ਲਗੀ ਹੋਈ ਹੈ। ਗੈਰ-ਜ਼ਰੂਰੀ ਬਾਤਾਂ ਵਿੱਚ ਲਗੀ ਹੋਈ ਹੈ ਔਰ ਸ਼ਾਇਦ ਇਹੋ ਹੀ ਵਜ੍ਹਾ ਹੈ ਕਿ ਐਡਮਿਨਿਸਟਰੇਸ਼ਨ ਵਲ ਇਨ੍ਹਾਂ ਦਾ ਧਿਆਨ ਨਹੀਂ ਗਿਆ ਇਹੋ ਐਕਸਪਲੇਨੇਸ਼ਨ ਪਲਾਜ਼ੀਬਲ ਹੋ ਸਕਦਾ ਹੈ। ਇਨ੍ਹਾਂ ਨੇ ਪਬਲਿਕ ਦੇ ਨਾਲ ਇਹ ਵਾਇਦੇ ਕੀਤੇ ਹਨ ਕਿ ਜਿਹੜਾ ਇਸ ਕਿਸਮ ਦਾ ਫਜ਼ੂਲ ਖ਼ਰਚ ਹੋ ਰਿਹਾ ਹੈ ਉਸ ਨੂੰ ਬੰਦ ਕਰਾਂਗੇ । ਲੇਕਿਨ ਇਸ ਵਕਤ ਤਕ ਕੋਈ ਸਟੈੱਪ ਇਨ੍ਹਾਂ ਦੀ ਤਰਫੋਂ ਨਹੀਂ ਲਿਆ ਗਿਆ । ਕਮ-ਅਜ਼-ਕਮ ਮੇਰੇ ਨੋਟਿਸ ਵਿਚ ਨਹੀਂ ਹੈ ਕਿ ਇਨ੍ਹਾਂ ਨੇ ਐਡਮਨਿਸਟਰੇਸ਼ਨ ਨੂੰ ਸਟਰੀਮ ਲਾਈਨ ਕਰਨ ਲਈ ਕੋਈ ਕੋਸ਼ਿਸ਼ ਕੀਤੀ ਹੋਵੇ । ਇਹ ਸਾਰੀਆਂ ਰੀਡੰਡੈਂਟ ਪੋਸਟਾਂ ਹਨ, ਸੁਪਰਫਲੂਅਸ ਪੋਸਟਾਂ ਹਨ । ਲੇਕਿਨ ਅਜੇ ਤਕ ਉਨ੍ਹਾਂ ਨੂੰ ਵੀ ਹਟਾਉਣ ਦੀ ਕੋਸ਼ਿਸ ਨਹੀਂ ਕੀਤੀ ਗਈ । ਕੋਈ ਤਵਜੋਹ ਇਧਰ ਨਹੀਂ ਦਿੱਤੀ ਗਈ । ਸ਼ਾਇਦ ਇਸ ਰਿਪੋਰਟ ਵਿੱਚ ਵੀ ਇਨ੍ਹਾਂ ਗੱਲਾਂ ਦਾ ਜ਼ਿਕਰ ਆਇਆ ਹੋਇਆ ਹੈ ਕਿ ਕਈ ਮਹਿਕਮੇ ਐਸੇ ਸਨ ਜਿਨ੍ਹਾਂ ਵਿਚ ਛਾਂਟੀ ਦੀ ਬੜੀ ਸਖ਼ਤ ਜ਼ਰੂਰਤ ਹੈ । ਲੇਕਿਨ ਇਹ ਵੀ ਕੁਛ ਨਹੀਂ ਹੋਇਆ । ਮੈਨੂੰ ਸਮਝ ਨਹੀਂ ਆਉਂਦੀ ਕਿ ਐਡਮਿਨਿਸਟਰੇਸ਼ਨ ਕਿਸ ਤਰ੍ਹਾਂ ਇੰਪਰੂਵ ਹੋਵੇਗੀ । ਕਿਸ ਤਰ੍ਹਾਂ ਇਹ ਖ਼ਾਮੀਆਂ ਦੂਰ ਹੋਣਗੀਆਂ । ਜਦ ਕਿ ਹਕੂਮਤ ਦੀ ਤਰਫੋਂ ਇਨ੍ਹਾਂ ਦੀ ਇਸਲਾਹ ਕਰਨ ਦੀ ਕੋਈ ਕੋਸ਼ਿਸ਼ ਹੀ ਨਾ ਹੋਵੇ । ਮੈਂਬਰਾਂ ਦੀ ਤਰਫੋਂ ਇਸ ਹਾਊਸ ਵਿੱਚ ਬਹੁਤ ਸਾਰੀਆਂ ਗੱਲਾਂ ਕਹੀਆਂ ਗਈਆਂ ਹਨ ਅਤੇ ਉਨ੍ਹਾਂ ਵਲ ਗੌਰਮਿੰਟ ਦਾ ਧਿਆਨ ਦਿਵਾਉਣ ਦੀ ਕੋਸ਼ਿਸ਼ ਕੀਤੀ ਗਈ ਹੈ । ਮੈਂ ਉਨ੍ਹਾਂ ਦੀ ਰੈਪੀਟੀਸ਼ਨ ਨਹੀਂ ਕਰਨਾ ਚਾਹੁੰਦਾ । ਲੇਕਿਨ ਇਹ ਕਹੇ ਬਿਨਾਂ ਨਹੀਂ ਰਹਿ ਸਕਦਾ ਕਿ ਅੱਜ ਵੀ ਪੰਜਾਬ ਦੀ ਪਬਲਿਕ ਦਾ ਮਾਈਂਡ ਬੜਾ ਐਜੀਟੇਟ ਕਰ ਰਿਹਾ ਹੈ ਔਰ ਅਜੇ ਤਕ ਵੀ ਸਾਡੀ ਹਕੂਮਤ ਵਲੋਂ ਜਾਂ ਚੀਫ ਮਨਿਸਟਰ ਸਾਹਿਬ ਵਲੋਂ ਕੋਈ ਡੈਫੀਨਿਟ, ਵਾਜ਼ਹ ਅਤੇ ਕਲੀਅਰ ਕਟ ਪਾਲੀਸੀ ਦਾ ਐਲਾਨ ਨਹੀਂ ਹੋ ਸਕਿਆ । ਵੇਗ ਟਰਮਜ਼ ਵਿੱਚ ਗੱਲਾਂ ਕਰਦੇ ਹਨ । ਮੁਬਹਿਮ ਜਿਹੇ ਅਲਫਾਜ਼ ਇਸਤੇਮਾਲ ਕਰਦੇ ਹਨ ਲੇਕਿਨ ਦੋ ਟੂਕ ਫ਼ੈਸਲਾ ਨਹੀਂ ਕਰਦੇ । ਅਜੇ ਤਕ ਮੈਂ ਨਹੀਂ ਵੇਖਿਆ ਕਿ ਚੀਫ ਮਨਿਸਟਰ ਸਾਹਿਬ ਜਾਂ ਇਨ੍ਹਾਂ ਦੇ ਕਿਸੇ ਸਪੋਕਸਮੈਨ ਨੇ ਇਸ ਦੇ ਮੁਤੱਲਕ ਵਜ਼ਾਹਤ ਕੀਤੀ ਹੋਵੇ ਕਿ ਲੈਂਗੂਏਜ਼ ਦਾ ਮਸਲਾ ਸਰਕਾਰ ਕਿਵੇਂ ਹਲ ਕਰਨਾ ਚਾਹੁੰਦੀ ਹੈ । ਇਸ ਵਿੱਚ ਕੋਈ ਸ਼ਕ ਨਹੀਂ ਹੈ ਕਿ ਪੰਜਾਬ ਦੀ ਤਕਸੀਮ ਤੋਂ ਪਹਿਲੇ ਵੀ ਇਹ ਬਾਤ ਸਾਡੇ ਸਾਹਮਣੇ ਸੀ । ਪੰਜਾਬੀ ਰਿਜਨਲ ਲੈਂਗੂਏਜ ਹੈ, ਹਿੰਦੀ ਰਾਸ਼ਟਰ ਭਾਸ਼ਾ ਹੈ । ਠੀਕ ਹੈ, ਅੱਜ ਵੀ ਇਹੋ ਕਿਹਾ ਜਾ ਰਿਹਾ ਹੈ ਲੇਕਿਨ ਮੈਨੂੰ ਸਮਝ ਨਹੀਂ ਆਉਂਦੀ ਕਿ ਰਿਜਨਲ ਲੈਂਗੂਏਜ਼ ਨੂੰ ਸੈਕਟੇਰੀਏਟ ਲੈਵਲ ਤੇ ਰਾਇਜ਼ ਕਰਨ ਵਿੱਚ ਕੀ ਅਮਰ ਮਾਨੇ ਹੈ । ਕਿਹੜੀ ਤਕਲੀਫ਼ ਹੁੰਦੀ ਹੈ । ਖ਼ੈਰ ਮੈਂ ਤਵਾਲਤ ਵਿੱਚ ਨਹੀਂ ਜਾਣਾ ਚਾਹੁੰਦਾ ਲੇਕਿਨ ਫਿਰ ਵੀ ਐਕਸਪੈਕਟ ਕਰਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਆਪਣੀ ਗੌਰਮਿੰਟ ਦੀ ਇਸ ਸਬੰਧ ਵਿੱਚ ਪਾਲੀਸੀ ਦੀ ਜ਼ਰੂਰਤ ਵਜ਼ਾਹਤ ਕਰਨਗੇ। ਪੰਜਾਬ ਦੇ ਲੋਕਾਂ ਨੂੰ ਕਾਨਫੀਡੈਂਸ ਵਿੱਚ ਲੈਕੇ ਦੱਸਣਗੇ ਕਿ ਇਸ ਦੇ ਮੁਤੱਲਕ ਉਨ੍ਹਾਂ ਦਾ ਕੀ ਇਰਾਦਾ ਹੈ । ਉਹ ਕੀ ਕਰਨਾ ਚਾਹੁੰਦੇ ਹਨ ਤਾਂ ਜੋ ਲੋਕਾਂ ਵਿੱਚ ਇਹ ਗਲਤਫਹਿਮੀ ਜ਼ਿਆਦਾ ਦੇਰ ਨਾ ਰਹੇ ।

ਮੁੱਖ ਮੰਤਰੀ : ਕੁਝ ਸੁਝਾਵ ਵੀ ਦੇ ਦਿਉ ।

ਸਰਦਾਰ ਗਿਆਨ ਸਿੰਘ ਰਾੜੇਵਾਲਾ : ਅਗਰ ਪੁਛੋਗੇ ਤਾਂ ਦੇ ਦਿਆਂਗਾ । ਜ਼ਿਮੇਵਾਰੀ ਨੂੰ ਨਿਭਾਉਣ ਦੀ ਕੋਸ਼ਿਸ਼ ਕਰੋ । ਅਗਰ ਰਿਸਪਾਂਸੀਬਿਲਟੀ ਲਈ ਹੈ ਤਾਂ ਉਸ ਨੂੰ ਸ਼ੋਲਡਰ ਕਰਨ ਦੀ ਕੋਸ਼ਿਸ਼ ਕਰੋ । ਇਸ ਤਰ੍ਹਾਂ ਨਾ ਕਹੋ ਕਿ ਸੁਝਾਵ ਦੇ ਦਿਉ । ਮੈਨੂੰ ਅਫ਼ਸੋਸ ਹੁੰਦਾ ਹੈ ਕਿ ਕਲ੍ਹ ਵੀ ਇਨ੍ਹਾਂ ਨੇ ਇਹੋ ਹੀ ਗੱਲ ਕੀਤੀ । ਇਕ ਐਮੀਨੈਂਟ ਡਾਕਟਰ ਦੇ ਮਰ ਜਾਣ ਤੇ ਮੈਨੂੰ ਇਸ਼ਾਰਾ ਕਰ ਕੇ ਇਨ੍ਹਾਂ ਨੇ ਪੁੱਛਿਆ ਕਿ "ਤੂੰ ਦਸ ਦੇ ਕਿ ਕਿਸ ਨੇ ਮਾਰਿਆ ਹੈ ।" ਹਾਈਕੋਰਟ ਦੇ ਜੱਜ ਰਹੇ ਹੋ ਜ਼ਿੰਮੇਵਾਰੀ ਨੂੰ ਕੋਸ਼ਿਸ਼ ਨਾਲ ਨਿਭਾਉ । ਜ਼ਿੰਮੇਵਾਰੀ ਨੂੰ ਟਾਲਣ ਦੀ ਕੋਸ਼ਿਸ਼ ਨਾ ਕਰੋ । ਮੈਂ ਉਨ੍ਹਾਂ ਕੋਲੋਂ ਇਹ ਐਕਸਪੈਕਟ ਕਰਦਾ ਹਾਂ ਕਿ ਉਨਾਂ ਬੈਂਚਾਂ ਤੇ ਬੈਠ ਕੇ ਜ਼ਿੰਮੇਵਾਰੀ ਨੂੰ ਸੰਭਾਲਣ । ਚੀਫ ਮਨਿਸਟਰ ਸਰਦਾਰ ਗੁਰਨਾਮ ਸਿੰਘ ਹਨ, ਮੈਂ ਨਹੀਂ ਹਾਂ । ਇਨ੍ਹਾਂ ਦੀ ਜ਼ਿੰਮੇਵਾਰੀ ਇਨ੍ਹਾਂ ਹੀ ਲੈਣੀ ਹੈ । ਇਨ੍ਹਾਂ ਤੇ ਜ਼ਿੰਮੇਵਾਰੀ ਹੋਰ ਵੀ ਜ਼ਿਆਦਾ ਆਉਂਦੀ ਹੈ ਕਿਉਂਕਿ ਜੋ ਕੁਝ ਪੰਜਾਬ ਦੇ ਅੰਦਰ ਹੋਇਆ ਹੈ ਉਹ ਬੜੇ ਲੰਬੇ ਚੌੜੇ ਅੰਦੋਲਨ ਦੇ ਬਾਅਦ ਹੋਇਆ ਹੈ ਔਰ ਪਬ-ਲਿਕ ਦਾ ਹਾਫ਼ਜ਼ਾ ਇਤਨਾ ਕਮਜ਼ੋਰ ਨਹੀਂ ਹੈ ਕਿ ਇਕ ਸਾਲ ਜਾਂ ਦੋ ਸਾਲ ਪਹਿਲਾਂ ਦੀਆਂ ਗੱਲਾਂ ਨੂੰ ਭੁਲ ਜਾਏ । ਕਦਾਚਿਤ ਨਹੀਂ । ਜੇ ਤੁਸੀਂ ਇਹ ਖਿਆਲ ਕਰਦੇ ਹੋ ਕਿ ਉਹ ਭੁਲ ਜਾਣਗੇ ਤਾਂ ਇਹ ਤੁਹਾਡੀ ਖ਼ਾਮ-ਖ਼ਿਆਲੀ ਹੈ । ਜੇ ਕਰ ਕਹੋ ਕਿ ਪਬਲਿਕ ਦਾ ਹਾਫ਼ਜ਼ਾ ਬੜਾ ਕਮਜ਼ੋਰ ਹੁੰਦਾ ਹੈ ਤਾਂ ਇਤਨਾ ਕਮਜ਼ੋਰ ਨਹੀਂ ਹੁੰਦਾ । ਯਕੀਨ ਜਾਣੋ । ਅਗਰ ਕਮਜ਼ੋਰ ਹੁੰਦਾ ਤਾਂ ਅਲੈਕਸ਼ਨ ਦਾ ਰਿਜ਼ੈਲਟ ਮੁਖਤਲਿਫ ਹੁੰਦਾ । (ਹਾਸਾ) ਤੁਹਾਨੂੰ ਪਬਲਿਕ ਦੇ ਸਾਹਮਣੇ ਜਵਾਬਦੇਹ ਹੋਣਾ ਪਏਗਾ । ਤੁਹਾਡੀ ਗੌਰਮਿੰਟ ਨੂੰ ਇਸ ਦਾ ਹਲ ਕਢਣਾ ਪਏਗਾ । ਮੈਂ ਜਾਣਦਾ ਹਾਂ ਕਿ ਆਪ ਦੀਆਂ ਮੁਸ਼ਕਲਾਤ ਹਨ ਜਿਸ ਤਰ੍ਹਾਂ ਕਿ ਮੈਂ ਸ਼ੁਰੂ ਵਿੱਚ ਅਰਜ਼ ਕੀਤੀ ਸੀ ਕਿ ਆਖਿਰਕਾਰ ਕਿਤਨਾ ਅਰਸਾ ਤੁਸੀਂ ਇਸ ਤਰ੍ਹਾਂ ਚਲੋਗੇ । ਜਿਸ ਤਰ੍ਹਾਂ ਕਿਸੇ ਅਖਬਾਰ ਨੇ ਲਿਖਿਆ ਸੀ ਕਿ ਤਤੱਰਕਾਤ ਹਨ । ਕਿੰਨੀ ਦੇਰ ਇਸ ਤਰ੍ਹਾਂ ਚਲੋਗੇ । ਬਰਾਏ ਮਿਹਰਬਾਨੀ ਪੰਜਾਬ ਨੂੰ ਇਸ ਸਸਪੈਂਸ ਵਿਚੋਂ ਕਢੋ । ਉਨ੍ਹਾਂ ਨੂੰ ਮਹਿਜ਼ ਗੈਸ ਨਾ ਕਰਨ ਦਿਉ । ਜੋ ਕੁਝ ਵੀ ਆਪ ਦੀ ਪਾਲੀਸੀ ਹੈ, ਜੋ ਕੁਝ ਵੀ ਆਪ ਕਰਨਾ ਚਾਹੁੰਦੇ ਹੋ ਵਜ਼ਾਹਤ ਨਾਲ ਇਸ ਹਾਊਸ ਦੇ ਅੰਦਰ ਜਾਂ ਇਸਦੇ ਬਾਹਰ ਆਪਣੀ ਸਟੇਟਮੈਂਟ ਦੇ ਜ਼ਰੀਏ, ਜਿਸ ਤਰ੍ਹਾਂ ਮੁਨਾਸਿਬ ਸਮਝੋ, ਜਨਤਾ ਨੂੰ ਦੱਸੋ ।

ਮੈਂ ਥੋੜੇ ਜਿਹੇ ਲਫ਼ਜ਼ਾਂ ਦੇ ਅੰਦਰ ਲਾ ਐਂਡ ਆਰਡਰ ਦੇ ਮੁਤਅਲਕ ਅਰਜ਼ ਕਰਨ ਚਾਹੁੰਦਾ ਹਾਂ । ਕਲ੍ਹ ਇਥੇ ਬਹੁਤ ਕੁਝ ਕਿਹਾ ਗਿਆ ਹੈ ਲੇਕਿਨ ਮੈਂ ਸਮਝਦਾ ਹਾਂ ਕਿ ਇਸ ਮਜ਼ਮੂਨ ਤੇ ਜਿੰਨਾ ਵੀ ਕਿਹਾ ਜਾਏ ਥੋੜਾ ਹੈ । ਮੇਰੇ ਪਾਸ ਇਕ ਕਟਿੰਗ ਦੀ ਫ਼ਾਈਲ ਬਣੀ ਪਈ ਹੈ । ਕੋਈ ਦਿਨ ਖਾਲੀ ਨਹੀਂ ਜਾਂਦਾ, ਕਿਸੇ ਦਿਨ ਦਾ ਅਖਬਾਰ ਉਠਾਕੇ ਵੇਖ ਲਉ ਜਿਸ ਵਿੱਚ ਕਤਲ ਦਾ ਜ਼ਿਕਰ ਨਾ ਹੋਵੇ । ਆਪ ਨੂੰ ਸ਼ਾਇਦ ਪਤਾ ਨਹੀਂ......

ਵਿੱਤ ਮੰਤਰੀ : ਕੀ ਇਹ ਕਟਿੰਗਜ਼ ਵਾਲਾ ਹੁਣ ਤੁਹਾਡਾ ਮਹਿਕਮਾ ਬਣ ਗਿਆ ਹੈ ?

ਸਰਦਾਰ ਗਿਆਨ ਸਿੰਘ ਰਾੜੇਵਾਲਾ : ਤੁਹਾਡੀ ਇਨਫ਼ਰਮੇਸ਼ਨ ਲਈ ਦਸਣਾ ਚਾਹੁੰਦਾ ਹਾਂ ਕਿ ਇਹੋ ਜਿਹਾ ਕੋਈ ਬਿਊਰੋ ਹੈ ਜੋ ਕਟਿੰਗਜ਼ ਮੁਹੱਯਾ ਕਰਦਾ ਹੈ । ਫ਼ਾਈਨੈਂਸ ਮਿਨਿਸਟਰ ਸਾਹਿਬ ਇਸ ਗੱਲ ਨੂੰ ਲਾਈਟਲੀ ਲੈਣ ਦੀ ਕੋਸ਼ਿਸ਼ ਨਾ ਕਰਨ । ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪਬਲਿਕ ਦੇ ਅੰਦਰ, ਪ੍ਰੈਸ ਦੇ ਅੰਦਰ ਔਰ ਇਨਟੈਲੀਜੈਂਸੀਆ ਦੇ ਅੰਦਰ ਇਕ ਤਸ਼ਵੀਸ਼ ਪਾਈ ਜਾਂਦੀ ਹੈ ਕਿ ਅੱਜ ਲਾ ਐਂਡ ਆਰਡਰ ਦੀ ਹਾਲਤ ਕੀ ਹੈ ।

[ਸਰਦਾਰ ਗਿਆਨ ਸਿੰਘ ਰਾੜੇਵਾਲਾ]

(ਵਿਘਨ) ਅੱਜ ਦੇ ਹੀ ਪਰਤਾਪ ਅਖਬਾਰ ਦੇ ਪਹਿਲੇ ਸਫ਼ੇ ਤੇ ਇਕ ਖਬਰ ਹੈ ਕਿ ਇਕ ਪੁਲਿਸ ਕਾਂਸਟੇਬਲ ਨੇ ਪਤਾ ਨਹੀਂ ਕਿਤਨੇ ਫ਼ਾਇਰ ਕੀਤੇ । ਉਸ ਵਿਚ ਲਿਖਿਆ ਹੈ—

"ਲੋਪੋਕੀ ਸਰਹੱਦ ਪਰ ਏਕ ਕਾਂਸਟੇਬਲ ਗੁੱਸੇ ਮੇਂ ਆ ਕਰ ਆਪਣੇ ਸਾਥੀਉਂ ਪਰ ਛੇ ਘੰਟੇ ਗੋਲੀਆਂ ਚਲਾਤਾ ਰਹਾ । ਇਸਨੇ ਰਾਈਫ਼ਲ ਵਾ ਸਟੇਨ ਗਨ ਇਸਤੇਮਾਲ ਕੀ । ਜਵਾਬੀ ਫ਼ਾਇਰਿੰਗ ਸੇ ਸ਼ਦੀਦ ਜ਼ਖਮੀ"

ਮੈਂ ਕੋਈ ਐਵੇਂ ਹੀ ਇਥੇ ਗੱਲ ਨਹੀਂ ਕਰ ਦਿੱਤੀ । ਇਹ ਅਖਬਾਰ ਦੀ ਖਬਰ ਹੈ । ਤੁਸੀਂ ਤਫ਼ਤੀਸ਼ ਕਰਵਾ ਲਉ । ਇਹ ਮਾਮੂਲ ਦੀਆਂ ਗੱਲਾਂ ਹੋ ਗਈਆਂ ਹਨ ਕਿ ਅਜਿਹੀਆਂ ਖਬਰਾਂ ਪੜ੍ਹਨ ਨੂੰ ਮਿਲਦੀਆਂ ਹਨ । ਹੋਰ ਮੈਂ ਕੀ ਦਸਾਂ । ਖ਼ੁਦ ਗੌਰਮੈਂਟ ਨੇ ਇਕ ਸਵਾਲ ਦੇ ਜਵਾਬ ਵਿਚ ਦਸਿਆ ਹੈ ਕਿ 64 ਮਰਡਰਜ਼ ਇਨ 65 ਡੇਜ਼ । ਕੋਈ ਸਵਾ ਕਤਲ ਰੋਜ਼ ਦੀ ਔਸਤ ਹੋ ਜਾਂਦੀ ਹੈ (ਹਾਸਾ) । ਜੇਕਰ ਇਸੇ ਰਫ਼ਤਾਰ ਦੇ ਨਾਲ ਕਤਲ ਹੁੰਦੇ ਰਹੇ ਅਤੇ ਇਸੇ ਰਫ਼ਤਾਰ ਦੇ ਨਾਲ ਡਕੈਤੀਆਂ ਹੁੰਦੀਆਂ ਰਹੀਆਂ ਤਾਂ ਨਾ ਮਾਲੂਮ ਕੀ ਹਾਲਤ ਹੋ ਜਾਵੇਗੀ । ਸਪੀਕਰ ਸਾਹਿਬ, ਮੈਂ ਬਿਨਾ ਝਿਜਕ ਇਹ ਕਹਿ ਸਕਦਾ ਕਿ ਇਹ ਜਿਤਨੀਆਂ ਫ਼ਿਗਰਜ਼ ਗੌਰਮੈਂਟ ਨੇ ਦਿਤੀਆਂ ਹਨ ਇਸ ਵਿਚ ਉਹ ਸ਼ਾਮਿਲ ਨਹੀਂ ਹਨ ਜਿਨ੍ਹਾਂ ਨੂੰ ਸੁਪਰੈੱਸ ਕੀਤਾ ਗਿਆ । ਕਿਤਨੀਆਂ ਹੀ ਰਿਪੋਰਟਾਂ ਨਹੀਂ ਲਿਖੀਆਂ ਜਾਂਦੀਆਂ । ਅਗਰ ਚੀਫ਼ ਮਨਿਸਟਰ ਸਾਹਿਬ ਇਹ ਕਹਿਣ ਕਿ ਦੂਸਰੇ ਸੂਬਿਆਂ ਵਿਚ ਕਤਲ ਘਟ ਹੋ ਗਏ ਜਾਂ ਜ਼ਿਆਦਾ ਹੋ ਗਏ ਤਾਂ ਇਹ ਇਸ ਗੱਲ ਦੀ ਜਸਟੀਫ਼ੀਕੇਸ਼ਨ ਨਹੀਂ ਕਿ ਪੰਜਾਬ ਦੇ ਵਿਚ ਵੀ ਜ਼ਿਆਦਾ ਹੁੰਦੇ ਰਹਿਣ ।

ਮੁੱਖ ਮੰਤਰੀ : ਮੈਂ ਤਾਂ ਨਹੀਂ ਕਿਹਾ । ਆਪਦੀ ਹੀ ਪਾਰਟੀ ਦੇ ਮੈਂਬਰਾਂ ਨੇ ਕਿਹਾ ਹੈ ।

ਸਰਦਾਰ ਗਿਆਨ ਸਿੰਘ ਰਾੜੇਵਾਲਾ : ਮੈਂ ਇਹ ਅਰਜ਼ ਕਰ ਰਿਹਾ ਹਾਂ ਕਿ ਇਹ ਤਾਂ ਸਿਰਫ਼ ਰਜਿਸਟਰਡ ਕਰਾਈਮਜ਼ ਦੇ ਫ਼ਿਗਰਜ਼ ਹੀ ਦਿੱਤੇ ਗਏ ਹਨ । ਬਹੁਤ ਸਾਰੇ ਐਸੇ ਕਰਾ-ਈਮਜ਼ ਹਨ ਜਿਨ੍ਹਾਂ ਨੂੰ ਸੁਪਰੈੱਸ ਕੀਤਾ ਜਾਂਦਾ ਹੈ ਜਿਨ੍ਹਾਂ ਬਾਰੇ ਰਿਪੋਰਟ ਦਰਜ ਹੀ ਨਹੀਂ ਹੁੰਦੀ ।

ਮੁੱਖ ਮੰਤਰੀ ਬੁਰੀਆਂ ਆਦਤਾਂ ਹੌਲੀ ਹੌਲੀ ਹਟਣਗੀਆਂ ।

ਸਰਦਾਰ ਗਿਆਨ ਸਿੰਘ ਰਾੜੇਵਾਲਾ : ਹੌਲੀ ਹੌਲੀ ਹਟਾਂਦਿਆਂ ਕਿਧਰੇ ਆਪ ਹੀ ਨਾ ਖਤਮ ਹੋ ਜਾਣਾ । ਮੈਂ ਤਾਂ ਇਹ ਨਹੀਂ ਕਹਿਣਾ ਚਾਹੁੰਦਾ ਸੀ ਮਗਰ ਆਪਨੇ ਕਹਿਲਵਾ ਹੀ ਦਿੱਤਾ ਹੈ ।

ਮੁੱਖ ਮੰਤਰੀ : ਮੈਂ ਕਹਿੰਦਾ ਹਾਂ ਕਿ ਤੁਸੀਂ ਹੁਣੇ ਹੀ ਆ ਜਾਉ ਇਥੇ ।

ਸਰਦਾਰ ਗਿਆਨ ਸਿੰਘ ਰਾੜੇਵਾਲਾ : ਮੈਂ ਨਹੀਂ ਆਉਣਾ ਚਾਹੁੰਦਾ ਲੇਕਿਨ ਆਉਣ ਵਾਲੇ ਹੋਰ ਪੈਦਾ ਹੋ ਜਾਣੇ ਹਨ । ਇਹ ਸਿਆਣਿਆਂ ਦਾ ਕੌਲ ਹੈ । ਅੱਜ ਤਕ ਸੁਣਦੇ ਆਏ ਹਾਂ ਕਿ ਅੱਜ ਦਾ ਕੰਮ ਕਲ ਤਕ ਮਤ ਛੋੜੋ । ਕੀ ਪਤਾ ਹੈ ਕਲ ਕੀ ਹੋਵੇਗਾ ਔਰ ਤੁਸੀਂ ਕਹਿੰਦੇ ਹੋ ਕਿ ਹੌਲੀ ਹੌਲੀ ਕਰਾਂਗੇ । ਹੌਲੀ ਹੌਲੀ ਨਹੀਂ, ਅਗਰ ਨੇਕਨਾਮੀ ਖਟਣੀ ਹੈ ਤਾਂ ਜਲਦੀ ਜਲਦੀ ਕਰੋ ਜੋ ਕੁਝ ਵੀ ਕਰਨਾ ਚਾਹੁੰਦੇ ਹੋ । ਨਰਸਿਜ਼ ਉਤੇ ਹਮਲਾ ਹੋਇਆ....

ਸ੍ਰੀ ਸਪੀਕਰ : ਸਰਦਾਰ ਸਾਹਿਬ 40 ਮਿੰਟ ਹੋ ਚੁਕੇ ਹਨ । (The hon. Member has spoken for 40 minutes.)

ਸਰਦਾਰ ਗਿਆਨ ਸਿੰਘ ਰਾੜੇਵਾਲਾ : ਮੈਂ ਖਤਮ ਕਰ ਦਿੰਦਾ ਹਾਂ । ਤੁਸੀਂ ਹੁਕਮ ਕਰਦੇ ਹੋ ਤਾਂ ਬੈਠ ਜਾਂਦਾ ਹਾਂ ।

ਸ਼੍ਰੀ ਸਪੀਕਰ ਨਹੀਂ ਵਾਈਂਡ ਅਪ ਕਰੋ । (No, please wind up.)

ਸਰਦਾਰ ਗਿਆਨ ਸਿੰਘ ਰਾੜੇਵਾਲਾ : ਇਸੇ ਤਰ੍ਹਾਂ ਦੇ ਨਾਲ ਮੇਰੇ ਪਾਸ ਇਕ ਦਰਖਾਸਤ ਆਈ ਹੈ ਮਿਸ ਕਰਤਾਰ ਕੌਰ ਦੀ । ਉਹ ਐਡਰੈਸਡ ਹੈ ਚੀਫ਼ ਮਨਿਸਟਰ ਸਾਹਿਬ ਨੂੰ । ਮੈਂ ਸਮਝਦਾ ਹਾਂ ਕਿ ਇਹ ਹੀਨਸ ਕ੍ਰਾਈਮ ਹੈ । ਅਗਰ ਲੋਕਲ ਪੁਲਿਸ ਕੇਸ ਨੂੰ ਰਜਿਸਟਰ ਨਹੀਂ ਕਰਦੀ, ਕਿਸੇ ਲਾਲਚ ਕਰਕੇ ਨਹੀਂ ਕਰਦੀ ਜਾਂ ਕਿਸੇ ਹੋਰ ਕਾਰਨ ਨਹੀਂ ਕਰਦੀ ਤਾਂ ਇਸਤੋਂ ਜ਼ਿਆਦਾ ਸ਼ਰਮਨਾਕ ਗੱਲ ਹੋਰ ਕੀ ਹੋ ਸਕਦੀ ਹੈ ।

ਮੁੱਖ ਮੰਤਰੀ : ਇਹ ਕਿਥੋਂ ਦਾ ਕੇਸ ਹੈ ?

ਸਰਦਾਰ ਗਿਆਨ ਸਿੰਘ ਰਾੜੇਵਾਲਾ : ਮਿਸ ਕਰਤਾਰ ਕੌਰ, ਟੀ. ਡੀ. ਸਬ ਸੈਂਟਰ ਵਿਠੱਠ ।

ਮੁੱਖ ਮੰਤਰੀ : ਠੀਕ ਤਰ੍ਹਾਂ ਦਸੋ, ਸਮਝ ਨਹੀਂ ਆਈ ।

ਸਰਦਾਰ ਗਿਆਨ ਸਿੰਘ ਰਾੜੇਵਾਲਾ : ਇਹ ਠੀਕ ਤਰ੍ਹਾਂ ਨਾਲ ਪੜ੍ਹੀ ਨਹੀਂ ਜਾਂਦੀ । *ਇਹ ਮੈਂ ਹਾਉਸ ਦੀ ਟੇਬਲ ਤੇ ਰਖਦਾ ਹਾਂ । ਇਹ ਗੁਰਮੁਖੀ ਵਿਚ ਲਿਖੀ ਹੋਈ ਹੈ ।

ਮੁਖ ਮੰਤਰੀ : ਇਹ ਤੁਸੀਂ ਮੈਨੂੰ ਦਿਉ ਮੈਂ ਪੜ੍ਹ ਦਿੰਦਾ ਹਾਂ ।

ਸਰਦਾਰ ਗਿਆਨ ਸਿੰਘ ਰਾੜੇਵਾਲਾ : ਮੈਂ ਪੜ੍ਹ ਸਕਦਾ ਹਾਂ ਤੁਹਾਡੇ ਨਾਲੋਂ ਅੱਛੀ ਤਰ੍ਹਾਂ ਪੜ੍ਹ ਸਕਦਾ ਹਾਂ । ਜੱਜ ਸਾਹਿਬ ! ਇਸ ਗੱਲ ਦਾ ਭੁਲੇਖਾ ਵੀ ਜਲਦੀ ਦੂਰ ਹੋ ਜਾਵੇਗਾ । ਤੁਸੀਂ ਬਾਰ ਬਾਰ ਇਹ ਗੱਲ ਨਾ ਕਿਹਾ ਕਰੋ । ਇਹ ਸ਼ਿਕਸਤਾ ਲਿਖਿਆ ਹੋਇਆ ਹੈ । ਇਸ ਵਿਚ ਲੱਗਾਂ ਮਾਤ੍ਰਾਂ ਨਾ ਹੋਣ ਕਰਕੇ ਲਫ਼ਜ਼ ਕੁਝ ਹੋਰ ਹੀ ਬਣ ਜਾਂਦਾ ਹੈ । (ਵਿਘਨ) ਸਪੀਕਰ ਸਾਹਿਬ, ਲਾ ਐਂਡ ਆਰਡਰ ਦੇ ਸਿਲਸਿਲੇ ਵਿਚ ਜੋ ਕੁਝ ਇਥੇ ਪਿਛਲੇ ਦਿਨਾਂ ਵਿਚ ਹੋਇਆ ਉਹ ਆਪ ਦੇ ਨੋਟਿਸ ਵਿਚ ਹੈ । ਜਿਸ ਤਰ੍ਹਾਂ ਨਾਲ ਇਕ ਆਨਰੇਬਲ ਮਿਨਿਸਟਰ ਦੀ ਕਾਰ ਉਤੇ ਗੋਲੀ ਚਲੀ ਉਹ ਵੀ ਆਪ ਦੇ ਨੋਟਿਸ ਵਿਚ ਹੈ ।

ਵਿੱਤ ਮੰਤਰੀ ਕਿਸ ਮਿਨਿਸਟਰ ਦੀ ਕਾਰ ਤੇ ਗੋਲੀ ਚੱਲੀ ?

ਸਰਦਾਰ ਗਿਆਨ ਸਿੰਘ ਰਾੜੇਵਾਲਾ : ਆਈ ਐਮ ਸੌਰੀ । ਉਹ ਐਕਸ-ਮਨਿਸਟਰ ਹਨ (ਵਿਘਨ)

ਵਿੱਤ ਮੰਤਰੀ : ਅਸੀਂ ਵੀ ਹੈਰਾਨ ਹੋ ਗਏ ਸਾਂ ।

ਸਰਦਾਰ ਗਿਆਨ ਸਿੰਘ ਰਾੜੇਵਾਲਾ : ਮੈਂ ਜ਼ੋਰਦਾਰ ਸ਼ਬਦਾਂ ਵਿਚ ਇਹ ਗੱਲ ਰੀਪੀਟ ਕਰਨਾ ਚਾਹੁੰਦਾ ਹਾਂ ਕਿ ਪਟਿਆਲੇ ਵਿਚ ਜੋ ਡਾਕਟਰ ਅਮਰਜੀਤ ਸਿੰਘ ਦਾ ਵਾਕਿਆ ਹੋਇਆ ਹੈ ਉਸ ਵਿਚ ਗੌਰਮੈਂਟ ਨੇ ਆਪਣੀ ਰੈਸਪਾਂਸੀਬਿਲਿਟੀ ਨੂੰ ਮਹਿਸੂਸ ਨਹੀਂ ਕੀਤਾ ਡਿਸਚਾਰਜ ਕਰਨਾ ਤਾਂ ਇਕ ਪਾਸੇ ਰਿਹਾ । ਕਿਹਾ ਇਹ ਜਾਂਦਾ ਹੈ ਕਿ 13 ਅਪ੍ਰੈਲ ਤੋਂ ਡਾਕਟਰ ਅਮਰਜੀਤ ਸਿੰਘ

---

*Placed in the Library.

[ਸਰਦਾਰ ਗਿਆਨ ਸਿਘ ਰਾੜੇਵਾਲਾ]

ਮਿਸਿੰਗ ਹੈ । ਅੱਜ 16 ਮਈ ਹੋ ਗਈ ਹੈ—ਇਕ ਮਹੀਨੇ ਤੋਂ ਜ਼ਿਆਦਾ, ਪਰ ਉਹ ਅਜੇ ਵੀ ਮਿਸਿੰਗ ਹੈ—ਗੁੰਮ ਹੈ । ਸਪੀਕਰ ਸਾਹਿਬ, ਬਾਵਜੂਦ ਸ਼ਾਰਟ ਨੋਟਿਸ ਕੁਅਸ਼ਚਨ ਦੇਣ ਦੇ ਹਾਲਾਂ ਤਕ ਗੌਰਮੈਂਟ ਦੀ ਤਰਫੋਂ ਕੋਈ ਜਵਾਬ ਨਹੀਂ ਆਇਆ ।

ਚੀਫ ਪਾਰਲੀਮੈਂਟਰੀ ਸੈਕਟਰੀ (ਸਰਦਾਰ ਗੁਰਚਰਨ ਸਿੰਘ) : ਫੈਕਟਰੀ ਖਾ ਗਈ ਉਸ ਵਿਚਾਰੇ ਨੂੰ ।

ਸਰਦਾਰ ਗਿਆਨ ਸਿੰਘ ਰਾੜੇਵਾਲਾ : ਫੈਕਟਰੀ ਖਾ ਗਈ ਜਾਂ ਕੋਈ ਹੋਰ ਖਾ ਗਿਆ ਇਹ ਤਾਂ ਤਦ ਹੀ ਜ਼ਾਹਿਰ ਹੋ ਸਕਦਾ ਹੈ ਕਿ ਜਦ ਤਫਤੀਸ਼ ਮੁਕੰਮਲ ਹੋ ਜਾਵੇ । ਚੀਫ ਮਨਿਸਟਰ ਸਾਹਿਬ ਦੇ ਪਾਸ ਲਾ ਐਂਡ ਆਰਡਰ ਹੈ, ਹੋਮ ਡਿਪਾਰਟਮੈਂਟ ਉਹਨਾਂ ਦੇ ਪਾਸ ਹੈ । ਮੈਂ ਪੁਛਦਾ ਹਾਂ ਕਿ ਕੀ ਇਨ੍ਹਾਂ ਨੇ ਪੁਲਿਸ ਦੇ ਬਰਖਿਲਾਫ ਕੋਈ ਐਕਸ਼ਨ ਲਿਆ ਹੈ ? ਕੀ ਐਕਸ਼ਨ ਲਿਆ ਹੈ, ਇਸ ਬਾਰੇ ਅੱਜ ਤਕ ਇਨ੍ਹਾਂ ਨੇ ਹਾਊਸ ਨੂੰ ਕਾਨਫੀਡੈਂਸ ਵਿਚ ਨਹੀਂ ਲਿਆ ਹਾਲਾਂਕਿ ਇਹ ਬੜਾ ਐਮੀਨੈਂਟ ਡਾਕਟਰ ਮਿਸਿੰਗ ਹੈ ।

ਚੀਫ ਪਾਰਲੀਮੈਂਟਰੀ ਸੈਕਟਰੀ (ਸਰਦਾਰ ਗੁਰਚਰਨ ਸਿੰਘ) : ਸਾਨੂੰ ਕੀ ਪਤਾ ਸੀ ਕਿ ਸਰਦਾਰ ਬਲਦੇਵ ਸਿੰਘ ਇਕ ਮਹੀਨਾ ਕਿਥੇ ਲੁਕਿਆ ਰਿਹਾ ਹੈ ।

ਸਰਦਾਰ ਗਿਆਨ ਸਿੰਘ ਰਾੜੇਵਾਲਾ : ਸਿਰਫ ਇਹ ਗੱਲ ਕਹਿ ਕੇ ਹੀ ਗੌਰਮੈਂਟ ਆਪਣੀ ਜ਼ਿੰਮੇਦਾਰੀ ਤੋਂ ਸੁਬਕਦੋਸ਼ ਨਹੀਂ ਹੋ ਸਕਦੀ ਕਿ ਮਿਸਿੰਗ ਦੀ ਰਿਪੋਰਟ ਹੈ । ਉਸਦੇ ਮਿਸਿੰਗ ਹੋਣ ਤੋਂ ਬਾਅਦ ਗੌਰਮੈਂਟ ਨੇ ਕੀ ਕੀਤਾ ਹੈ, ਪੁਲਿਸ ਨੇ ਕੀ ਕੀਤਾ ਹੈ ? ਆਖਿਰ ਤੁਹਾਡੀ ਸੀ.ਆਈ.ਡੀ. ਕਿਸ ਮਰਜ਼ ਦੀ ਦਵਾ ਹੈ? ਅਗਰ ਉਨ੍ਹਾਂ ਨੇ ਖੁਦਕਸ਼ੀ ਕੀਤੀ ਹੈ ਤਾਂ ਕੀ ਉਨ੍ਹਾਂ ਦੀ ਲਾਸ਼ ਮਿਲੀ ਹੈ, ਉਨ੍ਹਾਂ ਦਾ ਜਿਸਮ ਮਿਲਿਆ ਹੈ ? ਕੋਈ ਚੀਜ਼ ਉਨ੍ਹਾਂ ਦੇ ਰਿਸ਼ਤੇਦਾਰਾਂ ਦੇ ਸਾਹਮਣੇ ਨਹੀਂ ਆ ਰਹੀ । ਮੈਨੂੰ ਉਸ ਕਾਲਜ ਦੇ ਸਟੂਡੈਂਟ ਮਿਲੇ ਹਨ । ਬੜੀਆਂ ਗੱਲਾਂ ਕਰਦੇ ਹਨ । ਉਹ ਇਹ ਸਮਝਦੇ ਹਨ ਕਿ ਗੌਰਮੈਂਟ ਦੀਦਾ ਦਾ ਨਿਸਤਾ ਇਸ ਗੱਲ ਦਾ ਸੁਰਾਗ ਨਿਕਲਾਣ ਤੋਂ ਕੋਤਾਹੀ ਕਰ ਰਹੀ ਹੈ । ਇਸ ਵੇਲੇ ਤਾਈਂ, ਇਕ ਮਹੀਨਾ ਹੋ ਗਿਆ ਹੈ । ਸਾਡੇ ਸਾਹਮਣੇ ਕੋਈ ਨਤੀਜਾ ਨਹੀਂ ਆਇਆ ਕਿ ਉਸ ਦਾ ਹੋਇਆ ਕੀ । ਅਖਬਾਰਾਂ ਵਿਚ ਨਿਕਲਿਆ ਕਿ ਉਹ 7 ਵਜੇਂ ਘਰੋਂ ਨਿਕਲੇ ਫਿਰ ਨਹੀਂ ਦਿਖਾਈ ਦਿਤੇ । ਮਗਰ ਪਟਿਆਲੇ ਵਿਚ ਐਸੇ ਲੋਕ ਹਨ ਜਿਨ੍ਹਾਂ ਨੇ ਉਹ 7 ਵਜੇ ਦੇ ਬਾਅਦ ਦੇਖੇ, ਜਿਨ੍ਹਾਂ ਨੂੰ ਉਹ ਮਿਲੇ 8½ ਵਜੇ ਮਿਲੇ 10½ ਵਜੇ ਮਿਲੇ । ਵਿਦਿਆਰਥੀ ਅਤੇ ਹੋਰ ਉਥੇ ਦੇ ਲੋਕ ਇਹ ਗੱਲਾਂ ਦਸਦੇ ਹਨ ਪਰ ਇਨ੍ਹਾਂ ਵਲੋਂ ਅੱਜ ਤਾਈ ਕੋਈ ਪ੍ਰੈਸ ਸਟੇਟਮੈਂਟ ਨਹੀਂ ਆਈ । ਲੋਕਾਂ ਦੀਆਂ ਸਸਪੀਸ਼ਨਜ਼ ਐਲੇ ਕਰਨ ਵਲ ਸਰਕਾਰ ਨੇ ਕੋਈ ਕਦਮ ਨਹੀਂ ਉਠਾਇਆ । ਇਕ ਇਤਨਾਂ ਵੱਡਾਂ ਆਦਮੀ ਇਸ ਤਰ੍ਹਾਂ ਮਰ ਗਿਆ ਜਾਂ ਗੁੰਮ ਹੋ ਗਿਆ ਉਸ ਵਿਚ ਸਰਕਾਰ ਦੀ ਇਤਨੀ ਅਨਗਹਿਲੀ is calousness on the part of the Government. ਇਹ ਕੀ ਜ਼ਾਹਰ ਕਰਦੀ ਹੈ ? ਮੈਂ ਤਫਸੀਲ ਵਿਚ ਨਹੀਂ ਜਾਣਾ ਚਾਹੁੰਦਾ ਪਰ ਗੌਰਮੈਂਟ ਪਬਲਿਕ ਅਗੇ ਜਵਾਬ ਦਿਹ ਹੈ ਕਿ ਕਿਉਂ ਇਹ ਉਨ੍ਹਾਂ ਦਾ ਸੁਰਾਗ ਨਹੀਂ ਲਗਾ ਸਕੀ । ਅਖ਼ਬਾਰਾਂ ਵਿਚ ਪੜ੍ਹਿਆ ਹੈ ਅਤੇ ਇਹ ਸੁਝਾ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਉਹ ਨਹਿਰ ਵਲ ਜਾਂਦੇ ਹੋਏ ਕਿਸੇਨੂੰ ਮਿਲੇ ਸੀ 7 ਵਜੇ ਪਰ ਹਰ ਮੁਮਕਿਨ ਕੋਸ਼ਿਸ਼ ਕੀਤੀ ਪਰ ਨਾ ਲਾਸ਼ ਅਤੇ ਨਾ ਹੀ ਕਪੜੇ ਮਿਲ ਸਕੇ ਅਗਰ ਕੋਈ ਵਜ੍ਹਾ ਸੀ ਕਿ ਉਨ੍ਹਾਂ ਨੇ ਖੁਦਕਸ਼ੀ ਕੀਤੀ ਤਾਂ ਕੁਝ ਪਤਾ ਥਹੁ ਤਾਂ ਮਿਲੇ, ਕੋਈ ਨਸ਼ਾਨ ਤਾਂ ਮਿਲੇ । ਇਕ ਇਤਨਾ ਵਡਾ ਡਾਕਟਰ, ਜਿਸਦੀ ਆਲ ਇੰਡੀਆ ਹੀ ਨਹੀਂ

ਵਰਲਡ ਫੇਮ ਦੀ ਪੋਜ਼ੀਸ਼ਨ ਸੀ ਉਸ ਨੇ ਅਗਰ ਮਰਨਾ ਹੀ ਸੀ ਤਾਂ ਨਹਿਰ ਵਿਚ ਡੁਬਕੇ ਹੀ ਮਰਨਾ ਸੀ । ਕੀ ਉਹ ਇਸ ਤੋਂ ਚੰਗਾ ਤਰੀਕਾ ਨਹੀਂ ਸੀ ਸੋਚ ਸਕਦਾ ? (ਵਿਘਨ) ਅਗਰ ਖੁਦਕਸ਼ੀ ਹੀ ਕਰਨੀ ਸੀ ਤਾਂ he could take something and sleep. ਇਹ ਗੱਲ ਇਸ ਗੌਰਮੈਂਟ ਤੇ ਰੀਕਾਇਲ ਕਰੇਗੀ । ਇਸਨੂੰ ਜ਼ਰੂਰ ਇਸ ਗੱਲ ਦਾ ਸੁਰਾਗ ਲਾਉਣਾ ਚਾਹੀਦਾ ਹੈ ਕਿ ਕੀ ਗੱਲ ਹੋਈ, ਉਸਦਾ ਕੀ ਹੋਇਆ ਤਾਂਕਿ ਉਸਦੇ ਸਬੰਧੀਆਂ ਅਤੇ ਜਨਰਲ ਪਬਲਕ ਨੂੰ ਵੀ ਪਤਾ ਲੱਗੇ ਕਿ ਉਸ ਤੇ ਕੀ ਬਣੀ । ਇੰਨਾਂ ਕਹਿਕੇ ਮੈਂ ਆਪਣੀ ਸਪੀਚ ਖਤਮ ਕਰਦਾ ਹਾਂ ।

ਗਿਆਨੀ ਬਖਤਾਵਰ ਸਿੰਘ : (ਗੁਰੂ ਹਰ ਸਹਾਇ) ਸਤਿਕਾਰ ਯੋਗ ਸਪੀਕਰ ਸਾਹਿਬ, ਮੈਂ ਆਪਦਾ ਧੰਨਵਾਦ ਕਰਦਾ ਹਾਂ ਕਿ ਆਪਨੇ ਮੈਨੂੰ ਜਨਰਲ ਐਡਮਨਿਸਟਰੇਸ਼ਨ ਤੇ ਬੋਲਣ ਦਾ ਸਮਾਂ ਦਿਤਾ । ਇਸ ਬਾਰੇ ਮੈਂ ਕੁਝ ਸੁਝਾ ਚੀਫ ਮਨਿਸਟਰ ਸਾਹਿਬ ਨੂੰ ਦੇਣਾ ਚਾਹੁੰਦਾ ਹਾਂ ।

(At this stage Mr. Deputy Speaker occupied the Chairs).

ਮੇਰੇ ਖਿਆਲ ਅਨੁਸਾਰ ਪੰਜਾਬ ਵਿਚ ਐਡਮਨਿਸਟਰੇਸ਼ਨ ਦੀ ਹਾਲਤ ਅਬਤਰ ਹੋ ਚੁਕੀ ਹੈ : ਕਿਤੇ ਸਿਫਾਰਿਸ਼ਾਂ ਤੇ ਕਿਤੇ ਲਿਹਾਜ਼ਦਾਰੀਆਂ ਚਲ ਰਹੀਆਂ ਹਨ । ਮੇਰਾ ਸੁਝਾ ਹੈ ਕਿ ਇਥੇ ਜਿੰਨੇ ਐਗਜ਼ੈਕਟਿਵ ਮੈਜਿਸਟਰੇਟ ਹਨ ਉਨ੍ਹਾਂ ਨੂੰ ਡੈਪੂਟੇਸ਼ਨ ਤੇ ਦੂਜੇ ਸੂਬਿਆਂ ਵਿਚ ਭੇਜ ਦਿਉ ਅਤੇ ਉਥੋਂ ਦੇ ਐਗਜ਼ੈਕਟਿਵ ਮੈਜਿਸਟਰੇਟਾਂ ਨੂੰ ਇਥੇ ਲੈ ਆਉ ਤਾਂਕਿ ਇਥੇ ਜੋ ਉਨ੍ਹਾਂ ਨੂੰ ਇਨ੍ਹਾਂ ਨੇ 20 ਸਾਲ ਸਿਫਾਰਸ਼ਾਂ ਅਤੇ ਲਿਹਾਜ਼ਦਾਰੀਆਂ ਨਾਲ ਕੰਮ ਕਰਨ ਦੀ ਆਦਤ ਪਾਈ ਹੈ (ਤਾੜੀਆਂ) ਉਹ ਗੱਲ ਨਾ ਚਲ ਸਕੇ । (ਵਿਘਨ) ਤੂੰ ਅਤੇ ਤੇਰੀ ਸਰਕਾਰ । ਲੈ ਉਸਦੀ ਗੱਲ ਸੁਣ ਲਉ ਇਕ ਐਕਸ ਐਮ.ਐਲ.ਏ. 5 ਸਾਲ ਤਕ ਸੂਬੇ ਦੀ ਸਰਕਾਰ ਅਤੇ ਹਿੰਦ ਸਰਕਾਰ ਪਾਸ ਜ਼ੋਰ ਲਾ ਹਟਿਆ, ਚਿਠੀਆਂ ਪਾਈਆਂ, ਆਪ ਅਰਜ਼ਾਂ ਕੀਤੀਆਂ ਕਿ ਜੋ ਕੁਰਪਟ ਗਜ਼ਟਿਡ ਅਫ਼ਸਰ ਹਨ ਉਨ੍ਹਾਂ ਦੀ ਇਨਕੁਆਇਰੀ ਦਾ ਕਮਿਸ਼ਨ ਬਣਾਇਆ ਜਾਵੇ ਮਗਰ ਕੁਝ ਨਹੀਂ ਹੋਇਆ । ਹਿੰਦ ਸਰਕਾਰ ਦੇ ਹੋਮ ਮਨਿਸਟਰ ਫਾਰੇਨ ਮਨਿਸਟਰ, ਪਰਾਈਮ ਮਨਿਸਟਰ ਅਤੇ ਰਾਸ਼ਟਰਪਤੀ ਨੂੰ ਚਿਠੀਆਂ ਲਿਖੀਆਂ, ਉਨ੍ਹਾਂ ਦੀਆਂ ਐਕਨਾਲਜਮੈਂਟਸ ਮੇਰੇ ਪਾਸ ਹਨ, ਪਰ ਐਕਸ਼ਨ ਕੁਝ ਨਹੀ ਹੋਇਆ । ਮੁਖ ਮੰਤਰੀ ਸਾਹਿਬ ! ਆਪਨੂੰ ਯਾਦ ਹੋਵੇਗਾ ਕਿ ਮੈਂ ਇਸ ਹਾਊਸ ਵਿਚ ਅਤੇ ਬਾਹਰ ਵੀ ਰੀਪਰੈਜ਼ੇਂਟੇਸ਼ਨ ਦਿਤੀਆਂ, ਹੁਣ ਵੀ ਦਿੰਦਾ ਹਾਂ ਕਿ ਹਾਲਤ ਬਹੁਤ ਭੈੜੀ ਹੈ । ਇਕ ਐਗ- ਜ਼ੈਕਟਿਵ ਮੈਜਿਸਟਰੇਟ ਕਿਸੇ ਆਦਮੀ ਤੋਂ ਦਰਖਾਸਤ ਲੈਕੇ ਹੁਕਮ ਦਿੰਦਾ ਹੈ ਕਿ ਦਫਾ 107/15 ਦੇ ਤਹਿਤ ਫਲਾਂ ਆਦਮੀ ਦਾ ਕਲੰਦਰਾ ਬਣਾ ਦਿਉ । ਆਰਡਰ ਇਸ਼ੂ ਹੋ ਜਾਂਦੇ ਹਨ । ਉਸ ਗਰੀਬ ਦਾ ਕਲੰਦਰਾ ਬਣਾ ਦਿਤਾ ਜਾਂਦਾ ਹੈ । ਬਿਨਾ ਜ਼ਮਾਨਤ ਵਰੰਟ ਇਸ਼ੂ ਹੋ ਜਾਂਦੇ ਹਨ, ਗਰਿਫਤਾਰ ਹੋ ਜਾਂਦਾ ਹੈ । (ਵਿਘਨ) ਇਹ ਹਨ ਕਰਤੂਤਾਂ ਤੇਰੀ ਸਰਕਾਰ ਦੀਆਂ । ਹੋਰ ਸੁਣੋ । ਇਹ ਦੇਖੋ ਮੈਂ ਤੁਹਾਡੇ ਚੀਫ ਮਨਿਸਟਰਾਂ ਨੂੰ, ਕਾਮਰੇਡ ਰਾਮ ਕਿਸ਼ਨ ਨੂੰ 11 ਅਪੀਲਾਂ ਜਾਰੀ ਕਰ ਚੁਕਾ ਹਾਂ । ਇਹ ਦੇਖੋ ਸਾਰੀਆਂ । ਇਨ੍ਹਾਂ ਦੇ ਹੈਡਿੰਗ ਕੀ ਹਨ । "ਕਾਮਰੇਡ ਸੇ ਅਪੀਲ" ਜਿਸਨੇ ਵੀ ਇਨ੍ਹਾਂ ਨੂੰ ਦੇਖਿਆ ਹੈ, ਪੜ੍ਹਿਆ ਹੈ ਇਹੀ ਕਹਿੰਦਾ ਹੈ ਕਿ ਇਨ੍ਹਾਂ ਵਿਚ ਜੋ ਕੁਝ ਲਿਖਿਆ ਹੈ ਸਹੀ ਹੈ । ਮਗਰ ਤੁਹਾਡੀ ਸਰਕਾਰ, ਨੇ 5 ਸਾਲ ਤਕ ਲਗਾਤਾਰ ਕੋਸ਼ਿਸ਼ਾਂ ਦੇ ਬਾਵਜੂਦ ਕੋਈ ਜਵਾਬ ਨਹੀਂ ਦਿੱਤਾ । (ਟ੍ਰੈਜ਼ਰੀ ਬੈਂਚਾਂ ਵਲੋਂ ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਮੈਂ ਲਿਖਿਆ ਹੈ 'ਕਾਮਰੇਡ ਰਾਮ ਕਿਸ਼ਨ ਜੀ ਚੀਫ ਮਨਿਸਟਰ ਪੰਜਾਬ ਨਾ ਮੁਝੇ ਜਾਨਤੇ ਹੈਂ ਔਰ ਨਾ ਸਮਝਤੇ ਹੈਂ .....(ਵਿਘਨ)

(Interruption)

[* * * * * *]

*Expunged as ordered by the Chair.

[ਗਿਆਨੀ ਬਖ਼ਤਾਵਰ ਸਿੰਘ]

Mr. Deputy Speaker : Please address the Chair and not the members direct. These remarks are expunged from the proceedings.

ਗਿਆਨੀ ਬਖ਼ਤਾਵਰ ਸਿੰਘ : ਗਲਤੀ ਮੁਆਫ਼ ਜੀ, ਇਹ ਇੰਟਰਪਟ ਕਰਦੇ ਹਨ ਤੇ ਉਸ ਵੇਲੇ ਦੇ ਮੁੱਖ ਮੰਤਰੀ ਨੂੰ ਮੈਂ ਲਿਖਿਆ:

"ਕਾਮਰੇਡ ਰਾਮ ਕਿਸ਼ਨ ਜੀ ਚੀਫ਼ ਮਨਿਸਟਰ ਪੰਜਾਬ ਨਾ ਮੁਝੇ ਜਾਨਤੇ ਹੈਂ ਔਰ ਨਾ ਸਮਝਤੇ ਹੈਂ । ਮੈਨੇ ਏਕ ਸਾਲ ਸੇ ਕੋਸ਼ਿਸ਼ ਭੀ ਕੀ ਹੈ ਕਿ ਮੁਝੇ ਮੁਲਾਕਾਤ ਕਾ ਟਾਇਮ ਮਿਲ ਜਾਏ ਔਰ ਅਮਲਾ ਸਤਹ ਪਰ ਗਜ਼ਟਿਡ ਅਫਸਰਾਨ ਕੀ ਇਨਕੁਆਇਰੀ ਹੋ ਜਾਏ । ਅਗਰ ਟਾਇਮ ਦੀਆ ਹੋਤਾ ਤੋਂ ਇਨਕੋ ਗਲਤ ਫਹਿਮੀ ਨਾ ਹੋਤੀ । ਮੈਨੇ ਤੋ ਕਾਮਚੋਰ ਕੁਰਪਟ ਅਫਸਰੋਂ ਔਰ ਬਦਮਾਸ਼ ਲੋਗੋਂ ਸੇ ਟੱਕਰ ਲੇ ਕਰ ਜ਼ਿੰਦਗੀ ਔਰ ਮੌਤ ਕਾ ਸਵਾਲ ਬਨਾ ਦੀਆ, ਮੈਨੇ ਹਜ਼ਾਰੋਂ ਦਰਖਾਸਤੇਂ ਇਨਕੋ ਦੀਂ । ਇਨਕਾ ਜਵਾਬ ਤੋਂ ਦਰਕਿਨਾਰ ਵੁਹ ਪਤਾ ਨਹੀ ਕਿਸ ਰੱਦੀ ਕੀ ਟੋਕਰੀ ਮੇਂ ਬਾਹਰ ਫੈਂਕ ਦੀ ਗਈਂ । ਆਲਾ ਅਫਸਰਾਨ ਜ਼ਿਲਾ ਫਿਰੋਜ਼ਪੁਰ ਕੋ ਮੌਕਾ ਮਿਲਾ । ਇਹਨੋਂ ਨੇ ਆਪ ਕੋ ਗਲਤ ਫ਼ਹਿਮੀ ਮੇਂ ਡਾਲ ਦੀਆ । ਮੈਂ ਤੋ ਦੇਸ਼ ਔਰ ਕੌਮ ਕਾ ਪਰਵਾਨਾ ਹੂੰ । ਦੇਖ ਲੀਆ ਆਪਕੇ ਅਫਸਰੋਂ ਨੇ ਝੂਠੇ ਮੁਕਦਮੇ ਬਨਾਕਰ, ਦਰਬੰਦੀਆਂ ਕਰਕੇ, ਖਾਨਾ ਤਲਾਸ਼ੀਆਂ ਲੇਕਰ ।"

ਡਿਪਟੀ ਸਪੀਕਰ ਸਾਹਬ, ਪੰਜਾਬ ਦੀ ਜਨਰਲ ਐਡਮਨਿਸਟਰੇਸ਼ਨ ਤਦ ਤਕ ਠੀਕ ਨਹੀਂ ਹੋ ਸਕਦੀ ਜਦ ਤਕ ਕਿ ਪੰਜਾਬ ਵਿਚ ਲਿਹਾਜ਼ਦਾਰੀਆਂ ਅਤੇ ਰਿਸ਼ਤੇਦਾਰੀਆਂ ਦੇਖ ਕੇ ਨੌਕਰੀਆਂ ਦਿਤੀਆਂ ਜਾਣਗੀਆਂ, ਤਰੱਕੀਆਂ ਦਿਤੀਆਂ ਜਾਣਗੀਆਂ। ਮੈਂ ਅਪੀਲ ਤੇ ਅਪੀਲ ਕੀਤੀ ਪਰ ਇਨ੍ਹਾਂ ਤੇ ਕੋਈ ਅਸਰ ਨਾ ਹੋਇਆ । ਮੇਰੀ ਰਹਿਮ ਦੀ ਅਪੀਲ ਨੰ: 6 ਵਿਚ ਲਿਖਿਆ ਹੈ :

'ਮੇਰੀ ਸਰਕਾਰ ਕਾ ਢਾਂਚਾ ਕੁਛ ਇਸ ਕਿਸਮ ਕਾ ਹੈ ਕਿ ਕਾਮ ਕਰਨੇ ਵਾਲੇ ਲੋਗੋਂ ਕੀ ਤੌਕੀਰ ਨਹੀਂ ਹੋਤੀ ਬਲਕਿ ਚਾਪਲੂਸੋਂ ਔਰ ਖੁਸ਼ਾਮਦੀਉਂ ਕੀ ਚਾਂਦੀ ਹੈ। ਹਰ ਜ਼ਗ੍ਹਾ ਜਬਕਿ ਕੋਈ ਜ਼ਿਮੀਦਾਰ, ਅਫਸਰ, ਮਨਿਸਟਰ ਔਰ ਲੀਡਰ ਆਏਂ ਤੋ ਹਾਥੋਂ ਮੇਂ ਹਾਰ ਲੀਏ ਦਨਦਨਾਤੇ ਫਿਰਤੇ ਹੈਂ । ਅਸਲ ਕਾਰਿੰਦੇ, ਦੇਸ਼ ਹਿਤੈਸ਼ੀ ਗਰੀਬ ਲੋਗੋਂ ਕੋ ਆਪਣੀ ਤਕਲੀਫ ਰਖਨੇ ਕਾ ਮੌਕਾ ਹੀ ਨਹੀਂ ਦੇਤੇ । ਮੈਂ ਚਾਹੁੰਦਾ ਹਾਂ ਕਿ ਇਹ ਸਾਰੀਆਂ *ਅਪੀਲਾਂ ਮੇਜ਼ ਤੇ ਚਲੀਆਂ ਜਾਣ ਤਾਂ ਜੋ ਰਿਕਾਰਡ ਹੋ ਜਾਣ ਅਤੇ ਹਾਊਸ ਦਾ ਟਾਈਮ ਬਚੇ ।

ਮੈਂ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਜ਼ਿਲਾ ਪੱਧਰ ਤੇ ਕੋਈ ਏਜੰਸੀ, ਕੋਈ ਅਦਾਰਾ ਬਣਾ ਦਿਉ ਜੋ ਲੋਕਾਂ ਦੇ ਦੁਖ ਦੂਰ ਕਰੇ । ਪਿੰਡ ਵਿਚ ਬੈਠੇ ਗਰੀਬ ਨੂੰ ਬਹੁਤ ਤਕਲੀਫ ਹੈ । ਉਹ ਪੁਲਿਸ ਪਾਸ, ਡੀ.ਸੀ. ਪਾਸ, ਹੋਮ ਮਨਿਸਟਰ ਪਾਸ, ਸੀ.ਐਮ. ਪਾਸ ਅਤੇ ਹੋਰ ਪਤਾ ਨਹੀਂ ਕਿਥੇ ਕਿਥੇ ਦਰਖਾਸਤਾਂ ਭੇਜਦਾ ਥਕ ਜਾਂਦਾ ਹੈ । ਪਰ ਕੋਈ ਸੁਣਵਾਈ ਨਹੀਂ ਹੁੰਦੀ ।

ਇਹ ਮੁੜ ਘਿੜਕੇ ਪੰਚਾਇਤ ਪਾਸ, ਤਸੀਲਦਾਰ ਪਾਸ ਚਲੀ ਜਾਂਦੀ ਹੈ । ਦਰਅਸਲ ਕੋਈ ਸ਼ਿਕਾਇਤ ਜੋ ਤਸੀਲਦਾਰ ਦੇ ਖਿਲਾਫ ਹੋਵੇ ਮੁੜ ਉਸਦੇ ਪਾਸ ਚਲੀ ਜਾਂਦੀ ਹੈ ਤਾਂ ਤੁਸੀਂ

*Placed in the Library

ਅੰਦਾਜ਼ਾ ਲਗਾਉ ਕਿ ਉਸ ਦਰਖਾਸਤ ਦਾ ਕੀ ਹਸ਼ਰ ਹੋ ਸਕਦਾ ਹੈ। ਇਸ ਲਈ ਮੈਂ ਦਸਣਾ ਚਾਹੁੰਦਾ ਹਾਂ ਕਿ ਜ਼ਿਲਾ ਪੱਧਰ ਤੇ ਵਿਜੀਲੈਂਸ ਕਮੇਟੀ ਦਾ ਨਾਮ ਰਖ ਲਉ ਚਾਹੇ ਡੀਪਾਰਟਮੈਂਟ ਰਖ ਲਉ। ਇਥੇ ਇਹ ਜੋ ਪਬਲਿਕ ਦੇ ਨੁਮਾਇੰਦੇ ਬੈਠੇ ਹੋਏ ਹਨ ਅਤੇ ਹਰ ਜ਼ਿਲੇ ਤੋਂ ਆਏ ਹਨ ਅਤੇ ਹੋਰ ਜਿਹੜੀਆਂ ਪ੍ਰਮਾਣਤ ਪਾਰਟੀਆਂ ਹਨ ਉਨ੍ਹਾਂ ਦੇ ਨੁਮਾਇੰਦੇ ਉਨ੍ਹਾਂ ਕਮੇਟੀਆਂ ਵਿਚ ਸ਼ਾਮਲ ਹੋਣੇ ਚਾਹੀਦੇ ਹਨ ਤਾਂ ਕਿ ਜ਼ਿਲਾ ਪੱਧਰ ਤੇ ਹੀ ਹਰ ਸ਼ਿਕਾਇਤ ਦਾ ਫੈਸਲਾ ਹੋ ਸਕੇ। ਉਸ ਜ਼ਿਲੇ ਦੇ ਐਮ.ਐਲ.ਏਜ਼. ਅਤੇ ਐਮ.ਐਲ.ਸੀਜ਼. ਉਸ ਵਿਚ ਸ਼ਾਮਲ ਹੋਣ। ਮੈਂ ਇਸਦੇ ਨਾਲ ਹੀ ਇਹ ਸੁਝਾਵ ਦਿਆਂਗਾ ਕਿ ਬਹੁਤ ਸਾਰੇ ਐਮ.ਐਲ.ਏਜ਼. ਤਾਂ ਵਜ਼ੀਰ ਬਣ ਗਏ ਹਨ (ਹਾਸਾ) ਜਿੰਨੇ ਡਿਪਟੀ ਮਨਿਸਟਰ ਹਨ ਉਨ੍ਹਾਂ ਪਾਸ ਇਨ੍ਹਾਂ ਕਮੇਟੀਆਂ ਦੀਆਂ ਮੀਟਿੰਗਾਂ ਦੀਆਂ ਡੇਟਸ ਹੋਣੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਨੂੰ ਵੱਖ ਵੱਖ ਜ਼ਿਲਾ ਵਿਜੀਲੈਂਸ ਕਮੇਟੀਆਂ ਦਾ ਇਨਚਾਰਜ ਹੋਣਾ ਚਾਹੀਦਾ ਹੈ ਤਾਂ ਕਿ ਲੋਕਾਂ ਦੀਆਂ ਸ਼ਿਕਾਇਤਾਂ ਦੀ ਮੌਕੇ ਤੇ ਪੜਤਾਲ ਕਰ ਲਈ ਜਾਵੇ ਅਤੇ ਫ਼ੈਸਲਾ ਦੇ ਦਿਤਾ ਜਾਵੇ। ਅਵਾਮ ਦੇ ਨੁਮਾਇੰਦੇ ਵੀ ਤੇ ਐਕਸ ਐਮ.ਐਲ.ਏ. ਵੀ ਜੋ ਸਮਝਦਾਰ ਹੋਣ ਉਨ੍ਹਾਂ ਨੂੰ ਮੁਕਰੱਰ ਕੀਤਾ ਜਾ ਸਕਦਾ ਹੈ।

ਮੈਂ ਚਾਹੁੰਦਾ ਹਾਂ ਕਿ ਚੀਫ ਮਨਿਸਟਰ ਸਾਹਿਬ ਪਾਸ ਕੇਸ ਨਾ ਆਵੇ ਸਗੋਂ ਜ਼ਿਲਾ ਪੱਧਰ ਤੇ ਹੀ ਸ਼ਿਕਾਇਤਾਂ ਦਾ ਫ਼ੈਸਲਾ ਕਰ ਦਿਤਾ ਜਾਵੇ। ਮੈਂ ਪੜ੍ਹਕੇ ਹੈਰਾਨ ਹੋਇਆ ਕਿ ਉਨ੍ਹਾਂ ਨੇ ਇਕ ਨਵੀਂ ਚੀਜ਼ ਪੈਦਾ ਕੀਤੀ ਹੈ। 31 ਮਾਰਚ ਨੂੰ ਇਕ ਖਰੜਾ ਵੇਖਿਆ। ਮੈਂ ਅਰਜ਼ ਕਰਦਾ ਹਾਂ ਕਿ ਲਾਇਟ ਹੈ ਨਹੀਂ ਇਸ ਲਈ ਸਾਫ ਪੜ੍ਹਿਆ ਨਹੀਂ ਜਾਂਦਾ। ਇਸ ਵਿਚ ਸਾਫ ਤੌਰ ਤੇ ਲਿਖਿਆ ਹੈ ਕਿ—

"......After the Committee has completed the enquiry it shall send its report to the State Government in the Vigilance Department for such action as the State Government may think fit."

ਪੰਜਾਬ ਗੌਰਮੈਂਟ ਦੇ ਵਿਜਿਲੈਂਸ ਡਿਪਾਰਟਮੈਂਟ ਨੂੰ ਇੰਨੇ ਇਖ਼ਤਿਆਰ ਦਿਤੇ ਗਏ ਹਨ ਇਸ ਬਾਰੇ ਮੈਂ ਇਹ ਕਹਿਣਾਂ ਚਾਹੁੰਦਾ ਹਾਂ ਕਿ ਜੋ ਵੀ ਇਨਕੁਆਇਰੀ ਹੋਵੇ ਉਹ ਰੁਟੀਨ ਵਿਚ ਡੀਪਾਰਟਮੈਂਟ ਪਾਸ ਜਾਂ ਸਰਕਾਰ ਪਾਸ ਨਾ ਆਵੇ ਬਲਿਕ ਚੀਫ ਮਨਿਸਟਰ ਸਾਹਿਬ ਪਾਸ ਆਵੇ ਅਤੇ ਸਿਧੇ ਇਨ੍ਹਾਂ ਪਾਸ ਆ ਜਾਵੇ ਤਾਂ ਕਿ ਇਹ ਆਪ ਵੇਖ ਸਕਣ ਮੁੱਖ ਮੰਤਰੀ ਉਸ ਤੇ ਵਿਚਾਰ ਕਰਨ ਕਿਉਂਕਿ ਇਸ ਤਰ੍ਹਾਂ ਦੀਆਂ ਸ਼ਿਕਾਇਤਾਂ ਵਿਚ ਪਬਲਿਕ ਮੈਨ ਨੇ ਹਲਫੀਆ ਬਿਆਨ ਪੇਸ਼ ਕੀਤਾ ਹੋਵੇਗਾ ਅਤੇ ਇਸ ਤਰ੍ਹਾਂ ਨਾਲ ਉਹੀ ਸ਼ਿਕਾਇਤ ਸਰਕਾਰੀ ਕਰਮਚਾਰੀ ਪਾਸ ਆ ਜਾਵੇ ਜਿਸਦੇ ਖਿਲਾਫ਼ ਸ਼ਕਾਇਤ ਕੀਤੀ ਗਈ ਹੈ ਤਾਂ ਠੀਕ ਨਹੀਂ ਹੋਵੇਗਾ ਇਸ ਤਰ੍ਹਾਂ ਮੈਂ ਤਾਂ ਕਹਾਂਗਾ ਕਿ ਜਿਸ ਸਰਕਾਰੀ ਕਰਮਚਾਰੀ ਦੇ ਖਿਲਾਫ ਸ਼ਿਕਾਇਤ ਆਵੇ ਉਸਨੂੰ ਪੂਰਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ ਤਾਂ ਕਿ ਉਹ ਆਪਣੀ ਸਫਾਈ ਪੇਸ਼ ਕਰ ਸਕਣ। ਜਿਸ ਤਰ੍ਹਾਂ ਕਿ ਪਾਰਲੀਮੈਂਟ ਵਿਚ ਅਤੇ ਬਾਕੀ ਥਾਵਾਂ ਤੇ ਕੀਤਾ ਜਾਂਦਾ ਹੈ ਤਾਂ ਕਿ ਜੇਕਰ ਉਹ ਕੋਰਟ ਵਿਚ ਜਾਣ ਤਾਂ ਇਹ ਡੀਫੈਂਸ ਲਿਆ ਜਾ ਸਕੇ ਕਿ ਇਨ੍ਹਾਂ ਨੂੰ ਪੂਰਾ ਮੌਕਾ ਦਿੱਤਾ ਗਿਆ ਸੀ। ਕੁਰਪਟ ਅਫਸਰਾਂ ਨੂੰ ਬਚਾਣ ਦਾ ਕੋਈ ਯਤਨ ਨਹੀਂ ਕਰਨਾ ਚਾਹੀਦਾ ਅਤੇ ਨਾ ਹੀ ਇਸ ਕਿਸਮ ਦੀ ਪ੍ਰੋਵੀਜ਼ਨ ਹੋਣੀ ਚਾਹੀਦੀ ਹੈ ਜਿਸ ਦੀ ਉਹ ਆੜ ਲੈ ਸਕਣ। ਕਈ ਅਫਸਰਾਂ ਦਾ ਮੈਨੂੰ ਪਤਾ ਹੈ ਕਿ ਰਿਟਾਂ ਕਰ ਦਿੰਦੇ ਹਨ ਕਿ ਸਾਨੂੰ ਸ਼ੋ ਕਾਜ਼ ਨੋਟਿਸ ਨਹੀਂ ਦਿਤਾ ਗਿਆ ਅਤੇ ਬਚ ਜਾਂਦੇ ਹਨ ਇਸ ਲਈ ਇਸ ਸਿਸਟਮ ਨੂੰ ਬਦਲਣ ਦੀ ਲੋੜ ਹੈ। ਮੈਨੂੰ ਪਤਾ ਹੈ ਕਿ ਮੈਂ ਇਕ ਪੀ.ਸੀ.ਐਸ. ਅਫਸਰ ਦੇ ਖਿਲਾਫ਼ ਸ਼ਿਕਾਇਤ ਕੀਤੀ ਸੀ ਸਰਦਾਰ ਹਰਬੰਸ ਸਿੰਘ ਪੀ.ਸੀ.ਐਸ. ਆਫ਼ੀਸਰ, ਜਿਹੜਾ

[ਗਿਆਨੀ ਬਖਤਾਵਰ ਸਿੰਘ]

ਅਫਸਰ ਮਾਲ ਤੋਂ ਹਟਾਕੇ ਨਾਇਬ-ਤਸੀਲਦਾਰ ਡੇਰਾ ਗੋਪੀ ਪੁਰ ਲਗਾ ਦਿਤਾ ਗਿਆ ਸੀ। ਉਸ ਨੇ ਕੋਰਟ ਵਿਚ ਇਹ ਪਲੀ ਲਈ ਸੀ ਕਿ ਮੈਨੂੰ ਸ਼ੋ ਕਾਜ਼ ਨੋਟਿਸ ਨਹੀਂ ਦਿਤਾ ਗਿਆ। ਇਸ ਲਈ ਮੈਂ, ਡਿਪਟੀ ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦਾ ਆਧਾਰ ਬਣਾਕੇ ਕਈ ਗੱਲਾਂ ਕਰ ਦਿਤੀਆਂ ਜਾਂਦੀਆਂ ਹਨ ਅਤੇ ਇਸਦਾ ਨਤੀਜਾ ਇਹ ਹੁੰਦਾ ਹੈ ਕਿ ਸੈਕਰੇਟੈਰੀਏਟ ਦੇ ਬਾਹਰ ਲੋਕੀਂ ਆਕੇ ਫਿਰਦੇ ਹਨ ਅਤੇ ਇਸਨੂੰ ਰੋਕਣ ਲਈ ਕਦਮ ਚੁਕਣੇ ਚਾਹੀਦੇ ਹਨ ਤਾਂ ਕਿ ਲੋਕੀਂ ਇਸ ਤਰ੍ਹਾਂ ਸੈਕਟਰੀ ਪਾਸ ਜਾ ਕੇ ਪਰੇਸ਼ਾਨ ਨਾ ਹੋਣ। ਇਥੇ ਜਦ ਵਕਤ ਹੁੰਦਾ ਹੈ ਮੁਲਾਕਾਤ ਦਾ ਤਾਂ ਅਫਸਰ ਆਪਣੀਆਂ ਸੀਟਾਂ ਛੱਡਕੇ ਦੂਜੇ ਕਮਰਿਆਂ ਵਿਚ ਚਲੇ ਜਾਂਦੇ ਹਨ ਅਤੇ ਘੁਮਣ ਫਿਰਨ ਲਗ ਪੈਂਦੇ ਹਨ ਅਤੇ ਸ਼ਕਾਇਤਾਂ ਵਾਲੇ ਲੋਕੀਂ ਹੈਰਾਨ ਹੁੰਦੇ ਹਨ। ਇਸਦਾ ਇਕੋ ਇਕ ਹੱਲ ਹੈ ਕਿ ਡਿਸਟ੍ਰਿਕਟ ਲੈਵਲ ਤੇ ਇਨਸਾਫ ਦਿੱਤਾ ਜਾਵੇ ਅਤੇ ਲੋਕਾਂ ਦੀਆਂ ਸ਼ਕਾਇਤਾਂ ਦਾ ਹਲ ਕੀਤਾ ਜਾਵੇ। ਸਾਨੂੰ ਲਕੀਰ ਦਾ ਫਕੀਰ ਨਹੀਂ ਹੋਣਾ ਚਾਹੀਦਾ। ਇਸ ਤਰ੍ਹਾਂ ਦੇ ਪੁਰਾਣੇ ਢੰਗ ਵਿਚ ਤਬਦੀਲੀ ਲਿਆਉਣੀ ਚਾਹੀਦੀ ਹੈ। ਲੋਕੀਂ ਪਰੇਸ਼ਾਨ ਹੁੰਦੇ ਹਨ ਉਨ੍ਹਾਂ ਦੀ ਕੋਈ ਨਹੀਂ ਸੁਣਦਾ। ਢਾਈ ਵਜੇ ਅਫਸਰ ਆਪਸ ਵਿਚ ਗੱਪਾਂ ਮਾਰਨ ਲਗ ਪੈਂਦੇ ਹਨ, ਲੋਕੀ ਵਜ਼ੀਰਾਂ ਪਾਸ ਆ ਜਾਂਦੇ ਹਨ ਉਹ ਸੈਕਟਰੀਆਂ ਨੂੰ ਬਲਾਂਦੇ ਹਨ ਅਤੇ ਜੋ ਮਰਜ਼ੀ ਉਹ ਫੈਸਲੇ ਕਰਵਾ ਦਿੰਦੇ ਹਨ। ਚਾਹੀਦਾ ਤਾਂ ਇਹ ਹੈ ਕਿ ਐਪਲੀਕੇਸ਼ਨਾਂ ਐਫੀਡੇਵਟਾਂ ਨਾਲ ਦਾਖਲ ਕੀਤੀਆਂ ਜਾਣ ਅਤੇ ਸਾਰਿਆਂ ਨੂੰ ਪਤਾ ਹੋਵੇ ਕਿ ਇਹ ਦਫਤਰ ਫਲਾਂ ਦਿਨ ਨੂੰ ਖੁਲੇਗਾ, ਜਿਹੜਾ ਕਿ ਜ਼ਿਲਾ ਪੱਧਰ ਤੇ ਬਣਾਇਆ ਜਾਵੇ, ਅਤੇ ਦਰਖਾਸਤਾਂ ਸੁਣੀਆਂ ਜਾਣਗੀਆਂ। ਇਥੇ ਪੰਜ ਜਾਂ ਦਸ ਆਦਮੀਆਂ ਦੀ ਕਮੇਟੀ ਹੋਵੇ ਜਿਸ ਵਿਚ ਸੋਸ਼ਲ ਵਰਕਰ ਵੀ ਹੋਵੇ, ਮਨਿਸਟਰ ਜਾਂ ਡਿਪਟੀ ਮਨਿਸਟਰ ਵੀ ਹੋਵੇ ਅਤੇ ਐਮ.ਐਲ.ਏ. ਵੀ ਸ਼ਾਮਿਲ ਹੋਵੇ। ਅਤੇ ਇਹ ਦੋਸ਼ੀ ਨੂੰ ਪੂਰੀ ਸਜ਼ਾ ਦਿਲਾ ਸਕਣ। ਇਸ ਵਿਚ ਪਤਾ ਲਗ ਸਕੇ ਕਿ ਚੀਫ ਮਨਿਸਟਰ ਕੀ ਹੈ ਸਾਧੂ ਰਾਮ ਕੀ ਹੈ ਅਤੇ ਚੌਧਰੀ ਸੁੰਦਰ ਸਿੰਘ ਕੀ ਹੈ ? ਬਖਤਾਵਰ ਸਿੰਘ ਕੀ ਹੈ। ਮੈਂ ਕਿਸੇ ਦਾ ਨਾਮ ਨਹੀਂ ਲੈਣਾ ਚਾਹੁੰਦਾ। ਅਜਮਾਕੇ ਵੇਖਣਾ ਚਾਹੀਦਾ ਹੈ ਕਿ ਕੰਮ ਕਰਣ ਵਾਲੇ ਕੌਣ ਹਨ ਜੋ ਸਤਨਾਮ ਸਿੰਘ ਕਰੇਗਾ ਤੇ ਜੋ ਕੋਈ ਹੋਰ ਕਰੇਗਾ (ਪ੍ਰਸੰਸਾ)। ਇਨ੍ਹਾਂ ਨੂੰ ਡਿਪਟੀ ਵਜ਼ੀਰੀ ਮਿਲੀ। ਮੈਨੂੰ ਪਤਾ ਲਗਾ ਹੈ ਕਿ ਸਾਰਾ ਇਲਾਕਾ ਦੁਖੀ ਹੋ ਗਿਆ। ਰੋਂਦੇ ਨੇ ਕਿ ਵਜ਼ੀਰ ਬਣਕੇ ਗਲਤੀ ਕੀਤੀ। ਮੈਨੂੰ ਪਰਸੋਂ ਮਿਲੇ ਨੇ। ਉਹ ਵਜ਼ੀਰੀ ਹੀ ਕੀ ਕਿ ਰੋਹਬ ਨਾ ਵੇ। ਜੇਕਰ ਉਹ ਲਿਖਦੇ ਹਨ ਕਿਸੇ ਦੀ ਅਰਜ਼ੀ ਤੇ ਕਿ ਹਫਤੇ ਦੇ ਅੰਦਰ ਜਵਾਬ ਦਿਉ ਜਾਂ ਇਮੀਜੀਏਟ ਜਵਾਬ ਦਿਉ ਪਰ ਜੇਕਰ ਨਹੀਂ ਜਵਾਬ ਆਂਦਾ ਤਾਂ ਕੀ ਹੋਵੇਗਾ। ਇਨ੍ਹਾਂ ਨੂੰ ਕਹਾਂਗਾ ਕਿ ਕੁਝ ਨਹੀਂ ਕਰ ਪਾਉਗੇ। (ਘੰਟੀ)

ਮੈਂ ਇਕ ਗੱਲ ਹੋਰ ਕਹਿਕੇ ਤੁਹਾਡੇ ਪਾਸੋਂ ਖਿਮਾਂ ਮੰਗਾਂਗਾ ਕਿ ਮਹਿਕਮਿਆਂ ਨੇ ਅੰਧੇਰ ਪਾਇਆ ਹੋਇਆ ਹੈ। ਕਨਸਾਲੀਡੇਸ਼ਨ ਕਰਕੇ ਤਾਂ ਇਨ੍ਹਾਂ ਨੇ ਕਿਸਾਨ ਨੂੰ ਬਰਬਾਦ ਹੀ ਕਰ ਦਿਤਾ ਹੈ, ਤਬਾਹ ਕਰ ਦਿਤਾ ਹੈ। ਕਨਸਾਲੀਡੇਸ਼ਨ ਨਾਲ ਇਤਨੇ ਝਗੜੇ ਵਧ ਗਏ ਹਨ ਕਿ ਜਿਸਦੀ ਮਿਸਾਲ ਨਹੀਂ ਮਿਲਦੀ। ਪਹਿਲਾਂ ਇਹ ਕਿਹਾ ਗਿਆ ਹੈ ਕਿ ਸਿਧਵਾਂ ਤੋਂ ਫਿਰੋਜ਼ਪੁਰ ਤਕ ਜਿੰਨਾਂ ਬੇਟ ਦਾ ਇਲਾਕਾ ਹੈ ਪਾਕਿਸਤਾਨ ਦਾ ਰਕਬਾ ਹੈ ਉਹ ਉਨ੍ਹਾਂ ਪਾਸ ਸੀ ਜਿਹੜੇ ਪਾਕਿਸਤਾਨ ਤੋਂ ਉਠਕੇ ਆਏ ਸਨ। ਇਹ 1961-62 ਦੀ ਗੱਲ ਹੈ ਅਤੇ ਇਹ ਕਿਹਾ ਗਿਆ ਕਿ ਇਹ ਨਹੀਂ ਉਠਣਗੇ। ਉਨ੍ਹਾਂ ਵੀ ਇਹ ਕਿਹਾ ਕਿ ਜੇਕਰ ਇਥੇ ਪਾਕਿਸਤਾਨ ਦਾ ਕਬਜ਼ਾ ਹੋਇਆ ਤਾਂ ਉਸਨੂੰ ਹੀ ਮੰਨ ਲਵਾਂਗੇ। ਫਿਰ ਯਕੀਨ ਦਿਲਾਇਆ ਗਿਆ ਕਿ ਤੁਹਾਨੂੰ ਨਹੀਂ ਉਠਾਇਆ ਜਾਵੇਗਾ ਪਰ ਫਿਰ ਪਟਵਾਰੀ ਦੇ ਵਸ ਜਾ ਪਏ। ਜੋ ਉਹ ਲਿਖ ਦੇਵੇ ਉਹੀ ਹੁੰਦਾ ਹੈ।

ਉਪਰਲਿਆਂ ਦੀ ਕੋਈ ਨਹੀਂ ਸੁਣਦਾ 5-4-67 ਨੂੰ ਸਟੇ ਆਰਡਰ ਹੋਏ ਅਤੇ ਸਪੈਰੋ ਸਾਹਿਬ ਨੂੰ ਪੁਛਿਆ ਸੀ ਪਰ ਜਵਾਬ ਨਹੀਂ ਦਿਤਾ। ਪਿੰਡ ਬਰੇਕੇ ਦੇ ਨੰਦ ਸਿੰਘ ਜਗਤ ਸਿੰਘ ਦਾ ਉਲਟਾ 447 ਦਾ ਪੁਲਿਸ ਨੇ ਕੇਸ ਬਣਾ ਦਿਤਾ। ਕਹਿਣ ਤੇ ਵੀ ਪੁਲਿਸ ਨਾ ਮੰਨੀ ਤੇ ਕਿਹਾ ਕਿ ਅਸੀਂ ਤਾਂ ਕਾਰਵਾਈ ਕਰਨੀ ਹੈ ਕਿਉਂਕਿ ਪਟਵਾਰੀ ਨੇ ਲਿਖ ਦਿਤਾ ਹੈ। ਦਫਾ 107/151 ਹੇਠ ਮਕਦਮੇ ਬਣਾ ਦਿਤੇ ਜਾਂਦੇ ਹਨ। ਮੈਂ ਅਰਜ਼ ਕਰਦਾ ਹਾਂ ਕਿ ਗਰੀਬ ਦੀ ਕੋਈ ਸੇਫਟੀ ਨਹੀਂ ਅਤੇ ਕੋਈ ਪ੍ਰੋਟੈਕਸ਼ਨ ਉਸਨੂੰ ਨਹੀਂ ਮਿਲਦੀ ਹਾਈ ਕੋਰਟ ਤਕ ਜਾ ਨਹੀਂ ਸਕਦਾ ਤੇ ਸਰਕਾਰ ਤਕ ਉਸਦੀ ਪਹੁੰਚ ਨਹੀਂ। ਜੇਕਰ ਸ਼ਿਕਾਇਤ ਕਰਦਾ ਹੈ ਤਾਂ ਜਿਸਦੇ ਖਿਲਾਫ ਸ਼ਕਾਇਤ ਕੀਤੀ ਹੋਵੇ ਉਸੇ ਪਾਸ ਚਲੀ ਜਾਂਦੀ ਹੈ ਜਿਸ ਨਾਲ ਉਸਨੂੰ ਹੋਰ ਪਰੇਸ਼ਾਨੀ ਹੁੰਦੀ ਹੈ। ਇਸ ਸਰਕਾਰ ਨੂੰ ਅਜੇ ਥੋੜੇ ਦਿਨ ਹੋਏ ਹਨ ਆਇਆਂ ਪਰ ਤੂਫਾਨੇ ਬਦਤਮੀਜ਼ੀ ਪੰਜਾਬ ਵਿਚ ਬਰਪਾ ਹੈ ਅਤੇ ਇਨਤਹਾ ਹੋ ਗਈ ਹੈ। ਮੈਂ ਕਹਿੰਦਾ ਹਾਂ ਕਿ ਇਸ ਸਰਕਾਰ ਨੂੰ ਇਸ ਤਰ੍ਹਾਂ ਦੀ ਕੁਰਪਸ਼ਨ ਅਤੇ ਇਸ ਤਰ੍ਹਾਂ ਦੇ ਹਾਲਾਤ ਫੌਰੀ ਤੌਰ ਤੇ ਬਦਲ ਦੇਣੇ ਚਾਹੀਦੇ ਹਨ। ਇਹ ਕਹਿੰਦੇ ਹਨ ਕਿ ਇਨ੍ਹਾਂ ਦੇ ਲੀਡਰ ਕੁਰਪਸ਼ਨ ਵਿਰੁਧ ਲੜਦੇ ਰਹੇ ਹਨ। ਠੀਕ ਹੈ। ਤਕੜੀ ਵਾਲਿਆਂ ਨੇ ਕੁਰਪਸ਼ਨ ਨੂੰ ਰੋਕਣਾ ਹੈ। ਨਹੀਂ ਰੋਕੋਗੇ ਤਾਂ ਤੁਹਾਡੇ ਤੋਂ ਲੋਕਾਂ ਦਾ ਏਤਮਾਦ ਉਠ ਜਾਵੇਗਾ ਅਤੇ ਅਸੀਂ ਤੁਸੀਂ ਸਾਰੇ ਪਰੇਸ਼ਾਨ ਹੋਵਾਂਗੇ।

ਮੈਂ ਤੁਹਾਡੀ ਇਸ ਕਿਰਪਾ ਦਾ ਧੰਨਵਾਦ ਕਰਨ ਤੋਂ ਪਹਿਲਾਂ ਕਿ ਤੁਸੀਂ ਮੈਨੂੰ ਸਮਾਂ ਦਿਤਾ ਹੈ, ਇਹ ਬੇਨਤੀ ਕਰਦਾ ਹਾਂ ਕਿ ਮੇਰੀ ਇਕ ਖੁਲ੍ਹੀ ਚਿਠੀ ਸ੍ਰੀ ਧਰਮਵੀਰ ਗਵਰਨਰ ਦੇ ਨਾਮ ਤੇ ਇਕ ਬੇਨਤੀ ਪੱਤਰ* ਹੈ ਇਸਨੂੰ ਮੈਂ ਪੜ੍ਹਨਾ ਚਾਹੁੰਦਾ ਸਾਂ ਪਰ ਕਿਉਂਕਿ ਸਮਾਂ ਨਹੀਂ ਇਸ ਲਈ ਇਸਨੂੰ ਇਸ ਸਪੀਚ ਦੇ ਨਾਲ ਸ਼ਾਮਲ ਕਰਨਾ ਚਾਹੀਦਾ ਹੈ। (ਵਿਘਨ) ਕੇਵਲ ਇਕੋ ਫਿਕਰਾ ਪੜ੍ਹਕੇ ਖਤਮ ਕਰਦਾ ਹਾਂ। ਇਸ ਵਿਚ ਇਹ ਸਫਾ 3 ਤੇ ਲਿਖਿਆ ਹੈ :—

"ਇਹ ਲੜਾਈ, ਸੱਚ ਤੇ ਝੂਠ, ਹਾਕਮ ਤੇ ਮਾਹਕੂਮ, ਜ਼ਾਲਮ ਤੇ ਮਜ਼ਲੂਮ, ਗੁਰਮੁਖ ਤੇ ਮਨਮੁਖ, ਫੁਲ ਤੇ ਕੰਡੇ, ਗਿਆਨੀ ਤੇ ਅਗਿਆਨੀ, ਇਨਸਾਨ ਤੇ ਸ਼ੈਤਾਨ ਦੀ ਹੈ। 27-8-65 ਨੂੰ ਇਕ ਬਦਮਾਸ਼ ਮੰਡਲ ਨਾਲ ਸਾਜ਼ਬਾਜ਼ ਕਰਕੇ ਮੇਰੇ ਪਿੰਡ ਭੇਜਿਆ। ਉਨ੍ਹਾਂ ਮੇਰੇ ਨਾਲ ਬੜੀ ਬਹਿਸ ਕੀਤੀ ਤੇ ਕਿਹਾ ਕਿ ਹੁਣ ਤੈਨੂੰ ਸ: ਗੁਰਨਾਮ ਸਿੰਘ ਤੇ ਕੁਲਦੀਪ ਸਿੰਘ ਕੋਲੋਂ ਮਜ਼ਾ ਚਖਾ ਦਿੰਦੇ ਹਾਂ......"

ਪੰਜਾਬ ਸਰਕਾਰ ਨੂੰ ਫੌਰੀ ਤੌਰ ਤੇ ਕਾਰਵਾਈ ਕਰਨੀ ਚਾਹੀਦੀ ਹੈ। ਇਨ੍ਹਾਂ ਕਹਿਕੇ, ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਥੋਂ ਖਿਮਾਂ ਮੰਗਦਾ ਹਾਂ। ਫਿਰ ਕਿਸੇ ਸਮੇਂ ਹਾਜ਼ਰ ਹੋਵਾਂਗਾ।

ਸਰਦਾਰ ਹਰਭਜਨ ਸਿੰਘ (ਜਵਾਹਰਕੇ ਸਰਦੂਲਗੜ੍ਹ) : ਅਜ ਅਸੀਂ ਜਰਨਲ ਐਡਮਨਿਸ-ਟਰੇਸ਼ਨ ਤੇ ਬੋਲ ਰਹੇ ਹਾਂ ਅਤੇ ਨਾਲ ਹੀ ਜਰਨਲ ਐਡਮਨਿਸਟਰੇਸ਼ਨ ਡਿਸਕਸ ਕਰ ਰਹੇ ਹਾਂ। ਮੈਂ ਸਰਦਾਰ ਗਿਆਨ ਸਿੰਘ ਹੋਰਾਂ ਦੀ ਤਕਰੀਰ ਸੁਣੀ ਹੈ, ਉਨ੍ਹਾਂ ਨੇ ਲਾ ਐਂਡ ਆਰਡਰ ਦਾ ਜ਼ਿਕਰ ਕਰਦੇ ਹੋਇਆਂ ਫਰੰਟ ਵਜ਼ਾਰਤ ਤੇ ਹੀ ਇਲਜ਼ਾਮ ਲਗਾਇਆ ਹੈ ਕਿ ਲਾ ਐਂਡ ਆਰਡਰ ਫਰੰਟ ਵਜ਼ਾਰਤ ਦੀ ਪਾਲੀਸੀ ਕਰਕੇ ਹੀ ਖਰਾਬ ਹੈ। ਮੈਂ ਉਨ੍ਹਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਜਦੋਂ ਪੈਪਸੂ ਵਿਚ ਉਹ ਯੂਨਾਈਟਿਡ ਫਰੰਟ ਵਜ਼ਾਰਤ ਦੇ ਚੀਫ ਮਨਿਸਟਰ ਸਨ ਉਸ ਵੇਲੇ ਕਿਸ

*Placed in the Library.

[ਸਰਦਾਰ ਹਰਭਜਨ ਸਿੰਘ]

ਤਰ੍ਹਾਂ ਲਾ ਐਂਡ ਆਰਡਰ ਹੁੰਦਾ ਸੀ। ਉਦੋਂ ਉਨ੍ਹਾਂ ਨੇ ਇਹ ਅਲਜ਼ਾਮ ਲਗਵਾਇਆ ਸੀ ਕਿ ਇਹ ਸਾਰਾ ਕੁਝ ਕਾਂਗਰਸ ਸਰਕਾਰ ਹੀ ਕਰਵਾ ਰਹੀ ਹੈ। ਅਜ ਉਹ ਖੁਦ ਕਾਂਗਰਸ ਦੇ ਵਿਚ ਸ਼ਾਮਲ ਹਨ ਅਤੇ ਲਾ ਐਂਡ ਆਰਡਰ ਦੀਆਂ ਗਲਾਂ ਕਰ ਰਹੇ ਹਨ। ਮੈਂ ਕਹਿੰਦਾ ਹਾਂ ਅਜ ਫੇਰ ਉਹੀ ਉਨਾਂ ਦੇ ਕਾਂਗਰਸੀ ਭਰਾ ਜਿਹੜੇ ਸ਼ੁਰੂ ਤੋਂ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਵਿਚ ਯਕੀਨ ਕਰਦੇ ਹਨ ਕਰਵਾ ਰਹੇ ਹਨ। ਸਰਦਾਰ ਗਿਆਨ ਸਿੰਘ ਨੂੰ ਉਹ ਪੈਪਸੂ ਵੇਲੇ ਦੀਆਂ ਗੱਲਾਂ ਭੁਲਣੀਆਂ ਨਹੀਂ ਚਾਹੀਦੀਆਂ।

ਹੁਣ ਮੈਂ ਕੁਝ ਗੱਲਾਂ ਐਡਮਨਿਸਟਰੇਸ਼ਨ ਵਿੱਚ ਰੀਫਾਰਮਜ਼ ਬਾਰੇ ਅਰਜ਼ ਕਰਨਾ ਚਾਹੁੰਦਾ ਹਾਂ। ਵੱਡੀ ਗਲ ਤਾਂ ਇਹ ਹੈ ਕਿ ਐਡਮਨਿਸਟਰੇਸ਼ਨ ਵਿਚ ਜਿਹੜੇ ਹਾਈ-ਰੈਂਕਸ ਦੇ ਆਫੀਸਰ ਹਨ, ਉਨ੍ਹਾਂ ਤੇ ਅਸਰ-ਰਸੂਖ ਪਾਕੇ ਪਿਛਲੇ 20 ਸਾਲ ਤੋਂ ਕੰਮ ਲਿਆ ਜਾਂਦਾ ਰਿਹਾ ਹੈ। ਇਸ ਤਰ੍ਹਾਂ ਦਾ ਤਰੀਕਾ ਪਿਛਲੇ 20 ਸਾਲ ਤੋਂ ਵਰਤਿਆ ਜਾ ਰਿਹਾ ਹੈ। ਇਹ ਤਰੀਕਾ ਸਰਕਾਰੀ ਢਾਂਚੇ ਵਿਚ ਘਰ ਕਰ ਗਿਆ ਹੈ ਜਿਹੜਾ ਸਾਨੂੰ ਹੁਣ ਆਹਿਸਤਾ ਆਹਿਸਤਾ ਰੀਮੂਵ ਕਰਨਾ ਪੈਣਾ ਹੈ।

ਜਿਥੋਂ ਤਕ ਕਰਾਈਮਜ਼ ਦਾ ਸਵਾਲ ਹੈ, ਪੁਲਿਸ ਦਾ ਮਹਿਕਮਾ ਅਸਲੀਅਤ ਤੋਂ ਕਿਤੇ ਦੂਰ ਜਾਕੇ ਕਰਾਈਮਜ਼ ਦਾ ਸਟੇਟਮੈਂਟ ਤਿਆਰ ਕਰਦਾ ਹੈ। ਇਨਚਾਰਜ ਦੀ ਕੋਸ਼ਸ਼ ਇਹ ਹੁੰਦੀ ਹੈ ਕਿ ਆਪਣੀ ਵਧ ਤੋਂ ਵਧ ਕਾਰਗੁਜ਼ਾਰੀ ਦਿਖਾਵੇ। ਇਹ ਪਿਛਲੇ ਸਾਲ ਦਾ ਸਟੇਟਮੈਂਟ ਵੇਖਦਾ ਹੈ। ਅਤੇ S.P. D.S.P. ਤੋਂ ਰਿਪੋਰਟ ਮੰਗਦਾ ਹੈ ਕਿ ਇਸ ਦਫਾ ਕਰਾਈਮਜ਼ ਦਾ ਕੋਟਾ ਘਟ ਕਿਉਂ ਆਇਆ ਹੈ। ਡੀ. ਐਸ. ਪੀ., ਐਸ. ਆਈ. ਤੋਂ ਰਿਪੋਰਟ ਮੰਗਦਾ ਹੈ, ਉਹ ਵਿਚਾਰੇ ਆਪਣਾ ਛੁਟਕਾਰਾ ਕਰਾਉਣ ਲਈ ਗ਼ਲਤ ਐਂਟਰੀਜ਼ ਥਾਣਿਆਂ ਵਿੱਚ ਕਰਵਾਉਂਦੇ ਹਨ ਅਤੇ ਫ਼ਰਜ਼ੀ ਆਂਕੜੇ ਦੇ ਛਡਦੇ ਹਨ। ਅਤੇ ਕਿਤੇ ਕਰਾਈਮਜ਼ ਦੇ ਆਂਕੜਿਆਂ ਵਿੱਚ ਵਾਧਾ ਕਰਨ ਲਈ ਨਾਜ਼ਾਇਜ਼ ਗੱਲਾਂ ਵੀ ਕਰਦੇ ਹਨ। ਇਸ ਤਰ੍ਹਾਂ ਦਾ ਜਿਹੜਾ ਗਲਤ ਤਰੀਕਾ ਇਖ਼ਤਿਆਰ ਕੀਤਾ ਹੋਇਆ ਹੈ, ਇਸ ਤੇ ਚੈਕ ਆਈ. ਜੀ. ਜਾਂ ਡੀ. ਆਈ. ਜੀ. ਨੂੰ ਰਖਣੀ ਚਾਹੀਦੀ ਹੈ ਅਤੇ ਸਹੀ ਪੁਜ਼ੀਸ਼ਨ ਦੱਸਣ ਵਾਲਿਆਂ ਨੂੰ ਐਨਕਰੇਜ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਗ਼ਰੀਬ ਲੋਕਾਂ ਤੇ ਜਿਹੜੇ ਮੁਕਦਮੇ ਬਣਾਏ ਜਾਂਦੇ ਹਨ ਉਹ ਵੀ ਬੰਦ ਹੋਣਗੇ ਅਤੇ ਸਹੀ ਹਾਲਾਤ ਦਾ ਵੀ ਪਤਾ ਲਗਦਾ ਰਹੇਗਾ। ਇਸ ਤਰ੍ਹਾਂ ਪਰਾਸੀਕਿਊਸ਼ਨ ਬਰਾਂਚ ਵਿਚ ਵੀ ਪੁਲਿਸ ਵਾਲਿਆਂ ਦਾ ਅਤੇ ਬਰਾਂਚ ਵਾਲਿਆਂ ਦਾ ਝਗੜਾ ਹੀ ਰਹਿੰਦਾ ਹੈ। ਅਸੀਂ ਹੁਣ ਤੱਕ ਇਹ ਪਰਾਸੀਕਿਊਸ਼ਨ ਬਰਾਂਚ ਨੂੰ ਅਡ ਕਰਨ ਵਾਸਤੇ ਰੌਲਾ ਪਾਉਂਦੇ ਆ ਰਹੇ ਹਾਂ ਪਰ ਹੁਣ ਤੱਕ ਇਹ ਅੱਡ ਨਹੀਂ ਕੀਤੇ ਗਏ। ਪੀ. ਐਸ. ਐਸ. ਨਾਲ ਮਿਲਕੇ ਐਸ. ਪੀ ਅਤੇ ਡੀ. ਐਸ. ਪੀ. ਝੂਠੇ ਮੁਕਦਮੇ ਬਣਾਉਂਦੇ ਹਨ. ਜੇਕਰ ਪਰਾਸੀਕਿਊਸ਼ਨ ਏਜੰਸੀ ਅੱਡ ਹੋਵੇ ਤਾਂ ਇਹ ਜਿਹੜੇ ਝੂਠੇ ਕੇਸਿਜ਼ ਬਣਦੇ ਹਨ, ਇਹ ਬੰਦ ਹੋ ਸਕਦੇ ਹਨ। ਇਸ ਲਈ, ਡਿਪਟੀ ਸਪੀਕਰ ਸਾਹਿਬ, ਮੈਂ ਆਪਦੇ ਰਾਹੀਂ ਸਰਕਾਰ ਨੂੰ ਬੇਨਤੀ ਕਰਾਂਗਾ ਕਿ ਜੇਕਰ ਲੋਕਾਂ ਨੂੰ ਇਨਸਾਫ਼ ਦੇਣਾ ਹੈ, ਜਸਟਿਸ ਦੇਣਾ ਹੈ ਤਾਂ ਪ੍ਰਾਸੀਕਿਊਸ਼ਨ ਬਰਾਂਚ ਦਾ ਜ਼ਰੂਰੀ ਹੈ ਕਿ ਅੱਡ ਕੀਤਾ ਜਾਵੇ। ਦੂਸਰੇ ਪਾਸੇ ਮੈਂ ਇਹ ਵੀ ਅਰਜ਼ ਕਰਾਂਗਾ ਕਿ ਜਿਸ ਤਰ੍ਹਾਂ ਪੁਲਿਸ ਵਾਲੇ ਕੋਰਟਸ ਦੇ ਵਿਚ ਚਾਲਾਨ ਲੈ ਆਉਂਦੇ ਹਨ ਅਫੀਮ ਦੇ ਜਾਂ ਨਾਜਾਇਜ਼ ਸ਼ਰਾਬ ਕਢਣ ਦੇ ਬਹੁਤੇ ਇਹੋ ਹੁੰਦੇ ਹਨ ਕਿ ਉਸ ਦੇ ਘਰ ਅਫੀਮ ਜਾਂ ਨਾਜਾਇਜ਼ ਸ਼ਰਾਬ ਦੀ ਬੋਤਲ ਪਹਿਲਾਂ ਪਹੁੰਚਾਈ ਜਾਂਦੀ ਹੈ ਅਤੇ ਫੇਰ ਫੜ ਲਈ ਜਾਂਦੀ ਹੈ। ਇਸਤਰ੍ਹਾਂ ਦੇ ਚਾਲਾਨ ਦੇ ਰੀਮਾਂਡ ਪੁਲਿਸ ਲੈਂਦੀ ਰਹਿੰਦੀ ਹੈ ਅਤੇ ਉਦੋਂ ਤਕ ਉਨ੍ਹਾਂ ਨੂੰ ਕੁਟਦੇ ਹਨ, ਤੰਗ ਕਰਦੇ ਹਨ ਅਤੇ ਮਜਬੂਰ ਕਰਦੇ ਰਹਿੰਦੇ ਹਨ ਜਦੋਂ ਤੱਕ ਕਿ ਉਹ ਜੁਰਮ ਦਾ ਇਕਬਾਲ ਨਾ ਕਰ ਲਵੇ।

ਬਹੁਤੇ ਪੁਲਿਸ ਦੇ ਡਰ ਦੇ ਮਾਰੇ ਥਾਨੇ ਵਿਚ ਤਾਂ ਇਕਬਾਲ ਕਰ ਲੈਂਦੇ ਹਨ ਪਰ ਕੋਰਟ ਵਿਚ ਆ ਕੇ ਮੁੱਕਰ ਜਾਂਦੇ ਹਨ । ਇਹ ਫੇਰ ਪੁਲਿਸ ਦੇ ਹਥ ਵਿਚ ਜਾਣੇ ਨਹੀਂ ਚਾਹੀਦੇ । ਲੋਕਾਂ ਨੂੰ ਇਨਸਾਫ਼ ਦੇਣ ਲਈ ਅਤੇ ਝੂਠੇ ਕੇਸਿਜ਼ ਤੋਂ ਬਚਾਣ ਲਈ ਸਰਕਾਰ ਨੂੰ ਇਹ ਸਿਸਟਮ ਬੰਦ ਕਰਨਾ ਚਾਹੀਦਾ ਹੈ । ਦੂਸਰੀ ਚੀਜ਼ ਮੈਂ ਜ਼ਮੀਨਾਂ ਦੇ ਇੰਤਕਾਲ ਦਰਜ ਕਰਵਾਉਣ ਦੇ ਮੁਤਾਲਿਕ ਅਰਜ਼ ਕਰਨੀ ਚਾਹੁੰਦਾ ਹਾਂ । ਇੰਤਕਾਲ ਇਕ ਰਜਿਸਟਰਡ ਡਾਕੂਮੈਂਟ ਹੈ, ਪਰ ਇਹ ਉਸ ਵੇਲੇ ਤੱਕ ਪਟਵਾਰੀ ਦਰਜ਼ ਨਹੀਂ ਕਰਦਾ ਜਦੋਂ ਤੱਕ ਕਿ ਉਸ ਨੂੰ ਪੈਸੇ ਨਾ ਦਿਤੇ ਜਾਣ । ਜੇਕਰ 100-200 ਰੁਪਿਆ ਪਟਵਾਰੀ ਦੀ ਥੈਲੀ ਦੇ ਵਿਚ ਪਾਇਆ ਜਾਵੇ ਫੇਰ ਜਾਕੇ ਕਿਤੇ ਇੰਤਕਾਲ ਦਰਜ਼ ਹੁੰਦਾ ਹੈ ਨਹੀਂ ਤਾਂ ਭਾਵੇਂ ਲਖ ਯਤਨ ਕਰੋ ਤਹਿਸੀਲਦਾਰ ਦੇ ਪਾਸ ਕਾਗਜ਼ ਵੀ ਪੂਰੀ ਤਰ੍ਹਾਂ ਨਹੀਂ ਪਹੁੰਚਦੇ । ਇਸ ਸਿਸਟਮ ਨੂੰ ਠੀਕ ਕਰਨਾ ਚਾਹੀਦਾ ਹੈ ਤਾਂ ਜੋ ਕੁਰਪਸ਼ਨ ਹਟ ਸਕੇ । ਇਸੇ ਤਰ੍ਹਾਂ ਉਥੇ ਵੀ ਕਰਪਸ਼ਨ ਹੁੰਦੀ ਹੈ ਜਿਥੇ ਆਫੀਸਰ ਆਪਣੇ ਕਲਰਕਾਂ ਨੂੰ ਆਰਡਰ ਲਿਖਣ ਦੇ ਇਖਤਿਆਰ ਦੇ ਦਿੰਦੇ ਹਨ । ਕਲਰਕ ਕਈ ਜਗ੍ਹਾਂ ਤਾਂ ਆਪਣੇ ਹਥ ਨਾਲ ਪਹਿਲਾਂ ਹੀ ਫੈਸਲਾ ਲਿਖ ਕੇ ਦਸਤਖਤਾਂ ਲਈ ਲੈ ਜਾਂਦੇ ਹਨ । ਐਸੇ ਹਾਲਾਤ ਵਿਚ ਬੇਹਦ ਕੁਰਪਸ਼ਨ ਹੁੰਦੀ ਹੈ । ਇਸੇ ਤਰ੍ਹਾਂ ਜਿਨ੍ਹਾਂ ਲੋਕਾਂ ਦੀ ਅਪਰੋਚ ਹੁੰਦੀ ਹੈ ਉਨ੍ਹਾਂ ਦੇ ਕੰਮ ਬੈਠੇ ਬਠਾਏ ਹੁੰਦੇ ਰਹਿੰਦੇ ਹਨ ਪਰ ਦੂਸਰੇ ਭੱਜ ਨੱਠ ਕਰਨ ਤੇ ਵੀ ਆਪਣੇ ਕੰਮ ਨਹੀਂ ਕਰਵਾ ਸਕਦੇ । ਉਨ੍ਹਾਂ ਲੋਕਾਂ ਦੇ ਚੰਡੀਗੜ੍ਹ ਦੇ ਦਫਤਰਾਂ ਵਿਚ ਆਦਮੀ ਬੈਠੇ ਹਨ ਜਿਹੜੇ ਆਕੇ ਕੰਮ ਕਰਵਾਉਂਦੇ ਹਨ, ਟਰਾਂਸਫਰਾਂ ਕਰਾਉਂਦੇ ਹਨ ਅਤੇ ਹੋਰ ਕਈ ਕਿਸਮ ਦੇ ਕੰਮ ਹਨ ਜਿਹੜੇ ਅਪਰੋਚ ਰਾਹੀਂ ਹੁੰਦੇ ਹਨ । ਮੈਂ ਸਰਕਾਰ ਨੂੰ ਇਸ ਪਾਸੇ ਵੀ ਤਵੱਜਾ ਦੇਣ ਲਈ ਬੇਨਤੀ ਕਰਾਂਗਾ ।

ਇਸੇ ਤਰ੍ਹਾਂ ਹੀ ਮੈਂ ਸਰਕਾਰ ਦੇ ਪਾਸ ਪੀ. ਏ. ਪੀ. ਦੇ ਮੁਤਾਲਿਕ ਵੀ ਬੇਨਤੀ ਕਰਾਂਗਾ । ਪੀ. ਏ. ਪੀ. ਦੇ ਆਫੀਸਰ ਨਵੇਂ ਏਥੋਂ ਹੀ ਰੱਖੇ ਜਾਂਦੇ ਹਨ ਅਤੇ ਏਥੇ ਹੀ ਲਾ ਦਿੱਤੇ ਜਾਂਦੇ ਹਨ । ਨਵੀਆਂ ਨਵੀਆਂ ਪਰੋਮੋਸ਼ਨਾਂ ਹੁੰਦੀਆਂ ਹਨ ਪਰ ਪੁਰਾਣੇ ਬੈਠੇ ਹੀ ਰਹਿ ਜਾਂਦੇ ਹਨ । ਜ਼ਿਨ੍ਹਾਂ ਦੀ ਅਪਰੋਚ ਹੁੰਦੀ ਹੈ ਉਹ ਚੰਗੇ ਹੈਡ ਕੁਆਟਰਜ਼ ਲੈ ਜਾਂਦੇ ਹਨ ਪਰ ਦੂਸਰਿਆਂ ਨੂੰ ਕੋਈ ਪੁਛਦਾ ਹੀ ਨਹੀਂ ਇਹ ਇਕ ਬਹੁਤ ਹੀ ਗਲਤ ਤਰੀਕਾ ਅਪਨਾਇਆ ਹੋਇਆ ਹੈ । ਸਰਕਾਰ ਨੂੰ ਇਸ ਪਾਸੇ ਖਾਸ ਧਿਆਨ ਦੇਣਾ ਚਾਹੀਦਾ ਹੈ । ਆਪਣੇ ਹਾਈ ਰੈਂਕਸ ਤੇ ਪੂਰੀ ਨਿਗਰਾਨੀ ਕਰਨੀ ਚਾਹੀਦੀ ਹੈ ਕਿ ਉਹ ਇਸ ਤਰਾਂ ਦੀਆਂ ਕੋਈ ਗੱਲਾਂ ਨਾ ਕਰ ਸਕਣ । ਇਕ ਗੱਲ ਮੈਂ ਅਰਜ਼ ਕਰਾਂ ਕਿ 107/151 ਦੇ ਵਿਚ ਇਸ ਤਰ੍ਹਾਂ ਦੀਆਂ ਦਰਖਾਸਤਾਂ ਆਮ ਆਉਂਦੀਆਂ ਹਨ ਕਿ ਮੈਨੂੰ ਆਪਣੇ ਜਾਨੋ ਮਾਲ ਦਾ ਫਲਾਣੇ ਤੋਂ ਖਤਰਾ ਹੈ । ਪਰ ਉਨ੍ਹਾਂ ਨੂੰ ਪਕੜ ਲਿਆ ਜਾਂਦਾ ਹੈ । ਉਨ੍ਹਾਂ

10.00 A.M.

ਨਾਲ ਉਨ੍ਹਾਂ ਦੇ ਘਰ ਵਾਲਿਆਂ ਨੂੰ ਅਤੇ ਦੂਸਰੇ ਪਿੰਡ ਵਾਲਿਆਂ ਨੂੰ ਵੀ ਪਕੜ ਕੇ ਥਾਣੇ ਲੈ ਜਾਂਦੇ ਹਨ । ਉਥੇ ਦੋ, ਦੋ, ਤਿੰਨ, ਤਿੰਨ ਦਿਨ ਬਿਠਾਈ ਰਖਦੇ ਹਨ, ਕਾਰਵਾਈ ਕੁਝ ਨਹੀਂ ਕੀਤੀ ਜਾਂਦੀ । ਇਹ 107 ਅਤੇ 151 ਦਾ ਸਿਸਟਮ ਬੰਦ ਹੋਣਾ ਚਾਹੀਦਾ ਹੈ, ਤਾਂ ਕਿ ਲੋਕਾਂ ਨੂੰ ਤਕਲੀਫ ਨਾ ਹੋਵੇ । ਸੋ ਆਦਮੀ ਬੁਲਾ ਕੇ ਥਾਣੇ ਲੈ ਜਾਣ ਅਤੇ ਦੋ ਦਿਨ ਬਿਠਾਈ ਰਖਣ, ਬਾਅਦ ਵਿਚ ਚਲਾਨ ਕਰਦੇ ਹਨ । ਉਨ੍ਹਾਂ ਲੋਕਾਂ ਦਾ ਪਿਛੇ ਘਰ ਵਿਚ ਕਿੰਨਾ ਨੁਕਸਾਨ ਹੁੰਦਾ ਹੈ । ਫਸਲਾਂ ਬਰਬਾਦ ਹੋ ਜਾਂਦੀਆਂ ਹਨ । ਇਹ ਇਕ ਗਲਤ ਸਿਸਟਮ ਹੈ ਜਿਹੜਾ ਕਿ ਬੰਦ ਹੋਣਾ ਚਾਹੀਦਾ ਹੈ । ਡਿਲੇ ਨੂੰ ਦੂਰ ਕਰਨ ਲਈ ਤਰੀਕਾ ਲਭਣਾ ਚਾਹੀਦਾ ਹੈ । ਇਕ ਕਮਿਸ਼ਨ ਮੁਕੱਰਰ ਕੀਤਾ ਜਾਵੇ ਜਿਹੜਾ ਇਸ ਦੀ ਪੜਤਾਲ ਕਰੇ । ਪਤਾ ਲਗਣਾ ਚਾਹੀਦਾ ਹੈ ਕਿ ਕਿਸੇ ਅਫਸਰ ਨੇ ਕਿਸੇ ਕੇਸ ਨੂੰ ਕਿੰਨੀ ਦੇਰ ਡਿਲੇ ਕੀਤਾ ਹੈ । ਤਾਂ ਕਿ ਲੋਕਾਂ ਨੂੰ ਸਪੀਡੀ ਜਸਟਿਸ ਮਿਲ ਸਕੇ ।

[ਸਰਦਾਰ ਹਰਭਜਨ ਸਿੰਘ]

ਸਰਦਾਰ ਗਿਆਨ ਸਿੰਘ ਹੋਰਾਂ ਕਿਹਾ ਹੈ ਕਿ ਸੈਂਟਰ ਸਾਡੇ ਨਾਲ ਕੋਈ ਇਨਜਸਟਿਸ ਨਹੀਂ ਕਰ ਰਹੇ । ਇਥੇ ਹਾਊਸ ਵਿਚ ਕਈ ਤਕਰੀਰਾਂ ਹੋਈਆਂ ਹਨ ਜਿਨ੍ਹਾਂ ਵਿਚ ਦੱਸਿਆ ਗਿਆ ਹੈ ਕਿ ਪਹਿਲੇ ਸੈਂਟਰ ਨੇ 22 ਕਰੋੜ ਰੁਪਿਆ ਮਨਜ਼ੂਰ ਕੀਤਾ ਫਿਰ ਉਸ ਨੂੰ 14 ਕਰੋੜ ਕਰ ਦਿਤਾ । ਕੀ ਇਹ ਪੰਜਾਬ ਸਰਕਾਰ ਨਾਲ ਇਨਜਸਟਿਸ ਨਹੀਂ ਹੈ? ਇਹ ਇਨਜਸਟਿਸ ਆਪ ਦੇ ਸਾਹਮਣੇ ਆਏਗੀ । ਇਸ ਲਈ ਮੈਂ ਬੇਨਤੀ ਕਰਾਂਗਾ ਕਿ ਸੈਂਟਰਲ ਸਰਕਾਰ ਜਿਹੜੀ ਕਿ ਕਾਂਗਰਸ ਪਾਰਟੀ ਦੀ ਸਰਕਾਰ ਹੈ ਉਹਦੇ ਕੋਲ ਅਤੇ ਕਾਂਗਰਸੀ ਲੀਡਰਾਂ ਕੋਲ ਮੇਰੇ ਦੋਸਤ ਅਪੀਲ ਕਰਨ ਕਿ ਪੰਜ਼ਾਬ ਦੇ ਨਾਲ ਕੋਈ ਇਨਜਸਟਿਸ ਨਾ ਕਰੋ । ਜਿੰਨਾਂ ਰੁਪਿਆ ਪਹਿਲੇ ਸਕੀਮਾਂ ਵਾਸਤੇ ਰਖਿਆ ਗਿਆ ਸੀ ਉਨ੍ਹਾਂ ਹੀ ਰਹਿਣ ਦਿਉ । ਇਸ ਤੋਂ ਅਗੇ ਸਰਦਾਰ ਗਿਆਨ ਸਿੰਘ ਹੋਰਾਂ ਨੇ ਜ਼ੋਰ ਦਿੱਤਾ ਹੈ ਕਿ ਯੂਨਾਇਟਿਡ ਫਰੰਟ ਨੇ ਮਨਿਸਟਰੀ ਕਿੰਨੀ ਵਧਾ ਲਈ ਹੈ । ਤਿੰਨ ਚਾਰ ਦਫ਼ਾ ਐਕਸਪੈਨਸ਼ਨ ਕੀਤੀ ਹੈ। ਮੈਂ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਸਰਦਾਰ ਪਰਤਾਪ ਸਿੰਘ ਕੈਰੋਂ ਦੀ ਮਨਿਸਟਰੀ ਵਿਚ 34 ਵਜ਼ੀਰ ਸਨ।ਉਸ ਦੇ ਬਾਅਦ ਜਦੋਂ ਉਸ ਨੇ ਮਨਿਸਟਰੀ ਘਟਾਈ ਤਾਂ ਵੀ 22 ਵਜ਼ੀਰ ਰਹਿ ਗਏ । ਇਹ ਜੋ ਮਨਿਸਟਰੀ ਹੈ ਇਹ ਠੀਕ ਹੈ। ਫਿਰ ਕਹਿੰਦੇ ਨੇ ਕਿ ਮਨਿਸਟਰੀ ਨੇ ਕੁਝ ਨਹੀਂ ਕੀਤਾ । ਇਹ ਚੀਜ਼ ਤਾਂ ਪੰਜਾਬ ਦੇ ਲੋਕ ਜਾਣਦੇ ਹਨ ਕਿ ਇਸ ਮਨਿਸਟਰੀ ਨੇ ਕੀ ਕੀਤਾ ਹੈ । ਸਰਦਾਰ ਗਿਆਨ ਸਿੰਘ ਹੋਰਾਂ ਨੇ ਜਿਤਨੀਆਂ ਗੱਲਾਂ ਕੀਤੀਆਂ ਹਨ ਸਭ ਫਜ਼ੂਲ ਕੀਤੀਆਂ ਹਨ । ਉਨ੍ਹਾਂ ਵਿਚੋਂ ਸਾਡੇ ਕਈ ਹੋਰ ਭਰਾ ਇਧਰ ਆਉਣਾ ਚਾਹੁੰਦੇ ਹਨ । ਔਰ ਕਹਿੰਦੇ ਹਨ ਕਿ ਮਨਿਸਟਰੀ ਦੇ ਦਿਉ । ਅਸੀਂ ਕਹਿੰਦੇ ਹਾਂ ਕਿ ਮਨਿਸਟਰੀ ਦਾ ਕੋਟਾ ਪੂਰਾ ਹੋ ਗਿਆ ਹੈ । ਅਸੀਂ ਮਜਬੂਰ ਹਾਂ ਲੇਕਿਨ ਜਿਹੜੇ ਭਰਾ ਆਉਣ ਅਸੀਂ ਉਨ੍ਹਾਂ ਨੂੰ ਵੈਲਕਮ ਕਰਾਂਗੇ । ਡਿਪਟੀ ਸਪੀਕਰ ਸਾਹਿਬ, ਇਨ੍ਹਾਂ ਸ਼ਬਦਾਂ ਨਾਲ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਲਈ ਸਮਾਂ ਦਿਤਾ ਹੈ ।

(*At this stage Sardar Surjit Singh, a Member of the Panel of Chairmen, occupied the Chair*)

ਲੈਫਟੀਨੈਂਟ ਭਾਗ ਸਿੰਘ (ਅਮਲੋਹ; ਐਸ. ਸੀ.) ਮਾਨਯੋਗ ਚੇਅਰਮੈਨ ਸਾਹਿਬ, ਲਾ ਐਂਡ ਆਰਡਰ ਜਨਰਲ ਐਡਮਨਿਸਟ੍ਰੇਸ਼ਨ ਤੇ ਬਹਿਸ ਹੋ ਰਹੀ ਹੈ । ਇਸ ਤੋਂ ਪਹਿਲੇ ਕਿ ਮੈਂ ਕੁਝ ਹੋਰ ਕਹਾਂ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਪੰਜਾਬ ਗੌਰਮਿੰਟ ਦੇ ਚੀਫ਼ ਮਨਿਸਟਰ ਸਰਦਾਰ ਗੁਰਨਾਮ ਸਿੰਘ ਹਨ । ਮੈਂ ਉਨ੍ਹਾਂ ਨੂੰ ਬਹੁਤ ਦੇਰ ਤੋਂ ਜਾਣਦਾ ਹਾਂ । ਲਾਇਲਪੁਰ ਤੋਂ ਜਾਣਦਾ ਹਾਂ । ਪੈਪਸੂ ਹਾਈਕੋਰਟ ਦੇ ਜੱਜ ਰਹੇ ਹਨ ਤੇ ਪੰਜਾਬ ਹਾਈਕੋਰਟ ਦੇ ਜੱਜ ਵੀ ਰਹੇ ਹਨ । ਇਨਟੈਗਰਿਟੀ ਵਾਲੇ ਆਦਮੀ ਹਨ, ਜਿਹੜੀਆਂ ਰੂਲਿੰਗਜ਼ ਉਨ੍ਹਾਂ ਨੇ ਹਾਈਕੋਰਟ ਵਿਚ ਦਿਤੀਆਂ ਹਨ ਉਨ੍ਹਾਂ ਨੂੰ ਹੇਠਲੀਆਂ ਅਦਾਲਤਾਂ ਵਾਲੇ ਕੋਟ ਕਰਦੇ ਹਨ । ਜਿਥੋਂ ਤਕ ਉਸ ਪਾਸੇ ਦਾ ਤਅਲੁਕ ਹੈ ਉਹ ਉਨ੍ਹਾਂ ਲਈ ਬਿਲਕੁਲ ਠੀਕ ਸੀ । ਉਹਦੇ ਉਤੇ ਕੁਮੈਂਟ ਨਹੀਂ ਹੋ ਸਕਦਾ । ਮੈਂ ਉਸ ਬਾਰੇ ਕੋਈ ਕੁਮੈਂਟ ਨਹੀਂ ਕਰ ਸਕਦਾ । ਹੁਣ ਉਨ੍ਹਾਂ ਨੇ ਚੀਫ ਮਨਿਸਟਰ ਦੀ ਕੁਰਸੀ ਸੰਭਾਲੀ ਹੈ । ਉਨ੍ਹਾਂ ਨੂੰ ਇਸ ਸੂਬੇ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ । ਮੈਂ ਸਮਝਦਾ ਹਾਂ ਕਿ ਜਿਸ ਤਰ੍ਹਾਂ ਉਨ੍ਹਾਂ ਦੀਆਂ ਰੁਲਿੰਗਜ਼ ਦੂਸਰੀਆਂ ਅਦਾਲਤਾਂ ਵਿਚ ਕੋਟ ਹੁੰਦੀਆਂ ਹਨ ਉਸੇ ਤਰ੍ਹਾਂ ਇਥੇ ਵੀ ਉਨ੍ਹਾਂ ਨੇ ਜਿਹੜੇ ਡੀਸੀਜ਼ਨਜ਼ ਲੈਣੇ ਹਨ, ਜਿਹੜੇ ਕੰਮ ਉਹ ਦਲੇਰੀ ਨਾਲ ਕਰਨਗੇ, ਉਹ ਵੀ ਕਈਆਂ ਜਗ੍ਹਾ ਤੇ ਦੂਸਰਿਆਂ ਸੂਬਿਆਂ ਵਿਚ ਕੋਟ ਹੋਣਗੇ । ਲੇਕਿਨ ਉਹ ਹੋਰ ਤਰੀਕੇ ਨਾਲ ਕੋਟ ਹੋਣਗੇ । ਮੈਂ ਦਾਹਵੇ ਨਾਲ ਕਹਿੰਦਾ ਹਾਂ ਕਿ ਜਦੋਂ ਉਨ੍ਹਾਂ ਦੀ

ਪੁਲੀਟੀਕਲ ਡਾਇਰੀ ਕੋਟ ਕੀਤੀ ਜਾਵੇਗੀ ਤਾਂ he will be quoted as a man who is guilty of political abduction, who is guilty of political perjury. ਬੜੇ ਦੁਖ ਦੀ ਗਲ ਹੈ ਕਿ ਉਹ ਇੰਨੇ ਸੋਹਣੇ ਚੰਗੇ ਬੰਦੇ ਤੇ ਉਨ੍ਹਾਂ ਨੂੰ ਇਸ ਤਰ੍ਹਾਂ ਦੇ ਰਿਮਾਰਕਸ ਮਿਲਣ । ਮੈਨੂੰ ਅਫਸੋਸ ਹੋਵੇਗਾ । ਮੇਰੇ ਪੁਰਾਣੇ ਮਿਹਰਬਾਨ ਹਨ, ਪੁਰਾਣੇ ਦੋਸਤ ਹਨ, ਪੁਰਾਣੇ ਵਾਕਫ਼ ਹਨ । (ਸਰਦਾਰ ਦਰਬਾਰਾ ਸਿੰਘ, ਡਿਪਟੀ ਮਨਿਸਟਰ ਵਲੋਂ ਵਿਘਨ) ਮੈਂ ਸਰਦਾਰ ਦਰਬਾਰਾ ਸਿੰਘ ਬਾਬਤ ਤੇ ਸਿਰਫ਼ ਇਕ ਹੀ ਗੱਲ ਕਰਾਂਗਾ ਉਹ ਇਹ ਕਿ "ਘੋੜੀ ਚੜ੍ਹਦਾ ਤੇ ਲਗਦਾ ਥਾਣੇਦਾਰ ਨੀ ਮਾਏ" (ਹਾਸਾ) ਚੇਅਰਮੈਨ ਸਾਹਿਬ, ਹਾਊਸ ਵਿਚ ਬਹੁਤ ਗਲਾਂ ਹੋਈਆਂ ਹਨ ਕਿ ਇਹ ਪਾਰਟੀ ਅੱਛੀ ਨਹੀਂ ਤੇ ਉਹ ਪਾਰਟੀ ਅੱਛੀ ਹੈ । ਮੈਂ ਥੋੜੇ ਜਿਹੇ ਆਂਕੜੇ ਦੇ ਕੇ ਸਿਧ ਕਰਾਂਗਾ ਕਿ ਕਿਹੜੀ ਗੱਲ ਸੱਚੀ ਹੈ । ਮੰਨ ਲਉ ਕਿ ਕਾਂਗਰਸ ਦੀ ਬਰੂਟ ਮਜਾਰਿਟੀ ਨਹੀਂ ਹੈ, ਬੇਅਰ ਮਜਾਰਿਟੀ ਨਹੀਂ ਹੈ, ਆਂਕੜੇ ਇਹ ਕਹਿੰਦੇ ਹਨ ਕਿ ਕਾਂਗਰਸ ਨੂੰ 1967 ਦੇ ਅਲੈਕਸ਼ਨਾਂ ਵਿਚ 37.71 ਪ੍ਰਤੀਸ਼ਤ ਆਦਮੀਆਂ ਨੇ ਵੋਟ ਪਾਏ । ਅਕਾਲੀਆਂ ਨੂੰ 20.49 ਪ੍ਰਤੀਸ਼ਤ ਵੋਟ ਪਾਏ ਹਨ । ਮਾਸਟਰ ਤਾਰਾ ਸਿੰਘ ਗਰੁਪ ਨੂੰ 4.66% ਆਦਮੀਆਂ ਨੇ ਵੋਟ ਪਾਏ ਤੇ ਡਾਕਟਰ ਬਲਦੇਵ ਪ੍ਰਕਾਸ਼ ਦਾ ਜਿਹੜਾ ਗਰੁਪ ਹੈ ਉਨ੍ਹਾਂ ਨੂੰ 9.36% ਆਦਮੀਆਂ ਨੇ ਵੋਟ ਪਾਏ । ਤੇ ਜਿਹੜੇ ਕਮਿਊਨਿਸਟ ਭਰਾ ਨੇ ਉਰਲੇ ਪਾਸੇ ਬੈਠੇ ਹੋਏ ਉਨ੍ਹਾਂ ਨੂੰ 3.27% ਵੋਟ ਪਏ । ਪਰਲੇ ਪਾਸੇ ਵਾਲੇ ਕਮਿਉਨਿਸਟਾਂ ਨੂੰ 4.85% ਆਦਮੀਆਂ ਦੇ ਵੋਟ ਮਿਲੇ । ਰੀਪਬਲਿਕਨ ਪਾਰਟੀ 2.16% ਵੋਟ ਲੈ ਗਈ । ਸੁਤੰਤਰ ਪਾਰਟੀ ਜਿਸ ਨੂੰ ਇਥੇ ਆਉਣ ਦਾ ਸ਼ੁਭਾਗ ਨਹੀਂ ਮਿਲਿਆ, ਉਸ ਨੂੰ 0.61% ਵੋਟ ਮਿਲੇ ਤੇ ਚੌਧਰੀ ਸਾਹਿਬ ਜੋ ਲਾਲ ਪੱਗ ਵਾਲੇ ਇਥੇ ਬੈਠੇ ਹਨ ਉਨ੍ਹਾਂ ਦੀ ਪਾਰਟੀ ਨੂੰ 1.61% ਵੋਟ ਮਿਲੇ ਹਨ । ਐਸ. ਐਸ. ਪੀ. ਨੂੰ 1.72% ਵੋਟ ਮਿਲੇ ਹਨ । ਸਪੈਰੋ ਸਾਹਿਬ ਦਾ ਜਿਹੜਾ ਅਮਲਾ ਫੈਲਾ ਹੈ ਇਨ੍ਹਾਂ ਨੂੰ 15.86% ਵੋਟ ਪਾਏ ਗਏ । ਜੇਕਰ ਹਿਸਾਬ ਨਾਲ ਗਿਣੋ ਤਾਂ ਕਹਿ ਸਕਦੇ ਹੋ ਕਿ ਕਾਂਗਰਸ ਪਾਰਟੀ ਨੂੰ ਬੇਅਰ ਮਜਾਰਿਟੀ ਨਹੀਂ ਮਿਲੀ, ਬਰੂਟ ਮਜਾਰਿਟੀ ਨਹੀਂ ਮਿਲੀ ਲੇਕਿਨ ਇਹ ਨਹੀਂ ਕਹਿ ਸਕਦੇ ਕਿ ਇਸ ਨੂੰ ਵੋਟ ਘਟ ਮਿਲੇ ਹਨ । ਹੁਣ ਮੈਂ ਇਹ ਅਰਜ਼ ਕਰਾਂ ਕਿ ਕੈਂਡੀਡੇਟਸ ਕਿਸ ਰੇਸ਼ੋ ਨਾਲ ਰੀਟਰਨ ਹੋਏ । ਕਾਂਗਰਸ ਵਾਲੇ 100 ਵਿਚੋਂ 46.15, ਜਨਸੰਘੀ 8.65, ਅਕਾਲੀ 23.08, ਮਾਸਟਰ ਗਰੁਪ ਦੇ 1.22 ਉਰਲੇ ਪਾਸੇ ਵਾਲੇ ਕਮਿਉਨਿਸਟਾਂ ਦੇ 4.61 ਤੇ ਪਾਰਲੇ ਪਾਸੇ ਵਾਲੇ ਗੁਰਮੁਖ, ਜਿਹੜੇ ਬਦੇਸ਼ੀ ਹਨ, 2.89 ਅਤੇ ਰੀਪਬਲਿਕਨ ਪਾਰਟੀ ਦੇ 2.49 ਕੈਂਡੀਡੇਟ ਰੀਟਰਨ ਹੋਏ। ਤੁਸੀਂ ਇਹ ਕਿਸ ਤਰ੍ਹਾਂ ਕਹਿ ਸਕਦੇ ਹੋ ਕਿ ਕਾਂਗਰਸ ਨੂੰ ਵੋਟ ਘਟ ਪਏ ਹਨ । ਮੈਂ ਸਰਦਾਰ ਗੁਰਨਾਮ ਸਿੰਘ ਜੀ ਨੂੰ ਕਹਿੰਦਾ ਹਾਂ ਕਿ ਕੋਈ ਇਧਰੋਂ ਫੜਨ ਨਾਲ ਤੇ ਕੋਈ ਉਧਰੋਂ ਫੜਨ ਨਾਲ ਕੰਮ ਨਹੀਂ ਚਲਣਾ । ਉਨ੍ਹਾਂ ਦਾ ਕਸੂਰ ਨਹੀਂ ਕਿ ਉਨ੍ਹਾਂ ਨੂੰ ਛੇ ਲੈਣੇ ਪਏ, ਉਨ੍ਹਾਂ ਵਿਚੋਂ ਤਿੰਨ ਇਧਰੋਂ ਲੈ ਗਏ ਤੇ ਇਕ ਨਾਲ ਬਸਤਾ ਚੁਕਣ ਵਾਲਾ ਵੀ ਲੈ ਗਏ ।

There has been no brainwashing.

We still call them Congressmen.

ਕਾਂਗਰਸੀ ਮੈਂਬਰਾਂ ਵਿਚੋਂ ਵਜ਼ੀਰ ਛੇ ਹਨ ਔਰ ਇਕ ਬਸਤਾ ਚੁੱਕਣ ਵਾਲਾ । ਅਕਾਲੀ ਪਾਰਟੀ ਦੇ ਦੋ ਹਨ ਔਰ ਇਕ ਸਰਦਾਰ ਗੁਰਚਰਨ ਸਿੰਘ ਅੱਧਾ । ਜਨਸੰਘ ਵਾਲਿਆਂ ਵਿਚੋਂ ਹੁਣ ਦੋ ਹੋ ਗਏ ਹਨ, ਉਨ੍ਹਾਂ ਦਾ ਕੋਟਾ ਵੀ ਪੂਰਾ ਹੋ ਗਿਆ । ਜਿਹੜੇ ਕਮਿਊਨਿਸਟ ਪਰਲੇ ਪੱਖ ਦੇ ਗੁਰਮੁਖ ਹਨ ਉਨ੍ਹਾਂ ਦਾ ਕੋਈ ਨਹੀਂ ਉਹ ਸੁਪਰ ਚੀਫ ਮਨਿਸਟਰੀ ਨਾਲ ਹੀ ਗੁਜ਼ਾਰਾ ਕਰ ਰਹੇ ਹਨ । ਰੀਪਬਲੀਕਨ ਹੈ ਇਕ ਔਰ ਉਧਰੋਂ ਜਨਰਲ ਸਪੈਰੋ ਸਾਹਿਬ, ਚੰਗੇ ਬੜੇ ਪੁਰਾਣੇ

[ਲੈਫਟੀਨੈਂਟ ਭਾਗ ਸਿੰਘ]

ਖਡਾਰੀ ਸਨ ਜੰਗਾਂ ਵਿਚ ਮੋਰਚੇ ਮਾਰਕੇ ਆਏ ਹਨ ਉਨ੍ਹਾਂ ਦੇ ਚਾਰ ਸਾਥੀ ਆਏ ਹਨ । ਸੋ, ਚਵੀਆਂ ਵਿਚੋਂ ਦੋ ਅਕਾਲੀ ਔਰ ਸਰਦਾਰ ਗੁਰਚਰਨ ਸਿੰਘ ਐਵੇਂ ਲੜ ਲੁੜ ਕੇ ਆ ਗਏ । ਮੈਂ ਪੁਛਦਾ ਹਾਂ ਕਿ ਇਸ ਵਿਚ ਰਿਪ੍ਰੈਜ਼ੈਂਟੇਸ਼ਨ ਕਿਵੇਂ ਕਿਸ ਹਿਸਾਬ ਨਾਲ ਦਿਤੀ ਗਈ ਹੈ ? ਇਥੇ ਕਾਂਗਰਸ ਦੇ ਬਗੈਰ ਇਨ੍ਹਾਂ ਦਾ ਗੁਜ਼ਾਰਾ ਨਹੀਂ ਹੋਇਆ ਇਸ ਲਈ ਛੇ ਲੈਣੇ ਪਏ ਔਰ ਹੁਣ ਝਗੜਾ ਪਿਆ ਫਿਰਦਾ ਹੈ ਪੋਰਟਫੋਲੀਉਜ਼ ਦਾ ਕਿ ਸਤਾਰਾਂ ਨੂੰ ਦੇਵੀਏ ਕਿਵੇਂ, ਐਨੇ ਮਹਿਕਮੇ ਤਾਂ ਹਨ ਨਹੀਂ । (ਵਿਘਨ) ਆਪੋਜ਼ੀਸ਼ਨ ਭਾਵੇਂ ਸਮਝੇ ਜਾਂ ਨਾ ਪਰ ਲੋਕ ਇਸ ਨੂੰ ਕੋਲੀਸ਼ਨ ਹੀ ਸਮਝਦੇ ਹਨ । ਹੁਣ ਡਾਕਟਰ ਬਲਦੇਵ ਪ੍ਰਕਾਸ਼ ਬੜੀ ਗੰਭੀਰਤਾ ਨਾਲ ਸੋਚ ਰਹੇ ਹਨ ਕਿ ਇਹ ਕਿਧਰੇ ਕਾਂਗਰਸ ਅਕਾਲੀ ਕੋਲੀਸ਼ਨ ਤਾਂ ਨਹੀਂ ਹੋ ਗਈ । (ਵਿਘਨ) ਉਹ ਜਿਹੜੇ ਮੌਲੇ ਸੀ ਮੌਲੇ ਉਨ੍ਹਾਂ ਨੂੰ ਨਹੀਂ ਛੱਡ ਸਕੇ । (ਵਿਘਨ) ਚੇਅਰਮੈਨ ਸਾਹਿਬ, ਇਕ ਮਰਾਸਨ ਹੁੰਦੀ ਹੈ । ਬਾਕੀ ਦੀਆਂ ਤਾਂ ਪਿਟਦੀਆਂ ਹਨ ਔਰ ਮਰਾਸਨ ਉਲ੍ਹਾਣੀਆਂ ਦੇਣ ਵਾਸਤੇ ਹੁੰਦੀ ਹੈ । ਸੋ ਮੈਂ ਜੋ ਕਹਿਣਾ ਚਾਹੁੰਦਾ ਹਾਂ ਉਹ ਇਹ ਹੈ ਕਿ ਜਿਹੜਾ ਘੋੜਾ ਹੁੰਦਾ ਹੈ ਉਸ ਨੂੰ ਪਤਾ ਹੁੰਦਾ ਹੈ ਕਿ ਉਸ ਦਾ ਸਵਾਰ ਕਿਤਨਾ ਤਕੜਾ ਹੈ ।

ਸ੍ਰੀ ਸਭਾਪਤੀ : ਤੁਸੀਂ ਕਿਹੜੀ ਡਿਮਾਂਡ ਤੇ ਬੋਲ ਰਹੇ ਹੋ ? (On which demand is hon. Member speaking?)

ਲੈਫਟੀਨੈਂਟ ਭਾਗ ਸਿੰਘ : ਮੈਂ ਜਨਰਲ ਐਡਮਿਨਿਸਟਰੇਸ਼ਨ ਤੇ ਬੋਲ ਰਿਹਾਂ ਹਾਂ । ਪੁਲਿਸ ਦੇ ਪਾਸ ਘੋੜੇ ਹੁੰਦੇ ਹਨ ਥਾਨੇਦਾਰਾਂ ਕੋਲ ਘੋੜੇ ਹੁੰਦੇ ਹਨ । ਘੋੜੇ ਨੂੰ ਪਤਾ ਹੁੰਦਾ ਹੈ ਕਿ ਉਸ ਦਾ ਸਵਾਰ ਕਿਤਨਾ ਤਕੜਾ, ਕਿਤਨਾ ਤੇਜ਼ ਜਾਂ ਕਿਤਨਾ ਡਰਾਕਲ ਹੈ । ਜਿਹੜੀ ਐਡਮਿਨਿਸਟਰੇਸ਼ਨ ਹੈ ਉਹ ਇਕ ਘੋੜੇ ਦੇ ਸਮਾਨ ਹੈ । ਵਜ਼ਾਰਤ ਇਕ ਸਵਾਰ ਦੇ ਬਰਾਬਰ ਹੈ । ਅਡਮਿਨਿਸਟਰੇਸ਼ਨ ਨੂੰ ਪਤਾ ਹੁੰਦਾ ਹੈ ਕਿ ਉਸ ਦਾ ਸਵਾਰ ਕਿਤਨਾ ਤਕੜਾ ਹੈ ਅਰ ਉਸੇ ਹਿਸਾਬ ਨਾਲ ਉਹ ਐਡਮਿਨਿਸਟਰੇਸ਼ਨ ਚਲਦੀ ਹੈ, ਕੰਮ ਕਰਦੀ ਹੈ । ਇਸ ਵਜ਼ਾਰਤ ਦੀ ਹਾਲਾਤ ਕੀ ਹੈ ? 12 ਦਿਨ ਮਿਨਿਸਟਰਾਂ ਨੂੰ ਔਥ ਲਿਆਂ ਹੋ ਗਏ ਪਰ ਉਨ੍ਹਾਂ ਦੇ ਪੋਰਟਫੋਲੀਉਜ਼ ਦਾ ਫੈਸਲਾ ਨਹੀਂ ਹੋ ਸਕਿਆ । ਜਦ ਮਨਿਸਟਰਾਂ ਨੂੰ ਪਤਾ ਹੀ ਨਹੀਂ ਕੇ ਉਨ੍ਹਾਂ ਨੂੰ ਕੰਮ ਕੀ ਦਿਤਾ ਗਿਆ ਹੈ ਉਨ੍ਹਾਂ ਨੇ ਕਲਮਦਾਨ ਹੀ ਨਹੀਂ ਪਕੜਿਆ ਤਾਂ ਸਰਵਿਸਿਜ਼ ਉਨ੍ਹਾਂ ਨੂੰ ਕੀ ਪੁਛਣ ਅਤੇ ਕੀ ਪਰਵਾਹ ਉਨ੍ਹਾਂ ਦੀ ਕਰਨ ? ਮਾਲਿਕ ਨੂੰ ਆਪਣਾ ਹੀ ਕੁਝ ਨਹੀਂ ਪਤਾ ਸਰਵਿਸਿਜ਼ ਕੀ ਕਰਨ ? ਘੋੜੇ ਨੂੰ ਆਪਣੇ ਕਾਬੂ ਕਰਨ ਵਾਸਤੇ ਸਵਾਰ ਬੜਾ ਤਕੜਾ ਹੋਣਾ ਚਾਹੀਦਾ ਹੈ । ਸਵਾਰ ਇਸ ਵਕਤ ਕੌਣ ਹੈ ? ਫਾਰਚੂਨੇਟਲੀ ਜਾਂ ਅਨਫਾਰ-ਚੂਨੇਟਲੀ ਸਵਾਰ ਉਹ ਆਪੋਜ਼ੀਸ਼ਨ ਪਾਰਟੀਆਂ ਬਣ ਗਈਆਂ ਹਨ ਜੋ ਕਲ ਵਖ ਵਖ ਰਾਗ ਅਲਾਪਦੀਆਂ ਰਹੀਆਂ ਹਨ । ਇਨ੍ਹਾਂ ਵਿਚੋਂ ਇਕ ਬਹੁਤ ਵਡੇ ਲੀਡਰ ਡਾਕਟਰ ਰਾਮ ਮਨੋਹਰ ਲੋਹੀਆ ਨੇ 8 ਤਾਰੀਖ ਨੂੰ ਹੀ ਡਾਕਟਰ ਸੂਬਾ ਰਾਓ ਨੂੰ ਹਰਾ ਕੇ ਡਾਕਟਰ ਜ਼ਾਕਰ ਹੁਸੈਨ ਨੂੰ ਚੁਨਣ ਦਾ ਐਲਾਨ ਕਰ ਦਿਤਾ । 9 ਤਾਰੀਖ ਨੂੰ ਤਾਂ ਸਰਕਾਰੀ ਤੌਰ ਤੇ ਐਲਾਨ ਹੋਣਾ ਸੀ ਪਰ ਉਨ੍ਹਾਂ ਨੇ ਇਕ ਦਿਨ ਪਹਿਲੇ ਹੀ ਐਲਾਨ ਕਰ ਦਿਤਾ ਔਰ ਉਨ੍ਹਾਂ ਨੇ ਜਿਹੜੇ ਲਫਜ਼ ਵਰਤੇ ਉਹ ਵੀ ਮੈਂ ਆਪ ਦੇ ਸਾਹਮਣੇ ਪੜ੍ਹ ਕੇ ਸੁਣਾਉਂਦਾ ਹਾਂ । ਉਨ੍ਹਾਂ ਕਿਹਾ ਕਿ— "The Opposition often behaves filthily." ਕਿਉਂ ਕਿ ਇਨ੍ਹਾਂ ਦੇ ਸਾਰੇ ਕੰਮ ਫਿਲਥੀਲੀ ਹੁੰਦੇ ਹਨ ਇਸ ਲਈ ਉਨ੍ਹਾਂ ਨੇ ਪਹਿਲਾਂ ਹੀ ਡਾਕਟਰ ਸੂਬਾ ਰਾਓ ਨੂੰ ਤੋਰ ਦਿਤਾ । (ਵਿਘਨ) ਇਸ ਦਾ ਤਰਜਮਾ ਮੈਂ ਨਹੀਂ ਕਰਨਾ ਚਾਹੁੰਦਾ । ਇਹ ਇਨ੍ਹਾਂ ਗੁਰਮੁਖਾਂ ਦਾ ਹੀ ਕੰਮ ਹੈ ਔਰ

ਇਨ੍ਹਾਂ ਉਪਰ ਹੀ ਇਹ ਗੱਲ ਲਾਗੂ ਹੁੰਦੀ ਹੈ । ਫਿਲਥੀਲੀ ਨਹੀਂ ਤਾਂ ਹੋਰ ਕੀ ਹੈ ਜਦ 45 ਮੈਂਬਰ ਕਾਂਗਰਸ ਦੇ ਹੋਣ ਔਰ 55 ਵੋਟਾਂ ਡਾਕਟਰ ਜ਼ਾਕਰ ਹੁਸੈਨ ਸਾਹਿਬ ਨੂੰ ਮਿਲਣ ? ਇਸ ਚੀਜ਼ ਨੇ ਉਨ੍ਹਾਂ ਦੀ ਇਸ ਗੱਲ ਨੂੰ ਸਾਬਤ ਕਰ ਦਿੱਤਾ ਹੈ ।

ਚੇਅਰਮੈਨ ਸਾਹਿਬ, ਵਜ਼ੀਰ ਵੀ ਬਣ ਗਏ । ਸ਼੍ਰੀ ਧਨੂਵਾਲੀਆ ਵੀ ਵਜ਼ੀਰ ਬਣ ਗਿਆ । ਇਸ ਹਾਊਸ ਵਿਚ 23 ਹਰੀਜਨ ਹਨ ਔਰ ਉਧਰ 12 ਜਾਂ 13 ਹਨ ਔਰ ਇਨ੍ਹਾਂ ਨੂੰ ਰੀਪਰੀਜੈਂਟੇਸ਼ਨ ਵੀ ਮਿਲੀ ਸਵਾ-ਮੈਂਡੇ ਵੀ ਨਹੀਂ ਕਹਿੰਦਾ । (ਵਿਘਨ) ਮੈਂ ਕਹਾਂਗਾ ਕਿ ਸਰਦਾਰ ਗੁਰਨਾਮ ਸਿੰਘ ਵੀ ਕਮਿਊਨਲ ਹਨ । ਉਨ੍ਹਾਂ ਨੇ ਹਰੀਜਨਾਂ ਦੀ ਤਾਦਾਦ ਦੇ ਮੁਤਾਬਿਕ ਉਨ੍ਹਾਂ ਨੂੰ ਨੁਮਾਇੰਦਗੀ ਨਹੀਂ ਦਿਤੀ । ਇਸ ਤਰ੍ਹਾਂ ਕੰਮ ਨਹੀਂ ਹੋ ਸਕਣਾ । ਹਰੀਜਨਾਂ ਨੂੰ ਪੂਰੀ ਨੁਮਾਇੰਦਗੀ ਦੇਣੀ ਪਵੇਗੀ । ਜਿਹੜਾ ਵਜ਼ੀਰ ਬਣਾਇਆ ਵੀ ਉਹ ਕੌਣ ਬਣਾਇਆ ? ਬਿਲਕੁਲ ਸਾਫ । ਕੀ ਕੋਈ ਸਿਖ ਗੁਰਮੁਖ ਬਣਾਇਆ ਹੈ ? ਕੀ ਵਾਲਾਂ ਵਾਲਾ ਕੋਈ ਸਿਖ ਨਹੀਂ ਲਭਿਆ ? ਮੈਂ ਉਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਪੰਜਵਾਂ ਹਿੱਸਾ ਆਬਾਦੀ ਹਰੀਜਨਾਂ ਦੀ ਹੈ ।

ਵਿੱਤ ਮੰਤਰੀ ਕੀ ਇਹ ਸੈਕੂਲਰਿਜ਼ਮ ਦਾ ਪ੍ਰਚਾਰ ਹੈ ?

ਲੈਫਟੀਨੈਂਟ ਭਾਗ ਸਿੰਘ: ਜਦ ਸੈਕੂਲਰਿਜ਼ਮ ਵਿਚ ਹਰੀਜਨਾਂ ਲਈ ਰੀਜ਼ਰਵੇਸ਼ਨ ਰਖੀ ਹੋਈ ਹੈ ਤਾਂ ਇਹ ਕਤਨੀ ਇਨਕਨਸਿਸਟੈਂਸੀ ਹੈ ਕਿ ਉਨ੍ਹਾਂ ਨੂੰ ਪੂਰੀ ਰਿਪਰੀਜੈਂਟੇਸ਼ਨ ਨਾ ਦਿਤੀ ਜਾਵੇ । ਸਰਵਿਸਜ਼ ਨੂੰ ਅਸੀਂ ਕਹਿਣਾ ਚਾਹੁੰਦੇ ਹਾਂ ਕਿ ਤਕੜੇ ਹੋਵੇ ਔਰ ਪੌਲਿਊਟ ਨਾ ਹੋਵੇ । ਪਰ ਮੈਂ ਇਸ ਹਾਊਸ ਵਿਚ ਸਾਫ ਤੌਰ ਤੇ ਕਹਿੰਦਾ ਹਾਂ ਕਿ ਇਸ ਮਨਿਸਟਰੀ ਦੀ ਪਾਲਸੀ ਵਿਚ ਇਨਕਨਸਿਸਟੈਂਸੀ ਹੈ । ਅਜੇ ਪਿਛਲੇ ਦਿਨ ਹੀ ਗਿੱਲ ਸਾਹਿਬ ਨੇ ਸਵਾਲ ਦਾ ਜਵਾਬ ਦਿੰਦਿਆਂ ਇਹ ਕਿਹਾ ਕਿ ਟੀਚਰਜ਼ ਦੀਆਂ ਟਰਾਂਸਫਰਾਂ ਇਸ ਲਈ ਨਹੀਂ ਕੀਤੀਆਂ ਕਿਉਂਕਿ ਹਰਿਆਣਾ ਵਾਲਿਆਂ ਨੇ ਅਪਣੀਆਂ ਰਿਪਰੀਜ਼ੈਂਟੇਸ਼ਨ ਦਿਤੀਆਂ ਹੋਈਆਂ ਹਨ ਔਰ ਉਨ੍ਹਾਂ ਬਾਰੇ ਫ਼ੈਸਲਾ ਨਹੀਂ ਹੋਇਆ, ਪਰ ਨਾਲ ਹੀ ਜਿਥੇ ਮਰਜ਼ੀ ਆਉਂਦੀ ਹੈ ਤਬਦੀਲੀਆਂ ਵੀ ਕਰੀ ਜਾਂਦੇ ਹਨ । ਗਿੱਲ ਸਾਹਿਬ ਫ਼ੀਰੋਜ਼ਪੁਰ ਵਿਚ ਜਾ ਕੇ ਕਹਿੰਦੇ ਹਨ ਕਿ ਅਸੀਂ ਹੁਣ ਅਫ਼ੀਮ ਦੇ ਠੇਕੇ ਦੇਣੇ ਸ਼ੁਰੂ ਕਰ ਦਿਆਂਗੇ ਮਗਰ ਉਥੇ ਹੀ ਸਰਦਾਰ ਗੁਰਚਰਨ ਸਿੰਘ ਕਹਿੰਦਾ ਹੈ ਕਿ ਨਹੀਂ ਕਰ ਸਕਦੇ ਕਿਉਂਕਿ ਇਸਦਾ ਇਨਟਰਨੈਸ਼ਨਲ ਲਾ ਦੇ ਨਾਲ ਸਬੰਧ ਹੈ । ਇਕ ਹੀ ਜ਼ਿਲੇ ਦੇ ਦੋ ਵਜ਼ੀਰ ਔਰ ਵਖਰੀਆਂ ਵਖਰੀਆਂ ਜ਼ਬਾਨਾਂ ਵਿਚ ਗੱਲ ਕਰਨ, ਇਸ ਇਨਕਨਸਿਸਟੈਂਸੀ ਦੀ ਸਮਝ ਨਹੀਂ ਆ ਰਹੀ । ਮੈਂ ਹੈਰਾਨ ਹਾਂ ਕਿ ਇਨ੍ਹਾਂ ਹਾਲਾਤ ਵਿਚ ਕਿਸ ਤਰ੍ਹਾਂ ਸਰਵਿਸਿਜ ਇਨ੍ਹਾਂ ਦੀਆਂ ਗੱਲਾਂ ਨੂੰ ਮੰਨਣਗੀਆਂ ? ਪਹਿਲਾਂ ਸਰਦਾਰ ਗੁਰਚਰਨ ਸਿੰਘ ਨੇ ਟਰਾਂਸਪੋਰਟ ਬਾਰੇ ਪਾਲੀਸੀ ਸਟੇਟਮੈਂਟ ਦਿਤੀ ਕਿ ਅਸਾਂ ਇਸ ਨੂੰ ਨੇਸ਼ਨਲਾਈਜ਼ ਕਰਨਾ ਹੈ ਮਗਰ ਇਥੇ ਕਿਹਾ ਕਿ 1969 ਤੋਂ ਪਹਿਲਾਂ ਨਹੀਂ ਹੋ ਸਕਦੀ । ਇਸ ਤਰ੍ਹਾਂ ਦੀਆਂ ਕਈ ਹੋਰ ਵੀ ਇਨਕਨਸਿਸਟੈਂਸੀਜ਼ ਹਨ ।

ਫੂਡਗਰੇਨਜ਼ ਦੇ ਰੇਟਸ ਬਾਰੇ ਵੀ ਕੋਈ ਕੁਛ ਕਹਿੰਦਾ ਹੈ ਔਰ ਕੋਈ ਕੁਛ ਔਰ ਆਖਿਰ ਇਸ ਗੱਲ ਤੇ ਪੁਜੇ ਕਿ ਪਬਲਿਕ ਇੰਟਰੈਸਟ ਵਿਚ ਨਹੀਂ ਹੈ ਦਸਣਾ ਕਿ ਕੀ ਭਾਅ ਮੁਕੱਰਰ ਕਰਨੇ ਹਨ ਪਰ ਉਸੇ ਦਿਨ ਸ਼ਾਮ ਵੇਲੇ ਜਦ ਮੁੱਛ ਮਰੋੜੀ ਤਾਂ ਪਬਲਿਕ ਇੰਟਰੈਸਟ ਵਿਚ ਹੋ ਗਿਆ ਔਰ ਇਥੇ ਦੂਸਰੇ ਮਨਿਸਟਰ ਨੇ ਅਪਣੀ ਪਾਲੀਸੀ ਸਟੇਟਮੈਂਟ ਦੇ ਦਿੱਤੀ । ਸੋ ਕਹਿਣ ਦਾ ਮਤਲਬ ਇਹ ਹੈ ਕਿ ਕਿਤਨਾ ਫ਼ਰਕ ਹੈ ਇਨ੍ਹਾਂ ਦੀਆਂ ਅਟਰੈਂਨਸਿਜ਼ ਵਿਚ । ਮਨਿਸਟਰਾਂ ਇਕ ਟੀਮ

[ਲੈਫਟੀਨੈਂਟ ਭਾਗ ਸਿੰਘ]

ਹੋਇਆ ਕਰਦੀ ਹੈ। ਉਤਨੀ ਦੇਰ ਤਕ ਉਹ ਮਨਿਸਟਰੀ ਮਨਿਸਟਰੀ ਨਹੀਂ ਕਹੀ ਜਾ ਸਕਦੀ ਜਦ ਤਕ ਕਿ ਸਾਰੇ ਇਕ ਹੀ ਬੋਲੀ ਨਾ ਬੋਲਣ। ਜਦ ਤਕ ਇਹ ਇਕ ਬੋਲੀ ਨਹੀਂ ਬੋਲਦੇ ਸਰਵਿਸਿਜ਼ ਵੀ ਠੀਕ ਨਹੀਂ ਹੋ ਸਕਦੀਆਂ। (ਘੰਟੀ) ਆਪ ਨੇ ਵੇਖਿਆ ਕਿ ਚੀਨ ਦਾ ਔਰ ਪਾਕਿਸਤਾਨ ਦਾ ਹਮਲਾ ਹੋਇਆ। ਉਸ ਵਕਤ ਆਪੋਜੀਸ਼ਨ ਔਰ ਗੌਰਮੈਂਟ ਸਾਰਿਆਂ ਦਾ ਪੂਰਾ ਸੰਗਠਨ ਸੀ। ਇਕ ਹੀ ਗੱਲ ਸੀ ਕਿ ਭਾਵੇਂ ਕਿਸੇ ਖਿਆਲ ਦਾ ਆਦਮੀ ਹੈ, ਕਿਸੇ ਮਜ਼ਹਬ ਦਾ ਹੈ ਇਹ ਚੀਜ਼ ਸੋਚੇ ਬਗੈਰ ਹਰ ਇਕ ਆਦਮੀ ਤਿਆਰ ਹੋਇਆ, ਰਲ ਕੇ ਕੰਮ ਕੀਤਾ ਔਰ ਉਨ੍ਹਾਂ ਮੁਸੀਬਤਾਂ ਦਾ ਮੁਕਾਬਿਲਾ ਕੀਤਾ। ਹੁਣ ਫਿਰ ਅਮਰੀਕਾ ਨੇ ਪਾਕਿਸਤਾਨ ਨੂੰ ਹਥਿਆਰ ਦੇਣੇ ਸ਼ੁਰੂ ਕੀਤੇ ਹਨ ਔਰ ਲੜਾਈ ਦੇ ਬਦੱਲ ਫ਼ਿਰ ਮੰਡਰਾਣੇ ਸ਼ੁਰੂ ਹੋ ਗਏ ਹਨ। ਜਿਸ ਵਕਤ ਚੀਨ ਦਾ ਹਮਲਾ ਹੋਇਆ ਤਾਂ ਉਸ ਵਕਤ ਇਥੇ ਇਕ ਗੁਰਮੁਖਾਂ ਦੀ ਪਾਰਟੀ ਹੈ ਉਹ ਅੰਡਰਗ੍ਰਾਊਂਡ ਸੀ। ਪਾਕਿਸਤਾਨ ਦੇ ਹਮਲੇ ਵੇਲੇ ਉਹ ਅੰਡਰਗ੍ਰਾਊਂਡ ਨਹੀਂ ਸਨ, ਪਕੜੇ ਗਏ ਸਨ। ਮੈਂ ਪੰਜਾਬ ਦੇ ਲੋਕਾਂ ਨੂੰ ਵਾਰਨ ਕਰਦਾ ਹਾਂ ਕਿ ਉਹੀ ਲੋਕ ਹੁਣ ਸਾਨੂੰ ਮਰਵਾਉਣਗੇ। ਪੰਜਾਬ ਨੂੰ ਨ ਮਰਵਾਉ। ਹੁਣ ਸਾਰੀਆਂ ਪਾਲਿਸੀਜ਼ ਦੀ ਇਨਫ਼ਰਮੇਸ਼ਨ ਉਨ੍ਹਾਂ ਨੂੰ ਦੇ ਰਹੇ ਹੋ। ਉਨ੍ਹਾਂ ਨੂੰ ਪੰਜਾਬ ਦਾ ਭਲਾ ਕਰਨਾ ਚਾਹੀਦਾ ਹੈ ਉਹ ਇਥੇ ਹੀ ਜੰਮੇ ਪਲੇ ਹਨ, ਉਨ੍ਹਾਂ ਦੇ ਖੇਤ ਘਰ ਵੀ ਇਥੇ ਹੀ ਹਨ (ਵਿਘਨ)

ਚੇਅਰਮੈਨ ਸਾਹਿਬ, ਇਕ ਬੇਨਤੀ ਮੈਂ ਹੋਰ ਕਰਨੀ ਹੈ। ਪੁਲਿਸ ਕਮਿਸ਼ਨ ਦੀ ਰਿਪੋਰਟ ਜੋ ਬੜੀ ਮਿਹਨਤ ਨਾਲ ਤਿਆਰ ਕੀਤੀ ਗਈ ਇਨ੍ਹਾਂ ਦੇ ਪਾਸ ਆ ਗਈ ਹੈ। ਇਸ ਤੇ ਬੜੇ ਪੈਸੇ ਖਰਚ ਹੋਏ ਹਨ। ਉਸ ਕਮਿਸ਼ਨ ਵਿੱਚ ਚੰਗੇ ਮੈਂਬਰ ਸਨ ਤੇ ਉਨ੍ਹਾਂ ਨੇ ਬੜੇ ਚੰਗੇ ਸੁਝਾ ਦਿਤੇ ਹਨ ਅਗਰ ਇਹ ਸੁਝਾ ਲਾਗੂ ਕਰ ਦਿਤੇ ਜਾਣ ਤਾਂ ਜੋ ਪੁਲਿਸ ਬਾਰੇ ਸ਼ਿਕਾਇਤਾਂ ਹਨ—ਕਦੇ ਕਹਿੰਦੇ ਹਨ ਰਿਪੋਰਟਾਂ ਦਰਜ ਨਹੀਂ ਕਰਦੇ, ਕ੍ਰਾਈਮ ਨੂੰ ਸੁਪਰੇਸ ਕਰਦੇ ਹਨ। ਉਨ੍ਹਾਂ ਪਾਸ ਜੀਪ ਹੋਣੀ ਚਾਹੀਦੀ ਹੈ ਆਦਿ ਸਭ ਖਤਮ ਹੋ ਜਾਣ ਅਤੇ ਪੁਲਿਸ ਦਾ ਮਸਲਾ ਹੱਲ ਹੋ ਜਾਵੇ। ਰਿਪੋਰਟ ਤਿਆਰ ਅਸੀਂ ਕਰਵਾਈ। ਇਹ ਲਾਗੂ ਕਰ ਦੇਣ। ਹਨੂਮਨਥੈਈਆ ਰਿਪੋਰਟ ਹੈ ਇਹ ਲਾਗੂ ਕਰ ਦੇਣ ਅਤੇ ਜਸ ਖਟ ਲੈਣ। ਟੌਪ ਹੈਵੀ ਐਡਮਨਿਸਟਰੇਸ਼ਨ ਦਾ ਸਵਾਲ ਹੱਲ ਹੋਣਾ ਚਾਹੀਦਾ ਹੈ। ਜਿਸ ਮਹਿਕਮੇ ਦਾ ਐਡਮਨਿਸਟਰੇਸ਼ਨ ਤੇ ਉਸ ਦੇ ਬਜਟ ਦਾ 7-8 ਫ਼ੀ ਸਦੀ ਹੈ ਉਹ ਸ਼ਾਬਾਸ਼ੀ ਦੇ ਕਾਬਲ ਹੈ, ਜਿਸ ਦਾ 11-12% ਹੈ ਉਸ ਬਾਰੇ ਸੋਚਣ ਦੀ ਲੋੜ ਹੈ ਅਤੇ ਜਿਸ ਦਾ 12-13% ਤੋਂ ਵਧ ਹੋਵੇ ਉਸ ਵਿੱਚ ਫ਼ਜ਼ੂਲ ਖਰਚੀ ਹੈ। ਕਲ੍ਹ ਹੀ ਇਥੇ ਇਕ ਦੋਸਤ ਨੇ ਦਸਿਆ ਸੀ ਕਿ ਇਹ ਓਵਰ ਆਲ ਖਰਚ 40% ਹੋ ਗਿਆ ਹੈ। ਇਹ ਹਾਲਤ ਹੋਵੇ ਤਾਂ ਕੰਮ ਕਿਵੇਂ ਦਲੇਗਾ, ਡਿਵੈਲਪਮੈਂਟ ਕਿਵੇਂ ਹੋਵੇਗੀ। ਇਸ ਵਿੱਚ ਸੁਧਾਰ ਕਰੋ। ਹਰਿਆਣੇ ਤੋਂ ਵੀ ਲੋਕਾਂ ਨੇ ਵਾਪਸ ਆਉਣਾ ਹੈ। ਉਨ੍ਹਾਂ ਨੇ ਉਨ੍ਹਾਂ ਨੂੰ ਕਢ ਦੇਣਾ ਹੈ। ਤੁਸੀਂ ਵੀ ਸਟੈਪਸ ਲਉ ਸਲੈਸ਼ ਕਰਨ ਲਈ। 58 ਸਾਲ ਵਾਲਿਆਂ ਨੂੰ ਪੈਨਸ਼ਨ ਦਿਉ, 57 ਸਾਲ ਵਾਲਿਆਂ ਨੂੰ ਪੈਨਸ਼ਨ ਦਿਉ, 55 ਸਾਲ ਤਕ ਲੈ ਆਉ। ਨੌਜਵਾਨਾਂ ਨੂੰ ਮੌਕਾ ਦਿਉ। ਸੈਂਟਰ ਵਾਲੇ 55 ਤੋਂ ਵੀ ਅਗੇ 50 ਤਕ ਕਰ ਰਹੇ ਹਨ। ਇਹ ਕਹਿੰਦੇ ਹਨ ਬਚਤ ਕਰਨੀ ਹੈ। ਇੰਡਸਟਰੀ ਦਾ ਇਕ ਐਡਮਨਿਸਟਰੇਟਿਵ ਅਫ਼ਸਰ ਸੀ। ਇਕ ਨਵੀਂ ਨਿਯੁੱਕਤੀ ਅਸਿਸਟੈਂਟ ਡਾਇਰੈਕਟਰ ਦੀ ਕਰ ਦਿਤੀ ਹੈ ਜਿਸ ਦੀ ਕੋਈ ਲੋੜ ਨਹੀਂ ਹੈ, ਕੰਮ ਚਲ ਰਿਹਾ ਹੈ ਅਤੇ ਇਹ ਸਲੈਸ਼ ਕਰਨੀ ਚਾਹੀਦੀ ਹੈ। ਇਹ ਕਹਿੰਦਾ ਹੋਇਆ ਆਪ ਦਾ ਧੰਨਵਾਦ ਕਰਦਾ ਹਾਂ।

ਸ੍ਰੀ ਲਾਲ ਚੰਦ ਸੱਬਰਵਾਲ : (ਜਲੰਧਰ, ਉੱਤਰ)

ਚੇਅਰਮੈਨ ਸਾਹਿਬ, ਕੁਝ ਦੋਸਤਾਂ ਨੇ ਬਜਟ ਉਤੇ ਵੀ ਅਤੇ ਜਨਰਲ ਐਡਮਨਿਸਟਰੇਸ਼ਨ ਤੇ ਵੀ ਕਿਹਾ ਹੈ । ਵਿਰੋਧੀ ਧੜੇ ਦੇ ਦੋਸਤਾਂ ਨੇ ਕੁਝ ਇਸ ਤਰੀਕੇ ਨਾਲ ਗੱਲਾਂ ਕੀਤੀਆਂ ਜੋ ਮੇਰੀ ਸਮਝ ਤੋਂ ਬਾਹਰ ਹਨ । ਮੈਨੂੰ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਉਨ੍ਹਾਂ ਦੀਆਂ ਕਈ ਦਿਨ ਦੀਆਂ ਤਕਰੀਰਾਂ ਵਿੱਚ ਕਈ ਲਫ਼ਜ਼ ਆ ਰਹੇ ਹਨ ਜੋ ਕਾਫੀ ਇਤ਼ਤਿਆਲ ਅੰਗੇਜ਼ ਹੁੰਦੇ ਹਨ । ਉਨ੍ਹਾਂ ਦਾ ਤਕੀਆ ਕਲਾਮ ਹੀ ਹੋ ਗਿਆ ਹੈ 'ਅਗਰ ਆਪ ਨੂੰ ਸ਼ਰਮ ਹੈ,' 'ਭਲੇਮਾਨਸੋ' 'ਬੇਈਮਾਨੀ ਵਗੈਰਾ ਉਹ ਇਸਤੇਮਾਲ ਕਰਦੇ ਹਨ । ਇਹ ਕਾਫ਼ੀ ਇਸਤਿਆਲ ਅੰਗੇਜ਼ ਲਫ਼ਜ਼ ਹਨ । ਠੀਕ ਦੂਜੇ ਪਾਸੇ ਦੇ ਮੈਂਬਰ ਸ਼ਾਇਦ ਚੁਪ ਹੀ ਸਾਧ ਲੈਣ ਪਰ ਇਕ ਐਸਾ ਮੈਂਬਰ ਜੋ ਕਾਂਗਰਸੀ ਵਜ਼ਾਰਤ ਵਿੱਚ ਵਜ਼ੀਰ ਰਿਹਾ ਹੋਵੇ ਅਤੇ ਸਪੀਕਰ ਭੀ ਰਿਹਾ ਹੋਵੇ ਉਸ ਦੇ ਮੂੰਹੋਂ ਐਸੇ ਲਫ਼ਜ਼ ਨਿਕਲਦੇ ਸੁਣਕੇ ਨਦਾਮਤ ਆਉਂਦੀ ਹੈ । (ਵਿਘਨ) ਆਜ਼ਾਦ ਸਾਹਿਬ ਨੂੰ ਕਹਾਂਗਾ ਕਿ ਇਹ ਅਚਾਰੀਆ ਹਨ ਉਨ੍ਹਾਂ ਨੂੰ ਸੰਭਾਲਣ । ਇਨ੍ਹਾ ਗੱਲਾਂ ਦਾ ਨਤੀਜਾ ਹੈ ਕਿ ਇਥੇ ਬਹਿਸ ਦਾ ਪੱਧਰ ਬਹੁਤ ਹੀ ਨੀਵਾਂ ਹੋ ਗਿਆ ਹੈ । (ਵਿਘਨ)

ਚੇਅਰਮੈਨ ਸਾਹਿਬ, ਇਨ੍ਹਾਂ ਦੋਸਤਾਂ ਨੇ, ਪੰਡਤ ਮੋਹਨ ਲਾਲ ਜੀ ਨੇ, ਆਜ਼ਾਦ ਸਾਹਿਬ ਵਗੈਰਾ ਉਸ ਪਾਸਿਉਂ ਬਹੁਤ ਸਾਰੇ ਮੈਂਬਰਾਂ ਨੇ ਇਸ ਤਰ੍ਹਾਂ ਦੀਆਂ ਗੱਲਾਂ ਕੀਤੀਆਂ ਕਿ ਹਿੰਦੀ ਦਾ ਕੀ ਹੋਇਆ, ਪੰਜਾਬੀ ਦਾ ਕੀ ਬਣਿਆ, ਚੰਡੀਗੜ੍ਹ ਕਿਥੇ ਹੈ, ਸਟੇਟ ਟਰੇਡਿੰਗ ਅਧੀ ਕਿਉਂ ਰਹਿ ਗਈ, ਇਹ ਰੈਟਰੋਗਰੈਸਿਵ ਅਤੇ ਪ੍ਰੋਗਰੈਸਿਵ ਕਿਵੇਂ ਮਿਲ ਗਏ, ਕਮਿਊਨਿਸਟ ਅਤੇ ਜਨਸੰਘੀ ਨੇੜੇ ਕਿਵੇਂ ਆ ਗਏ, ਜਨਸੰਘੀ ਅਤੇ ਅਕਾਲੀਆਂ ਵਰਗੇ ਕਟਰ ਦੁਸ਼ਮਨ ਇਕੱਠੇ ਕਿਵੇਂ ਹੋ ਗਏ। ਇਨ੍ਹਾਂ ਦੋਸਤਾਂ ਨੂੰ ਮੈਂ ਕਹਾਂਗਾ ਕਿ ਇਹ ਸਿਆਪੇ ਦੀਆਂ ਅਲਾਨੀਆਂ ਹਨ । ਪਰ ਇਹ ਵਿਚਾਰੇ ਸਚੇ ਰੋਂਦੇ ਹਨ । ਇਨ੍ਹਾਂ ਨੂੰ ਦੁਖ ਹੈ ਕੋਠੀਆਂ ਦੇ ਖੁਸ ਜਾਣ ਦਾ । ਕੋਠੀਆਂ ਦੇਖਦੇ ਹਨ, ਉਥੇ ਵਿਛੇ ਕਾਰਪੈਟਸ ਵੇਖਦੇ ਹਨ, ਫਰਨੀਚਰ ਵੇਖਦੇ ਹਨ ਤਾਂ ਖਿਆਲ ਆਉਂਦਾ ਹੈ ਕਿ ਵਜ਼ੀਰੀ ਕਿਵੇਂ ਛਡੀਏ, ਕੀ ਹੋਵੇਗਾ, ਇਹ ਤਾਂ ਮਰਨ ਵਾਲੀ ਗੱਲ ਹੈ । ਵਾਕਈ ਇਨ੍ਹਾਂ ਨੂੰ ਦੁਖ ਬਹੁਤ ਜ਼ਿਆਦਾ ਹੈ । ਜਿਥੋਂ ਤਕ ਪ੍ਰਬੋਧ ਜੀ ਦਾ ਤੱਲਕ ਹੈ ਉਨ੍ਹਾਂ ਦੇ ਲਫ਼ਜ਼ਾਂ ਵਲ ਦੇਖਦੇ ਹੋਏ ਅਪਣੇ ਟਰੇਯਰੀ ਬੈਂਚਿਜ਼ ਵਾਲੇ ਭਰਾਵਾਂ ਨੂੰ ਕਹਾਂਗਾ ਕਿ ਇਨ੍ਹਾਂ ਦੀ ਤਬੀਅਤ ਬਚਪਨ ਤੋਂ ਹੀ ਸ਼ੋਖ ਰਹੀ ਹੈ ਅਤੇ ਉਨ੍ਹਾਂ ਤੇ ਬਚਪਨ ਤੋਂ ਹੀ ਸ਼ਬਾਬ ਅਤੇ ਹੁਸਨ ਰਿਹਾ ਹੈ ਅਤੇ ਹੁਣ ਵੀ ਕਾਇਮ ਹੈ । (ਤਾੜੀਆਂ) ਜੋ ਇਨ੍ਹਾਂ ਦੇ ਨਾਲ ਰਹਿੰਦਾ ਹੈ ਉਸ ਨੂੰ ਇਨ੍ਹਾਂ ਦੀਆਂ ਗੱਲਾਂ ਬਰਦਾਸ਼ਤ ਕਰਨੀਆਂ ਚਾਹੀਦੀਆਂ ਹਨ ਅਤੇ ਹਸ ਕੇ ਕਹੇ–

'ਯੇਹ ਦਿਲ ਕਿਸਕਾ, ਯੇਹ ਜਾਨ ਕਿਸਕੀ, ਯੇਹ ਜਿਗਰ ਕਿਸਕਾ,
ਤੀਰ ਪਰ ਤੀਰ ਚਲਾਓ ਮੇਰੀ ਜਾਂ, ਤੁਮਹੇਂ ਡਰ ਕਿਸਕਾ ।'

ਮਗਰ ਇਤਨਾ ਜ਼ਰੂਰ ਕਹਾਂਗਾ ਕਿ ਇਨ੍ਹਾਂ ਦੀਆਂ ਇਸ ਤਰ੍ਹਾਂ ਦੀਆਂ ਗੱਲਾਂ ਨਾਲ ਬਣਨਾ ਕੁਝ ਨਹੀਂ । ਇਹ ਕਹਿੰਦੇ ਹਨ ਕਿ ਇਹ ਸਰਕਾਰ ਚਲਣੀ ਨਹੀਂ, ਪਤਾ ਨਹੀਂ ਇਹ ਕਿਸ਼ ਤਰ੍ਹਾਂ ਬਣੀ ਹੈ । ਪਤਾ ਨਹੀਂ ਇਨ੍ਹਾਂ ਦੀਆਂ ਨਜ਼ਰਾਂ ਵਿੱਚ ਕੌਣ ਰੈਟਰੋਗਰੈਸਿਵ ਹੈ ਤੇ ਕੌਣ ਪ੍ਰੋਗਰੈਸਿਵ । ਕੋਈ ਵੀ ਹੋਵੇ ਪਰ ਇਨ੍ਹਾਂ ਦੀਆਂ ਇਹ ਦਲੀਲਾਂ ਮਨ ਨੂੰ ਜਚਦੀਆਂ ਨਹੀਂ । ਜਦੋਂ ਇਥੇ ਕੋਈ ਤਕਰੀਰ ਕਰਦੇ ਹਨ ਤਾਂ ਇਧਰੋਂ ਇਕ ਜਥੇਦਾਰ ਸਾਹਿਬ ਹੌਲੀ ਹੌਲੀ ਕਹਿੰਦੇ ਹਨ, 'ਹਾਏ ਵਜ਼ੀਰੀ', 'ਹਾਏ ਵਜ਼ੀਰੀ' ਇਨ੍ਹਾਂ ਦੀਆਂ ਗੱਲਾਂ ਸੁਣ ਕੇ ਮੈਂ ਮਹਿਸੂਸ ਕਰਨ ਲਗ ਜਾਂਦਾ ਹਾਂ ਕਿ ਵਾਕਈ ਇਨ੍ਹਾਂ ਨੂੰ ਦੁਖ ਹੈ, ਇਹ ਕੁਰਸੀਆਂ ਨੂੰ ਰੋਂਦੇ ਹਨ, ਵਜ਼ੀਰੀਆਂ ਨੂੰ ਰੋਂਦੇ ਹਨ । ਇਨ੍ਹਾਂ ਨੂੰ ਦੁਖ

[ਸ਼੍ਰੀ ਲਾਲ ਚੰਦ ਸੱਬਰਵਾਲ]

ਹੈ ਕੋਠੀਆਂ ਦਾ, ਵਜ਼ੀਰੀ ਦੇ ਨਸ਼ੇ ਦਾ । ਇਸ ਲਈ ਮੈਂ ਆਪਣੇ ਦੋਸਤਾਂ ਨੂੰ ਕਹਾਂਗਾ ਕਿ ਇਨ੍ਹਾਂ ਦੀਆਂ ਗੱਲਾਂ ਦਾ ਸਾਨੂੰ ਬੁਰਾ ਨਹੀਂ ਮਨਾਉਣਾ ਚਾਹੀਦਾ । ਇਹ ਗੱਲਾਂ ਕਹਿੰਦੇ ਤਾਂ ਸਾਨੂੰ ਹਨ ਪਰ ਅਸਲ ਵਿੱਚ ਰੋਂਦੇ ਇਹ ਹੋਰ ਚੀਜ਼ਾਂ ਨੂੰ ਹੁੰਦੇ ਹਨ । 'ਰੋਂਦੀ ਯਾਰਾਂ ਨੂੰ ਨਾਂ ਲੈ ਲੈ ਭਰਾਵਾਂ ਦਾ' । ਇਹ ਹੌਕੇ ਭਰਦੇ ਹਨ ਕਿ ਹਾਏ ਇਹ ਇਕੱਠੇ ਕਿਵੇਂ ਹੋ ਗਏ। (ਵਿਘਨ) ਮੈਂ ਖੁਲ੍ਹੀ ਗੱਲ ਦਸ ਦਿੰਦਾ ਹਾਂ, ਚੇਤੇ ਰਖ ਲਉ ਕਿ ਇਹ ਜੋ ਇਕੱਠੇ ਹੋਏ ਹਨ ਇਹ ਇਕੱਠੇ ਹੀ ਰਹਿਣਗੇ । ਤੁਹਾਡਾ ਖ਼ਾਬ ਪੂਰਾ ਨਹੀਂ ਹੋਵੇਗਾ, ਇਹ ਛਲਾਵਾ ਹੀ ਰਹੇਗਾ । ਇਹ ਆਪਣੀ ਮਿਸ ਅੰਡਰ-ਸਟੈਂਡਿੰਗ ਦੂਰ ਕਰ ਲੈਣ । ਕਲ੍ਹ ਇਨ੍ਹਾਂ ਨੇ ਕਿਹਾ ਡਾਕਟਰ ਸਾਹਿਬ ਅਸਤੀਫਾ ਦੇਣ ਮੈਂ ਵੀ ਦਿੰਦਾਂ ਹਾਂ । ਮੈਂ ਸਮਝਦਾ ਹਾਂ ਕਿ ਇਹ ਬਚਪਣੇ ਦੀਆਂ ਗੱਲਾਂ ਹਨ । ਡੈਮੋਕਰੇਸੀ ਵਿੱਚ ਇਕ ਐਮ. ਐਲ. ਏ. ਦੀਆਂ ਕੁਝ ਜ਼ਿਮੇਵਾਰੀਆਂ ਹੁੰਦੀਆਂ ਹਨ । ਤੁਹਾਨੂੰ ਸਰਦਾਰ ਗੁਰਨਾਮ ਸਿੰਘ ਨੇ ਜੋ ਇੰਟਰਵੀਊ 'Blitz' ਨੂੰ ਦਿਤਾ ਸੀ ਉਹ ਯਾਦ ਹੋਣਾ ਹੈ । ਮੈਂ ਰਿਪੋਰਟ ਕਰ ਦਿੰਦਾ ਹਾਂ । ਉਨ੍ਹਾਂ ਨੇ ਕਿਹਾ ਸੀ ਕਿ ਅਗਰ ਕਾਮਰਾਜ ਜੀ ਕਹਿਣ ਕਿ ਸਾਰੇ ਕਾਂਗਰਸੀ ਮੈਂਬਰ ਅਸ-ਤੀਫਾ ਦਿੰਦੇ ਹਨ ਤਾਂ ਅਸੀਂ ਵੀ ਸਾਰੇ ਅਸਤੀਫਾ ਦੇਣ ਨੂੰ ਤਿਆਰ ਹਾਂ । ਇਹ ਮੰਨਣ ਇਸ ਗੱਲ ਨੂੰ । (ਤਾੜੀਆਂ) ਬਾਕੀ ਪ੍ਰਬੋਧ ਹੋਰਾਂ ਦਾ ਇਸ ਤਰ੍ਹਾਂ ਵਧ ਵਧ ਕੇ ਗੱਲਾਂ ਕਰਨੀਆਂ ਕੋਈ ਵੁੱਕਤ ਨਹੀਂ ਰਖਦੀਆਂ । ਇਨ੍ਹਾਂ ਦੀ ਵਾਇਸ ਹੀ ਕੀ ਹੈ ? ਇਥੇ ਕੋਈ ਨਹੀਂ ਪੁਛਦਾ, ਹਾਈ ਕਮਾਂਡ ਵਿੱਚ ਕੋਈ ਨਹੀਂ ਪੁੱਛਦਾ । ਇਨ੍ਹਾਂ ਦੀ ਕੋਈ ਆਵਾਜ਼ ਨਹੀਂ ਹੈ । ਇਹ ਰੌਲਾ ਜ਼ਰੂਰ ਪਾਉਂਦੇ ਰਹਿੰਦੇ ਹਨ ਕਿ ਇਹ ਹੋ ਗਿਆ ਉਹ ਹੋ ਗਿਆ ਪਰ ਇਨ੍ਹਾਂ ਦੀਆਂ ਗੱਲਾਂ ਤੇ ਯਕੀਨ ਕੋਈ ਨਹੀਂ ਕਰਦਾ । ਨਾ ਇਨ੍ਹਾਂ ਪਾਸ ਕੋਈ ਤਾਕਤ ਹੈ ਨਾ ਰਾਈਟ । ਇਹ ਆਲ ਇੰਡੀਆ ਕਾਂਗਰਸ ਦੇ ਪ੍ਰਧਾਨ ਕਾਮਰਾਜ ਤੋਂ ਇਲਾਨ ਕਰਾ ਦੇਣ । ਅਸੀਂ ਸਾਰੇ ਹੀ ਰੀਜ਼ਾਈਨ ਕਰਨ ਲਈ ਤਿਆਰ ਹਾਂ । (ਤਾੜੀਆਂ) ।

ਕੀ ਅਜ ਸਾਂਝੇ ਫਰੰਟ ਬਨਾਉਣ ਦੀ ਲੋੜ ਹੈ ਜਾਂ ਵਖਰੇ ਵਖਰੇ, ਜਿਵੇਂ ਕਿ ਇਹ ਕਰਨਾ ਚਾਹੁੰਦੇ ਹਨ ਕਰ ਲੈਣ (ਵਿਘਨ) ।

ਪਰ ਮੈਂ ਕਹਾਂਗਾ ਕਿ ਜਨਸੰਘ ਤੇ ਅਕਾਲੀ ਕੁਲੀਜ਼ਨ ਕਦੇ ਨਹੀਂ ਟੁਟੇਗੀ (ਪ੍ਰਸੰਸਾ) ਮੈਂ ਉਨ੍ਹਾਂ ਦਾ ਨਾਮ ਨਹੀਂ ਲੈਣਾ ਚਾਹੁੰਦਾ ਬਜ਼ੁਰਗ ਹੋਣ ਦੇ ਨਾਤੇ ਮੈਂ ਉਨ੍ਹਾਂ ਦੀ ਇਜ਼ਤ ਕਰਦਾ ਹਾਂ । ਉਨ੍ਹਾਂ ਨੇ ਸਦਾ ਇਹ ਕੋਸ਼ਿਸ਼ ਕੀਤੀ ਕਿ ਇਨ੍ਹਾਂ ਅਕਾਲੀ ਤੇ ਜਨਸੰਘੀ ਭਰਾਵਾਂ ਵਿੱਚ ਤਫੱਰਕਾ ਪੈਦਾ ਕੀਤਾ ਜਾਵੇ । ਕਾਂਗਰਸ ਵਿੱਚ ਹੋਕੇ ਕਹਿੰਦੇ ਨੇ ਕਿ ਜੇਕਰ ਹਿੰਦੂ ਵੋਟ ਨਾ ਹੁੰਦੇ ਤਾਂ ਅਕਾਲੀ 60 ਹੋ ਜਾਂਦੇ ਫਿਰ ਕਹਿੰਦੇ ਨੇ ਜਨਸੰਘ ਕਿਤੂ ਕਰੇ । ਹਿੰਦੂ ਨੂੰ ਸਿੱਖ ਦੇ ਖ਼ਿਲਾਫ਼ ਭੜਕਾਣ ਲਈ ਕਿਹਾ ਜਾਂਦਾ ਹੈ ਕਿ ਹਿੰਦੂਆਂ ਦਾ ਬੇੜਾ ਗਰਕ ਹੋ ਜਾਵੇਗਾ ਸਿੱਖ ਤੋੜ ਕੇ ਲੈ ਜਾਣਗੇ । ਸਾਧੂ ਲੀਡਰਾਂ ਦਾ ਨਾਮ ਲਿਆ ਜਾਂਦਾ ਰਿਹਾ । ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਸਿਖ ਤੇ ਹਿੰਦੂ ਨੂੰ ਪਾੜਿਆ ਨਹੀਂ ਜਾ ਸਕਦਾ (ਵਿਘਨ) (ਪ੍ਰਸੰਸਾ) ।

ਫਿਰ ਮੇਰੇ ਦੋਸਤਾਂ ਨੇ ਇਕ ਵਿਸਪਰਿੰਗ ਪ੍ਰਾਪੇਗੰਡਾ ਕੀਤਾ ਅਤੇ ਲੋਕਾਂ ਵਿੱਚ ਇਹ ਕਹਿਣਾ ਸ਼ੁਰੂ ਕੀਤਾ ਕਿ ਜਨ ਸੰਘ ਤੇ ਅਕਾਲੀ ਚੰਗੀ ਤਰ੍ਹਾਂ ਜਾਣਦੇ ਨੇ ਜਿਸ ਤਰ੍ਹਾਂ ਇਨ੍ਹਾਂ ਨੇ ਅਸੈਂਬਲੀ ਵਿੱਚ ਆਪਣੀ ਕਨਸਟੀਚੂਸ਼ਨ ਬਣਾਈ ਹੈ । ਇਹ ਕਿਸ ਤਰ੍ਹਾਂ ਲੋਕਾਂ ਦੀ ਨੁਮਾਇੰਦਗੀ ਕਰਦੇ ਨੇ । ਕਲ੍ਹ ਲੜਦੇ ਸਨ ਤੇ ਅਜ ਇਕੱਠੇ ਹਨ, ਸਿਰਫ ਇਸ ਵਾਸਤੇ ਕਿ ਕਾਂਗਰਸ ਪਾਵਰ ਵਿੱਚ ਨ ਆਵੇ । ਪਰ ਇਹ ਗੱਲ ਨਹੀਂ । ਅਕਾਲੀ ਦੂਰ ਦਰਸ਼ੀ ਹੈ । ਉਹ ਸਮਝਦਾ ਹੈ ਕਿ ਮੁਕਾਬਲਾ ਕਿਵੇਂ ਕਰਨਾ ਹੈ (ਵਿਘਨ) :

ਤੁਹਾਡਾ ਫਾਇਦਾ ਤਾਂ ਇਸੇ ਗੱਲ ਵਿੱਚ ਹੈ ਕਿ ਦੋਵੇਂ ਆਪਸ ਵਿਚ ਲੜਨ ਪਰ ਅਕਾਲੀ ਦਲ ਤੇ ਜਨ ਸੰਘ ਦੇ ਮਾਈਂਡ ਵਿੱਚ ਬਿਲਕੁਲ ਕਲੀਅਰ ਪਿਕਚਰ ਹੈ ਕਿ ਅਜ ਜੇਕਰ ਇਥੇ ਹਾਂ ਤਾਂ ਪਬਲਿਕ ਦੀ ਸਪੋਰਟ ਨਾਲ ਜੇਕਰ ਕਾਨਫੀਡੈਂਸ ਹੈ ਤਾਂ ਪਬਲਿਕ ਦਾ ਅਤੇ ਜੇਕਰ ਪਬਲਿਕ ਵਿੱਚ ਜਾਵਾਂਗੇ ਤਾਂ ਇਕੱਠੇ ਹੀ ਜਾਵਾਂਗੇ। (ਪ੍ਰਸੰਸਾ)

ਕਾਂਗਰਸ 20 ਸਾਲ ਤਕ ਜਿਹੜੀ ਚੀਜ਼ ਪੈਦਾ ਨਹੀਂ ਕਰ ਸਕੀ ਅਤੇ ਇਕ ਪ੍ਰਾਬਲਮ ਖੜੀ ਕਰ ਦਿਤੀ ਜਿਸ ਨੂੰ ਸਾਰੇ ਪੰਜਾਬ ਦੇ ਲੋਕ ਚੰਗੀ ਤਰ੍ਹਾਂ ਜਾਣਦੇ ਹਨ ਅਤੇ ਇਨ੍ਹਾਂ ਆਪਣੇ ਲਈ ਵੀ ਮੁਸੀਬਤ ਖੜੀ ਕਰ ਲਈ। ਇਨ੍ਹਾਂ ਦੀਆਂ ਆਪਣੀਆਂ ਦੋ ਪਾਰਟੀਆਂ ਦੀ ਫੁੱਟ ਦਾ ਦਾ ਨਤੀਜਾ ਹੈ ਕਿ ਅੱਜ ਇਨ੍ਹਾਂ ਨੂੰ ਉਨ੍ਹਾਂ ਆਪੋਜ਼ੀਸ਼ਨ ਦੇ ਬੈਂਚਾਂ ਤੇ ਬੈਠਣਾ ਪਿਆ। ਇਨ੍ਹਾਂ ਦੇ ਮਨਾਂ ਵਿਚ ਅਜ ਜੋ ਮਿਸ-ਅੰਡਰਸਟੈਂਡਿੰਗ ਹੈ ਉਹ ਇਨ੍ਹਾਂ ਨੂੰ ਦੂਰ ਕਰ ਦੇਣੀ ਚਾਹੀਦੀ ਹੈ। ਜੇਕਰ ਭੁਲੇਖਾ ਹੈ ਤਾਂ ਕਢ ਲੈਣ ਅਤੇ ਮੈਂ ਕਹਾਂਗਾ ਇਨ੍ਹਾਂ ਨੂੰ ਕਿ ਝੂਠੇ ਫ਼ਰਿਸ਼ਤੇ ਤੇ ਪੈਗੰਬਰ ਨਾ ਬਣੋ। ਤੁਹਾਡੀ ਗੱਲ ਅਜ ਦੇ ਬਦਲੇ ਹੋਏ ਹਾਲਾਤ ਵਿੱਚ ਨਹੀਂ ਬਣਨੀ।

ਜਦ ਗਵਰਨਰ ਸਾਹਿਬ ਦੇ ਧੰਨਵਾਦ ਦੇ ਮਤੇ ਤੇ ਪੰਜਾਬੀ ਬੋਲੀ ਬਾਰੇ ਤਰਮੀਮ ਆਈ ਸੀ ਕਿ ਪੰਜਾਬੀ ਸਟੇਟ ਵਿਚ ਹੋਣੀ ਚਾਹੀਦੀ ਹੈ ਤਾਂ ਉਸ ਵੇਲੇ ਇਸ ਪਾਰਟੀ ਦੇ ਸੀਨੀਅਰ ਮੈਂਬਰਾਂ ਨੂੰ ਪੁਛਣਾ ਚਾਹੁੰਦਾ ਹਾਂ ਕਿ ਪ੍ਰਬੋਧ ਜੀ, ਸ੍ਰੀ ਮੋਹਨ ਲਾਲ ਜੀ ਤੇ ਅਚਾਰੀਆ ਆਜ਼ਾਦ ਵਰਗਿਆਂ ਦਾ ਹਿੰਦੀ ਦਾ ਪਿਆਰ ਕਿਥੇ ਸੀ ਜਿਹੜਾ ਇਨ੍ਹਾਂ ਨੇ ਸ਼ੁਰੂ ਕੀਤਾ ਸੀ ? ਫਿਰ ਪੰਜਾਬੀ ਨੂੰ ਸਪੋਰਟ ਨਹੀਂ ਸੀ ਕਰਨਾ। ਚੇਅਰਮੈਨ ਸਾਹਿਬ, ਇਹ ਆਪ ਹੀ ਫਸ ਗਏ। ਸਿਆਸੀ ਕਲੀਸਾ ਕੋਲ ਗਏ। ਜਲੰਧਰ ਗਏ ਅਤੇ ਅਜਿਹੀ ਸੰਸਥਾ ਪਾਸ ਗਏ ਜੋ ਪੇਪਰਾਂ ਤੇ ਹੀ ਸੀ ਪਰ ਆਲ ਇੰਡੀਆ ਨਾਮ ਦਿਤੇ ਹੋਏ ਸਨ। ਸਭ ਦੇ ਦਾਵੇਦਾਰ ਬਣ ਗਏ। ਪਰ ਕਿਸੇ ਇਕ ਸਟੈਂਡ ਤੇ ਨਹੀਂ ਖੜੋਤੇ। (ਵਿਘਨ)

Acharya Prithvi Singh Azad : They are not our Gurus.

ਸ੍ਰੀ ਲਾਲ ਚੰਦ ਸਬਰਵਾਲ : ਕਈ ਤਰ੍ਹਾਂ ਦੀਆਂ ਗੱਲਾਂ ਤੇ ਬਿਆਨ ਆਏ, ਹਿੰਦੀ ਭਾਸ਼ਾ ਦੇ ਬਾਰੇ ਵਿਚ। ਫਿਰ ਸ਼ੁਰੂ ਕੀਤਾ ਕਿ ਜਨ ਸੰਘ ਦੀ ਪੀਠ ਮੇਂ ਛੁਰਾ ਘੋਂਪ ਦੀਆ ਗਿਆ ਹਿੰਦੀ ਕੀ ਮੁਖ਼ਾਲਫਤ ਕਰਕੇ। ਪਰ ਅਜ ਜਦ ਕੋਈ ਗੱਲ ਸਾਮਣੇ ਆਈ ਹੈ ਤਾਂ ਇਨਾਂ ਨੂੰ ਦੁਖ ਹੈ ਇਹ ਤਾਂ ਠੀਕ ਹੈ ਕਿ ਜੋ ਇਹ ਨਫਰਤ ਚਾਹੁੰਦੇ ਸਨ ਉਹ ਨਹੀਂ ਸੀ ਬਣ ਸਕੀ ਪ੍ਰਬੋਧ ਜੀ ਦਾ ਤੇ ਪੰਡਤ ਮੋਹਨ ਲਾਲ ਜੀ ਨੇ ਤਾਂ ਰੋਣਾ ਹੀ ਹੈ। (ਪ੍ਰਸੰਸਾ) ਫ਼ਿਰ ਇਨ੍ਹਾਂ ਦੀ ਕੁਰਬਾਨੀ ਵਲ ਨਜ਼ਰ ਮਾਰੋ। ਹਿੰਦੀ ਦਾ ਪਿਆਰ ਸੀ ਤਾਂ ਕਿੰਨੀ ਕੁਰਬਾਨੀ ਦਿਤੀ ਤੇ ਪੰਜਾਬ ਦੇ ਇਹ ਕਿੰਨੇ ਹਿਤੈਸ਼ੀ ਸਨ। ਕਿੰਨੀ ਵਾਰ ਜੇਲਾਂ ਵਿਚ ਗਏ। ਇਸ ਇਸ਼ੂ ਤੇ ਇਨ੍ਹਾਂ ਨੂੰ ਪੁਛੋ ਕਿ ਕਿੰਨੀਆਂ ਗੋਲੀਆਂ ਖਾਧੀਆਂ ਤੇ ਕਿੰਨੇ ਇਨ੍ਹਾਂ ਵਿਚੋਂ ਜੇਲਾਂ ਵਿਚ ਮਰੇ। ਫਿਰ ਇਨਾਂ ਦਾ ਬੋਲੀ ਲਈ ਪਿਆਰ ਵਿਖਾ ਕੇ ਹੈਰਾਨੀ ਹੁੰਦੀ ਹੈ ਕਿ ਕਿਦਾਂ ਦਾ ਪਿਆਰ ਹੈ ਇਨਾਂ ਦਾ, ਸਿਵਾਏ ਇਸ ਦੇ ਕਿ ਵਜ਼ਾਰਤ ਦੀ ਜਿਹੜੀ ਕੁਲੀਸ਼ਨ ਹੈ ਉਸ ਨੂੰ ਤੋੜਿਆ ਜਾਵੇ ਅਤੇ ਕੋਸ਼ਿਸ਼ ਕੀਤੀ ਜਾ ਰਹੀ ਹੈ ਹੋਰ ਕੁਝ ਨਹੀਂ। ਮੈਂ ਇਸ ਹਾਊਸ ਵਿਚ ਪ੍ਰੈਸ ਨੂੰ ਤੇ ਤੁਹਾਨੂੰ ਵੀ ਸੁਨਾਣਾ ਚਾਹੁੰਦਾ ਹਾਂ ਕਿ ਤੁਹਾਡੀ ਪੋਜੀਸ਼ਨ ਸਭ ਨੂੰ ਪਤਾ ਹੈ। ਅਕਾਲੀ ਦਲ ਤੇ ਜਨ ਸੰਘ ਦੀ ਪੋਜ਼ੀਸ਼ਨ ਸਾਫ ਹੈ ਕਿ ਬੋਲੀ ਦੇ ਅਧਾਰ ਤੇ ਸੂਬੇ ਬਣੇ ਤੇ ਉਥੇ ਭਾਸ਼ਾ ਦਾ ਝਗੜਾ ਇਨਾਂ ਵਲੋਂ ਨਹੀਂ ਉਠਾਇਆ ਜਾ ਸਕਦਾ ਅੰਗ੍ਰੇਜ਼ ਦੇ ਰਾਜ ਵਿਚ ਮੇਰੇ ਸਾਥੀ ਲੜਾਈ ਲੜਦੇ ਰਹੇ ਕਿ ਹਿੰਦੂ ਮੁਸਲਮ ਭਾਈ ਭਾਈ। ਵੇਟੇਜ ਉਨਾਂ ਨੂੰ ਦਿਤਾ ਜਾਵੇ।

[ਸ੍ਰੀ ਲਾਲ ਚੰਦ ਸੱਬਰਵਾਲ]

ਕਾਂਸਟੀਚੂਸ਼ਨਲ ਸੇਫ਼ਗਾਰਡਜ਼ ਦਿਤੇ ਪਰ ਮੰਦਰ ਵਿਚ ਖ਼ੂਨ ਡੋਲ੍ਹ ਕੇ ਫ਼ਸਾਦ ਅੰਗ੍ਰੇਜ਼ ਨੇ ਕਰਵਾਏ ਮਸਜਦ ਵਿਚ ਕੁਝ ਸੁਟਿਆ ਤੇ ਫਸਾਦ ਕਰਾ ਦਿਤੇ। ਪਾੜੋ ਤੇ ਰਾਜ ਕਰੋ ਦੀ ਨੀਤੀ ਅੰਗ੍ਰੇਜ ਨੇ ਅਪਨਾਈ ਤੇ ਇਹ ਉਸਦਾ ਸ਼ਿਕਾਰ ਹੁੰਦੇ ਰਹੇ। 1942 ਵਿਚ ਮਹਾਤਮਾ ਗਾਂਧੀ ਜੀ ਨੇ ਕਿਹਾ ਕਿ ਲੜਾਈ ਸਰਕਾਰ ਦੇ ਵਿਰੁਧ ਕਰਨੀ ਹੈ। ਵਖ ਵਖ ਕਮਿਊਨਟੀਆਂ ਵਿਚ ਨਹੀ। ਅਤੇ ਇਹ ਆਪਸੀ ਝਗੜਿਆਂ ਲਈ ਅੰਗ੍ਰੇਜ਼ ਜ਼ਿੰਮੇਵਾਰ ਹੈ। ਫੈਸਲਾ ਹੋਇਆ ਕਿ ਅੰਗ੍ਰੇਜ਼ ਨੂੰ ਕਿਹਾ ਜਾਵੇ ਕਿ ਤੂੰ ਛਡ ਜਾ ਅਸੀਂ ਆਪਸ ਵਿਚ ਅਪਨੇ ਝਗੜਿਆਂ ਸਬੰਧੀ ਨਿਪਟ ਲਵਾਂਗੇ। ਇਸ ਤਰਾਂ ਅੰਗ੍ਰੇਜ਼ ਨੂੰ ਤਾਂ ਕਢ ਦਿੱਤਾ 1947 ਤਕ ਹਿੰਦੂ ਸਿਖ ਵਿਚ ਤਫ਼ੱਰਕਾ ਨਾ ਆਇਆ ਅਤੇ ਚੇਅਰਮੈਨ ਸਾਹਿਬ ਤੁਹਾਨੂੰ ਪਤਾ ਹੈ ਕਿ 1947 ਦੇ ਕੀ ਵਾਕਿਆਤ ਸਨ। ਹਿੰਦੂ ਸਿਖ ਇਕੱਠੇ ਸ਼ਹੀਦ ਹੋਏ. ਨੇਜ਼ਿਆਂ ਤੇ ਚੜ੍ਹੇ। ਹਿੰਦੂ ਸਿੱਖਾਂ ਦਾ ਖ਼ੂਨ ਇਕਠੇ ਡੁਲ੍ਹਿਆ। ਭੈਣਾਂ ਭਰਾਵਾਂ ਨੇ ਇਕ ਦੂਜੇ ਲਈ ਗੋਲੀਆਂ ਖਾਧੀਆਂ, ਕੁਰਬਾਨੀਆਂ ਕੀਤੀਆਂ। ਪਰ ਵੰਡਾਰੇ ਤੋਂ ਬਾਦ ਇਧਰ ਆਂਦੇ ਹੀ ਸਾਨੂੰ ਕਾਂਗਰਸ ਸਰਕਾਰ ਟਕਰੀ, ਨਕਸ਼ਾ ਇਹ ਬਣਿਆ ਕਿ ਪਾਰਟੀਸ਼ਨ ਤੋਂ ਪਹਿਲਾਂ ਯੂਨੀਅਨਿਸਟ ਵਜ਼ਾਰਤ ਸੀ ਤੇ ਕਾਂਗਰਸ ਦੇ ਕਟਰ ਦੁਸ਼ਮਨ ਸਨ ਪਰ ਇਨ੍ਹਾਂ ਨੇ ਵਜ਼ਾਰਤ ਬਣਾ ਲਈ ਅਕਾਲੀ, ਯੂਨੀਅਨਿਸਟ, ਸ਼ੈਡੂਲ ਕਾਸਟ ਨੂੰ ਰਲਾ ਕੇ ਵਜ਼ਾਰਤ ਬਣਾ ਲਈ। ਉਸ ਵੇਲੇ ਤਾਂ ਇਨ੍ਹਾਂ ਨੂੰ ਚਾਰ ਖਸਮੀ ਸਰਕਾਰ ਨਜ਼ਰ ਨਾ ਆਈ। ਅਜ ਇਤਰਾਜ ਕਰਦੇ ਨੇ। ਭਲਾ ਕੋਈ ਪੁਛੇ ਯੂਨੀਅਨਿਸਟ ਤੇ ਕਾਂਗਰਸ ਵਿਚ ਕੀ ਸਾਂਝ। ਚੇਅਰਮੈਨ ਸਾਹਿਬ, ਇਧਰ ਆਂਉਦੇ ਹੀ ਇਨ੍ਹਾਂ ਇਹ ਕੰਮ ਸ਼ੁਰੂ ਕਰ ਦਿਤਾ ਤੇ ਨਾ ਲੈ ਲਿਆ ਸੈਕੂਲਰਿਜ਼ਮ ਦਾ। ਤੇ ਫ਼ਿਰਕਾ ਪ੍ਰਸਤੀ ਦੀ ਇਹ ਹਾਲਤ ਕਿ ਵਜ਼ੀਰ ਰੱਦੇ ਸਨ ਤਾਂ ਸਚ ਇਸ ਤਰਾਂ ਕਿ ਤਿੰਨ ਸਿਖ ਤਿੰਨ ਹਿੰਦੂ ਤੇ ਇਕ ਹਰੀਜਨ ਲਿਆ ਜਾਵੇ। ਕਮਿਊਨਲ ਪੈਰਿਟੀ ਦਾ ਫਾਰਮੂਲਾ ਆਪਣਾ ਕੇ ਢੋਲ ਪਿਟਣ ਲਗ ਪਏ ਸੈਕੂਲਰਿਜ਼ਮ ਦਾ ਕੀ ਉਥੇ ਉਨ੍ਹਾਂ ਨੂੰ ਸੈਕੂਲਰਿਜ਼ਮ ਵਖਾਈ ਦਿੰਦਾ ਸੀ ਤੇ ਇਥੇ ਨਹੀਂ ਦਿਸਦਾ ਜਿਥੇ ਕਦੇ ਕਿਸੇ ਇਹ ਨਹੀਂ ਕਿਹਾ ਕਿ ਫਲਾਂ ਜੱਗਾਹ ਤੇ 2 ਸਿਖ ਤੇ 5 ਹਿੰਦੂ ਹਨ। ਉਹ ਸੈਕੂਲਰਿਜ਼ਮ ਸੀ ਕਿ ਇਹ ਹੈ ਜੋ ਇਸ ਸਰਕਾਰ ਨੇ ਕਾਇਮ ਕੀਤਾ ਹੈ? (ਪ੍ਰਸੰਸਾ) ਕਾਂਗਰਸ ਨੇ ਹੀ ਦੋਹਾਂ ਵਿਚ ਡਿਸਟਰਸਟ ਪੈਦਾ ਕੀਤਾ ਹੋਇਆਂ ਸੀ।

ਚੇਅਰਮੈਨ ਸਾਹਿਬ, ਇਹ ਗੱਲ ਫੇਰ ਏਥੇ ਹੀ ਖਤਮ ਨਹੀਂ ਹੋਈ। ਜ਼ਬਾਨ ਦੇ ਆਧਾਰ ਤੇ ਜਿਹੜਾ ਸਭ ਤੋਂ ਪਹਿਲਾਂ ਨਾਹਰਾ ਮਾਰਿਆ ਗਿਆ ਉਹ ਅਕਾਲੀ ਦਲ ਨੇ ਨਹੀਂ ਸੀ ਮਾਰਿਆ। ਇਹ ਨਾਹਰਾ ਨਾ ਜਨ ਸੰਘ ਨੇ ਮਾਰਿਆ ਸੀ। ਸਭ ਤੋਂ ਪਹਿਲਾਂ ਨਾਹਰਾ ਮਾਰਨ ਵਾਲਾ ਜੇ ਕੋਈ ਸੀ ਤਾਂ ਉਹ ਆਂਧਰਾ ਪ੍ਰਦੇਸ਼ ਦਾ ਰਮੋਲੋ ਸੀ। ਸਭ ਤੋਂ ਪਹਿਲਾਂ ਉਸ ਨੇ ਕਿਹਾ ਸੀ ਕਿ ਬੋਲੀ ਦੇ ਆਧਾਰ ਤੇ ਹਿੰਦੁਸਤਾਨ ਦੀ ਤਕਸੀਮ ਕੀਤੀ ਜਾਵੇ। ਇਸ ਹਿੰਦੁਸਤਾਨ ਵਿਚ ਇਸੇ ਗੱਲ ਨੂੰ ਮਨਾਉਣ ਵਾਸਤੇ ਕਤਲੋ ਗ਼ਾਰਤ ਹੋਏ, ਗੋਲੀਆਂ ਚੱਲੀਆਂ, ਗੈਸਾਂ ਛੱਡੀਆਂ ਅਤੇ ਲਾਠੀ ਚਾਰਜ ਹੋਏ, ਬੰਗਾਲ ਵਿਚ ਲੜਾਈ ਝਗੜੇ ਹੋਏ, ਬਿਹਾਰ ਵਿਚ ਹੋਏ, ਮੈਸੂਰ ਵਿਚ ਝਗੜੇ ਹੋਏ ਅਤੇ ਯੂ.ਪੀ. ਵਿਚ ਝਗੜੇ ਹੋਏ, ਪਰ ਮੈਂ ਪੁਛਦਾ ਹਾਂ ਇਸ ਦੀ ਜ਼ਿੰਮੇਵਾਰੀ ਆਖਿਰ ਜੇ ਹੈ ਤਾਂ ਉਹ ਕਿਸ ਤੇ ਹੈ? ਇਕ ਦੋ ਵਾਰ ਜੇਲ੍ਹਾਂ ਅੰਦਰ ਉਹ ਜੋ ਜਾ ਆਏ ਤਾਂ ਕਹਿੰਦੇ ਹਨ ਕਿ ਅਸੀਂ ਬੜੀ ਖਿਦਮਤ ਕੀਤੀ ਹੈ। ਪਰ ਲੱਖਾਂ ਦੇ ਖ਼ੂਨ ਕਰਵਾਏ ਹਿੰਦੁਸਤਾਨ ਦੀ ਤਕਸੀਮ ਕਰਵਾਕੇ। ਮੈਂ ਪੁਛਦਾ ਹਾਂ ਕੌਣ ਮੰਗਦਾ ਸੀ ਹਿੰਦੁਸਤਾਨ ਦੀ ਤਕਸੀਮ ਨੂੰ? ਪੰਜਾਬ ਦੇ ਟੁਕੜੇ ਟੁਕੜੇ ਕਰਨ ਲਈ ਕੌਣ ਮੰਨਿਆ ਸੀ? 1951 ਵਿਚ ਜਦੋਂ ਸੈਨਸਸ ਹੋਈ ਤਾਂ ਕਿਸਨੇ ਲਿਖਿਆ ਸੀ ਕਿ ਤੁਹਾਡੀ ਮਾਤਰੀ ਭਾਸ਼ਾ ਹਿੰਦੀ ਹੈ ਜਾਂ ਪੰਜਾਬੀ? ਕੀ ਉਸ ਵੇਲੇ ਇਹ ਲਿਖਵਾਉਣ ਵਾਲਾ ਜਨ-ਸੰਘ ਸੀ? ਮੈਨੂੰ ਇਹ ਗੱਲ ਚੰਗੀ ਤਰ੍ਹਾਂ ਯਾਦ ਹੈ

ਜਦੋਂ ਕਿ ਕੁਝ ਏਥੇ ਬੈਠੇ ਹੋਏ ਮੇਰੇ ਬਜ਼ੁਰਗ ਮੈਂਬਰਾਂ ਨੇ ਕਿਹਾ ਸੀ ਕਿ ਮਾਰੇ ਜਾਉਗੇ ਜੇ ਹਿੰਦੀ ਹਿੰਦੂ ਹੋਕੇ ਵੀ ਨਹੀਂ ਲਿਖਵਾਉਗੇ । ਇਸੇ ਤਰ੍ਹਾਂ ਇਨ੍ਹਾਂ ਹੀ ਲੋਕਾਂ ਨੇ ਪਿੰਡਾਂ ਵਿਚ ਜਾਕੇ ਇਹ ਪਰਚਾਰ ਕੀਤਾ ਕਿ ਤੁਸੀਂ ਜੇ ਆਪਣੀ ਮਾਤਰੀ ਭਾਸ਼ਾ ਪੰਜਾਬੀ ਨਹੀਂ ਲਿਖਵਾਉਗੇ ਤਾਂ ਮਾਰੇ ਜਾਉਗੇ । ਕਰਾਉਂਦੇ ਖ਼ੁਦ ਰਹੇ ਹਨ, ਪਰ ਕਹਿੰਦੇ ਇਹ ਹਨ ਕਿ ਪੰਜਾਬੀ ਅਤੇ ਹਿੰਦੀਆਂ ਦਾ ਝਗੜਾ ਹੈ । ਇਨ੍ਹਾਂ ਨੇ ਇਕ ਦੂਸਰੇ ਦੇ ਵਿਚ ਫਰਕ ਪਾਉਣ ਵਾਸਤੇ ਲਾਈਨਾਂ ਦੀਆਂ ਲਾਈਨਾਂ ਬਣਾਈਆਂ ਹੋਈਆਂ ਹਨ । (ਇਕ ਮਾਨਯੋਗ ਮੈਂਬਰ : ਤੁਸੀਂ ਇਹ ਗੱਲਾਂ ਗਿਆਨੀ ਕਰਤਾਰ ਸਿੰਘ ਨੂੰ ਪੁਛਣੀਆਂ ਸੀ) ਜੇ ਪੁਛਣੀਆਂ ਹਨ ਤਾਂ ਇਹ ਹੁਣ ਆਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਤੋਂ ਪੁਛ ਲਓ (ਵਿਘਨ) । ਮੈਂ ਤੁਹਾਨੂੰ ਤਾਂ ਹਿੰਦੀ ਪੰਜਾਬੀ ਬਾਰੇ ਕੁਝ ਕਹਿਣਾ ਨਹੀਂ ਚਾਹੁੰਦਾ ਪਰ ਇਤਨਾ ਜ਼ਰੂਰ ਕਹਾਂਗਾ ਜਿਸ ਵੇਲੇ ਕਤਲੋ ਗ਼ਾਰਤ ਸ਼ੁਰੂ ਹੋਏ, ਆਪਸ ਵਿਚ ਫਸਾਦ ਹੋਏ, ਝਗੜੇ ਹੋਏ, ਹਿੰਦੂ ਸਿੱਖ ਦੇ ਨਾਉਂ ਤੇ ਫੇਰ ਇਨ੍ਹਾਂ ਨੂੰ ਸੈਂਟਰ ਤੋਂ ਇਕ ਸਟੇਟਮੈਂਟ ਰਾਹੀਂ ਇਤਲਾਹ ਮਿਲੀ ਕਿ ਹਿੰਦੀ ਅਤੇ ਪੰਜਾਬੀ ਦੇ ਸਬੰਧ ਵਿਚ ਜਿਹੜਾਂ ਕਾਲਮ ਬਣਿਆ ਹੈ, ਇਹ ਖਾਨਾਂ ਤਾਂ ਉਂਝ ਹੀ ਲਿਖ ਦਿਤਾ ਗਿਆ ਹੈ । ਇਹ ਆਵਾਜ਼ਾਂ ਇਨ੍ਹਾਂ ਦੇ ਮੂਹੋਂ ਉਸ ਵੇਲੇ ਆਈਆਂ ਜਦੋਂ ਕਿ ਜ਼ਹਿਰ ਫੈਲ ਗਿਆ । ਇਸ ਦਾ ਅਸਰ ਇਹ ਹੋਇਆ ਕਿ ਲੋਕੀਂ ਪੰਜਾਬੀ ਸੂਬੇ ਦੇ ਨਾਉਂ ਤੇ ਇਤਨੇ ਜ਼ੋਰ ਦੀ ਚਿੱਲਾਏ ਕਿ ਇਨ੍ਹਾਂ ਨੂੰ ਜਸਟੀਫਾਈਡ ਹੋਣਾ ਪਿਆ ਕਿ ਹੁਣ ਸਿਵਾਏ ਪੰਜਾਬੀ ਸੂਬਾ ਦੇਣ ਦੇ ਹੋਰ ਕੋਈ ਚਾਰਾ ਨਹੀਂ । ਇਹ ਨਾਹਰਾ ਓਦੋਂ ਲੱਗਿਆਂ ਜਦੋਂ ਤੁਸੀਂ ਉਨ੍ਹਾਂ ਲੋਕਾਂ ਨੂੰ ਹਿੰਦੀ-ਪੰਜਾਬੀ ਦੇ ਨਾਉਂ ਤੇ ਭੜਕਾਇਆ । ਉਨ੍ਹਾਂ ਨੂੰ ਜੇ ਨਾ ਭੜਕਾਉਂਦੇ ਤਾਂ ਪਤਾ ਨਹੀਂ ਕੁਝ ਹੋਰ ਹੀ ਬਣ ਜਾਂਦਾ । ਇਹ ਗੱਲ ਅਜੇ ਕਿਸੇ ਨੂੰ ਭੁਲੀ ਨਹੀਂ ਜਦੋਂ ਪੈਪਸੂ ਦਾ ਨਾਹਰਾ ਲਾਇਆ ਸੀ ਤਾਂ ਪੰਡਿਤ ਜਵਾਹਰ ਲਾਲ ਨਹਿਰੂ ਨੇ ਇਹ ਕਹਿ ਕੇ ਗੱਲ ਦਬਾ ਦਿੱਤੀ ਸੀ ਕਿ 'ਪੈਪਸੂ ਕਿਆ ਹੋਤਾ ਹੈ, ਪੈਪਸੂ ਕੀ ਗੋਲੀਆਂ ਹਤੀ ਹੈ; ਔਰ ਕਿਆ ਹੈ" ਅਸੀਂ ਇਸ ਤਰ੍ਹਾਂ ਦੀਆਂ ਗੱਲਾਂ ਸੁਣਦੇ ਰਹੇ ਹਾਂ ਪਰ ਤੁਸੀਂ ਖ਼ੁਦ ਜਦੋਂ ਇਸ ਤਰ੍ਹਾਂ ਦਾ ਤਰੀਕਾ ਇਖਤਿਆਰ ਕੀਤਾ ਹੈ ਤਾਂ ਜੇ ਹੁਣ ਕੋਈ ਹੋਰ ਕਰ ਲਵੇ ਤਾਂ ਕੀ ਹਰਜ ਹੈ । ਵਜ਼ਾਰਤਾਂ ਦੇ ਝਗੜੇ ਤੁਸੀਂ ਸ਼ੁਰੂ ਕੀਤੇ । ਇਹ ਗੱਲ ਤੁਸੀਂ ਭੁਲ ਗਏ ਜਦੋਂ ਡ: ਗੋਪੀ ਚੰਦ ਭਾਰਗੋ ਅਤੇ ਲਾਲਾ ਭੀਮ ਸੈਨ ਸੱਚਰ ਦਾ ਆਪਸ ਵਿਚ ਇਖਤਲਾਫ਼ ਸੀ । ਰਾਤੋ ਰਾਤ 19 ਅਕਾਲੀਆਂ ਦਾ ਗਰਪ ਨਾਲ ਲੈਕੇ ਇਕ ਆਦਮੀ ਦੀ ਮੈਜਾਰਟੀ ਬਨਾਉਣ ਦੇ ਵਾਸਤੇ ਤੁਸੀਂ ਇਸ ਤਰ੍ਹਾਂ ਦੀ ਗੱਲ ਕੀਤੀ । (At this stage Mr. Speaker occupied the Chair) ਇਹ ਇਸ ਲਈ ਨਹੀਂ ਕੀਤਾ ਸੀ ਕਿ ਸੱਚਰ ਸਾਹਿਬ ਆ ਜਾਣਗੇ ਤਾਂ ਸੱਚਰ ਫਾਰਮੂਲੇ ਤੇ ਕੰਮ ਹੋਵੇਗਾ । ਮੈਂ ਪੁਛਦਾ ਹਾਂ ਹੁਣ ਤੁਹਾਨੂੰ ਕੀ ਤਕਲੀਫ ਹੈ ਜੇ ਜਨ ਸੰਘ ਤੇ ਅਕਾਲੀ ਇਕਠੇ ਆ ਬੈਠੇ ਹਨ ? ਮੈਂ ਹੈਰਾਨ ਹਾਂ ਕਿ ਅੱਜ ਇਨ੍ਹਾਂ ਦਾ ਇਹ ਹਾਲ ਹੈ । ਇਕ ਪਾਸੇ ਰੀਜਨਲ ਫਾਰਮੂਲੇ ਦੇ ਸਬੰਧ ਵਿਚ ਸਰਦਾਰ ਉਜਲ ਸਿੰਘ, ਸਰਦਾਰ ਸਵਰਨ ਸਿੰਘ ਅਤੇ ਮਾਸਟਰ ਤਾਰਾ ਸਿੰਘ ਨਾਲ ਸਮਝੌਤਾ ਹੁੰਦਾ ਹੈ ਕਿ ਤੁਸੀਂ ਹੋਰ ਝਗੜੇਂ ਨਾ ਫੈਲਾਓ ਅਸੀ ਰੀਜਨਲ ਫਾਰਮੂਲੇ ਦੇ ਆਧਾਰ ਤੇ ਭਾਸ਼ਾਵਾਂ ਦੇ ਝਗੜੇ ਮਿਟਾ ਦੇਵਾਂਗੇ ਦੂਸਰੇ ਪਾਸੇ ਜਦੋਂ ਰੀਜਨਲ ਫਾਰਮੂਲਾ ਲੈ ਆਂਦਾ ਤਾਂ ਪੰਡਿਤ ਪੰਤ ਜੀ ਹੀ ਕਹਿੰਦੇ ਹਨ ਕਿ ਮੁਆਮਲਾ ਤਾਂ ਬਸ ਹੁਣ ਹਲ ਹੋ ਗਿਆ, ਲੋਕਾਂ ਨੇ ਜਦੋਂ ਪੁਛਿਆ ਤਾਂ ਕਹਿਣ ਲੱਗੇ ਕਿ ਰੀਜਨਲ ਫਾਰਮੂਲਾ ਚਲੇਗਾ ਨਹੀਂ । ਤੁਸੀਂ ਇਕ ਜ਼ਬਾਨ ਤਾਂ ਰਖੋ । ਇਕ ਪਾਸੇ ਕਾਂਗਰਸ ਦੇ ਆਦਮੀ ਕੁਝ ਕਹਿੰਦੇ ਹਨ ਦੂਸਰੇ ਪਾਸੇ ਕੁਝ ਕਹਿ ਜਾਂਦੇ ਹਨ । ਕੀ ਇਹ ਕਿਸੇ ਆਰਗੇਨਾਈਜ਼ੇਸ਼ਨ ਦਾ ਕੈਰੈਕਟਰ ਹੈ ? ਮੈਂ ਕਹਿੰਦਾ ਹਾਂ ਕਿ ਜਦੋਂ ਤੁਸੀਂ ਇਕ ਚੀਜ਼ ਨੂੰ ਕਮਿਟ ਕਰਦੇ ਹੋ ਤਾਂ ਕੀ

[ਸ੍ਰੀ ਲਾਲ ਚੰਦ ਸਬਰਵਾਲ]

ਤੁਹਾਡਾ ਫਰਜ਼ ਨਹੀਂ ਬਣਦਾ ਕਿ ਤੁਸੀਂ ਉਸ ਤੇ ਤੁਰੋ ? ਪਰ ਤੁਹਾਡੇ ਦਿਲ ਵਿਚ ਤਾਂ ਕੁਝ ਹੋਰ ਹੈ । ਇਹੋ ਨਾ ਕਿ ਜਦੋਂ ਤੱਕ ਹਿੰਦੂ ਅਤੇ ਸਿੱਖ ਨਹੀਂ ਮਿਲਦੇ ਕਾਂਗਰਸ ਰਾਜ ਕਰੇਗੀ, ਇਨ੍ਹਾਂ ਨੂੰ ਕੋਈ ਹਟਾ ਨਹੀਂ ਸਕਦਾ । ਪਰ ਜੇ ਇਹ ਮਿਲ ਗਏ ਤਾਂ ਕਾਂਗਰਸ ਦੇ ਰਾਜ ਭਾਗ ਨੂੰ ਖਤਰਾ ਹੈ । ਤੁਸੀਂ ਇਸੇ ਅਸੂਲ ਤੇ ਇਕ ਨਹੀਂ ਹਜ਼ਾਰਾਂ ਫਾਰਮੂਲੇ ਬਣਾਏ, ਤੁਸੀਂ ਪੰਜਾਬੀ ਸੂਬੇ ਬਾਰੇ ਹੁਣ ਤੱਕ ਕਹਿੰਦੇ ਰਹੇ ਹੋ ਕਿ ਪੰਜਾਬੀ ਸੂਬਾ ਹਮਾਰੀ ਲਾਸ਼ ਪਰ ਬਣੇਗਾ ਪੰਜਾਬੀ ਸੂਬਾ ਕਭੀ ਬਣ ਨਹੀਂ ਸਕਤਾ । ਪਰ ਫੇਰ ਤੁਸੀਂ ਜੇ ਬਣਾਇਆ ਤਾਂ ਇਹ ਸੋਚ ਕੇ ਬਣਾਇਆ ਕਿ ਇਹੋ ਇਕ ਇਸ਼ੂ ਹੈ ਜਿਹੜਾ ਝਗੜੇ ਦੀ ਜੜ੍ਹ ਹੈ । ਕੀ ਤੁਹਾਨੂੰ ਇਹ ਖਿਆਲ ਨਹੀਂ ਸੀ ਕਿ ਅਕਾਲੀ ਤੇ ਜਨ ਸੰਘ ਮਿਲ ਜਾਣਗੇ । ਤੁਸੀਂ ਹੁਣ ਤੱਕ ਇਹੋ ਸਮਝਦੇ ਰਹੇ ਕਿ ਇਹ ਆਪਸ ਵਿਚ ਹੋਰ ਝਗੜਨਗੇ । ਪਰ ਹੁਣ ਜਦੋਂ ਕੋਈ ਚਾਰਾ ਚਲਦਾ ਨਜ਼ਰ ਨਾ ਆਇਆ ਤਾਂ ਮੁੜ ਚੰਡੀਗੜ ਦਾ ਰੱਫੜ ਪਾ ਦਿੱਤਾ । ਹੁਣ ਕਦੇ ਤਾਂ ਜਨ ਸੰਘੀਆਂ ਨੂੰ ਕਹਿੰਦੇ ਹਨ ਕਿ ਉਹ ਚੰਡੀਗੜ੍ਹ ਦੇ ਮੁਤਾਲਿਕ ਇਹ ਕਹਿੰਦੇ ਹਨ ਕਦੇ ਅਕਾਲੀਆਂ ਦੀਆਂ ਗੱਲਾਂ ਕਰਦੇ ਹਨ ਕਿ ਉਹ ਚੰਡੀਗੜ੍ਹ ਦੇ ਮੁਤਾਲਿਕ ਇਹ ਕੁਝ ਕਹਿੰਦੇ ਹਨ । ਚੰਡੀਗੜ੍ਹ ਕਿਧਰ ਜਾਵੇ, ਇਸ ਗੱਲ ਦੇ ਵਿਚ ਮੈਂ ਨਹੀਂ ਜਾਣਾ ਚਾਹੁੰਦਾ ਪਰ ਇਕ ਗੱਲ ਮੈਂ ਜ਼ਰੂਰ ਏਥੇ ਕਲੀਅਰ ਕਰ ਦੇਣਾ ਚਾਹੁੰਦਾ ਹਾਂ ਕਿ ਬਤੌਰ ਇਕ ਪੰਜਾਬੀ ਦੇ ਮੇਰਾ ਫਰਜ਼ ਹੈ ਕਿ ਪੰਜਾਬ ਜੇ ਰਹੇ ਤਾਂ ਚੰਗੀ ਤਰ੍ਹਾਂ ਰਹੇ । ਪੰਜਾਬ ਦੀ ਤੱਰਕੀ ਹੋਵੇ । ਜੇ ਚੰਡੀ-ਗੜ੍ਹ ਪੰਜਾਬ ਨੂੰ ਆਂਉਦਾ ਹੈ ਤਾਂ ਸਭ ਤੋਂ ਪਹਿਲਾਂ ਮੇਰਾ ਫਰਜ਼ ਇਹ ਹੈ ਕਿ ਮੈਂ ਇਸ ਦੇ ਹੱਕ ਵਿਚ ਕੰਮ ਕਰਾਂਗਾ । ਗੁਰਨਾਮ ਸਿੰਘ ਵਜ਼ਾਰਤ ਨੂੰ ਮੈਂ ਹੁਣ ਇਹੋ ਅਪੀਲ ਕਰਾਂਗਾ ਕਿ ਚੰਡੀਗੜ੍ਹ ਦੇ ਮੁਤਾਲਿਕ ਹੁਣ ਕੋਈ ਮੁਕੰਮਲ ਫੈਸਲਾ ਹੋਣਾ ਚਾਹੀਦਾ ਹੈ ਤਾਂ ਜੋ ਹਮੇਸ਼ਾਂ ਲਈ ਸਾਡੇ ਲੜਾਈ ਝਗੜੇ ਖਤਮ ਹੋ ਜਾਣ । ਇਹ ਤਮਾਸ਼ਾ ਨਾ ਹੋਵੇ—ਕਿਧਰੇ ਭਗਵਤ ਦਿਆਲ ਕਹਿੰਦਾ ਹੈ ਕਿ ਚੰਡੀਗੜ੍ਹ ਹਰਿਆਣੇ ਕੀ ਮਲਕੀਅਤ ਹੈ । ਉਧਰ ਪੰਜਾਬੀ ਇਹ ਕਹਿੰਦੇ ਕਿ ਚੰਡੀਗੜ੍ਹ ਸਾਡਾ ਹੈ ਇਹ ਅਸੀਂ ਕਿਸੇ ਕੀਮਤ ਤੇ ਛਡਣਾ ਨਹੀਂ । ਇਹ ਗੱਲ ਮੈਂ ਜਨਸੰਘ ਦੇ ਮੁਤਾਲਿਕ ਕਲੀਅਰ ਕਰ ਦੇਣਾ ਚਾਹੁੰਦਾ ਹਾਂ ਕਿ ਪੰਜਾਬ ਦੇ ਜਨਸੰਘ ਦੀ ਇਹ ਮੰਗ ਹੈ ਕਿ ਚੰਡੀਗੜ੍ਹ ਪੰਜਾਬ ਨੂੰ ਮਿਲਣਾ ਚਾਹੀਦਾ ਹੈ । ਇਸ ਗੱਲ ਦੇ ਮੁਤਾਲਿਕ ਕਿਸੇ ਨੂੰ ਵੀ ਕੋਈ ਭੁਲੇਖਾ ਨਹੀਂ ਪੈਣਾ ਚਾਹੀਦਾ । ਇਹ ਕਾਂਗਰਸੀ ਜਿਸਤਰ੍ਹਾਂ ਦੀਆਂ ਗੱਲਾਂ ਕਰਦੇ ਹਨ ਉਹ ਇਸ ਲਈ ਕਰਦੇ ਹਨ ਤਾਂ ਜੋ ਜਨ-ਸੰਘ ਅਤੇ ਅਕਾਲੀਆਂ ਦੀ ਆਪਸ ਵਿਚ ਟੱਕਰ ਲੱਗੀ ਰਹੇ । ਮੈਂ ਤੁਹਾਨੂੰ ਕਲੀਅਰ ਕਟ ਕਹਿੰਦਾ ਹਾਂ ਕਿ ਇਕ ਪਾਸੇ ਤੁਸੀਂ ਕੀ ਕਹਿੰਦੇ ਹੋ ਅਤੇ ਦੂਸਰੇ ਪਾਸੇ ਤੁਹਾਡਾ ਭਗਵਤ ਦਿਆਲ ਕੀ ਕਹਿੰਦਾ ਹੈ । ਕਦੇ ਸੋਚਿਆ ਹੈ । (ਵਿਘਨ)

ਸਪੀਕਰ ਸਾਹਿਬ, ਹੁਣ ਮੈਂ ਪੰਜਾਬੀ ਅਤੇ ਹਿੰਦੀ ਭਾਸ਼ਾ ਦੇ ਮੁਤਾਲਿਕ ਉਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ 1957 ਵਿਚ ਮੈਂ ਇਕ ਸਪੀਚ ਪੰਜਾਬੀ ਦੇ ਮੁਤਾਲਿਕ ਕੀਤੀ ਸੀ ਜਿਸ ਵਿਚ ਮੈਂ ਇਹ ਕਿਹਾ ਸੀ ਕਿ ਪੰਜਾਬੀ ਸਾਡੀ ਮਾਤਰੀ ਬੋਲੀ ਹੈ । ਜਨਸੰਘ ਨੇ ਅਜੇ ਤੱਕ ਕੋਈ ਐਸਾ ਰੈਜ਼ੋਲੀਉਸ਼ਨ ਨਹੀਂ ਲਿਆਦਾਂ ਜਿਹੜਾ ਪੰਜਾਬੀ ਬੋਲੀ ਦੇ ਵਿਰੁਧ ਹੋਵੇ । ਇਹ ਉਹ ਜਮਾਤ ਹੈ ਜਿਹੜੀ ਆਪਣੇ ਇਰਾਦੇ ਦੀ ਪੱਕੀ ਹੈ । ਇਹ ਉਹ ਜਮਾਤ ਹੈ ਜਿਸ ਨੇ ਕਿਹਾ ਸੀ ਕਿ ਉਰਦੂ ਦੀ ਜਗ੍ਹਾ ਫੌਰਨ ਪੰਜਾਬੀ ਰੀਪਲੇਸ ਕਰ ਦਿੱਤੀ ਜਾਵੇ । ਇਸ ਦੇ ਮੁਤਾਲਿਕ ਮਾਸਟਰ ਤਾਰਾ ਸਿੰਘ ਜੀ ਦੀਆਂ ਤਕਰੀਰਾਂ ਆਈਆਂ । ਅਮਰ ਸਿੰਘ ਦੁਸਾਂਝ ਨੂੰ ਵੀ ਇਸ ਗੱਲ ਦਾ ਚੇਤਾ ਹੋਵੇਗਾ ।

(ਵਿਘਨ)

ਅਗੇ ਜਾਕੇ ਕਾਂਗਰਸ ਨੇ ਇਕ ਹੋਰ ਜਹਾਦ ਖੜਾ ਕਰ ਦਿਤਾ । ਇਕ ਤੱਕੜੀ ਪਕੜ ਕੇ ਕਦੇ ਇਹ ਪਾਸਾ ਨੀਵਾਂ ਤੇ ਉਹ ਪਾਸਾ ਉੱਚਾ, ਕਦੇ ਉਹ ਪਾਸਾ ਨੀਵਾਂ ਤੇ ਇਹ ਪਾਸਾ ਉੱਚਾ ਤਾਂ ਕਿ ਹਿੰਦੂ ਅਤੇ ਸਿੱਖ ਰਲ ਕੇ ਨਾ ਬੈਠ ਸਕਣ । ਜੇ ਕੋਈ ਪੰਜਾਬੀ ਵਿਚ ਗੱਲ ਕਰੇ ਤਾਂ ਕਹਿਣਾ ਕਿ ਹਿੰਦੂਆਂ ਦੇ ਦਿਮਾਗ਼ ਤੇ ਅਸਰ ਹੋਇਆ, ਜੇ ਕੋਈ ਹਿਦੀ ਵਿਚ ਗੱਲ ਕਰੇ ਤਾਂ ਕਹਿਣਾ ਕਿ ਸਿੱਖ ਮਾਰੇ ਗਏ । ਇਹ ਹੋ ਗਿਆ, ਉਹ ਹੋ ਗਿਆ । ਇਨ੍ਹਾਂ ਨੇ ਇਹ ਤਰੀਕਾ ਅਖ਼ਤਿਆਰ ਕੀਤਾ ਜ਼ਿਸ ਨਾਲ ਹਿੰਦੂ ਔਰ ਸਿੱਖ ਇਕ ਦੂਜੇ ਦੇ ਖਿਲਾਫ਼ ਖੜੇ ਹੋ ਗਏ । ਹਿੰਦੀ ਔਰ ਪੰਜਾਬੀ ਦੋ ਮੁਤਜ਼ਾਦ ਚੀਜ਼ਾਂ ਬਣਾ ਦਿੱਤੀਆਂ ਔਰ ਲੋਕਾਂ ਦੀਆਂ ਫੀਲਿੰਗਜ਼ ਦੇ ਨਾਲ ਉਨ੍ਹਾਂ ਨੂੰ ਲਿੰਕ ਕਰ ਦਿੱਤਾ । ਮੈਂ ਕਹਿੰਦਾ ਹਾਂ ਕਿ ਹਿੰਦੂ ਔਰ ਸਿੱਖ ਅਲਗ ਨਹੀਂ । ਹਿੰਦੂ ਔਰ ਸਿੱਖ ਦੋਨੋਂ ਗੁਰੂ ਗੋਬਿਦ ਸਿੰਘ ਦੀ ਔਲਾਦ ਹਨ । ਗੁਰੂ ਗੋਬਿੰਦ ਸਿੰਘ ਜੀ ਨੇ ਜਿਹੜੀਆਂ ਕੁਰਬਾਨੀਆਂ ਦਿੱਤੀਆਂ ਹਨ ਉਨ੍ਹਾਂ ਦੀ ਮਿਸਾਲ ਸਾਰੇ ਹਿੰਦੁਸਤਾਨ ਵਿਚ ਨਹੀਂ ਮਿਲਦੀ ਉਨ੍ਹਾਂ ਨੇ ਹਿੰਦੂ ਧਰਮ ਦੀ ਰਖਿਆ ਲਈ ਚਾਰ ਸਾਹਿਬਜ਼ਾਦੇ ਵਾਰ ਦਿਤੇ । ਤੁਹਾਨੂੰ ਕੋਈ ਹਿੰਦੂ ਐਸਾ ਨਹੀਂ ਮਿਲੇਗਾ ਜਿਹੜਾ ਕਿ ਦਸਾਂ ਗੁਰੂਆਂ ਨੂੰ ਭੁਲ ਜਾਵੇ । ਕੋਈ ਐਸਾ ਹਿੰਦੂ ਨਹੀਂ ਮਿਲੇ ਗਾ ਜਿਹੜਾ ਗੁਰੂ ਗੋਬਿੰਦ ਸਿੰਘ ਜੀ ਨੂੰ ਭੁਲ ਜਾਵੇ। ਇਨ੍ਹਾਂ ਨੇ ਇਹ ਕਹਿ ਕਹਿ ਕੇ ਕਿ ਇਹ ਹਿੰਦੂ ਹੈ ਤੇ ਇਹ ਸਿੱਖ ਹੈ ਸਾਡੀਆਂ ਅੱਖਾਂ ਤੇ ਐਸਾ ਸ਼ੀਸ਼ਾ ਚੜ੍ਹਾ ਦਿੱਤਾ ਕਿ ਜਿਸ ਨਾਲ ਅਸੀਂ ਇਸ ਤਰ੍ਹਾਂ ਵੇਖਣ ਲਗ ਪਏ । ਇਹ ਚਾਹੁੰਦੇ ਸਨ ਕਿ ਹਿੰਦੂ ਔਰ ਸਿੱਖ ਇਕੱਠੇ ਨਾ ਹੋਣ । ਇਨ੍ਹਾਂ ਨੂੰ ਦੁੱਖ ਹੈ ਕਿ ਹਾਏ ਅਕਾਲੀ ਅਤੇ ਜਨਸੰਘੀ ਕਿਉਂ ਇੱਕਠੇ ਹੋ ਗਏ ! ਮੈਂ ਅਰਜ਼ ਕਰਦਾ ਹਾਂ ਕਿ ਪੰਜਾਬੀ ਵਾਸਤੇ ਜੋ ਕੁਝ ਵੀ ਕੀਤਾ ਜਾਵੇ ਜਨ ਸੰਘ ਉਸ ਨੂੰ ਵੈਲਕਮ ਕਰੇਗਾ । ਪੰਜਾਬੀ ਨੂੰ ਸੈਕਟੇਰੀਅਟ ਲੈਵਲ ਤੇ ਲੈਜਾਣਾ ਚਾਹੁੰਦੇ ਹਨ ਬੜੀ ਖ਼ੁਸ਼ੀ ਨਾਲ ਲੈ ਜਾਣ । ਜਨਸੰਘ ਵਲਕਮ ਕਰੇਗਾ । ਮੈਂ ਸੰਤ ਬਾਬਾ ਫਤਿਹ ਸਿੰਘ——— (ਵਿਘਨ) ਸਪੀਕਰ ਸਾਹਿਬ, ਇਹ ਝਟ ਬੋਲੀ ਬਦਲਦੇ ਹਨ । ਪੰਜਾਬੀ ਲਈ ਕਹੋ ਤਾਂ ਕਹਿੰਦੇ ਹਨ ਕਿ ਹਾਏ ਹਿੰਦੀ ਲਈ ਕੀ ਕੀਤਾ ਹੈ । ਇਨ੍ਹਾਂ ਨੂੰ ਬੜਾ ਦਰਦ ਹੈ ਹਿੰਦੀ ਅਤੇ ਪੰਜਾਬੀ ਦਾ । ਹਿਦੀ ਲਈ ਸਾਡੇ ਆਦਮੀ ਸ਼ਹੀਦ ਹੋਏ ਇਨ੍ਹਾਂ ਨੂੰ ਕਿੰਨਾਂ ਦੁਖ ਹੈ ਹਿੰਦੀ ਦਾ (ਵਿਘਨ) ਆਪ ਨੇ ਅਪੀਲ ਕੀਤੀ ਹੈ, ਮੇਰੇ ਨਾਲ ਹਾਈ ਕੋਰਟ ਵਿਚ ਲੜ ਲੈਣਾ । ਬੜਾ ਦਰਦ ਉਠਦਾ ਹੈ, ਬੜੇ ਤਿਲਮਲਾਂਦੇ ਨੇ । ਮੈਂ ਪੁਛਦਾ ਹਾਂ ਕਿ ਆਪ ਨੂੰ ਸੰਤ ਫਤਿਹ ਸਿੰਘ ਦੀ ਬੋਲੀ ਨਹੀਂ ਸਮਝ ਆਉਂਦੀ ? ਪੰਜਾਬੀ ਬੋਲਦੇ ਨੇ ਉਹ । ਉਹ ਕਹਿੰਦੇ ਹਨ ਕਿ ਹਿੰਦੀ ਰਾਸ਼ਟਰ ਭਾਸ਼ਾ ਹੈ, ਉਸ ਦੇ ਲਈ ਸਭ ਕੁਝ ਕਰਾਂਗੇ ।

ਅਵਾਜ਼ਾਂ ਕਦੋਂ?

ਸ੍ਰੀ ਲਾਲ ਚੰਦ ਸੱਬਰਵਾਲ : ਵਾਹ ! ਹੁਣ ਪੁਛਦੇ ਨੇ ਕਦੋਂ । ਇਲੈਕਸ਼ਨਾਂ ਤੋਂ ਪਹਿਲਾਂ ਵੀ ਤੇ ਇਲੈਕਸ਼ਨਾਂ ਦੇ ਬਾਦ ਵੀ । ਮੈਂ ਹੈਰਾਨ ਹਾਂ ਇਨ੍ਹਾਂ ਦੀ ਸਮਝ ਕੀ ਹੈ । ਇਨ੍ਹਾਂ ਨੇ ਸਰਦਾਰ ਗੁਰਨਾਮ ਸਿੰਘ ਦੀਆਂ ਤਕਰੀਰਾਂ ਨਹੀਂ ਸੁਣੀਆਂ । ਸਰਦਾਰ ਗੁਰਨਾਮ ਸਿੰਘ ਦੀਆਂ ਤਕਰੀਰਾਂ ਨਹੀਂ ਸਮਝ ਸਕਦੇ ?(ਵਿਘਨ) ਕੀ ਤੁਹਾਨੂੰ ਸਮਝ ਨਹੀਂ ਆਉਂਦੀ ਜੋ ਉਹ ਕਹਿੰਦੇ ਨੇ? ਉਹ ਕਹਿੰਦੇ ਨੇ ਕਿ ਹਿੰਦੀ ਰਾਸ਼ਟਰ ਭਾਸ਼ਾ ਹੈ ਉਸ ਨੂੰ ਦਰਜਾ ਦਿਆਂਗੇ। ਮੈਂ ਪੁਛਦਾ ਹਾਂ ਕਿ ਆਪ ਨੂੰ ਹੁਣ ਕਿਉਂ ਸਮਝ ਨਹੀਂ ਆਉਂਦੀ ? ਪਹਿਲੇ ਵੀਹ ਸਾਲ ਤਕ ਕਾਂਗਰਸ ਇਸ ਗੱਲ ਲਈ ਤਿਆਰ ਸੀ । ਪੰਜਾਬ ਵਿਚ ਬਿਲ ਪਾਸ ਹੋਇਆ, ਸੈਂਟਰ ਵਿਚ ਐਕਟ ਬਣਿਆ, ਪਰ ਫ਼ਸਲਾ ਇਹ ਕੀਤਾ ਕਿ ਅੰਗਰੇਜ਼ੀ ਨੂੰ ਅਨ-ਲਿਮਟਿਡ ਟਾਈਮ ਤਕ ਰਖਿਆ ਜਾਵੇ । ਹਿੰਦੀ ਦੀ ਜ਼ਰੂਰਤ ਨਹੀਂ ਹੈ । ਤੁਸੀਂ ਸੁਣਿਆ ਨਹੀਂ ਕਿ ਗਿੱਲ ਸਾਹਿਬ ਨੇ ਵਜ਼ੀਰਾਂ ਦੀ ਕਾਨਫਰੰਸ ਵਿਚ ਕਿਹਾ ਹੈ

(ਸ੍ਰੀ ਲਾਲ ਚੰਦ ਸੱਬਰਵਾਲ)

ਕਿ ਹਿੰਦੀ ਨੂੰ ਫੌਰਨ ਬਤੌਰ ਨੈਸ਼ਨਲ ਲੈਂਗੁਏਜ਼ ਲਾਗੂ ਕੀਤਾ ਜਾਵੇ। ਮੈਨੂੰ ਬੜੀ ਹੈਰਾਨੀ ਹੈ ਕਿ ਤੁਸੀਂ ਕਿੰਨੀ ਦੇਰ ਤਕ ਲੋਕਾਂ ਨੂੰ ਗੁਮਰਾਹ ਕਰ ਸਕਦੇ ਹੋ ? ਅਗਰ ਅਸੀਂ ਇਹ ਕਹਿੰਦੇ ਹਾਂ ਕਿ ਅਸੀਂ ਪੰਜਾਬ ਵਿਚ ਹਿੰਦੀ ਦੀ ਤਰੱਕੀ ਲਈ ਡਾਇਰੈਕਟੋਰੇਟ ਖੋਲ ਦਿਆਂਗੇ, ਪੰਜਾਬ ਵਿਚ ਹਿੰਦੀ ਦੀ ਤਰੱਕੀ ਕਰਾਂਗੇ, ਤੁਸੀਂ ਸੁਣਦੇ ਹੀ ਨਹੀਂ । ਕਹਿੰਦੇ ਨੇ ਇਸ ਬਜਟ ਵਿਚ ਕੀ ਕੀਤਾ ਹੈ। ਇਹ ਬਜਟ ਤਾਂ ਜ਼ਿਆਦਾ ਤੁਹਾਡਾ ਹੀ ਬਣਾਇਆ ਹੋਇਆ ਹੈ । ਜੇ ਤੁਹਾਨੂੰ ਹਿੰਦੀ ਨਾਲ ਬਹੁਤ ਪਿਆਰ ਸੀ ਤਾਂ ਹਿੰਦੀ ਵਿਭਾਗ ਨੂੰ ਹਰਿਆਣੇ ਕਿਉਂ ਭੇਜ ਦਿਤਾ । ਕੁਝ ਇੱਥੇ ਵੀ ਰਖ ਲੈਂਦੇ, ਲੇਕਿਨ ਚੇਤਾ ਹੀ ਨਹੀਂ ਆਇਆ। ਸਪੀਕਰ ਸਾਹਿਬ, ਇਨ੍ਹਾਂ ਨੂੰ ਕੀ ਪਤਾ ਸੀ ਕਿ ਜਨਸੰਘ ਅਤੇ ਅਕਾਲੀ ਰਲ ਜਾਣਗੇ ਅਤੇ ਸਾਨੂੰ ਹਿੰਦੀ ਦੇ ਗੁਣ ਗਾਉਣੇ ਪੈਣਗੇ । ਅਜ ਕਹਿੰਦੇ ਨੇ ਇਸ ਪੋਥੇ ਵਿਚ ਨਹੀਂ ਹੈ, ਇਥੇ ਕੁਝ ਨਹੀਂ ਹੈ ਅਸੀਂ ਕਹਿੰਦੇ ਹਾਂ ਕਿ ਪੰਜ਼ਾਬੀ ਅਤੇ ਹਿੰਦੀ ਜਿਸ ਤਰ੍ਹਾਂ ਤੁਹਾਡੇ ਸਕੂਲਾਂ ਵਿਚ ਚਲ ਰਹੀ ਹੈ । ਅਸੀਂ ਰਖਾਂਗੇ ਅਤੇ ਰਖ ਰਹੇ ਹਾਂ। ਤੁਸੀਂ ਕੀ ਕੀਤਾ ਸੀ ? ਇਕ ਤਰਫ਼ ਸੱਚਰ ਫ਼ਾਰਮੂਲਾ ਬਣਾਇਆ । ਇਕ ਤਰਫ਼ ਪੈਪਸੂ ਫ਼ਾਰਮੂਲਾ ਬਣਾਇਆ, ਇਕ ਪਾਸੇ ਰਿਜਨਲ ਫਾਰਮੂਲਾ ਬਣਾ ਦਿਤਾ । ਸਾਰਾ ਕਨਫਿਊਜ਼ਨ । ਲੇਕਿਨ ਮੈਂ ਚੀਫ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਭਾਸ਼ਾ ਦਾ ਮਾਮਲਾ ਅਜੇ ਹਲ ਨਹੀਂ ਕਰਨਾ ਚਾਹੀਦਾ ਜਦ ਤਕ ਹਿੰਦੂ ਔਰ ਸਿੱਖ ਇਕ ਨਾ ਹੋ ਜਾਣ , ਇਨ੍ਹਾਂ ਦੇ ਦਿਲਾਂ ਵਿਚ ਏਕਤਾ ਨਾ ਆ ਜਾਵੇ । ਜਦ ਤਕ ਏਕਤਾ ਵਿਲੇਜ ਲੈਵਲ ਅਤੇ ਤਹਿਸੀਲ ਲੈਵਲ ਤਕ ਨਹੀਂ ਹੁੰਦੀ ਉਸ ਵਕਤ ਤਕ ਭਾਸ਼ਾ ਦਾ ਮਾਮਲਾ ਹਲ ਨਹੀਂ ਕਰਨਾ ਚਾਹੀਦਾ । ਇਥੇ ਮੇਰੇ ਭਰਾ ਪਰਬੋਧ ਚੰਦਰ ਔਰ ਮੋਹਨ ਲਾਲ ਹੋਰੀਂ ਹਿੰਦੀ ਦਾ ਰੋਣਾ ਰੋਂਦੇ, ਨੇ ਲੇਕਿਨ ਸਰਦਾਰ ਅਮਰ ਸਿੰਘ ਹੋਰੀਂ ਹਿੰਦੀ ਦਾ ਰੋਣਾ ਕਿਉਂ ਨਹੀਂ ਰੋਂਦੇ, ਕੀ ਵਜ੍ਹਾ ਹੈ ? ਫ਼ਿਰਕਾਪ੍ਰਸਤੀ ਦੀ ਲਾਈਨ ਤੇ ਚਲ ਰਹੇ ਹਨ। (ਅਚਾਰੀਆ ਪ੍ਰਿਥਵੀ ਸਿੰਘ ਆਜ਼ਾਦ ਵਲੋਂ ਵਿਘਨ) ਅਚਾਰੀਆ ਜੀ ਨੂੰ ਕਦੀ ਕਦੀ ਪੁਰਾਣੀ ਬਾਤ ਯਾਦ ਆ ਜਾਂਦੀ ਹੈ ਤੇ ਇਕ ਅਧੀ ਢਾਹ ਮਾਰ ਦਿੰਦੇ ਹਨ ਨਹੀਂ ਤਾਂ ਚੁਪ ਰਹਿੰਦੇ ਹਨ । ਮੈਂ ਕਹਿ ਰਿਹਾ ਸੀ ਕਿ ਚੀਫ ਮਨਿਸਟਰ ਸਾਹਿਬ ਨੂੰ ਉਸ ਵਕਤ ਤਕ ਭਾਸ਼ਾ ਦਾ ਮਸਲਾ ਹਲ ਨਹੀਂ ਕਰਨਾ ਚਾਹੀਦਾ ਜਦ ਤਕ ਪੰਜਾਬ ਦਾ ਮਾਹੌਲ ਠੀਕ ਨਾ ਹੋ ਜਾਵੇ । ਜਦ ਤਕ ਹਿੰਦੂ ਔਰ ਸਿੱਖ ਰਲ ਕੇ ਇਕ ਥਾਂ ਨਹੀਂ ਬਠ ਜਾਂਦੇ । ਕੋਈ ਪੰਜਾਬੀ ਵਿਚ ਬੋਲਦਾ ਹੈ ਤਾਂ ਕਹਿੰਦੇ ਹਨ ਹਾਏ ਹਿੰਦੀ । ਜੇ ਕੋਈ ਹਿੰਦੀ ਵਿਚ ਬੋਲਦਾ ਹੈ ਤਾਂ ਕਹਿੰਦੇ ਹਨ ਹਾਏ ਪੰਜਾਬੀ । ਜਦ ਤਕ ਮਾਹੌਲ ਠੀਕ ਨਾ ਹੋ ਜਾਵੇ ਤਾਂ ਭਾਸ਼ਾਂ ਦਾ ਮਾਮਲਾ ਅਸੀਂ ਇਨ੍ਹਾਂ ਦੇ ਕਹਿਣ ਤੇ ਠੀਕ ਨਹੀਂ ਕਰਨਾ । ਇਨ੍ਹਾਂ ਦੇ ਕਹਿਣ ਨਾਲ ਕੁਝ ਨਹੀਂ ਹੋਣ ਲਗਾ । ਕਾਵਾਂ ਦੇ ਆਖੇ ਢੱਗੇ ਨਹੀਂ ਮਰਦੇ । ਅਸੀਂ ਹਲ ਕਰਾਂਗੇ, ਪੰਜਾਬ ਦੀ ਸਰਕਾਰ ਹਲ ਕਰੇਗੀ । ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਕਾਂਗਰਸ ਦੀ ਸਰਕਾਰ ਪਿਛਲੇ ਵੀਹਾਂ ਸਾਲਾਂ ਵਿਚ ਪੰਜਾਬੀ ਅਤੇ ਹਿੰਦੀ ਦਾ ਮਸਲਾ ਹਲ ਨਹੀਂ ਕਰ ਸਕੀ । ਅਸੀਂ, ਜਿਨ੍ਹਾਂ ਨੇ ਕੁਰਬਾਨੀਆਂ ਕੀਤੀਆਂ ਹਨ, ਜੇਲ੍ਹਾਂ ਭਰੀਆਂ ਅਤੇ ਜੇਲ੍ਹਾਂ ਵਿਚ ਗੋਲੀਆਂ ਖਾਧੀਆਂ, ਅਸੀਂ ਇਸ ਮਸਲੇ ਨੂੰ ਹਲ ਕਰਾਂਗੇ। ਲੇਕਿਨ ਇਹ ਬਾਰ ਬਾਰ ਇਹੋ ਗੱਲ ਕਹੀਂ ਜਾਂਦੇ ਹਨ ਕਿ ਦੋ ਮਹੀਨਿਆਂ ਵਿਚ ਇਸ ਮਸਲੇ ਨੂੰ ਹਲ ਕਰ ਦਿਉ ਇਸ ਲਈ ਮਾਹੌਲ ਕ੍ਰੀਏਟ ਹੋਣਾ ਚਾਹੀਦਾ ਹੈ । ਮੈਂ ਆਪਣੇ ਆਪੋਜ਼ੀਸ਼ਨ ਦੇ ਦੋਸਤਾਂ ਨੂੰ ਕਹਿਣਾ ਚਾਹੁੰਦਾ ਹਾਂ ਜਿਨ੍ਹਾਂ ਨੂੰ ਹਿੰਦੀ ਦਾ ਬੜਾ ਦੁਖ ਹੈ , ਜਿਨ੍ਹਾਂ ਨੂੰ ਪੰਜਾਬੀ ਦਾ ਬੜਾ ਦੁਖ ਹੈ, ਜਿਹੜੇ ਕਹਿੰਦੇ ਨੇ ਮਾਰੇ ਗਏ, ਲੁਟੇ ਗਏ, ਕੁਝ ਨਹੀਂ ਬਣਿਆ, ਕਿ ਪੰਜਾਬ ਗੌਰਮਿੰਟ ਵਿਚ ਬੇਸ਼ਕ ਜਨਸੰਘੀ ਹਨ, ਸੰਤ ਗਰੁਪ ਹੈ ਅਤੇ ਦਸਰੇ ਗਰੁਪ ਵੀ ਹਨ, ਬੜਾ ਸੋਚ ਕੇ ਔਰ ਪੱਕਾ ਫੈਸਲਾ ਕਰੇਗੀ। ਔਰ ਉਹ ਐਸਾ ਫ਼ੈਸਲਾ ਹੋਵੇਗਾ ਕਿ ਜਿਸ ਵਿਚ ਕੋਈ ਹੇਠਲੀ ਉਤਲੀ

ਨਹੀਂ ਹੋਵੇਗੀ ? ਆਪ ਚਾਹੇ ਕਹਿੰਦੇ ਰਹੋ, ਮਾਰੇ ਗਏ ਓ ਜਥੇਦਾਰੋ, ਮਾਰੇ ਗਏ ਓ ਪੰਡਤੋ। ਮੇਰੇ ਇਕ ਦੋਸਤ ਨੇ ਕਿਹਾ ਹੈ ਕਿ ਇਥੇ ਬੜੀ ਹਨੇਰਗਰਦੀ ਮਚੀ ਹੋਈ ਹੈ, ਉਨ੍ਹਾਂ ਨੇ ਵਾਵੇਲ੍ਹਾ ਕੀਤਾ ਹੈ ਕਿ ਜਮਹੂਰੀਅਤ ਖਤਮ ਹੋ ਗਈ ਹੈ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਚੰਡੀਗੜ੍ਹ ਵਿਚ ਕਾਂਗਰਸ ਦੀ ਹਕੂਮਤ ਹੈ। ਚੰਡੀਗੜ੍ਹ ਵਿਚ ਕਾਂਗਰਸ ਦੀ ਪੁਲਿਸ ਹੈ। ਦਿੱਲੀ ਜਾਕੇ ਰੋਵੋ, ਪਿੱਟੋ। ਇੰਦਰਾ ਗਾਂਧੀ ਨੂੰ ਕਹੋ ਕਿ ਅਸਤੀਫਾ ਦੇ ਦੇਵੇ। ਸਾਡੇ ਇਕ ਮੈਂਬਰ ਤੇ ਹਮਲਾ ਹੋਇਆ ਹੈ — (ਵਿਘਨ) ਮੈਂ ਉਸ ਨੂੰ ਕਨਡੈਮ ਕਰਦਾ ਹਾਂ। ਲੇਕਿਨ ਮੈਂ ਇਨ੍ਹਾ ਨੂੰ ਪੁਛਦਾ ਹਾਂ ਕਿ ਇਨ੍ਹਾਂ ਨੂੰ ਉਹ ਵਕਤ ਭੁਲ ਗਿਆ ਹੈ ਜਦੋਂ ਭਵਾਨੀ ਸਟੈਂਡ ਤੇ ਡਾਕਟਰ ਮੰਗਲ ਸੈਨ ਨੂੰ ਇਨ੍ਹਾਂ ਨੇ ਲਾਠੀਆਂ ਮਾਰੀਆਂ ਸਨ।

12.00 Noon

ਉਸੇ ਕਾਂਗਰਸੀ ਸਰਕਾਰ ਨੇ ਡਾਕਟਰ ਬਲਦੇਵ ਪ੍ਰਕਾਸ਼ ਔਰ ਸ੍ਰੀ ਬਲਰਾਮਜੀ ਦਾਸ ਟੰਡਨ ਨੂੰ ਫਿਰੋਜ਼ਪੁਰ ਜੇਲ ਦੇ ਅੰਦਰ ਬਾਰਕਾ ਵਿਚ ਲਾਠੀਆਂ ਨਾਲ ਕੁਟਿਆ। ਬਠਿੰਡੇ ਵਿਚ ਅਪਰਾਧੀਆਂ ਉਤੇ ਜੇਲ ਵਿਚ ਗੋਲੀ ਚਲਾਈ। ਇਸੇ ਸਰਕਾਰ ਦੇ ਖਿਲਾਫ਼ ਕੋਰਟ ਵਿਚ ਹਰਜਾਨੇ ਦਾ ਦਾਵਾ ਕੀਤਾ ਗਿਆ ਔਰ ਕੋਰਟ ਨੇ ਡਿਗਰੀ ਦਿਤੀ। ਇਕ ਐਮ. ਐਲ. ਏ. ਨੂੰ ਪੁਲਿਸ ਸਟੇਸ਼ਨ ਦੇ ਬਾਹਰ ਸੜਕ ਦੇ ਉਤੇ ਸਤ ਵਜੇ ਸਵੇਰ ਤੋਂ ਲੈਕੇ ਰਾਤ ਬਾਰਾਂ ਬਜੇ ਤਕ ਜ਼ਮੀਨ ਉਤੇ ਲੰਮਾ ਪਾਈ ਰਖਿਆ। ਉਸ ਨੂੰ ਖਾਣ ਨੂੰ ਵੀ ਕੁਝ ਨਾ ਦਿਤਾ। ਕੋਰਟ ਨੇ ਡਿਗਰੀਆਂ ਦਿਤੀਆਂ ਫ਼ਤਵੇ ਦਿਤੇ। ਅਜ ਉਨ੍ਹਾਂ ਲੋਕਾਂ ਨੂੰ ਰਵਾਇਤਾਂ ਯਾਦ ਆਉਂਦੀਆਂ ਹਨ ਜਮਹੂਰੀਅਤ ਦੀਆਂ ? ਇਹੀ ਪੰਡਿਤ ਮੋਹਨ ਲਾਲ ਬਤੌਰ ਹੋਮ ਮਿਨਿਸਟਰ ਇਸ ਤਰ੍ਹਾਂ ਨਾਲ ਵਰਤਾਉ ਕਰਦੇ ਰਹੇ ਜਿਵੇਂ ਕੋਈ ਡਿਕਟੇਟਰ ਹੁੰਦਾ ਹੈ। ਜਦ ਗੱਲ ਵੀ ਕਰਨੀ ਤਾਂ ਬੜਾ ਮੂੰਹ ਮਰੋੜ ਕੇ, ਵਿੰਗਾ ਕਰਕੇ ਔਰ ਬੜੀ ਨਫ਼ਰਤ ਦੀ ਨਿਗਾਹ ਨਾਲ ਕਿਹਾਂ ਕਰਦੇ ਸਨ "ਬੈਠ ਜਾਓ" ਅੱਜ ਉਨ੍ਹਾਂ ਨੂੰ ਜਮਹੂਰੀਅਤ ਯਾਦ ਆ ਗਈ ਹੈ।

ਸ੍ਰੀ ਸਪੀਕਰ : ਬਸ ਕਰੋ, ਹੁਣ ਵਾਈਂਡ ਅਪ ਕਰੋ। (Please wind up now.)

ਸ੍ਰੀ ਲਾਲ ਚੰਦ ਸੱਬਰਵਾਲ : ਇਕ ਦੋ ਗਲਾਂ ਤੁਹਾਡੀ ਇਜਾਜ਼ਤ ਨਾਲ ਕਹਿ ਕੇ ਖਤਮ ਕਰਨ ਲਗਾ ਹਾਂ। ਸਪੀਕਰ ਸਾਹਿਬ, ਜਿਥੇ ਪੁਲਿਸ ਦੇ ਮਹਿਕਮੇ ਬਾਰੇ ਇਤਰਾਜ਼ ਕੀਤੇ ਗਏ ਉਥੇ ਘੋੜਿਆਂ ਦਾ ਵੀ ਜ਼ਿਕਰ ਕੀਤਾ ਗਿਆ। ਮੈਂ ਇਹ ਸੁਝਾਵ ਦਿਆਂਗਾ ਕਿ ਉਨ੍ਹਾਂ ਨੂੰ ਮੋਟਰ ਸਾਈਕਲ ਦੇ ਦਿਉ। ਇਸ ਦੇ ਨਾਲ ਨਾ ਸਿਰਫ਼ ਖਰਚ ਵੀ ਬਚੇਗਾ ਸਗੋਂ ਪੁਲਿਸ ਦੇ ਕੰਮ ਦੀ ਵਰਕਿੰਗ ਵੀ ਐਫ਼ੀਸ਼ੈਂਟ ਹੋ ਜਾਵੇਗੀ। ਹੁਣ ਉਨ੍ਹਾਂ ਨੂੰ ਨੱਸਣਾ ਪੈਂਦਾ ਹੈ। ਇਸ ਲਈ ਕਮ ਅਜ਼ ਕਮ ਪੁਲਿਸ ਦੇ ਮਹਿਕਮੇ ਨੂੰ ਘੋੜਿਆਂ ਦੀ ਥਾਂ ਮੋਟਰਸਾਈਕਲ ਜ਼ਰੂਰ ਦੇ ਦੇਣੇ ਚਾਹੀਦੇ ਹਨ।

ਇਸ ਤੋਂ ਅਲਾਵਾ ਇਕ ਇਹ ਵੀ ਸੁਝਾਵ ਦੇਵਾਂਗਾ ਕਿ ਸਾਰੇ ਐਸ. ਐਚ. ਓਜ਼. ਨੂੰ ਇਹ ਹਿਦਾਇਤਾਂ ਕਰ ਦੇਣੀਆਂ ਚਾਹੀਦੀਆਂ ਹਨ ਕਿ ਉਹ ਥਾਣੇ ਵਿਚ ਹਾਜ਼ਰ ਰਿਹਾ ਕਰਨ। ਇਨਵੈਸਟੀਗੇਸ਼ਨ ਕਰਨ ਵਾਸਤੇ ਉਨ੍ਹਾਂ ਨੂੰ ਅਪਣੀ ਥਾਂ ਦੂਸਰੇ ਸਟਾਫ ਨੂੰ ਏ. ਐਸ. ਆਈਜ਼ ਨੂੰ ਭੇਜਣਾ ਚਾਹੀਦਾ ਹੈ ਇਸ ਦੇ ਨਾਲ ਵੀ ਉਨ੍ਹਾਂ ਦੀਆਂ ਅਨੁਅਲ ਰਿਪੋਰਟਾਂ ਵਿਚ ਇਹ ਨਾ ਵੇਖਿਆ ਜਾਵੇ ਕਿ ਇਨ੍ਹਾਂ ਨੇ ਕਿਤਨੇ ਕੇਸ ਆਪ ਜਾ ਕੇ ਇਨਵੈਸਟੀਗੇਟ ਕੀਤੇ ਹਨ।

[ਸ੍ਰੀ ਲਾਲ ਚੰਦ ਸੱਬਰਵਾਲ]

ਤੀਜੀ ਗੱਲ ਇਹ ਹੈ ਕਿ ਇਨਵੈਸਟੀਗੇਟਿੰਗ ਏਜੰਸੀ ਨੂੰ ਪ੍ਰਾਸੀਕਿਊਟਿੰਗ ਏਜੰਸੀ ਨਾਲੋਂ ਵਖਰਾ ਕੀਤਾ ਜਾਣਾ ਚਾਹੀਦਾ ਹੈ। ਇਸ ਦੇ ਨਾਲ ਵਰਕਿੰਗ ਵਿਚ ਇੰਪਰੂਵਮੈਂਟ ਹੋ ਸਕੇਗੀ। ਉਹੀ ਅਫਸਰ ਲਾ ਐਂਡ ਆਰਡਰ ਨੂੰ ਮੇਨਟੇਨ ਕਰਨ ਲਈ ਦੌੜੇ ਫਿਰਨ ਔਰ ਉਹੀ ਇਨਵੈਸ-ਟੀਗੇਸ਼ਨ ਲਈ ਜਾਣ ਇਹ ਬੜੀ ਮੁਸ਼ਕਲ ਗੱਲ ਹੈ। ਵਾਚ ਐਂਡ ਵਾਰਡ ਦਾ ਕੰਮ ਅਲਗ ਹੋਣਾ ਚਾਹੀਦਾ ਹੈ।

ਇਸ ਤੋਂ ਅਲਾਵਾ ਮੈਂ ਸਰਦਾਰ ਗੁਰਨਾਮ ਸਿੰਘ ਜੀ ਨੂੰ ਕਹਾਂਗਾ ਕਿ ਹਰ ਜ਼ਿਲੇ ਵਿਚ ਵਿਜੀਲੈਂਸ ਕਮੇਟੀ ਬਣਾਈ ਜਾਣੀ ਚਾਹੀਦੀ ਹੈ ਤਾਕਿ ਉਹ ਕਮੇਟੀ ਸਾਰੇ ਫੈਕਟਸ ਇਕੱਠੇ ਕਰਕੇ ਪ੍ਰਾਸੈਸ ਕਰਕੇ ਉਸ ਉਪਰ ਵਾਲੀ ਕਮੇਟੀ ਦੇ ਸਾਹਮਣੇ ਪਲੇਸ ਕਰੇ (ਘੰਟੀ) ਪ੍ਰੋਹਿਬੀਸ਼ਨ ਪਾਲਿਸੀ ਬਾਰੇ ਵੀ ਦੋ ਸ਼ਬਦ ਕਹਿਣੇ ਹਨ। ਇਹ ਪਾਲਿਸੀ ਮਹਾਤਮਾ ਗਾਂਧੀ ਜੀ ਦੇ ਚੇਲਿਆਂ ਨੇ ਚਲਾਈ ਔਰ ਇਹ ਫੈਸਲਾ ਕੀਤਾ ਕਿ ਸ਼ਰਾਬ ਦਾ ਸਿਲਸਿਲਾ ਬੰਦ ਕਰ ਦਿਉ। ਬਾਹਰ ਤਾਂ ਬੰਦ ਕਰ ਦਿਤੀ ਮਗਰ ਆਪ ਘਰ ਬੈਠ ਕੇ ਪੀਂਦੇ ਸਨ। ਮੈਂ ਸਮਝਦਾ ਹਾਂ ਕਿ ਕਈ ਚੀਜ਼ਾਂ ਇੰਪਰੈਕਟੀਕੇਬਲ ਹੁੰਦੀਆਂ ਹਨ। ਇਹ ਜਿਹੜੀ ਪ੍ਰੋਹਿਬੀਸ਼ਨ ਦੀ ਪਾਲਿਸੀ ਹੈ ਇਸ ਨੂੰ ਮੁੜ ਕੇ ਦੇਖਣਾ ਚਾਹੀਦਾ ਹੈ। ਇਸ ਨੇ ਸਾਰੇ ਪੰਜਾਬ ਨੂੰ ਇਕ ਕ੍ਰਿਮਿਨਲ ਨੇਸ਼ਨ ਬਣਾ ਦਿਤਾ। ਬੇਸ਼ੁਮਾਰ ਕੇਸਿਜ਼ ਇਸ ਸਬੰਧ ਵਿਚ ਥਾਣਿਆਂ ਵਿਚ ਦਰਜ ਹੋਏ ਹਜ਼ਾਰਾਂ ਦੀ ਤਾਦਾਦ ਵਿਚ ਹਿਸਟਰੀ ਸ਼ੀਟ ਖੋਲੇ ਗਏ ਪਰ ਹੋਇਆ ਕੀ ? ਕਾਂਗਰਸ ਸਰਕਾਰ ਸਾਰੇ ਦੇਸ਼ ਦੇ ਵਿਚ ਪ੍ਰੋਹਿਬੀਸ਼ਨ ਨੂੰ ਲਾਗੂ ਨਹੀਂ ਕਰ ਸਕੀ। ਪੰਜਾਬ ਦੇ ਕੁਝ ਹਿਸੇ ਵਿਚ ਲਾਗੂ ਕੀਤੀ। ਇਕ ਪਾਸੇ ਪ੍ਰੋਹਿਬੀਸ਼ਨ ਕੀਤੀ ਔਰ ਦੂਸਰੇ ਪਾਸੇ ਲੋਕਾਂ ਨੂੰ ਕਿਹਾ ਕਿ ਸਮੱਗਲਿੰਗ ਕਰੋ। ਇਹ ਸਾਰੀ ਚੀਜ਼ ਗਲਤ ਸੀ ਔਰ ਇਸ ਦੇ ਸਿੱਟੇ ਨਿਹਾਇਤ ਬੁਰੇ ਨਿਕਲੇ ਹਨ। ਜਾਂ ਤਾਂ ਪ੍ਰੋਹਿਬੀਸ਼ਨ ਸਾਰੇ ਮੁਲਕ ਵਿਚ ਹੋਵੇ—ਥਰੂਆਊਟ ਇੰਡੀਆ ਹੋਵੇ, ਨਹੀਂ ਤਾਂ ਇਹ ਜਿਹੜੀ ਡੋਡਿਆਂ ਦੀ ਸਮਗਲਿੰਗ ਹੈ ਇਹ ਤਾਂ ਪੰਜਾਬ ਵਿਚ ਬੜੇ ਲਾਰਜ ਸਕੇਲ ਉਤੇ ਹੋ ਰਹੀ ਹੈ। ਮੈਂ ਜਾਣਦਾ ਹਾਂ, ਉਨ੍ਹਾਂ ਹਲਕਿਆਂ ਦਾ ਨਾਂ ਨਹੀਂ ਲੈਣਾ ਚਾਹੁੰਦਾ ਉਹ ਇਸ ਗੱਲ ਵਿਚ ਬੜੇ ਮਸ਼ਹੂਰ ਹਨ ਔਰ ਉਨ੍ਹਾਂ ਵਿਚੋਂ ਹੀ ਸਾਡੇ ਇਕ ਦੋ ਕਾਂਗਰਸੀ ਮੈਂਬਰ ਵੀ ਆਏ ਹੋਏ ਹਨ। ਉਥੇ ਡੋਡੇ ਆ ਕੇ ਟਰੱਕਾਂ ਦੇ ਟਰੱਕ ਵਿਕਦੇ ਹਨ। ਇਸ ਪਾਲਿਸੀ ਨੂੰ ਰੀਵਾਈਜ਼ ਕਰਨ ਦੀ ਲੋੜ ਹੈ ਖਾਸ ਤੌਰ ਤੇ ਜਦ ਨੇਬਰਿੰਗ ਸਟੇਟਸ ਵਿਚ—ਯੂ.ਪੀ. ਔਰ ਦੂਸਰੀਆਂ ਸਟੇਟਸ ਵਿਚ ਔਰ ਥਰੂਆਊਟ ਇੰਡੀਆਂ ਨਹੀਂ ਹੈ ਤਾਂ ਪੰਜਾਬ ਤੇ ਹੀ ਇਹ ਕਿਉਂ ਲਾਗੂ ਕੀਤੀ ਜਾਵੇ ? ਇਸ ਲਈ ਮੈਂ ਬੜੇ ਜ਼ੋਰਦਾਰ ਸ਼ਬਦਾਂ ਨਾਲ ਕਹਾਂਗਾ ਕਿ ਇਸ ਪਾਸੇ ਸਰਕਾਰ ਨੂੰ ਫੌਰੀ ਤੌਰ ਤੇ ਧਿਆਨ ਦੇਣਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਨਾਲ ਮੈਂ ਆਪ ਦਾ ਧੰਨਵਾਦ ਕਰਦਾ ਹਾਂ ਔਰ ਆਸ ਕਰਦਾ ਹਾਂ ਕਿ ਅਗਰ ਕੋਈ ਕਸਰ ਰਹਿ ਗਈ ਹੋਵੇ ਤਾਂ ਉਹ ਚੀਫ ਮਨਿਸਟਰ ਸਾਹਿਬ ਪੂਰੀ ਕਰ ਦੇਣਗੇ।

Mr. Speaker: Hon'ble Chief Minister.

ਪੰਡਤ ਮੋਹਨ ਲਾਲ : ਆਨ ਏ ਪੁਆਇੰਟ ਆਫ ਆਰਡਰ ਸਰ। ਸਾਡੀ ਪਾਰਟੀ ਦੇ ਤਾਂ ਸਿਰਫ ਦੋ ਹੀ ਆਦਮੀ ਬੋਲੇ ਹਨ। ਅਗਰ ਮੁਨਾਸਿਬ ਸਮਝੋ ਤਾਂ ਸਿਟਿੰਗ ਦਾ ਟਾਈਮ ਵਧਾ ਦਿਓ। ਸਾਨੂੰ ਕੋਈ ਇਤਰਾਜ਼ ਨਹੀਂ ਮਗਰ ਸਾਡੇ ਵਲੋਂ ਦੋਸਾਂਝ ਸਾਹਿਬ ਨੂੰ ਜ਼ਰੂਰ ਟਾਈਮ ਦਿਉ।

ਸ੍ਰੀ ਸਪੀਕਰ : ਦੋ ਨਹੀਂ ਬੋਲੇ, ਜ਼ਿਆਦਾ ਬੋਲੇ ਹਨ। (ਵਿਘਨ) ਮੈਂ ਤਾਂ ਲੀਡਰ ਆਫ ਦੀ ਆਪੋਜ਼ੀਸ਼ਨ ਨੂੰ ਕਿਹਾ ਸੀ ਕਿ ਆਪੋ ਵਿੱਚ ਟਾਈਮ ਵੰਡ ਲਉ ਤਾਂ ਅੱਛਾ ਹੈ। (Not

two but more members have spoken from the Opposition side. I told the Leader of the Opposition that it would be better if the allocation of time was made among themselves.)

ਪੰਡਤ ਮੋਹਨ ਲਾਲ : ਸਾਡੀ ਪਾਰਟੀ ਦਾ ਟਾਈਮ ਅਜੇ ਬਾਕੀ ਹੈ (ਵਿਘਨ)। ਸਾਨੂੰ ਕੋਈ ਇਤਰਾਜ਼ ਨਹੀਂ ਅਗਰ ਚਾਹੋ ਤਾਂ ਟਾਈਮ ਵਧਾ ਲਓ।

ਸ਼੍ਰੀ ਸਪੀਕਰ : ਇਥੇ ਹੀ ਕੌਂਸਿਲ ਨੇ ਮੀਟ ਕਰਨਾ ਹੈ। ਆਈ ਐਮ ਸਾਰੀ। (The Legislative Council has to meet in this Chamber. I am sorry)

ਪੰਡਤ ਮੋਹਨ ਲਾਲ : ਇਸ ਦਾ ਕੀ ਮਤਲਬ ਹੈ ? ਦੋ ਦਿਨ ਜਨਰਲ ਡਿਸਕਸ਼ਨ ਤੇ ਪਹਿਲਾਂ ਸਾਡੇ ਆਦਮੀ ਨਹੀਂ ਬੋਲੇ। ਹੁਣ ਇਹ ਗੱਲ ਨਹੀਂ ਹੋਣੀ ਚਾਹੀਦੀ ਕਿ ਸਾਡੀ ਪਾਰਟੀ ਦਾ ਟਾਈਮ ਵੀ ਉਹ ਲੈ ਜਾਣ। (ਵਿਘਨ)।

ਸ਼੍ਰੀ ਬਲਰਾਮ ਜੀ ਦਾਸ ਟੰਡਨ : ਕੀ ਗੱਲ ਹੈ ? ਵਾਕ ਆਊਟ ਕਰਨ ਦਾ ਫ਼ੈਸਲਾ ਤਾਂ ਨਹੀਂ ਕਰ ਲਿਆ ?

WALK-OUT

ਪੰਡਤ ਮੋਹਨ ਲਾਲ : ਅਗਰ ਇਨ੍ਹਾਂ ਨੂੰ ਟਾਈਮ ਨਾ ਦਿਤਾ ਫਿਰ ਵਾਕ ਆਊਟ ਕਰਨਾ ਹੀ ਪਵੇਗਾ।

ਸ਼੍ਰੀ ਸਪੀਕਰ : ਮੈਂ ਰਿਕਾਰਡ ਤੋਂ ਵੇਖਿਆ ਹੈ। ਆਪੋਜ਼ੀਸ਼ਨ ਨੇ 65 ਮਿਨਟ ਲਏ ਹਨ ਔਰ ਗੌਰਮੈਂਟ ਬੈਂਚਿਜ਼ ਨੇ 63 ਮਿਨਟ (ਵਿਘਨ) ਉਨ੍ਹਾਂ ਨੇ ਸਾਰੀ ਡਿਬੇਟ ਦਾ ਜਵਾਬ ਦੇਣਾ ਹੈ। (I have verified from the record. The time taken by the Opposition and Treasury Benches so far is 65 minutes and 63 minutes, respectively. The Chief Minister has to give reply to the whole debate.)

ਪੰਡਤ ਮੋਹਨ ਲਾਲ : ਜਵਾਬ ਦੇਣਾ ਹੈ ਤਾਂ ਅਸੀਂ ਕੀ ਕਰੀਏ ? (ਵਿਘਨ) ਨਹੀਂ ਮੰਨਦੇ ਤਾਂ ਅਸੀਂ ਵਾਕ ਆਊਟ ਕਰਦੇ ਹਾਂ।

(ਇਸ ਸਮੇਂ ਸਾਰੀ ਆਪੋਜ਼ੀਸ਼ਨ ਵਾਕ ਆਊਟ ਕਰ ਗਈ) (ਸ਼ੋਰ)

DEMAND(S) FOR GRANT(S)

RESUMPTION OF DISCUSSION

ਮੁਖ ਮੰਤਰੀ (ਸਰਦਾਰ ਗੁਰਨਾਮ ਸਿੰਘ) : ਸਪੀਕਰ ਸਾਹਿਬ, ਮੁਖਾਲਿਫ਼ ਪਾਰਟੀ ਵਲੋਂ ਨੰਬਰ ਦੋ, ਮਿਸਟਰ ਪ੍ਰਬੋਧ ਚੰਦਰ ਨੇ ਇਨ੍ਹਾਂ ਡਿਮਾਂਡਜ਼ ਉਤੇ ਡੀਬੇਟ ਸ਼ੁਰੂ ਕੀਤੀ। ਉਹ ਸਪੀਕਰ ਵੀ ਰਹੇ ਹਨ, ਮਿਨਿਸਟਰ ਵੀ ਰਹੇ ਹਨ, ਆਸ ਸੀ ਕਿ ਕੁਛ ਅੱਛੇ ਸੁਝਾਵ ਸਾਨੂੰ ਦਸਣਗੇ ਤਾਂ ਕਿ ਅਸੀਂ ਉਨ੍ਹਾਂ ਤੇ ਅਮਲ ਕਰੀਏ। ਮਗਰ ਬਜਾਏ ਇਸ ਦੇ ਉਹ ਜ਼ਾਤੀ ਗੱਲ ਵਿੱਚ ਪੈ ਗਏ ਔਰ ਮੈਂ ਉਤਨਾ ਨੀਚੇ ਨਹੀਂ ਜਾਣਾ ਚਾਹੁੰਦਾ ਜਿਤਨਾ ਮਿਸਟਰ ਪ੍ਰਬੋਧ ਚੰਦਰ

[ਮੁੱਖ ਮੰਤਰੀ]

ਗਏ । ਪੰਡਿਤ ਮੋਹਨ ਲਾਲ ਜੀ ਦੀ ਉਨ੍ਹਾਂ ਨਾਲ ਬੜੀ ਦੋਸਤੀ ਹੈ। ਮੈਂ ਸਮਝਦਾ ਹਾਂ ਕਿ ਇਕ ਦੋਸਤ ਅਗਰ ਕੁਝ ਐਲੀਗੇਸ਼ਨ ਲਗਾਵੇ ਦੂਸਰੇ ਦੋਸਤ ਤੇ ਤਾਂ ਇਨ੍ਹਾਂ ਨੂੰ ਸੱਚਾ ਹੀ ਸਮਝ ਲੈਣਾ ਚਾਹੀਦਾ ਹੈ । ਜਿਸ ਵਕਤ ਮਿਸਟਰ ਪ੍ਰਬੋਧ ਚੰਦਰ ਵਜ਼ੀਰ ਸੀ ਉਸ ਵਕਤ ਪੰਡਿਤ ਮੋਹਨ ਲਾਲ ਜੀ ਜੀ ਨੇ 12 ਮਾਰਚ, 1965 ਨੂੰ ਜੋ ਉਨ੍ਹਾਂ ਨੇ ਬਤੌਰ ਵਜ਼ੀਰ ਆਪਣੀ ਐਸੇਟਸ ਔਰ ਲਾਏ ਬਿਲਿਟੀਜ਼ ਦੀ ਲਿਸਟ ਦਿਤੀ ਸੀ ਕਿਹਾ ਸੀ ਕਿ ਮਿਸਟਰ ਪ੍ਰਬੋਧ ਚੰਦਰ ਨੇ ਗ਼ਲਤ ਲਿਸਟ ਦਿਤੀ ਹੈ ਅਤੇ ਆਪਣੀ ਜਾਇਦਾਦ ਠੀਕ ਨਹੀਂ ਦਸੀ । ਉਨ੍ਹਾਂ ਨੇ ਦਸਿਆ ਕਿ ਗੁਰਦਾਸਪੁਰ ਵਿੱਚ 6 ਏਕੜ ਜ਼ਮੀਨ ਹੈ ਔਰ ਜਿਹੜਾ ਬਾਰਾਂ ਚੌਦਾਂ ਕਮਰਿਆਂ ਦਾ ਪਲੇਸ਼ਲ ਹਾਊਸ ਹੈ ਉਹ ਖਾ ਗਏ ਹਨ । ਪੰਡਤ ਜੀ ਨੇ ਜੋ ਕਿਹਾ ਉਹ ਸਟੇਟਮੈਂਟ ਮੇਰੇ ਪਾਸ ਹੈ । ਉਨ੍ਹਾਂ ਨੇ ਕਿਹਾ ਸੀ "6 ਏਕੜ ਲੈਂਡ ਕੀ ਜ਼ਾਂਚ ਪੜਤਾਲ ਕਰ ਲੇਂ । ਯੇਹ ਸਿਰਫ਼ ਪਲਾਟ ਹੀ ਨਹੀਂ ਇਸ ਪਰ ਤੋ ਕਈ ਮਹੀਨੋਂ ਸੇ ਦਸ ਯਾ ਬਾਰਾਂ ਕਮਰੋਂ ਕੀ ਬਹੁਤ ਬੜੀ ਕੋਠੀ ਬਣਨੀ ਸ਼ੁਰੂ ਹੂਈ ਹੈ ।" ਇਹ ਬਿਆਨ ਪੰਡਿਤ ਮੋਹਨ ਲਾਲ ਜੀ ਦਾ ਹੈ । ਜਦ ਉਨ੍ਹਾਂ ਨੇ ਇਹ ਫ਼ਰਮਾਇਆ ਤਾਂ ਸ੍ਰੀ ਮਾਨ ਪ੍ਰਬੋਧ ਚੰਦਰ ਜੀ ਮੇਰੇ ਪਾਸ, ਡਾਕਟਰ ਬਲਦੇਵ ਪ੍ਰਕਾਸ਼ ਪਾਸ ਆਏ ਉਨ੍ਹਾਂ ਨੇ ਕਿਹਾ ਕਿ ਤੁਸੀਂ ਖ਼ੁਦ ਜਾ ਕੇ ਦੇਖੋ ਮੈਂ ਕਿਹਾ ਕਿ ਮੈਂ ਇਨਜੀਨੀਅਰ ਤਾਂ ਹਾਂ ਨਹੀਂ ਡਾਕਟਰ ਬਲਦੇਵ ਪ੍ਰਕਾਸ਼ ਔਰ ਟੰਡਨ ਜੀ ਨੂੰ ਲੈ ਗਏ । ਲੈ ਕੇ ਤਾਂ ਇਸ ਲਈ ਗਏ ਸੀ ਕਿ ਉਨ੍ਹਾਂ ਤੋਂ ਆਪਣੇ ਹੱਕ ਵਿੱਚ ਸਰਟੀਫਿਕੇਟ ਲੈਣਗੇ ਪਰ ਉਥੇ ਜਾ ਕੇ ਮਾਮਲਾ ਉਲਟ ਹੀ ਨਿਕਲਿਆ ।

ਤੋ ਮੇਰਾ ਕਹਿਣ ਦਾ ਭਾਵ ਇਹ ਹੈ ਕਿ ਜੋ ਮੈਂਬਰ ਵਜ਼ੀਰ ਰਿਹਾ ਹੈ ਅਤੇ ਸਪੀਕਰ ਰਿਹਾ ਹੈ, ਜਿਸ ਨੂੰ ਪਤਾ ਹੈ ਕਿ ਉਸ ਨੇ ਕਦਮ ਕਦਮ ਤੇ ਗਲਤ ਬਿਆਨੀ ਕੀਤੀ ਹੈ; ਉਸ ਨੂੰ ਜੁਰਤ ਨਹੀਂ ਸੀ ਹੋਣੀ ਚਾਹੀਦੀ ਕਿ ਉਹ ਇਸ ਤਰ੍ਹਾਂ ਉਸ ਮਨਿਸਟਰੀ ਦੇ ਖਿਲਾਫ਼ ਗੱਲਾਂ ਕਰਦੇ ਜਿਸ ਨੇ ਇਕ ਵੀ ਬੇਈਮਾਨੀ ਨਹੀਂ ਕੀਤੀ । (ਤਾੜੀਆਂ) ਜਿਸ ਨੇ ਕਲੀਨ ਐਡਮਨਿਸਟਰੇਸ਼ਨ ਦਿਤੀ ਹੈ । ਫ਼ਿਰ ਪਡਿਤ ਜੀ ਨੇ ਇਸੇ ਬਿਆਨ ਵਿਚ ਦਸਿਆ ਹੈ :

"My eldest son is Pawan Kumar. About two years back he had purchased two Leyland buses by getting a loan of Rs. 1,80,000 from National Bank of Lahore, Pathankot Branch."

ਇਹ ਵੀ ਇਕ ਗੱਲ ਸੀ ਕਿ ਇਹ ਰੂਟ ਪਰਮਿਟ ਇਨ੍ਹਾਂ ਨੂੰ ਜੰਮੂ ਕਸ਼ਮੀਰ ਸਰਕਾਰ ਤੋਂ ਮਿਲੇ ਹੋਏ ਸਨ । ਜਿਸ ਵਕਤ ਚੰਦਾ ਇਕੱਠਾ ਕੀਤਾ ਗਿਆ ਤਾਂ ਪ੍ਰਬੋਧ ਜੀ ਨੇ ਬਹੁਤ ਸਾਰਾ ਚੰਦਾ ਸਕੂਲਾਂ ਆਦਿ ਦੇ ਰਾਹੀਂ ਇਕੱਠਾ ਕੀਤਾ ਜਿਸ ਦੇ ਇਹ ਵਜ਼ੀਰ ਸਨ । ਉਸ ਚੰਦੇ ਵਿੱਚ 25,000/—ਰੁਪਿਆ ਮੁਖ ਮੰਤਰੀ ਕਸ਼ਮੀਰ ਨੂੰ ਦੇ ਦਿਤਾ ਹਾਲਾਂਕਿ ਉਹ ਸਾਰਾ ਰੁਪਿਆ ਸਿਰਫ਼ ਪੰਜਾਬ ਲਈ ਹੀ ਸੀ । ਇਸ ਤਰ੍ਹਾਂ ਜਦੋਂ ਕੋਈ ਰੁਪਿਆ ਦਿੰਦਾ ਹੈ ਤਾਂ ਪਿਆਰ ਨਾਲ ਤਾਂ ਨਹੀਂ ਦਿੰਦਾ । ਉਸ ਵਕਤ ਇਨ੍ਹਾਂ ਦੇ ਰੂਟ ਪਰਮਿਟ ਕੈਂਸਲ ਹੋ ਚੁਕੇ ਸਨ ਅਤੇ ਕਸ਼ਮੀਰ ਸਰਕਾਰ ਸਾਹਮਣੇ ਇਨ੍ਹਾਂ ਦੀ ਅਪੀਲ ਪੈਂਡਿੰਗ ਸੀ । ਫਿਰ ਇਨ੍ਹਾਂ ਨੇ ਇਕ ਹੋਰ ਬਿਆਨ ਦਿਤਾ ਕਿ ਮੈਂ ਕਲੇਮ ਦਾ ਕੁਝ ਨਹੀਂ ਲਿਆ । ਫਿਰ ਇਕ ਸਵਾਲ ਆਇਆ ਕਿ ਜੋ ਤੁਸੀਂ ਫੈਕਟਰੀ ਲਗਾਈ ਹੈ ਉਸ ਲਈ ਰਪਿਆ ਕਿਥੋਂ ਆਇਆ ਤਾਂ ਇਨ੍ਹਾਂ ਨੇ ਕਿਹਾ ਕਿ 24,000/—ਰੁਪਿਆ ਕਲੇਮ ਤੋਂ ਆਇਆ ਸੀ । ਇਨ੍ਹਾਂ ਕਿਹਾ ਸੀ ਕਿ ਪਾਕਿਸਤਾਨ ਦੀ ਪ੍ਰਾਪਰਟੀ ਦਾ ਮੈਂ ਕਲੇਮ ਦਾ ਇਕ ਪੈਸਾ ਨਹੀਂ ਲਿਆ ਅਤੇ

ਨਾ ਹੀ ਕਲੇਮ ਪੁਟ ਕੀਤਾ ਸੀ, ਨਾਲ ਹੀ ਕਿਹਾ ਕਿ ਅਗਰ ਸਾਬਤ ਹੋ ਜਾਵੇ ਤਾਂ ਮੈਂ ਅਸਤੀਫ਼ਾ ਦੇ ਦੇਵਾਂਗਾ, ਨਾ ਸਿਰਫ਼ ਹਾਊਸ ਤੋਂ ਰਿਟਾਇਰ ਹੋ ਜਾਵਾਂਗਾ ਪਬਲਿਕ ਲਾਈਫ਼ ਤੋਂ ਹੀ ਰਿਟਾ-ਇਰ ਹੋ ਜਾਵਾਂਗਾ। ਇਹ ਕਹਿੰਦੇ ਇਸ ਤਰ੍ਹਾਂ ਹਮੇਸ਼ਾ ਹੀ ਰਹੇ ਹਨ ਪਰ ਰਿਟਾਇਰ ਇਨ੍ਹਾਂ ਨੇ ਕਦੇ ਨਹੀਂ ਹੋਣਾ ਜਦ ਤਕ ਕਿ ਇਨ੍ਹਾਂ ਨੂੰ ਇਸ ਹਾਊਸ ਤੋਂ ਕਢਿਆ ਨਾ ਜਾਏ। ਪਹਿਲਾਂ ਕਹਿ ਦਿੱਤਾ ਕਿ ਕਲੇਮ ਨਹੀਂ ਲਿਆ ਮਗਰ ਫਿਰ ਭੁਲ ਗਏ। ਦਰੋਗ ਗੋਯਾਦ ਹਾਫ਼ਜ਼ਾ ਨਾ ਬਾਸ਼ਦ। ਜੋ ਹਰ ਵੇਲੇ ਗ਼ਲਤ ਬਿਆਨੀਆਂ ਕਰਦਾ ਹੈ ਉਹ ਭੁਲ ਵੀ ਜਾਂਦਾ ਹੈ ਕਿ ਉਸਨੇ ਪਹਿਲਾਂ ਕੀ ਕਿਹਾ ਹੈ। ਜਦੋਂ ਆਦਰਸ਼ ਫ਼ੈਕਟਰੀ ਬਾਰੇ ਸਵਾਲ ਉਠਿਆ ਤਾਂ ਇਨ੍ਹਾਂ ਨੇ ਜੋ ਆਪਣੇ ਜਵਾਬ ਵਿਚ ਕਿਹਾ ਉਹ ਮੈਂ ਕੋਟ ਕਰਦਾ ਹਾਂ :

"ਮੇਰੇ ਮੁਤਾਲਿਕ ਔਰ ਆਦਰਸ਼ ਫ਼ੈਕਟਰੀ ਕੇ ਮੁਤਾਲਿਕ ਜੈਸੇ ਭੀ ਸਵਾਲਾਤ ਹੂਏ ਹੈਂ ਉਨਕੇ ਬਾਰੇ ਮੇਂ ਮੈਂ ਇਸ ਹਾਊਸ ਮੇਂ ਬਾਤ ਸਾਫ਼ ਕਰ ਦੇਨਾ ਚਾਹਤਾ ਹੂੰ ਕਿ ਮੈਨੇ ਇਸ ਫ਼ੈਕਟਰੀ ਪਰ 24,000/—ਰੁਪਏ ਕੇ ਕਰੀਬ ਜੋ ਕਿ ਗਵਰਨਮੈਂਟ ਨੇ ਮੇਰੇ ਕਲੇਮਜ਼ ਕੀ ਸ਼ਕਲ ਮੇਂ ਮੰਜ਼ੂਰ ਕੀਏ ਥੇ ਵੁਹ ਲਗਾਏ ਹੈਂ। 15,000/—ਰੁਪਏ ਮੈਂ ਨੇ ਰਿਹੈਬੀਲੀਟੇਸ਼ਨ ਡਿਪਾਰਟ-ਮੈਂਟ ਸੇ ਲੋਨ ਲੀਆ ਹੈ ਔਰ 30, 40 ਹਜ਼ਾਰ ਰੁਪਿਆ ਕੇ ਕਰੀਬ ਮੈਂ ਨੇ ਜ਼ੇਵਰਾਤ ਲੋਗੋਂ ਕੇ ਪਾਸ ਗਿਰਵੀ ਰਖ ਕਰ ਇਸ ਫ਼ੈਕਟਰੀ ਪਰ ਲਗਾਇਆ ਹੈ।"

ਮੈਂ ਇਸ ਬਾਰੇ ਜ਼ਿਆਦਾ ਤਫ਼ਸੀਲ ਵਿੱਚ ਨਹੀਂ ਜਾਣਾ ਚਾਹੁੰਦਾ ਕਿਉਂਕਿ ਇਨ੍ਹਾਂ ਦੀ ਤਾਂ ਆਦਤ ਹੀ ਹੈ ਇਹ ਕਹਿ ਦੇਣ ਦੀ ਕਿ ਮੈਂ ਅਸਤੀਫ਼ਾ ਦੇ ਦਿਆਂਗਾ; ਪਰ ਦੇਣਾ ਇਨ੍ਹਾਂ ਨੇ ਹੈ ਨਹੀਂ ਹਾਲਾਂਕਿ ਸ਼ਰਤ ਪੂਰੀ ਹੋ ਚੁਕੀ ਹੈ। ਮੈਂ ਇਸ ਲਈ ਰੈਫ਼ਰੈਂਸ ਕੀਤੀ ਹੈ ਕਿ ਇਹ ਉਦੋਂ ਦੀ ਸਟੇਟਮੈਂਟ ਹੈ ਜਦੋਂ ਇਹ ਵਜ਼ੀਰ ਸਨ, ਅਤੇ ਪੰਡਿਤ ਮੋਹਨ ਲਾਲ ਨੇ ਇਹ ਗੱਲ ਸ਼ੁਰੂ ਕੀਤੀ, ਉਨ੍ਹਾਂ ਨੇ ਹੀ ਇਹ ਚਾਰਜ ਇਨ੍ਹਾਂ ਤੇ ਲਾਇਆ ਜਦ ਕਿ ਅਜ ਇਹ ਇਨ੍ਹਾਂ ਦੇ ਬੜੇ ਦੋਸਤ ਹਨ, ਇਕੱਠੇ ਬੈਠਦੇ ਹਨ, ਇਕੱਠੇ ਮੈਂਬਰਾਂ ਨੂੰ ਵਰਗਲਾਉਣ ਜਾਂਦੇ ਹਨ ਅਤੇ ਇਕੱਠੇ ਹੀ ਕਲੇਮ ਕਰਦੇ ਹਨ ਕਿ ਮਾਈਨਾਰਿਟੀ ਨੂੰ ਮੈਜਾਰਿਟੀ ਵਿੱਚ ਕਨਵਰਟ ਕਰਨਾ ਸਾਡਾ ਹੱਕ ਹੈ।

ਸਪੀਕਰ ਸਾਹਿਬ, ਕੁਝ ਹੋਰ ਵੀ ਚਾਰਜ ਲਾਏ ਗਏ ਕਿ ਐਡਮਨਿਸਟਰੇਸ਼ਨ ਅਤੇ ਪੁਲਿਸ ਨੂੰ ਜ਼ਾਤੀ ਤੌਰ ਤੇ ਇਸਤੇਮਾਲ ਕੀਤਾ ਹੈ। ਇਸ ਬਾਰੇ ਜੋ ਕੁਝ ਮੈਂ ਹਰ ਪਬਲਿਕ ਜਲਸੇ ਵਿੱਚ ਜਾਂ ਅਫ਼ਸਰਾਂ ਦੀਆਂ ਮੀਟਿੰਗਾਂ ਵਿੱਚ ਕਹਿੰਦਾ ਰਿਹਾ ਹਾਂ ਉਹ ਰਿਪੀਟ ਕਰਦਾ ਹਾਂ। ਇਸ ਐਲੀਗੇਸ਼ਨ ਨੂੰ ਮੈਂ ਰਿਪੂਡੀਏਟ ਕਰਦਾ ਹਾਂ। ਮੈਂ ਉਨ੍ਹਾਂ ਨੂੰ ਕਹਿੰਦਾ ਰਿਹਾ ਹਾਂ ਕਿ ਕੋਈ ਮੰਤਰੀ ਆਪ ਦੀ ਐਡਮਨਿਸਟਰੇਸ਼ਨ ਵਿੱਚ ਇੰਟਰਫ਼ੀਅਰ ਨਹੀਂ ਕਰੇਗਾ ਅਤੇ ਜੇ ਕੋਈ ਕਰੇ ਤਾਂ ਤੁਸੀਂ ਬਿਲਕੁਲ ਨਾ ਮੰਨੋ। (ਤਾੜੀਆਂ) ਹਾਂ, ਮੈਨੂੰ ਇਹ ਪਤਾ ਹੈ ਕਿ ਕੁਝ ਅਫ਼ਸਰ ਹਨ ਜਿਨ੍ਹਾਂ ਦਾ ਫ਼ਾਇਦਾ ਪ੍ਰਬੋਧ ਜੀ ਉਠਾਉਂਦੇ ਰਹੇ ਹਨ, ਉਨ੍ਹਾਂ ਨੂੰ ਹੁਣ ਸਾਨੂੰ ਬਦਲਣਾ ਪਵੇਗਾ। (ਤਾੜੀਆਂ) ਸਪੀਕਰ ਸਾਹਿਬ, ਦੋ ਢਾਈ ਮਹੀਨੇ ਵਿੱਚ, ਜਦ ਤੋਂ ਇਹ ਗਵਰਨਮੈਂਟ ਬਣੀ ਹੈ ਅਸੀਂ ਕਿਸੇ ਅਫ਼ਸਰ ਨੂੰ ਬਦਲਣ ਦੀ ਕੋਸ਼ਿਸ਼ ਨਹੀਂ ਕੀਤੀ ਹਾਲਾਂਕਿ ਸਾਨੂੰ ਪਤਾ ਸੀ ਕਿ ਕਾਂਗਰਸ ਪਾਰਟੀ ਨੇ ਅਫ਼ਸਰਾਂ ਦਾ ਇਕ ਸੈੱਲ ਬਣਾਇਆ ਹੋਇਆ ਹੈ। ਅਸੀਂ ਆਸ ਕਰਦੇ ਰਹੇ ਹਾਂ ਕਿ ਅਫ਼ਸਰ ਸਿਆਸਤ ਵਿਚ ਨਹੀਂ ਪੈਣਗੇ, ਪਾਰਟੀ ਪੋਲੋਟਿਕਸ ਵਿੱਚ ਨਹੀਂ ਆਉਣਗੇ ਅਤੇ ਆਪਣੇ ਫ਼ਰਜ਼ ਠੀਕ ਤਰ੍ਹਾਂ ਅੰਜਾਮ ਦੇਣਗੇ। ਸੋ ਇਹ ਕਹਿਣਾ ਗਲਤ ਹੈ, ਬੇ ਬੁਨਿਆਦ ਹੈ ਅਤੇ ਲਗ਼ਵ ਬਾਤ ਹੈ ਕਿ ਅਸੀਂ ਅਫ਼ਸਰਾਂ ਦਾ ਫ਼ਾਇਦਾ ਉਠਾਇਆ ਹੈ। ਇਕ ਗੱਲ ਇਹ ਕਹੀ ਗਈ ਹੈ ਕਿ ਇਕ ਵਜ਼ੀਰ ਨੇ ਡੀ. ਸੀ. ਗੁਰਦਾਸਪੁਰ ਨੂੰ ਕਿਹਾ ਕਿ ਇਨ੍ਹਾਂ ਤੇ ਮੁਕਦਮੇ ਬਣਾ

[ਮੁੱਖ ਮੰਤਰੀ]

ਪ੍ਰਬੋਧ ਚੰਦਰ ਦੇ ਖਿਲਾਫ਼ ਮੁਕੱਦਮੇ ਬਨਾਉਣ ਲਈ ਤਾਂ ਪੰਡਿਤ ਮੋਹਨ ਲਾਲ ਦੀ ਸਟੇਟਮੈਂਟ ਹੀ ਕਾਫ਼ੀ ਹੈ । ਸੋ ਇਹ ਬੇਬੁਨਿਆਦ ਗੱਲ ਹੈ ਕਿ ਕਿਸੇ ਡੀ. ਸੀ. ਨੂੰ ਕਿਹਾ ਗਿਆ ਕਿ ਉਹ ਇਨ੍ਹਾਂ ਤੇ ਮੁਕੱਦਮੇ ਬਣਾਵੇ । ਦਰਅਸਲ ਗਲ ਇਹ ਹੈ ਕਿ ਇਹ ਆਪਣੇ ਆਪ ਨੂੰ ਹੁਸ਼ਿਆਰ ਸਮਝਦੇ ਹੋਏ ਪੇਸ਼ਬੰਦੀਆਂ ਕਰ ਰਹੇ ਹਨ ਕਿਉਂਕਿ ਸਾਡੀ ਸਰਕਾਰ ਨੇ ਕਿਹਾ ਹੈ ਕਿ ਟ੍ਰਿਬਿਊਨਲ ਬਣਾਂਵਾਂਗੇ । ਇਹ ਸਮਝਦੇ ਹਨ ਕਿ ਇਸ ਤਰ੍ਹਾਂ ਕਰਨ ਤੋਂ ਸਾਨੂੰ ਇਸ ਤਰ੍ਹਾਂ ਰੋਕ ਲੈਣਗੇ । ਟ੍ਰਿਬਿਊਨਲ ਬਾਰੇ ਗੱਲ ਇਹ ਹੈ ਕਿ ਅਸੀਂ ਬਨਾਉਣਾ ਚਾਹੁੰਦੇ ਹਾਂ । ਪਰ ਜਦੋਂ ਚੀਫ ਮਨਿਸਟਰਾਂ ਦੀ ਕਾਨਫਰੰਸ ਵਿੱਚ ਫ਼ੈਸਲਾ ਹੋਇਆ ਕਿ ਸੈਂਟਰ ਅਤੇ ਸਟੇਟਸ ਵਿੱਚ ਲੋਕ ਪਾਲ ਅਤੇ ਲੋਕ ਅਯੁਕਤ ਦੀਆਂ ਵਿਜੀਲੈਂਸ ਬਾਡੀਜ਼ ਬਣਨੀਆਂ ਹਨ, ਸੋ ਹੋਰ ਬਾਡੀਜ਼ ਨਾ ਬਣਾਈਆਂ ਜਾਣ । ਇਸ ਬਾਰੇ ਡਿਪਟੀ ਪ੍ਰਾਈਮ ਮਨਿਸਟਰ ਨੇ ਯਕੀਨ ਦਵਾਇਆ ਕਿ ਇਸ ਸੈਸ਼ਨ ਵਿੱਚ ਛੇਤੀ ਤੋਂ ਛੇਤੀ ਇਹ ਕੰਮ ਕੀਤਾ ਜਾਵੇਗਾ । ਸਾਨੂੰ ਕਾਂਗਰਸ ਵਰਗੀ ਤਾਂ ਆਦਤ ਨਹੀਂ ਕਿ ਕੰਮ ਤਾਂ ਹੋਵੇ ਨਾ ਪਰ ਪਹਿਲਾਂ ਹੀ ਕਿਸੇ ਨੂੰ ਲਿਆਕੇ ਬੈਠਾ ਦਈਏ ਅਤੇ 3,000/-ਰੁਪਏ ਮਹੀਨਾ ਤਨਖਾਹ ਦੇਣੀ ਸ਼ੁਰੂ ਕਰ ਦੇਈਏ । ਹਾਂ, ਅਗਰ ਉਹ ਬਾਡੀਜ਼ ਨਾ ਬਣੀਆਂ ਤਾਂ ਅਸੀਂ ਟ੍ਰਿਬਿਊਨਲ ਜ਼ਰੂਰ ਬਣਾਵਾਂਗੇ । ਇਸ ਬਾਰੇ ਇਨ੍ਹਾਂ ਨੂੰ ਗਲਤ ਫ਼ਹਿਮੀ ਨਹੀਂ ਰਹਿਣੀ ਚਾਹੀਦੀ । (ਤਾੜੀਆਂ) ।

ਇਕ ਗੱਲ ਕਹੀ ਗਈ ਕਿ ਕਲਕੱਤੇ ਤੋਂ ਟੈਲੀਫੋਨ ਆਇਆ । ਆਪ ਨੂੰ ਯਾਦ ਹੋਵੇਗਾ ਕਿ ਟੈਲੀਫੋਨ ਆਇਆ ਸੀ । ਮੈਂ ਨਹੀਂ ਕਹਿ ਸਕਦਾ ਕਿ ਉਹ ਕੋਈ ਜ਼ਿੰਮੇਦਾਰ ਆਦਮੀ ਹੈ ਜਿਸ ਨੇ ਕੀਤਾ ਸੀ । ਇਕ ਆਦਮੀ ਨੇ ਕਿਹਾ ਕਿ ਕਿਸੇ ਕਾਂਗਰਸੀ ਨੇ ਕੀਤਾ ਸੀ । ਮੈਂ ਜ਼ਿੰਮੇਦਾਰੀ ਨਹੀਂ ਲੈਂਦਾ । ਇਹ ਇਨ੍ਹਾਂ ਨੇ ਤੇ ਇਸ ਤਰ੍ਹਾਂ ਦੀਆਂ ਫ਼ਜ਼ੂਲ ਗੱਲਾਂ ਕਰਨ ਦਾ ਸ਼ੇਵਾ ਹੀ ਬਣਾ ਲਿਆ ਹੈ ।

ਫਿਰ ਬੜੇ ਇਲਜ਼ਾਮ ਲਗਾਏ ਗਏ ਸਾਡੇ ਤੇ ਲੀਡਰ ਆਫ਼ ਦੀ ਅਪੋਜ਼ੀਸ਼ਨ ਵਲੋਂ ਅਤੇ ਸ੍ਰੀ ਪ੍ਰਬੋਧ ਚੰਦਰ ਵਲੋਂ ਕਿ ਅਸੀਂ ਕਾਂਗਰਸ ਦੇ ਮੈਂਬਰ ਉਧਰ ਲੈ ਗਏ । ਇਹ ਬੜੀ ਪੁਰਾਣੀ ਕਹਾਣੀ ਹੈ ਅਤੇ ਇਸ ਬਾਰੇ ਕਈ ਵਾਰ ਗੱਲ ਹੋ ਚੁਕੀ ਹੈ । ਇਨ੍ਹਾਂ ਦੇ ਬਿਆਨ ਜੋ ਲੀਡਰ ਆਫ ਦੀ ਆਪੋਜ਼ੀਸ਼ਨ, ਪੰਡਿਤ ਮੋਹਨ ਲਾਲ ਸ੍ਰੀ ਪ੍ਰਬੋਧ ਚੰਦਰ, ਗਿਆਨੀ ਜ਼ੈਲ ਸਿੰਘ ਆਦਿ ਦਿੰਦੇ ਰਹੇ ਹਨ ਮਾਈਨਾਰਟੀ ਨੂੰ ਮੈਜਾਰਿਟੀ ਵਿਚ ਤਬਦੀਲ ਕਰਨ ਬਾਰੇ, ਖ਼ੁਦ ਮੇਰੇ ਹਕ ਵਿਚ ਹਨ । ਲੀਡਰ ਆਫ਼ ਦੀ ਆਪੋਜ਼ੀਸ਼ਨ ਅਤੇ ਹੋਰਾਂ ਨੇ ਬਿਆਨ ਦਿਤਾ ਕਿ ਇਸੇ ਸੈਸ਼ਨ ਵਿਚ ਗਵਰਨਮੈਂਟ ਨੂੰ ਟੋਪਲ ਕਰ ਦੇਣਾ ਹੈ, ਇਹ ਕਹਿੰਦੇ ਰਹੇ ਕਿ ਇਤਨੇ ਮੈਂਬਰ ਸਾਡੇ ਵਲ ਆ ਜਾਣਗੇ । ਇਕ ਸਾਹਬ ਜੋ ਦਿੱਲੀ ਰਹਿਦੇ ਹਨ, ਨਾਂ ਲੈਣਾ ਠੀਕ ਨਹੀਂ, ਨੇ ਕਿਹਾ ਕਿ ਇਤਨੇ ਆਦਮੀ ਇਨ੍ਹਾਂ ਵਲ ਜਾ ਰਹੇ ਹਨ । ਮੈਂ ਹਾਊਸ ਨੂੰ ਯਕੀਨ ਦਿਵਾਉਂਦਾ ਹਾਂ ਕਿ ਜਦੋਂ ਮਨਿਸਟਰੀ ਸੰਭਾਲੀ ਸੀ ਤਾਂ ਇਰਾਦਾ ਸੀ ਕਿ 5 ਵਜ਼ੀਰਾਂ ਨਾਲ ਕੰਮ ਚਲਾਵਾਂਗਾ ਜੋ ਮੈਂ ਸਮਝਦਾ ਹਾਂ ਕਿ ਚਲ ਸਕਦਾ ਹੈ । ਜ਼ਿਆਦਾ ਮਨਿਸਟਰ ਮੈਂ ਪਸੰਦ ਨਹੀਂ ਕਰਦਾ । ਮੈਂ ਇਕ ਮੈਂਬਰ ਦੀ ਹੀ ਮੈਜਾਰਿਟੀ ਨਾਲ ਹਾਊਸ ਚਲਾਉਣਾ ਚਾਹੁੰਦਾ ਸੀ ਪਰ ਇਨ੍ਹਾਂ ਦੇ ਰਵਈਏ ਨੇ ਮੈਨੂੰ ਮਜਬੂਰ ਕਰ ਦਿਤਾ । ਇਨ੍ਹਾਂ ਦਾ ਇਕ ਸੀਨੀਅਰ ਲੀਡਰ ਭਜਨ ਲਾਲ ਨੂੰ ਜੋ ਯੂਨਾਈਟਿਡ ਫਰੰਟ ਦੇ ਬੈਂਚਾਂ ਤੇ ਬੈਠਾ ਸੀ ਅਤੇ ਜਿਸ ਦੇ ਜ਼ਰੀਏ ਇਹ ਗਵਰਨਮੈਂਟ ਬਣੀ, ਉਸਦੇ ਘਰ ਸਮਾਣੇ ਜਾ ਕੇ ਪੰਡਤ ਮੋਹਨ ਲਾਲ ਸਾਰੀ ਰਾਤ ਬੈਠੇ ਰਹੇ । ਉਸ ਨੂੰ ਇਥੇ ਹੱਲਾ ਸ਼ੇਰੀ ਦਿਤੀ । ਇਹ ਰਵਯਾ ਸੀ ਇਨ੍ਹਾਂ ਦਾ ਕਿ ਅਸੀਂ ਗਵਰਨਮੈਂਟ ਤੋੜਨੀ ਹੈ ਅਤੇ ਬੇਈਮਾਨੀ ਨਾਲ ਤੋੜਨੀ ਹੈ ।

ਇਹ ਜਿਹੜੇ ਅਜ ਡੀਂਗਾ ਮਾਰਦੇ ਨੇ ਉਨ੍ਹਾਂ ਦਾ ਆਪਣਾ ਰਵਈਆ ਪਿਛੇ ਕੀ ਰਿਹਾ ਹੈ ? ਮੇਰੀ ਤਾਂ ਫਿਰ ਪੋਜ਼ੀਸ਼ਨ ਕਲੀਅਰ ਹੈ ਪਰ ਇਹ ਫਰੰਟ ਵਜ਼ਾਰਤ ਨੂੰ ਤੋੜਨ ਲਈ ਕੀ ਕੁਝ ਕਰਦੇ ਰਹੇ ? ਇਹ ਗਲਾਂ ਕਰਦੇ ਨੇ ਪਰ, ਸਪੀਕਰ ਸਾਹਿਬ; ਕੀ ਇਹ ਦਸ ਸਕਦੇ ਨੇ ਕਿ ਕਿੰਨੇ ਮੈਂਬਰ ਹਨ ਜਿਨ੍ਹਾਂ ਨੂੰ ਮੈਂ ਫਲੋਰ ਕਰਾਸ ਕਰਨ ਲਈ ਕਿਹਾ ਹੋਵੇ ਕਿ ਜਿਹੜੇ ਵੀ ਫਲੋਰ ਕਰਾਸ ਕਰਨਗੇ ਮੈਂ ਵਜ਼ੀਰ ਬਣਾ ਦਿਆਂਗਾ ? ਮੈਂ ਕਿੰਨੇ ਪਾਰਟੀਆਂ ਦੇ ਮੈਂਬਰਾ ਕੋਲ ਗਿਆ ਹਾਂ ਕਹਿਣ ਲਈ ਕਿ ਮੈਂ ਤੁਹਾਨੂੰ ਵਜ਼ੀਰ ਬਣਾ ਦਿਆਂਗਾ? ਪਰ ਕਾਂਗਰਸ ਵਲੋਂ ਇਹ ਕਿਹਾ ਗਿਆ ਕਿ ਜਿੰਨੇ ਅਕਾਲੀ ਆਉਣਗੇ, ਜਿੰਨੇ ਜਨਸੰਘ ਦੇ ਆਉਣਗੇ, ਜਿੰਨੇ ਰੀਪਬਲਿਕਨ ਆਉਣਗੇ, ਉਨ੍ਹਾਂ ਨੂੰ ਵਜ਼ੀਰ ਬਣਾਵਾਂਗੇ । ਫਿਰ ਅੱਜ ਇਹ ਕਿਸ ਗੱਲ ਤੇ ਬੋਸਟ ਕਰਦੇ ਨੇ ਕਿ ਗੁਰਨਾਮ ਸਿੰਘ ਨੇ ਮਾੜਾ ਕੰਮ ਕੀਤਾ ? ਇਹ ਬੁਰਾਈ ਦੇ ਹੱਕ ਵਿੱਚ ਨਹੀਂ ਜਿਵੇਂ ਕਿ ਇਹ ਕਹਿੰਦੇ ਨੇ ਤੇ ਹਕੂਮਤ ਦੇਣ ਨੂੰ ਵੀ ਤਿਆਰ ਨਹੀਂ । ਇਨ੍ਹਾਂ ਦੀ ਪਾਰਟੀ ਨੇ 20 ਸਾਲ ਕੁਰੱਪਸ਼ਨ ਕੀਤੀ । 19 ਸਾਲ ਤਕ ਰਾਜ ਨੂੰ ਲੁਟਿਆ । ਪਬਲਿਕ ਤੇ ਗੋਲੀਆਂ ਤੇ ਲਾਠੀਆਂ ਚਲਾਕੇ ਤੇ ਅਜ ਵੀਹਵੇਂ ਸਾਲ ਆਪ ਪਬਲਿਕ ਦੀ ਗੋਲੀ ਦਾ ਸ਼ਿਕਾਰ ਹੋ ਗਏ । ਪਬਲਿਕ ਨੇ ਇਨ੍ਹਾਂ ਨੂੰ ਆਫ਼ਿਸ ਤੋਂ ਕੱਢ ਦਿਤਾ । ਇਹ ਫਿਰ ਵੀ ਹੇਰਾ ਫੇਰੀ ਨਾਲ ਤਾਕਤ ਲੈਣਾ ਚਾਹੁੰਦੇ ਸਨ । ਪਰ ਮੈਂ ਤਿਆਰ ਨਹੀਂ ਸੀ, ਪਬਲਿਕ ਤਿਆਰ ਨਹੀਂ ਸੀ ਅਤੇ ਇਹ ਮੰਗ ਮੇਰੀ ਨਹੀਂ ਪੰਜ ਤੋਂ ਦਸ ਕਰੋੜ ਲੋਕਾਂ ਦੀ ਸੀ ਕਿ ਜਨਤਾ ਦੇ ਹਥ ਹਕੂਮਤ ਹੋਵੇ । ਇਥੇ ਕਈਆਂ ਨੇ ਇਤਰਾਜ਼ ਉਠਾਏ ਲੀਡਰ ਆਫ਼ ਦੀ ਆਪੋਜੀਸ਼ਨ ਤੇ ਹੋਰਨਾਂ ਨੇ ਕਿਹਾ ਕਿ ਮਨਿਸਟਰੀ ਐਕਸਪੈਂਡ ਕੀਤੀ ਹੈ । ਰੀਸ਼ੱਫਲ ਹੀ ਲੀਡਰ ਆਫ਼ ਦੀ ਆਪੋਜੀਸ਼ਨ ਕਹੀ ਗਏ ਪਰ ਇਹ ਐਕਸਪੈਨਸ਼ਨ ਬਾਰੇ ਉਨ੍ਹਾਂ ਨੇ ਕਿਹਾ ਸੀ । ਪਰ ਮੈਂ ਉਨ੍ਹਾ ਤੋਂ ਪੁਛਦਾ ਕਿ ਰੀਆਰਗੇਨਾਈਜੇਸ਼ਨ ਤੋਂ ਬਾਦ ਕਾਂਗਰਸ ਪਾਰਟੀ ਨੇ ਛੋਟੇ ਸੂਬੇ ਵਿਚ 22 ਮੈਂਬਰਾਂ ਦੀ ਵਜ਼ਾਰਤ ਰਖ ਲਈ ਸੀ ਉਸ ਵੇਲੇ ਮੈਂਬਰਾਂ ਦੀ ਗਿਣਤੀ ਘਟ ਸੀ ਤੇ ਜੇ ਕਰ ਹੁਣ 104 ਦੇ ਹਾਊਸ ਵਿੱਚ ਮੈਂ ਇਹ ਵਜ਼ੀਰ ਰਖ ਲਏ ਤਾਂ ਇਤਰਾਜ਼ ਕੀਤਾ ਜਾਂਦਾ ਹੈ । ਇਹ ਪਿਰਤ ਤਾਂ ਤੁਸੀਂ ਆਪ ਹੀ ਪਾਈ ਸੀ ।

ਫਿਰ ਜ਼ਿਕਰ ਕੀਤਾ ਗਿਆ ਕਿ ਇਸ ਮਨਿਸਟਰੀ ਦੇ ਖਿਲਾਫ਼ ਲੀਡਰ ਲਿਖੇ ਗਏ, ਐਡੀ-ਟੋਰੀਅਲ ਅਖਬਾਰਾਂ ਵਿੱਚ ਛਪੇ । 'ਟਾਈਮਜ਼ ਆਫ਼ ਇੰਡੀਆ ਵਿੱਚ ਹਾਰਸ ਟਰੇਡਿੰਗ ਦਾ ਆਰਟੀਕਲ ਆਇਆ । ਪਰ ਇਸ ਵਿਚ ਕਾਂਗਰਸ ਪਾਰਟੀ ਤੇ ਹੀ ਝਾੜ ਪਾਈ ਗਈ । ਤੁਸੀਂ ਪਹਿਲੇ ਹੋ ਜਿਨ੍ਹਾਂ ਨੇ ਇਹ ਪੈਟਰਨ ਜਾਰੀ ਕੀਤਾ ਸੀ ਸਾਰੇ ਹਿੰਦੁਸਤਾਨ ਵਿੱਚ ਅਤੇ ਡੈਮੋਕਰੇਸੀ ਲਈ ਇਹ ਇਕ ਬੁਰਾ ਚਿੰਨ੍ਹ ਸੀ । ਜਦੋਂ ਇਸ ਤਰ੍ਹਾਂ ਦੀ ਗਲ ਸ਼ੁਰੂ ਹੋ ਜਾਵੇ ਤਾਂ ਇਹ ਸਮਝ ਲੈਣਾ ਚਾਹੀਦਾ ਹੈ ਕਿ ਪਾਰਟੀ ਇਨ ਪਾਵਰ ਦੇ ਮੂੰਹ ਨੂੰ ਲਹੂ ਲਗ ਗਿਆ ਹੈ, ਪ੍ਰਬੋਧ ਜੀ ਤਾਂ ਇਕ ਦਰਖ਼ਤ ਦੇ ਇਕ ਪੱਤੇ ਦਾ ਜ਼ਿਕਰ ਕਰਦੇ ਰਹੇ ਕਿ ਪੱਤਾ ਟੁਟਣ ਤੇ ਦਰੱਖਤ ਰੋ ਪੈਂਦਾ ਹੈ । ਪਰ ਇਥੇ ਤਾਂ ਚਮਨ ਹੀ ਤੁਸੀਂ ਉਜਾੜ ਦਿਤਾ ਹੈ ਫਿਰ ਕਹਿੰਦੇ ਹੋ ਰੋਵੋਂ ਨਾ । ਨਾ ਫੁੱਲ ਰਹੇ ਨਾ ਪੱਤੇ ਤੇ ਨਾ ਹੀ ਫੱਲ । ਪੰਜਾਬ ਦੀ ਜਨਤਾ ਨੂੰ ਤੁਸੀਂ 20 ਸਾਲ ਲੁਟਦੇ ਰਹੇ । ਸੀਮਿੰਟ ਤੇ ਗਾਰਡਰ ਖਾ ਗਏ ਤੇ ਲੋਕਾਂ ਨੂੰ ਤਬਾਹ ਕਰ ਦਿਤਾ । ਲੋਕਾਂ ਨੇ ਜੁਰਤ ਕੀਤੀ, ਹਿੰਮਤ ਕੀਤੀ ਤੇ ਸਾਫ਼ ਫ਼ਤਵਾ ਦੇ ਦਿਤਾ ।

ਠੀਕ ਹੈ, ਇਸ ਸਬੰਧੀ ਐਡੀਟੋਰੀਅਲ ਲਿਖੇ ਗਏ । ਅਖਬਾਰਾਂ ਵਿੱਚ ਆਇਆ । ਵਾਜਬ ਸੀ ਇਹ ਕਹਿਣਾ ਜੇ ਕਰ ਆਪਣੇ ਮੁਲਕ ਵਿੱਚ ਡੈਮੋਕਰੇਸੀ, ਜਿਹੜੀ ਤੁਸੀਂ ਕਾਇਮ ਕੀਤੀ, ਉਸ ਤੋਂ ਬਾਅਦ ਇਸ ਤਰ੍ਹਾਂ ਦੀਆਂ ਗਲਾਂ ਤੁਹਾਡੇ ਵਲੋਂ ਪਹਿਲਾਂ ਨਾ ਹੁੰਦੀਆਂ । ਮੈਂ ਇਹ ਸਮਝਦਾ ਹਾਂ ਕਿ ਇਹ ਇਕ ਅਨ ਰੀਐਲਿਟੀ ਹੈ ਜੋ ਅਖਬਾਰਾਂ ਸਾਰੀ ਸਿਚੂਏਸ਼ਨ ਨੂੰ ਸਮਝ

[ਮੁੱਖ ਮੰਤਰੀ]

ਨਹੀਂ ਸਕੀਆਂ ਜੋ ਅਜ ਮੁਲਕ ਵਿੱਚ ਹੈ । ਇਨ੍ਹਾਂ ਨੇ ਕਹਿਣਾ ਸ਼ੁਰੂ ਕੀਤਾ ਪਰ ਇਹ ਆਪ ਹੀ ਤਾਂ ਇਸ ਤਰ੍ਹਾਂ ਦੀ ਸਿਚੂਏਸ਼ਨ ਬਨਾਣ ਵਾਲੇ ਸਨ ।

ਸਰਦਾਰ ਗਿਆਨ ਸਿੰਘ ਜੀ ਨੇ ਮੇਰੇ ਤੋਂ ਪੁਛਿਆ ਹੈ ਕਿ ਕੀ ਤੁਸੀਂ ਕੋਈ ਰੇਫਰੰਡਮ ਕਰਾਇਆ ਹੈ, ਕੀ ਜਨਤਾ ਦੀ ਰਾਏ ਲਈ ਹੈ ? ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ 14 ਤਰੀਕ ਨੂੰ ਮੈਂ ਜਗਰਾਉਂ ਗਿਆ । ਉਥੇ 20 ਹਜ਼ਾਰ ਦਾ ਦਿਹਾਤੀ ਇਕੱਠ ਸੀ । ਉਸ ਵਿਚ ਬੋਲਦਿਆਂ ਮੈਂ ਕਿਹਾ ਕਿ ਸਾਡੇ ਤੇ ਇਲਜ਼ਾਮ ਲਗਾਇਆ ਜਾਂਦਾ ਹੈ ਕਿ ਅਸੀਂ ਕਹਿੰਦੇ ਹਾਂ ਕਿ ਜਿਹੜੇ ਕਾਂਗਰਸ ਪਾਰਟੀ ਤੋਂ ਨਿਕਲ ਕੇ ਆਉਣਗੇ ਉਨ੍ਹਾਂ ਨੂੰ ਵਜ਼ੀਰ ਬਣਾਵਾਂਗੇ । ਸਾਰਿਆਂ ਨੂੰ ਪੁਛਿਆ ਉਨ੍ਹਾਂ ਕਿਹਾ ਬਣਾ ਲਉ ਭਾਵੇਂ ਕਿਸ ਤਰ੍ਹਾਂ ਵੀ ਕਰੋ ਕਾਂਗਰਸ ਕੋਲ ਹਕੂਮਤ ਨਹੀਂ ਰਹਿਣੀ ਚਾਹੀਦੀ । ਦੋ ਦੋ ਹਥ ਲੋਕਾਂ ਨੇ ਖੜੇ ਕੀਤੇ (ਪ੍ਰਸ਼ੰਸਾ) । ਇਸੇ ਤਰ੍ਹਾਂ ਦਾ 20 ਹਜ਼ਾਰ ਦਾ ਇਕੱਠ ਜੱਸੋਵਾਲ ਸੀ । ਇਹ ਗੱਲ ਹੋਈ ਸੀ ਹਰ ਥਾਂ । ਇਹ ਪੁੱਛਦੇ ਹਨ ਕਦੇ ਕਾਨ-ਫਰੰਸ ਕੀਤੀ, ਮੈਂ ਕਹਿੰਦਾ ਹਾਂ ਕਿ ਤੁਹਾਡੇ ਵਾਂਗੂ ਨਹੀਂ ਕਿ ਟਰੱਕਾਂ ਤੇ ਬੰਦੇ ਢੋਹ ਢੋਹ ਕੇ ਕਾਨਫਰੰਸਾਂ ਕਰ ਲਈਆਂ । ਸਾਡੇ ਪਾਸ ਤਾਂ ਲੋਕ ਆਪ ਚਲਕੇ ਆਉਂਦੇ ਹਨ । ਜੇ ਕਰ ਇਨ੍ਹਾਂ ਨੂੰ ਕੋਈ ਸ਼ਕ ਹੈ ਇਹ ਸਾਡੇ ਨਾਲ ਚਲਣ ਵੇਖ, ਲੈਣ ਕਿ ਲੋਕੀਂ ਕਿਸ ਤਰ੍ਹਾਂ ਆਉਂਦੇ ਨੇ ਅਤੇ ਕਿਸ ਤਰ੍ਹਾਂ ਉਹ ਸਾਡੇ ਪਿਛੇ ਨੇ । ਇਹ ਮੀਟਿੰਗਾਂ ਜੋ ਕਰਦੇ ਹਨ, ਮੈਨੂੰ ਸਭ ਪਤਾ ਹੈ । ਅਖਬਾਰਾਂ ਵਿੱਚ ਨਿਕਲਿਆ । ਮੈਨੂੰ ਵੀ ਰਿਪੋਰਟ ਆਈ ਕਿ ਇਨ੍ਹਾਂ ਖਰੜ ਮੀਟਿੰਗ ਕੀਤੀ ਜਿਸ ਵਿੱਚ 50 ਤੋਂ ਵਧ ਆਦਮੀ ਨਹੀਂ ਸੀ ਜਿਵੇਂ ਕਿਸੇ ਮਾਤਮ ਤੇ ਆਏ ਹੁੰਦੇ ਨੇ । ਬੜੀਆਂ ਐਕਸਾਈਟਿੰਗ ਸਪੀਚਾਂ ਕੀਤੀਆਂ, ਨਾਹਰੇ ਮਾਰੇ ਕਿ ਅਸੀਂ ਆਹ ਕਰਾਂਗੇ, ਉਹ ਕਰਾਂਗੇ, ਆਉ ਜਿਸ ਬਲਦੇਵ ਸਿੰਘ ਨੂੰ ਹਥ ਲਾਉਣਾ ਹੈ । ਇਸ ਤਰ੍ਹਾਂ ਦੀਆਂ ਗੱਲਾਂ ਇਨ੍ਹਾਂ ਉਥੇ ਕੀਤੀਆਂ ਤੇ ਹੁਣ ਇਹ ਬਾਤਾਂ ਕਰਦੇ ਨੇ ।

ਪੰਜ ਮਈ ਨੂੰ ਜੋ ਵਾਕਾ ਹੋਇਆ ਮੈਂ ਇਸ ਸਬੰਧੀ ਜ਼ਿਆਦਾ ਨਹੀਂ ਕਹਿਣਾ ਚਾਹੁੰਦਾ । ਪਰ ਅਪੋਜ਼ੀਸ਼ਨ ਪਾਰਟੀ ਨੇ ਰੈਫਰੈਂਸ ਦਿਵਾਈ । ਸ਼੍ਰੀ ਪ੍ਰਬੋਧ ਜੀ, ਪੰਡਿਤ ਮੋਹਨ ਲਾਲ, ਜੈਇੰਦਰ ਸਿੰਘ ਹੋਰਾਂ ਐਕਸਾਈਟ ਕੀਤਾ ਅਤੇ ਬਾਹਰ ਲੋਕਾਂ ਨੂੰ ਕਿਹਾ ਸਿਪਾਹੀ ਦੀ ਡਾਂਗ ਫੜ ਲੋ । ਹੋ ਸਕਦਾ ਹੈ ਕਿ ਇਹ ਸਾਰੀ ਗਲ ਇਨ੍ਹਾਂ ਦੀ ਪਲੈਂਡ ਕੀਤੀ ਗਈ ਹੋਵੇ ਕਿ ਟਰਬਲ ਕਰੀਏਟ ਕੀਤੀ ਜਾਵੇ । ਮੇਰੇ ਪਾਸ ਐਵੀਡੈਂਸ ਹੈ । ਮੈਂ ਇਸ ਦੀ ਡੀਟੇਲ ਵਿਚ ਨਹੀਂ ਸੀ ਜਾਣਾਂ ਚਾਹੁੰਦਾਂ। ਇਨ੍ਹਾਂ ਰੈਫਰੈਂਸ ਦਿਤੀ ਹੈ ਤਾਂ ਕਹਿਣਾ ਪੈ ਰਿਹਾ ਹੈ । ਕੌਣ ਸੀ ਆਉਣ ਵਾਲਾ ਤੇ ਬਲਦੇਵ ਸਿੰਘ ਨੂੰ ਮਾਰਨ ਵਾਲਾ ? ਬਲਦੇਵ ਸਿੰਘ ਦੇ ਵਾਲਦ ਸਾਹਿਬ, ਬਲਦੇਵ ਸਿੰਘ ਦੇ ਚਾਚਾ ਤੇ ਬਲਦੇਵ ਸਿੰਘ ਦੇ ਭਾਈ ਸਾਹਿਬ । ਜਿਥੋਂ ਤਕ ਗੌਰਮੈਂਟ ਦਾ ਤਅੱਲਕ ਸੀ ਮੈਂ ਪੁਰ ਜ਼ੋਰ ਲਫਜ਼ਾਂ ਨਾਲ ਰੈਪੁਡੀਏਟ ਕੀਤਾ ਸੀ ਤੇ ਕਰਦਾ ਹਾਂ । ਪਰ ਸਪੀਕਰ ਸਾਹਿਬ, ਮੈਨੂੰ ਪਤਾ ਹੈ ਕਿ ਇਹ ਕੀ ਕਰਦੇ ਹਨ । ਸਰਦਾਰ ਬਲਦੇਵ ਸਿੰਘ ਹੋਰੀ ਦੁਰਾਹੇ ਗਏ । ਇਨ੍ਹਾਂ ਨਾਲ ਇਕ ਸਖਸ਼ ਹੋਰ ਸੀ । ਮੈਂ ਨਾਂ ਨਹੀਂ ਲੈਣਾ ਚਾਹੁੰਦਾ । (ਵਿਘਨ)

(ਇਕ ਮਾਨਯੋਗ ਮੈਂਬਰ : ਨਾਮ ਲੈ ਦਿਉ ਜੀ) ਤੁਹਾਨੂੰ ਇੰਨਾ ਦਸਦਿਆਂ ਕਿ ਇਕ ਲੇਡੀ ਸੀ ਇਨ੍ਹਾਂ ਦੇ ਨਾਲ, ਤੇ ਬਦਮਾਸ਼ ਇਕਠੇ ਕੀਤੇ ਗਏ ਕਿ ਮਨਿਸਟਰਾਂ ਦੀਆਂ ਜਾਕੇ ਪੱਗਾਂ ਉਤਾਰੋ, ਸੀ. ਆਈ. ਡੀ. ਦੇ ਡੀ. ਆਈ. ਜੀ. ਨੇ ਦਸਿਆ ਕਿ ਬੁਲਾਕੇ ਉਨ੍ਹਾਂ ਲੋਕਾਂ ਨੂੰ ਲਿਆਏ ਇਕ ਟਰਕ ਵਿਚ ਜਿਸਦਾ ਨੰਬਰ ਹੈ PNL 5209 । ਉਹ ਗਏ ਵੇਖਣ ਪਰ ਉਹ ਖਰੜ ਲੰਘ ਚੁਕਾ ਸੀ । ਫਿਰ ਕਈ ਮੈਂਬਰਾਂ ਨੇ ਵੇਖਿਆ ਕਿ ਉਹੋ ਟਰਕ ਸਰਦਾਰ ਗਿਆਨ ਸਿੰਘ ਦੇ

ਘਰ ਅਗੇ ਉਨ੍ਹਾਂ ਬਦਮਾਸ਼ਾਂ ਨੂੰ ਉਤਾਰ ਗਿਆ । ਕੀ ਇਹ ਇਹੋ ਜਿਹੀਆਂ ਗੱਲਾਂ ਕਰਕੇ ਕਹਿ ਸਕਦੇ ਹਨ ਕਿ ਗੌਰਮੈਂਟ ਜ਼ਿਆਦਤੀ ਕਰਦੀ ਹੈ (*Voice of Shame Shame*) ਗੌਰਮੈਂਟ ਇਸ ਤਰ੍ਹਾਂ ਕਰਦੀ ਹੈ । ਇਹ ਬਦਮਾਸ਼ ਲੋਕਾਂ ਨੂੰ ਟਰਕਾਂ ਵਿਚ ਦੁਰਾਹੇ ਤੋਂ ਲਿਆਉਣ ਇਸ ਤਰ੍ਹਾਂ ਦੀਆਂ ਸਾਰੀਆਂ ਗੱਲਾਂ ਕਰਨ ਮੈਨੂੰ ਅਫਸੋਸ ਹੈ ਕਿ ਇਹ ਫਿਰ ਕਹਿਣ ਕਿ ਗੌਰਮੈਂਟ ਨੇ ਇਹ ਕੀਤਾ, ਉਹ ਕੀਤਾ ।

ਫਿਰ ਕਹਿੰਦੇ ਨੇ ਇਧਰ ਰਬ ਵਿਚ ਯਕੀਣ ਰਖਣ ਵਾਲੇ ਹਨ ਤੇ ਸਾਡੇ ਪਾਸੇ ਰਬ ਦੇ ਖ਼ਿਲਾਫ਼ ਬੈਠੇ ਹਨ । ਪਰ ਮੈਂ ਕਹਾਂਗਾ ਕਿ ਇਧਰ ਕੋਈ ਅਕਾਲੀ ਹੈ ਤੇ ਕੋਈ ਜਨਸੰਘੀ ਹੈ ਤੇ ਕਿਤੇ ਵਿਸ਼ਵਾਸ਼ ਤਾਂ ਰਖਦਾ ਹੈ ਪਰ ਤੁਹਾਡੇ ਪਾਸੇ ਤਾਂ ਮੱਕਰ ਫਰੇਬ ਵਾਲੇ ਹੀ ਬੈਠੇ ਹਨ (ਹਾਸਾ) (**ਸ੍ਰੀ ਡਿਪਟੀ ਸਪੀਕਰ** : ਕਿਤੇ ਤੁਸੀਂ ਵੀ ਇਹ ਬੀਮਾਰੀ ਨਾ ਲਾ ਲੈਣਾ) (ਹਾਸਾ)

ਫਿਰ ਇਨ੍ਹਾਂ ਲਾ ਐਂਡ ਆਰਡਰ ਦੇ ਬਾਰੇ ਵਿਚ ਕਹਿਣਾ ਸ਼ੁਰੂ ਕੀਤਾ ਕਿ ਲਾ ਐਂਡ ਆਰਡਰ ਖ਼ਰਾਬ ਹੋ ਗਿਆ, ਦੋ ਮਹੀਨਿਆਂ ਦੀ ਸਰਕਾਰ ਦੇ ਰਾਜ ਵਿਚ ਪੰਜਾਬ ਦੋਜ਼ਖ ਦਾ ਨਮੂਨਾ ਬਣ ਗਿਆ । ਅਜ ਲੀਡਰ ਆਫ਼ ਅਪੋਜ਼ੀਸ਼ਨ ਇਥੇ ਹੁੰਦੇ ਤਾਂ ਮੈਂ ਦਸਦਾ ਕਿ ਲਾ ਐਂਡ ਆਰਡਰ ਦੀ ਕੀ ਹਾਲਤ ਹੈ । ਪੈਪਸੂ ਵਿਚ ਜਿਸ ਵੇਲੇ ਅਕਾਲੀ ਗਵਰਨਮੈਂਟ ਬਣੀ ਉਸ ਵਕਤ ਸਰਦਾਰ ਗਿਆਨ ਸਿੰਘ ਚੀਫ਼ ਮਨਿਸਟਰ ਸਨ । ਉਸ ਵੇਲੇ ਵੀ ਕਾਂਗਰਸ ਪਾਰਟੀ ਨੇ ਇਹੋ ਵਾ ਵੇਲਾ ਮਚਾਇਆ ਸੀ ਕਿ ਤੁਹਾਡਾ ਲਾ ਐਂਡ ਆਰਡਰ ਠੀਕ ਨਹੀਂ । ਡਕੈਤੀਆਂ ਦੀਆਂ ਵਾਰਦਾਤਾਂ ਦਾ ਸ਼ੋਰ ਪਾਇਆ ਸੀ । ਉਸੇ ਤਰ੍ਹਾਂ ਦੀਆਂ ਗੱਲਾਂ ਏਥੇ ਹੁਣ ਇਹ ਕਾਂਗਰਸ ਪਾਰਟੀ ਰੀਪੀਟ ਕਰਦੀ ਹੈ । ਸਾਨੂੰ ਸਾਰੀ ਚੀਜ਼ ਦਾ ਪਤਾ ਹੈ ਅਸੀਂ ਕੋਈ ਬੇਖਬਰ ਨਹੀਂ ਹਾਂ । ਇਨ੍ਹਾਂ ਨੂੰ ਇਹ ਭੁਲੇਖਾ ਹੈ ਕਿ ਸੈਂਟਰ ਦੇ ਵਿਚ ਕਾਂਗਰਸ ਦੀ ਵਜ਼ਾਰਤ ਹੈ ਉਹ ਹਰ ਗੱਲ ਉਥੇ ਪਹੁੰਚਾਉਣਾ ਚਾਹੁੰਦੇ ਹਨ । ਇਨ੍ਹਾਂ ਦਾ ਖਿਆਲ ਹੈ ਕਿ ਕਿਵੇਂ ਮੌਜੂਦਾ ਹਕੂਮਤ ਨੂੰ ਸੈਂਟਰ ਦੀ ਸਰਕਾਰ ਬਦਲ ਦੇਵੇ । ਪਰ ਮੈਂ ਇਨ੍ਹਾਂ ਨੂੰ ਦੱਸ ਦਿਆਂ ਕਿ ਸੈਂਟਰ ਦੇ ਲੀਡਰਜ਼ ਇਨ੍ਹਾਂ ਦੀ ਤਰ੍ਹਾਂ ਨਹੀਂ । ਉਹ ਕਾਫ਼ੀ ਵਾਈਜ਼ ਹਨ । ਉਨ੍ਹਾਂ ਨੂੰ ਪਤਾ ਹੈ ਕਿ ਕਿਸ ਕਮਾਸ਼ ਦੇ ਇਹ ਆਦਮੀ ਹਨ । ਇਹ ਜ਼ੋਰ ਤਾਂ ਬੜਾ ਲਾਉਂਦੇ ਹਨ ਪਰ ਉਹ ਨਹੀਂ ਮੰਨਦੇ । ਉਹ ਜਾਣਦੇ ਹਨ ਕਿ ਇਨ੍ਹਾਂ ਦੀ ਨਾ ਕੋਈ ਮੈਜਾਰਿਟੀ ਹੈ ਨਾ ਇਨ੍ਹਾਂ ਦੀ ਪਬਲਿਕ ਵਾਇਸ ਹੀ ਹੈ ਅਤੇ ਕਿਸੇ ਤਰ੍ਹਾਂ ਦੀ ਗਵਰਨਮੈਂਟ ਬਨਾਉਣ ਦੇ ਯੋਗ ਨਹੀਂ ਹਨ । ਜਿੱਥੋਂ ਤੱਕ ਲਾ ਐਂਡ ਆਰਡਰ ਦੇ ਖ਼ਰਾਬ ਕਰਨ ਦਾ ਸਬੰਧ ਹੈ ਇਹ ਜ਼ਿੰਮੇਵਾਰੀ ਵੀ ਕਾਂਗਰਸ ਪਾਰਟੀ ਦੀ ਹੀ ਹੈ । ਮੈਨੂੰ ਇਹ ਕਹਿਣ ਦੇ ਵਿਚ ਕੋਈ ਗੁਰੇਜ਼ ਨਹੀਂ ਕਿ ਜਿਤਨੇ ਵੀ ਸਮਗਲਰ, ਬਦਮਾਸ਼, ਗੁੰਡੇ ਕਮਾਸ਼ ਦੇ ਲੋਕ ਸਨ, ਜਿਨ੍ਹਾਂ ਤੋਂ ਲੋਕਾਂ ਨੂੰ ਨਫ਼ਰਤ ਸੀ, ਉਨ੍ਹਾਂ ਨੇ ਆਪਣੇ ਆਪ ਨੂੰ ਪਾਪੂਲਰ ਕਰਨ ਲਈ ਖਦੱਰ ਦੇ ਕੁੜਤੇ ਅਤੇ ਪਜਾਮੇ ਪਾਕੇ ਸਿਰ ਤੇ ਖਦੱਰ ਦੀ ਪੱਗ ਜਾਂ ਟੋਪੀ ਲੈ ਕੇ, ਇਸ ਪਾਰਟੀ ਦੇ ਵਿਚ ਆ ਰਲੇ ਅਤੇ ਆਪਣੇ ਆਪ ਨੂੰ ਜਨਤਾਂ ਦੇ ਨਮਾਇੰਦੇ ਕਹਾਉਣ ਲੱਗੇ । ਇਹ ਮੈਂ ਕੋਈ ਗੱਲ ਲਗਾਉ ਦੇ ਵਿਚ ਨਹੀਂ ਕਹਿ ਰਿਹਾ । ਐਸੇ ਕੇਸਿਜ਼ ਸਾਬਤ ਹੋ ਚੁਕੇ ਹਨ ਜਿਥੇ ਕਿ ਸਮਗਲਿੰਗ ਕਰਦੇ ਵੀ ਫੜੇ ਗਏ ਹਨ ਹੋਰ ਕਈ ਵਾਰਦਾਤਾਂ ਵਿਚ ਵੀ ਸ਼ਾਮਲ ਹੋਣ ਦੇ ਮੁਤਾਲਿਕ ਸਬੂਤ ਮਿਲੇ ਹਨ । ਇਥੋਂ ਤਕ ਕਿ ਜਾਨੋ ਮਾਲ ਖਤਰੇ ਵਿਚ ਦੇ ਬਹਾਨੇ ਲਾਕੇ ਉਨ੍ਹਾਂ ਨੇ ਆਰਮਜ਼ ਹਾਸਲ ਕੀਤੇ ਹਨ । ਕਾਂਗਰਸ ਸਰਕਾਰ ਨੇ ਰਾਈਫਲਜ਼ ਦਿੱਤੀਆਂ ਹਨ । ਇਨ੍ਹਾਂ ਚਿਟਕਪੜਿਆਂ ਦੀਆਂ ਗਰਿਫ਼ਤਾਰੀਆਂ ਵੀ ਹੋਈਆਂ ਹਨ ।

ਮਰਡਰਜ਼ ਦੇ ਕੇਸਿਜ਼ ਵਿਚ ਇਸ ਹਕੂਮਤ ਦੇ ਅਹਿਦ ਵਿਚ ਸਭ ਤੋਂ ਪਹਿਲਾਂ ਗੁਰਦਾਸਪੁਰ

[ਮੁੱਖ ਮੰਤਰੀ]

ਦੇ ਜ਼ਿਲੇ ਵਿਚ ਕੇਸ ਹੋਇਆ ਹੈ । ਇਸ ਦੀ ਇਨਕੁਆਇਰੀ ਲਈ ਮੈਂ ਸਪੈਸ਼ਲ ਸਟਾਫ਼ ਲਾਇਆ । ਇਸ ਹਾਊਸ ਵਿਚ ਅਖਬਾਰਾਂ ਦੀ ਕਟਿੰਗ ਤੋਂ ਖਬਰਾਂ ਪੜ੍ਹਨ ਦੀ ਬਿਮਾਰੀ ਪਹਿਲਾਂ ਸ੍ਰੀ ਪ੍ਰਬੋਧ ਚੰਦਰ ਅਤੇ ਪੰਡਿਤ ਮੋਹਨ ਲਾਲ ਜੀ ਨੂੰ ਹੀ ਸੀ ਪਰ ਹੁਣ ਇਹ ਬਿਮਾਰੀ ਲੀਡਰ ਆਫ਼ ਦੀ ਅਪੋਜ਼ੀਸ਼ਨ ਨੂੰ ਵੀ ਸ਼ੁਰੂ ਹੋ ਗਈ ਹੈ । ਮੈਂ ਵੀ ਹਾਊਸ ਦੀ ਵਾਕਫ਼ੀਅਤ ਲਈ ਇਹ ਖਬਰ ਪੜ੍ਹਨੀ ਚਾਹੁੰਦਾ ਹਾਂ ਕਿ ਕਿਸਤਰ੍ਹਾਂ ਦੀਆਂ ਇਨ੍ਹਾਂ ਅਖਬਾਰਾਂ ਦੇ ਵਿਚ ਖਬਰਾਂ ਛਪਦੀਆਂ ਹਨ ਜਿਨ੍ਹਾਂ ਦੇ ਹਵਾਲੇ ਇਹ ਹਾਊਸ ਦੇ ਵਿਚ ਦਿੰਦੇ ਹਨ । ਇਹ ਕਿਸੇ ਇਕ ਅਖਬਾਰ ਵਿਚ ਨਹੀਂ ਇਹ ਪੰਜ ਸਤ ਅਖਬਾਰਾਂ ਦੇ ਵਿਚ ਪੀ ਹੈ । ਮੈਂ ਹਾਊਸ ਦੀ ਵਾਕਫ਼ੀਅਤ ਲਈ ਇਹ ਸਾਰੀ ਖਬਰ ਏਥੇ ਹੀ ਪੜ੍ਹ ਦਿੰਦਾ ਹਾਂ । "ਪੱਟੀ ਕੇ ਨਜ਼ਦੀਕ ਏਕ ਜ਼ਿਮੀਦਾਰ ਕੇ ਦੋ ਨੌਜਵਾਨ ਲੜਕੋਂ ਕੋ ਗੋਲੀ ਸੇ ਉੜਾ ਦੀਆ ਗਿਆ । ਏਕ ਦਿਲਚਸਪ ਲੇਕਨ ਸਨਸਨੀ ਖੇਜ਼ ਇਤਲਾਹ । ਏਕ ਨੌ ਬਿਹਾਤਾ ਜੋੜੇ ਕੋ ਲੂਟਨੇ ਕੀ ਸਾਜ਼ਸ਼ ਕਾ ਖ਼ੌਫ਼ਨਾਕ ਇਨਜਾਮ । ਖ਼ੁਦ ਅਪਨੇ ਹੀ ਦਾਮ ਮੇ ਸਯਾਦ ਆ ਗਿਆ । ਅੰਮ੍ਰਿਤਸਰ 24 ਅਪਰੈਲ, (ਪੰਜਾਬ ਨੀਊਜ਼ ਸਰਵਿਸ) ਸਰਕਾਰੀ ਤੌਰ ਪਰ ਅਭੀ ਤੱਕ ਇਸ ਦਿਲਚਸਪ ਮਗਰ ਅਫਸੋਸਨਾਕ ਖਬਰ ਕੀ ਤਸਦੀਕ ਨਹੀਂ ਹੋ ਸਕੀ । ਲੇਕਨ ਯਹਾਂ ਪਹੁੰਚਨੇ ਵਾਲੀ ਗ਼ੈਰ ਸਰਕਾਰੀ ਇਤਲਾਹ ਕੇ ਮੁਤਾਬਕ ਪੱਟੀ ਕੇ ਨਜ਼ਦੀਕ ਏਕ ਲੈਂਡ ਲਾਰਡ ਕੇ ਦੋ ਨੌਜਵਾਨ ਲੜਕੋਂ ਕੀ ਅਪਨੇ ਹੀ ਹਰੀਜਨ ਮੁਲਾਜ਼ਮ ਕੇ ਹਾਥੋਂ ਗੋਲੀਉਂ ਸੇ ਉੜਾ ਦੀਏ ਜਾਨੇ ਕੀ ਸਨਸਨੀ ਖੇਜ਼ ਇਤਲਾਹ ਮਿਲੀ । ਬਤਾਇਆ ਗਿਆ ਹੈ ਕਿ ਖੇਮਕਰਨ ਔਰ ਪੱਟੀ ਕੇ ਦਰਮਿਆਨ ਏਕ ਰੇਲਵੇ ਸਟੇਸ਼ਨ ਪਰ ਏਕ ਨਵ-ਵਿਆਹੁਤਾ ਜੋੜਾ ਗਾੜੀ ਕੀ ਇੰਤਜ਼ਾਰ ਕਰ ਰਹਾ ਥਾ । ਗਾਂਵ ਕਾ ਏਕ ਜਿਮੀਂਦਾਰ ਵਹਾਂ ਪਹੁੰਚਾ । ਨਵ ਵਿਆਹੁਤਾ ਲੜਕੀ ਕੇ ਗਲੇ ਔਰ ਹਾਥੋਂ ਮੇਂ ਏਕ ਕਿਲੋ ਕੇ ਕਰੀਬ ਸੋਨੇ ਕੇ ਜੇਵਰਾਤ ਥੇ । ਜ਼ਿਮੀਦਾਰ ਕੀ ਨੀਅਤ ਖਰਾਬ ਹੋ ਗਈ । ਉਸ ਨੇ ਜੋੜੇ ਕੋ ਮਸ਼ਵਰਾ ਦੀਆ ਕਿ ਅਭੀ ਅੰਮ੍ਰਿਤਸਰ ਜਾਨੇ ਵਾਲੀ ਗਾੜੀ ਮੇਂ ਬਹੁਤ ਦੇਰ ਹੈ । ਯਿਹ ਇਲਾਕਾ ਬੜਾ ਖਤਰਨਾਕ ਹੈ । ਇਸ ਲੀਏ ਉਨ ਕਾ ਯਹਾਂ ਬੈਠਣਾਂ ਦਰੁਸਤ ਨਹੀਂ ਹੋਗਾ । ਵੋਹ ਉਸ ਕੇ ਸਾਥ ਚਲੇ । ਯਿਹ ਮਾਸੂਮ ਜੋੜਾ ਉਸ ਕੀ ਬਾਤੋਂ ਮੇਂ ਆਕਰ ਉਸ ਕੇ ਸਾਥ ਉਸ ਕੇ ਘਰ ਚਲਾ ਗਿਆ, ਜੋ ਸ਼ਟੇਸ਼ਨ ਕੇ ਥੋੜੇ ਸੇ ਫਾਸਲੇ ਪਰ ਥਾ । ਘਰ ਜਾ ਕਰ ਇਨ ਕੀ ਖਾਤਰੋ-ਮਦਾਰਤ ਕੀ ਔਰ ਅਪਨੇ ਹਰੀਜਨ ਮੁਲਾਜ਼ਮ ਸੇ ਕਹਾ ਕਿ ਇਨ ਕੋ ਦੇਖ ਲੋ । ਉਨ ਕੋ ਮੈਂ ਸ਼ਾਮ ਕੋ ਸਟੇਸ਼ਨ ਕੀ ਤਰਫ਼ ਰਵਾਨਾ ਕਰ ਦੂੰਗਾ ਔਰ ਤੁਮ ਫਲਾਂ ਜਗ੍ਹਾਂ ਗੜੇ ਮੇਂ ਜਾਕਰ ਰਾਈਫਲ ਲੇਕਰ ਬੈਠ ਜਾਓ । ਵਹਾਂ ਗੁਜ਼ਰਨੇ ਪਰ ਇਨ ਕੋ ਗੋਲੀ ਸੇ ਉੜਾ ਕਰ ਜ਼ੇਵਰ ਉਤਾਰ ਲੇਨਾ । ਔਰ ਆਧਾ ਤੁਮ ਲੇ ਲੇਨਾ, ਆਧਾ ਮੈਂ ਲੇ ਲੂੰਗਾ । ਹਰੀਜਨ ਮੁਲਾਜ਼ਮ ਹਸਬ ਫੈਸਲਾ ਵਹਾਂ ਪਹੁੰਚ ਗਿਆ ਔਰ ਉਧਰ ਜ਼ਿਮੀਦਾਰ ਨੇ ਉਸ ਜੋੜੇ ਸੇ ਕਹਾ ਕਿ ਅਬ ਗਾੜੀ ਕਾ ਵਕਤ ਹੋਨੇ ਵਾਲਾ ਹੈ ਆਪ ਚਲੇ ਜਾਓ । ਜਬ ਵੋਹ ਜੋੜਾ ਗਾਂਵ ਸੇ ਬਾਹਰ ਨਿਕਲਾ ਤੋ ਏਕ ਨੇਕ ਦਿਲ ਜ਼ਿਮੀਦਾਰ ਨੇ ਸਮਝਾ ਕਿ ਇਨ ਕਾ ਇਸ ਵਕਤ ਸਟੇਸ਼ਨ ਪਰ ਜਾਨਾ ਖਤਰਨਾਕ ਹੈ । ਅਜ਼ਰਾਰ-ਇਨਸਾਨੀਅਤ ਉਸ ਜੋੜੇ ਕੋ ਅਪਨੇ ਘਰ ਲੇ ਗਿਆ ਜ਼ਿਮੀਦਾਰ ਨੇ ਇੰਤਜਾਰ ਕੀਆ ਕਿ ਉਸ ਕਾ ਮੁਲਾਜ਼ਮ ਵਾਪਸ ਨਹੀਂ ਆਇਆ ਸ਼ਾਇਦ ਸਾਰਾ ਜ਼ੇਵਰ ਲੇਕਰ ਰਫੂਚੱਕਰ ਹੋ ਗਿਆ ਹੋ । ਉਸ ਨੇ ਉਸੀ ਜਗ੍ਹਾ ਪਰ ਅਪਨੇ ਦੋਨੋਂ ਬੇਟੋਂ ਕੋ ਅਪਨੇ ਮੁਲਾਜ਼ਮ ਕੀ ਤਲਾਸ਼ ਕੇ ਲੀਏ ਭੇਜ ਦੀਆ । ਜਬ ਯਿਹ ਦੋਨੋਂ ਲੜਕੇ ਉਸ ਜਗ੍ਹਾ ਪਰ ਪਹੁੰਚੇ ਤੋ ਹਰੀਜਨ ਮੁਲਾਜ਼ਮ ਨੇ ਤਾਰੀਕੀ ਮੇਂ ਸਮਝਾ ਕਿ ਯਿਹ ਨੌ-ਜਵਾਨ ਜੋੜਾ ਹੈ, ਉਸ ਨੇ ਗੋਲੀ ਚਲਾ ਦੀ ਔਰ ਦੋਨੋਂ ਲੜਕੇ ਹਲਾਕ ਹੋ ਗਏ । ਗੋਲੀ ਕੀ ਆਵਾਜ਼ ਸੁਨ ਕਰ ਲੋਗ ਪਹੁੰਚੇ, ਜ਼ਿਮੀਂਦਾਰ ਭੀ ਪਹੁੰਚ ਗਿਆ ਔਰ ਅਪਨੇ ਲੜਕੋਂ ਕੀ ਲਾਸ਼ੇਂ ਦੇਖ ਕਰ ਬੇਹੋਸ਼ ਹੋਕਰ ਗਿਰ ਗਿਆ । ਇਸ ਤਰ੍ਹਾਂ ਇਨ ਕਤਲੋਂ ਕੀ ਦਿਲਚਸਪ ਕਹਾਨੀ ਮੌਸੂਲ ਹੂਈ ਹੈ ।"

ਇਹ ਇਕ ਕਹਾਣੀ ਹੈ ਜੋ 25 ਮਈ ਦੇ ਮਿਲਾਪ ਅਖਬਾਰ ਦੇ ਵਿਚ ਛਪੀ ਹੈ। ਇਸ ਚੀਜ਼ ਦੇ ਮੁਤਾਲਿਕ ਜਦੋਂ ਮੈਂ ਅੰਮ੍ਰਿਤਸਰ ਪੁਲਿਸ ਅਥਾਰਿਟੀਜ਼ ਤੋਂ ਪੁਛਿਆ ਤਾਂ ਪਤਾ ਲਗਿਆ ਕਿ ਇਹ ਖੱਬਰ ਬਿਲਕੁਲ ਝੂਠੀ ਸੀ। ਇਸ ਦੇ ਵਿਚ ਕੋਈ ਅਸਲੀਅਤ ਨਹੀਂ ਸੀ। ਇਹ ਬਿਲਕੁਲ ਬਨਾਵਟੀ ਗੱਲ ਸੀ। ਇਸ ਤਰ੍ਹਾਂ ਦੀਆਂ ਅਖਬਾਰਾਂ ਦੀਆਂ ਕਟਿੰਗਜ਼ ਜਦੋਂ ਹਾਊਸ ਵਿਚ ਇਹ ਪੜ੍ਹਦੇ ਹਨ ਤਾਂ ਤੁਸੀਂ ਖੁਦ ਅੰਦਾਜ਼ਾ ਲਗਾ ਸਕਦੇ ਹੋ ਕਿ ਇਨ੍ਹਾਂ ਦੇ ਵਿਚ ਕਿਥੋਂ ਤੱਕ ਦੀ ਸਦਾਕਤ ਹੈ। ਮੈਂ ਸਮਝਦਾ ਹਾਂ ਇਸਤਰ੍ਹਾਂ ਝੂਠੀਆਂ ਅਖਬਾਰਾਂ ਦੀਆਂ ਖਬਰਾਂ ਦੇ ਆਧਾਰ ਤੇ ਤੁਸੀਂ ਚਾਹੁੰਦੇ ਹੋ ਇਹ ਸਾਬਤ ਕਰਨਾ ਕਿ ਇਸ ਸੂਬੇ ਦੀ ਲਾ ਐਂਡ ਆਰਡਰ ਦੀ ਹਾਲਤ ਖਰਾਬ ਹੈ। ਮੈਂ ਸਮਝਦਾ ਹਾਂ ਤੁਸੀਂ ਇਸ ਦੇ ਵਿਚ ਹਰਗਿਜ਼ ਕਾਮਿਆਬ ਨਹੀਂ ਹੋ ਸਕਦੇ। ਇਸ ਤਰ੍ਹਾਂ ਜੇ ਤੁਸੀਂ ਪ੍ਰੈਜ਼ੀਡੈਂਟ ਰੂਲ ਕਰਨਾ ਚਾਹੁੰਦੇ ਹੋ ਇਹ ਵੀ ਤੁਹਾਡੀ ਭੁਲ ਹੈ। ਮੈਂ ਕਰਾਈਮਜ਼ ਦੀਆਂ ਫਿਗਰਜ਼ ਪੜ੍ਹਕੇ ਦੱਸੀਆਂ ਹਨ ਇਨ੍ਹਾਂ ਦੀ ਹਕੂਮਤ ਦੀ ਨਿਸਬਤ ਸਾਡੇ ਵੇਲੇ ਵਿਚ ਕਰਾਈਮਜ਼ ਬਹੁਤ ਘਟ ਹੋਏ ਹਨ। ਮਰਡਰ ਘਟ ਹੋਏ ਹਨ। [ਇਕ ਆਨਰੇਬਲ ਮੈਂਬਰ : ਬਜਟ ਤਾਂ ਸਾਡਾ ਡੈਫਿਸਿਟ ਸੀ ਤੁਸੀਂ ਤਾਂ ਕਰਾਈਮਜ਼ ਵਿੱਚ ਵੀ ਇਸ ਸੂਬੇ ਨੂੰ ਡੈਫਿਸਿਟ ਵਿੱਚ ਵਿਖਾਇਆ ਹੈ (ਹਾਸਾ)] ਤੁਸੀਂ ਜੇ ਕੋਈ ਗੱਲ ਕਰਨੀ ਹੈ ਤਾਂ ਕਿਸੇ ਔਥੈਨਟਿਸਿਟੀ ਤੇ ਗੱਲ ਕਰੋ। ਹੁਣ ਤੁਹਾਡੇ ਕੋਲ ਅਖਬਾਰਾਂ ਹੀ ਰਹਿ ਗਈਆਂ ਹਨ ਇਥੇ ਸੁਨਾਉਣ ਵਾਸਤੇ। ਇਕ ਗੱਲ ਮੈਂ ਹੋਰ ਕਹਿਣੀ ਚਾਹੁੰਦਾ ਹਾਂ ਉਹ ਇਹ ਕਿ ਮੈਂ ਇਹ ਗੱਲ ਏਥੇ ਕਹਿਣੀ ਨਹੀਂ ਸੀ ਚਾਹੁੰਦਾ ਪਰ ਸਰਦਾਰ ਸਿਕੰਦਰ ਸਿੰਘ ਅਤੇ ਲੀਡਰ ਆਫ਼ ਦੀ ਅਪੋਜ਼ੀਸ਼ਨ ਨੇ ਇਹ ਕਿਹਾ ਕਿ ਬੜਾ ਜ਼ੁਲਮ ਹੋ ਗਿਆ ਇਕ ਮਨਿਸਟਰ ਦੀ ਕਾਰ ਤੇ ਗੋਲੀ ਚਲ ਗਈ। ਅਜੇ ਵੀ ਇਨ੍ਹਾਂ ਦੇ ਦਿਮਾਗ ਵਿਚੋਂ ਇਹ ਮਨਿਸਟਰੀ ਦੀ ਗੱਲ ਗਈ ਨਹੀਂ। ਇਨ੍ਹਾਂ ਦੇ ਆਪਣੇ ਬੰਦੇ ਜਦੋਂ ਬੋਲਦੇ ਹਨ ਤਾਂ ਇਹ ਸਮਝਦੇ ਹਨ ਕਿ ਇਹ ਹੋਮ ਮਨਿਸਟਰ ਬੋਲਦਾ ਹੈ ਅਤੇ ਇਹ ਚੀਫ਼ ਮਨਿਸਟਰ ਬੋਲਦਾ ਹੈ। ਸਾਨੂੰ ਤਾਂ ਇਹ ਐਵੇਂ ਹੀ ਸਮਝਦੇ ਹਨ। ਸ਼ਾਇਦ ਇਨ੍ਹਾਂ ਦਾ ਖਿਆਲ ਇਹ ਹੋਵੇ ਕਿ ਇਹ ਮਨਿਸਟਰੀ ਮਹੀਨੇ ਦੋ ਮਹੀਨੇ ਦੀ ਗੱਲ ਹੈ। ਅਸਲ ਮਨਿਸਟਰੀ ਤਾਂ ਇਨ੍ਹਾਂ ਦੀ ਹੀ ਬਣਨੀ ਹੈ। (ਹਾਸਾ) ਮੈਂ ਅਰਜ਼ ਕਰ ਰਿਹਾ ਸੀ ਕਿ ਇਥੇ ਇਕ ਮਨਿਸਟਰ ਦੀ ਕਾਰ ਤੇ ਗੋਲੀ ਚਲਣ ਦੀ ਗੱਲ ਕਹੀ ਗਈ। ਪ੍ਰੀਜ਼ੀਉਮੇਬਲੀ ਇਨ੍ਹਾਂ ਦਾ ਮਤਲਬ ਸ੍ਰੀ ਪ੍ਰਬੋਧ ਚੰਦਰ ਜੀ ਤੋਂ ਹੈ ਕਿਉਂਕਿ ਇਸ ਤਰ੍ਹਾਂ ਦੀ ਖ਼ਬਰ ਇਕ ਅਖ਼ਬਾਰ ਵਿੱਚ ਵੀ ਆਈ ਸੀ। ਜਦੋਂ ਵੀ ਇਸ ਗੱਲ ਦੀ ਮੈਨੂੰ ਇਤਲਾਹ ਮਿਲੀ ਸੀ ਮੈਂ ਉਸੇ ਵਕਤ ਆਈ. ਜੀ. ਪੁਲਿਸ ਨਾਲ ਗੱਲ ਕੀਤੀ ਅਤੇ ਉਸ ਨੂੰ ਇਹ ਆਰਡਰਜ਼ ਦਿਤੇ ਸਨ ਕਿ ਕਿਸੇ ਸੀਨੀਅਰ ਅਫ਼ਸਰ ਦੀ ਡਿਊਟੀ ਇਸ ਮੁਆਮਲੇ ਤੇ ਤਹਿਕੀਕਾਤ ਕਰਨ ਲਈ ਲਗਾ ਦਿਉ। ਮੈਂ ਇਸ ਸਿਲਸਿਲੇ ਦੇ ਮੈਰਿਟ ਵਿੱਚ ਨਹੀਂ ਜਾਂਦਾ ਪਰ ਜੋ ਅਸਲ ਵਾਕਿਆਤ ਹੋਏ ਉਹ ਇਹ ਹਨ। 16 ਤਾਰੀਖ ਦੀ ਰਾਤ ਨੂੰ ਮਿਸਿਜ਼ ਪ੍ਰਬੋਧ ਚੰਦਰ, ਉਨ੍ਹਾਂ ਦਾ ਡਰਾਈਵਰ ਅਤੇ ਇਕ ਨੌਕਰ ਪਠਾਣਕੋਟ ਨੂੰ ਜਾ ਰਹੇ ਸਨ। ਰਾਤ ਨੂੰ 10 ਵਜੇ ਦੇ ਕਰੀਬ ਰਸਤੇ ਵਿਚ ਤਿੰਨ ਆਦਮੀਆਂ ਨੇ ਉਨ੍ਹਾਂ ਦੀ ਕਾਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਇਹ ਪਠਾਣਕੋਟ ਜਾ ਕੇ ਰੁਕੇ ਪਰ ਉਥੇ ਇਸ ਮੋਟਰ ਦੀ ਪੁਲਿਸ ਦੇ ਪਾਸ ਕੋਈ ਰਿਪੋਰਟ ਦਰਜ ਤੱਕ ਵੀ ਨਹੀਂ ਕਰਾਈ। ਇਹ ਫੇਰ ਉਸੇ ਰਸਤੇ ਵਾਪਸ ਆਏ। ਇਸੇ ਜਗ੍ਹਾ ਫੇਰ ਗੋਲੀ ਚੱਲੀ। ਇਸ ਵੇਲੇ ਇਸ ਵਿੱਚ ਇਕ ਘਰੇਲੂ ਨੌਕਰ ਅਤੇ ਡਰਾਈਵਰ ਸੀ। ਵਾਪਸ ਆ ਕੇ ਦੀਨਾ ਨਗਰ ਰੁਕੇ, ਪਰ ਇਥੇ ਵੀ ਕੋਈ ਰਿਪੋਰਟ ਪੁਲਿਸ ਦੇ ਪਾਸ ਦਰਜ ਨਹੀਂ ਕਰਵਾਈ।

ਇਹ ਵਾਕਿਆ 16 ਤਾਰੀਖ ਦਾ ਹੈ। 17, 18, 19 ਨੂੰ ਕੋਈ ਰਿਪੋਰਟ ਨਹੀਂ ਹੋਈ। ਉਨ੍ਹਾਂ ਨੇ ਜਿਹੜੀ ਵਜ੍ਹਾ ਦੱਸੀ ਹੈ, ਮੈਂ ਉਨ੍ਹਾਂ ਦਾ ਅਪਣਾ ਬਿਆਨ ਹੀ ਦੱਸ ਦਿੰਦਾ ਹਾਂ ਤਾਂ ਕਿ

[ਮੁੱਖ ਮੰਤਰੀ]

ਕੋਈ ਗਲਤੀ ਨਾ ਹੋ ਜਾਵੇ । ਉਨ੍ਹਾਂ ਨੇ ਕਿਹਾ ਕਿ :-

"Immediately I went to the office of the S. P. Gurdaspur but was told that he was away to Madhopur Dera Baba Nanak. Next day, I contacted the S. P. on telephone to fix up a meeting but on his enquiry about my programme, I thought he might see me and then I would explain the whole story. Since I have a number of engagements today and tomorrow, I cannot leave my car and driver here but after that I can send it anywhere it is needed for thorough examination."

ਲੇਕਿਨ ਐਸ. ਪੀ. ਸਾਹਿਬ ਕਹਿੰਦੇ ਨੇ ਕਿ ਮੈਂ 16 ਤੋਂ ਲੈਕੇ 19 ਤਕ ਉਥੇ ਹੀ ਰਿਹਾ ਹਾਂ ਕਿਧਰੇ ਨਹੀਂ ਗਿਆ । Law must have its course.

ਟੈਲੀਫੂਨ ਤੇ ਵੀ ਇਨ੍ਹਾਂ ਨੇ ਕੋਈ ਇਤਲਾਹ ਨਹੀਂ ਦਿੱਤੀ ਕਿ ਕੋਈ ਐਸਾ ਵਾਕਿਆ ਹੋਇਆ ਹੈ। ਇਸ ਤੋਂ ਅਗੇ ਜੋ ਕੁਝ ਇਨ੍ਹਾਂ ਨੇ ਕਿਹਾ ਹੈ ਉਹ ਵੀ ਧਿਆਨ ਨਾਲ ਸੁਣ ਲਉ। ਆਖਿਰ ਵਿਚ ਇਨ੍ਹਾਂ ਨੇ ਡਿਲੇ ਦੀ ਵਜ੍ਹਾ ਦੱਸੀ ਹੈ ਕਿ 20 ਤਰੀਕ ਨੂੰ ਕਿਉਂ ਰਿਪੋਟ ਕੀਤੀ ;

"The delay in lodging the report is due to my desire not to create any political controversy till I had met you."

ਯਾਨੀ ਦੋ ਤਿੰਨ ਵਜ੍ਹਾ ਦਿੱਤੀਆ ਹਨ । ਇਹ ਹਾਊਸ ਦੇ ਮੈਂਬਰ ਦੇਖ ਲੈਣ । ਇਕ ਤਾਂ ਇਹ ਕਹਿੰਦੇ ਹਨ ਕਿ ਐਸ. ਪੀ. ਇਨ੍ਹਾਂ ਨੂੰ ਮਿਲਿਆ ਨਹੀਂ ਸੀ, ਦੂਸਰੇ ਇਹ ਕਹਿ ਦੇਣਾ ਨਹੀਂ ਸੀ ਚਾਹੁੰਦੇ । It is for the Members to see.

ਬਹਰ ਸੂਰਤ ਇਨਕੁਆਇਰੀ ਹੋ ਰਹੀ ਹੈ । ਇਨ੍ਹਾਂ ਕੋਲੋਂ ਐਸ. ਪੀ. ਨੇ ਕਾਰ ਮੰਗੀ ਸੀ ਇਨ੍ਹਾਂ ਨੇ ਇਨਕਾਰ ਕਰ ਦਿੱਤਾ ਕਿ ਮੈਂ ਦੋ ਦਿਨ ਤੱਕ ਨਹੀਂ ਦੇ ਸਕਦਾ, ਮੇਰੀਆਂ ਕੁਝ ਐਂਗੇਜਮੈਂਟਸ ਸਨ । ਦਿੱਲੀ ਜਾਕੇ ਵੀ ਇਹ ਇਹੀ ਗੱਲਾਂ ਕਰਦੇ ਰਹੇ ਕਿ ਮੇਰੇ ਨਾਲ ਬੜਾ ਜ਼ੁਲਮ ਹੋਇਆ ਹੈ !

ਅਵਾਜ਼ਾਂ : ਪੁਲਿਸ ਦੀ ਰਿਪੋਰਟ ਕੀ ਹੈ ? ਬਲਿਸਟਿਕ ਰਿਪੋਰਟ ਆਈ ਹੈ ਕਿ ਨਹੀਂ ?

ਮੁੱਖ ਮੰਤਰੀ : ਬਲਿਸਟਿਕ ਰਿਪੋਰਟ ਬੜੀ ਦੇਰ ਨਾਲ ਪਹੁੰਚਦੀ ਹੈ । ਇਨਵੈਸਟੀਗੇਸ਼ਨ ਹੋ ਰਹੀ ਹੈ। ਜਿਹੜੀ ਰਿਪੋਰਟ ਹੋਵੇਗੀ, ਉਸ ਦੇ ਮੁਤਾਬਕ ਕਾਰਵਾਈ ਕੀਤੀ ਜਾਵੇਗੀ। ਮੇਰਾ ਭਾਵ ਇਹ ਹੈ ਕਿ ਸ੍ਰੀ ਪ੍ਰਬੋਧ ਚੰਦਰ ਜੀ ਬੜੇ ਨੇਕ ਆਦਮੀ ਹਨ, ਜਿਹੜੇ ਹਰ ਮਿਨਟ ਅਸਤੀਫ਼ਾ ਦੇਣ ਲਈ ਤਿਆਰ ਹੁੰਦੇ ਹਨ, ਲੇਕਿਨ ਹਾਊਸ ਉਨ੍ਹਾਂ ਨੂੰ ਮਜਬੂਰ ਕਰਦਾ ਹੈ ਕਿ ਨਾ ਦਿਉ ਕਿਉਂਕਿ ਹਾਓਸ ਨੂੰ ਉਨ੍ਹਾਂ ਦੇ ਜਾਣ ਨਾਲ ਫਾਇਦਾ ਨਹੀਂ ਪਹੁੰਚਦਾ; ਜਿਹੜੀਆਂ ਗੱਲਾਂ ਉਹ ਦਸਦੇ ਹਨ ਉਹ ਫਿਰ ਨਹੀਂ ਦੱਸੀਆਂ ਜਾਣਗੀਆਂ ।

ਮੈਂ ਸਮਝਦਾ ਹਾਂ ਕਿ ਘੜੀ ਘੜੀ ਕਹਿੰਦੇ ਸਨ ਕਿ ਸਰਦਾਰ ਬਲਦੇਵ ਸਿੰਘ ਦਾ ਕੇਸ ਪੁਲਿਸ ਨੂੰ ਦੇ ਦਿਓ, ਉਹ ਇਸੇ ਵਾਸਤੇ ਕਹਿੰਦੇ ਸਨ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਸਾਡੇ ਤੇ ਕਾਬੂ ਪਾਉਣ । ਫਿਰ ਇਹ ਕਿਹਾ ਗਿਆ ਹੈ ਕਿ ਬੜੀ ਕੁਰੱਪਸ਼ਨ ਫੈਲਾ ਦਿੱਤੀ ਹੈ, ਫਰਟੇਲਾਈਜ਼ਰ ਵਿੱਚ ਕੁਰੱਪਸ਼ਨ ਹੋ ਗਈ ਹੈ । ਮੈਂ ਅਰਜ਼ ਕਰਨਾ ਚਾਹੁੰਦਾ ਹਾਂ ਕਿ ਜਿਸ ਵਕਤ ਮੈਂ ਗੌਰਮਿੰਟ ਫਾਰਮ ਕੀਤੀ ਤਾਂ ਥੋੜੇ ਦਿਨਾਂ ਦੇ ਬਾਅਦ ਸੈਕਟਰੀ ਵਿਜੀਲੈਂਸ ਨੂੰ ਨੋਟ ਇਸ਼ੂ ਕੀਤਾ ਕਿ

ਫਰਟੇਲਾਈਜ਼ਰ ਵਿੱਚ ਬਹੁਤ ਕੁਰਪਸ਼ਨ ਸੁਣੀ ਗਈ ਹੈ, ਉਸ ਦੀ ਇਨਵੈਸਟੀਗੇਸ਼ਨ ਕਰੋ । ਨਤੀਜੇ ਦੇ ਤੌਰ ਤੇ ਕਈ ਪ੍ਰਸੀਕਿਊਸ਼ਨਜ਼ ਹੋ ਰਹੀਆਂ ਹਨ । ਇਨਵੈਸਟੀਗੇਸ਼ਨ ਹੋ ਰਹੀ ਹੈ, ਜਿਸ ਦੀ ਕਿ ਇਨ੍ਹਾਂ ਦੀ ਸਰਕਾਰ ਨੇ ਕਦੀ ਪਰਵਾਹ ਨਹੀਂ ਸੀ ਕੀਤੀ। ਮੈਂ ਸਮਝਦਾ ਸਾਂ ਕਿ ਫਰਟੇਲਾਈਜ਼ਰ ਖੇਤੀਆਂ ਵਾਸਤੇ ਹੀ ਬੜੀ ਜ਼ਰੂਰੀ ਹੈ ਲੇਕਿਨ ਇਸ ਨੂੰ ਕਾਂਗਰਸ ਦੇ ਆਦਮੀ ਹੀ ਖਾ ਗਏ। ਖੇਤੀਆਂ ਨੂੰ ਮਿਲੀ ਹੀ ਨਹੀਂ । ਮੈਂ ਕੋਸ਼ਿਸ਼ ਕੀਤੀ ਹੈ ਕਿ ਹੁਣ ਖਾਦ ਖੇਤੀਆਂ ਨੂੰ ਮਿਲ ਸਕੇ । ਇਸ ਸਬੰਧ ਵਿੱਚ ਮੈਂ ਅਰਜ਼ ਕਰ ਦਿਆਂ ਕਿ ਅਸੀਂ ਸਕੀਮ ਬਣਾਈ ਹੈ ਕਿ ਪਿੰਡਾਂ ਵਿੱਚ ਜੋ ਲੋਕ ਖੇਤੀ ਕਰਦੇ ਹਨ ਉਨ੍ਹਾਂ ਦੇ ਏਰੀਏ ਦੀ ਡਿਟੇਲ ਲਈ ਜਾਵੇ । ਉਥੇ ਉਨ੍ਹਾਂ ਦਾ ਨਾਂ ਲਿਖਿਆ ਜਾਵੇ ਅਤੇ ਉਨ੍ਹਾਂ ਦੇ ਨਾਂ ਦੇ ਅਗੇ ਲਿਖਿਆ ਜਾਵੇ ਕਿ ਉਨ੍ਹਾਂ ਨੂੰ ਇਤਨੀ ਖਾਦ ਮਿਲੇ। ਅਤੇ ਬਜਾਏ ਇਸ ਦੇ ਕਿ ਸਾਰੀ ਖਾਦ ਆਪਣੇ ਆਦਮੀਆਂ ਨੂੰ ਦਿੱਤੀ ਜਾਵੇ, ਖਾਦ ਦੀ ਵੰਡ ਇਸ ਤਰ੍ਹਾਂ ਹੋਣੀ ਚਾਹੀਦੀ ਹੈ ।

ਇਕ ਇਸ਼ੂ ਇਨ੍ਹਾਂ ਨੇ ਕਈ ਦਫ਼ਾ ਛੇੜਿਆ ਹੈ ਕਿ ਸਰਕਾਰ ਦੀ ਪਾਲੀਸੀ ਲੈਂਗੁਏਜ਼ ਦੇ ਸੰਬੰਧ ਵਿੱਚ ਕੀ ਹੋਵੇਗੀ । ਅਸੀਂ ਕਈ ਵਾਰੀ ਇਨ੍ਹਾਂ ਨੂੰ ਦੱਸਿਆ ਹੈ । ਜਾਂ ਤਾਂ ਇਹ ਮਚਲੇ ਹਨ ਅਤੇ ਸਮਝਣਾ ਨਹੀਂ ਚਾਹੁੰਦੇ ਜਾਂ ਇਨ੍ਹਾਂ ਨੂੰ ਸਮਝ ਉਸ ਤਰ੍ਹਾਂ ਨਹੀਂ ਆਉਂਦੀ। ਅਸੀਂ ਕਈ ਵਾਰੀ ਇਨ੍ਹਾਂ ਨੂੰ ਕਿਹਾ ਹੈ ਕਿ ਤੁਸੀਂ ਆਪਣੀ ਰਾਏ ਦਿਉ । ਮੈਂ ਸਰਦਾਰ ਗਿਆਨ ਸਿੰਘ ਰਾੜੇਵਾਲੇ ਨੂੰ ਬਤੌਰ ਲੀਡਰ ਆਫ਼ ਦੀ ਆਪੋਜ਼ੀਸ਼ਨ ਬੁਲਾਉਂਗਾ । ਉਨ੍ਹਾਂ ਦੀ ਰਾਏ ਪੁਛਾਂਗਾ ਕਿ ਤੁਸੀਂ ਆਪਣੀ ਪਾਲੀਸੀ ਦੱਸੋ । ਅਸੀਂ 20 ਦਫ਼ਾ ਕਹਿ ਚੁਕੇ ਹਾਂ ਕਿ ਹਿੰਦੀ ਨੈਸ਼ਨਲ ਭਾਸ਼ਾ ਹੈ, ਇਸ ਦੀ ਜਗ੍ਹਾ ਸਾਰੇ ਹਿੰਦੁਸਤਾਨ ਵਿੱਚ ਹੈ ਤੁਸੀਂ ਸਿਰਫ਼ ਪੰਜਾਬ ਵਿੱਚ ਹੀ ਕਿਉਂ ਕਹਿੰਦੇ ਹੋ, ਇਨ੍ਹਾਂ ਨੂੰ ਅਜੇ ਵੀ ਸਮਝ ਨਹੀਂ ਆਉਂਦੀ । ਫਿਰ ਪੰਜਾਬੀ ਪੰਜਾਬ ਦੀ ਬੋਲੀ ਹੈ ਇਸ ਦੇ ਬਾਰੇ ਜਨਸੰਘੀ ਵੀ ਕਲੀਅਰ ਹਨ ਤੇ ਅਸੀਂ ਵੀ ਕਲੀਅਰ ਹਾਂ ਔਰ ਇਸੇ ਬੇਸਿਜ਼ ਤੇ ਪੰਜਾਬੀ ਸੂਬਾ ਬਣਿਆ ਹੈ ਲੇਕਿਨ ਇਸ ਸੂਬੇ ਵਿੱਚ ਹਿੰਦੀ ਦੀ ਡਿਵੈਲਪਮੈਂਟ ਵਿੱਚ ਕੋਈ ਰੁਕਾਵਟ ਨਹੀਂ ਹੋਵੇਗੀ । ਅਸੀਂ ਕਈ ਦਫਾ ਕਹਿ ਚੁਕੇ ਹਾਂ ਮਗਰ ਇਹ ਮੰਨਦੇ ਹੀ ਨਹੀਂ । ਇਨ੍ਹਾਂ ਨੂੰ ਤਕਲੀਫ਼ ਹੈ । ਪ੍ਰਬੋਧ ਜੀ ਤਾਂ ਕਹਿ ਗਏ ਹਨ ਕਿ ਯੂਨਾਇਟਿਡ ਫਰੰਟ ਦੀ ਸਰਕਾਰ 100 ਸਾਲ ਤਕ ਰਹੇ । ਲੇਕਿਨ ਇਹ ਤਾਂ ਸਾਨੂੰ ਦੋ ਮਹੀਨੇ ਨਹੀਂ ਚਲਣ ਦਿੰਦੇ, 100 ਸਾਲ ਕਿਹੜੀ ਗੱਲ ਦੇ । ਜਨਸੰਘੀ ਅਤੇ ਅਕਾਲੀ ਬੜੇ ਕਮਿਊਨਲ ਨੇ ਅਤੇ ਕਾਂਗਰਸੀ ਬੜੇ ਸੈਕੂਲਰ ਨੇ ਜਿਹੜੇ ਮਕੜ ਜੀ ਅਤੇ ਮਹੰਤ ਜੀ ਪਾਸ ਜਾਕੇ ਕਹਿੰਦੇ ਨੇ ਕਿ ਤੁਸੀਂ ਯੂਨਾਇਟਿਡ ਫਰੰਟ ਨੂੰ ਛੱਡ ਦਿਓ, ਬਾਹਰ ਆ ਜਾਓ । ਹਿੰਦੂਆਂ ਦਾ ਵਾਸਤਾ ਪਾ ਪਾ ਕਿ ਉਨ੍ਹਾਂ ਦੀਆਂ ਮਿੰਨਤਾਂ ਕਰਦੇ ਹਨ ਕਿ ਹਿੰਦੂ ਤਬਾਹ ਹੋ ਗਏ, ਲੁਟੇ ਗਏ । ਪ੍ਰਬੋਧ ਹੋਰੀ ਕਿੰਨੇ ਨੇਕ ਆਦਮੀ ਨੇ, ਕਿੰਨੇ ਸੰਤ ਆਦਮੀ ਨੇ । ਹਿੰਦੂ ਮਤ ਨੂੰ ਬਚਾਉਣ ਵਾਸਤੇ ਲੋਕਾਂ ਦੇ ਸਾਹਮਣੇ ਜਾਕੇ ਗੋਡੇ ਪਰਨੇ ਹੋਕੇ ਮੱਥੇ ਟੇਕਦੇ ਰਹੇ ਹਨ । ਲੁਧਿਆਣੇ ਜਾਕੇ ਇਨ੍ਹਾਂ ਨੇ ਅੱਗ ਲਵਾਈ। ਕੋਤਵਾਲੀ ਵਿੱਚ ਬੈਠ ਕੇ ਬਿਆਨ ਦਿੱਤਾ ਕਿ ਲੋਕਾਂ ਨੂੰ 4, 5 ਦਿਨ ਛੁਟੀ ਦੇ ਦਿਓ। ਇਹ ਉਸ ਵੇਲੇ ਵਜ਼ੀਰ ਸਨ । ਇਥੇ ਕੁਝ ਕੇਸਾਂ ਦਾ ਰੈਫ਼ਰੈਂਸ ਦਿੱਤਾ ਗਿਆ ਹੈ। ਮੇਰੇ ਦੋਸਤਾਂ ਨੇ ਸਰਦਾਰ ਜੈਇੰਦਰ ਸਿੰਘ ਦਾ ਜ਼ਿਕਰ ਕੀਤਾ ਹੈ । ਉਹ ਬੜੇ ਪੁਰਾਣੇ ਐਮ. ਐਲ. ਏ. ਸਨ, ਉਨ੍ਹਾਂ ਨੂੰ ਪੁਲਿਸ ਨੇ ਪਕੜ ਲਿਆ ਹੈ । ਕਿਹਾ ਗਿਆ ਹੈ ਕਿ 1964 ਦਾ ਕੇਸ ਦਰਜ ਹੋਇਆ ਸੀ, ਏਨੀ ਦੇਰ ਪਿਛੋਂ ਕਿਉਂ ਪਕੜਿਆ ਹੈ । ਮੈਂ ਤਾਂ ਜੋ ਕੁਝ ਸਮਝ ਸਕਿਆ ਹਾਂ ਉਹ ਇਹ ਹੈ ਕਿ ਇਨ੍ਹਾਂ ਦੀ ਆਪਣੀ ਵਜ਼ਾਰਤ ਸੀ ਉਨ੍ਹਾਂ ਨੇ ਆਪਣੇ ਮੈਂਬਰਾਂ ਨੂੰ ਖੁਲ੍ਹੀ ਛੁਟੀ ਦਿੱਤੀ ਹੋਈ ਸੀ ਕਿ ਜਿੰਨੀ ਮਰਜ਼ੀ ਹੈ ਕਰ ਲਓ । ਅਸੀਂ ਤੁਹਾਨੂੰ ਕੀ ਕਹਿਣਾ ਹੈ । ਉਹ ਧਾਰਾ 420 ਅਧੀਨ ਪਕੜੇ ਗਏ ਹਨ । ਜਿਸ ਵਕਤ ਉਨ੍ਹਾਂ ਦੀ ਵਜ਼ਾਰਤ ਹਟ ਗਈ ਅਤੇ ਜਿਨ੍ਹਾਂ ਪੁਲਿਸ ਵਾਲਿਆਂ ਨੂੰ ਇਹ ਧਮਕਾਇਆ ਕਰਦੇ ਸਨ, ਉਨ੍ਹਾਂ ਨੇ ਕਿਹਾ ਚਲੋ ਪਕੜੋ, ਜ਼ੁਰਮ ਤਾਂ ਕੀਤਾ

[ਮੁੱਖ ਮੰਤਰੀ]

ਹੋਇਆ ਹੀ ਹੈ । ਸਾਡਾ ਇਸ ਦੇ ਵਿੱਚ ਕੀ ਹੱਥ ਹੋ ਸਕਦਾ ਹੈ । ਸਾਨੂੰ ਇੰਸਟ੍ਰਕਸ਼ਨਜ਼ ਦੇਣ ਦੀ ਕੀ ਜ਼ਰੂਰਤ ਸੀ ? ਅਸੀਂ ਤਾਂ ਜਨਰਲ ਇੰਸਟ੍ਰਕਸ਼ਨਜ਼ ਦਿੱਤੀਆਂ ਹੋਈਆਂ ਹਨ ਕਿ ਜੋ ਜੁਰਮ ਕਰਦਾ ਹੈ ਉਸ ਨੂੰ ਪਕੜ ਲਓ, ਚਾਹੇ ਉਹ ਕਾਂਗਰਸ ਪਾਰਟੀ ਦਾ ਹੋਵੇ, ਚਾਹੇ ਉਹ ਯੂਨਾਇਟਿਡ ਫਰੰਟ ਪਾਰਟੀ ਦਾ ਹੋਵੇ । ਸਾਨੂੰ ਯਾਦ ਹੈ ਕਿ ਸਰਦਾਰ ਦਰਬਾਰਾ ਸਿੰਘ ਹੋਰੀ ਹੋਮ ਮਨਿਸਟਰ ਹੁੰਦੇ ਸਨ, ਅਸੀਂ ਤਾਂ ਰੌਲਾ ਪਾਉਂਦੇ ਹੁੰਦੇ ਸਾਂ ਕਿ ਕਿਉਂ ਨਹੀਂ ਪਕੜਦੇ, ਜੁਰਮ ਕੀਤਾ ਹੈ, ਪਕੜੋ । ਹੁਣ ਇਹ ਕਹਿੰਦੇ ਹਨ ਕਿ ਐਲ. ਆਰ. ਦੀ ਰਾਏ ਲੈ ਲਉ । ਮੈਂ ਲੈ ਦਿੰਦਾ ਹਾਂ ਜਿੰਨੀ ਇਨ੍ਹਾਂ ਨੇ ਰਾਏ ਲੈਣੀ ਹੈ । ਕੇਸ ਐਗਜ਼ਾਮਿਨ ਕਰਵਾ ਲਉ । ਅਗਰ ਬੇਗੁਨਾਹ ਹੈ ਤਾਂ ਛੁਟ ਜਾਵੇ ਗਾ ਨਹੀਂ ਤਾਂ ਜੇਲ੍ਹ ਚਲਾ ਜਾਵਗਾ । ਕਹਿੰਦੇ ਹਨ ਜੀ ਕਿ ਲਾਕ-ਅਪ ਵਿੱਚ ਕਿਉਂ ਰਖ ਲਿਆ ਹੈ । ਇਨ੍ਹਾਂ ਨੂੰ ਪੁਛੋ ਕਿ ਲਾਕ-ਅਪ ਵਿੱਚ ਨਾ ਰਖਦੇ ਤਾਂ ਜਿਸ ਨੇ ਜੁਰਮ ਕੀਤਾ ਹੈ ਉਸ ਨੂੰ ਮਖਮਲ ਦਾ ਬਿਸਤਰਾ ਦਿੰਦੇ ? ਜਿਸ ਨੇ ਜੁਰਮ ਕੀਤਾ ਹੈ ਉਸ ਨੂੰ ਜ਼ਰੂਰ ਪਕੜਿਆ ਜਾਵੇ ਚਾਹੇ ਇਧਰ ਦਾ ਕਰੇ, ਚਾਹੇ ਉਧਰ ਦਾ ਕਰੇ। ਇਹੋ ਮੇਰੇ ਆਰਡਰਜ਼ ਹੋਣਗੇ ਕਿ ਪਕੜ ਲਉ ।

ਮਲੋਟ ਵਾਲੇ ਸਰਦਾਰ ਦਾ ਬੜਾ ਸਕੈਂਡਲਸ ਕੇਸ ਸੀ । ਦੂਸਰੀ ਬੀਵੀ ਨੂੰ ਖਰਚਾ ਦਿਲਵਾਉਣ ਵਾਸਤੇ, ਉਹਦੇ ਉਤੇ ਦਬਾ ਪਾਉਣ ਵਾਸਤੇ ਉਸ ਤੇ ਝੂਠਾ ਕੇਸ ਬਣਾਇਆ ਗਿਆ ਸੀ । ਸਰਦਾਰ ਦੀ ਮਾਂ ਦੀ ਲੱਖਾਂ ਰੁਪਏ ਦੀ ਜ਼ਾਗੀਰ ਸੀ। ਉਸ ਨੂੰ ਜੇਲ੍ਹਖਾਨੇ ਵਿੱਚ ਰਖਿਆ ਗਿਆ । ਪੰਡਿਤ ਮੋਹਨ ਲਾਲ ਹੋਰੀਂ ਉਨ੍ਹਾਂ ਦਿਨਾਂ ਵਿੱਚ ਹੋਮ ਮਨਿਸਟਰ ਸਨ । ਮੈਂ ਉਨ੍ਹਾਂ ਨੂੰ ਕਿਹਾ ਕਿ ਝੂਠਾ ਕੇਸ ਹੈ, ਬੇਈਮਾਨੀ ਕੀਤੀ ਗਈ ਹੈ ਇਸ ਕੇਸ ਵਿੱਚ । ਉਸ ਤੇ ਦਬਾ ਪਾਉਣ ਦੀ ਖਾਤਰ ਝੂਠਾ ਕੇਸ ਬਣਾਇਆ ਗਿਆ ਹੈ । ਮੈਂ ਹੁਣ ਵੀ ਸਾਬਤ ਕਰ ਸਕਦਾ ਹਾਂ । ਮੈਂ ਇਨ੍ਹਾਂ ਨਾਲ ਗੱਲ ਕੀਤੀ ਤਾਂ ਇਨ੍ਹਾਂ ਨੇ ਹੈਂ..ਹੈਂ..ਹੈਂ..ਹੈਂ ਕਰ ਛਡਿਆ ।

ਸਰਦਾਰ ਜੋਗਿੰਦਰ ਸਿੰਘ ਦੇ ਕੇਸ ਤੋਂ ਬਾਅਦ ਉਨ੍ਹਾਂ ਨੇ ਇਕ ਕੇਸ ਹੋਰ ਰੈਫਰ ਕੀਤਾ ਕਿ ਸਰਦਾਰ ਗਿਰਧਾਰਾ ਸਿੰਘ ਜੋ ਟਰਾਂਸਪੋਰਟਰ ਹਨ ਔਰ ਕਾਂਗਰਸ ਪਾਰਟੀ ਦੇ ਮੈਂਬਰ ਹਨ, ਉਨ੍ਹਾਂ ਨੂੰ ਕੋਈ ਨਾਜਾਇਜ਼ ਤੌਰ ਤੇ ਨੋਟਿਸ ਜਾਰੀ ਕੀਤੇ ਹਨ । ਮੈਂ ਪਤਾ ਕੀਤਾ ਹੈ । ਉਨ੍ਹਾਂ ਨੂੰ ਕੁਝ ਨੋਟਿਸ ਜਾਰੀ ਹੋਏ ਕਿ ਪੰਜ ਸਾਲਾਂ ਤੋਂ ਤੁਹਾਡੇ ਕੰਮ ਵਿਚ ਗੜਬੜ ਹੈ— ਇਰਰੈਗੂਲੈਰੀਟੀਜ਼ ਹਨ । ਉਨ੍ਹਾਂ ਨੋਟਿਸਿਜ਼ ਉਤੇ ਉਨ੍ਹਾਂ ਦੇ ਵਕੀਲ ਪੇਸ਼ ਹੋਏ। ਉਨ੍ਹਾਂ ਨੇ ਦੋ ਮਹੀਨਿਆਂ ਦੀ ਮੁਹਲਤ ਮੰਗੀ ਜੋ ਦਿੱਤੀ ਗਈ । ਮੈਂ ਯਕੀਨ ਦਿਲਾਂਦਾ ਹਾਂ ਕਿ ਇਸ ਗੱਲ ਦਾ ਸਿਰਫ ਇਸੇ ਕਰਕੇ ਨੋਟਿਸ ਨਹੀਂ ਲਿਆ ਜਾਵੇਗਾ ਕਿ ਸਰਦਾਰ ਗਿਰਧਾਰਾ ਸਿੰਘ ਕਾਂਗਰਸ ਪਾਰਟੀ ਵਿਚ ਬੈਠਾ ਹੈ । ਅਗਰ ਕੋਈ ਵੀ ਟਰਾਂਸਪੋਰਟਰ ਚਾਹੇ ਉਸ ਪਾਸੇ ਦਾ ਹੋਵੇ ਚਾਹੇ ਇਸ ਪਾਸੇ ਦੇ ਬੈਂਚਾਂ ਨਾਲ ਸਬੰਧ ਰਖਦਾ ਹੋਵੇ, ਅਗਰ ਉਹ ਇਰਰੈਗੂਲੈਰਿਟੀਜ਼ ਕਰਦਾ ਹੈ ਤਾਂ ਸਰਕਾਰ ਇਸ ਗੱਲ ਤੋਂ ਨਹੀਂ ਡਰੇਗੀ ਕਿ ਮਿਸਟਰ ਪ੍ਰਬੋਧ ਚੰਦਰ ਨੇ ਇਤਰਾਜ਼ ਕਰਨਾ ਹੈ ਕਿ ਸਾਡੇ ਆਦਮੀ ਨੂੰ ਕਿਉਂ ਨੋਟਿਸ ਜਾਰੀ ਕੀਤੇ । ਮੈਂ ਚਾਹੁੰਦਾ ਸਾਂ ਕਿ ਸਰਦਾਰ ਗਿਰਧਾਰਾ ਸਿੰਘ ਖੁਦ ਬੋਲਦੇ । ਮਗਰ ਉਨ੍ਹਾਂ ਨੇ ਕੋਈ ਸ਼ਿਕਾਇਤ ਨਹੀਂ ਕੀਤੀ । ਮੈਂ ਉਨ੍ਹਾਂ ਨੂੰ ਬੜੀ ਦੇਰ ਤੋਂ ਜਾਣਦਾ ਹਾਂ ਪਾਕਿਸਤਾਨ ਦੇ ਵਕਤ ਤੋਂ ਪਹਿਲਾਂ ਦਾ ਜਾਣਦਾ ਹਾਂ । ਉਨ੍ਹਾਂ ਨੂੰ ਯਕੀਨ ਹੈ ਕਿ ਮੇਰੇ ਕੋਲੋਂ ਇਸ ਹਿਸਾਬ ਨਾਲ ਕੋਈ ਬਾਤ ਨਹੀਂ ਹੋਵੇਗੀ। ਕਹਿੰਦੇ ਹਨ ਕਿ ਇਕ ਬੇਵਕੂਫ ਦੋਸਤ ਨਾਲੋਂ ਦਾਨਾ ਦੁਸ਼ਮਨ ਚੰਗਾ ਹੁੰਦਾ , ਉਨ੍ਹਾਂ ਨੇ ਇਕ ਬੇਵਕੂਫ ਦੋਸਤ ਚੁਣ ਲਿਆ ਹੈ ।

ਇਕ ਬੀਬੀ ਸ਼੍ਰੀਮਤੀ ਪਰਾਸ਼ਰ ਜੀ ਹਨ । ਉਹ ਮੈਨੂੰ ਮੇਰੇ ਸੈਕਰੇਟੇਰੀਏਟ ਦੇ ਕਮਰੇ ਵਿਚ ਆ ਕੇ ਮਿਲੇ । ਮੇਰੇ ਨਾਲ ਉਨ੍ਹਾਂ ਦੀ ਕੁਝ ਗੱਲਬਾਤ ਹੋਈ । ਮੈਂ ਉਨ੍ਹਾਂ ਨੂੰ ਕਿਹਾ ਕਿ ਇਹ

ਕੋਈ ਕਾਂਗਰਸ ਜਾਂ ਦੂਸਰੀ ਪਾਰਟੀ ਦੀ ਗੱਲ ਨਹੀਂ ਹੈ । ਉਨ੍ਹਾਂ ਦੇ ਭਾਈ ਨੂੰ, ਪਰਾਸ਼ਰ ਜੀ ਨੂੰ, ਜੋ ਕਿ ਡੀ. ਪੀ. ਆਰ. ਓ. ਹਨ, ਸਸਪੈਂਡ ਕੀਤਾ ਗਿਆ । ਮੈਂ ਉਨ੍ਹਾਂ ਨੂੰ ਕਿਹਾ ਹੈ ਕਿ ਮੈਂ ਯਕੀਨ ਦੁਆਂਦਾ ਹਾਂ ਕਿ ਉਨ੍ਹਾਂ ਦੇ ਨਾਲ ਕੋਈ ਬੇਇਨਸਾਫ਼ੀ ਨਹੀਂ ਹੋਵੇਗੀ ਸਿਰਫ਼ ਇਸ ਕਰਕੇ ਕਿ ਤੁਸੀਂ ਕਾਂਗਰਸ ਵਿਚ ਹੋ । ਉਨ੍ਹਾਂ ਨੇ ਬੜਾ ਐਪਰੀਸ਼ੀਏਟ ਕੀਤਾ ਔਰ ਮੈਨੂੰ ਕਿਹਾ ਕਿ ਮੈਨੂੰ ਆਪ ਤੋਂ ਇਹੀ ਤਵਕੋਹ ਸੀ । ਇਸ ਸਾਰੀ ਚੀਜ਼ ਦੀ ਮੈਂ ਹਾਊਸ ਵਿਚ ਵੀ ਚਰਚਾ ਕਰ ਦਿੰਦਾ ਹਾਂ। ਇਹ ਚੀਜ਼ ਪਿਛਲੀ ਮਨਿਸਟਰੀ ਦੇ ਡਿਪਟੀ ਹੋਮ ਮਿਨਿਸਟਰ ਮਿਤੱਲ ਸਾਹਿਬ ਨੇ ਸ਼ੁਰੂ ਕੀਤੀ ਸੀ, ਸਸਪੈਨਸ਼ਨ ਬਾਅਦ ਵਿਚ ਹੋਈ । ਕਿਉਂ ਐਸਾ ਹੋਇਆ, ਇਸ ਦੇ ਜੋ ਵਾਕਿਆਤ ਹਨ ਉਹ ਮੈਂ ਆਪ ਨੂੰ ਪੜ੍ਹ ਕੇ ਸੁਣਾ ਦਿੰਦਾ ਹਾਂ :

"1st February, 1967,	Telephonic message from D. C. Hoshiarpur to D. P. R. intimating absence from office of D.P.R.O. (Sh. Prashar) and complaints of political parties against him to suggest his involvement with political activities.
2nd February, 1967.	The then Deputy Minister Home informed about above complaint of D.C. Hoshiarpur. D. P. R. recommended immediate transfer of officer. D. M. H. ordered that DPRO be transferred from Hoshiarpur to Sangrur.
6th February, 1967.	Orders of transfer of Shri Prashar to Sangrur issued. Shri Prashar never complied with these orders. He remained absent from office and put in an application for earned leave which was rejected. Meanwhile Shri Prashar resigned in protest.
23rd February, 1967.	C. M. Punjab cancelled orders of transfer of Shri Prashar. Officer posted back at Hoshiarpur against advice of D.P.R. Shri Prashar withdrew his resignation.
21st March, 1967.	L.W.M. desired that Shri Prashar may continue at Hoshiarpur but an enquiry into the allegations against him may beheld/completed immediately.
28th March, 1967.	Enquiry report of Deputy Director Public Relations in the charges against Shri Prashar discussed with L.W.M. who approved of the suspension of this Officer on 29th March, 1967 on the basis of primaa fcie evidence of his involvement in the General Elections.
30th March, 1967.	Orders regarding suspension of Shri Prashar issued and a detailed enquiry into the charges against him ordered."

Deputy Director Field, Public Relations Department has completed his detailed enquiry in to the various charges against Shri Parashar. The case is being put up to Government in the next few days.

The above facts will indicate that action against Shri Prashar was initiated by the Department during the period of rule of the Congress Ministry.

ਇਹ ਚੋਹਲ ਬਾਜ਼ੀਆਂ ਸਨ। ਅਫ਼ਸਰ ਕਹਿੰਦਾ ਸੀ ਐਬਸੈਂਸ ਫ਼ਰਾਮ ਡਿਊਟੀ ਹੈ, ਮਨਿਸਟਰ ਕਹਿੰਦਾ ਹੈ ਕਿ ਕੋਈ ਬਾਤ ਨਹੀਂ ਅਪਣਾ ਹੀ ਬੱਚਾ ਹੈ । ਹੁਣ ਏਥੇ ਸਾਨੂੰ ਬਦਨਾਮ ਕਰਦੇ ਹਨ ਕਿ ਤੁਸੀਂ ਸਸਪੈਂਡ ਕਰ ਦਿੱਤਾ । ਇਹ ਤਾਂ ਸਾਰਾ ਇਨ੍ਹਾਂ ਦਾ ਸ਼ੁਰੂ ਕੀਤਾ ਹੋਇਆ ਕੰਮ ਸੀ ਅਸੀਂ ਤਾਂ ਇਸ ਨੂੰ ਲਾਜੀਕਲ ਕਨਕਲੂਜ਼ਨ ਤਕ ਲੈ ਗਏ। ਹੁਣ ਯਕੀਨ ਦਵਾਂਉਂਦਾ

[ਮੁਖ ਮੰਤਰੀ]

ਹਾਂ ਕਿ ਅਗਰ ਉਸ ਦੇ ਬਰਖਿਲਾਫ਼ ਕੋਈ ਐਵੀਡੈਂਸ ਨਾ ਹੋਇਆ ਤਾਂ ਇਹ ਗੌਰਮੈਂਟ ਉਸ ਨੂੰ ਰੀਇੰਸਟੇਟ ਕਰੇਗੀ । (ਸਰਕਾਰੀ ਬੈਂਚਾਂ ਵੱਲੋਂ ਤਾੜੀਆਂ)

ਹੋਰ ਦੋ ਤਿੰਨ ਕੇਸਿਜ਼ ਇਨ੍ਹਾਂ ਨੇ ਰੈਫ਼ਰ ਕੀਤੇ । ਚੀਫ਼ ਪਾਰਲੀਮੈਂਟਰੀ ਸੈਕਰੇਟਰੀ ਦੇ ਬਰਖਿਲਾਫ਼ ਐਵੇਂ ਹੀ ਇਤਰਾਜ਼ ਕਰ ਦਿਤਾ ਕਿ ਇਨ੍ਹਾਂ ਕੋਈ ਕੇਸਿਜ਼ ਵਿਚ ਇੰਟਰਫ਼ੀਅਰੈਂਸ ਕੀਤੀ ਹੈ । ਜਵਾਬ ਵਿਚ ਮੈਂ ਉਨ੍ਹਾਂ ਨੂੰ ਪੂਰੇ ਤੌਰ ਨਾਲ ਰੈਪੂਡੀਏਟ ਕਰਦਾ ਹਾਂ ਕਿ ਇਹ ਗੱਲ ਬਿਲਕੁਲ ਫ਼ਰਜ਼ੀ ਹੈ ਔਰ ਝੂਠੀ ਗੱਲ ਹੈ, ਕੋਈ ਕਿਸੇ ਨੇ ਦਖ਼ਲ ਨਹੀਂ ਦਿੱਤਾ।

ਇਕ ਕੇਸ ਹੈ ਸਰਦਾਰ ਖੇਮ ਸਿੰਘ ਦਾ—ਵਾਇਰਲੈਸ ਦੀ ਥਾਂ ਤੋਂ ਟਰਾਂਸਪੋਰਟ ਵਿਚ ਆ ਗਿਆ । ਰੀਪਰੀਜ਼ੈਨਟੇਸ਼ਨ ਕੀਤੀ ਗਈ ਔਰ ਆਰਡਰ ਕਰ ਦਿਤੇ ਕਿ ਇਨਕੁਆਇਰੀ ਕਰੋ । ਇਨਕੁਆਇਰੀ ਕੀਤੀ ਜਾ ਰਹੀ ਹੈ ਔਰ ਜਿਹੜੇ ਰੀਜ਼ਲਟਸ ਹੋਣਗੇ ਦਸ ਦਿਆਂਗੇ ।

ਇਕ ਅਮਰ ਕੌਰ ਦੇ ਕੇਸ ਦਾ ਜ਼ਿਕਰ ਕੀਤਾ ਗਿਆ । ਇਸ ਤਰ੍ਹਾਂ ਦੇ ਆਈਸੋਲੇਟਿਡ ਕੇਸ ਹਨ । ਇਸ ਤਰ੍ਹਾਂ ਦੀਆਂ ਚੀਜ਼ਾਂ ਉਨ੍ਹਾਂ ਦੀ ਮਨਿਸਟਰੀ ਵੇਲੇ ਵੀ ਹੁੰਦੀਆਂ ਰਹੀਆਂ ਔਰ ਇਕੇ ਦੁੱਕੇ ਕੇਸ ਹੁੰਦੇ ਵੀ ਰਹਿਣਗੇ । ਉਨ੍ਹਾਂ ਨੂੰ ਰੋਕਿਆ ਨਹੀਂ ਜਾ ਸਕਦਾ । ਫਿਰ ਵੀ ਮੈਂ ਕਹਾਂਗਾ ਕਿ ਸਪੈਸ਼ਲ ਸੀ. ਆਈ. ਡੀ. ਸਟਾਫ਼ ਨੂੰ ਇਨਕੁਆਇਰੀ ਕਰਨ ਲਈ ਕਿਹਾ ਗਿਆ ਹੈ ।

ਧੂਲਕੇ ਦੇ ਕੇਸ ਬਾਰੇ ਕਿਹਾ ਗਿਆ । ਇਸ ਵਿਚ ਦੋ ਮੁਲਜ਼ਮ ਬਮੈ ਹਥਿਆਰ ਪਕੜੇ ਜਾ ਚੁਕੇ ਹਨ ਔਰ ਪਰਾਸੀਕਿਊਸ਼ਨ ਕਰ ਰਹੇ ਹਾਂ । ਇਸੇ ਤਰ੍ਹਾਂ ਜਿਵੇਂ ਮੈਂ ਕਿਹਾ ਹੈ ਹੋਰ ਵੀ ਆਈਸੋਲੇਟਿਡ ਕੇਸਿਜ਼ ਦਾ ਜ਼ਿਕਰ ਆਪੋਜ਼ੀਸ਼ਨ ਦੇ ਸਾਥੀਆਂ ਵਲੋਂ ਕੀਤਾ ਗਿਆ । ਇਕ ਡਾਕਟਰ ਅਮਰਜੀਤ ਸਿੰਘ ਬਾਰੇ ਬੜਾ ਤੂਫ਼ਾਨ ਬਰਪਾ ਕੀਤਾ ਗਿਆ । ਜਨਾਬ, ਮੈਂ ਡਾਕਟਰ ਅਮਰਜੀਤ ਸਿੰਘ ਜੀ ਨੂੰ ਜ਼ਾਤੀ ਤੌਰ ਤੇ ਜਾਣਦਾ ਹਾਂ । ਉਹ ਮੇਰੇ ਫ਼ਿਜ਼ੀਸ਼ਨ ਵੀ ਰਹੇ ਹਨ । ਮੇਰੀ ਪੂਰੀ ਸਿੰਪਥੀ ਹੈ ਉਨ੍ਹਾਂ ਨਾਲ ਔਰ ਉਨ੍ਹਾਂ ਦੇ ਰਿਸ਼ਤੇਦਾਰਾਂ ਨਾਲ । ਪੰਜਾਬ ਪੁਲਿਸ ਨੇ ਬੇਹਦ ਕੋਸ਼ਿਸ਼ ਕੀਤੀ ਹੈ ਉਨ੍ਹਾਂ ਨੂੰ ਲੱਭਣ ਦੀ । ਉਨ੍ਹਾਂ ਦੀਆਂ ਫ਼ੋਟੋ ਭੇਜ ਦਿਤੀਆਂ ਹਨ ਸਾਰੇ ਹਿੰਦੁਸਤਾਨ ਵਿਚ—ਸਾਰੇ ਐਸ. ਪੀਜ਼ ਨੂੰ ਵਾਇਰਲੇਸ ਕਰ ਦਿੱਤੇ । ਨਹਿਰ ਵਾਲਿਆਂ ਨੂੰ ਕਹਿ ਦਿਤਾ, ਯਾਨੀ ਕਿ ਹਰ ਮੁਮਕਿਨ ਕੋਸ਼ਿਸ਼ ਕੀਤੀ ਜਾ ਰਹੀ ਹੈ । ਮੈਂ ਕਹਿੰਦਾ ਹਾਂ ਕਿ ਅਗਰ ਮਿਸਟਰ ਪ੍ਰਬੋਧ ਚੰਦਰ ਖੂਹ ਵਿਚ ਡੁਬ ਜਾਣ ਤਾਂ ਮੈਂ ਔਰ ਪੁਲਿਸ ਕੀ ਕਰ ਸਕਦੀ ਹੈ । ਪੁਲਿਸ ਅਜੇ ਤਕ ਇਸ ਨਤੀਜੇ ਤੇ ਪਹੁੰਚ ਨਹੀਂ ਸਕੀ ਕਿ ਸੁਈਸਾਈਡ ਹੋਇਆ ਹੈ, ਜਾਂ ਮਰਡਰ ਹੋਇਆ ਹੈ ਜਾਂ ਕਿਧਰੇ ਜ਼ਿੰਦਾ ਹਨ । ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ ਕਿ ਪਿਛਲੇ ਰਾਜ ਵਿਚ ਕਿਤਨੇ ਮਰਡਰ ਹੋਏ ਔਰ ਉਹ ਟਰੇਸ ਨਾ ਹੋ ਸਕੇ । ਹੋਸ਼ਿਆਰਪੁਰੋਂ ਜਾਲੰਧਰ ਜਾਂਦਿਆਂ ਰੇਲ ਵਿਚ ਇਕ ਔਰਤ ਦਾ ਮਰਡਰ ਹੋਇਆ ਪਰ ਇਹ ਲਭ ਨਾ ਸਕੇ । ਉਸ ਤੋਂ ਬਾਅਦ ਕਿਤਨੀ ਦੇਰ ਉਨ੍ਹਾਂ ਦੀ ਮਨਿਸਟਰੀ ਰਹੀ ਪਰ ਹੁਣ ਤਕ ਉਸ ਕੇਸ ਨੂੰ ਲਭ ਨਾ ਸਕੇ—ਟਰੇਸ ਨਹੀਂ ਹੋਇਆ । ਪੁਲਿਸ ਤੇ ਇਤਰਾਜ਼ ਹੋ ਸਕਦਾ ਹੈ ਕਿ ਪੁਲਿਸ ਨੇ ਕੀ ਕੀਤਾ । ਪਰ ਪੁਲਿਸ ਨੇ ਸਾਰੀਆਂ ਕੋਸ਼ਿਸ਼ਾਂ ਕੀਤੀਆਂ ਔਰ ਕਰ ਰਹੀ ਹੈ । ਮੈਂ ਅਰਜ਼ ਕਰਦਾ ਹਾਂ ਕਿ ਕੋਈ ਕੰਪਲੇਂਟ ਡਾਕਟਰ ਅਮਰਜੀਤ ਸਿੰਘ ਜੀ ਦੇ ਰਿਸ਼ਤੇਦਾਰਾਂ ਵੱਲੋਂ ਸਾਡੇ ਕੋਲ ਨਹੀਂ ਆਈ ਕਿ ਪੁਲਿਸ ਮਦਦ ਨਹੀਂ ਕਰ ਰਹੀ । ਇਹ ਤਾਂ ਮੈਂ ਸਮਝਦਾ ਹਾਂ, ਸਾਨੂੰ ਸਿਆਸੀ ਬਦਨਾਮੀ ਦੇਣ ਵਾਸਤੇ ਹੀ ਇਸ ਤਰ੍ਹਾਂ ਦੀਆਂ ਗੱਲਾਂ ਇਥੇ ਕੀਤੀਆਂ ਗਈਆਂ ਹਨ । ਇਹ ਇਲਜ਼ਾਮ ਲਗਾਇਆ ਕਿ ਅਸੀਂ ਉਸ ਨੂੰ ਪਕੜਨਾ ਨਹੀਂ ਚਾਹੁੰਦੇ ਜਿਸ ਨੇ ਮਾਰਿਆ ਹੈ । ਮੈਂ ਸਰਦਾਰ ਗਿਆਨ ਸਿੰਘ ਜੀ ਨੂੰ ਔਰ ਸ੍ਰੀ ਪ੍ਰਬੋਧ ਚੰਦਰ ਨੂੰ ਪੁਛਦਾ ਹਾਂ ਕਿ ਜੇ ਤੁਸੀਂ ਸਮਝਦੇ ਹੋ ਕਿ ਮਾਰਿਆ ਹੈ ਤਾਂ ਤੁਸੀਂ ਸਾਨੂੰ

ਉਨ੍ਹਾਂ ਬੰਦਿਆਂ ਦੇ ਨਾਂ ਦਸ ਦਿਓ ਜਿਨ੍ਹਾਂ ਨੇ ਮਾਰਿਆ ਹੈ । ਅਸੀਂ ਉਨ੍ਹਾਂ ਨੂੰ ਪਕੜ ਲਵਾਂਗੇ । ਮੈਂ ਅਰਜ਼ ਕਰਦਾ ਹਾਂ ਕਿ ਸਾਡੀ ਸਿੰਧਥੀ ਡਾਕਟਰ ਅਮਰਜੀਤ ਸਿੰਘ ਜੀ ਦੇ ਨਾਲ ਹੈ ਔਰ ਪਰਮਾਤਮਾ ਕਰੇ ਕਿ ਉਹ ਜ਼ਿੰਦਾ ਹੋਣ । ਮਗਰ ਕੋਈ ਐਸੇ ਵਾਕਿਆਤ ਹੋਏ ਹਨ, ਉਨ੍ਹਾਂ ਦੀ ਜ਼ਿੰਦਗੀ ਵਿਚ ਕੁਝ ਬਿਜ਼ਨੈਸ ਵਿਚ, ਜਿਨ੍ਹਾਂ ਵਿਚ ਮੈਂ ਜਾਣਾ ਨਹੀਂ ਚਾਹੁੰਦਾ ਪਰ ਜਿਥੋਂ ਤਕ ਗੌਰਮੈਂਟ ਦਾ ਤਅਲੱਕ ਹੈ ਮੈਂ ਸਭ ਨੂੰ ਤਸੱਲੀ ਦਵਾਉਂਦਾ ਹਾਂ ਕਿ ਬਾਵਜੂਦ ਇਨ੍ਹਾਂ ਗੱਲਾਂ ਦੇ ਸਰਕਾਰ ਅਪਣੀ ਤਰਫੋਂ ਪੂਰੀ ਕੋਸ਼ਿਸ਼ ਜਾਰੀ ਰਖੇਗੀ ਜਿਤਨੀ ਦੇਰ ਸਾਨੂੰ ਪਤਾ ਨਾ ਲਗ ਜਾਵੇ ਕਿ ਡਾਕਟਰ ਅਮਰਜੀਤ ਸਿੰਘ ਦੇ ਨਿਕਲ ਜਾਣ ਦੇ ਕੀ ਵਾਕਿਆਤ ਹਨ ।

ਸਪੀਕਰ ਸਾਹਿਬ, ਕੁਝ ਕਿਹਾ ਗਿਆ, ਗਰੀਵੈਂਸਿਜ਼ ਦੇ ਮੁਤਅਲੱਕ ਜਾਇਜ਼ ਗੱਲਾਂ ਕਹੀਆਂ ਗਈਆਂ ਕਿ ਲੋਕਾਂ ਦੀਆਂ ਗਰੀਵੈਂਸਿਜ਼ ਸੁਣੀਆਂ ਨਹੀਂ ਜਾਂਦੀਆਂ । ਇਸ ਮਨਿਸਟਰੀ ਨੇ ਆਉਂਦਿਆਂ ਹੀ ਇਕ ਸਰਕੁਲਰ ਜਾਰੀ ਕੀਤਾ ਸੀ ਕਿ ਸਾਰੇ ਡਿਪਟੀ ਕਮਿਸ਼ਨਰ ਔਰ ਐਸ. ਪੀ. ਹਰ ਰੋਜ਼ ਲੋਕਾਂ ਦੀਆਂ ਗਰੀਵੇਨਸਿਜ਼ ਸੁਣਿਆ ਕਰਨ । ਸਪੀਕਰ ਸਾਹਿਬ, ਹੁਣ ਮੈਂ ਇਕ ਐਨਾਉਂਮੈਂਟ ਹੋਰ ਕਰਨੀ ਚਾਹੁੰਦਾ ਹਾਂ, ਇਸ ਫ਼ਲੋਰ ਆਫ਼ ਦੀ ਹਾਊਸ ਤੇ, ਕਿ ਮੈਂ ਫ਼ੈਸਲਾ ਕਰ ਲਿਆ ਹੈ ਕਿ ਇਕ ਪੀ. ਸੀ. ਐਸ. ਅਫ਼ਸਰ ਹਰ ਡਿਸਟਰਿਕਟ ਵਿਚ ਗਰੀਵੇਨਸਿਜ਼ ਸੁਣਨ ਵਾਸਤੇ ਲਗਾਇਆ ਜਾਵੇਗਾ ਤਾਂਕਿ ਲੋਕਾਂ ਨੂੰ ਚੰਡੀਗੜ੍ਹ ਆਉਣ ਦੀ ਜ਼ਰੂਰਤ ਨਾ ਹੋਵੇ, ਉਥੇ ਹੀ ਫ਼ੈਸਲਾ

1.00 P. M.

ਹੋ ਜਾਵੇ । ਉਸ ਅਫਸਰ ਦਾ ਕੰਮ ਹੀ ਲੋਕਾਂ ਦੀਆਂ ਸ਼ਿਕਾਇਤਾਂ ਸੁਣਨਾ ਹੋਵੇਗਾ । ਉਹ ਹਮਦਰਦੀ ਨਾਲ ਸਾਰੀ ਗੱਲ ਸੁਣੇਗਾ ਅਤੇ ਸ਼ਿਕਾਇਤਾਂ ਦੂਰ ਕਰੇਗਾ । ਇਸ ਸਰਕਾਰ ਦਾ ਮਕਸਦ ਵੀ ਇਹੀ ਹੈ । ਅਗਰ ਲੋਕਾਂ ਦੀਆਂ ਜਾਇਜ਼ ਸ਼ਿਕਾਇਤਾਂ ਵੀ ਦੂਰ ਨਹੀਂ ਕਰ ਸਕਦੀ ਤਾਂ ਇਹ ਗਵਰਨਮੈਂਟ ਗਵਰਨਮੈਂਟ ਕਹਾਉਣ ਦੀ ਮੁਸਤਹਿਕ ਨਹੀਂ ਹੈ ।

Dr. Jagjit Singh Chohan (Deputy Speaker) Will you, Sir, give them powers to order the D.Cs. ?

ਮੁੱਖ ਮੰਤਰੀ : ਇਹ ਨੀਤੀ ਦਾ ਮਾਮਲਾ ਹੈ, ਇਹ ਵਰਕ ਆਊਟ ਕਰ ਲਵਾਂਗੇ ਅਤੇ ਡਿਪਟੀ ਸਪੀਕਰ ਸਾਹਿਬ ਦੀ ਰਾਏ ਨਾਲ ਕਰਾਂਗੇ । ਤੁਸੀਂ ਦੇਖੋ ਅਸੀਂ ਜ ਵਿਜੀਲੈਂਸ ਕਮੇਟੀ ਬਣਾਈ ਉਸ ਵਿਚ ਸਾਰੀਆਂ ਪੁਲਿਟੀਕਲ ਪਾਰਟੀਆਂ ਦੇ ਨੁਮਾਇੰਦੇ ਹਨ, ਸਿਰਫ਼ ਕਾਂਗਰਸੀ ਹੀ ਨਹੀਂ ਰਖੇ ਇਨ੍ਹਾਂ ਦੀ ਤਰ੍ਹਾਂ । ਉਸ ਵਿਚ ਜ਼ਿਲਾ ਪਰੀਸ਼ਦਾਂ ਦੇ ਪ੍ਰੈਜ਼ੀਡੈਂਟ ਅਤੇ ਮਿਉਂਸਪੈਲਟੀਆਂ ਦੇ ਪ੍ਰੈਜ਼ੀਡੈਂਟ ਵੀ ਹਨ ਅਤੇ ਉਨ੍ਹਾਂ ਨੂੰ ਰੀਪਰੇਜ਼ੈਂਟੇਟਿਵ ਕਮੇਟੀ ਦਿਤੀ ਹੈ ।

ਸਟੇਟਸ ਆਫ਼ ਦੀ ਲੀਡਰ ਆਫ਼ ਦੀ ਆਪੋਜ਼ੀਸ਼ਨ ਬਾਰੇ ਵੀ ਗਲ ਕੀਤੀ ਗਈ । ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਚੰਗਾ ਸਟੇਟਸ ਹੋਵੇ ਅਤੇ ਗਵਰਨਮੈਂਟ ਉਨ੍ਹਾਂ ਨੂੰ ਇਹ ਸਟੇਟਸ ਦੇਵੇਗੀ । (ਤਾੜੀਆਂ) ਮੈਂ ਇਸ ਗਲ ਨੂੰ ਐਗਜ਼ਾਮਿਨ ਕਰ ਰਿਹਾ ਹਾਂ ਅਤੇ ਮੈਂ ਆਪਣੇ ਸੈਕ-ਰੇਟਰੀ ਨੂੰ ਕਿਹਾ ਹੈ ਕਿ ਮੈਨੂੰ ਇਤਲਾਹ ਦੇਵੇ ਕਿ ਲੀਡਰ ਆਫ਼ ਦੀ ਆਪੋਜ਼ੀਸ਼ਨ ਦਾ ਕੀ ਸਟੇਟਸ ਹੋਣਾ ਚਾਹੀਦਾ ਹੈ । ਮੈਂ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਸਟੇਟਸ ਹੋ ਜਾਵੇ ਤਾਂ ਜੋ ਆਪੋਜ਼ੀਸ਼ਨ ਰਿਸਪੌਂਸਿਵ ਹੋਵੇ । ਇਸ ਲਈ ਇਹ ਗਲ ਗਵਰਨਮੈਂਟ ਦੇ ਹਿੱਤ ਵਿੱਚ ਹੈ ਕਿ ਲੀਡਰ ਆਫ਼ ਦੀ ਆਪੋਜ਼ੀਸ਼ਨ ਦਾ ਸਟੇਟਸ ਹੋਵੇ ।

ਫਿਰ ਕਿਹਾ ਗਿਆ ਕਿ ਟੌਪ ਹੈਵੀ ਐਡਮਨਿਸਟਰੇਸ਼ਨ ਹੈ । ਮੈਂ ਬਿਲਕੁਲ ਮੁਤਫ਼ਿਕ ਹਾਂ । ਕਾਂਗਰਸ ਸਰਕਾਰ ਨੇ ਆਪਣੇ 20 ਸਾਲ ਦੇ ਰਾਜ ਵਿਚ ਸਿਵਾਏ ਮਹਿਕਮੇ ਮਲਟੀ ਪਲਾਈ

[ਮੁੱਖ ਮੰਤਰੀ]

ਕਰਨ ਦੇ ਹੋਰ ਕੁਝ ਨਹੀਂ ਕੀਤਾ । ਇਹ ਇਕ ਲੇਗੇਸੀ ਹੈ ਜੋ ਇਸ ਗਵਰਨਮੈਂਟ ਨੂੰ ਮਿਲੀ ਅਤੇ ਅਸੀਂ ਇਸ ਨੂੰ ਕਟ-ਡਾਊਨ ਕਰਨਾ ਚਾਹੁੰਦੇ ਹਾਂ । ਇਨ੍ਹਾਂ ਕਰਿਟੀਸਾਈਜ਼ ਹੀ ਕੀਤਾ ਹੈ ਪਰ ਕੋਈ ਖਾਸ ਸੁਜੇਸ਼ਨ ਤਾਂ ਦਿਤੀ ਨਹੀਂ, ਗਾਲ੍ਹਾਂ ਹੀ ਕਢਦੇ ਰਹੇ ।

ਜਿਥੋਂ ਤਕ Reforms Commission ਦੀ ਰਿਪੋਰਟ ਦਾ ਤਲੱਕ ਹੈ ਉਸਦਾ ਕੁਝ ਹਿੱਸਾ ਤਾਂ ਇੰਪਲੀਮੈਂਟ ਹੋ ਚੁਕਾ ਹੈ । ਖਰਚ ਘਟ ਕਰਨ ਲਈ ਹਰ ਡਿਪਾਰਟਮੈਂਟ ਦੀ ਇਕ ਕਮੇਟੀ ਉਸ ਦੇ ਮਿਨਿਸਟਰ ਦੇ ਹੇਠਾਂ ਬਣਾਈ ਹੈ । Administrative Reforms Commission ਦੀਆਂ ਸਿਫਾਰਸ਼ਾਂ ਨੂੰ ਕੇਬਨਿਟ ਦੀ ਸਬ-ਕਮੇਟੀ ਐਗਜ਼ਾਮਿਨ ਕਰੇਗੀ । ਇਨ੍ਹਾਂ ਦੀ ਤਾਂ ਇਹ ਵੀ ਹਿੰਮਤ ਨਹੀਂ ਪਈ ਕਿ ਸਬ—ਕਮੇਟੀ ਤੋਂ ਐਗਜ਼ਾਮਿਨ ਕਰਾਉਣ । ਅਸੀਂ ਤਾਂ ਕਈ ਕਦਮ ਵੀ ਉਠਾਏ ਹਨ । ਡਾਇਰੈਕਟਰ ਵਿਜੀਲੈਂਸ ਦਾ ਅਹੁਦਾ ਖਤਮ ਕਰ ਦਿਤਾ । Fublic Service Commission ਦੇ 5 ਮੈਂਬਰ ਸਨ, 3 ਕਰ ਦਿਤੇ । ਹੋਰ ਵੀ ਕਈ ਸੁਪਰ—ਫਲੂਅਸ ਪੋਸਟਾਂ ਘਟ ਕੀਤੀਆਂ ਜਾਣਗੀਆਂ । ਕਈ ਠੋਸ ਕਦਮ ਉਠਾ ਰਹੇ ਹਾਂ ।

ਹੁਣ ਮੈਂ ਕੁਝ ਪੁਲਿਸ ਐਡਮਨਿਸਟਰੇਸ਼ਨ ਬਾਰੇ ਕਹਿਣਾ ਚਾਹੁੰਦਾ ਹਾਂ । ਸਪੀਕਰ ਸਾਹਿਬ, ਪੁਲਿਸ ਐਡਮਨਿਸਟਰੇਸ਼ਨ ਤੇ ਬੜੀਆਂ ਗਲਾਂ ਹੋਈਆਂ, ਕਰਿਟੀਸਿਜ਼ਮ ਹੋਈ ਇੱਕਾ ਦੁੱਕਾ ਕੇਸਾਂ ਨੂੰ ਫੜ ਕੇ, ਕਦੇ ਕਿਸੇ ਥਾਣੇਦਾਰ ਤੇ ਕਦੇ ਹੋਰ ਕਿਸੇ ਨਿੱਕੀ ਮੋਟੀ ਗੱਲ ਤੇ । ਮੈਂ ਮੰਨਦਾ ਹਾਂ ਕਿ ਪੁਲਿਸ ਉਨੀ ਐਫੀਸ਼ੀਐਂਟ ਨਹੀਂ ਜਿੰਨੀ ਹੋਣੀ ਚਾਹੀਦੀ ਹੈ । ਪਰ ਇਸ ਲਈ ਮੈਂ ਕਿਵੇਂ ਜ਼ਿੰਮੇਦਾਰ ਹਾਂ ਜਿਸ ਨੇ ਅੱਠ ਮਾਰਚ ਨੂੰ ਸੌਂਹ ਖਾਧੀ ਹੈ । ਇਹ ਖੁਦ ਪੁਲਿਸ ਦੇ ਕੰਮ ਨਾਲ 20 ਸਾਲ ਤਕ ਇੰਟਰਫੀਅਰ ਕਰਦੇ ਰਹੇ । ਮੇਰੀਆਂ ਪੁਲਿਸ ਅਫਸਰਾਂ ਨਾਲ ਖੁਲ੍ਹੀਆਂ ਗੱਲਾਂ ਹੋਈਆਂ ਹਨ ਅਤੇ ਉਹ ਕਹਿੰਦੇ ਹਨ ਕਿ ਸਾਨੂੰ ਕੰਮ ਨਹੀਂ ਕਰਨ ਦਿਤਾ ਉਸ ਮਿਨਿਸਟਰੀ ਨੇ । ਤੁਸੀਂ ਦੇਖੋ ਪੁਲਿਸ ਕਮਿਸ਼ਨ ਦੀ ਰਿਪੋਰਟ ਨੂੰ ਛਪੇ 5 ਸਾਲ ਹੋ ਗਏ । ਮਿਸਟਰ ਜਸਟਿਸ ਮਹਾਜਨ ਨੂੰ ਪਰੈਜ਼ੀਡੰਟ ਬਣਾਇਆ, ਬੜਾ ਖਰਚ ਹੋਇਆ ਪਰ ਇਨ੍ਹਾਂ ਦੀ ਗਵਰਨਮੈਂਟ ਇਸਨੂੰ ਜਦ ਤਕ ਰਹੀ ਰਿਲੀਜ਼ ਨਾ ਕਰ ਸਕੀ । ਮੈਂ ਫ਼ੈਸਲਾ ਕੀਤਾ ਤੇ ਰਿਲੀਜ਼ ਹੋ ਗਈ । ਇਨ੍ਹਾਂ ਨੇ ਕਿਉਂ ਰਿਲੀਜ਼ ਨਾ ਕੀਤੀ ? ਕਿਉਂਕਿ ਉਸ ਤੋਂ ਸਰਵਿਸਿਜ਼ ਵਿਚ ਇਨ੍ਹਾਂ ਦੀ ਇੰਟਰਫੀਅਰੈਂਸ ਜ਼ਾਹਰ ਹੁੰਦੀ ਸੀ । ਮੈਨੂੰ ਉਸ ਨੂੰ ਪੁਫ਼ੀਆ ਰਖਣ ਦੀ ਜ਼ਰੂਰਤ ਨਹੀਂ, ਕੁਝ ਹਿਸੇ ਦੀ ਇੰਪਲੀ—ਮੈਂਟੇਸ਼ਨ ਹੋ ਚੁਕੀ ਹੈ ਤੇ ਕੁਝ ਹੋਵੇਗੀ, ਕੁਝ ਅੰਡਰ ਐਗਜ਼ਾਮੀਨੇਸ਼ਨ ਹੈ । ਕੁਝ ਅਨਾਮਲੀਜ ਹਨ । ਇਕ ਸਪਾਹੀ ਦੀ ਤਨਖਾਹ ਹੋਰ ਹੋਵੇਗੀ, ਇਕ ਥਾਣੇਦਾਰ ਦੀ ਹੋਰ ਹੋਵੇਗੀ, ਥਾਣੇਦਾਰ ਨੂੰ 25 ਰੁਪਏ ਐਡ—ਹਾਕ-ਬੇਸਿਜ਼ ਤੇ ਦਿਤੇ ਗਏ । ਸਭ ਕੁਝ ਦੇਖਾਂਗੇ, ਇਨ੍ਹਾਂ ਨੂੰ ਮੌਕਾ ਦਿਆਂਗੇ ਅਤੇ ਪੁਛਾਂਗੇ ਕਿ ਕਿਵੇਂ ਕੰਮ ਕਰੀਏ । ਮੈਂ ਕਹਿੰਦਾ ਹਾਂ ਕਿ ਪੁਲਿਸ ਵਿੱਚ ਮੋਬਿਲਿਟੀ ਹੋਣੀ ਚਾਹੀਦੀ ਹੈ ਅਤੇ ਐਫ਼ੀਸ਼ੈਂਸੀ ਹੋਣੀ ਚਾਹੀਦੀ ਹੈ । ਮੈਂ ਮੰਨਦਾ ਹਾਂ ਕਿ ਹਰ ਥਾਣੇ ਪਾਸ ਜੀਪ ਹੋਣੀ ਚਾਹੀਦੀ ਹੈ ਪਰ ਸਾਨੂੰ ਪੰਜਾਬ ਦੀ ਮਾਲੀ ਹਾਲਤ ਨੂੰ ਵੀ ਨਜ਼ਰ ਵਿਚ ਰਖਣਾ ਪਵੇਗਾ । ਅਗਰ ਹਰ ਥਾਨੇ ਨੂੰ ਜੀਪ ਦਈਏ ਤਾਂ 300 ਜੀਪਾਂ ਦੇਣੀਆਂ ਪੈਣਗੀਆਂ । ਮੈਂ ਸਮਝਦਾ ਹਾਂ ਕਿ ਘਟੋ ਘਟ D.S.P. ਅਤੇ ਇੰਨਸ-ਪੈਕਟਰ ਪਾਸ ਜੀਪ ਜ਼ਰੂਰ ਹੋਣੀ ਚਾਹੀਦੀ ਹੈ । ਅਸੀਂ ਅਗਰ ਪੁਲਿਸ ਦੇ ਕੰਮ ਵਿਚ ਇੰਟਰ—ਫੀਅਰ ਨਾ ਕਰੀਏ ਤਾਂ ਅਸੀਂ ਪੁਲਿਸ ਤੋਂ ਮੰਗ ਵੀ ਕਰਾਂਗੇ ਕਿ ਉਸ ਦਾ ਕੰਮ ਚੰਗਾ ਹੋਵੇ । ਚੁਨਾਂਚਿ ਇਸ ਮਹੀਨੇ ਦੀ 20 ਤਰੀਕ ਨੂੰ D.S.Ps., S.Ps. ਅਤੇ D.Cs. ਦੀ ਕਾਨਫਰੰਸ ਬੁਲਾਈ ਹੈ । ਉਸ ਵਿਚ ਮੇਰਾ ਉਨ੍ਹਾਂ ਨੂੰ ਕਹਿਣ ਦਾ ਇਰਾਦਾ ਹੈ ਕਿ ਅਸੀਂ ਉਨ੍ਹਾਂ ਦੇ ਕੰਮ ਵਿਚ ਇੰਟਰਫੀਅਰ ਨਹੀਂ ਕਰਾਂਗੇ ਪਰ ਇਸ ਗੱਲ ਦੀ ਰਿਟਰਨ ਵੀ ਚਾਹੁੰਦੇ ਹਾਂ, ਉਹ ਇਹ ਕਿ ਉਨ੍ਹਾਂ ਦਾ ਕੰਮ ਫਸਟਕਲਾਸ ਹੋਵੇ, ਕੋਈ ਉਨ੍ਹਾਂ ਦੀ ਸ਼ਿਕਾਇਤ ਨਾ ਹੋਵੇ ।

ਇਹ ਤਾਂ ਢਾਂਚਾ ਹੀ ਇਨ੍ਹਾਂ ਦਾ ਬਿਗਾੜਿਆ ਹੋਇਆ ਹੈ । ਹੁਣ ਇਹ ਬਹਾਨਾ ਬਣਾਕੇ ਬਾਹਰ ਚਲੇ ਗਏ ਕਿਉਂਕਿ ਇਹ ਗੱਲਾਂ ਸੁਣਨਾ ਨਹੀਂ ਸੀ ਚਾਹੁੰਦੇ । 20 ਸਾਲ ਇਨ੍ਹਾਂ ਨੇ ਇੰਟਰਫੀਅਰੈਂਸ ਕੀਤੀ ਅਤੇ ਮੈਨੂੰ ਪਤਾ ਹੈ ਕਿ ਇਨ੍ਹਾਂ ਨੇ ਕਿਥੇ ਕਿਥੇ ਦਖਲ ਦਿਤਾ। ਇਸੇ ਕਰਕੇ ਇਹ ਜੁਡੀਸ਼ਰੀ ਨੂੰ ਅਡ ਨਹੀਂ ਸੀ ਕਰਦੇ ਜਿਸ ਲਈ ਅਸੀਂ ਪੰਜ ਸਾਲ ਤੋਂ ਆਪੋਜ਼ੀਸ਼ਨ ਦੇ ਬੈਂਚਾਂ ਤੋਂ ਲੜਦੇ ਰਹੇ । ਇਨ੍ਹਾਂ ਨੇ ਦੋਵੇਂ ਡਿਮਾਂਡਜ਼ ਬਾਰੇ ਕੋਈ ਸੁਝਾ ਨਹੀਂ ਦਿਤੇ । ਆਪਣੇ ਕੰਮ ਵਿੱਚ ਹੀ ਲਗੇ ਰਹੇ ।

ਫਿਰ ਕੁਝ ਬਿਰਲਾ ਫ਼ਾਰਮ ਦਾ ਜ਼ਿਕਰ ਆਇਆ । ਐਲੀਗੇਸ਼ਨਜ਼ ਲਾਈਆਂ ਗਈਆਂ ਕਿ ਬਾਲੂ ਰਾਮ ਜੀ ਨੂੰ ਇਹ ਵਾਅਦਾ ਦੇ ਕੇ ਲਿਆਂਦਾ ਗਿਆ ਕਿ ਬਿਰਲਾ ਸੀਡ ਫ਼ਾਰਮ ਤੋੜਿਆ ਨਹੀਂ ਜਾਵੇਗਾ । ਮੈਂ ਕਹਿੰਦਾ ਹਾਂ ਇਹ ਬਿਲਕੁਲ ਗ਼ਲਤ ਗੱਲ ਹੈ ਅਤੇ ਬੇਬੁਨਿਆਦ ਹੈ । ਮੈਂ ਆਪੋਜ਼ੀਸ਼ਨ ਬੈਚਾਂ ਤੋਂ ਪੋਜ਼ੀਸ਼ਨ ਲਈ ਸੀ ਕਿ ਇਕ ਸਰਮਾਏਦਾਰ ਬਿਰਲੇ ਨੂੰ ਕਿਉਂ ਫ਼ਾਰਮ ਦਿਤਾ ਗਿਆ । ਅਸੀਂ ਇਸ ਐਗਰੀਮੈਂਟ ਨੂੰ ਦੇਖਣਾ ਚਾਹੁੰਦੇ ਹਾਂ ਜੋ ਅਸੀਂ ਇਨ੍ਹਾਂ ਕਰਕੇ ਦੇਖ ਹੀ ਨਹੀਂ ਸਕੇ । ਸਾਨੂੰ ਇਨ੍ਹਾਂ ਵਿਹਲ ਹੀ ਨਹੀਂ ਦਿਤਾ, ਸਾਡੇ ਮੇਂਬਰ ਹੀ ਖਿਚਦੇ ਰਹੇ । ਅਸੀਂ ਇਸ ਐਗਰੀਮੈਂਟ ਨੂੰ ਐਗਜ਼ਾਮਿਨ ਕਰਾਂਗੇ ।

ਫਿਰ ਜੋ ਸੀਡ ਫ਼ਾਰਮਜ਼ ਹਨ, ਮੈਂ ਸਮਝਦਾ ਹਾਂ ਕਿ ਕਾਂਗਰਸ ਪਾਰਟੀ ਨੇ ਆਪਣੇ ਰਿਸ਼ਤੇਦਾਰਾਂ ਦੀ ਜ਼ਮੀਨ ਨੂੰ ਸਰਪਲਸ ਡਿਕਲੇਅਰ ਹੋਣ ਤੋਂ ਬਚਾਉਣ ਲਈ, ਉਨ੍ਹਾਂ ਦੀ ਫ਼ਾਲਤੂ ਜ਼ਮੀਨ ਖਰੀਦ ਕੇ ਸੀਡ ਫ਼ਾਰਮਜ਼ ਬਣਾਏ । ਮੈਂ ਸਮਝਦਾ ਹਾਂ ਕਿ ਇਨ੍ਹਾਂ ਛੋਟਿਆਂ ਛੋਟਿਆਂ ਫ਼ਾਰਮਾਂ ਦਾ ਫ਼ਾਇਦਾ ਨਹੀਂ ਹੈ । ਮੈਂ ਇਕ ਨੋਟ ਚਲਾਇਆ ਹੈ ਅਤੇ ਇਹ ਗੱਲ ਐਗਜ਼ਾਮਿਨ ਹੋ ਰਹੀ ਹੈ । ਅਗਰ ਇਹ ਫ਼ੈਸਲਾ ਹੋ ਗਿਆ ਕਿ ਇਨ੍ਹਾਂ ਦਾ ਫ਼ਾਇਦਾ ਨਹੀਂ ਹੈ ਤਾਂ ਇਹ ਜ਼ਮੀਨਾਂ ਨਿਲਾਮ ਕਰ ਦਿਆਂਗੇ ਅਤੇ ਇਸ ਤਰ੍ਹਾਂ ਜੋ 2–3 ਕਰੋੜ ਰੁਪਿਆ ਆਵੇਗਾ ਉਸ ਨਾਲ ਵਡਾ ਫ਼ਾਰਮ ਬਣਾਵਾਂਗੇ ਜਿਸ ਨਾਲ ਸਟੇਟ ਦਾ ਫ਼ਾਇਦਾ ਹੋਵੇ । (ਤਾੜੀਆਂ)

ਸਪੀਕਰ ਸਾਹਿਬ, ਸਰਦਾਰ ਗਿਆਨ ਸਿੰਘ ਰਾੜੇਵਾਲਾ ਬਤੌਰ ਲੀਡਰ ਆਫ਼ ਆਪੋਜ਼ੀਸ਼ਨ ਕੁਝ ਛੋਟੀਆਂ ਗੱਲਾਂ ਵਿਚ ਚਲੇ ਗਏ । ਇਨ੍ਹਾਂ ਨੇ ਕਿਹਾ ਕਿ ਮੈਂ ਸੰਤ ਫਤਿਹ ਸਿੰਘ ਜੀ ਨੂੰ ਮਿਲਿਆ । ਇਨ੍ਹਾਂ ਨੂੰ ਇਹ ਗੱਲ ਵੀ ਚੰਗੀ ਨਹੀਂ ਲਗੀ । ਆਪ ਇਹ ਮੈਨੂੰ ਕਈ ਦਫ਼ਾ ਕਹਿ ਚੁਕੇ ਹਨ ਕਿ ਮੈਨੂੰ ਵੀ ਮਿਲਾਉ ਉਨ੍ਹਾਂ ਨਾਲ (ਹਾਸਾ) । ਠੀਕ ਹੈ ਮੈਂ ਮਿਲਿਆ ਉਨ੍ਹਾਂ ਨੂੰ ਉਹ ਮੇਰੇ ਲੀਡਰ ਹਨ । ਮੈਂ ਤਾਂ ਇਕ ਦਿਨ ਲਈ ਅੰਮ੍ਰਿਤਸਰ ਗਿਆ ਸਾਂ । ਇਨ੍ਹਾਂ ਦੀ ਤਾਂ ਇਹ ਹਾਲਤ ਹੁੰਦੀ ਸੀ ਕਿ ਰਾਤ ਚੰਡੀਗੜ੍ਹ ਤੇ ਦਿਨੇ ਦਿੱਲੀ । ਰੋਜ਼ ਉਥੇ ਹੁੰਦੇ ਸਨ, ਗੱਲਾਂ ਮੈਨੂੰ ਕਹਿੰਦੇ ਹਨ ।

ਫ਼ਿਰ ਕਾਂਗਰਸ ਪਾਰਟੀ ਦੇ ਲੀਡਰ ਨੇ ਕਿਹਾ ਕਿ ਨਵਾਂ ਮੰਤਰੀ ਬਨਾਉਣ ਤੇ ਜਨਸੰਘ ਵਾਲਿਆਂ ਨਾਲ ਝਗੜਾ ਹੋ ਗਿਆ । ਅਕਾਲੀ ਗੁੱਸੇ ਹੋ ਗਏ ਕਿ ਸਾਡਾ ਮੰਤਰੀ ਕਿਉਂ ਨਹੀਂ ਬਣਾਇਆ । ਮੈਂ ਕਹਿੰਦਾਂ ਹਾਂ ਕਿ ਇਹ ਛੋਟੀਆਂ ਛੋਟੀਆਂ ਗੱਲਾਂ ਹਨ । ਇਹ ਨਾ ਸੋਚੋ ਤਾਂ ਹੀ ਤੁਸੀਂ ਆਪਣੇ ਦਿਮਾਗ ਦੇ ਨਾਲ ਕੋਈ ਚੰਗਾ ਕੰਮ ਕਰ ਸਕੋਗੇ । ਮੈਂ ਵਾਜ਼ੇ ਕਰ ਦੇਣਾ ਚਾਹੁੰਦਾ ਹਾਂ ਕਿ ਮੈਂ ਡਾਕਟਰ ਬਲਦੇਵ ਪ੍ਰਕਾਸ਼ ਨੂੰ ਕੌਂਸਲ ਦਾ ਲੀਡਰ ਬਣਾਇਆ ਸੀ ਪਰ ਚੇਅਰਮੈਨ ਸਾਹਿਬ ਨੇ ਮੇਰੇ ਤੇ ਪ੍ਰੈਸ਼ਰ ਪਾਇਆ ਕਿ ਉਸੇ ਹਾਊਸ ਦੇ ਮੈਂਬਰ ਨੂੰ ਲੀਡਰ ਆਫ਼ ਦੀ ਹਾਊਸ ਬਣਾਇਆ ਜਾਵੇ। ਮੈਂ ਹੁਣ ਵੀ ਵਾਜ਼ੇ ਕਰ ਦੇਣਾ ਚਾਹੁੰਦਾ ਹਾਂ । ਮੇਰੇ ਪਾਸ ਲੀਗਲ

[ਮੁੱਖ ਮੰਤਰੀ]

ਓਪੀਨੀਅਨ ਹੈ ਕਿ ਮੈਨੂੰ ਫੋਰਸ ਨਹੀਂ ਕੀਤਾ ਜਾ ਸਕਦਾ ਇਸ ਤਰ੍ਹਾਂ ਲੀਡਰ ਬਨਾਉਣ ਲਈ ਅਤੇ ਮੈਂ ਨਹੀਂ ਸੀ ਬਨਾਉਣਾ ਚਾਹੁੰਦਾ। ਪਰ ਵਾਤਾਵਰਣ ਅਜਿਹਾ ਬਣ ਗਿਆ ਕਿ ਜਿਸ ਨਾਲ ਅਪਰ ਹਾਊਸ ਨਾਲ ਸਾਡੇ ਤਅਲੁਕਾਤ ਖ਼ਰਾਬ ਹੋ ਜਾਣ ਦਾ ਇਮਕਾਨ ਸੀ। ਮੈਨੂੰ ਇਹ ਡਰ ਸੀ ਕਿ ਬਿਲਾਂ ਵਿਚ ਡੀਲੇ ਹੋ ਜਾਏਗੀ ਜਾਂ ਹੋਰ ਇਸ ਤਰ੍ਹਾਂ ਦਾ ਵਿਘਨ ਪੈ ਸਕਦਾ ਹੈ। ਇਸ ਲਈ ਮੈਂ ਹਾਊਸ ਦੀ ਕਾਰਵਾਈ ਨੂੰ ਬਾਕਾਇਦਾ ਚਲਾਉਣ ਲਈ ਇਹ ਮੰਨ ਬਣਾ ਲਿਆ ਕਿ ਸ਼੍ਰੀ ਕ੍ਰਿਸ਼ਨ ਲਾਲ ਨੂੰ ਓਥ (oath) ਦਿਵਾ ਦਿਤੀ ਜਾਵੇ। ਇਹ ਗੱਲ ਨਹੀਂ ਕਿ ਮਨਿਸਟਰੀ ਵਧਾਈ ਗਈ ਹੈ ਅਤੇ ਇਸ ਨੂੰ ਵਧਾਣ ਵਿਚ ਨਹੀਂ ਗਿਣਨਾ ਚਾਹੀਦਾ। ਇਹ ਕੋਈ ਐਡੀਸ਼ਨ ਨਹੀਂ ਸਮਝਣੀ ਚਾਹੀਦੀ। ਮੈਂ ਜੋ ਕੁਝ ਕੀਤਾ ਹੈ,ਇਸੇ ਵਜ੍ਹਾ ਕਰਕੇ ਕੀਤਾ ਹੈ। ਇਸ ਲਈ ਇਸ ਐਡੀਸ਼ਨ ਨੂੰ ਕਿਸੇ ਅਲਹਿਦਾ ਜੁਮਰੇ ਵਿਚ ਹੀ ਗਿਣਨਾ ਚਾਹੀਦਾ ਹੈ। ਇਨ੍ਹਾਂ ਨੇ ਮੈਨੂੰ ਤੰਗ ਕਰ ਕੇ ਇਹ ਕਰਵਾਇਆ ਹੈ। ਇਸ ਲਈ ਇਸ ਐਡੀਸ਼ਨ ਨੂੰ ਕਾਂਗਰਸ ਦੇ ਕੋਟੇ ਵਿਚ ਪਾ ਦੇਣਾ ਚਾਹੀਦਾ ਹੈ। (ਹਾਸਾ) ਉਥੇ ਮੈਜਾਰਿਟੀ ਇਨ੍ਹਾਂ ਦੀ ਹੈ, ਬੋਲਣ ਨਹੀਂ ਦਿਤਾ, ਹਾਊਸ ਬੰਦ ਹੈ, ਕੰਮ ਬੰਦ ਹੋ ਗਿਆ। ਇਸ ਲਈ ਇਸ ਤਰ੍ਹਾਂ ਕਰਨਾ ਪਿਆ। ਇਨ੍ਹਾਂ ਨੂੰ ਤਾਂ ਕਾਂਗਰਸ ਪਾਰਟੀ ਦਾ ਹੀ ਮਨਿਸਟਰ ਸਮਝਣਾ ਚਾਹੀਦਾ ਹੈ। (ਹਾਸਾ)

ਫਿਰ ਇਹ ਕਿਹਾ ਗਿਆ ਕਿ ਮੇਰੇ ਪਰਸਨਲ ਸੈਕਟੇਰੀਏਟ ਵਿਚ 32 ਆਦਮੀ ਹਨ। ਮੈਂ ਇਨ੍ਹਾਂ ਨੂੰ ਦਸਣਾ ਚਾਹੁੰਦਾ ਹਾਂ ਕਿ ਇਹ ਤਾਂ ਮੈਂ ਘਟਾਇਆ ਹੋਇਆ ਹੈ। ਮੇਰੇ ਤੋਂ ਪਹਿਲਾਂ ਇਹ ਕਿਤੇ ਜ਼ਿਆਦਾ ਹੁੰਦਾ ਸੀ। ਮੈਂ ਤਾਂ ਆਪ ਕਿਹਾ ਸੀ ਕਿ ਮੈਨੂੰ ਇੰਨੇ ਸਟਾਫ਼ ਦੀ ਲੋੜ ਨਹੀਂ। ਇਹ ਮੇਰੇ ਪਾਸੋਂ ਹਟਾ ਲਿਆ ਜਾਵੇ ਅਤੇ ਬਹੁਤ ਘਟ ਕਰ ਦਿਤਾ ਜਾਵੇ। ਜਿਸ ਸਟਾਫ਼ ਦੀ ਮੈਨੂੰ ਲੋੜ ਨਹੀਂ ਸੀ ਉਹ ਬੰਦ ਕਰ ਦਿਤਾ ਗਿਆ ਹੈ। ਹੋਰ ਸਟਾਫ਼ ਜਿੰਨਾ ਵੀ ਸਾਡੇ ਸਾਰਿਆਂ ਨਾਲ ਲਗਾ ਸੀ ਹਟਾ ਲਿਆ ਗਿਆ ਹੈ। ਇਸ ਗੱਲ ਦਾ ਸਰਦਾਰ ਗਿਆਨ ਸਿੰਘ ਹੋਰਾਂ ਨੂੰ ਵੀ ਪਤਾ ਹੈ।

ਸਪੀਕਰ ਸਾਹਿਬ, ਮੈਂ ਇਸ ਵਕਤ ਹੋਰਨਾਂ ਗੱਲਾਂ ਵਿਚ ਨਾਂ ਜਾਂਦਾ ਹੋਇਆ ਹਾਊਸ ਦਾ ਬਹੁਤਾ ਵਕਤ ਨਹੀਂ ਲੈਣਾ ਚਾਹੁੰਦਾ। ਇੰਨੀ ਹੀ ਅਰਜ਼ ਕਰਦਾ ਹਾਂ ਕਿ ਜਿਹੜੇ ਪੁਆਇੰਟਸ ਅਤੇ ਸੁਝਾਵ ਟਰੇਯਰੀ ਬੈਂਚਾਂ ਵਲੋਂ ਆਏ ਸਨ ਉਹ ਨੋਟ ਕਰ ਲਏ ਗਏ ਹਨ। ਗਿਆਨੀ ਬਖ਼ਤਾਵਰ ਸਿੰਘ ਹੋਰਾਂ ਜੋ ਸੁਝਾਵ ਦਿਤੇ ਹਨ ਉਹ ਨੋਟ ਕਰ ਲਏ ਗਏ ਹਨ। ਅਸੀਂ ਉਨ੍ਹਾਂ ਸਾਰਿਆਂ ਨੂੰ ਐਗਜ਼ਾਮਿਨ ਕਰਾਂਗੇ ਅਤੇ ਜਿੰਨੀਆਂ ਵੀ ਤਕਲੀਫ਼ਾਂ ਅਤੇ ਸ਼ਿਕਾਇਤਾਂ ਹਨ ਉਨ੍ਹਾਂ ਦਾ ਪਤਾ ਕਰਾਂਗੇ ਅਤੇ ਦੂਰ ਕਰਨ ਦੇ ਯਤਨ ਕਰਾਂਗੇ। ਕੁਝ ਭੌਰਾ ਸਾਹਿਬ ਨੇ ਅਤੇ ਭੱਠਲ ਸਾਹਿਬ ਨੇ ਸੁਝਾਵ ਦਿਤੇ ਹਨ। ਮੌਕਾ ਮਿਲਣ ਤੇ ਸਾਰੀਆਂ ਗੱਲਾਂ ਨੂੰ ਦੂਰ ਕਰਾਂਗੇ ਅਤੇ ਐਡਮਨਿਸਟਰੇਸ਼ਨ ਨੂੰ ਠੀਕ ਕਰਾਂਗੇ।

(ਇਸ ਸਮੇਂ ਸ਼੍ਰੀ ਸਤ ਪਾਲ ਕਪੂਰ ਹਾਲ ਵਿੱਚ ਆਏ, ਆਪਣੀ ਸੀਟ ਤੋਂ ਬੈਗ ਚੁਕ ਕੇ ਚਲੇ ਗਏ।)

ਇਹ ਸਜਨ ਜਿਹੜੇ ਬਸਤਾ ਚੁਕ ਕੇ ਚਲੇ ਗਏ ਹਨ ਇਨ੍ਹਾਂ ਦੇ ਬਾਰੇ ਵਿੱਚ ਵੀ ਗੱਲਾਂ ਕਰਨੀਆਂ ਸਨ। ਇਨ੍ਹਾਂ ਨੇ ਕਈ ਗੱਲਾਂ ਕਹੀਆਂ ਜਿਨ੍ਹਾਂ ਨੂੰ ਡਿਪਟੀ ਸਪੀਕਰ ਸਾਹਿਬ ਨੇ ਐਕਸਪੰਜ ਕਰਾ ਦਿਤਾ ਸੀ। ਮੈਂ ਉਨ੍ਹਾਂ ਦੀ ਤਫ਼ਸੀਲ ਵਿੱਚ ਨਹੀਂ ਜਾਣਾ ਚਾਹੁੰਦਾ। ਸਿਰਫ਼ ਇੰਨੀ ਹੀ ਅਰਜ਼ ਕਰਦਾ ਹਾਂ ਕਿ ਹੋਮ ਗਾਰਡਜ਼ ਦਾ ਇਕ ਫੰਕਸ਼ਨ ਹੋਇਆ। ਉਥੇ ਨਾਰਮਲ ਡਿਨਰ ਸੀ।

ਸ਼ਰੀਫ਼ ਆਦਮੀ ਔਰਤਾਂ ਸਭ ਆਏ ਹੋਏ ਸਨ । ਚੰਗੇ ਚੰਗੇ ਸਜਨ ਮੌਜੂਦ ਸਨ । ਪਰ ਇਨ੍ਹਾਂ ਨੇ ਉਸ ਬਾਰੇ ਇਸ ਨੂੰ ਖਾਸ ਰੰਗ ਦੇਣ ਦੀ ਕੋਸ਼ਿਸ਼ ਕੀਤੀ ਹੈ ਅਤੇ ਮੈਂ ਸਮਝਦਾ ਹਾਂ ਕਿ ਇਨ੍ਹਾਂ ਨੇ ਬਹੁਤ ਘਟੀਆਪਨ ਦਿਖਾਇਆ ਹੈ । ਇਥੇ ਹੋਮ ਗਾਰਡਜ਼ ਦੇ ਮੁਲਾਜ਼ਮਾਂ ਨੇ ਇਕ ਸ਼ੋ ਦਿਤਾ ਜਿਸਨੂੰ ਵੇਖਣ ਲਈ ਮੌਅਜ਼ਿਜ਼ ਆਦਮੀ ਮੌਜੂਦ ਸਨ ਪਰ ਇਸ ਮੈਂਬਰ ਨੇ ਜ਼ਾਤੀਆਤ ਵਿਚ ਪੈਕੇ ਕੋਹੜੀ ਰੰਗਤ ਦੇਣ ਦੀ ਕੋਸ਼ਿਸ਼ ਕੀਤੀ । ਇਸ ਤੋਂ ਵਧ ਘਟੀਆ ਪਨ ਕੀ ਹੋ ਸਕਦਾ ਹੈ ? ਇਨ੍ਹਾਂ ਨੂੰ ਸ਼ਰਮ ਆਣੀ ਚਾਹੀਦੀ ਹੈ ਇਸ ਤਰ੍ਹਾਂ ਦੀਆਂ ਗੱਲਾਂ ਇਥੇ ਕਹਿਣ ਲਗਿਆਂ । ਇਨ੍ਹਾਂ ਦੇ ਲੜਕਿਆਂ ਨੂੰ ਡਿਪਟੀ ਸਪੀਕਰ ਸਾਹਿਬ ਨੇ ਐਕਸਪੰਜ ਕਰਾ ਦਿਤਾ ਦਿਤਾ ਸੀ । ਉਨ੍ਹਾਂ ਦਾ ਫਰਜ਼ ਵੀ ਸੀ । ਮੈਂ ਹਾਊਸ ਨੂੰ ਕਾਨਫੀਡੈਂਸ ਵਿਚ ਲੈਕੇ ਦਸਣਾ ਚਾਹੁੰਦਾ ਹਾਂ ਕਿ ਉਹ ਇਕ ਆਫੀਸ਼ਲ ਫੰਕਸ਼ਨ ਸੀ ਅਤੇ ਮੈਨੂੰ ਜਾਣਾ ਪਿਆ ਸੀ । ਇਨ੍ਹਾਂ ਨੇ ਹੋਰ ਵੀ ਕਈ ਚੀਜ਼ਾਂ ਦਾ ਜ਼ਿਕਰ ਕੀਤਾ ਜਿਨ੍ਹਾਂ ਦਾ ਮੈਂ ਨਹੀਂ ਚਾਹੁੰਦਾ ਕਿ ਜਵਾਬ ਇਥੇ ਦਿਆਂ । 10 ਸਾਲ ਹਾਈ ਕੋਰਟ ਪਟਿਆਲਾ ਦਾ ਜਿਹੜਾ ਜਜ਼ ਰਿਹਾ ਹੋਵੇ, ਪਟਿਆਲੇ ਦੇ ਵਡੇ ਵਡੇ ਆਦਮੀ ਜਾਣਦੇ ਹੋਣ ਅਤੇ ਮੇਰੇ ਖ਼ਿਆਲਾਤ ਦਾ ਪਤਾ ਹੋਵੇ ਅਤੇ ਮੇਰੇ ਪਾਸ ਵਡੇ ਵਡੇ ਖਿਆਲਾਤ ਲੈਕੇ ਆਉਂਦੇ ਹੋਣ ਅਤੇ ਸੁਣਨ ਲਈ ਆਣ ਉਥੇ ਇਸ ਤਰ੍ਹਾਂ ਦੀਆਂ ਗੱਲਾਂ ਕਰਨਾ ਠੀਕ ਨਹੀਂ ਸੀ । ਇਨ੍ਹਾਂ ਨੂੰ ਗੁੱਸਾ ਸੀ ਕਿ ਇਹ ਇਕ ਸੱਜਨ ਨੂੰ ਲੈਕੇ ਆਏ ਕਿ ਇਸ ਦੀ ਬੇਲ ਕਰਾ ਦਿਉ ਮੈਂ ਕਿਹਾ ਕਿ ਕਚਹਿਰੀ ਜਾਉ ਅਤੇ ਬੇਲ ਕਰਾ ਲਉ । ਦਸੋ ਇਸ ਵਿੱਚ ਕਿਹੜੀ ਗੱਲ ਮਾੜੀ ਸੀ ? ਇਨ੍ਹਾਂ ਨੂੰ ਇਸ ਤਰ੍ਹਾਂ ਦੀਆਂ ਘਟੀਆ ਗੱਲਾਂ ਵਿੱਚ ਨਹੀਂ ਜਾਣਾ ਚਾਹੀਦਾ ਸੀ ।

ਸਪੀਕਰ ਸਾਹਿਬ, ਇਸ ਸਰਕਾਰ ਦੀ ਮੁਕੰਮਲ ਕੋਸ਼ਿਸ਼ ਇਹ ਹੋਵੇਗੀ ਕਿ ਐਡਮਨਿਸਟਰੇਸ਼ਨ ਨੂੰ ਕਲੀਨ ਕੀਤਾ ਜਾਵੇ । ਇਸ ਗੱਲ ਨੂੰ ਛਡ ਕੇ ਕਿ ਕਿੰਨੇ ਵਜ਼ੀਰ ਬਣੇ ਨੇ ਜਿਸ ਦੇ ਬਾਰੇ ਵਿੱਚ ਮੈਂ ਪਹਿਲਾਂ ਹੀ ਜ਼ਿਕਰ ਕਰ ਚੁਕਿਆ ਹਾਂ ਹੋਰ ਕੋਈ ਗੱਲ ਦਸਣ, ਕੋਈ ਖ਼ਾਮੀ ਦਸਣ ਐਡਮਨਿਸਟਰੇਸ਼ਨ ਵਿਚ ਮੈਂ ਉਸ ਨੂੰ ਵੈਲਕਮ ਕਰਾਂਗਾ ਅਤੇ ਰੋਕਣ ਦਾ ਯਤਨ ਕਰਾਂਗੇ ਪਰ ਇਹ ਸਾਨੂੰ ਸਮਾਂ ਤਾਂ ਦੇਣ । ਮੈਂ ਹਾਊਸ ਨੂੰ ਯਕੀਨ ਦਿਲਾਣਾ ਚਾਹੁੰਦਾ ਹਾਂ ਕਿ ਜਿੰਨਾ ਚਿਰ ਤਕ ਸਾਡੀ ਇਹ ਸਰਕਾਰ ਰਹੇਗੀ ਪਿਉਰਿਟੀ ਇਨ ਐਡਮਨਿਸਟਰੇਸ਼ਨ ਲਿਆਵੇਗੀ ਅਤੇ ਕੋਈ ਲਿਹਾਜ਼ ਇਸ ਗੱਲ ਦਾ ਨਹੀਂ ਕੀਤਾ ਜਾਵੇਗਾ ਕਿ ਕੋਈ ਵਡਾ ਹੈ ਜਾਂ ਛੋਟਾ ਅਤੇ Law will have its course ਇਸ ਲਈ ਇਨ੍ਹਾਂ ਸ਼ਬਦਾਂ ਨਾਲ, ਸਪੀਕਰ ਸਾਹਿਬ, ਮੈਂ ਆਪ ਦਾ ਧੰਨਵਾਦ ਕਰਦਾ ਹਾਂ । (ਪ੍ਰਸੰਸਾ)

Mr. Speaker : Now I put the cut motions to Demand No. 9 to the vote of the House. One is by Sardar Gian Singh Rarewala and the other by Shri Sat Pal Kapur. I will take them one by one.

Mr. Speaker : Question is—

That the demand be reduced by Re. 1/—.

The Motion was lost.

Mr. Speaker : Question is—

That the demand be reduced by Re. 1/—.

The Motion was lost.

Mr. Speaker : Question is—

That a sum not exceeding Rs. 2,14,71,000 be granted to the Governor to

[Mr. Speaker]

defray the charges that will come in the course of payment for the year 1967—68 (excluding the amount of Rs. 71,57,000 already voted on account) in respect of charges under head 19-General Administration.

The motion was carried

Mr. Speaker: Now I put cut motions to Demand No. 12 to the vote of the House. Cut motions No. 1 to 5 stand in the name of Sarvshri Bhan Singh Bhaura, Jangir Singh Joga, Harkishan Singh Surjit, Hardit Singh Bhathal and Munsha Singh.

Comrade Jangir Singh Joga: Sir, I withdraw this cut motion.

Mr. Speaker: Is it the pleasure of the House that the hon'ble Member be allowed to withdraw his cut motion ?

Voices : Yes.

The cut motion was, by leave, withdrawn.

Mr. Speaker: There are two more cut motions. One is from Sardar Gian Singh Rarewala and the other from Pandit Mohan Lal.

Mr. Speaker: Question is —

That the demand be reduced by Re.1/—.

The Motion was lost.

Mr. Speaker : Question is—

That the demand be reduced by Re.1/—.

The Motion was lost.

Mr. Speaker: Question is—

That a sum not exceeding Rs. 5,79,63,050 be granted to the Governor to defray the charges that will come in the course of payment for the year 1967—68 (excluding the amount of Rs, 1,93,21,000 already voted on account) in respect of charges under head 23—Police.

The Motion was carried.

Mr. Speaker: The House stands adjourned till 9.00 a.m. tomorrow.

1.20 P.M. | *The Sabha then adjourned till 9.00 a.m. on Wednesday, the 17th May, 1967.*

552—24-6-68—305 Copies—Punjab Govt. Press, Patiala.